
ਪੁਰਜਾ ਪੁਰਜਾ
ਕਟਿ ਮਰੈ
ਸ਼ਿਵਚਰਨ ਜੱਗੀ 'ਕੁੱਸਾ'



# ਪੁਰਜਾ ਪੁਰਜਾ ਕਟਿ ਮਰੈ

(ਨਾਵਲ)

ਸ਼ਿਵਚਰਨ ਜੱਗੀ ਕੁੱਸਾ

‘ਵਾਰਿਸ ਸ਼ਾਹ ਸਦਾ ਉਹ ਰਹਿਣ ਜਿਉਂਦ
ਜਿੰਨ੍ਹਾਂ ਕੀਤੀਆਂ ਨੇਕ ਕਮਾਈਆਂ ਨੇ’

ਸ਼ਿਵਚਰਨ ਜੱਗੀ ਕੁੱਸਾ ਦੁਨੀਆਂ ਭਰ ਵਿਚ 'ਜੱਗੀ ਕੁੱਸਾ' ਕਰਕੇ ਹੀ ਜਾਣਿਆਂ ਜਾਂਦਾ ਹੈ।

ਇਹ ਮੇਰੇ ਲਈ ਬੜੀ ਖ਼ੁਸ਼ੀ ਅਤੇ ਫ਼ਖ਼ਰ ਵਾਲੀ ਗੱਲ ਹੈ ਕਿ ਮੈਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਸ਼ਹੂਰ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਬਾਰੇ ਲਿਖਣ ਦਾ ਮੌਕਾ ਮਿਲਿਆ! ਉਹ ਸਿਰਫ਼ ਆਪਣੀਆਂ ਬੇਬਾਕ ਰਚਨਾਵਾਂ ਕਰਕੇ ਹੀ ਚਰਚਤਿ ਨਹੀਂ, ਸਗੋਂ ਇਨਸਾਨੀਅਤ, ਨਿਮਰਤਾ ਅਤੇ ਨੇਕ ਦਿਲ ਇਨਸਾਨ ਪੱਖੋਂ ਵੀ ਸੰਸਾਰ ਭਰ ਦੇ ਭਾਈਚਾਰੇ ਵਿਚ ਉਸ ਦੀ ਇੱਜ਼ਤ ਅਤੇ ਕਦਰ ਕੀਤੀ ਜਾਂਦੀ ਹੈ। ਸ਼ਿਵਚਰਨ ਜੱਗੀ ਕੁੱਸਾ ਬਹੁ-ਵਿਧਾਵਾਂ ਵਿਚ ਲਿਖਣ ਵਾਲਾ ਅਣਥੱਕ ਲੇਖਕ ਹੈ, ਜਿਸ ਨੇ ਨਾਵਲ, ਕਹਾਣੀ, ਵਿਅੰਗ, ਕਵਿਤਾ, ਗੀਤ, ਲੇਖ ਅਤੇ ਗਹਿਰ-ਗੰਭੀਰ ਨਜ਼ਮਾਂ ਤੱਕ ਹਰ ਵਿਧਾ 'ਤੇ ਕਲਮ ਅਜ਼ਮਾਈ ਕੀਤੀ ਅਤੇ ਸਫ਼ਲ ਵੀ ਹੋਇਆ।

1986 ਤੋਂ ਲਿਖਣਾ ਸ਼ੁਰੂ ਕਰ ਕੇ ਉਸ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਉਸ ਦੇ ਨਾਵਲ, ਕਹਾਣੀਆਂ, ਵਿਅੰਗ, ਲੇਖ, ਨਜ਼ਮਾਂ ਅਤੇ ਕਵਿਤਾਵਾਂ ਦੁਨੀਆਂ ਭਰ ਦੇ ਪ੍ਰਮੁੱਖ ਅਖ਼ਬਾਰਾਂ-ਰਸਾਲਿਆਂ ਵਿਚ ਅਤੇ ਵੈੱਬ-ਸਾਈਟਾਂ 'ਤੇ ਆਏ ਦਿਨ ਛਪਦੀਆਂ ਰਹਿੰਦੀਆਂ ਹਨ। ਮੈਂ ਦਾਅਵੇ ਨਾਲ ਕਹਿ ਸਕਦੀ ਹਾਂ ਕਿ ਜੱਗੀ ਕੁੱਸਾ ਦੀਆਂ ਰਚਨਾਵਾਂ ਸਮਾਜ ਅਤੇ ਭਾਈਚਾਰੇ ਨੂੰ ਸੁਚੱਜੀ ਅਤੇ ਨਰੋਈ ਸੇਧ ਵੀ ਪ੍ਰਦਾਨ ਕਰਦੀਆਂ ਹਨ ਅਤੇ ਪਾਠਕਾਂ ਵਿਚ ਪ੍ਰਵਾਨ ਵੀ ਚੜ੍ਹੀਆਂ ਹਨ। ਉਹ ਕਦੇ ਇਕ ਵਿਸ਼ੇ ਨਾਲ ਬੱਝ ਕੇ ਨਹੀਂ ਤੁਰਿਆ, ਉਸ ਦਾ ਦਿਮਾਗ ਹਰ ਰੋਜ਼ ਨਵੇਂ ਵਿਸ਼ਿਆਂ ਨੂੰ 'ਵੰਗਾਰ' ਬਣ ਕੇ ਟੱਕਰਦਾ ਹੈ!

ਜੱਗੀ ਕੁੱਸਾ ਸਪੱਸ਼ਟ ਰੂਪ ਵਿਚ ਸਮਾਜ ਵਿਚ ਹੋ ਰਹੀਆਂ ਬੁਰਾਈਆਂ, ਜਿਵੇਂ ਮਰਦ-ਪ੍ਰਧਾਨਗੀ, ਦਾਜ ਪ੍ਰਥਾ, ਭਰੂਣ ਹੱਤਿਆ, ਇੰਮੀਗ੍ਰੇਸ਼ਨ ਸਿਸਟਮ ਨਾਲ ਧੋਖਾਧੜੀਆਂ, ਧਰਮ ਦੇ ਨਾਂ 'ਤੇ ਹੁੰਦੀਆਂ ਬੇਹੂਦਾ ਲੜਾਈਆਂ, ਨਸਲੀ ਵਿਤਕਰੇ ਆਦਿ 'ਤੇ ਕਰਾਰੀਆਂ ਚੋਟਾਂ ਕਰਦਾ ਹੈ। ਉਹ ਹਮੇਸ਼ਾ ਸਮਾਜਿਕ ਕਲਿਆਣ ਪ੍ਰਤੀ ਲਿਖਣ ਲਈ ਵਚਨਬੱਧ ਅਤੇ ਦੁਨੀਆਂ ਭਰ ਦੇ ਪੰਜਾਬੀ ਭਾਈਚਾਰੇ ਵਿਚ ਸਤਿਕਾਰਿਆ ਜਾਣ ਵਾਲਾ ਲੇਖਕ ਹੈ। ਹੁਣ ਤੱਕ ਉਸ ਦੀਆਂ ਦੋ ਦਰਜਣ ਦੇ ਕਰੀਬ ਕਿਤਾਬਾਂ ਛਪ ਚੁੱਕੀਆਂ ਹਨ ਅਤੇ ਉਸ ਨੂੰ ਦੁਨੀਆਂ ਭਰ 'ਚੋਂ ਕਈ ਦੇਸ਼ਾਂ ਵਿਚ ਬੁਲਾ ਕੇ ਵੱਖ-ਵੱਖ ਸੰਸਥਾਵਾਂ ਵੱਲੋਂ ਸਨਮਾਨਿਆ ਜਾ ਚੁੱਕਾ ਹੈ। ਦੁਨੀਆਂ ਦੇ ਵੱਖੋ-ਵੱਖਰੇ ਦੇਸ਼ਾਂ ਅਤੇ ਸੰਸਥਾਵਾਂ ਵੱਲੋਂ ਹੁਣ ਤੱਕ ਉਸ ਨੂੰ ਉਸ ਦੀਆਂ ਲਿਖਣ ਪ੍ਰਾਪਤੀਆਂ ਕਰਕੇ 7 ਗੋਲਡ ਮੈਡਲ ਅਤੇ 17 ਅਚੀਵਮੈਂਟ ਪੁਰਸਕਾਰ ਮਿਲ ਚੁੱਕੇ ਹਨ, ਜਿਹਨਾਂ ਵਿਚ ਨਾਨਕ ਸਿੰਘ ਨਾਵਲਿਸਟ ਐਵਾਰਡ ਅਤੇ ਬਲਵੰਤ ਗਾਰਗੀ ਐਵਾਰਡ ਖ਼ਾਸ ਤੌਰ 'ਤੇ ਵਰਨਣਯੋਗ ਹੈ। ਹਾਲ ਹੀ ਵਿਚ, ਮਾਰਚ 2010 ਵਿਚ ਜੱਗੀ ਕੁੱਸਾ ਨੂੰ ਲੰਡਨ ਦੇ 'ਹਾਊਸ ਆਫ ਪਾਰਲੀਮੈਂਟ' ਵਿੱਚ ਉਸ ਦੀ ਪੰਜਾਬੀ ਸਾਹਿਤ ਨੂੰ ਅਮੁੱਲੀ ਦੇਣ ਨੂੰ ਮੁੱਖ ਰੱਖਦਿਆਂ ਉਚੇਚੇ ਤੌਰ 'ਤੇ ਸਨਮਾਨਿਤ ਕੀਤਾ ਗਿਆ ਹੈ।

ਜੱਗੀ ਕੁੱਸਾ ਦਿਲ ਦਾ ਬੜਾ ਮਿਹਰਬਾਨ ਬੰਦਾ ਹੈ। ਉਹ ਹਮੇਸ਼ਾ ਮਨੁੱਖਤਾ ਦੀ ਭਲਾਈ ਲਈ ਲਿਖਣ ਕਾਰਜ ਜਾਰੀ ਰੱਖਦਾ ਹੈ ਅਤੇ ਸਮਾਜਿਕ ਬੁਰਾਈਆਂ 'ਤੇ ਨਿੱਡਰ, ਨਿਧੜਕ ਅਤੇ ਬੇਬਾਕ ਹੋ ਕੇ ਕਲਮ ਚਲਾਉਂਦਾ ਹੈ। ਉਸ ਦਾ ਵਿਸ਼ਵਾਸ ਹੈ ਕਿ ਸਹਿਯੋਗ ਜ਼ਿੰਦਗੀ ਵਿਚ ਸਭ ਕੁਝ ਬਦਲ ਸਕਦਾ ਹੈ। ਜਿੱਥੇ ਸਾਡੇ ਮਾਨੁੱਖਤਾ ਅਤੇ ਸਮਾਜ ਦੀ ਸਦਭਾਵਨਾ ਦਾ ਸੁਆਲ ਉਠਦਾ ਹੈ ਤਾਂ ਉਹ ਹਮੇਸ਼ਾ ਅੱਗੇ ਹੋ ਕੇ ਅਤੇ ਵੱਧ ਚੜ੍ਹ ਕੇ ਯੋਗਦਾਨ ਪਾਉਂਦਾ ਹੈ! ਕਮਿਊਨਿਟੀ ਲਈ ਅਜਿਹੇ ਲੇਖਕਾਂ ਦੀ ਬੇਹੱਦ ਜ਼ਰੂਰਤ ਹੈ, ਜੋ ਹਮੇਸ਼ਾ ਆਪਣੇ ਦੇਸ਼, ਆਪਣੇ ਲੋਕਾਂ ਅਤੇ ਇਨਸਾਨੀਅਤ ਦੀ ਭਲਾਈ ਲਈ ਸੁਹਿਰਦ ਹੁੰਦੇ ਹਨ। ਸਾਡੀ ਰੱਬ ਅੱਗੇ ਅਰਦਾਸ ਹੈ ਕਿ ਸ਼ਿਵਚਰਨ ਜੱਗੀ ਕੁੱਸਾ ਦੀ ਇਮਾਨਦਾਰ ਅਤੇ ਬੇਬਾਕ ਕਲਮ ਹਮੇਸ਼ਾ ਸਲਾਮਤ ਰਹੇ ਅਤੇ ਉਹ ਅੱਗੇ ਤੋਂ ਵੀ ਆਪਣੀ ਕਲਮ ਨਾਲ ਸਮਾਜਿਕ ਬੁਰਾਈਆਂ ਖ਼ਿਲਾਫ਼ ਲੜਦਾ ਰਹੇ। 'ਜਹ ਜਾਈਐ ਤਹਾਂ ਸੁਹੇਲੇ' ਆਖ ਰੱਬ 'ਤੇ ਅਥਾਹ ਵਿਸ਼ਵਾਸ ਰੱਖਣ ਵਾਲਾ ਜੱਗੀ ਕੁੱਸਾ ਸਦਾ ਲੋਕਾਂ ਦੇ ਦਿਲਾਂ 'ਚ ਵਸਦਾ ਰਹੇ।

ਭਿੰਦਰ ਜਲਾਲਾਬਾਦੀ

----------------------------------------------------------

ਸਭ ਹੱਕ ਲੇਖਕ ਦੇ ਰਾਖਵੇਂ ਹਨ

jaggikussa65@gmail.com

-----------------------------------------------------

ਸਮਰਪਣ

---------

ਬੜੇ ਅਦਬ-ਸਤਿਕਾਰ ਨਾਲ਼
ਮੇਰੇ ਸਵਰਗਵਾਸੀ ਬਾਪੂ ਪੰਡਤ ਬ੍ਰਹਮਾਂ ਨੰਦ ਜੀ ਨੂੰ
ਉਹਨਾਂ ਦੇ ਸਿਰੜ-ਸਿਦਕ ਅੱਗੇ ਹਮੇਸ਼ਾ ਮੇਰਾ ਸਿਰ ਝੁਕੇਗਾ

-----------------------------------------------

## ਕਾਂਡ 1

ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤੁ।।
ਪੁਰਜਾ ਪੁਰਜਾ ਕਟਿ ਮਰੈ ਕਬਹੂੰ ਨ ਛਾਡੈ ਖੇਤੁ।।

ਪੋਹ ਦਾ ਮਹੀਨਾ ਸੀ!

ਗੁਲਾਬੀ ਠੰਢ ਸੀ।

ਹੱਥ ਨੂੰ ਹੱਥ ਮਾਰਿਆਂ ਨਜ਼ਰ ਨਹੀ ਆਉਂਦਾ ਸੀ। ਰਾਤ ਪੈਣ ਸਾਰ ਹੀ ਧੁੰਦ ਉਤਰਨੀ ਸੁਰੂ ਹੋ ਜਾਂਦੀ ਸੀ। ਜਿਹੜੀ ਦੁਪਿਹਰ ਦੇ ਦਸ ਵਜੇ ਤੱਕ ਸੂਰਜ ਦਾ ਮੁੱਖ ਢਕੀ ਰੱਖਦੀ ਸੀ। ਅਥਾਹ ਸੀਤ ਵਰ੍ਹਨ ਕਾਰਨ ਲੋਕਾਂ ਦਾ ਜੀਣਾ ਦੁੱਭਰ ਹੋਇਆ ਪਿਆ ਸੀ। ਅੱਧ ਅਸਮਾਨੋਂ ਡਿੱਗਦਾ ਕੱਕਰ ਕਣਕ ਅਤੇ ਸਰ੍ਹੋਂ ਦੀਆਂ ਫਸਲਾਂ ਨੂੰ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਕਰ ਰਿਹਾ ਸੀ।
ਸਵੇਰ ਦੇ ਤਿੰਨ ਵੱਜੇ ਸਨ।

ਪੁਲੀਸ ਨਾਲ ਭਰੇ ਦੋ ਟਰੱਕ ਸੜਕਾਂ ਦੀ ਛਾਤੀ ਮਿੱਧਦੇ, ਬੜੀ ਤੇਜ਼ੀ ਨਾਲ ਚੜਿੱਕ ਪਿੰਡ ਨੂੰ ਆ ਰਹੇ ਸਨ। ਠਾਣੇਦਾਰ ਗੁਰਪ੍ਰੀਤ ਸਿੰਘ ਡਰਾਈਵਰ ਨਾਲ ਮੂਹਰਲੇ ਟਰੱਕ ਵਿਚ ਅੜਿਆ ਜਿਹਾ ਬੈਠਾ ਸੀ। ਉਸ ਦੀਆਂ ਅੱਖਾਂ ਵਿਚ ਕੋਈ ਖਾਸ ਭੇਦ ਸੀ ਅਤੇ ਚਿਹਰੇ 'ਤੇ ਰੌਣਕ! ਉਸ ਦੀ ਭਿਆਨਕ ਨਜ਼ਰ ਟਰੱਕ ਵਾਂਗ ਹੀ ਧੁੰਦ ਦਾ ਸੀਨਾਂ ਚੀਰ ਰਹੀ ਸੀ। ਵੱਖੋ-ਵੱਖ ਟਰੱਕਾਂ ਵਿਚ ਸਿਪਾਹੀ ਠੱਕੇ ਦੀ ਮਾਰੀ ਬੱਕਰੀ ਵਾਂਗ ਕੂੰਗੜੇ, ਊਂਘ ਰਹੇ ਸਨ।

ਪਿੰਡ ਤੋਂ ਕਿਲੋਮੀਟਰ ਉਰ੍ਹਾਂਹ ਠਾਣੇਦਾਰ ਨੇ ਟਰੱਕ ਰੁਕਵਾ ਲਏ। ਲਾਲ ਪੱਗਾਂ ਵਾਲੇ ਟਿੱਡੀ-ਦਲ ਵਾਂਗ ਛਾਲਾਂ ਮਾਰ ਕੇ ਟਰੱਕਾਂ ਤੋਂ ਹੇਠਾਂ ਉਤਰ ਆਏ। ਹੌਲਦਾਰ ਨੂੰ ਕੋਲੇ ਬੁਲਾ ਕੇ ਠਾਣੇਦਾਰ ਨੇ ਸਿਪਾਹੀਆਂ ਨੂੰ ਸਖਤ ਹਦਾਇਤਾਂ ਚਾੜ੍ਹਨੀਆਂ ਸੁਰੂ ਕਰ ਦਿੱਤੀਆਂ।

-"ਜੁਆਨੋਂ...!" ਉਸ ਨੇ ਲੰਬਾ ਖੰਘੂਰਾ ਮਾਰ ਕੇ ਗਲਾ ਸਾਫ਼ ਕੀਤਾ ਅਤੇ ਮੁੜ ਸੁੱਕਾ ਜਿਹਾ ਥੁੱਕ ਥੁੱਕਿਆ।

-"ਕੋਸ਼ਿਸ਼ ਇਹ ਕਰਨੀ ਐਂ ਕਿ ਬਹੁਤੀ ਹਾਅਤ-ਹੂਅਤ ਨਾ ਕੀਤੀ ਜਾਵੇ-ਵਾਹ ਲੱਗਦੀ ਕੰਮ ਚੁੱਪ ਚਾਪ ਹੀ ਬੜੀ ਸੂਝ ਅਤੇ ਸਿਆਣਪ ਨਾਲ, ਬੜੀ ਤੇਜੀ ਨਾਲ ਨੇਪਰੇ ਚਾੜ੍ਹਿਆ ਜਾਵੇ-ਕੋਸ਼ਿਸ਼ ਕਰਨੀ ਐਂ ਕਿ ਗੋਲੀ ਨਾ ਚੱਲੇ-ਮੁਜ਼ਰਮ ਜਿਉਂਦਾ ਹੱਥ ਆਉਣਾ ਚਾਹੀਦਾ ਹੈ-ਮਰੇ ਅਤੇ ਭਗੌੜੇ ਦੋਸ਼ੀ ਸਾਡੇ ਕੱਖ ਪੱਲੇ ਨਹੀ ਪਾ ਸਕਦੇ-ਸੋ ਮੇਰੇ ਸ਼ੇਰ ਜੁਆਨੋਂ! ਸਮਝਾਏ ਨਕਸ਼ੇ ਮੁਤਾਬਿਕ ਸਾਰੇ ਘਰ ਨੂੰ ਘੇਰ ਲਵੋ-ਛੇ ਜੁਆਨ ਛੱਤ ਉਪਰ ਚੜ੍ਹਨਗੇ-ਅੰਡਰਸਟੈਂਡ....?"

-"ਜੀ ਹਜੂਰ!" ਸਾਂਝੀ ਅਵਾਜ਼ ਆਈ।

-"ਦੋਸ਼ੀ ਕਿਸੇ ਵੀ ਹਾਲਤ ਵਿਚ ਬਚ ਕੇ ਨਹੀਂ ਨਿਕਲਣ ਦੇਣਾ।"

-"ਜੀ ਹਜੂਰ!"

-"ਇਕ ਗੱਲ ਯਾਦ ਰੱਖਣਾ-ਇਸ ਮੁਜ਼ਰਮ ਦੇ ਅੰਦਰ ਸਾਡੀਆਂ ਤਰੱਕੀਆਂ ਅਤੇ ਸਟਾਰਾਂ ਦਾ ਖਜ਼ਾਨਾ ਦੱਬਿਆ ਹੋਇਆ ਹੈ-ਸੋ ਜੁਆਨੋਂ..! ਮੁਜ਼ਰਮ ਹਰ ਹਾਲਤ ਵਿਚ ਜ਼ਿੰਦਾ ਹੱਥ ਆਉਣਾ ਚਾਹੀਦਾ ਹੈ।"

-"ਪਰ ਜਨਾਬ ਜੇ ਮੁਜਰਮ ਨੇ ਅੰਦਰੋਂ ਫਾਇਰਿੰਗ ਸੁਰੂ ਕਰ ਦਿੱਤੀ-ਅਸੀਂ ਕਿਹੜੀ ਮੋਰੀ ਨਿਕਲਾਂਗੇ?" ਹੌਲਦਾਰ ਨੇ ਅਗਾਊਂ ਸੁਚੇਤ ਹੁੰਦਿਆਂ ਪ੍ਰਸ਼ਨ ਕੀਤਾ।

-"ਮੈਨੂੰ ਪੱਕੀ ਆਸ ਹੈ ਕਿ ਮੁਜਰਮ ਗੋਲੀ ਨਹੀਂ ਚਲਾਏਗਾ-ਕਿਉਂਕਿ ਉਹ ਕੋਈ ਅੱਤਿਵਾਦੀ ਨਹੀ-ਇਕ ਸਧਾਰਨ ਕਿਸਾਨ ਹੈ-ਆਪਾਂ ਨੂੰ ਤਾਂ ਸਿਰਫ ਗਵਾਹੀ ਲਈ ਹੀ ਚਾਹੀਦਾ ਹੈ।"

-"ਪਰ ਸਰਕਾਰ! ਸਿਆਣੇ ਆਖਦੇ ਐ: ਮਰਨ ਮੂੰਹ ਆਇਆ ਬਾਘੜ ਬਿੱਲਾ ਆਖਰ ਰਗਾਂ ਨੂੰ ਚਿੰਬੜ ਜਾਂਦੈ!" ਹੌਲਦਾਰ ਅੰਦਰੋਂ ਪਰਾਲ੍ਹ ਹੋਇਆ ਪਿਆ ਸੀ। ਉਸ ਨੇ ਕਈ ਵਾਰ ਖਾੜਕੂ ਹੱਥ ਵੇਖਿਆ ਸੀ।

-"ਖ਼ੈਰ...! ਜਰੂਰਤ ਪਈ ਤਾਂ ਗੋਲੀ ਜਰੂਰ ਚਲਾਓ-ਤਾਜ਼ੀਰਾਤ-ਏ-ਹਿੰਦ ਦੇ ਮੁਤਾਬਿਕ ਸਵੈ-ਰੱਖਿਆ ਲਈ ਫਾਇਰ-ਆਰਮ ਵਰਤਣਾ ਹਰ ਤਰ੍ਹਾਂ ਨਾਲ ਜਾਇਜ਼ ਹੈ-ਪਰ ਚਲਾਈ ਗਈ ਗੋਲੀ ਮੁਜਰਮ ਲਈ ਘਾਤਕ ਸਿੱਧ ਨਾ ਹੋਵੇ-ਇਹ ਮੇਰੀ ਸਖਤ ਤੋਂ ਸਖਤ ਹਦਾਇਤ ਹੈ!" ਠਾਣੇਦਾਰ ਨੇ 'ਹਦਾਇਤ' 'ਤੇ ਕਾਫੀ ਜ਼ੋਰ ਦਿੱਤਾ ਸੀ।

-"ਜੀ ਜਨਾਬ!"

-"ਚਲੋ ਤੁਰੋ ਫਿਰ!"

ਸਾਰੇ ਟਰੱਕਾਂ ਵਿਚ ਬੈਠ ਗਏ।

ਸਾਢੇ ਤਿੰਨ ਹੋ ਚੁੱਕੇ ਸਨ।

ਗੁਰੂ-ਘਰ ਦੇ ਸਪੀਕਰ 'ਚੋਂ 'ਸਤਿਨਾਮ ਸ੍ਰੀ ਵਾਹਿਗੁਰੂ ਜੀ' ਦੀਆਂ ਪਵਿੱਤਰ ਅਵਾਜਾਂ ਆਉਣੀਆਂ ਸੁਰੂ ਹੋ ਗਈਆਂ ਸਨ। ਟਰੱਕ ਆਪਣੀਆਂ ਮੰਜ਼ਿਲਾਂ ਮਾਰਦੇ ਚੜਿੱਕ ਪਿੰਡ ਦੀ ਜੂਹ ਵਿਚ ਦਾਖਲ ਹੋਣ ਹੀ ਵਾਲੇ ਸਨ।

ਜੂਨ 1984 ਦੇ ਸਾਕਾ ਨੀਲਾ ਤਾਰਾ ਤੋਂ ਬਾਅਦ ਪੰਜਾਬ ਪੁਲੀਸ ਅਤੇ ਸੀ ਆਰ ਪੀ ਇੱਕ ਤਰ੍ਹਾਂ ਨਾਲ ਨੌਜਵਾਨਾਂ ਦਾ ਸ਼ਿਕਾਰ ਖੇਡ ਰਹੀ ਸੀ। ਕੀ ਦੋਸ਼ੀ ਅਤੇ ਕੀ ਨਿਰਦੋਸ਼, ਬੇਕਸੂਰ ਮੁੰਡੇ ਵੱਖ
ਵੱਖ ਤਰੀਕਿਆਂ ਨਾਲ ਕੁੱਟ-ਕੁੱਟ ਕੇ ਉਮਰ ਭਰ ਲਈ ਨਿਕਾਰਾ ਕੀਤੇ ਜਾ ਰਹੇ ਸਨ। ਘੋਰ ਅਣ-ਮਨੁੱਖੀ ਤਸ਼ੱਦਦ ਹੁੰਦਾ ਸੀ। ਕੰਮ ਤਾਂ ਕਿਸੇ ਨੇ ਕੀ ਕਰ ਸਕਣਾ ਸੀ? ਤੁਰਨ ਦੇ ਕਾਬਲ ਵੀ ਨਹੀ ਰਹਿੰਦਾ ਸੀ। ਅੱਤਿਵਾਦੀ ਕਿੱਧਰੋਂ ਆਉਂਦੇ ਅਤੇ ਵਾਰਦਾਤ ਕਰ ਕੇ ਕਿੱਧਰ

ਅਲੋਪ ਹੋ ਜਾਂਦੇ? ਇਕ ਗੁੰਝਲਦਾਰ ਸੁਆਲ ਸੀ। ਉਹ ਧਰਤੀ ਵਿਚ ਉਤਰ ਜਾਂਦੇ ਸਨ ਜਾਂ ਅਸਮਾਨ ਚੜ੍ਹ ਜਾਂਦੇ ਸਨ? ਇਹ ਪਤਾ ਨਹੀ ਲੱਗਦਾ ਸੀ। ਅਗਲੇ ਦਿਨ ਮੋਟੀ ਅਖਬਾਰੀ ਸੁਰਖੀ ਹੀ ਦੱਸਦੀ ਸੀ ਕਿ ਸਬੰਧਿਤ ਵਾਰਦਾਤ ਕਿਹੜੀ ਜੱਥੇਬੰਦੀ ਵੱਲੋਂ ਕੀਤੀ ਗਈ ਸੀ। ਪਰ ਪੁਲੀਸ ਵੱਲੋਂ ਕਾਗਜ਼ੀ ਕਾਰਵਾਈ ਪੂਰੀ ਕਰਨ ਲਈ ਛਾਪਾ ਮਾਰ ਕੇ ਕੋਈ ਕਾਲਜੀਏਟ ਘਰੋਂ ਸੁੱਤਾ ਪਿਆ ਹੀ ਉਠਾਲ ਲਿਆ ਜਾਂਦਾ ਅਤੇ ਇੰਟੈਰੋਗੇਟ ਕਰ ਕੇ ਸੱਚੇ ਝੂਠੇ ਕੇਸ ਪਾ ਕੇ ਜੇਲ੍ਹ ਤੋਰ ਦਿੱਤਾ ਜਾਂਦਾ। ਹਾਂ, ਅਗਰ ਕਿਸੇ ਮੁੰਡੇ ਦਾ ਬਾਪ ਲੱਖ ਦੋ ਲੱਖ ਰੁਪਏ ਸਬੰਧਿਤ ਅਫਸਰ ਨੂੰ 'ਮੱਥਾ ਟੇਕਣ' ਦੇ ਯੋਗ ਹੁੰਦਾ ਤਾਂ ਮੁੰਡੇ ਦਾ ਬਚਾਅ ਹੋ ਜਾਂਦਾ। ਪੁਲੀਸ ਦੀਆਂ ਇਹਨਾਂ ਵਧੀਕੀਆਂ ਤੋਂ ਡਰਦੇ ਮੁੰਡੇ ਬੜੀ ਤੇਜ਼ੀ ਨਾਲ ਖਾੜਕੂ ਸਫਾ ਵਿਚ ਰਲ, ਮੈਦਾਨ ਵਿਚ ਨਿੱਤਰ ਰਹੇ ਸਨ। ਕਈ ਜ਼ਾਲਮ ਪੁਲੀਸ ਅਫਸਰ ਤਾਂ ਗਿਣਤੀ ਦੇ ਦਿਨਾਂ ਵਿਚ ਹੀ ਗੋਲੀਆਂ ਨਾਲ ਭੁੰਨੇ ਵੀ ਜਾ ਚੁੱਕੇ ਸਨ। ਇਸ ਲਈ ਪੁਲੀਸ ਨੂੰ ਖੁੱਲ੍ਹੇ ਡੁੱਲ੍ਹੇ ਅਧਿਕਾਰ ਵੀ ਦਿੱਤੇ ਜਾ ਚੁੱਕੇ ਸਨ। ਲੁੱਟੋ ਤੇ ਮਾਰੋ! ਬੁਲਿਟ ਫਾਰ ਬੁਲਿਟ!! ਕਈ ਪੁਲਸ ਅਫਸਰਾਂ ਨੇ ਇਹਨਾਂ ਖੁੱਲ੍ਹੇ ਅਧਿਕਾਰਾਂ ਦਾ ਰੱਜ ਕੇ ਫਾਇਦਾ ਵੀ ਉਠਾਇਆ ਸੀ।

ਤਰੱਕੀਆਂ ਦੇ ਨਾਲ ਨਾਲ ਕੋਠੀਆਂ, ਕਾਰਾਂ ਅਤੇ ਬੈਂਕ-ਬੈਲੈਂਸ ਅਸਮਾਨ ਜਾ ਲੱਗੇ ਸਨ! ਭਾਈ-ਭਤੀਜਾਵਾਦ ਪੁਲੀਸ ਵਿਚ ਲਿਆ ਘਸੋੜਿਆ ਸੀ। ਧੀਆਂ-ਪੁੱਤ ਬੜੀ ਸ਼ਾਨ ਨਾਲ, ਸ਼ਾਹੀ ਠਾਠ ਵਿਚ ਰਹਿ ਰਹੇ ਸਨ। ਗੱਲ ਕੀ? ਅੱਤਿਵਾਦ ਦਾ ਸੁਨਿਹਰੀ ਮੋਰ ਪੁਲੀਸ ਅਫਸਰਾਂ ਨੂੰ ਬੜੇ ਚੰਗੇ ਭਾਗੀਂ ਮਿਲਿਆ ਸੀ, ਜਿਸ ਦੀ ਹਰ ਕਿਸੇ ਪੁਲੀਸ ਅਫਸਰ ਨੇ ਬੜੇ ਜੋਰ ਸ਼ੋਰ ਨਾਲ 'ਪੈਹਲ' ਪੁਆਈ ਸੀ। ਕੋਈ ਟਾਂਵਾਂ ਟਾਂਵਾਂ ਪੁਲੀਸ ਅਫਸਰ ਹੀ ਬੇਦਾਗ਼ ਸੀ।

ਸਵੇਰ ਦੇ ਪੌਣੇ ਕੁ ਚਾਰ ਵਜੇ ਟਰੱਕਾਂ ਨੇ ਬਲੀ ਸਿੰਘ ਦੇ ਘਰ ਨੂੰ ਘੇਰਾ ਪਾ ਲਿਆ! ਸਕੀਮ ਅਨੁਸਾਰ ਦਰਵਾਜੇ ਵੱਲ ਖੜ੍ਹੇ ਸਿਪਾਹੀਆਂ ਨੇ ਬਾਹਰਲੀ ਅਰਲ ਲਾ ਦਿੱਤੀ। ਟਰੱਕ ਵਿੱਚੋਂ ਪੌੜੀ ਕੱਢ ਕੇ ਲਾਈ। ਛੇ ਸਿਪਾਹੀ ਕੰਧਾਂ ਰਾਹੀਂ ਛੱਤ ਉਪਰ ਚੜ੍ਹ ਗਏ ਅਤੇ ਅੱਠ ਵਿਹੜੇ ਵਿਚ ਜਾ ਉਤਰੇ।

ਇਕ ਸਿਪਾਹੀ ਨੇ ਬੈਟਰੀ ਦੇ ਚਾਨਣ ਆਸਰੇ ਵਿਹੜੇ ਵਾਲੀ ਬੱਤੀ ਬਾਲ ਲਈ। ਵਿਹੜਾ ਚਾਨਣ ਨਾਲ ਭਰ ਗਿਆ। ਸਾਰੇ ਪ੍ਰੀਵਾਰ ਦੇ ਜੀਅ ਉੱਭੜਵਾਹਿਆਂ ਵਾਂਗ ਉੱਠੇ। ਪੁਲੀਸ ਨਾਲ ਵਿਹੜਾ ਭਰਿਆ ਪਿਆ ਸੀ। ਅਚਾਨਕ ਪਈ ਬਿੱਜ 'ਤੇ ਉਹ ਘੋਰ ਹੈਰਾਨ ਸਨ ਅਤੇ ਡਰ ਨਾਲ ਸਰੀਰ ਜਰਖ਼ਲੇ ਗਏ ਸਨ।

ਬਲੀ ਸਿੰਘ ਹੱਥ ਜੋੜੀ ਬੜੀ ਨਿਮਰਤਾ ਨਾਲ ਪੇਸ਼ ਹੋਇਆ। ਗਲ ਵਿਚ ਉਸ ਨੇ ਪਰਨਾਂ ਪਾ ਰੱਖਿਆ ਸੀ।

-"ਕੋਈ ਸੇਵਾ ਮਾਈ ਬਾਪ?"

-"ਦੱਸਦੇ ਐਂ-ਗੁਰਮੀਤ...!!"

-"ਹਾਂ ਜੀ...?"

-"ਬਾਹਰੋਂ ਸਰਦਾਰ ਨੂੰ ਬੁਲਾ...!"

ਸਿਪਾਹੀ ਨੇ ਅੰਦਰੋਂ ਅਰਲ ਲਾਹ ਕੇ ਦਰਵਾਜੇ 'ਤੇ ਦਸਤਕ ਦਿੱਤੀ। ਬਾਹਰੋਂ ਵੀ ਦਰਵਾਜਾ ਖੁੱਲ੍ਹ ਗਿਆ।

ਮੂੰਹ 'ਤੇ ਮਫ਼ਲਰ ਲਪੇਟੀ, ਹੱਥਾਂ ਦੇ ਦਸਤਾਨੇ ਉਤਾਰਦਾ ਸਰਦਾਰ ਅੰਦਰ ਆਇਆ। ਬਲੀ ਸਿੰਘ ਉਸੀ ਤਰ੍ਹਾਂ ਹੀ ਹੱਥ ਜੋੜੀ, ਅਜ਼ੀਜ਼ ਬਣਿਆਂ ਖੜ੍ਹਾ ਸੀ। ਉਸ ਦਾ ਸਾਰਾ ਸਰੀਰ ਬੁਰੀ ਤਰ੍ਹਾਂ ਕੰਬੀ ਜਾ ਰਿਹਾ ਸੀ।

-"ਕੀ ਨਾਂ ਐਂ ਬਾਬਾ ਤੇਰਾ....?" ਠਾਣੇਦਾਰ ਨੇ ਸਿੱਧਾ ਸੁਆਲ ਬਲੀ ਸਿੰਘ ਦੇ ਮੱਥੇ ਵਿਚ ਮਾਰਿਆ।

-"ਜੀ ਬਲੀ ਸਿੰਘ।"

-"ਪਿਤਾ ਦਾ ਨਾਂ...?"

-"ਜੀ ਸਰਦਾਰ ਬਲਕਾਰ ਸਿੰਘ।"

-"ਸਾਲ਼ਾ ਸਾਰਾ ਕੋੜਮਾਂ ਈ ਯੋਧਿਆਂ ਦੈ?" ਵਿਚੋਂ ਹੌਲਦਾਰ ਨੇ ਟਾਂਚ ਕੀਤੀ।

ਸਾਰੇ ਸਿਪਾਹੀ ਹੱਸ ਪਏ।

-"ਜੁਆਨ...! ਬੋਲਣਾ ਨਹੀ-ਕੰਮ ਦੀ ਗੱਲ ਕਰਨ ਦਿਓ-ਹਾਂ ਬਾਬਾ! ਤੇਰਾ ਮੁੰਡਾ ਰਣਜੋਧ ਕਿੱਥੇ ਐ?" ਠਾਣੇਦਾਰ ਨੇ ਪੁਲਸੀਆਂ ਨੂੰ ਦਬਕਦਿਆਂ ਆਖਿਆ।

-"ਮਾਈ ਬਾਪ ਅੰਦਰ ਪਿਐ ਪਿਛਲੇ।"

-"ਬੁਲਾ ਉਹਨੂੰ...!"

-"ਮਾਪਿਓ ਉਹਦਾ ਦੋਸ਼?" ਬਲੀ ਸਿੰਘ ਦੇ ਜੋੜੇ ਹੱਥ ਕੰਬ ਰਹੇ ਸਨ। ਇਕਲੌਤੇ ਜੁਆਨ ਪੁੱਤਰ ਦੀ ਪੂੰਜੀ ਉਸ ਨੂੰ ਖੁਰਦੀ ਪ੍ਰਤੀਤ ਹੋ ਰਹੀ ਸੀ। ਪੁਲੀਸ ਹੱਥ ਚੜ੍ਹਿਆ ਜੁਆਨ ਮੁੰਡਾ ਜੇ ਬਚ ਵੀ ਗਿਆ ਤਾਂ ਕੰਮ ਜੋਗਾ ਨਹੀਂ ਛੱਡਦੇ। ਉਹ ਪੁਲੀਸ ਦੇ ਕਸਾਖਾਨੇ ਤੋਂ ਭਲੀ ਭਾਂਤ ਜਾਣੂੰ ਸੀ। ਇਹਨਾਂ ਬੁੱਚੜਾਂ ਦਾ ਕੀ ਐ? ਮਾਰ ਕੇ ਮੁਕਾਬਲਾ ਦਿਖਾ ਦੇਣਗੇ! ਉਹ ਜੱਕੋ-ਤੱਕੀ ਵਿਚ ਖੜ੍ਹਾ ਸੀ।

-"ਦੋਸ਼ ਵੀ ਦੱਸ ਦਿਆਂਗੇ-ਉਹਨੂੰ ਬਾਹਰ ਤਾਂ ਲਿਆ!" ਹੌਲਦਾਰ ਨੇ ਹੁਕਮੀਆ ਕਿਹਾ।

-"ਮਾਪਿਓ ਕਦੇ ਬਲਦ ਦੇ ਸੋਟੀ ਨਹੀ ਲਾਈ-ਸਹੁੰ ਢਾਂਡੀ ਦੀ ਜਮਾਂ ਈ ਗਊ ਐ।" ਬਲੀ ਸਿੰਘ ਨੇ ਸਫਾਈ ਦਿੱਤੀ।

-"ਅਸੀਂ ਕਦੋਂ ਕਹਿੰਨੇ ਐਂ ਬਈ ਨਹੀ ਗਊ? ਉਹਨੂੰ ਬਾਬਾ ਸਾਡੇ ਮੱਥੇ ਤਾਂ ਲਾ...।"

-"ਕੀ ਗੱਲ ਐ?" ਹਰਾਸਾਂ ਦੀ ਮਾਰੀ ਰਣਜੋਧ ਦੀ ਬੇਬੇ ਕਿਰਪਾਲ ਕੌਰ ਅੱਗੇ ਆ ਗਈ।

-"ਆਪਣੇ ਰਣਜੋਧ ਬਾਰੇ ਪੁੱਛਦੇ ਐ।"

-"ਵੇ ਜਿਉਣ ਜੋਕਰਿਆ-ਕੀ ਦੋਸ਼ ਐ ਮੇਰੇ ਪੁੱਤ 'ਤੇ?" ਮਾਂ ਨੇ ਠਾਣੇਦਾਰ ਨੂੰ ਪੁੱਛਿਆ।

-"ਮਾਤਾ ਦੱਸ ਦਿੰਨੇ ਐਂ-ਉਹਨੂੰ ਬਾਹਰ ਤਾਂ ਲਿਆ!"

-"ਲਿਆ ਤਾਂ ਪੁੱਤ ਜਿਉਣ ਜੋਕਰਿਆ ਦਿੰਨੇ ਐਂ-ਥੋਡੇ ਮੂਹਰੇ ਕਿਹੜਾ ਕੋਈ ਜੋਰ ਐ-ਪਰ ਸ਼ੇਰਾ ਉਹਨੇ ਵਿਚਾਰੇ ਨੇ ਕਸੂਰ ਕੋਈ ਨਹੀ ਕੀਤਾ-ਹਾੜ੍ਹੇ ਮੇਰਾ ਸ਼ੇਰ!"

-"ਮਾਈ ਮੈ ਕਦੋਂ ਕਹਿੰਨੈ ਬਈ ਕੋਈ ਕਸੂਰ ਕੀਤੈ?"

-"ਚਾਹ ਧਰਾਵਾਂ ਹਜੂਰ?" ਬਲੀ ਸਿੰਘ ਨੇ ਵਿਚੋਂ ਗੱਲ ਕੱਟ ਕੇ ਪੁੱਛਿਆ।

-"ਚਾਹ ਦੀ ਲੋੜ ਨਹੀਂ-ਬੰਦਾ ਹਾਜਰ ਕਰੋ...!" ਹੌਲਦਾਰ ਨੇ ਹੱਥ ਕੁ ਦਾ ਡੰਡਾ ਨਲਕੇ ਨਾਲ ਠ੍ਹੋਕਰਿਆ। ਉਸ ਦੇ ਪਿੱਛੇ ਸਿਪਾਹੀ ਬੰਦੂਕਾਂ ਕਸੀ ਤਿਆਰ-ਬਰ-ਤਿਆਰ ਖੜ੍ਹੇ ਸਨ।

-"ਜਾਹ ਕੀਅਤੀ ਦੇ ਬਾਪੂ ਬੁਲਾ ਦੇ ਉਹਨੂੰ-ਪਰ ਜਿਉਣ ਜੋਕਰਿਆ ਦੁਹਾਈ ਐ ਰਾਮ ਦੀ-ਦੇਖੀਂ ਕਿਤੇ ਬੇਕਸੂਰ ਨੂੰ ਕਿਸੇ ਕੇਸ 'ਚ ਵਲ ਧਰੇਂ-ਤੇਰੇ ਮੇਰੇ ਸੰਨ੍ਹ ਰੱਬ ਐ!"

-"ਮਾਈ ਫ਼ਿਕਰ ਕਿਉਂ ਕਰਦੀ ਐਂ?"

ਬਲੀ ਸਿੰਘ ਰਣਜੋਧ ਨੂੰ ਜਗਾਉਣ ਤੁਰ ਗਿਆ। ਉਹ ਪਿਛਲੀ ਸਵਾਤ ਵਿਚ ਘਰਵਾਲੀ ਕੋਲ ਸੁੱਤਾ ਹੋਇਆ ਸੀ। ਉਸ ਦੇ ਵਿਆਹ ਹੋਏ ਨੂੰ ਅਜੇ ਡੇਢ੍ਹ ਕੁ ਮਹੀਨਾ ਹੀ ਹੋਇਆ ਸੀ। ਸਧਰਾਂ ਦੇ ਫੁੱਲ ਜੁਆਨ ਖੇੜੇ ਵਿਚ ਸਨ।

-"ਜੋਧ....! ਉਏ ਜੋਧ....!!" ਬਾਪੂ ਨੇ ਕਈ ਵਾਰ ਪਾਗਲਾਂ ਵਾਂਗ ਦਰਵਾਜੇ ਨੂੰ ਖੜਕਾਇਆ।

-"ਕੀ ਐ ਬਾਪੂ?" ਕਾਫੀ ਦੇਰ ਬਾਅਦ ਅੰਦਰੋਂ ਅਵਾਜ਼ ਆਈ।

-"ਬਾਹਰ ਆ ਪੁੱਤ-ਸ਼ੇਰ ਬੱਗਿਆ....!" ਬਲੀ ਸਿੰਘ ਦੀ ਅਵਾਜ਼ ਵਿਚ ਹੰਝੂ ਬੋਲੇ ਅਤੇ ਗਲਾ ਘਗਿਆ ਗਿਆ। ਉਹ ਸੋਚ ਰਿਹਾ ਸੀ ਕਿ ਫਿਰ ਪਤਾ ਨਹੀ ਜੁਆਨ ਪੁੱਤ ਨੂੰ ਜਗਾਉਣ ਦਾ ਮੌਕਾ ਮਿਲੇ ਜਾਂ ਨਾ ਮਿਲੇ। ਅੰਦਰੋਂ ਕੱਟੀਦਾ ਵੱਢੀਦਾ ਉਹ 'ਵਾਹਿਗੁਰੂ-ਵਾਹਿਗੁਰੂ' ਜਪੀ ਜਾ ਰਿਹਾ ਸੀ। ਉਸ ਦੀ ਰੂਹ ਕਤਲ ਹੁੰਦੀ ਜਾ ਰਹੀ ਸੀ। ਅੰਦਰਲੀ ਆਤਮਾ ਲਹੂ-ਲੁਹਾਣ ਸੀ।

-"ਕੀ ਗੱਲ ਐ ਬਾਪੂ?" ਘਬਰਾਏ ਮੁੰਡੇ ਨੇ ਬਾਪੂ ਦਾ ਚਿਹਰਾ ਨਿਹਾਰਦਿਆਂ ਪੁੱਛਿਆ।

-"ਖਸਮਾਂ ਨੂੰ ਖਾਣੀ ਪੁਲਸ ਆਈ ਐ-ਤੇਰੇ ਬਾਰੇ ਪੁੱਛਦੀ ਐ-ਮੈਨੂੰ ਉੱਦੇਂ ਆਲੀ ਗੱਲ ਦਾ ਖਤਰੈ ਸ਼ੇਰਾ-ਭੋਰਾ ਝੂਠ ਨਾਂ ਬੋਲੀਂ-ਸੱਚੋ ਸੱਚ ਦੱਸ ਦੇਈਂ ਮੇਰਾ ਪੁੱਤ ਬਣਕੇ-ਸਮਾਂ ਬਹੁਤ ਈ ਮਾੜਾ ਆ ਗਿਆ ਡੱਡੀਏ-ਗੁਰੂ ਭਲੀ ਕਰੇ-ਡੋਲੀਂ ਨਾਂ ਪੁੱਤਰਾ-'ਕੱਲੀ 'ਕੱਲੀ ਗੱਲ ਨਿਖਾਰ ਕੇ ਦੱਸ ਦੇਈਂ-ਗੁਰੂ 'ਤੇ ਭਰੋਸਾ ਰੱਖ ਕੇ।"

.....ਬਾਪੂ ਦੀਆਂ ਗੱਲਾਂ ਸੁਣ ਕੇ ਰਣਜੋਧ ਬਰਫ਼ ਵਿਚ ਲੱਗਦਾ ਜਾ ਰਿਹਾ ਸੀ। ਉਸ ਦੇ ਪਿੱਛੇ ਖੜ੍ਹੀ ਉਸ ਦੀ ਸੱਜ ਵਿਆਹੀ ਘਰਵਾਲੀ ਦਵਿੰਦਰ ਕੰਬੀ ਜਾ ਰਹੀ ਸੀ। ਕੋਈ ਗ਼ੈਬੀ ਡਰ ਉਸ ਦਾ ਦਿਲ ਵਲੂੰਧਰੀ ਜਾ ਰਿਹਾ ਸੀ। ਡਾਢਿਆ ਰੱਬਾ! ਹਾੜ੍ਹੇ ਖ਼ੈਰ ਕਰੀਂ! ਬੁੱਤ ਬਣੀ ਕੁੜੀ ਰੱਬ ਅੱਗੇ ਨੱਕ ਰਗੜ ਰਹੀ ਸੀ। ਸੁਹਾਗ ਦੀ ਸੁੱਖ ਮੰਗ ਰਹੀ ਸੀ।

-"ਚੱਲ ਜੁੱਤੀ ਪਾ-ਤੁਰ ਮੇਰਾ ਸ਼ੇਰ-ਡਰੀਂ ਡੋਲੀਂ ਨਾਂ-ਮੈਂ ਤੇਰੇ ਪਿੱਛੇ ਦਿੱਲੀ ਦੱਖਣੋਂ ਬੰਦੇ ਢੋਹ ਦਿਊਂ-ਪੈਸਾ ਬਰੋਬਰ ਤੋਲ ਦਿਊਂ-ਨਾਲੇ ਤੇਰੇ ਬਿਨਾਂ ਮੇਰਾ ਹੈ ਵੀ ਕੌਣ ਕਮਲਿਆ?" ਬਾਪੂ ਅੰਦਰੋਂ ਥਿੜਕਿਆ ਮੁੰਡੇ ਨੂੰ ਫੋਕਾ ਧਰਵਾਸ ਦੇਈ ਜਾ ਰਿਹਾ ਸੀ।

-"ਲਿਆ ਕੁੜ੍ਹੇ ਦਵਿੰਦਰੇ ਜੁੱਤੀ ਅੰਦਰੋਂ ਜੋਧ ਸਿਉਂ ਦੀ।" ਬਲੀ ਸਿੰਘ ਨੇ ਨੂੰਹ ਨੂੰ ਕਿਹਾ। ਉਹ ਨੂੰਹ ਦਾ ਦਿਲੀ ਦਰਦ ਬੜੀ ਚੰਗੀ ਤਰ੍ਹਾਂ ਪਹਿਚਾਣਦਾ ਸੀ।

ਨੂੰਹ ਅੰਦਰੋਂ ਜੁੱਤੀ ਲੈਣ ਚਲੀ ਗਈ।

-"ਇਕ ਗੱਲ ਸ਼ੇਰਾ ਮੇਰੀ ਯਾਦ ਰੱਖੀਂ-ਜਿੰਨਾਂ ਥਿੜਕੇਂਗਾ-ਉਨੇ ਈ ਇਹ ਕੰਜਰ ਸਿਰ ਹੋਣਗੇ-ਪਿਜਣਾਂ ਇਹਨਾਂ 'ਤੇ ਬਿਲਕੁਲ ਨਹੀਂ-ਪੁਲਸ ਪੁੱਤ ਕਿਸੇ ਦੀ ਮਿੱਤ ਨਹੀਂ ਹੁੰਦੀ-ਗਾਲ੍ਹ ਦੁੱਪੜ ਇਹਨਾਂ ਦਾ ਪਹਿਲਾ ਕਰਮ ਐਂ-ਜਦੋਂ ਇਹ ਮੂਲੋਂ ਜਿਆਦਾ ਮਿੱਠੇ ਹੋਣ ਉਦੋਂ ਇਹ ਬਹੁਤੇ ਖਤਰਨਾਕ ਸਾਬਤ ਹੁੰਦੇ ਐ।" ਪੁਲੀਸਾਂ ਵਿਚ ਹੰਢਿਆ ਬਾਪੂ ਮੁੰਡੇ ਨੂੰ ਤਰ੍ਹਾਂ ਤਰ੍ਹਾਂ ਦੇ ਸਬਕ ਦੇ ਰਿਹਾ ਸੀ। ਦਵਿੰਦਰ ਜੁੱਤੀ ਲੈ ਕੇ ਆ ਗਈ। ਪਤੀ ਨੂੰ ਉਹ ਕੁਝ ਕਹਿਣਾ ਚਾਹੁੰਦੀ ਵੀ ਕਹਿ ਨਾ ਸਕੀ। ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ ਸਨ। ਉਹ ਹੌਕਾ ਭਰ ਕੇ ਹੀ ਚੁੱਪ ਕਰ ਗਈ। ਕੋਈ ਗੱਲ ਉਸ ਦੇ ਅੰਦਰ ਰਿੱਝ ਰਹੀ ਸੀ।

ਜੁੱਤੀ ਪੁਆ ਕੇ ਬਲੀ ਸਿੰਘ ਨੇ ਪੁੱਤ ਨੂੰ ਠਾਣੇਦਾਰ ਸਾਹਮਣੇ ਪੇਸ਼ ਕਰ ਦਿੱਤਾ। ਠਾਣੇਦਾਰ ਨੇ ਉਸ ਨੂੰ, ਕਿਸਾਈ ਦੇ ਬੱਕਰੇ ਨੂੰ ਪੂਛੋਂ ਫੜ ਕੇ ਤੋਲਣ ਵਾਂਗ, ਅੱਖਾਂ ਰਾਹੀ ਹੀ ਤੋਲਿਆ!

-"ਸਾਸਰੀਕਾਲ ਜੀ!" ਰਣਜੋਧ ਸਿੰਘ ਨੇ ਕਿਹਾ।

-"ਸਾਸਰੀਕਾਲ-ਸੁਣਾ ਬਈ ਰਣਜੋਧ ਸਿਆਂ ਕੀ ਹਾਲ ਐ ਤੇਰਾ?" ਠਾਣੇਦਾਰ ਨੇ ਮੁੰਡੇ ਦੇ ਮੋਢੇ 'ਤੇ ਕਈ ਵਾਰ ਹੱਥ ਮਾਰ ਕੇ ਪੁੱਛਿਆ।

-"ਠੀਕ ਐ ਜੀ।"

-"ਚੱਲ ਅੰਦਰ ਚੱਲੀਏ-ਬਲੀ ਸਿਆਂ ਚਾਹ ਧਰਾ!" ਠਾਣੇਦਾਰ ਨੇ ਹੁਕਮ ਦਾ ਮਰੋੜਾ ਚਾੜ੍ਹਿਆ।

-"ਜੀ ਹਜੂਰ।"

-"ਖਿਆਲ ਰੱਖੀਂ-ਚਾਹ ਪੀਣ ਆਲੇ ਬੰਦੇ ਬਾਈ ਐ ਤੇ ਦੋ ਡਰਾਈਵਰ ਐ।"

-"ਬੇਫਿਕਰ ਰਹੋ ਮਾਈ ਬਾਪ।"

ਚਾਰ ਸਿਪਾਹੀ, ਹੌਲਦਾਰ ਸਮੇਤ ਉਹ ਸਾਰੇ ਅੰਦਰ ਚਲੇ ਗਏ। ਬਲੀ ਸਿੰਘ ਨੇ ਆਪਣੀ ਧੀ ਗੁਰਕੀਰਤ ਅਤੇ ਨੂੰਹ ਦਵਿੰਦਰ ਨੂੰ ਚਾਹ ਬਣਾਉਣ ਲਾ ਦਿੱਤਾ। ਸਾਰਿਆਂ ਦੇ ਦਿਲਾਂ ਅੰਦਰ ਝੱਖੜ ਝੁੱਲ ਰਹੇ ਸਨ। ਪਰ ਠਾਣੇਦਾਰ ਦੇ ਨਰਮ ਵਰਤਾਓ ਕਾਰਨ ਉਹਨਾਂ ਦੇ ਦਿਲ ਕੁਝ ਕੁ ਥਾਵੇਂ ਸਨ।

-"ਦੇਖ ਬਈ ਰਣਜੋਧ ਸਿਆਂ-ਮੇਰਾ ਨਾਂ ਹੈ ਗੁਰਪ੍ਰੀਤ ਸਿੰਘ ਗਰੇਵਾਲ-ਮੇਰਾ ਤਾਂ ਸਿੱਧਾ ਈ ਸਿਧਾਂਤ ਐ-ਸਿੱਧੇ ਨਾਲ ਨਰਮੀ ਤੇ ਵਲ-ਫ਼ੇਰ ਨਾਲ ਕਿਸਾਈ-ਇਹ ਤੇਰੀ ਮਰਜ਼ੀ ਐ ਬਈ ਤੂੰ ਮੈਨੂੰ ਬੁੱਚੜ ਬਣਾਉਣੈ ਕਿ....?" ਜਾਣ ਕੇ ਠਾਣੇਦਾਰ ਨੇ ਗੱਲ ਅਧੂਰੀ ਛੱਡ ਦਿੱਤੀ। ਕਟਾਰ ਨਜ਼ਰਾਂ ਉਸ ਨੇ ਮੁੰਡੇ ਦੇ ਮੂੰਹ 'ਤੇ ਗੱਡ ਰੱਖੀਆਂ ਸਨ। ਸੱਚ ਝੂਠ ਨੂੰ ਉਸ ਦਾ ਅਫ਼ਸਰ ਦਿਮਾਗ ਫੱਟ ਪਹਿਚਾਣਦਾ ਸੀ।

–"ਜੀ ਤੁਸੀਂ ਕੁਛ ਪੁੱਛੋ ਤਾਂ ਸਹੀ।" ਮੁੰਡਾ ਇਕ ਤਰ੍ਹਾਂ ਨਾਲ ਉਸ ਅੱਗੇ ਵਿਛ ਗਿਆ ਸੀ।

–"ਤਾਂ ਫੇਰ ਇਹ ਦੱਸ-ਬਈ ਪਿਛਲੇ ਹਫਤੇ ਜਿਹੜੇ ਬੰਦੇ ਤੇਰੇ ਕੋਲੋਂ ਮੋਟਰ ਤੇ ਰੋਟੀ ਖਾ ਕੇ ਗਏ ਐ-ਉਹ ਕੌਣ ਸੀ? ਤੇ ਕੀ ਕੀ ਉਹਨਾਂ ਦੇ ਨਾਂ ਸੀ? 'ਤੇ ਕਿੱਥੋਂ ਦੇ ਉਹ ਰਹਿਣ ਵਾਲੇ ਸੀ?" ਠਾਣੇਦਾਰ ਨੇ ਇਕੋ ਸਾਹ ਕਈ ਸੁਆਲਾਂ ਦੇ ਤੀਰ ਮੁੰਡੇ 'ਤੇ ਦਾਗ਼ ਦਿੱਤੇ।

–"ਸਰਦਾਰ ਜੀ- ਰੋਟੀ ਉਹ ਮੇਰੇ ਕੋਲੋਂ ਜਰੂਰ ਖਾ ਕੇ ਗਏ ਐ-ਭੋਰਾ ਝੂਠ ਨਹੀ-ਪਰ ਮਾਲਕੋ ਮੈਨੂੰ ਕਿਸੇ ਦੇ ਨਾਂ ਦਾ ਨਹੀਂ ਪਤਾ-ਤੇ ਨਾ ਈ ਪਤੈ ਪਿੰਡ ਦਾ।"

–"ਇਹ ਪਤੈ ਬਈ ਕਿਹੜੀ ਜੱਥੇਬੰਦੀ ਨਾਲ ਉਹ ਸਬੰਧਿਤ ਸੀ?"

–"ਮਾਲਕੋ ਇਹ ਵੀ ਨਹੀਂ ਪਤਾ।"

–"ਐਨਾਂ ਚਿਰ ਉਹ ਤੇਰੇ ਕੋਲੇ ਮੋਟਰ 'ਤੇ ਰਹੇ-ਤੇ ਤੂੰ ਕੁਛ ਵੀ ਨਹੀ ਸੁਣਿਆਂ?" ਠਾਣੇਦਾਰ ਹੈਰਾਨ ਸੀ।

–"ਜਨਾਬ ਘੰਟਾ ਤਾਂ ਮੈਨੂੰ ਰੋਟੀ ਲਿਜਾਣ 'ਤੇ ਈ ਲੱਗ ਗਿਆ।"

–"ਤੇ ਬਾਕੀ ਚਿਰ?"

–"ਤੇ ਬਾਕੀ ਮਾਲਕੋ-।"

–"ਹਾਂ-ਹਾਂ ਬੋਲ?"

–"ਮੈ ਪਿੰਡ ਪੁੱਛਿਆ ਵੀ ਸੀ ਜੀ-ਬੱਸ ਕਲੋਟੇ ਜਿਹੇ ਉੱਤਰ ਦਿੰਦੇ ਰਹੇ-ਕਹਿੰਦੇ ਗੁਰੂਆਂ ਦੀ ਧਰਤੀ, ਪੰਜਾਬ ਦੇ ਗਲੋਂ ਗੁਲਾਮੀ ਦਾ ਜੂਲਾ ਲਾਹੁਣੈ-ਅਸੀਂ ਐਮੇਂ ਨਹੀ ਠਰੀਆਂ ਰਾਤਾਂ 'ਚ ਸੱਪਾਂ ਦੀਆਂ ਸਿਰੀਆਂ ਮਿੱਧਦੇ ਫਿਰਦੇ-ਤੇ ਜਦੋਂ ਜੀ ਮੈ ਪਿੰਡ ਬਾਰੇ ਪੁੱਛਿਆ ਤਾਂ ਇਕ ਕਹਿੰਦਾ ਸਾਰੇ ਪੰਜਾਬ ਦੇ ਪਿੰਡ ਈ ਸਾਡੇ ਆਪਣੇ ਐਂ-'ਤੇ ਜੇ ਸੋਚੀਏ ਤਾਂ ਸਾਡਾ ਪਿੰਡ ਈ ਕੋਈ ਨਹੀਂ-ਬੱਸ ਜੀ ਐਹੋ ਜਿਹੇ ਅਣਘੜਤ ਜਿਹੇ ਜਵਾਬ ਦਿੰਦੇ ਰਹੇ।"

–"ਹੂੰਅ....! ਸਾਲੇ ਲੰਡੇ ਸਾਰੇ ਪੰਜਾਬ ਦੇ! ਪਿਉ ਦਾ ਨਾ ਸਕੇ ਦਾ ਇਹਨਾਂ ਦਾ ਸਾਰਾ ਪੰਜਾਬ-!" ਠਾਣੇਦਾਰ ਨੇ ਫੂੰਕਾਰਾ ਮਾਰਿਆ।

ਬਲੀ ਸਿੰਘ ਕੁੜੀ ਦੇ ਆਵਾਜ਼ ਦੇਣ 'ਤੇ ਚਾਹ ਲੈ ਆਇਆ। ਦੋ ਸਿਪਾਹੀਆਂ ਨੂੰ ਠਾਣੇਦਾਰ ਨੇ ਚਾਹ ਵਰਤਾਉਣ ਲਈ ਤੋਰ ਦਿੱਤਾ।

ਚਾਹ ਪੀਂਦਾ ਠਾਣੇਦਾਰ ਕਾਫੀ ਦੇਰ ਗੰਭੀਰ ਹੋਇਆ ਕੁਝ ਸੋਚਦਾ ਰਿਹਾ। ਬਾਹਰੋਂ ਰਸੋਈ ਵਿੱਚੋਂ ਸਿਪਾਹੀ ਗਿਲਾਸ ਭਰ-ਭਰ ਕੇ ਬਾਕੀ ਸਿਪਾਹੀਆਂ ਨੂੰ ਫੜਾ ਰਹੇ ਸਨ। ਚੁੱਲ੍ਹੇ ਦੀ ਅੱਗ ਮੂਹਰੇ ਬਲੀ ਸਿੰਘ ਦੀ ਲੜਕੀ ਅਤੇ ਨੂੰਹ ਬੈਠੀਆਂ, ਗਿਲਾਸ ਭਰੀ ਜਾ ਰਹੀਆਂ ਸਨ। ਬਲਦੀ ਅੱਗ ਵਿਚ ਉਹਨਾਂ ਦੇ ਭਰ ਜੁਆਨ ਚਿਹਰੇ ਸੰਧੂਰੀ ਭਾਅ ਮਾਰ ਰਹੇ ਸਨ। ਦੇਖ ਦੇਖ ਕੇ ਸਿਪਾਹੀਆਂ ਦੇ ਦਿਲਾਂ 'ਤੇ ਬਰਛੀਆਂ ਵੱਜ ਰਹੀਆਂ ਸਨ। ਚਾਹ ਦਾ ਗਿਲਾਸ ਫੜਾਉਂਦੀ ਕੁੜੀ ਦਾ ਇਕ ਸਿਪਾਹੀ ਨੇ ਜੋਰ ਦੇਣੇ ਹੱਥ ਦੱਬ ਦਿੱਤਾ। ਜਦ ਕੁੜੀ ਨੇ ਅੱਗੋਂ ਅੱਖਾਂ ਦਿਖਾਈਆਂ ਤਾਂ ਉਸ ਨੇ ਬੇਲੱਜ "ਹਾਏ...!" ਕਹਿ ਕੇ ਛੱਡ ਦਿੱਤਾ। ਕੁੜੀ ਅੰਦਰ ਝਰਨਾਹਟਾਂ ਨੇ ਜਹਾਦ ਛੇੜਿਆ ਹੋਇਆ ਸੀ। ਪਰ ਉਹ ਭਾਬੀ ਤੋਂ ਜ਼ਾਹਿਰਾ ਤੌਰ 'ਤੇ ਛੁਪਾਉਣ ਦੀ ਕੋਸ਼ਿਸ਼ ਵਿਚ ਲੱਗੀ ਹੋਈ ਸੀ। ਅਖੀਰ ਗਿਲਾਸਾਂ ਵਿਚ ਚਾਹ ਪਾ ਕੇ ਉਸ ਨੇ ਕੰਧੋਲੀ 'ਤੇ ਹੀ ਰੱਖ ਦਿੱਤੇ। ਨਾ ਚੋਰ ਲੱਗੇ ਤੇ ਨਾ ਕੁੱਤੀ ਭੌਂਕੇ। ਪਰ ਫਿਰ ਵੀ ਮੀਸਣਾਂ ਸਿਪਾਹੀ ਦਾਅ ਲਾ ਕੇ ਉਸ ਨੂੰ ਅੱਖ ਮਾਰ ਗਿਆ। ਕੁਆਰੀ ਜੁਆਨ ਕੁੜੀ ਦੀ ਛਾਤੀ ਵਿਚ ਉਸ ਦਾ ਦਿਲ ਹਥੌੜੇ ਵਾਂਗ ਵੱਜ ਰਿਹਾ ਸੀ। ਮਨ ਵਿਚ ਹੀ ਉਸ ਨੇ ਬੇਸ਼ਰਮ ਸਿਪਾਹੀ ਨੂੰ ਗਾਲ੍ਹਾਂ ਦੀ ਸੂੜ ਬੰਨ੍ਹੀ ਹੋਈ ਸੀ। ਸਿਪਾਹੀ ਸ਼ਿਸ਼ਤ ਬੰਨ੍ਹ ਕੇ ਉਸ ਦੀਆਂ ਛਾਤੀਆਂ ਦਾ ਭਾਰ ਤੋਲ ਰਿਹਾ ਸੀ। ਮੌਕਾ ਬੋਚ ਕੇ ਕੁੜੀ ਨੇ ਸ਼ਾਲ ਨਾਲ ਆਪਣੀਆਂ ਛਾਤੀਆਂ ਢਕ ਲਈਆਂ। ਭਾਬੀ ਨੂੰ ਉਹ ਕਿਸੇ ਗੱਲੋਂ ਸਿਰ ਨਹੀ ਹੋਣ ਦੇਣਾ ਚਾਹੁੰਦੀ ਸੀ।

ਕੁੜੀ ਦੇ ਉਦੋਂ ਸਾਹ ਵਿਚ ਸਾਹ ਆਇਆ ਜਦੋਂ ਠਾਣੇਦਾਰ ਨੇ ਹਾਕ ਮਾਰ ਕੇ ਸਿਪਾਹੀਆਂ ਨੂੰ ਅੰਦਰ ਬੁਲਾ ਲਿਆ।

–"ਆਹ ਗਿਲਾਸ 'ਕੱਠੇ ਕਰੋ...!"

ਸਿਪਾਹੀ ਅੰਦਰੋਂ ਬਾਹਰੋਂ ਸਾਰੇ ਗਿਲਾਸ ਇਕੱਠੇ ਕਰਨ ਲੱਗ ਪਏ।

–"ਹਾਂ ਬਈ ਰਣਜੋਧ ਸਿਆਂ-ਉਹਨਾਂ ਕੋਲ ਹਥਿਆਰ ਕੀ ਕੀ ਸੀ?" ਠਾਣੇਦਾਰ ਨੇ ਮੁੜ ਕਾਰਵਾਈ ਆਰੰਭੀ।

–"ਜੀ ਹਥਿਆਰ ਉਹਨਾਂ ਕੋਲੇ ਬੰਦੂਖਾਂ ਸੀ-ਜਿਹੋ ਜਿਹੀਆਂ ਥੋਡੇ ਸਿਪਾਹੀਆਂ ਕੋਲੇ ਐ।"

–"ਇਹ ਤਾਂ ਪਤਾ ਈ ਐ-ਸਾਲੇ ਏ ਕੇ ਸੰਤਾਲੀ ਤੋਂ ਹੇਠਾਂ ਤਾਂ ਕਿਸੇ ਹਥਿਆਰ ਨੂੰ ਹੱਥ ਈ ਨਹੀ ਪਾਉਂਦੇ।"

–"ਇਕ ਦੇ ਤਾਂ ਪਸਤੌਲ ਵੀ ਪਾਇਆ ਵਿਆ ਸੀ ਜੀ।"

–"ਤੇ ਹੁਲੀਏ?"

–"ਹੁਲੀਏ ਮਾਲਕੋ-ਦਾਹੜੀਆਂ ਸਾਰਿਆਂ ਦੇ ਈ ਰੱਖੀਆਂ ਹੋਈਆਂ ਸੀ ਤੇ ਗਾਤਰੇ ਪਾਏ ਵੇ ਸੀ-ਕੱਦ ਦੇ ਸਾਰੇ ਮੇਰੇ ਕੁ ਜਿੱਡੇ ਈ ਸੀਗੇ ਜੀ।"

–"ਦਾਹੜੀ ਤਾਂ ਅੱਜ ਕੱਲ੍ਹ ਡਰਦੇ ਮਾਰੇ ਕਰਾੜ ਵੀ ਰੱਖੀ ਫਿਰਦੇ ਐ ਤੇ ਗਾਤਰੇ ਸਭ ਤੋਂ ਵੱਧ ਲੁਟੇਰੇ ਪਾਉਂਦੇ ਐ।" ਠਾਣੇਦਾਰ ਆਪਣਾ ਜ਼ਾਤੀ ਤਜ਼ਰਬਾ ਦੱਸ ਗਿਆ।

–"ਉਹਨਾਂ ਕੋਲੇ ਛੋਟੇ ਛੋਟੇ ਝੋਲੇ ਵੀ ਸੀਗੇ ਜੀ।" ਲੁਟੇਰੇ ਸੁਣ ਕੇ ਰਣਜੋਧ ਨੂੰ ਯਾਦ ਆ ਗਿਆ।

–"ਬਹੁਤ ਖੂਬ! ਰਣਜੋਧ ਸਿਆਂ ਕੋਈ ਸੁਆਟਰ-ਸੂਟਰ ਪਾਉਣੀ ਐਂ ਤਾਂ ਪਾ ਲੈ-ਚੱਲ ਚੱਲੀਏ!"

–"ਕਿੱਥੇ ਜੀ?" ਗੱਲ ਮੁੰਡੇ ਦੇ ਸੰਘ ਅੰਦਰ ਹੀ ਅੜ ਗਈ।

–"ਠਾਣੇ! ਹੋਰ ਕਿੱਥੇ?"

–"ਮਾਈ ਬਾਪ ਸਾਰਾ ਕੁਛ ਤਾਂ ਇਹਨੇ ਦੱਸਤਾ-ਹੁਣ ਠਾਣੇ ਕਾਹਦੇ ਲਈ ਲੈ ਚੱਲੇ ਓਂ?" ਬਲੀ ਸਿੰਘ ਨੇ ਜ਼ੇਰਾ ਕਰ ਕੇ ਪੁੱਛ ਹੀ ਲਿਆ।

ਠਾਣੇਦਾਰ ਹੱਸ ਪਿਆ।

-"ਬਾਬਿਆ...! ਪਹਿਲਾਂ ਇਹਦੇ ਬਿਆਨ ਲਿਖਾਂਗੇ-ਫੇਰ ਤਸਦੀਕ ਕਰਕੇ ਇਲਾਕਾ-ਮਜਿਸਟ੍ਰੇਟ ਤੋਂ ਕਲਮਬੱਧ ਹੋਣਗੇ ਤਾਂ ਕਿਤੇ ਜਾ ਕੇ ਇਹਦਾ ਰੱਸਾ ਲਹੂ-ਐਡੀ ਛੇਤੀ ਖਹਿੜਾ ਛੁੱਟਣਾਂ ਮੁਸ਼ਕਲ ਐ-ਇਹਨੇ ਦੇਸ਼-ਧਰੋਹੀਆਂ ਨੂੰ ਰੋਟੀ ਖੁਆਈ-ਪਨਾਂਹ ਦਿੱਤੀ-ਇਹ ਕੋਈ ਮਾੜਾ ਮੋਟਾ ਕੇਸ ਨਹੀਂ-ਇਹ ਤਾਂ ਮੇਰੀ ਦਰਿਆ-ਦਿਲੀ ਐ-ਨਹੀਂ ਤਾਂ ਕਾਰਵਾਈ ਪਾ ਕੇ ਟਾਡਾ ਅਧੀਨ ਸਾਰਿਆਂ ਨੂੰ ਅੰਦਰ ਦੇ ਸਕਦੇ ਆਂ!"

-"ਫੇਰ ਮਾਈ ਬਾਪ ਇਉਂ ਕਰੋ-ਇਹਨੂੰ ਰਹਿਣ ਦਿਓ-ਮੈਨੂੰ ਲੈ ਚੱਲੋ।" ਬਲੀ ਸਿੰਘ ਦੀ ਧਾਹ ਨਿਕਲ ਗਈ।

-"ਤੈਨੂੰ ਕਿਵੇਂ ਲੈ ਚੱਲੀਏ ਬਾਬਾ? ਬੰਦੇ ਇਹਨੇ ਦੇਖੇ ਐ-ਜੇ ਲੋੜ ਪਈ ਤਾਂ ਸ਼ਨਾਖ਼ਤ ਕੌਣ ਕਰੂ?"

-"ਇਹਨੂੰ ਉਦੋਂ ਬੁਲਾਲਾਂਗੇ ਜੋਰਾਵਰਾ-ਨਾ ਹਿੱਕ ਧੱਕਾ ਕਰ-ਇਹਨੂੰ ਤਾਂ ਵਿਆਹੇ ਨੂੰ ਵੀ ਅਜੇ ਡੂੜ੍ਹ ਮਹੀਨਾਂ ਈ ਹੋਇਐ-ਇਕੋ ਇਕ ਮੇਰਾ ਪੁੱਤ ਐ-ਰਹਿਣ ਦੇ ਕੁਲ ਦੀ ਜੜ੍ਹ ਹਰੀ-ਗੁਰੂ ਤੈਨੂੰ ਖੁਸ਼ੀਆਂ ਬਖਸ਼ੇ!"

-"ਬਾਬਾ-ਕਾਨੂੰਨ ਅੱਗੇ ਜਜ਼ਬਾਤ ਕੰਮ ਨਹੀ ਕਰਦੇ-!" ਠਾਣੇਦਾਰ ਦੇ ਇਸ਼ਾਰੇ 'ਤੇ ਸਿਪਾਹੀਆਂ ਨੇ ਮੁੰਡੇ ਦੇ ਹੱਥ ਉਸ ਦੀ ਪੱਗ ਨਾਲ ਹੀ ਨੂੜ ਲਏ।

-"ਵੇ ਠਾਣੇਦਾਰਾ ਸ਼ੇਰਾ! ਤੂੰ ਮੇਰੇ ਪੁੱਤਾਂ ਅਰਗੈਂ-ਲੈ ਮੈਂ ਤੇਰੇ ਪੈਰੀਂ ਚੁੰਨੀ ਧਰਦੀ ਐਂ-ਸਾਡੀ ਲਾਜ ਰੱਖ-ਹਾੜ੍ਹੇ ਮੇਰਾ ਸ਼ੇਰ--!" ਸੱਚ ਹੀ ਕਿਰਪਾਲ ਕੌਰ ਨੇ ਆਪਣੀ ਸਿਰ ਦੀ ਚੁੰਨੀ ਠਾਣੇਦਾਰ ਦੇ ਪੈਰਾਂ ਵਿਚ ਰੱਖ ਦਿੱਤੀ। ਪਰ ਕਿਸੇ ਨੇ ਉਹਦੀ ਇਕ ਨਾ ਸੁਣੀ। ਸਿਪਾਹੀ ਰਣਜੋਧ ਨੂੰ ਟਰੱਕ ਵੱਲ ਧੂਹ ਤੁਰੇ। ਇਕ ਘਮਸਾਣ ਜਿਹਾ ਮੱਚ ਗਿਆ ਸੀ। ਮਾਂ-ਬਾਪ ਦੁਹਾਈਆਂ ਦੇ ਰਹੇ ਸਨ। ਰਸੋਈ ਵਿਚ ਗੁਰਕੀਰਤ ਅਤੇ ਦਵਿੰਦਰ ਨੇ ਰੋਣਾ ਸ਼ੁਰੂ ਕਰ ਦਿੱਤਾ।

ਰਣਜੋਧ ਨੂੰ ਸਿਪਾਹੀਆਂ ਨੇ ਟਰੱਕ ਵਿਚ ਇੱਟ ਵਾਂਗ ਸੁੱਟਿਆ ਅਤੇ ਤੁਰ ਗਏ। ਰਾਹ 'ਤੇ ਧੂੜ ਦਾ ਬੱਦਲ ਖਿੰਡ ਗਿਆ। ਟਰੱਕ ਮਗਰ ਵਿਰਲਾਪ ਕਰਦੀ ਆਉਂਦੀ ਕਿਰਪਾਲ ਕੌਰ ਠੇਡਾ ਖਾ ਕੇ 'ਧੜੰਮ' ਕਰ ਕੇ ਰਾਹ 'ਤੇ ਡਿੱਗ ਪਈ।

-"ਬਹੁੜੀ ਵੇ ਪਿੰਡਾ! ਪੁਲਸ ਮੇਰੇ ਜਿਉਣ ਜੋਕਰੇ ਨੂੰ ਲੈ ਗਈ ਵੇ ਲੋਕੋ! ਰੋਕੋ ਵੇ ਕੋਈ! ਮਾਰ ਕੇ ਖਪਾ ਦੇਣਗੇ ਬੁੱਚੜ! ਸਹਾਈ ਹੋ ਵੇ ਵਾਹਿਗੁਰੂ! ਬਹੁੜ ਮੇਰਿਆ ਮਾਲਕਾ! ਨਾ ਭਗਤਾਂ ਦੇ ਪ੍ਰਤਿਆਵੇ ਲੈ ਵੇ ਡਾਢਿਆ ਰੱਬਾ-ਹਾੜ੍ਹੇ.....!" ਰਾਹ 'ਤੇ ਮੂਧੇ ਮੂੰਹ ਪਈ ਕਿਰਪਾਲ ਕੌਰ ਹੱਥ ਜੋੜੀ ਕੁਰਲਾ ਰਹੀ ਸੀ। ਉਸ ਦਾ ਮੂੰਹ ਮਿੱਟੀ ਵਿਚ ਲਿੱਬੜ ਗਿਆ ਸੀ। ਉਹ ਬੇਹੋਸ਼ੀ ਜਿਹੀ ਹਾਲਤ ਵਿਚ ਪਿੱਟੀ ਜਾ ਰਹੀ ਸੀ।

ਦੇਖੋ ਦੇਖ ਪਿੰਡ ਇਕੱਠਾ ਹੋ ਗਿਆ।

-"ਕੀ ਗੱਲ ਹੋ ਗਈ ਭਾਬੀ?" ਘਰਾਂ 'ਚੋਂ ਦਿਉਰ ਲੱਗਦੇ ਸਰਪੰਚ ਨੇ ਆ ਕੇ ਕਿਰਪਾਲ ਕੌਰ ਨੂੰ ਉਠਾਇਆ।

-"ਵੇ ਕੀ ਦੱਸਾਂ ਸਾਧੂ? ਤੇਰੇ ਭਤੀਜੇ ਨੂੰ ਲੈ ਗਏ ਬੁੱਚੜ-ਲਿਆਓ ਵੇ ਛੁਡਾ ਕੇ ਉਹਨੂੰ-ਕਿਤੇ ਹੋਰ ਨਾ ਜਾਹ ਜਾਂਦੀ ਕਰ ਦੇਣ ਔਤਰੇ!"

-"ਉਠ! ਘਰੇ ਚੱਲ ਕੇ ਸਾਰੀ ਗੱਲ ਕਰਦੇ ਐਂ-ਐਥੇ ਕਾਹਨੂੰ ਜੱਗ ਹਸਾਈ ਕਰਦੀ ਐਂ? ਉਠ ਕਮਲ ਨਹੀ ਮਾਰੀਦਾ-ਚੱਲ ਚੱਲੀਏ!" ਸਰਪੰਚ ਅਤੇ ਬਲੀ ਸਿੰਘ ਉਸ ਨੂੰ ਬਾਹੋਂ ਫੜ ਘਰ ਲੈ ਆਏ।

ਇਕ ਅਜੀਬ ਚੁੱਪ ਛਾ ਗਈ। ਗੁਰਦੁਆਰੇ ਦੇ ਸਪੀਕਰ 'ਚੋਂ ਅਵਾਜ਼ ਆ ਰਹੀ ਸੀ:

-"ਜੇ ਸਕਤਾ ਸਕਤੇ ਕਉ ਮਾਰੇ॥

ਤਾ ਮਨਿ ਰੋਸੁ ਨ ਹੋਈ॥"

ਉਹਨਾਂ ਨੇ ਘਰੇ ਲਿਆ ਕੇ ਕਿਰਪਾਲ ਕੌਰ ਨੂੰ ਮੰਜੇ 'ਤੇ ਬਿਠਾ ਦਿੱਤਾ।

-"ਕੀਤੀ..! ਪੁੱਤ ਪਾਣੀ ਲਿਆ...!"

ਕੁੜੀ ਨੇ ਪਾਣੀ ਲਿਆ ਕੇ ਮਾਂ ਨੂੰ ਪਿਆਇਆ।

-"ਤੁਸੀਂ ਮੈਨੂੰ ਕਿਉਂ ਨਾ ਖਬਰ ਕੀਤੀ?" ਸਰਪੰਚ ਆਪਣੀ ਥਾਂ ਹੈਰਾਨ ਸੀ।

-"ਵੇ ਟੁੱਟੜਾ ਡਮਾਕ ਈ ਚੱਕਿਆ ਰਿਹਾ-ਖਬਰ ਕਾਹਦੀ ਕਰਦੇ ਵੇ ਸਾਧੂ! ਉਹ ਤਾਂ ਪੁੱਤ ਖਾਣੇ ਦੇ ਵਾ-ਵਰੋਲੇ ਮਾਂਗੂੰ ਆ ਪਏ-ਹਾਏ...!"

-"ਕੀ ਗੱਲ ਕੀ ਸੀ ਬਾਈ?" ਸਰਪੰਚ ਨੇ ਬਲੀ ਸਿੰਘ ਤੋਂ ਨਿਰਣਾ ਲੈਣਾ ਚਾਹਿਆ।

-"ਕਾਹਦੀ ਗੱਲ ਐ ਸਾਧੂ-ਆਪਣੇ ਖੇਤੋਂ ਕੋਈ ਓਪਰੇ ਬੰਦੇ ਰੋਟੀ ਖਾ ਗਏ- ਤੇ ਇਹ ਜੋਧ ਨੂੰ ਖਾੜਕੂਆਂ ਦੇ ਪਨਾਂਹ ਦੇਣ ਦੇ ਦੋਸ਼ 'ਚ ਫੜ ਕੇ ਲੈ ਗਏ।" ਬਲੀ ਸਿੰਘ ਨੇ ਅੱਤ ਸੰਖੇਪ ਕਹਿ ਸੁਣਾਇਆ।

-"ਹਲ੍ਹਾ...!" ਸਰਪੰਚ ਸਾਰੀ ਹੀਰ ਸਮਝ ਗਿਆ।

-"ਦੁਨੀਆਂ ਦੋਨੀਂ ਪਾਸੀਂ ਦਰੜੀ ਜਾ ਰਹੀ ਐ-ਉਹਨਾਂ ਪਤੰਦਰਾਂ ਨੂੰ ਰੋਟੀ ਪਾਣੀ ਨਹੀ ਦਿੰਦੇ ਤਾਂ ਮਰਦੇ ਆਂ-ਜੇ ਖੁਆਉਂਦੇ ਆਂ ਪੁਲਸ ਨਹੀਂ ਛੱਡਦੀ-ਕਰੀਏ ਤਾਂ ਕੀ ਕਰੀਏ? ਮੌਜਾਂ ਦੋਨੋਂ ਧਿਰਾਂ ਈ ਮਾਣੀਂ ਜਾਂਦੀਐਂ-ਮਰਦੇ ਐ ਮਹਾਤੜ!"

-"ਦੇਸ਼ ਦਾ ਬਣੂੰ ਪਤਾ ਨਹੀ ਕੀ?"

-"ਜੋ ਲੋਕਾਂ ਨਾਲ ਹੋਊ-ਉਹੀ ਆਪਣੇ ਨਾਲ ਬੀਤੂ।"

-"ਵੇ ਸਾਧੂ-ਆਪਣੇ ਨਾਲ ਤਾਂ ਬੀਤੀ ਜਾਂਦੀ ਐ-ਤੁਸੀਂ ਜਲਦੀ ਕੁਛ ਕਰੋ!" ਕਿਰਪਾਲ ਕੌਰ ਫਿਰ ਕਲਪੀ।

-"ਤੁਸੀਂ ਐਨੇ ਜਾਣੇ ਸੀ-ਕਿਸੇ ਦੇ ਦਿਮਾਗ 'ਚ ਵੀ ਮੇਰੇ ਬਾਰੇ ਖਿਆਲ ਨਾ ਆਇਆ? ਤੁਸੀਂ ਕੀਤੀ ਨੂੰ ਭੇਜ ਕੇ ਈ ਸੁਨੇਹਾਂ ਪਹੁੰਚਾ ਛੱਡਦੇ-ਮੈ ਖੜ੍ਹਾ ਖੜੋਤਾ ਈ ਪਹੁੰਚਦਾ।"

-"ਉਏ ਛੋਟੇ ਭਾਈ! ਸੁਰਤ ਈ ਮਾਰੀ ਗਈ-ਬੱਸ! ਇਉਂ ਧਾੜ ਦੀ ਧਾੜ ਪਈ-ਪੁੱਛ ਨਾ! ਔਸਾਣ ਈ ਮਾਰੇ ਗਏ-ਕੀ ਕਰਦੇ?" ਬਲੀ ਸਿੰਘ ਪਿੱਟਿਆ। ਉਹ ਆਪਣੀ ਥਾਂ ਬਿਲਕੁਲ ਨਿਰਦੋਸ਼ ਸੀ। ਉਸ ਦੀਆਂ ਸੱਚ ਹੀ, ਸੱਤੇ ਹੀ ਮਾਰੀਆਂ ਗਈਆਂ ਸਨ।

-"ਤੁਸੀਂ ਗੱਲ ਨੂੰ ਘੱਟੇ ਨਾ ਪਾਓ-ਕੋਈ ਬਿਧੀ ਸੋਚੋ! ਜਿਹੜਾ ਹੋਣਾਂ ਸੀ ਹੋ ਗਿਆ-ਹਾਏ ਵੇ ਰੱਬਾ....!"

-"ਤੂੰ ਬਾਈ ਤਿਆਰ ਹੋ-ਮੈ ਕੱਪੜੇ ਪਾ ਕੇ-ਦੋ ਬੰਦੇ ਨਾਲ ਲੈ ਕੇ ਆਇਆ-।" ਸਰਪੰਚ ਉਠ ਕੇ ਖੜ੍ਹਾ ਹੋ ਗਿਆ।

-"ਸੱਚ ਬਾਈ! ਕੁਛ ਦੱਸਿਆ ਬਈ ਕਿਹੜੇ ਠਾਣੇ ਲੈ ਕੇ ਗਏ ਐ?" ਸਰਪੰਚ ਨੇ ਕੁਝ ਯਾਦ ਆਉਂਦਿਆਂ ਹੀ ਬਲੀ ਸਿੰਘ ਨੂੰ ਪੁੱਛਿਆ।

-"ਮੈ ਤਾਂ ਇਹ ਵੀ ਪੁੱਛਣਾ ਭੁੱਲ ਗਿਆ-ਸਦਰ ਠਾਣੇ ਈ ਲੈ ਕੇ ਗਏ ਹੋਣਗੇ? ਠਾਣੇਦਾਰ ਆਪਦਾ ਨਾਂ ਗੁਰਪ੍ਰੀਤ ਸਿੰਘ ਗਰੇਵਾਲ ਦੱਸਦਾ ਸੀ।" ਬਲੀ ਸਿੰਘ ਨੇ ਯਾਦ ਕਰ ਕੇ ਦੱਸਿਆ।

-"ਗਰੇਵਾਲ ਤਾਂ ਮੋਗੇ ਸਦਰ ਠਾਣੇ 'ਚ ਈ ਐ....।"

-"ਇਕ ਗੱਲ ਐ ਬਾਈ! ਗਰੇਵਾਲ ਮੂੰਹੋਂ ਹੱਦੋਂ ਵੱਧ ਮਿੱਠਾ ਐ-ਪਰ ਦਿਲ ਦਾ ਨਿਰਾ ਈ ਬੇਈਮਾਨ ਬੰਦਾ-ਇਕ ਗੱਲ ਪੱਲੇ ਬੰਨ੍ਹ ਲਈਂ-ਇਹਦੀਆਂ ਮਿੱਠੀਆਂ ਗੱਲਾਂ 'ਚ ਬਿਲਕੁਲ ਨਹੀ ਆਉਣਾ।" ਸਰਪੰਚ ਨੇ ਸੁਣਾਈ ਕੀਤੀ।

-"ਇਹ ਮੈਂ ਜੋਧ ਨੂੰ ਵੀ ਕੰਨ ਕਰਤੇ ਸੀ।"

-"ਕੁੜ੍ਹੇ ਕੀਤੀ...!"

-"ਹਾਂ ਚਾਚਾ ਜੀ...?"

-"ਅੱਧੇ ਕੁ ਘੰਟੇ ਤੱਕ ਚਾਰ ਬੰਦਿਆਂ ਦੀ ਚਾਹ ਬਣਾ ਕੇ ਰੱਖੀਂ ਕੁੜ੍ਹੇ!"

-"ਅੱਛਾ ਚਾਚਾ ਜੀ!"

ਸਰਪੰਚ ਚਲਾ ਗਿਆ।

## ਕਾਂਡ 2

ਜੋਸ਼ ਦਾ ਤੂਫ਼ਾਨ ਹੀ ਐਨਾ ਹਿੱਲਿਆ ਸੀ ਕਿ ਸਕੂਲਾਂ, ਕਾਲਿਜਾਂ ਵਿਚ ਇਹ ਲਹਿਰ ਕਾਫੀ ਜੋਰ ਫੜ ਗਈ ਸੀ। ਖਾਸ ਤੌਰ 'ਤੇ ਰੋਡੇ ਅਤੇ ਗੁਰੂ ਨਾਨਕ ਕਾਲਜ ਦੇ ਵਿਦਿਆਰਥੀ ਲਹਿਰ ਦੇ ਵੱਧ ਨਜ਼ਦੀਕ ਸਨ। ਡੀ ਐਮ ਕਾਲਜ ਦੇ ਅੱਧਿਓਂ ਵੱਧ ਸਟੂਡੈਂਟਸ, ਸਿੱਖ ਸਟੂਡੈਂਟ ਫ਼ੈਡਰੇਸ਼ਨ ਨਾਲ ਜੁੜ ਚੁੱਕੇ ਸਨ। ਡੀ ਐਮ ਕਾਲਿਜ ਵਿਚ ਕੁਝ ਕੋਮਿਊਨਿਸਟ ਵਿਚਾਰਾਂ ਦੇ ਮੁੰਡੇ ਹੋਣ ਕਰਕੇ ਇੱਥੇ ਜੂਤ-ਪਤਾਣ ਹੁੰਦਾ ਹੀ ਰਹਿੰਦਾ ਸੀ।

ਪ੍ਰਿੰਸੀਪਲ, ਪ੍ਰੋਫੈਸਰ ਅਤੇ ਬਾਕੀ ਅਮਲਾ ਅੱਡ ਦੁਖੀ ਸੀ। ਕੋਈ ਕਿਸੇ ਵਿਦਿਆਰਥੀ ਨੂੰ ਕੁਝ ਵੀ ਕਹਿਣ ਦਾ ਹੀਆਂ ਨਹੀ ਕਰਦਾ ਸੀ। ਕੋਈ ਇਤਬਾਰ ਨਹੀ ਸੀ ਕਿ ਕਿਹੜਾ ਸਟੂਡੈਂਟ ਕਿਹੜੀ ਜੱਥੇਬੰਦੀ ਨਾਲ ਸਬੰਧਿਤ ਹੋ ਸਕਦਾ ਸੀ? ਪ੍ਰੋਫੈਸਰ ਅਤੇ ਵਿਦਿਆਰਥੀ ਹਮੇਸ਼ਾਂ ਘੁੱਟੇ-ਘੁੱਟੇ ਜਿਹੇ ਰਹਿੰਦੇ ਸਨ। ਕਾਲਜ ਦੀ ਕੰਟੀਨ ਅਤੇ ਪਾਰਕ ਵਿਚ ਪਹਿਲਾਂ ਵਾਲੀ ਰੌਣਕ ਨਹੀ ਰਹਿ ਗਈ ਸੀ। ਹਿੰਦੂ-ਸਿੱਖ ਭਾਈਚਾਰੇ ਦਾ ਪਾੜਾ ਵਧਦਾ ਹੀ ਜਾ ਰਿਹਾ ਸੀ। ਜਿਸ ਨੂੰ ਫ਼ਿਰਕੂ ਰੰਗ ਦੇ ਕੇ ਦਿਨੋਂ-ਦਿਨ ਭਿਆਨਕ ਰੂਪ ਦਿੱਤਾ ਜਾ ਰਿਹਾ ਸੀ। ਹਿੰਦੂ ਅਤੇ ਸਿੱਖ ਅਖਬਾਰਾਂ ਦਾ ਆਪਣਾ-ਆਪਣਾ ਸਟੈਂਡ ਲਿਆ ਹੋਇਆ ਸੀ। ਪਬਲੀਸਿਟੀ-ਸਟੰਟ ਲਈ ਹਰ ਕੋਈ ਆਪਣਾ ਮੰਤਵ ਕਾਇਮ ਰੱਖਣਾ ਚਾਹੁੰਦਾ ਸੀ। ਹਰ ਪਾਸੇ ਮਾਰ-ਧਾੜ, ਲੁੱਟ-ਮਾਰ ਦੀਆਂ ਗੱਲਾਂ ਹੀ ਹੋ ਰਹੀਆਂ ਸਨ। ਅਖਬਾਰਾਂ ਦੀਆਂ ਮੁੱਖ-ਸੁਰਖੀਆਂ ਅੱਗ ਉਗਲਦੀਆਂ ਸਨ। ਪੰਜਾਬ ਦਾ ਕੀ ਬਣੇਗਾ? ਹਰ ਇਕ ਅੱਗੇ ਇਹ ਇਕ ਵੱਡਾ ਪ੍ਰਸ਼ਨ ਸੀ, ਮਸਲਾ ਸੀ।

ਗੁਰਪਾਲ ਅਜੇ ਕਿਸੇ ਵੀ ਜੱਥੇਬੰਦੀ ਨਾਲ ਰਲਿਆ ਨਹੀ ਸੀ ਅਤੇ ਨਾ ਹੀ ਉਹ ਰਲਣਾ ਚਾਹੁੰਦਾ ਸੀ। ਚਾਹੇ ਉਹ ਚਿਹਰੇ ਵੱਲੋਂ ਸਾਬਤ-ਸੂਰਤ ਸੀ। ਪਰ ਅੰਮ੍ਰਿਤ ਉਸ ਨੇ ਅਜੇ ਤੱਕ ਨਹੀ ਛਕਿਆ ਸੀ। ਗੁਰਪਾਲ ਇਕ ਨੇਕ ਘਰਾਣੇ ਨਾਲ ਸਬੰਧ ਰੱਖਦਾ ਸੀ। ਮਾਂ-ਬਾਪ ਦਾ ਇਕੱਲਾ-ਇਕੱਲਾ ਪੁੱਤ ਸੀ। ਮਾਈ ਅਤੇ ਬਾਪ ਦੋਨੋਂ ਹੀ ਅੰਮ੍ਰਿਤਧਾਰੀ, ਗੁਰੂ ਦੇ ਲੜ ਲੱਗੇ ਹੋਏ ਸਨ। ਅੱਠੇ ਪਹਿਰ ਰੱਬ ਦਾ ਨਾਂ ਜਪਣ ਵਾਲੇ ਗੁਰਪਾਲ ਦੇ ਮਾਪੇ ਸਰਬੱਤ ਦਾ ਭਲਾ ਲੋੜਦੇ ਸਨ।

ਫ਼ੈਡਰੇਸ਼ਨ ਅਤੇ ਕੋਮਿਊਨਿਸਟ ਵਰਕਰਾਂ ਦੀ ਹੋਈ ਝੜਪ ਕਾਰਨ ਗੁਰਪਾਲ ਤਿੰਨ ਦਿਨ ਤੋਂ ਪਿੰਡ ਨਹੀ ਜਾ ਸਕਿਆ ਸੀ। ਉਹ ਮਨੋਂ-ਤਨੋਂ ਦੋਹਾਂ ਧਿਰਾਂ ਦਾ ਰਾਜ਼ੀਨਾਵਾਂ ਚਾਹੁੰਦਾ ਸੀ। ਪਰ ਸ਼ਰਾਰਤੀ ਅਨਸਰ ਕੋਈ ਪੇਸ਼ ਨਹੀ ਜਾਣ ਦਿੰਦੇ ਸਨ। ਤਮਾਸ਼ਬੀਨ ਜਾਂ ਕਹੋ ਉਂਗਲੀ-ਚੱਟ ਕਿਸੇ ਹਾਲਤ ਵਿਚ ਵੀ ਰਾਜ਼ੀਨਾਵੇਂ ਦੇ ਹੱਕ ਵਿਚ ਨਹੀ ਸਨ। ਦੋਹਾਂ ਧਿਰਾਂ ਦੀ ਦਰਾੜ ਇਕ ਤਰ੍ਹਾਂ ਨਾਲ ਉਹਨਾਂ ਨੂੰ 'ਘੜੰਮ-ਚੌਧਰੀ' ਬਣਾਈ ਬੈਠੀ ਸੀ। ਜੇ ਰਾਜ਼ੀਨਾਵਾਂ ਹੁੰਦਾ ਸੀ ਤਾਂ ਉਹਨਾਂ ਦੀ ਚੌਧਰ ਜਾਂਦੀ ਸੀ। ਚੌਧਰ ਉਹ ਕਿਸੇ ਹਾਲਤ ਵਿਚ ਵੀ ਹੱਥੋਂ ਨਹੀ ਗੁਆਉਣਾ ਚਾਹੁੰਦੇ ਸਨ। ਫ਼ੈਡਰੇਸ਼ਨ ਅਤੇ ਕੋਮਿਊਨਿਸਟ ਵਰਕਰਾਂ ਦੇ ਇਸ ਗੰਭੀਰ ਝਗੜੇ ਪਿੱਛੇ ਇਸੇ ਹੀ ਕਾਲਜ ਦੇ ਮੁੰਡੇ ਰਣਬੀਰ ਸਿੰਘ ਦਾ ਦਿਮਾਗ ਕੰਮ ਕਰਦਾ ਸੀ। ਰਣਬੀਰ ਸਿੰਘ ਪੁਲਸ ਦਾ 'ਦੱਲਾ' ਸੀ। ਕਾਲਜ ਵਿਚ ਸਰਗਰਮ ਹਰ ਵਿਦਿਆਰਥੀ 'ਤੇ ਉਸ ਦੀ ਬਾਜ਼ ਨਜ਼ਰ ਰਹਿੰਦੀ ਸੀ। ਪਿਉ ਨੇ ਸਾਰੀ ਉਮਰ ਪੁਲਸ ਦੀ ਟਾਊਟੀ ਕਰ ਕੇ ਦੱਲਪੁਣਾਂ ਕੀਤਾ ਸੀ ਅਤੇ ਹੁਣ ਉਸ ਦੇ ਪਾਏ ਪੂਰਨਿਆਂ 'ਤੇ ਪੁੱਤ ਰਣਬੀਰ ਚੱਲ ਰਿਹਾ ਸੀ। ਕੋਈ ਮਰੇ ਕੋਈ ਜੀਵੇ-ਸੁਥਰਾ ਘੋਲ ਪਤਾਸੇ ਪੀਵੇ! ਹਰ ਹਾਲਤ ਵਿਚ ਠਾਣੇਦਾਰ ਦਾ ਥਾਪੜਾ ਰਣਬੀਰ ਦੀ ਪਿੱਠ 'ਤੇ ਰਿਹਾ ਸੀ। ਰਣਬੀਰ ਪੁਲਸ ਦਾ ਮੁਖ਼ਬਰ ਸੀ, ਟਾਊਟ ਸੀ। ਪਹਿਲਾਂ-ਪਹਿਲਾਂ ਉਹ ਮੁਖ਼ਬਰੀ ਕਰਨੋਂ ਬਹੁਤ ਡਰਦਾ ਸੀ ਕਿਉਂਕਿ ਮੁਖ਼ਬਰ ਖਾੜਕੂਆਂ ਦੇ ਪੱਕੇ ਦੁਸ਼ਮਣ ਸਨ ਅਤੇ ਜੱਥੇਬੰਦੀ ਵਲੋਂ ਮੁਖ਼ਬਰ ਨੂੰ ਸੋਧਣਾਂ ਪਹਿਲਾ ਕਰਮ ਸੀ। ਕਈ ਪੁਲਸ-ਮੁਖ਼ਬਰ ਖਾੜਕੂਆਂ ਵਲੋਂ ਸੋਧੇ ਵੀ ਜਾ ਚੁੱਕੇ ਸਨ। ਇਕ ਦਿਨ ਹੱਲਾਸ਼ੇਰੀ ਲਈ ਠਾਣੇਦਾਰ ਗੁਰਪ੍ਰੀਤ ਸਿੰਘ ਗਰੇਵਾਲ ਨੇ ਰਣਬੀਰ ਦੇ ਬਾਪੂ ਰਾਹੀਂ ਰਣਬੀਰ ਨੂੰ ਠਾਣੇ ਬੁਲਾਇਆ। ਨੰਬਰਦਾਰ ਝੱਟ ਰਣਬੀਰ ਨੂੰ ਲੈ ਕੇ ਠਾਣੇ ਹਾਜ਼ਰ ਹੋ ਗਿਆ। ਠਾਣੇਦਾਰ ਬੜਾ ਬਾਗੋ-ਬਾਗ ਹੋਇਆ।

-"ਉਏ ਆ ਬਈ ਮੇਰਿਆ ਰਣਬੀਰ ਪੁੱਤਰਾ!" ਉਠ ਕੇ ਠਾਣੇਦਾਰ ਨੇ ਰਣਬੀਰ ਨੂੰ ਬੁੱਕਲ ਵਿਚ ਲੈ ਲਿਆ।

ਸਰਕਾਰੀ ਵਰਦੀ ਨਾਲ ਖਹਿਣ ਕਾਰਨ ਰਣਬੀਰ ਅੰਦਰ ਨਿੱਘ ਭਰ ਗਿਆ। ਉਸ ਅੰਦਰ ਦਲੇਰੀ ਜਾਗ ਪਈ।

-"ਚਲੋ ਨੰਬਰਦਾਰਾ-ਉਪਰ ਚੁਬਾਰੇ 'ਚ ਚੱਲਦੇ ਆਂ!"

ਸਾਰੇ ਚੁਬਾਰੇ ਚੜ੍ਹ ਗਏ।

ਰਣਬੀਰ ਉਡਦਾ, ਪੱਬਾਂ ਭਾਰ ਚੁਬਾਰੇ ਦੀਆਂ ਪੌੜੀਆਂ ਚੜ੍ਹਿਆ ਸੀ। ਠਾਣੇਦਾਰ ਨੇ ਉਸ ਨੂੰ ਬੱਚਿਆਂ ਵਾਂਗ ਬੁੱਕਲ ਵਿਚ ਲਿਆ ਸੀ। ਕੋਈ ਖ਼ੁਸ਼ੀ, ਕੋਈ ਆਨੰਦਮਈ ਅਹਿਸਾਸ ਉਸ ਅੰਦਰ ਕੁਤਕੁਤੀਆਂ ਕੱਢ ਰਿਹਾ ਸੀ।

-"ਹਾਂ ਬਈ ਪੁੱਤਰਾ-ਕੀ ਪੀਏਂਗਾ?"

-"ਨਹੀ ਜੀ-ਕਾਸੇ ਚੀਜ਼ ਦੀ ਜਰੂਰਤ ਨਹੀਂ।"

-"ਨੰਬਰਦਾਰਾ! ਮੁੰਡਾ ਸੰਗਦੈ-ਤੂੰ ਤਾਂ ਕਦੇ ਸੰਗਿਆ ਈ ਨਹੀਂ ਸੀ ਯਾਰ-ਤੇ ਤੇਰਾ ਮੁੰਡਾ...? ਖ਼ੈਰ..! ਸੰਗ ਸਾਨੂੰ ਪੁੱਤਰਾ ਲਾਹੁੰਣੀ ਆਉਂਦੀ ਐ-!" ਠਾਣੇਦਾਰ ਨੇ ਅਲਮਾਰੀ 'ਚੋਂ ਬੋਤਲ ਕੱਢ ਲਈ। ਬੋਤਲ ਦੇਖ ਕੇ ਨੰਬਰਦਾਰ ਦੀਆਂ ਅੱਖਾਂ ਵਿਚ ਚਮਕ ਆ ਗਈ। ਉਸ ਦੀਆਂ ਲਾਲ੍ਹਾਂ ਵਗ ਤੁਰੀਆਂ। ਸ਼ਰਾਬ ਦੇਖ ਕੇ ਤਾਂ ਨੰਬਰਦਾਰ ਹਲਕ ਜਾਂਦਾ ਸੀ। ਬੋਤਲ ਦੇਖ ਕੇ ਉਸ ਨੂੰ ਗਧੇ ਵਾਂਗ ਹੀਂਗਣਾਂ ਛੁੱਟ ਪੈਂਦਾ ਸੀ। ਲੋਕਾਂ ਦੇ ਕਥਨ ਅਨੁਸਾਰ: ਦਾਰੂ ਦਿਖਾ ਕੇ ਤਾਂ ਚਾਹੇ ਨੰਬਰਦਾਰ ਨੂੰ ਨਰਕੀਂ ਲੈ ਜਾਵੋ-ਕਦੇ ਨਾਂਹ ਨਹੀ ਕਰਦਾ!

-"ਬੋਲ ਬਈ ਰਣਬੀਰਿਆ-ਕਿੰਨੀ ਕੁ ਪਾਵਾਂ?" ਮੇਜ਼ 'ਤੇ ਤਿੰਨ ਗਿਲਾਸ ਰੱਖਦਿਆਂ ਠਾਣੇਦਾਰ ਨੇ ਬੋਤਲ ਨੂੰ ਹੱਥ ਪਾ ਲਿਆ।

-"ਨਹੀਂ ਗਰੇਵਾਲ ਸਾਹਿਬ-ਮੈਂ ਨਹੀ ਪੀਣੀ।" ਮੁੰਡਾ ਬਾਪੂ ਦੀ ਸ਼ਰਮ ਮੰਨਦਾ ਸੀ।

-"ਨੰਬਰਦਾਰਾ ਮੁੰਡਾ ਤੈਥੋਂ ਜਕਦੈ-ਤੇ ਨਹੀ ਕਾਲਜੀਏਟ ਗੱਭਰੂ ਨਾ ਪੀਣ? ਇਹ ਹੋ ਈ ਨਹੀ ਸਕਦਾ-ਸੱਚ ਸੱਚ ਦੱਸ ਪੁੱਤਰਾ-ਬਈ ਦਾਰੂ ਕਦੇ ਨਹੀਂ ਪੀਤੀ?"

-"ਨਹੀ ਜੀ ਫੰਕਸ਼ਨ ਫੁੰਕਸ਼ਨ 'ਤੇ ਕਦੇ ਪੀ ਪੂ ਲਈਦੀ ਐ।"

-"'ਤੇ ਅੱਜ ਕੀ ਬਿੱਲੀ ਛਿੱਕ ਗਈ? ਕਹਿ ਖਾਂ ਨੰਬਰਦਾਰਾ ਮੁੰਡੇ ਨੂੰ-ਦਾਰੂ ਤਾਂ ਮੁੰਡਿਆਂ ਨੂੰ ਘਿਉ ਮਾਂਗੂੰ ਲੱਗਦੀ ਐ।"
-"ਪੀ ਕੇ ਖਰੂਦ ਨਾ ਕਰੇ ਜੀ!"
-"ਲੈ ਖਰੂਦ ਨਾ ਕਰੂ-ਹੋਰ ਕੀ ਲੋਕ ਪਾਠ ਕਰਦੇ ਹੁੰਦੇ ਐ? ਇਹਨੂੰ ਪੀ ਕੇ ਪੁੱਤਰਾ ਮਾਣੋਂ-ਖੁਸ਼ੀ ਮਨਾਓ-ਤਾਂ ਇਹਦੇ ਅਰਗਾ ਵਿਟਾਮਿਨ ਕੋਈ ਨਹੀ-ਪੀ ਕੇ ਕਰੋਧੀ ਹੋਵੋ ਤਾਂ ਅੰਦਰ ਸਾੜਦੀ ਐ-ਸੋ ਇਸ ਲਈ ਪੀਓ ਤੇ ਜੀਓ!"
-"ਚੱਲ ਬੀਰਿਆ-ਲੈ ਲਾ ਤੋਲਾ।" ਨੰਬਰਦਾਰ ਨੇ ਹਾਂਮੀ ਭਰ ਦਿੱਤੀ। ਉਸ ਦੇ ਦਿਲ ਵਿਚ ਸੀ ਕਿ ਜੇ ਰਣਬੀਰ ਨਾ ਪੀਊ ਤਾਂ ਮੈਨੂੰ ਕਿੱਥੋਂ ਮਿਲੂ? ਬਿੱਲੀ ਦੇ ਕਰਮਾਂ ਨੂੰ ਮਸਾਂ ਹੀ ਛਿੱਕਾ ਟੁੱਟਿਆ ਸੀ।
ਠਾਣੇਦਾਰ ਨੇ ਤਿੰਨ ਗਿਲਾਸ ਭਰ ਲਏ।
-"ਲੈ ਚੱਕ ਪੁੱਤਰਾ-ਬੋਲ ਵਾਹਿਗੁਰੂ-ਖਾਣ ਪੀਣ ਤੋਂ ਜਕਾਅ ਕਾਹਦਾ? ਭੁੱਖੇ ਮਰਨਾਂ ਮਿਹਣਾਂ-ਖਾਂਦੇ ਪੀਂਦੇ ਸੌ ਆਰੀ ਮਰ ਜਾਈਏ-ਕੋਈ ਰੰਜ ਨਹੀ-ਚੱਕੋ ਫੇਰ!"
ਸਾਰਿਆਂ ਨੇ ਪੈਗ ਖਤਮ ਕਰ ਦਿੱਤੇ।
ਅਲਮਾਰੀ ਵਿਚੋਂ ਠਾਣੇਦਾਰ ਨੇ ਕਾਜੂ ਕੱਢ ਲਏ।
-"ਜੇ ਪੁੱਤਰਾ ਕਹੇਂ ਤਾਂ ਮੁਰਗਾ ਛੁਰਗਾ ਮੰਗਵਾਵਾਂ?" ਠਾਣੇਦਾਰ ਕਾਜੂ ਚੱਬਦਾ ਕਹਿ ਰਿਹਾ ਸੀ।
-"ਨਹੀ ਗਰੇਵਾਲ ਸਾਹਿਬ-ਕੋਈ ਜ਼ਰੂਰਤ ਨਹੀ।" ਰਣਬੀਰ ਅੰਦਰ ਮੀਕਣ ਵਿਸਕੀ ਇਕ ਗਰਮ ਜਿਹੀ ਲੀਕ ਪਾ ਗਈ ਸੀ। ਉਸ ਦਾ ਮਨ ਫੁੱਲ ਵਾਂਗ ਖਿੜ ਗਿਆ। ਹਵਾ ਦਾ ਬੁੱਲਾ ਲੋਰੀਆਂ ਦਿੰਦਾ ਜਾਪਿਆ।
ਬਾਹਰਲੀ ਧੁੱਪ ਸੰਧੂਰੀ ਹੁੰਦੀ ਦਿਸੀ। ਉਸ ਨੂੰ ਕੋਈ ਚਾਅ ਜਿਹਾ ਚੜ੍ਹਦਾ ਜਾ ਰਿਹਾ ਸੀ। ਮਸਤਿਆ ਦਿਲ ਅੰਬਰੀਂ ਤਾਰੀਆਂ ਲਾਉਣ ਲੱਗ ਪਿਆ। ਨਸ਼ੇ ਦੀ ਲੋਰ ਅਤੇ ਠਾਣੇਦਾਰ ਦੀ ਬੁੱਕਲ ਦਾ ਨਿੱਘ ਮਾਣ ਕੇ ਰਣਬੀਰ ਦਾ ਅਸਮਾਨ ਉਡ ਜਾਣ ਲਈ ਦਿਲ ਕਰਦਾ ਸੀ।
ਠਾਣੇਦਾਰ ਨੇ ਫਿਰ ਗਿਲਾਸ ਭਰ ਦਿੱਤੇ।
-"ਨਹੀ ਗਰੇਵਾਲ ਸਾਹਬ-ਹੌਲੀ!" ਨੰਬਰਦਾਰ ਨੇ ਠਾਣੇਦਾਰ ਨੂੰ ਆਖਿਆ।
-"ਨੰਬਰਦਾਰਾ-ਮੈਂ ਮਸਾਂ ਅੱਜ ਆਬਦੇ ਪੁੱਤਰ ਨੂੰ ਮਿਲਿਐਂ-ਤੂੰ ਵਿਚ ਨੰਨਾਂ ਨਾ ਪਾਅ-ਨਾਲੇ ਜੁਆਨ ਮੁੰਡੇ-ਖੁੰਡੇ ਨੂੰ ਦਾਰੂ ਕੀ ਆਖਦੀ ਐ? ਤੂੰ ਤਾਂ ਵਿਚੋਂ ਕਾਟ ਕਰਕੇ ਦਾਰੂ ਦਾ ਨਸ਼ਾ ਈ ਲਾਹਤਾ-ਤੂੰ ਨੰਬਰਦਾਰਾ ਬੁੜ੍ਹਿਆਂ ਆਲੀਆਂ ਗੱਲਾਂ ਨਾ ਕਰਿਆ ਕਰ!" ਠਾਣੇਦਾਰ ਨੇ ਉਹਨਾਂ ਹੱਥ ਗਿਲਾਸ ਥਮਾਉਂਦਿਆਂ ਕਿਹਾ।
ਸਾਰਿਆਂ ਨੇ ਗਿਲਾਸ ਖਾਲੀ ਕਰ ਦਿੱਤੇ।
-"ਹਾਂ ਬਈ ਪੁੱਤਰਾ ਰਣਬੀਰ ਸਿਆਂ-ਕਾਲਜ ਵਿਚ ਕੋਈ ਤਕਲੀਫ਼ ਤਾਂ ਨਹੀਂ? ਕੋਈ ਤੰਗ ਫੰਗ ਤਾਂ ਨਹੀਂ ਕਰਦਾ?" ਗਰੇਵਾਲ ਨੇ ਕਾਜੂਆਂ ਦਾ ਫੱਕਾ ਮਾਰਦਿਆਂ ਮੁੰਡੇ ਦੀ ਰਗ 'ਤੇ ਹੱਥ ਰੱਖ ਲਿਆ।
-"ਜੇ ਕਰੇ ਤਾਂ ਦੱਸ ਦੇਈਂ-ਤੌਣੀਂ ਲਾ ਦਿਆਂਗੇ।"
-"ਨਹੀ ਗਰੇਵਾਲ ਸਾਹਿਬ-ਕੋਈ ਨਹੀਂ।"
-"ਤੂੰ ਯਾਰ ਪੁੱਤਰਾ-ਆਹ ਗਰੇਵਾਲ ਸਾਹਿਬ-ਗਰੇਵਾਲ ਸਾਹਿਬ ਕੀ ਲਾ ਰੱਖੀ ਐ? ਮੈਂ ਨੰਬਰਦਾਰ ਦਾ ਛੋਟਾ ਵੀਰ ਐਂ-ਮੈਨੂੰ ਚਾਚਾ ਆਖਿਆ ਕਰ-ਤੇਰਾ ਪਿਉ ਨੰਬਰਦਾਰ ਮੇਰਾ ਵੱਡਾ ਭਾਈ ਐ-ਤੇ ਤੂੰ ਮੇਰਾ ਭਤੀਜ-ਸੁਣ ਗਿਆ...?"
-"ਹਾਂ ਜੀ ਗਰੇਵਾਲ ਸਾਹਿਬ।"
-"ਫੇਰ ਗਰੇਵਾਲ ਸਾਹਿਬ? ਕੁੱਤਿਆ ਚਾਚਾ ਆਖ!" ਦਾਰੂ ਦੇ ਦੋ ਪੈਗ ਠਾਣੇਦਾਰ ਨੂੰ ਧਤੂਰੇ ਵਾਂਗ ਚੜ੍ਹੇ ਸਨ। ਉਹਨਾਂ ਸਾਹਮਣੇ ਉਹ 'ਬਾਬੂ' ਬਣਿਆਂ ਬੈਠਾ ਸੀ। ਪਰ ਨਿੱਤ ਦਾ ਪਿਆਕੜ ਹੋਣ ਕਾਰਨ ਬਾਹਰੋਂ ਲਾਚੜਿਆ ਉਹ ਆਪਣੇ ਖ਼ਾਸ, ਮੁੱਖ ਮੰਤਵ ਪ੍ਰਤੀ ਸੁਚੇਤ ਸੀ। ਅੰਦਰੋਂ ਹਰ ਤਰ੍ਹਾਂ ਨਾਲ ਸੰਜੀਦਾ ਸੀ।
-"..........।" ਰਣਬੀਰ ਹੱਸ ਕੇ ਚੁੱਪ ਕਰ ਗਿਆ।
ਨੰਬਰਦਾਰ ਗੱਲਾਂ ਸੁਣਦਾ, ਖੁਸ਼ੀ ਵਿਚ ਆਫ਼ਰਿਆ ਬੈਠਾ ਸੀ। ਦਾਰੂ ਦੇ ਨਸ਼ੇ ਵਿਚ, ਕਿਸੇ ਚਾਅ ਵਿਚ ਉਹ ਆਪਣੀ ਕੋਹੜ ਕਿਰਲੇ ਵਰਗੀ ਮੁੱਛ ਨੂੰ ਬਾਣ ਦੀ ਰੱਸੀ ਵਾਂਗ ਵੱਟ ਚਾਹੜੀ ਜਾ ਰਿਹਾ ਸੀ। ਮੁੱਛ ਲੋਹੇ ਦੇ ਸਰੀਏ ਵਾਂਗ ਸਿੱਧੀ ਹੋ ਗਈ ਸੀ।
-"ਇਕ ਗੱਲ ਦੱਸ ਪੁੱਤਰਾ!" ਠਾਣੇਦਾਰ ਮੋੜ ਘੋੜ ਕੇ ਅਸਲੀ ਗੱਲ ਵੱਲ ਨੂੰ ਆਇਆ।
-"ਪੁੱਛੋ ਚਾਚਾ ਜੀ।" ਰਣਬੀਰ ਗੜ੍ਹਕੇ ਨਾਲ ਬੋਲਿਆ।
-"ਹੁਣ ਹਿੱਕ ਠਾਰੀ ਐ ਚਾਚਾ ਆਖ ਕੇ-ਰੀਅਲੀ ਆਈ ਲਾਈਕ ਇਟ-ਟੂ ਬੀ ਵੈਰ੍ਹੀ ਫ਼ਰੈਂਕ-ਆਈ ਲਾਈਕ ਇਟ ਵੈਰ੍ਹੀ ਮੱਚ!" ਉਹ ਹੋਰ ਪੈਗ ਪਾਉਣ ਲੱਗ ਪਿਆ।
-"ਹਾਂ, ਸੋ ਪੁੱਤਰ ਰਣਬੀਰਿਆ! ਮੈਂ ਆਖ ਰਿਹਾ ਸੀ-ਕਿ ਤੇਰੇ ਕਾਲਜ ਵਿਚ ਲਹਿਰ ਕਿੰਨ੍ਹੀ ਕੁ ਵੜ ਚੁੱਕੀ ਐ?" ਠਾਣੇਦਾਰ ਨੇ ਅਸਲ ਸੁਆਲ ਸੁਰੂ ਕੀਤਾ ਤਾਂ ਨੰਬਰਦਾਰ ਨੇ ਗੁੱਝੀ ਕੂਹਣੀਂ ਮਾਰ ਕੇ ਮੁੰਡੇ ਨੂੰ ਖ਼ਬਰਦਾਰ ਹੋ ਜਾਣ ਦਾ ਇਸ਼ਾਰਾ ਕੀਤਾ।
ਮੁੰਡਾ ਖ਼ਾਮੋਸ਼ੀ ਧਾਰ ਗਿਆ।
-"ਜੀ ਇਹਨੂੰ ਲਹਿਰਾਂ ਦਾ ਕੀ ਪਤੈ? ਕੰਜਰ ਦਾ ਊਂਈਂ ਲੂੰਲੈ!" ਇਸ ਪੱਖੋਂ ਉਹ ਆਪਣੇ ਮੁੰਡੇ ਨੂੰ ਪੁਲੀਸ ਤੋਂ ਪਾਸੇ ਹੀ ਰੱਖਣਾ ਚਾਹੁੰਦਾ ਸੀ।
ਚਤਰ ਠਾਣੇਦਾਰ ਝੱਟ ਤਾੜ ਗਿਆ ਕਿ ਨੰਬਰਦਾਰ ਮੁੰਡੇ ਨੂੰ ਚੁੱਪ ਕਰਾਊ ਸੀ। ਉਸ ਨੇ ਨੰਬਰਦਾਰ ਨੂੰ ਮਨ ਅੰਦਰ ਇਕ ਤਕੜੀ ਗਾਲ੍ਹ ਕੱਢ ਮਾਰੀ: ਸਾਲਿਆ ਲੰਡੇ ਢੱਟੇ ਦਿਆ-ਗਧਿਆਂ ਨੂੰ ਪੈਹਣ ਸਿਖਾਉਨੈਂ? ਜੇ ਕਾਂਵਾਂ ਦੇ.....ਹੋਣ ਉਹ ਬਨ੍ਹੇਰੇ ਨਾ ਢਾਹ ਦੇਣ? ਸਾਡੀ ਪੀ ਕੇ ਮੇਰਾ ਸਾਲਾ ਸਾਡੀ ਈ ਅਹੀ-ਤਹੀ ਫੇਰੀ ਜਾਂਦੈ ਕੁੱਤੇ ਦਾ ਬੀਅ! ਕੋਈ ਨਾ ਪੁੱਤ! ਮੇਰਾ ਨਾਂ ਵੀ ਠਾਣੇਦਾਰ ਗਰੇਵਾਲ ਐ-ਜੇ ਨਾ ਤੇਰੀ.....'ਚ ਡੰਡਾ ਦੇ ਕੇ ਕਲੈਹਰੀ ਮੋਰ ਬਣਾਇਆ ਤਾਂ ਸਾਨੂੰ ਪੁਲਸ ਆਲੇ ਕੌਣ ਕਹੂ? ਸਾਰੀ ਦੁਨੀਆਂ ਨੂੰ ਮੇਰਾ ਸਹੁਰਾ ਹਰੜ-ਬੋਕ

ਲੁੱਟ ਕੇ ਖਾ ਗਿਆ। ਹੁਣ ਮੇਰੇ ਸਾਹਮਣੇ ਕੁੜੀ ਚੋਦ ਦੇਵਤਾ ਬਣਿਆਂ ਬੈਠੈ-ਧੀ ਆਬਦੀ ਦਾ ਖਸਮ!
-"ਆ ਜਾਹ ਪੁੱਤ ਰਣਬੀਰਿਆ-ਐਧਰ ਮੇਰੇ ਸਾਹਮਣੇ ਕੁਰਸੀ 'ਤੇ ਆ ਜਾਹ-ਕਾਹਨੂੰ ਐਂਮੇ ਔਖਾ ਜਿਆ ਮੰਜੇ 'ਤੇ ਬੈਠੈਂ? ਨੰਬਰਦਾਰ ਬਾਈ ਨੂੰ ਤਾਂ ਓਕੜੂ ਜਿਆ ਹੋ ਕੇ ਬੈਠਣ ਦੀ ਬਾਣ ਐਂ-ਤੂੰ ਐਧਰ ਆ ਜਾਹ-ਲੈ ਲਾ ਕੁਰਸੀ!"
ਮੁੰਡਾ ਉਠ ਕੇ ਗਰੇਵਾਲ ਦੇ ਸਾਹਮਣੇ ਕੁਰਸੀ 'ਤੇ ਬੈਠ ਗਿਆ। ਸਮਝ ਨੰਬਰਦਾਰ ਵੀ ਗਿਆ ਸੀ। ਉਸ ਨੇ ਵੀ ਅੰਦਰੋਂ ਅੰਦਰੀ ਠਾਣੇਦਾਰ ਨੂੰ ਬੁਰਾ ਭਲਾ ਆਖਣਾ ਸੁਰੂ ਕਰ ਦਿੱਤਾ: ਪੁਲਸ ਆਲੇ ਵੀ ਬੜੇ ਭੈਣ ਆਬਦੀ ਦੇ ਲੱਕੜ ਹੁੰਦੇ ਐ-ਲੈ ਮੁੰਡੇ ਨੂੰ ਬਹਾਨੇ ਨਾਲ ਈ ਕੋਲ ਬਿਠਾ ਲਿਆ-ਕਰਲੈ ਪੁੱਤ ਜਿਹੜੇ ਅਸ਼ਨੇ ਪਸ਼ਨੇ ਕਰਨੇ ਐਂ! ਰਹਿਣਾਂ ਤਾਂ ਰਣਬੀਰ ਨੇ ਆਖਰ ਮੇਰੇ ਘਰੇ ਈ ਐ ਨਾ? ਜੇ ਤੇਰੀ ਇਕ ਲੂੰਬੜ ਚਾਲ ਚੱਲਣ ਦੇਤੀ ਤਾਂ-ਤਾਂ ਕਹੀਂ-ਮੇਰਾ ਨਾਂ ਵੀ ਨੰਬਰਦਾਰ ਚਤਰ ਸਿੰਘ ਐ-ਲੋਕ ਐਵੇਂ ਨਹੀਂ ਮੈਨੂੰ 'ਘੈਂਟ-ਨੰਬਰਦਾਰ' ਆਖਦੇ-ਜਿਹੜੀਆਂ ਸਾਲਿਆ ਬੋਕ ਦਿਆ ਤੇਰੇ ਦਿਲ 'ਚ ਐ-ਮੇਰੇ ਨਹੁੰਆਂ 'ਚ ਐ-ਜਾਤ ਦੀ ਕੋਹੜ ਕਿਰਲੀ ਸ਼ਤੀਰਾਂ ਨੂੰ ਜੱਫੇ!
ਨੰਬਰਦਾਰ ਦਾ ਨਸ਼ਾ ਖੋਟਾ ਹੋ ਗਿਆ ਸੀ।
-"ਕੂੰਗੜੀ ਜੇ ਕਾਹਨੂੰ ਜਾਨੈਂ? ਖੁੱਲ੍ਹ ਕੇ ਬੈਠ!" ਠਾਣੇਦਾਰ ਨੇ ਅਗਲਾ ਪੈੱਗ ਦੋਨਾਂ ਦੇ ਹੱਥ ਵਿਚ ਫੜਾ ਦਿੱਤਾ।
-"ਤੁਸੀਂ ਨਹੀਂ ਪੀਣਾਂ?"
-"ਕਿਉਂ ਨਹੀ ਪੀਣਾਂ? ਏ ਆਹ ਲੈ!"ਠਾਣੇਦਾਰ ਸਮੇਤ ਪੈੱਗ ਸਾਰਿਆਂ ਨੇ ਮੁਕਾ ਦਿੱਤੇ।
ਹੁਣ ਉਹ ਵਾਹਵਾ ਸਰੂਰ ਵਿਚ ਸਨ।
-"ਸੋ ਮਾਈ ਸੰਨ-ਮੈਂ ਲਹਿਰ ਬਾਰੇ ਪੁੱਛ ਰਿਹਾ ਸੀ?"
ਇਸ ਵਾਰ ਨੰਬਰਦਾਰ ਚੁੱਪ ਰਿਹਾ।
ਠਾਣੇਦਾਰ ਦੀਆਂ ਚੁਸਤ ਅੱਖਾਂ ਉਸ ਨੂੰ ਕੋਝੇ ਤੌਰ 'ਤੇ ਤਾੜ ਰਹੀਆਂ ਸਨ। ਹਰ ਹਰਕਤ 'ਤੇ ਨਜ਼ਰ ਸੀ।
-"ਲਹਿਰ ਤੋਂ ਤਾਂ ਜੀ ਅੱਧਾ ਕਾਲਜ ਪ੍ਰਭਾਵਿਤ ਐ!" ਰਣਬੀਰ ਨੇ ਸੱਚ ਦੱਸਿਆ।
-"ਇਹਨਾਂ ਨੂੰ ਹੱਲਾਸ਼ੇਰੀ ਕੌਣ ਦਿੰਦੈ?"
-"ਇਹ ਨਹੀ ਪਤਾ ਜੀ-ਪਰ ਮੁੰਡੇ ਬਾਹਰੋਂ ਆਉਂਦੇ ਐ।"
-"ਮੀਟਿੰਗਾਂ ਬਗੈਰਾ ਕਿੱਥੇ ਕਰਦੇ ਐ?"
-"ਇਹ ਵੀ ਨਹੀਂ ਪਤਾ ਜੀ।"
-"ਪਤਾ ਕਰ-ਇਹਨਾਂ ਦੇ ਵਿਚ ਵੜ-ਕੋਈ ਇਨਾਮੀਂ ਖਾੜਕੂ ਫੜਾ ਦੇ-ਬ੍ਰਾਈ ਗਾਡ ਸਾਰਾ ਇਨਾਮ ਤੇਰਾ-ਪੁਲੀਸ ਦੀ ਨੌਕਰੀ ਵੱਟ 'ਤੇ-ਕਿਸੇ ਕੋਲੇ ਭਾਫ਼ ਨਹੀ ਕੱਢਦੇ-ਮੇਰੇ ਕਹਿਣ ਦਾ ਮਤਲਬ ਸਾਰੀ ਕਾਰਵਾਈ ਗੁਪਤ-ਤੇਰਾ ਨਾਂ ਗੁਪਤ-ਕਿਸੇ ਕੋਲੇ ਚੂੰ ਨਹੀ ਨਿਕਲਦੀ-ਇਹ ਮੇਰਾ ਵਾਅਦਾ-ਕਹੇਂ ਸ੍ਰੀ ਗੁਰੂ ਗਰੰਥ ਸਾਹਿਬ ਮੂਹਰੇ ਸਹੁੰ ਖਾਣ ਲਈ ਤਿਆਰ ਐਂ-ਹੋਰ ਦੱਸ?"
-"ਤੇ ਸਰਦਾਰ ਜੀ-ਗੋਲੀ ਕੀਹਦੀ ਵੱਖੀ ਨੂੰ ਆਊ? ਮੁਖ਼ਬਰਾਂ ਨੂੰ ਤਾਂ ਉਹ ਬੇਹੇ ਕੜਾਹ ਮਾਂਗੂੰ ਲੈਂਦੇ ਐ ਸਾਲੇ-ਹੋਰ ਨਾ ਲਾਲਚ 'ਚ ਆ ਕੇ ਕੋੜਮਾਂ ਈ ਤਬਾਹ ਕਰਾ ਲਈਏ?" ਨੰਬਰਦਾਰ ਨੇ ਡਰ ਦੱਸਿਆ।
-"ਨੰਬਰਦਾਰਾ! ਤੈਨੂੰ ਨਾ ਹੁਣ ਤੱਕ ਕਿਸੇ ਨੇ ਮਾਰਿਆ? ਤੇਰੇ ਜਿੰਨੀ ਮੁਖ਼ਬਰੀ ਕਿਸੇ ਨੇ ਨਹੀ ਕੀਤੀ-ਦੱਸ ਕਦੇ ਸਾਹ ਨਿਕਲਿਐ? ਹਿਫ਼ਾਜ਼ਤ ਦੇ ਨਾਲ ਨਾਲ ਇਨਾਮ ਤੈਨੂੰ ਬਰਾਬਰ ਮਿਲਦੇ ਰਹੇ ਐ-ਜੇ ਹੁਣ ਤੱਕ ਕੋਈ ਭੇਦ ਬਾਹਰ ਨਿਕਲਿਐ ਤਾਂ ਆਖ? ਤੇਰੀ ਸ਼ਿਫ਼ਾਰਸ਼ 'ਤੇ ਬੰਦੇ ਬਥੇਰੇ ਛੱਡੇ ਐ-ਤੇਰੀ ਗੱਲ ਕੋਈ ਭੁੰਜੇ ਪੈਣ ਦਿੱਤੀ ਐ ਤਾਂ ਕਹਿ? ਅੱਧ ਬੋਲ ਤੇਰੇ ਕੰਮ ਹੁੰਦੇ ਰਹਿੰਦੇ ਐ-ਨੰਬਰਦਾਰਾ! ਬਾਈ ਤੇਰੀ ਸਾਗ ਖਾਣ ਆਲੀ ਸੋਚ ਕੰਮ ਕਿਉਂ ਨਹੀ ਕਰਦੀ? ਕਈ ਖਾੜਕੂਆਂ ਦੇ ਤਾਂ ਸਰਕਾਰ ਨੇ ਪੰਜ-ਪੰਜ ਲੱਖ ਤੋਂ ਲੈ ਕੇ ਪੱਚੀ-ਪੱਚੀ ਲੱਖ ਰੁਪਏ ਤੱਕ ਇਨਾਮ ਰੱਖਿਆ ਹੋਇਐ-ਉਹ ਸਾਰੇ ਧਰਤੀ ਜਾਂ ਪਤਾਲ ਵਿਚ ਤਾਂ ਉੱਤਰ ਈ ਨਹੀ ਗਏ-ਸਕੂਲਾਂ ਕਾਲਜਾਂ 'ਚ ਈ ਖੁਰਵੱਢ ਕਰਦੇ ਫਿਰਦੇ ਐ-ਕੋਈ ਪੱਚੀ ਲੱਖੀਆ ਫੜਾ ਦੇਵੇਂ ਸਾਰੀ ਉਮਰ ਬੈਠਾ ਖਾਈਂ-ਨਾ ਕੰਮ ਕਰਨ ਦੀ ਲੋੜ ਨਾ ਪੜ੍ਹਾਈ ਦੀ ਜਰੂਰਤ-ਜੱਟ ਸਾਰੀ ਉਮਰ ਮਿੱਟੀ ਨਾਲ ਮਿੱਟੀ ਹੋਇਆ ਰਹੇ-ਪੱਚੀ ਲੱਖ ਨਹੀ ਜੋੜ ਸਕਦਾ-।"
ਨੰਬਰਦਾਰ ਠਾਣੇਦਾਰ ਦੇ ਬਿਆਨਾਂ ਦਾ ਕਾਇਲ ਹੋ ਗਿਆ। ਉਸ ਨੇ ਨੀਵੀਂ ਸੁੱਟ ਲਈ। ਰਣਬੀਰ ਨੇ ਹੌਂਸਲੇ ਵਿਚ ਗਰਦਨ ਮੋਰ ਵਾਂਗ ਉਸਾਰ ਲਈ। ਠਾਣੇਦਾਰ ਨੇ ਆਪਣੇ ਛੱਡੇ ਹੋਏ ਤੀਰ ਬਿਲਕੁਲ ਨਿਸ਼ਾਨੇ 'ਤੇ ਲੱਗੇ ਵੇਖੇ ਤਾਂ ਉਹ ਹੋਰ ਫ਼ੁਰਤੀ ਫੜ ਗਿਆ।
-"ਡਰੂ, ਢਾਹੂ ਸੋਚ ਵਾਲਾ ਅਤੇ ਵਹਿਮੀ ਇਹਨਾਂ ਤਿੰਨਾਂ 'ਚ ਕੋਈ ਫ਼ਰਕ ਨਹੀ ਹੁੰਦਾ-ਕਹਿਣ ਦਾ ਭਾਵ ਇਹ ਤਿੰਨੇ ਹੀ ਭਵਿੱਖ ਦੇ ਦੁਸ਼ਮਣ ਹੁੰਦੇ ਹਨ ਰਣਬੀਰਿਆ! ਖ਼ੁਦ ਹੀ ਆਪਣੇ ਭਵਿੱਖ ਦੇ ਦੁਸ਼ਮਣ!" ਉਸ ਨੇ ਮੇਜ਼ 'ਤੇ ਮੁੱਕੀ ਮਾਰੀ।
-"ਤੇ ਫਿਰ ਮੇਰੇ ਲਾਇਕ ਸੇਵਾ ਦੱਸੋ ਚਾਚਾ ਜੀ?" ਰਣਬੀਰ ਅੰਦਰੋਂ ਪੂਰੀ ਤਰ੍ਹਾਂ ਸਹਿਮਤ ਹੋ ਗਿਆ ਸੀ। ਪੱਚੀ ਲੱਖ ਦਾ ਨਾਂ ਸੁਣ ਕੇ ਹੁਣ ਨੰਬਰਦਾਰ ਵੀ ਆਪਣੇ ਆਪ ਨੂੰ ਸੁਖ਼ਾਲਾ-ਸੁਖ਼ਾਲਾ ਪ੍ਰਤੀਤ ਕਰਨ ਲੱਗ ਪਿਆ ਸੀ। ਉਹ ਸੋਚ ਰਿਹਾ ਸੀ: ਮੈਂ ਤਾਂ ਇਹਨੂੰ ਐਮੇਂ ਈ ਗਾਲ੍ਹਾਂ ਕੱਢੀ ਗਿਆ? ਇਹ ਤਾਂ ਬੰਦਾ ਈ ਬੜਾ ਕੰਮ ਦਾ ਐ-ਇਹ ਗੱਲ ਵੀ ਸਹੀ ਹੈ ਕਿ ਜਿਹੜਾ ਕੰਮ ਇਹਨੂੰ ਆਖਿਆ-ਅੱਧ ਬੋਲ ਹੀ ਹੁੰਦਾ ਰਿਹਾ। ਮੇਰੇ ਵਿਰੋਧੀਆਂ ਦੀ ਪੂਛ ਇਹਨੇ ਚੁਕਾਈ ਰੱਖੀ-ਨਹੀ ਸ਼ਰੀਕ ਕਿਤੇ ਛੇਤੀ ਕੀਤੇ ਜਿਉਣ ਦਿੰਦੇ ਸੀ? ਸਾਲੇ ਨਿੱਤ ਆਨੇਂ ਕੱਢਦੇ ਸੀ-ਬਾਹਾਂ 'ਚ ਬੰਗਣੇ ਤਾਂ ਇਹਨੇ ਈ ਪਾਏ-ਨਾਲੇ ਪੁਲਸ ਦੇ ਆਸਰੇ ਹੀ ਮੈਂ ਤੀਹ ਏਕੜ ਜਮੀਨ ਬਣਾ ਲਈ-ਨਹੀ ਬਾਪੂ ਆਲੀ ਪੰਜ ਕਿੱਲੇ ਜਮੀਨ ਨਾਲ ਤਾਂ ਝੱਗੇ-ਦੁਵੱਟੇ ਈ ਨਹੀ ਬਣਨੇ ਸੀ-ਹੁਣ ਇਕ ਪਾਈਦੈ ਤੇ ਇਕ ਲਾਹੀਦੈ-ਚੰਗਾ ਖਾਨੇ ਐਂ ਮੰਦਾ ਬੋਲਦੇ ਆਂ-ਖੇਤ ਦੋ ਮੋਟਰਾਂ ਐਂ-ਘਰੇ ਫੋਰਡ ਟਰੈਕਟਰ ਤੇ ਨਵੀਂ ਜੀਪ ਖੜ੍ਹੀ ਐ-ਮੁੰਡੇ ਕੋਲ ਕਾਲਜ ਜਾਣ ਲਈ ਮੋਟਰ ਸਾਈਕਲ ਐ-ਨਹੀ ਲੋਕਾਂ ਦੇ ਮੁੰਡਿਆਂ ਕੋਲੇ ਸਾਲੇ ਟੁੱਟੇ ਜਿਹੇ ਸਾਈਕਲ ਐ-ਬੱਸਾਂ ਦੇ ਕੰਡਕਟਰਾਂ ਨਾਲ ਨਿੱਤ ਕਿਰਾਏ ਤੇ ਪਾਸਾਂ ਪਿੱਛੇ ਜੁੱਤ ਪੌਅ ਕਰਦੇ ਐ-ਤੇ ਸਾਡੇ ਸ਼ੇਰ ਰਣਬੀਰ ਸਿਉਂ ਦਾ ਮੋਟਰ ਸਾਈਕਲ ਜਾਂਦੈ ਕਾਲਜ ਨੂੰ ਸ਼ੇਰ ਮਾਂਗੂੰ ਬੁੱਕਦਾ-ਇਹ ਪੁਲਸ ਦੀ ਰਹਿਮਤ ਨਹੀ ਤਾਂ ਹੋਰ ਕੀ ਐ ਨੰਬਰਦਾਰਾ? ਨੰਬਰਦਾਰੀ ਮਿਲਣ ਤੱਕ ਬੜੇ ਨੰਗ ਭੁੱਖ ਨਾਲ ਘੁਲੇ-ਹੁਣ ਕਿਧਰੇ ਬੱਕਰੇ-ਕਿੱਧਰੇ ਮੁਰਗੇ ਤੇ ਮਾਰ ਫੜਕੇ ਕਿਧਰੇ ਦਾਰੂ ਨਿੱਤ ਉੜਾਈਦੀ ਐ-ਐਸ਼ਾਂ ਕਰਦੇ ਐਂ ਬੁੱਲੇ ਵੱਢਦੇ ਐਂ-ਜੇ ਰਣਬੀਰ ਵਾਕਿਆ ਈ ਕੋਈ ਖਾੜਕੂ ਫੜਾ ਦੇਵੇ-ਇਨਾਮ 'ਚ ਮਿਲੀ

ਰਕਮ ਦਾ ਵਿਆਜ ਈ ਖਾਧਾ ਨਹੀ ਮੁੱਕਣਾ-ਪਰ ਨੰਬਰਦਾਰਾ! ਇਹ ਤਾਂ ਗੱਦਾਰੀ ਐ! ਸਰਾਸਰ ਗੱਦਾਰੀ!! ਖਾੜਕੂਆਂ ਨੇ ਵੀ ਹਥਿਆਰ ਲੋਕ ਭਲਾਈ ਲਈ ਈ ਚੁੱਕੇ ਐ-ਅੱਗੇ ਦਰਗਾਹ 'ਚ ਕੀ ਹਿਸਾਬ ਦੇਵੇਂਗਾ? ਪਰ ਦਰਗਾਹ-ਕਿਹੜੀ ਦਰਗਾਹ? ਅੱਗਾ ਕਦੇ ਕਿਸੇ ਨੇ ਦੇਖਿਐ? ਇਹ ਤਾਂ ਕਰਨ ਦੀਆਂ ਗੱਲਾਂ ਨੇ-ਬੰਦੇ ਨੂੰ ਨਰਕ ਦਾ ਡਰ ਤੇ ਸੁਰਗ ਦਾ ਲਾਲਚ ਦਿੱਤਾ ਹੋਇਐ-ਕਦੇ ਕਿਸੇ ਮਰੇ ਨੇ ਘਰਦਿਆਂ ਨੂੰ ਟੈਲੀਗ੍ਰਾਮ ਦਿੱਤੀ ਐ-ਬਈ ਮੈਂ ਸੁਰਗ 'ਚ ਆਂ ਜਾਂ ਨਰਕ 'ਚ ਆਂ? ਸੁਰਗ ਨਰਕ ਸਭ ਅਫ਼ਵਾਹਾਂ! ਤੂੰ ਆਹ ਜਿੰਦਗੀ ਸੌਖ ਨਾਲ ਹੰਢਾ ਨੰਬਰਦਾਰਾ! ਅੱਗੇ ਆਪੇ ਦੇਖੀ ਜਾਊ-ਹੁਣ ਸਮਾਂ ਐਂ ਗੌਰਮਿੰਟ ਨੂੰ ਲੁੱਟਣ ਦਾ-ਇਹ ਟੈਮ ਵਾਰ ਵਾਰ ਨਹੀ ਆਉਂਦੇ- ਹੱਥ ਰੰਗਣ ਦਾ ਮੌਕਾ ਵਾਰ ਵਾਰ ਹੱਥ ਨਹੀ ਲੱਗਦਾ-ਨੇਕੀ ਨੇ ਕੁਛ ਨਹੀ ਖੋਹਣਾ-ਭੁੱਖਾ ਈ ਮਰੇਂਗਾ-ਗੁਰਦਿਆਲ ਸਿਉਂ ਗਰੰਥੀ ਨੇ ਸਾਰੀ ਉਮਰ ਪੂਜਾ ਪਾਠ 'ਚ ਈ ਲਾਤੀ-ਔਹ ਫਿਰਦੈ ਅੰਨ੍ਹਾਂ ਹੋਇਆ-ਕੋਈ ਬੇਰਾਂ ਵੱਟੇ ਨਹੀ ਪਛਾਣਦਾ-ਕੀੜਿਆਂ ਆਲੇ ਕੁੱਤੇ ਮਾਂਗੂੰ ਕਦੇ ਐਥੇ ਡਿੱਗਦੈ-ਕਦੇ ਔਥੇ ਡਿੱਗਦੈ-ਕੋਈ ਸਹਾਰਾ ਨਹੀ ਦਿੰਦਾ-ਅੱਗੇ ਜਾ ਕੇ ਚਾਹੇ ਸੁਰਗ 'ਚ ਬਹਿਜੇ-ਪਰ ਹੁਣ ਤਾਂ ਜੂਨ ਵੈਰਾਨ ਹੋਈ ਪਈ ਐ ਕਿ ਨਹੀਂ? ਹੁਣ ਤਾਂ ਕਲਯੁੱਗ ਐ ਕਲਯੁੱਗ-ਜਿੰਨੀ ਬੇਈਮਾਨੀ ਕਰੇਂਗਾ ਉਨਾਂ ਈ ਫ਼ਲੇਂਗਾ-ਕਹਿੰਦੇ ਐ ਕਲਯੁੱਗ ਬੇਈਮਾਨ ਬੰਦੇ ਦੀ ਵੱਧ ਚੜ੍ਹ ਕੇ ਮੱਦਦ ਕਰਦੈ-ਉਹਨੂੰ ਵੀ ਤਾਂ ਬੇਈਮਾਨ ਬੰਦਿਆਂ ਦੀ ਸਖ਼ਤ ਜਰੂਰਤ ਐ-ਜੇ ਬੇਈਮਾਨ ਬੰਦੇ ਨਾ ਹੋਣਗੇ ਤਾਂ ਦੁਨੀਆਂ 'ਤੇ ਕਲਯੁੱਗ ਦਾ ਰਾਜ ਕਿਵੇਂ ਰਹੂ? ਇਸ ਲਈ ਨੰਬਰਦਾਰਾ! ਘਰ ਆਈ ਲੱਛਮੀ ਨਹੀ ਮੋੜੀਦੀ-ਪੈਸੇ ਬਿਨਾਂ ਕੋਈ ਬਾਤ ਨਹੀ ਪੁੱਛਦਾ-ਇਸ ਮਾਇਆ ਕੇ ਤੀਨ ਨਾਂਮ-ਪਰਸਾ, ਪਰਸੂ ਤੇ ਪਰਸਰਾਮ! ਪੈਸੇ ਬਿਨਾਂ ਨਾ ਬੰਦੇ ਦੀ ਕਦਰ ਕੋਈ-ਧੱਕੇ ਪੈਂਦੇ ਨੇ ਬਾਰੋ ਬਾਰ ਮੀਆਂ-ਨਾਲੇ ਖਾੜਕੂ ਕਿਹੜਾ ਮੇਰੇ ਮਾਮੇਂ ਦੇ ਪੁੱਤ ਲੱਗਦੇ ਐ? ਜੇ ਦੋ ਚਾਰ ਮਾਰੇ ਵੀ ਜਾਣਗੇ ਤਾਂ ਕੀ ਫ਼ਰਕ ਪੈਂਦੈ? ਹੋਰ ਦੁਨੀਆਂ ਵੀ ਮਰੀ ਜਾਂਦੀ ਐ! ਇਹਨਾਂ ਸਹੁਰਿਆਂ ਨੇ ਵੀ ਜਨਤਾ ਦੇ ਨੱਕ 'ਚ ਦਮ ਕਰ ਰੱਖਿਐ।

ਨੰਬਰਦਾਰ ਦੀ ਸੋਚ ਠਾਣੇਦਾਰ ਦੀ ਗੱਲ ਨਾਲ ਟੁੱਟੀ।

-"ਤੇਰੇ ਲਾਇਕ ਸੇਵਾ ਪੁੱਤਰਾ ਇਹ ਹੈ-।"

-"ਸੇਵਾ ਰਣਬੀਰਿਆ ਤਾਂ ਲਈਂ-ਜੇ ਤਨੋਂ ਮਨੋਂ ਲਾ ਕੇ ਇਮਾਨਦਾਰੀ ਨਾਲ ਨਿਭਾਵੇਂਗਾ।" ਵਿਚੋਂ ਗੱਲ ਕੱਟ ਕੇ ਨੰਬਰਦਾਰ ਨੇ ਬੜੇ ਹੌਸਲੇ ਨਾਲ ਮੁੰਡੇ ਨੂੰ ਆਖਿਆ। ਠਾਣੇਦਾਰ ਨੇ ਨੰਬਰਦਾਰ ਦੀ ਸੱਚੀ ਸਹਿਮਤੀ ਨੂੰ ਤੁਰੰਤ ਜਾਣ ਲਿਆ। ਆਪਣੀਆਂ ਕੀਤੀਆਂ ਦਲੀਲਬਾਜ਼ੀ ਗੱਲਾਂ ਦਾ ਜਾਦੂ ਉਹ ਪ੍ਰਤੱਖ ਦੇਖ ਰਿਹਾ ਸੀ।

-"ਇਮਾਨਦਾਰੀ ਨਾਲ ਨਿਭਾਊਂ ਬਾਪੂ ਜੀ!" ਮੁੰਡਾ ਵੀ ਅੰਦਰੋਂ ਤਾਅ ਫੜ ਗਿਆ ਸੀ।

-"ਸ਼ਾਬਾਸ਼ ਪੁੱਤਰਾ! ਸੇਵਾ ਰਣਬੀਰਿਆ ਇਹ ਐ ਕਿ ਕੋਸ਼ਿਸ਼ ਰੱਖਣੀ ਐਂ ਬਈ ਇਹ ਵਾਹ ਲੱਗਦੀ ਇਕ ਮੁੱਠ ਨਾ ਹੋ ਸਕਣ-ਨੰਬਰ ਦੋ-ਜਿਹੜੇ ਇਹ ਮੋਢੀ ਜਿਹੇ ਬਣੇ ਫਿਰਦੇ ਐ-ਇਹਨਾਂ ਦੇ ਨਾਂ ਤੇ ਪਤੇ ਅਤੇ ਕਮਜ਼ੋਰੀਆਂ ਦੀ ਲਿਸਟ ਬਣਾ ਕੇ ਮੈਨੂੰ ਦੇਹ-ਨੰਬਰ ਤਿੰਨ-ਕੋਈ ਓਪਰਾ ਬੰਦਾ ਕਾਲਜ ਆਵੇ ਮੈਨੂੰ ਤੁਰੰਤ ਖ਼ਬਰ ਕਰ-ਨੰਬਰ ਚਾਰ-ਖ਼ੁਦ ਆਪ ਕਰੋ ਨਾਂ ਇਹਨਾਂ ਦੇ ਲਾਓ-ਇਹਨਾਂ ਨੂੰ ਲੋਕਾਂ 'ਚ ਰੱਜ ਕੇ ਬਦਨਾਮ ਕਰੋ-ਜਦੋਂ ਕੋਈ ਲਹਿਰ ਲੋਕਾਂ 'ਚ ਬਦਨਾਮ ਹੋ ਗਈ-ਸਮਝੋ ਭੋਗ ਪੈ ਗਿਆ, ਗਈ-ਜਿੱਥੋਂ ਨਿਕਲੀ ਸੀ ਸਮਝੋ ਉਥੇ ਈ ਵੜ ਗਈ-!"

-"ਬਿਲਕੁਲ ਦਰੁਸਤ।" ਨੰਬਰਦਾਰ ਬੋਲਿਆ।

-"ਤੇ ਦਰਖ਼ਾਸਤ ਲਿਖ ਕੇ ਦੇਹ-ਰਿਵਾਲਵਰ ਖ਼ਰੀਦ-ਲਾਈਸੰਸ ਤੇਰਾ ਮੈਂ ਬਣਵਾ ਕੇ ਦਿੰਨਾਂ।"

-"ਕਾਹਨੂੰ-ਕੀ ਲੋੜ ਐ।" ਨੰਬਰਦਾਰ ਜਰਕਿਆ।

-"ਨੰਬਰਦਾਰਾ ਬਾਈ-ਤੂੰ ਖਰਚੇ ਦੀ ਪ੍ਰਵਾਹ ਨਾ ਕਰ-ਸਾਰੇ ਘਾਟੇ ਵਾਧੇ ਪੂਰੇ ਹੋ ਜਾਣਗੇ।"

-"ਚਲੋ-ਜਿਵੇਂ ਮਰਜੀ ਐ ਕਰੋ।"

-"ਰਣਬੀਰਿਆ-ਦੇ ਤਾਂ ਮੈਂ ਤੈਨੂੰ ਏ ਕੇ ਸੰਤਾਲੀ ਵੀ ਦੇਵਾਂ-ਅਸਾਲਟ, ਠਾਣੇ 'ਚੋਂ-ਪਰ ਸਿਰ ਹੋਜੇਂਗਾ।"

-"ਕੀ ਲੋੜ ਐ-ਪਸਤੌਲ ਈ ਠੀਕ ਐ।" ਨੰਬਰਦਾਰ ਭੱਜ ਕੇ ਵਿਚ ਹੁੰਦਾ ਸੀ।

-"ਤੂੰ ਅੱਜ ਈ ਦਰਖ਼ਾਸਤ ਦੇਹ-ਅਗਲੇ ਹਫ਼ਤੇ ਮੈਥੋਂ ਰਿਵਾਲਵਰ ਦਾ ਲਾਈਸੰਸ ਲੈ ਲਵੀਂ।"

-"ਠੀਕ ਐ ਜੀ।"

-"ਠੀਕ ਐ ਨਹੀਂ-ਚਾਚਾ ਆਖ ਕੁੱਤਿਆ!"

-"ਠੀਕ ਐ ਚਾਚਾ ਜੀ!"

-"ਹਾਂ...! ਨੰਬਰਦਾਰ ਬਾਈ ਨੇ ਤਾਂ ਸਾਰੀ ਉਮਰ ਬੰਦੂਕ ਪਾ ਮੋਢੇ-ਕੰਨ੍ਹਾਂ ਪਾ ਲਿਆ ਬਲਦ ਆਂਗੂੰ-ਅਸੀਂ ਆਪਦੇ ਪੁੱਤਰ ਨੂੰ ਬੁੱਕਲ ਦਾ ਹਥਿਆਰ ਲੈ ਕੇ ਦੇਵਾਂਗੇ।"

-"ਤੁਸੀਂ ਕਰੋ ਗੱਲਾਂ ਮੈਂ ਪਿਸ਼ਾਬ ਕਰ ਆਵਾਂ...।" ਨੰਬਰਦਾਰ ਉਠਿਆ।

-"ਥੱਲੇ ਈ ਹੋ ਆਈਂ ਬਾਈ-ਉਪਰ ਤਾਂ ਤਾਲਾ ਲੱਗਿਐ।"

-"ਅੱਛੀ ਬਾਤ।" ਨੰਬਰਦਾਰ ਪੱਗ ਸੰਭਾਲਦਾ ਪੌੜੀਏਂ ਉਤਰ ਆਇਆ।

ਸਪੋਲੀਆਂ ਵਾਂਗ ਬਾਹਰ ਝਾਕਦੀਆਂ ਜਟੂਰੀਆਂ ਉਸ ਨੇ ਮਸਾਂ ਹੀ ਉਂਗਲ ਦੇ ਹੋੜੇ ਨਾਲ ਅੰਦਰ ਕੀਤੀਆਂ ਸਨ।

-"ਲੈ ਨੰਬਰਦਾਰ ਤਾਂ ਗਿਆ ਚਲਿਆ-ਤੈਨੂੰ ਮੈਂ ਇਕ ਗੱਲ ਕੰਮ ਦੀ ਦੱਸਦੈਂ-ਜੱਥੇਬੰਦੀਆਂ ਦੇ ਲੈਟਰਪੈਡ ਤੈਨੂੰ ਦਿਊਂਗਾ ਮੈਂ-ਰਿਵਾਲਵਰ ਦੀ ਨੋਕ 'ਤੇ ਮੂੰਹ ਬੰਨ੍ਹ ਕੇ ਕੋਈ ਕਾਲਜੀਏਟ ਕੁੜੀ ਕਰ ਅਗਵਾਹ-ਰਹਿਣ ਦਾ ਪ੍ਰਬੰਧ ਤੈਨੂੰ ਮੈਂ ਕਰਕੇ ਦਿਊਂ-ਨਾਲੇ ਪੈਸੇ ਬਟੋਰ ਤੇ ਨਾਲੇ ਕਰ ਰਾਤਾਂ ਨਿੱਘੀਆਂ-ਲੈਟਰਪੈਡ ਤੇ ਲਿਖ ਕੇ ਜ਼ਿੰਮੇਵਾਰੀ ਤੋਰ ਅਖਬਾਰਾਂ ਨੂੰ-ਖਾੜਕੂ ਬਦਨਾਮ ਤੂੰ ਬਰੀ-ਨਾਲੇ ਕਮਾਂ ਪੈਸੇ ਤੇ ਨਾਲੇ ਲੈ ਗਰਮ ਗੋਸ਼ਤ ਦਾ ਸੁਆਦ-ਜੇ ਚੀਂ-ਚੀਂ ਕਰੇ ਗੋਲੀ ਮਾਰ ਕੇ ਪਰ੍ਹਾਂ ਕਰੀਂ-ਜ਼ਿੰਮੇਵਾਰੀ ਫੇਰ ਖਾੜਕੂਆਂ ਦੇ ਨਾਂ-ਲੁੱਟ ਲੈ ਬਹਾਰ ਜੈਮਲਾ-ਇਕ ਮੋਰੀ ਦੋ ਡਾਕੇ-ਠੀਕ ਐ ਪੁੱਤਰਾ?"

-"ਹਾਂ ਚਾਚਾ ਜੀ।"

-''ਲੈ ਪੈੱਗ ਪੀ।''
-''ਤੂੰ ਪੁੱਤਰਾ ਮੇਰੇ 'ਤੇ ਭਰੋਸਾ ਕਰ-ਮੈਂ ਅਕਸਰ ਤੇਰਾ ਚਾਚਾ ਐਂ-ਤੂੰ ਕੁੜੀ ਬਲਾਤਕਾਰ ਕਰਕੇ ਆ ਜਾਹ ਤੇਰੀ ਹਵਾ ਬੰਨੀ ਕੋਈ ਨਹੀ ਝਾਕੂ-ਬੰਦਾ ਮਾਰ ਕੇ ਆ ਜਾਹ ਤੈਨੂੰ ਤੱਤੀ 'ਵਾ ਨਹੀ ਲੱਗਣ ਦਿੰਦਾ-ਹੋਰ ਦੱਸ ਤੂੰ ਮੈਥੋਂ ਕੀ ਚਾਹੁੰਨੈਂ?''
-''ਥੋਡੀ ਕਿਰਪਾ ਚਾਹੁੰਨੈ ਚਾਚਾ ਜੀ।'' ਰਣਬੀਰ ਗਰੇਵਾਲ ਦੇ ਗੋਡੇ ਘੁੱਟਣ ਲੱਗ ਪਿਆ।
-''ਤੂੰ ਪੁੱਤਰਾ 'ਕੱਲੀ ਕਿਰਪਾ ਦੀ ਗੱਲ ਕਰਦੈਂ? ਮੈਂ ਸਾਰਾ ਈ ਤੇਰੇ ਨਾਲ ਐਂ!''
ਮੁੰਡੇ ਦੇ ਹੌਂਸਲੇ ਨਾਲ ਖੰਭ ਲੱਗ ਗਏ।
ਉਹ ਤਿੱਤਰ ਵਾਂਗ ਉਡਾਰੀ ਮਾਰਨ ਲਈ ਤਿਆਰ ਹੋ ਗਿਆ।
-''ਤੀਮੀਂ ਤੇ ਸ਼ਰਾਬ ਦਾ ਗੁਲਾਮ ਨਾ ਬਣੀ-ਐਸ਼ ਕਰੀਂ ਜਿੰਨੀ ਮਰਜੀ-ਤੀਮੀ ਵਰਤਣ ਨਾਲ ਕੋਈ ਫ਼ਰਕ ਨਹੀਂ ਪੈਂਦਾ-ਸ਼ਰਾਬ ਪੀਣ ਨਾਲ ਕੋਈ ਤਾਜ ਨਹੀਂ ਲਹਿੰਦਾ-ਪਰ ਜਦੋਂ ਇਹ ਦੋ ਚੀਜ਼ਾਂ ਬੰਦੇ ਦੀ ਕਮਜੋਰੀ ਬਣ ਜਾਣ-ਬੰਦਾ ਨਾ ਤਿੰਨਾਂ 'ਚ ਨਾ ਫ਼ਿਰ ਤੇਰ੍ਹਾਂ ਵਿਚ-ਫਿਰ ਬੰਦਾ ਰਹਿ ਜਾਂਦੈ ਸਿਰਫ਼ ਨਿਖੱਟੂ!''
ਹਰ ਗੱਲ ਰਣਬੀਰ ਅੰਦਰ ਬੜੀ ਸਹਿਮਤੀ ਨਾਲ ਘਰ ਕਰ ਰਹੀ ਸੀ।
-''ਇਕ ਗੱਲ ਹੋਰ-'ਕੱਲਾ ਬੰਦਾ 'ਕੱਲਾ ਈ ਹੁੰਦੈ ਤੇ ਦੋ ਹੁੰਦੇ ਐ ਗਿਆਰ੍ਹਾਂ-ਕੋਈ ਦੋ ਚਾਰ ਹੋਰ ਲੋੜਵੰਦ ਲਗਾੜੇ ਆਪਦੇ ਨਾਲ ਰਲਾ ਤੇ ਇਕ ਗਰੋਹ ਖੜ੍ਹਾ ਕਰ-।''
-''ਤੇ ਚਾਚਾ ਜੀ-ਐਨਾਂ ਅਸਲਾ ਕਿੱਥੋਂ ਆਊ?'' ਮੁੰਡੇ ਅੱਗੇ ਇਕ ਪਹਾੜ ਜਿੱਡੀ ਮੁਸੀਬਤ ਆ ਖੜ੍ਹੀ।
-''ਹੈ ਕਮਲਾ-ਮੈਂ ਦੇਖਗਾਂ ਬੈਠਾ-ਅਸਲਾ ਦਿਊਂ ਮੈਂ-ਜਿੰਨਾਂ ਚੱਕ ਸਕੇਂ ਚੱਕ-ਕੋਈ ਤੇਰਾ ਹੱਥ ਨਹੀਂ ਫੜਦਾ-ਜਿੱਥੇ ਕਹੇਂ ਉਥੇ ਪਹੁੰਚਦਾ ਕਰ ਦਿਆਂਗਾ-ਪਰ ਲਹਿਰ ਬਦਨਾਮ ਜਰੂਰ ਹੋਣੀ ਚਾਹੀਦੀ ਐ-ਹਰ ਹਾਲਤ ਵਿਚ-ਬਲਾਤਕਾਰ, ਲੁੱਟਾਂ, ਖੋਹਾਂ, ਕਤਲ ਜੋ ਕਰ ਸਕਦੇ ਹੋ ਕਰੋ-ਬੱਸ! ਐਸੇ ਐਕਸ਼ਨ ਕਰਕੇ ਲਹਿਰ ਨੂੰ ਢਾਹ ਲਾਓ ਕਿ ਲੋਕ ਇਹਨਾਂ ਨੂੰ ਮੂੰਹ ਹੀ ਨਾ ਲਾਉਣ-ਹਰ ਲਹਿਰ ਦੀਆਂ ਜੜ੍ਹਾਂ ਲੋਕ ਮਜ਼ਬੂਤ ਕਰਦੇ ਐ-ਜਦੋਂ ਲੋਕਾਂ ਨੇ ਹੀ ਇਹਨਾਂ ਨੂੰ ਦਿਲੋਂ ਲਾਹ ਦਿੱਤਾ ਤਾਂ ਇਹ ਜੜ੍ਹੋਂ ਉੱਖੜੇ ਈ ਪਏ ਐ-ਤੂੰ ਈ ਦੱਸ ਬਈ ਜੜ੍ਹੋਂ ਉੱਖੜਿਆ ਰੁੱਖ ਕਿੰਨੀ ਕੁ ਦੇਰ ਖੜ੍ਹਾ ਰਹਿ ਸਕਦੈ? ਅਸਲਾ ਲੈ ਜਿੰਨਾ ਮਰਜੀ-ਨਾਲੇ ਜਿਹੋ ਜਿਹਾ ਕਹੇਂ! ਆਪਣੇ ਕੋਲ ਡਰੈਗਨ ਗੰਨਾਂ ਤੋਂ ਲੈ ਕੇ ਰਾਕਟ ਲਾਂਚਰਾਂ ਤੱਕ ਪਏ ਐ-ਕਹੇਂ ਹੈਂਡ ਗਰਨੇਡ ਵੀ ਦੁਆ ਦਿਆਂਗਾ।''
ਰਣਬੀਰ ਦਾ ਹੌਂਸਲਾ ਬਾਰੂਦ ਬਣ ਗਿਆ।
-''ਚਾਚਾ ਜੀ-ਬਾਪੂ ਦੇ ਆਉਣ ਤੋਂ ਪਹਿਲਾਂ ਇਹ ਵੀ ਦੱਸ ਦਿਓ ਕਿ ਐਕਸ਼ਨ ਸ਼ੁਰੂ ਕਿੱਥੋਂ ਕਰੀਏ?'' ਰਣਬੀਰ ਨੇ ਅਜੇ ਗੱਲ ਪੂਰੀ ਹੀ ਕੀਤੀ ਸੀ ਕਿ ਇਕ ਸਿਪਾਹੀ ਬੰਦੂਕ ਸੰਭਾਲਦਾ ਅੰਦਰ ਆ ਗਿਆ।
-''ਸਰਦਾਰ-ਚੜਿੱਕ ਦੀ ਪੰਚਾਇਤ ਆਈ ਐ।''
-''ਭੈਣ ਦੀ .... ਲਵੇ ਪੰਚਾਇਤ ਖੜ੍ਹੀ ਹੋ ਕੇ! ਤੈਨੂੰ ਦਿਸਦਾ ਨਹੀਂ ਕਿ ਕੋਈ ਜਰੂਰੀ ਗੱਲ ਬਾਤ ਚੱਲ ਰਹੀ ਐ? ਉਹਨਾਂ ਨੂੰ ਕਹਿ ਮੀਟਿੰਗ ਚੱਲਦੀ ਐ ਬਾਹਰ ਬੈਠਣ..! ਅਜੇ ਸਵੇਰਿਓਂ ਈ ਬੰਦਾ ਫੜ ਕੇ ਲਿਆਏ ਐਂ-ਕੁੜੀ ਚੋਦ ਝੱਟ 'ਚ ਈ ਆ ਖੜ੍ਹੇ ਹੋਏ-ਇਹਨਾਂ ਦੀ ਕੁੜੀ ਨੂੰ ਕੁੱਕੜ ਯੈਹਣ!'' ਠਾਣੇਦਾਰ ਭੂਸਰੀ ਗਾਂ ਵਾਂਗ ਗਲ ਨੂੰ ਆਇਆ।
-''ਜੀ ਜਨਾਬ।''
ਸਿਪਾਹੀ ਤੁਰ ਗਿਆ।
ਠਾਣੇਦਾਰ ਨੇ ਦੇਖਿਆ ਨੰਬਰਦਾਰ ਪੌੜੀਏਂ ਚੜ੍ਹਦਾ ਆ ਰਿਹਾ ਸੀ। ਉਸ ਨੇ ਗੱਲ ਜਲਦੀ ਮੁਕਾਉਣੀ ਚਾਹੀ।
-''ਮੌਕਾ ਬਚਾ ਕੇ ਐਕਸ਼ਨ ਕਰਨਾ-ਇਹ ਥੋਡਾ ਕੰਮ ਐਂ-ਰਿਪੋਰਟ ਨਾਲ ਦੀ ਨਾਲ ਮੈਨੂੰ ਮਿਲਦੀ ਰਹੇ-ਹਾਂ, ਖਾੜਕੂਆਂ ਦੇ ਨਾਂ ਤੇ ਜਿਮੇਵਾਰੀ ਲੈਣੀ ਉੱਕਾ ਨਹੀ ਭੁੱਲਣੀ-ਮਾਰੋ ਲੁੱਟੋ ਤੇ ਖਾਓ-ਐਸ਼ ਕਰੋ-ਕੁੜੀਆਂ ਵਰਤੋ-ਜੋ ਮਰਜੀ ਐ ਕਰੋ-ਜੋਸ਼ ਨਾਲੋਂ ਹੋਸ਼ ਤੋਂ ਕੰਮ ਜਿਆਦਾ ਲੈਣਾ-ਬੇਵਕੂਫ਼ੀ ਜਾਂ ਅਨਾੜੀਪੁਣਾ ਬਿਲਕੁਲ ਨਹੀ ਵਰਤਣਾ-ਦਿਮਾਗ ਨਾਲ ਸੁਚੇਤ ਹੋ ਕੇ ਡਿਊਟੀ ਨਿਭਾਉਣੀ ਐਂ-ਬੱਸ!''
ਨੰਬਰਦਾਰ ਅੰਦਰ ਆਇਆ।
-''ਐਨਾਂ ਚਿਰ ਲਾਅਤਾ ਨੰਬਰਦਾਰਾ?''
-''ਥੋਡਾ ਸਿਪਾਹੀ ਈ ਨਹੀ ਅੰਦਰੋਂ ਨਿਕਲਣ ਦਾ ਨਾਂ ਲੈਂਦਾ ਸੀ-ਮੈਂ ਤਾਂ ਫਿਰ ਬਾਹਰ ਈ ਮੂਤ ਕੇ ਆ ਗਿਆ।''
ਠਾਣੇਦਾਰ ਹੱਸ ਪਿਆ।
-''ਪਾਇਆ ਨਹੀਂ ਪੈੱਗ ਕੋਈ?''
-''ਅਸੀਂ ਤਾਂ ਪਾ ਲਿਆ-ਤੂੰ ਪਾ ਲੈ।''
-''ਕਿਉਂ ਮੈਂ ਰੰਡੀ ਦਾ ਜਮਾਈ ਐਂ?'' ਗਿਲਾਸ ਕੰਗਣੀ ਤੱਕ ਭਰ ਕੇ ਨੰਬਰਦਾਰ ਨੇ ਹਲਕਿਆਂ ਵਾਂਗ ਅੰਦਰ ਸੁੱਟਿਆ। ਸੰਘੋਂ ਉੱਤਰਦੀ ਦਾਰੂ ਨੇ ਉਸ ਅੰਦਰ ਅੱਗ ਮਚਾ ਦਿੱਤੀ ਸੀ।
-''ਥੋਡੀ ਹੋਈ ਗੱਲ ਖਤਮ ਕਿ ਨਹੀ?''
-''ਬੱਸ ਗੱਲਾਂ ਖਤਮ ਈ ਐ-ਹੋਰ ਕਿਹੜਾ ਅਸੀਂ ਵੇਦ ਲਿਖਣੇ ਐਂ?''
-''ਚਲੋ-ਠੀਕ ਐ।''
-''ਨੰਬਰਦਾਰਾ-ਰਣਬੀਰ ਹੁਣ ਤੇਰਾ ਪੁੱਤ ਘੱਟ ਮੇਰਾ ਵੱਧ ਐ।''
-''ਬਿਲਕੁਲ ਦਰੁਸਤ।''
-''ਜਾਹ ਰਣਬੀਰਿਆ-ਕਚਿਹਰੀਆਂ ਚੋਂ ਦਰਖਾਸਤ ਟਾਈਪ ਕਰਵਾ ਕੇ ਲਿਆ-ਕਾਰਵਾਈ ਸ਼ੁਰੂ ਕਰੀਏ-ਨੰਬਰਦਾਰਾ ਕੱਲ੍ਹ ਨੂੰ ਮੇਰੇ ਕੋਲ ਆਈਂ-ਵਧੀਆ ਜਿਆ ਰਿਵਾਲਵਰ ਦੇਖਾਂਗੇ-ਫੇਰ ਦੇਖੀਂ ਜੁਆਨ ਦੀ ਟਹੁਰ-ਜਿੱਥੇ ਤੁਰਿਆ ਕਰੂ ਪੈੜਾਂ ਕਰੂ-।''

-"ਮੈਂ ਜ਼ਰੂਰ ਪਹੁੰਚੂੰ-ਪਰ ਸਰਦਾਰ ਜੀ ਸਿਰ ਤੇ ਥੋਡਾ ਹੱਥ ਰਹੂ।"
-"ਜ਼ਰੂਰ ਰਹੂ! ਰਹੂ ਕਿਵੇਂ ਨਾਂ? ਜਦੋਂ ਇਕ ਆਰੀ ਮਰਦਾਂ ਦੇ ਬਚਨ ਹੋ ਚੁੱਕੇ ਐ!"
ਉਹਨਾਂ ਰਹਿੰਦੀ ਬੋਤਲ ਖਤਮ ਕਰ ਦਿੱਤੀ ਅਤੇ ਚੁਬਾਰਿਓਂ ਥੱਲੇ ਆ ਗਏ।
ਚੜਿੱਕ ਦੀ ਪੰਚਾਇਤ ਬਾਹਰ ਜੁੜੀ ਬੈਠੀ ਸੀ। ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਹੋ ਰਹੀਆਂ ਸਨ। ਇੱਕ ਹੋਰ ਪੰਚਾਇਤ ਪਰਾਂਹ ਗੇਟ ਕੋਲ ਸੰਤਰੀ ਲਾਗੇ ਘੇਰਾ ਘੱਤੀ ਖੜ੍ਹੀ ਸੀ।
-"ਗੁਰਮੇਲ!"
-"ਜੀ ਹਜ਼ੂਰ?"
-"ਔਹ ਦੂਜੀ ਪੰਚਾਇਤ ਕਿੱਥੋਂ ਦੀ ਐ?"
-"ਇਹ ਡਾਲੇ ਦੀ ਐ ਜਨਾਬ।"
-"ਇਹ ਕੀ ਚਾਹੁੰਦੇ ਐ?"
-"ਹਜ਼ੂਰ ਪਤਾ ਨਹੀ।"
-"ਪਹਿਲਾਂ ਇਹਨਾਂ ਨੂੰ ਬੁਲਾ-ਨਿੱਕੇ ਮੋਟੇ ਤਾਂ ਨਿਬੇੜੀਏ!"
ਸਿਪਾਹੀ ਤੁਰ ਗਿਆ।
-"ਨੰਬਰਦਾਰਾ-ਤੂੰ ਅੰਦਰ ਦਫਤਰ 'ਚ ਬੈਠ।"
ਨੰਬਰਦਾਰ ਅੰਦਰ ਤੁਰ ਗਿਆ।
ਡਾਲੇ ਦੀ ਪੰਚਾਇਤ ਆ ਹਾਜ਼ਰ ਹੋਈ।
-"ਸਾਸਰੀਕਾਲ-ਸਰਦਾਰ ਜੀ!" ਸਾਰੀ ਪੰਚਾਇਤ ਦੇ ਹੀ ਹੱਥ ਜੋੜੇ ਹੋਏ ਸਨ।
-"ਸਾਸਰੀਕਾਲ-ਆਓ ਬਈ ਸਰਦਾਰੋ ਕੀ ਭੀੜ ਪੈ ਗਈ? ਹੁਕਮ ਕਰੋ!" ਠਾਣੇਦਾਰ ਨੇ ਪੁੱਛਿਆ।
-"ਅਸੀਂ ਤਾਂ ਸਰਦਾਰ ਜੀ ਇਕ ਬੇਨਤੀ ਲੈ ਕੇ ਹਾਜਰ ਹੋਏ ਐਂ।" ਇਕ ਬਜ਼ੁਰਗ ਮੈਂਬਰ ਨੇ ਗੱਲ ਸੁਰੂ ਕੀਤੀ।
-"ਦੱਸੋ?"
-"ਸਾਡੇ ਪਿੰਡ ਐ ਜੀ ਇਕ ਮੁੰਡਾ-ਮਾਈ ਬਾਪ! ਧੀ ਭੈਣ ਦੀ ਇੱਜਤ ਨੂੰ ਹੱਥ ਪਾਉਂਦਾ ਜਮਾਂ ਨੀ ਜਰਕਦਾ।"
-"ਐਹੋ ਜੇ ਤੋਂ ਕੀ ਕਰਵਾਉਣੈਂ? ਮਾਰ ਕੇ ਪਰਾਂਹ ਕਰੋ!" ਠਾਣੇਦਾਰ ਨੇ ਤੱਟ ਫੱਟ ਆਖਿਆ।
-"ਜੀ ਮਾਰ ਕਿਮੇਂ ਦੇਈਏ?" ਬਜੁਰਗ ਬਿਲਕੁਲ ਨਿਰੁੱਤਰ ਹੋ ਗਿਆ ਸੀ।
-"ਕਿਉਂ? 'ਕੱਲਾ ਬੰਦਾ ਸਾਰੇ ਪਿੰਡ ਨਾਲੋਂ ਤਕੜੈ? ਧੰਦਾ ਭੁਗਤਾ ਕੇ ਗਾਹ੍ਹਾਂ ਤੋਰੋ-ਸਰਦਾਰੋ ਲੱਤਾਂ ਦੇ ਭੂਤ ਬਾਤਾਂ ਨਾਲ ਨਹੀ ਮੰਨਦੇ-ਹੱਥ ਜੋੜਨ ਨਾਲ ਕੁਛ ਨੀ ਬਣਨਾ।"
-"ਬੰਦਾ ਤਾਂ ਭੁਗਤਾ ਦਿਆਂਗੇ ਸਰਦਾਰ-ਪਰ ਫਾਹੇ ਕੌਣ ਲੱਗੂ?" ਪੰਚਾਇਤ ਵਿਚੋਂ ਇਕ ਗੱਭਰੂ ਬੋਲਿਆ।
ਠਾਣੇਦਾਰ ਨੇ ਉਸ ਨੂੰ ਗਹੁ ਨਾਲ ਤੱਕਿਆ।
-"ਕੀ ਨਾਂ ਐਂ ਤੇਰਾ ਜੁਆਨਾ?"
-"ਜੀ ਮੇਰਾ ਨਾਂ ਘੁਮੰਡ ਸਿੰਘ ਰਾਗਟ ਐ ਜੀ।"
-"ਤੇ ਰਾਕਟ ਸਿਆਂ-ਤੂੰ ਉਥੇ ਨਹੀਂ ਚੱਲਿਆ-ਮਿੱਸ ਮਾਰ ਕੇ ਸਿੱਧਾ ਈ ਮੇਰੇ ਕੋਲ ਆ ਡਿੱਗਿਐਂ?"
ਠਾਣੇਦਾਰ ਸਮੇਤ ਸਾਰੇ ਹੀ ਹੱਸ ਪਏ।

-"ਥੋਨੂੰ ਦੱਸਿਆ ਈ ਐ ਜੀ-ਮਾਰ ਤਾਂ ਮੈ ਦੇਵਾਂ-ਪਰ ਡਰਦੇ ਫਾਹੇ ਤੋਂ ਐਂ।"

-"ਕੀ ਕਰਦਾ ਹੁੰਨੈ?"

-"ਜੀ ਮੇਰੇ ਬਾਪੂ ਦੇ ਟਰੱਕ ਚੱਲਦੇ ਐ।"

ਪੰਚਾਇਤ ਫਿਰ ਹੱਸ ਪਈ।

-"ਐਮੇ ਭਕਾਈ ਮਾਰਦੈ ਸਰਦਾਰ-ਦਿਹਾੜੀ ਦੱਪੇ ਕਰਕੇ ਜੂਨ ਟਪਾਉਂਦੈ।" ਸਰਪੰਚ ਬੋਲਿਆ।

-"ਮਜ੍ਹਬੀਆਂ ਦਾ ਮੁੰਡੈਂ?"

-"ਜੱਦੀ ਖਾਨਦਾਨੀਂ ਸਰਦਾਰ।" ਮੁੰਡਾ ਲਾਚੜ ਗਿਆ।

-"ਪਤੰਦਰ ਮਜ੍ਹਬੀ ਖਾਂਦੇ ਪਤਾ ਨਹੀ ਕੀ ਐ? ਬੰਦਾ ਮਾਰਨ ਨੂੰ ਹਰ ਵਕਤ ਤਿਆਰ ਈ ਰਹਿੰਦੇ ਐ।" ਠਾਣੇਦਾਰ ਅੰਦਰੋਂ ਖੁਸ਼ ਸੀ ਕਿ

ਇਹ ਬੰਦਾ ਰਣਬੀਰ ਨਾਲ ਰਲਾਇਆ ਜਾ ਸਕਦਾ ਹੈ ਅਤੇ ਜਿਸ ਮੁੰਡੇ ਦੇ ਖਿਲਾਫ਼ ਰਿਪੋਰਟ ਲੈ ਕੇ ਇਹ ਠਾਣੇ ਆਏ ਹਨ, ਉਸ ਨੂੰ ਵੀ ਗਰੋਹ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ।

-"ਸਰਦਾਰੋ-ਕੀ ਨਾਂ ਐਂ ਉਸ ਮੁੰਡੇ ਦਾ?"

-"ਬਿੱਕਰ ਸਿੰਘ ਐ ਜੀ।"

-"ਪਿਉ ਦਾ ਨਾਂ?"

-"ਜੀ ਜੁਆਲਾ ਸਿੰਘ।"

-"ਮੁਣਸ਼ੀ ਰਿਪੋਰਟ ਦਰਜ ਕਰੋ-ਹੌਲਦਾਰ ਨੂੰ ਆਖੋ ਕਿ ਉਹਨੂੰ ਅੱਜ ਈ ਗ੍ਰਿਫਤਾਰ ਕਰਕੇ ਲਿਆਂਦਾ ਜਾਵੇ-!"

-"ਜੀ ਜਨਾਬ।"

-"ਠੀਕ ਐ ਸਰਦਾਰੋ? ਕੁੜੀਆਂ ਛੇੜਨੋਂ ਤਾਂ ਉਹਨੂੰ ਅੱਜ ਈ ਹਟਾ ਦਿਆਂਗੇ-ਹੋਰ ਹੁਕਮ ਕਰੋ?"

-"ਬੱਸ ਸਰਦਾਰ ਮਿਹਰਬਾਨੀ-ਸਾਡਾ ਤਾਂ ਸਹੁਰੇ ਨੇ ਜਿਉਣਾ ਈ ਦੁੱਭਰ ਕੀਤਾ ਹੋਇਆ ਸੀ-ਸਹੁਰਾ ਬਾਹਲਾ ਈ ਕੱਬਾ ਐ-ਵੱਢਣ ਨੂੰ ਆਉਂਦੈ।"

-"ਰਾਕਟ ਸਿਆਂ!"

-"ਹਾਂ ਜੀ?"

-"ਤੂੰ ਹੁਣ ਕੀ ਕਰਨੈ?"

-"ਸਰਦਾਰ ਘਰੇ ਘੁੰਡ ਆਲੀ 'ਡੀਕਦੀ ਹੋਊ-ਉਹਨੂੰ ਜਾ ਕੇ ਦਰਸ਼ਣ ਦੇਣੇ ਐਂ।"

ਪੰਚਾਇਤ ਫਿਰ ਹੱਸ ਪਈ।

-"ਸਰਦਾਰ ਜਮਾਂ ਈ ਛੜਾ ਐ-ਕੋਈ ਅੱਗਾ ਪਿੱਛਾ ਨਹੀਂ-ਜਦੋਂ ਜੰਮਿਆਂ-ਜੰਮਣ ਸਾਰ ਤਾਂ ਇਹਨੇ ਬੁੜ੍ਹੀ ਮਾਰੀ-ਪਿਉ ਮਹੀਨੇ ਕੁ ਬਾਅਦ ਚੜ੍ਹਾਈ ਕਰ ਗਿਆ-ਮਾਸੀ ਨੇ ਪਾਲਿਆ-ਉਹ ਵੀ ਵਿਚਾਰੀ ਦੋ ਕੁ ਮਹੀਨੇਂ ਹੋ ਗਏ, ਗੁਜਰਗੀ-ਬੱਸ ਹੁਣ ਇਹ ਈ ਰਹਿੰਦੈ।" ਸਰਪੰਚ ਨੇ ਫਿਰ ਆਖਿਆ।

-"ਰਾਕਟ ਸਿਆਂ ਤੂੰ ਬੈਠ! ਆਪਾਂ ਗੱਲਾਂ ਬਾਤਾਂ ਕਰਾਂਗੇ-ਤੁਸੀਂ ਜਾਓ ਸਰਦਾਰੋ ਬੇਫਿਕਰ ਹੋ ਕੇ-ਥੋਡਾ ਕੰਮ ਹੋ ਗਿਆ।"

-"ਗੁਰਮੀਤ!"

-"ਜੀ ਜਨਾਬ?"

-"ਚੜਿੱਕ ਆਲੀ ਪੰਚਾਇਤ ਨੂੰ ਬੁਲਾ ਤੇ ਮੇਰੇ ਆੜੀ ਰਾਕਟ ਨੂੰ ਚਾਹ ਲਿਆ ਕੇ ਦੇਹ!"

-"ਜੋ ਹੁਕਮ ਸਰਕਾਰ।"

-"ਸਰਦਾਰ ਜੀ ਚਾਹ ਪਿਆ ਕੇ ਕੁੱਟਣ ਨਾ ਡਹਿ ਪਇਉ-ਫੇਰ ਨਾ ਕਿਹੋ ਬਈ ਚਾਹ ਕੱਢ।"

ਸਰਦਾਰ ਹੱਸ ਪਿਆ।

-"ਤੇਰੇ ਵਰਗੇ ਬੰਦਿਆਂ ਦੀ ਮੈਂ ਦਿਲੋਂ ਕਦਰ ਕਰਦੈਂ ਰਾਕਟਾ-ਤੂੰ ਬੇਫਿਕਰ ਹੋ ਕੇ ਬੈਠ-ਜਮਾਂ ਈ ਧੁੜਕੂ ਨਾ ਮੰਨ।"

ਚੜਿੱਕ ਦੀ ਪੰਚਾਇਤ ਹਾਜ਼ਰ ਹੋ ਗਈ।

-"ਆਓ ਸਰਦਾਰੋ ਬੈਠੋ ਕੁਰਸੀਆਂ 'ਤੇ।"

ਸਾਰੇ ਬੈਠ ਗਏ।

-"ਦੱਸੋ-ਸਰਪੰਚ ਸਾਹਿਬ?"

-"ਸਰਦਾਰ ਅਸੀਂ ਬਲੀ ਸਿੰਘ ਦੇ ਲੜਕੇ ਰਣਜੋਧ ਸਿਉਂ ਮਗਰ ਆਏ ਆਂ।"

ਸਾਧੂ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ।

-"ਸਰਪੰਚ ਸਾਹਿਬ-ਬੰਦਾ ਅੱਜ ਸਵੇਰੇ ਈ ਤਾਂ ਲੈ ਕੇ ਆਏ ਆਂ-ਅਜੇ ਕੋਈ ਕਾਰਵਾਈ ਨਹੀਂ ਹੋ ਸਕੀ-ਸਾਡੇ ਕੋਲ ਕਿੰਨੀ ਕੁ ਵਿਹਲ ਐ-ਤੁਸੀਂ ਦੇਖ ਈ ਰਹੇ ਹੋ-ਗੁਰਮੀਤ ਰਣਜੋਧ ਸਿਉਂ ਨੂੰ ਬਾਹਰ ਲਿਆਓ!" ਹੁਕਮ ਹੋਇਆ।

ਹਵਾਲਾਤ 'ਚੋਂ ਕੱਢ ਕੇ ਰਣਜੋਧ ਪੇਸ਼ ਕਰ ਦਿੱਤਾ ਗਿਆ। ਉਹ ਕੁਝ ਡਰਿਆ-ਡਰਿਆ ਜਿਹਾ ਤੱਕ ਰਿਹਾ ਸੀ।

-"ਹਾਂ ਬਈ ਰਣਜੋਧ ਸਿਆਂ-ਸਾਡੇ ਕੋਲੇ ਕੋਈ ਤਕਲੀਫ?" ਠਾਣੇਦਾਰ ਨੇ ਪੁੱਛਿਆ।

-"ਬਿਲਕੁਲ ਕੋਈ ਨਹੀਂ ਜੀ।" ਰਣਜੋਧ ਬੋਲਿਆ।

-"ਲਓ ਸਰਦਾਰੋ-ਬੰਦਾ ਥੋਡੇ ਮੂਹਰੇ ਸਾਬਤਾ ਖੜ੍ਹੈ-ਕਿਸੇ ਨੇ ਬੁਰਾ ਬਚਨ ਵੀ ਬੋਲਿਐ ਤਾਂ ਪੁੱਛ ਲਓ!"

ਸਾਰੀ ਪੰਚਾਇਤ ਦੀ ਸੰਤੁਸ਼ਟੀ ਹੋ ਗਈ।

ਦਿਲ ਥਾਂਵੇਂ ਆ ਗਏ।

-"ਪਰ ਸਰਦਾਰ ਇਹਦਾ ਖਹਿੜਾ ਕਦੋਂ ਛੁੱਟੂ...?" ਸਰਪੰਚ ਨੇ ਪੁੱਛਿਆ।

-"ਜਦੋਂ ਸਰਪੰਚ ਸਾਹਿਬ-ਇਹਦੀ ਇਨਕੁਆਰੀ ਪੂਰੀ ਹੋ ਗਈ-ਇਹਦਾ ਰੱਸਾ ਲਾਹ ਦਿਆਂਗੇ-ਬਿਲਕੁਲ ਬੇਫਿਕਰ ਹੋ ਕੇ ਘਰੇ ਜਾਓ!"

-"ਪਰ ਸਰਦਾਰ ਕਿੰਨੇ ਕੁ ਦਿਨ-?"

-"ਬੱਸ ਇਕ ਦੋ ਦਿਨਾਂ ਦੀ ਤਾਂ ਗੱਲ ਐ।"

ਠਾਣੇਦਾਰ ਤੁਰੰਤ ਉੱਤਰ ਦੇ ਰਿਹਾ ਸੀ।

-"ਪਰ ਸਰਦਾਰ ਦੁਹਾਈ ਐ ਰਾਮ ਦੀ-ਮਾਰ ਕੁੱਟ ਨਾ ਕਰਿਓ-ਵਿਚਾਰਾ ਜਮਾਂ ਈ ਗਊ ਐ।" ਸਰਪੰਚ ਨੇ ਠਾਣੇਦਾਰ ਨੂੰ ਇਕ ਪਾਸੇ ਲਿਜਾ ਕੇ ਆਖਿਆ।

-"ਮੈਂ ਆਖ ਦਿੱਤਾ-ਤੁਸੀਂ ਨਿਸਚਿੰਤ ਰਹੋ!"

ਪੰਚਾਇਤ ਤੁਰ ਗਈ। ਬਲੀ ਸਿੰਘ ਮੁੜ ਮੁੜ ਪਿੱਛੇ ਦੇਖਦਾ ਸੀ। ਦਿਲ ਦਾ ਟੁਕੜਾ ਅੰਦਰ ਜਿਉਂ ਤਾੜਿਆ ਹੋਇਆ ਸੀ। ਉਸ ਅੰਦਰ ਹੌਲ ਜਿਹਾ ਪਿਆ। ਸਿਰ ਨੂੰ ਘੁੰਮੇਰ ਚੜ੍ਹੀ ਤੇ ਉਹ ਵਾਹੋਦਾਹੀ ਭੱਜਦਾ ਪੰਚਾਇਤ ਨਾਲ ਜਾ ਰਲਿਆ। ਉਸ ਦਾ ਮਨ ਵਾਰ ਵਾਰ ਭਰ ਰਿਹਾ ਸੀ। ਅੰਦਰੋਂ ਹਾਉਕਾ ਉਠਦਾ ਸੀ। ਝੱਖੜ ਦੇ ਝੰਬੇ ਦਰੱਖਤ ਵਾਂਗ ਉਹ ਡਿੱਕ ਡੋਲੇ ਖਾ ਰਿਹਾ ਸੀ। ਇੱਕੋ ਇੱਕ ਪੁੱਤ ਦੀ ਸਲਾਮਤੀ ਲਈ ਅਰਦਾਸਾਂ ਕਰ ਰਿਹਾ ਸੀ।

ਦਰਖ਼ਾਸਤ ਟਾਈਪ ਕਰਵਾ ਕੇ ਰਣਬੀਰ ਆ ਗਿਆ। ਦਰਖ਼ਾਸਤ ਪੜ੍ਹ ਕੇ, ਤਸੱਲੀ ਨਾਲ ਠਾਣੇਦਾਰ ਨੇ ਸੰਭਾਲ ਲਈ।

-"ਕੁਛ ਕੰਮ ਦਾ ਬੰਦਾ ਮਿਲਿਐ।"

-"ਕੌਣ ਚਾਚਾ ਜੀ?"

-"ਔਹ ਸਾਹਮਣੇ ਬੈਠਾ ਮੁੰਡਾ ਦੇਖਦੈਂ?" ਠਾਣੇਦਾਰ ਨੇ ਦੂਰ ਬੈਠੇ, ਚਾਹ ਪੀਂਦੇ ਰਾਕਟ ਵੱਲ ਇਸ਼ਾਰਾ ਕਰਦਿਆਂ ਗੱਲ ਜਾਰੀ ਰੱਖੀ।

-"ਮਜ੍ਹਬੀਆਂ ਦਾ ਮੁੰਡਾ ਐ-ਅੱਗਾ ਨਹੀਂ ਪਿੱਛਾ ਨਹੀਂ-ਛੜਾ ਛਟਾਂਕ ਐ-ਸਭ ਤੋਂ ਵੱਡੀ ਗੱਲ ਐ ਬੇਰੁਜਗਾਰ ਐ-ਜੁਆਨ ਗਰਮ ਖ਼ੂਨ ਐਂ-ਕਹਿਣ ਦਾ ਭਾਵ ਲੋਹਾ ਬਿਲਕੁਲ ਗਰਮ ਐਂ-ਬੱਸ ਸੱਟ ਮਾਰਨ ਦੀ ਲੋੜ ਐ-ਮੁੰਡਾ ਬੜਾ ਨਿੱਡਰ ਐ-ਇੱਕੀਆਂ ਦੇ 'ਕੱਤੀ ਪਾਊ।"

-"ਕਿਹੜੇ ਪਿੰਡੋਂ ਐ?"

-"ਡਾਲੇ ਦਾ ਐ-ਆਪ ਘੱਟ ਕਰੋ ਇਹਨਾਂ ਤੋਂ ਜਿਆਦਾ ਕਰਵਾਉ-ਪਿੰਡਾ ਅਗਾਂਹ ਪੁੱਤਾ ਪਿਛਾਂਹ-ਇਕ ਅੱਧਾ ਐਕਸ਼ਨ ਕਰਵਾ ਕੇ ਕਾਣਾ ਕਰ ਲਈਂ-ਫੇਰ ਨਹੀਂ ਨਾਲੋਂ ਹਿੱਲਣ ਜੋਗਾ।"

-"..........।"

-"ਇਹਨੂੰ ਮੋਟਰ ਸਾਈਕਲ ਤੇ ਬਿਠਾ ਕੇ ਨਾਲ ਲੈ ਜਾਹ-ਪਰ ਮੇਰਾ ਵੇਰਵਾ ਨਾ ਪਾਈਂ-ਤੇ ਮਾਰ ਦਿਓ ਮੋਰਚਾ-ਇਹਨੂੰ ਨਾਲ ਰੱਖ ਕੇ ਦੋ ਚਾਰ ਦਿਨ ਸਬਜ਼ ਬਾਗ ਦਿਖਾ-ਕਾਲਜੀਏਟ ਕੁੜੀਆਂ ਦੇ ਦਰਸ਼ਣ ਪੁਆ-ਦਾਰੂ ਮੀਟ ਦੋ ਚਾਰ ਦਿਨ ਖੁੱਲ੍ਹਾ ਵਰਤਾ-ਆਪੇ ਤੇਰੇ ਕੋਲ ਰਿੰਗਦਾ ਆਊ।"

-"ਤੇ ਬਾਪੂ?"

-"ਉਹਨੂੰ ਅਜੇ ਮੈਂ ਏਥੇ ਈ ਰੋਕਦੈਂ-ਇਕ ਬੋਤਲ ਹੋਰ ਖੋਲ੍ਹਦੇ ਐਂ-ਤੂੰ ਇਹਨੂੰ ਲੈ ਕੇ ਜਾਹ ਪੁੱਤਰਾ-ਉਏ ਰਾਕਟ ਸਿਆਂ....!"

-"ਹੋਅ ਜੀ.....?" ਰਾਕਟ ਭੱਜਿਆ ਹੀ ਆਇਆ।

-"ਇਹ ਮੁੰਡਾ ਐ ਰਣਬੀਰ-ਇਹ ਤੈਨੂੰ ਤੇਰੇ ਪਿੰਡ ਲਾਹਦੂ-ਚਾਹ ਪੀ ਲਈ?"

-"ਚਾਹ ਤਾਂ ਸਰਦਾਰ ਜੀ ਪੀ ਲਈ-ਪਰ ਕੋਈ ਕੰਮ ਮੇਰੇ ਤੱਕ?"

-"ਬੱਸ ਤੈਨੂੰ ਚਾਹ ਹੀ ਪਿਆਉਣੀ ਸੀ।"

ਰਾਕਟ ਫ਼ਾਨੇ ਵਾਂਗ ਆਕੜ ਗਿਆ। ਠਾਣੇਦਾਰ ਨੇ ਉਸ ਨੂੰ ਚਾਹ ਪਿਆਈ ਸੀ। ਉਹ ਸਰਦਾਰ ਅੱਗੇ ਗੰਧਾਲੇ ਵਾਂਗ ਗੱਡਿਆ ਖੜ੍ਹਾ ਸੀ।

-"ਰਾਕਟ ਸਿਆਂ-ਕੋਈ ਕੰਮ ਹੋਵੇ ਤਾਂ ਸਿੱਧਾ ਮੇਰੇ ਕੋਲੇ ਪਹੁੰਚੀਂ।"

-"ਹੋਰ ਅਸੀਂ ਗਰੀਬਾਂ ਨੇ ਜਾਣਾ ਵੀ ਕੀਹਦੇ ਕੋਲੇ ਐ ਸਰਦਾਰਾ?"

-"ਚਲੋ ਹੁਣ ਜਾਓ-ਲੈ ਪੁੱਤਰ ਰਣਬੀਰਿਆ ਅੱਜ ਮੇਰੇ ਵੱਲੋਂ ਰਾਕਟ ਸਿਉਂ ਦੀ ਪੂਰੀ ਸੇਵਾ ਕਰੀਂ।"

-"ਠੀਕ ਐ ਚਾਚਾ ਜੀ।"

ਉਹ ਤੁਰ ਗਏ।

ਨੰਬਰਦਾਰ ਨੂੰ ਲੈ ਠਾਣੇਦਾਰ ਫਿਰ ਚੁਬਾਰੇ ਜਾ ਚੜ੍ਹਿਆ।

-"ਰਣਬੀਰਾ ਕਿੱਥੇ ਐ?" ਉਤਰਦੇ ਨਸ਼ੇ ਕਾਰਨ ਨੰਬਰਦਾਰ ਦਾ ਚਿਹਰਾ ਸੱਖਣਾ, ਖਾਲੀ ਖਾਲੀ ਲੱਗਦਾ ਸੀ। ਕੱਚਾ-ਪੱਕਾ, ਦੁਬਿਧਾ ਜਿਹੀ ਵਿਚ ਫ਼ਸਿਆ ਉਹ ਕਾਣੇਂ ਬੋਕ ਵਾਂਗ ਮੂੰਹ ਖੋਲ੍ਹ ਕੇ ਉਬਾਸੀ ਲੈਂਦਾ ਅਤੇ ਪਿੱਛੋਂ ਕੁੱਤੇ ਵਾਂਗ ਚੂਕ ਜਿਹੀ ਕੱਢਦਾ ਸੀ।

-"ਉਹਨੂੰ ਮੈਂ ਤੋਰ ਦਿੱਤਾ।"

-"ਕਿਉਂ?"

-"ਆਪਾਂ ਬੈਠ ਕੇ ਪੀਂਦੇ ਆਂ ਯਾਰ-ਤੂੰ ਅੱਡ ਹੋਣ ਆਲੀਆਂ ਗੱਲਾਂ ਕਿਉਂ ਕਰਦੈਂ ਨੰਬਰਦਾਰਾ ਬਾਈ?" ਠਾਣੇਦਾਰ ਨੇ ਬੋਤਲ ਦਾ ਗਲ ਕੁੱਕੜ ਵਾਂਗ ਮਰੋੜਦਿਆਂ ਕਿਹਾ। ਨੰਬਰਦਾਰ ਚੁੱਪ ਹੋ ਗਿਆ।

-"ਸਾਲੇ ਮੇਰੇ ਤਾਂ ਝੱਗੇ ਲਹਿ ਚੱਲੇ ਸੀ।" ਨੰਬਰਦਾਰ ਨੇ ਹਾਬੜਿਆਂ ਵਾਂਗ ਬੋਤਲ ਵੱਲ ਝਾਕਦਿਆਂ ਆਖਿਆ।

-"ਝੱਗੇ ਬਾਈ ਤੇਰੇ ਲਹਿਣ ਦਿੰਨੇ ਐਂ?"

ਦੋਹਾਂ ਨੇ ਗਿਲਾਸ ਖਾਲੀ ਕਰ ਦਿੱਤੇ।

ਦਿਨ ਛੁਪ ਗਿਆ ਸੀ।

ਉਹ ਬੜੀ ਤੇਜ਼ੀ ਨਾਲ ਪੀ ਰਹੇ ਸਨ।

## ਕਾਂਡ 3

ਅੱਜ ਚੌਥੇ ਦਿਨ ਗੁਰਪਾਲ ਕਾਲਿਜ ਤੋਂ ਘਰ ਜਾ ਰਿਹਾ ਸੀ। ਸਿੱਖ ਸਟੂਡੈਂਟ ਫ਼ੈਡਰੇਸ਼ਨ ਅਤੇ ਕਮਿਊਨਿਸਟ ਵਰਕਰਾਂ ਵਿਚ ਵਧਦਾ ਪਾੜਾ ਅੱਤ ਗੰਭੀਰ ਰੂਪ ਧਾਰਨ ਕਰਦਾ ਜਾ ਰਿਹਾ ਸੀ। ਜਿਸ ਲਈ ਗੁਰਪਾਲ ਅਤੀ ਚਿੰਤਤਸੀ। ਅਜੇ ਤਾਂ ਗੱਲ ਖਹਿਬੜਬਾਜ਼ੀ ਤੱਕ ਹੀ ਸੀਮਤ ਸੀ। ਪਰ ਗੋਲੀ ਕਿਸੇ ਵਕਤ ਵੀ ਚੱਲ ਸਕਦੀ ਸੀ। ਦਸ-ਪੰਦਰਾਂ ਮਾਰੂ ਹਥਿਆਰ ਦੋਨਾਂ ਧਿਰਾਂ ਵੱਲੋਂ ਕਾਲਿਜ ਵਿਚ ਲਿਆਂਦੇ ਜਾ ਚੁੱਕੇ ਸਨ। ਪੁਲੀਸ ਸਾਰੀ ਖ਼ਬਰ ਹੋਣ ਦੇ ਬਾਵਜੂਦ ਤਮਾਸ਼ਬੀਨ ਬਣੀ ਹੋਈ ਸੀ। ਪੁਲੀਸ ਤਾਂ ਇਹ ਹੀ ਚਾਹੁੰਦੀ ਸੀ ਕਿ ਸਿੱਖ ਸਟੂਡੈਂਟ ਫ਼ੈਡਰੇਸ਼ਨ ਅਤੇ ਕਮਿਊਨਿਸਟ ਵਰਕਰਾਂ ਵਿਚਕਾਰ ਡਾਂਗ ਸੋਟਾ ਖੜਕਦਾ ਰਹੇ ਅਤੇ ਸਾਡਾ ਕਾਲਿਜ ਵਿਚ ਆਉਣ ਜਾਣ ਬਣਿਆ ਰਹੇ। ਜਿਹੜਾ ਕੁਝ ਪੁਲੀਸ ਕਰਵਾਉਣਾ ਚਾਹੁੰਦੀ ਸੀ, ਉਹ ਤਾਂ ਵਿਦਿਆਰਥੀ ਸੁੱਖ ਨਾਲ ਖ਼ੁਦ ਆਪ ਹੀ ਕਰ ਰਹੇ ਸਨ। ਪੁਲੀਸ ਨੂੰ ਕੀ ਲੋੜ ਸੀ ਇਹ ਲੜਾਈ ਰੋਕਣ ਦੀ? ਉਹਨਾਂ ਦੇ ਦਿਲ ਦੀ ਗੱਲ ਤਾਂ ਸਟੂਡੈਂਟ ਆਪ ਹੱਲ ਕਰ ਰਹੇ ਸਨ। ਲੜਾਈ ਝਗੜਾ ਹੋਵੇ ਸੁੱਖ ਨਾਲ ਵਾਹਵਾ ਰੌਣਕ ਰਹਿੰਦੀ ਹੈ। ਜੇ ਸ਼ਾਂਤੀ ਹੀ ਵਰਤ ਜਾਵੇ ਤਾਂ ਪੁਲੀਸ ਨੂੰ ਕੌਣ ਪੁੱਛੇ? ਫਿਰ ਪੁਲੀਸ ਤਾਂ ਕੰਨੀਂ ਦੇ ਕਿਆਰੇ ਵਾਂਗ ਸੁੱਕੀ ਹੀ ਰਹਿ ਜਾਵੇ। ਬੇਅਰਥ! ਗੁਰਪਾਲ ਦੇ ਦਿਮਾਗ ਵਿਚ ਸੋਚਾਂ ਦੀਆਂ ਕਈ ਉੱਥਲ ਪੁੱਥਲ ਤੰਦਾਂ ਕੱਤੀਆਂ ਜਾ ਰਹੀਆਂ ਸਨ।

ਗੁਰਪਾਲ ਦਾ ਸਕੂਟਰ ਅਜੇ ਤਲਵੰਡੀ ਦੀ ਪੁਲੀ ਟੱਪਿਆ ਹੀ ਸੀ ਕਿ ਉਜਾੜ ਜਿਹੇ ਬੱਸ ਸਟੈਂਡ ਕੋਲ, ਉਸ ਨੂੰ ਕਿਸੇ ਓਪਰੇ ਜਿਹੇ ਮੁੰਡੇ ਨੇ ਹੱਥ ਦੇ ਕੇ ਰੋਕ ਲਿਆ।

-"ਕਿੱਥੇ ਜਾਣੈਂ ਬਾਈ ਨੇ..?" ਗੁਰਪਾਲ ਨੇ ਉਸ ਨੂੰ ਪੁੱਛਿਆ।

-"ਤੁਸੀਂ ਕਿੱਥੇ ਜਾ ਰਹੇ ਹੋ..?" ਗੱਲਬਾਤ ਕਰਨ ਦੇ ਸਲੀਕੇ ਤੋਂ ਮੁੰਡਾ ਚੰਗਾ ਪੜ੍ਹਿਆ ਲਿਖਿਆ ਜਾਪਦਾ ਸੀ। ਭਰਪੂਰ ਦਾਹੜ੍ਹੇ ਵਾਲਾ ਭਰ ਜੁਆਨ ਮੁੰਡਾ ਪੈਂਟ-ਕੋਟ ਵਿਚ ਸਜਿਆ ਹੋਇਆ ਸੀ। ਪਟਿਆਲਾ-ਸ਼ਾਹੀ ਪੱਗ ਉਸ ਨੇ ਬੜੀ ਜਚਾ ਕੇ ਬੰਨ੍ਹੀ ਹੋਈ ਸੀ। ਨੀਲੀ ਪੱਗ ਹੇਠੋਂ ਕੇਸਰੀ ਫਿਫਟੀ ਜੀਭਾਂ ਕੱਢਦੀ ਸੀ।

-"ਮੈਂ ਚੜਿੱਕ ਜਾ ਰਿਹੈਂ-ਤੇ ਤੁਸੀਂ..?"

-"ਮਿਹਰਬਾਨੀ ਕਰਕੇ ਮੈਨੂੰ ਚੰਦਾਂ ਵਾਲੇ ਪੁਲ ਕੋਲ ਉਤਾਰ ਦੇਣਾ।" ਉਸ ਨੇ ਆਖਿਆ। "ਚੰਦਾਂ ਵਾਲਾ ਪੁਲ" ਸੁਣ ਕੇ ਗੁਰਪਾਲ ਨੇ ਇੱਕ ਦਮ ਉਸ ਦੇ ਸੁਨੱਖੇ ਅਤੇ ਅਡੋਲ ਚਿਹਰੇ ਨੂੰ ਨਿਹਾਰਿਆ। ਕਿਉਂਕਿ "ਚੰਦਾਂ ਵਾਲਾ ਪੁਲ" ਖਾੜਕੂਆਂ ਦਾ ਗੜ੍ਹ ਮੰਨਿਆਂ ਜਾਂਦਾ ਸੀ। ਜਿੱਥੇ ਸ਼ਾਮ ਦੇ ਛੇ ਵਜੇ ਤੋਂ ਸਵੇਰ ਦੇ ਪੰਜ ਵਜੇ ਤੱਕ "ਖ਼ਾੜਕੂ-ਰਾਜ" ਰਹਿੰਦਾ ਸੀ। ਚੰਦਾਂ ਵਾਲੇ ਪੁਲ ਵਿਚ ਤਿੰਨ ਗੋਲ ਮੋੜ ਪੈਂਦੇ ਸਨ। ਦੋਹਾਂ ਪਾਸਿਆਂ ਤੋਂ ਕਾਫ਼ੀ ਚੜ੍ਹਾਈ ਸੀ। ਇਸ ਪੁਲ ਦੇ ਆਸ ਪਾਸ ਹਰੇ ਕਾਨਿਆਂ ਦੀ ਭਰਮਾਰ ਸੀ। ਵੀਹ ਵੀਹ ਏਕੜ ਵਿਚ ਛੁਪਾ ਲਈ ਨਿਰੀ ਜਗ੍ਹਾ ਸੀ। ਦੋਨੇ ਪਾਸੀਂ ਕਾਫ਼ੀ ਦੂਰ ਦੋ ਕੱਚੇ ਪਹੇ ਪੈਂਦੇ ਸਨ। ਖਿਸਕਣ ਦਾ ਵਧੀਆ ਜੁਗਾੜ ਸੀ। ਇਸ ਪੁਲ 'ਤੇ ਹੁਣ ਤੱਕ ਸੈਂਕੜੇ ਖ਼ਾੜਕੂ-ਵਾਰਦਾਤਾਂ ਹੋ ਚੁੱਕੀਆਂ ਸਨ। ਇਹ ਮੋੜਾਂ-ਘੋੜਾਂ ਵਾਲਾ ਪੁਲ ਇਤਨਾ ਤੰਗ ਸੀ ਕਿ ਇੱਕ ਵਾਹਣ ਮੁਸ਼ਕਿਲ ਨਾਲ ਹੀ ਲੰਘ ਸਕਦਾ ਸੀ। ਨਾਲ ਲੱਗਦੇ ਪਿੰਡ ਇਸ ਪੁਲ ਤੋਂ ਤਕਰੀਬਨ ਤਿੰਨ ਕਿਲੋਮੀਟਰ ਦੀ ਵਿੱਥ 'ਤੇ ਹਟਵੇਂ ਸਨ। ਇਕ ਉੱਘੇ ਕਾਮਰੇਡ ਦਾ ਕਤਲ ਵੀ ਖ਼ਾੜਕੂਆਂ ਵੱਲੋਂ ਇਸ ਪੁਲ 'ਤੇ ਹੀ ਕੀਤਾ ਗਿਆ ਸੀ ਅਤੇ ਲਾਸ਼ ਖ਼ਤਾਨਾਂ ਵਿਚ ਸੁੱਟ, ਮਿੱਟੀ ਦਾ ਤੇਲ ਪਾ ਕੇ ਅੱਗ ਲਾ ਦਿੱਤੀ ਸੀ। ਪੁਲੀਸ ਜਾਂ ਸੀ ਆਰ ਪੀ ਤਾਂ ਸ਼ਾਮ ਨੂੰ ਇਸ ਪੁਲ ਵੱਲ ਡਰਦੀ ਮੂੰਹ ਨਹੀ ਕਰਦੀ ਸੀ।

ਜੱਕੋ ਤੱਕੀ ਛੱਡ ਕੇ ਗੁਰਪਾਲ ਨੇ ਮੁੰਡੇ ਨੂੰ ਆਪਣੇ ਸਕੂਟਰ ਪਿੱਛੇ ਬਿਠਾ ਲਿਆ। ਉਸ ਨੇ ਮੁੰਡੇ ਦਾ ਨਾਂ ਅਤੇ ਪਤਾ ਪੁੱਛਣਾ ਚਾਹਿਆ। ਪਰ ਮੁੰਡੇ ਨੇ ਕੋਈ ਖ਼ਾਸ ਲੜ ਨਹੀਂ ਫੜਾਇਆ ਸੀ। ਬੱਸ! ਆਪਣਾ ਨਾਂ ਰੇਸ਼ਮ ਸਿੰਘ "ਬੰਬ" ਦੱਸਿਆ ਸੀ। ਪਿੰਡ ਬਾਰੇ ਪੁੱਛਣ 'ਤੇ ਉਸ ਨੇ ਸਿਰਫ਼ "ਸ੍ਰੀ ਆਨੰਦਪੁਰ ਸਾਹਿਬ" ਆਖ ਕੇ ਸਾਰ ਦਿੱਤਾ ਸੀ। ਗੁਰਪਾਲ ਨੂੰ ਸ਼ੱਕ ਹੀ ਨਹੀਂ ਯਕੀਨ ਹੋ ਗਿਆ ਸੀ ਕਿ "ਬੰਬ" ਵਾਕਿਆ ਹੀ ਖ਼ਾੜਕੂ ਸੀ। ਕਿਉਂਕਿ ਸਾਰੇ ਖ਼ਾੜਕੂ ਆਪਣੇ ਆਪ ਨੂੰ "ਸ੍ਰੀ ਆਨੰਦਪੁਰ ਸਾਹਿਬ" ਦੇ ਵਾਸੀ ਦੱਸਦੇ ਸਨ। ਰੇਸ਼ਮ ਸਿੰਘ ਵਾਰ ਵਾਰ "ਸਤਿਨਾਮ-ਸ੍ਰੀ ਵਾਹਿਗੁਰੂ" ਆਖਦਾ ਸੀ। ਉਸ ਦੇ ਕਰਮ ਆਮ ਵਿਅਕਤੀ ਵਾਲੇ ਨਹੀਂ ਜਾਪਦੇ ਸਨ। ਭਰ ਜੁਆਨੀ ਵਿਚ ਉਸ ਦੀ ਗੁਰੂ ਵਿਚ ਅਥਾਹ ਸ਼ਰਧਾ ਜਾਪਦੀ ਸੀ। ਨਹੀਂ ਤਾਂ ਚੜ੍ਹਦੀ ਉਮਰ ਵਿਚ ਨੌਜਵਾਨ ਇਤਨੇ ਨਸ਼ਿਆਂ ਵਿਚ ਗਰਕ ਚੁੱਕੇ ਸਨ ਕਿ ਉਹਨਾਂ ਨੂੰ ਗੁਰੂ ਦਾ ਨਾਂ ਤਾਂ ਕੀ? ਆਪਣਾ ਆਪ ਦਾ ਨਾਂ ਵੀ ਨਹੀਂ ਯਾਦ ਰਹਿੰਦਾ ਸੀ। ਦਾਹੜੀਆਂ ਦੀ ਮੁਰੱਬੇਬੰਦੀ ਕਰਵਾਉਂਦੇ ਮੁੰਡਿਆਂ ਨੂੰ ਗੁਰੂ ਲਈ ਵਿਹਲ ਕਿੱਥੇ ਸੀ।

ਸੋਚਾਂ ਦੀ ਘੋੜ ਦੌੜ ਵਿਚ ਉਲਝੇ ਗੁਰਪਾਲ ਨੇ ਰੇਸ਼ਮ ਸਿੰਘ "ਬੰਬ" ਨੂੰ ਚੰਦਾਂ ਵਾਲੇ ਪੁਲ ਕੋਲ ਲਿਆ ਉਤਾਰਿਆ।

-"ਬਹੁਤ ਬਹੁਤ ਮਿਹਰਬਾਨੀ ਮੇਰੇ ਦੋਸਤ-ਤੁਹਾਡਾ ਸ਼ੁਭ ਨਾਮ..?"

-"ਗੁਰਪਾਲ ਸਿੰਘ..।"

-"ਅੱਛਾ ਵੀਰ ਗੁਰਪਾਲ-ਗੁਰੂ ਨੇ ਮਿਲਾਇਆ ਤਾਂ ਕਦੇ ਫਿਰ ਮਿਲਾਂਗੇ-ਤੇ ਨਹੀਂ ਰੱਬ ਰਾਖਾ।" ਆਖ ਕੇ ਉਹ ਸੂਏ ਦੀ ਪਟੜੀ ਪੈ ਗਿਆ।

ਸਾਹਮਣਿਓਂ ਮੋਟਰ ਸਾਈਕਲ 'ਤੇ ਆਉਂਦੇ ਰਣਬੀਰ ਨੇ ਉਹਨਾਂ ਨੂੰ ਤਾੜਿਆ! ਪਟੜੀ 'ਤੇ ਤੁਰਿਆ ਜਾ ਰਿਹਾ ਮੁੰਡਾ ਉਸ ਨੂੰ ਬਿਲਕੁਲ ਹੀ ਓਪਰਾ ਲੱਗਿਆ।

ਗੁਰਪਾਲ ਜਾਂਦੇ ਰੇਸ਼ਮ ਨੂੰ ਬੜੀ ਨੀਝ ਨਾਲ ਨਿਹਾਰਦਾ ਰਿਹਾ। ਪਰ ਉਸ ਨੇ ਪਿਛਾਂਹ ਮੁੜ ਕੇ ਨਾ ਤੱਕਿਆ।

ਇਤਨੇ ਨੂੰ ਰਣਬੀਰ "ਘੂੰਅ" ਕਰਕੇ ਗੁਰਪਾਲ ਕੋਲ ਦੀ ਗੁਜ਼ਰ ਗਿਆ। ਪਰ ਗੁਰਪਾਲ ਨੇ ਉਸ ਨੂੰ ਤੱਕਿਆ ਨਹੀ ਸੀ। ਉਹ ਆਪਣੇ ਖ਼ਿਆਲਾਂ ਵਿਚ ਗੁਆਚਿਆ ਹੋਇਆ ਸੀ।
ਗੁਰਪਾਲ ਸ਼ਾਮ ਹੋਈ ਘਰ ਪਹੁੰਚਿਆ।
ਬੇਬੇ ਫ਼ਿਕਰਾਂ ਦੀ ਮੂਰਤ ਬਣੀ ਬੈਠੀ ਸੀ।
-"ਐਨਾਂ ਨ੍ਹੇਰਾ ਕਰਕੇ ਨਾ ਆਇਆ ਕਰ ਪੁੱਤ-ਟੈਮ ਮਾੜੇ ਆ ਗਏ।"
-"ਬੱਸ ਬੇਬੇ ਐਮੇਂ ਚਿਰ ਲੱਗ ਗਿਆ।" ਰੇਸ਼ਮ ਸਿੰਘ ਵਾਲੀ ਗੱਲ ਮੁੰਡਾ ਮਾਂ ਕੋਲੋਂ ਲਕੋ ਗਿਆ।
-"ਐਨੇ ਦਿਨ ਰਿਹਾ ਕਿੱਥੇ?"
-"ਬੇਬੇ ਕਾਲਜ 'ਚ ਮੁੰਡਿਆਂ ਦੀ ਲੜਾਈ ਜਿਹੀ ਹੋ ਗਈ ਸੀ।"
-"ਤੂੰ ਤਾਂ ਵਿਚ ਨੀ ਸੀ?" ਬੇਬੇ ਨੂੰ ਹੋਰ ਫ਼ਿਕਰ ਖੜ੍ਹਾ ਹੋ ਗਿਆ।
-"ਨਹੀ ਬੇਬੇ।"
-"ਹੋਰ ਸ਼ੇਰਾ ਕੀ ਲੈਣੈਂ ਲੜਾਈਆਂ ਭੜ੍ਹਾਈਆਂ ਤੋਂ? ਇਹਨਾਂ ਤੋਂ ਤਾਂ ਰੱਬ ਬਖ਼ਸ਼ੀ ਰੱਖੇ।"
ਸਕੂਟਰ ਅੰਦਰ ਖੜ੍ਹਾ ਕਰਕੇ ਗੁਰਪਾਲ ਨੇ ਕੱਪੜੇ ਬਦਲ ਲਏ। ਪੱਗ ਲਾਹ ਕੇ ਪਰਨਾਂ ਬੰਨ੍ਹ ਲਿਆ।
-"ਅੱਜ ਪੁਲਸ 'ਕਾਲੀਆਂ ਦੇ ਮੁੰਡੇ ਨੂੰ ਚੁੱਕ ਕੇ ਲੈ ਗਈ।" ਦੁੱਧ ਦਾ ਗਿਲਾਸ ਫੜਾਉਂਦੀ ਬੇਬੇ ਗੁਰਪਾਲ ਨੂੰ ਕਹਿ ਰਹੀ ਸੀ।
-"ਕਿਹੜੇ ਅਕਾਲੀਆਂ ਦੇ?"
-"ਬਲੀ ਸਿਉਂ ਕੇ ਮੁੰਡੇ ਨੂੰ।"
-"ਜੋਧ ਨੂੰ ਬੇਬੇ?"
-"ਆਹੋ।"
-"ਕਾਹਤੋਂ?"
-"ਅਸਲ ਗੱਲ ਦਾ ਤਾਂ ਪਤਾ ਨਹੀਂ-ਕਹਿੰਦੇ ਇਹਨੇ ਖੇਤ ਖਾੜਕੂਆਂ ਨੂੰ ਪਨਾਂਹ ਦਿੱਤੀ ਐ-ਉਹਦੀ ਮਾਂ ਦਾ ਤਾਂ ਪਾਲ ਬਾਹਲਾ ਈ ਬੁਰਾ ਹਾਲ ਐ-ਸਵੇਰ ਦੀਆਂ ਦੰਦਲਾਂ ਈ ਨਹੀ ਪੈਣੋਂ ਹੱਟਦੀਆਂ-ਕੀ ਕਰੇ ਭਾਈ ਵਿਚਾਰੀ-'ਕੱਲਾ 'ਕੱਲਾ ਪੁੱਤ ਐ-ਕੋਈ ਦੋਸ਼ ਨਹੀਂ ਵਿਚਾਰੀ ਨੂੰ।"
-"ਪੁਲੀਸ ਕੋਲ ਹੋਰ ਕੋਈ ਪੁਆਇੰਟ ਹੋਵੇ ਚਾਹੇ ਨਾ ਹੋਵੇ-ਬੱਸ ਇੱਕ ਨੁਕਤਾ ਬੜਾ ਵਧੀਆ ਹੱਥ ਆਇਐ-ਜੇ ਕਿਸੇ ਨੂੰ ਫੜਨ ਲਈ ਬਹਾਨਾਂ ਨਾ ਮਿਲੇ ਤਾਂ ਆਖ ਦਿਓ ਇਹਨੇ ਖਾੜਕੂਆਂ ਨੂੰ ਪਨਾਂਹ ਦਿੱਤੀ ਐ-ਕਿਹੜਾ ਕਿਸੇ ਨੇ ਪੁੱਛਣੈਂ? ਅੰਨ੍ਹੀ ਪੀਂਹਦੀ ਐ ਕੁੱਤੇ ਚੱਟਦੇ ਐ।" ਗੁਰਪਾਲ ਦਾ ਬਲਕਾਰੀ ਜੋਸ਼ ਸ਼ੇਰ ਵਾਂਗ ਭਵਕਣ ਲੱਗ ਪਿਆ।
-"ਮਗਰ ਨਹੀਂ ਗਿਆ ਕੋਈ?"
-"ਗਏ ਵੇ ਐ-ਤੇਰਾ ਪਿਉ ਵੀ ਨਾਲ ਈ ਗਿਐ-ਪਰ ਅਜੇ ਤੱਕ ਕੋਈ ਨਹੀ ਬਹੁੜਿਆ-ਰੱਬ ਸੁੱਖ ਰੱਖੇ-ਭਾਈ ਖੇੜੇ ਸੁੱਖ ਤਾਂ ਵਿਹੜੇ-ਵਿਹੜੇ ਸੁੱਖ ਤਾਂ ਘਰ-ਨਾਲੇ ਜੋਧ ਤਾਂ ਵਿਚਾਰਾ ਊਂਈ ਦਰਵੇਸ਼ ਮੁੰਡਾ ਐ-ਕਦੇ ਉਨੀ ਇੱਕੀ ਨਹੀ ਸੁਣੀ ਬੱਤੀ ਸੁਲੱਖਣੇ ਦੀ-ਪਤਾ ਨਹੀ ਕਿਹੜੇ ਦੁਸ਼ਟ ਨੇ ਚੁਗਲੀ ਕੀਤੀ ਹੋਊ?"
-"ਮੁੰਡੇ ਐਮੇਂ ਨਹੀ ਖ਼ਾੜਕੂ ਬਣਦੇ ਬੇਬੇ।"
-"ਪੁੱਤ ਚੁੱਪ ਈ ਭਲੀ ਐ।"
-"ਜੇ ਕੁੱਟ ਕੇ ਨਿਕਾਰਾ ਕੀਤਾ ਬੇਕਸੂਰ ਮੁੰਡਾ ਹਥਿਆਰ ਨਾ ਚੱਕੂ ਤਾਂ ਹੋਰ ਕੀ ਕਰੂ ਬੇਬੇ?"
-"ਤੈਨੂੰ ਆਖਤਾ ਚੁੱਪ ਈ ਭਲੀ ਐ ਸ਼ੇਰਾ।"
-"ਇਉਂ ਕਿੰਨਾਂ ਕੁ ਚਿਰ ਚੁੱਪ ਚੱਲੂ ਬੇਬੇ? ਇਹ ਤਾਂ ਘਰੀਂ ਬੈਠਿਆਂ ਨੂੰ ਵੀ ਜਿਉਣ ਨਹੀ ਦਿੰਦੇ।"
-"ਬੰਦਾ ਉਹਨਾਂ ਨੂੰ ਨਿਓਂਦਾ ਪਾ ਕੇ ਤਾਂ ਰੋਟੀ ਪਾਣੀ ਖੁਆਉਂਦਾ ਈ ਨਹੀਂ-ਮਰਦਾ ਅੱਕ ਚੱਬਦੈ-ਜੇ ਨਹੀ ਖੁਆਉਂਦਾ ਤਾਂ ਗੋਲੀ ਆਉਂਦੀ ਐ-ਤੇ ਪੁਲਸ ਅਸਲੀਅਤ ਸਮਝਣ ਦੀ ਵਜਾਏ ਲੋਕਾਂ ਨੂੰ ਕੁੱਟ ਕੁੱਟ ਮਾਰੀ ਜਾਂਦੀ ਐ-ਇਸ ਦੁਵੱਲੀ ਮਾਰ ਤੋਂ ਲੋਕ ਅੱਕੇ ਪਏ ਐ-ਪੁਲਸ ਤੋਂ ਡਰਦੇ ਮੁੰਡੇ ਘਰੋਂ ਭਗੌੜ੍ਹੇ ਹੋ ਕੇ ਧੜਾ ਧੜ ਖਾੜਕੂ ਬਣੀ ਜਾਂਦੇ ਐ-ਪੁਲਸ ਦੇ ਤਾਂ ਦੋਹੀਂ ਹੱਥੀਂ ਲੱਡੂ ਐ-ਜਿੰਨੇ ਜ਼ਿਆਦਾ ਖਾੜਕੂ ਬਣਨਗੇ-ਓਨੀਆਂ ਹੀ ਜਿਆਦਾ ਇਹ ਤਰੱਕੀਆਂ ਲੈਣਗੇ ਤੇ ਦੋ ਨੰਬਰ ਦਾ ਪੈਸਾ ਬਣਾਉਣਗੇ।"
-"ਪੁੱਤ ਜੀਹਦੀਆਂ ਅੱਖਾਂ ਦੁਖਣਗੀਆਂ ਆਪੇ ਪੱਟੀ ਬੰਨ੍ਹੂੰ-ਤੂੰ ਨਾ ਕੋਈ ਉਧ-ਮੂਲ ਖੜ੍ਹਾ ਕਰ ਲਈਂ।" ਬੇਬੇ ਆਪਦੇ ਪਾਲਿਓਂ ਡਰਦੀ ਸੀ। ਜੁਆਨ ਮੁੰਡਾ ਅਜ਼ੀਬ ਹੀ ਅਕਾਸ਼ਬਾਣੀ ਕਰ ਰਿਹਾ ਸੀ।
-"ਬੇਬੇ ਅੱਖਾਂ ਤਾਂ ਸਾਰੇ ਪੰਜਾਬ ਦੀਆਂ ਦੁਖਣੀਆਂ ਆ ਗਈਆਂ-ਪੱਟੀ ਹਰ ਇੱਕ ਨੂੰ ਬੰਨ੍ਹਣੀ ਪੈਣੀ ਐ-ਕੋਈ ਅੱਗੋਂ ਬੰਨ੍ਹ ਲਵੇ ਕੋਈ ਪਿੱਛੋਂ-ਇਹ ਤਾਂ ਬੰਨ੍ਹਣੀ ਈ ਪੈਣੀ ਐਂ-।"
-"ਪੁੱਤ ਪੁਲਸ ਕਿਹੜਾ ਸੁਖੀ ਐ? ਦਿਨ ਰਾਤ ਹਰਲ੍ਹ-ਹਰਲ੍ਹ ਕਰਦੇ ਤੁਰੇ ਫਿਰਦੇ ਐ।"
-"ਬੇਬੇ ਮੁੰਡਿਆਂ ਨੂੰ ਤਾਂ ਖਾੜਕੂ ਬਣਾਉਣ ਵਿਚ ਪੁਲਸ ਦਾ ਸਭ ਤੋਂ ਵੱਡਾ ਰੋਲ ਐ-ਜੰਨ ਕੁਪੱਤੀ ਸੁਥਰਾ ਭਲਾ ਮਾਣਸ-ਜੇ ਨਿਰਦੋਸ਼ ਮੁੰਡਿਆਂ ਤੇ ਅਣਮਨੁੱਖੀ ਤਸ਼ੱਦਦ ਕਰਨ ਦੀ ਥਾਂ ਸਲੀਕੇ ਤੇ ਹਮਦਰਦੀ ਨਾਲ ਪੇਸ਼ ਆਇਆ ਜਾਵੇ-ਉਹ ਖਾੜਕੂਆਂ ਨੂੰ ਵਿਸਾਰ ਪੁਲਸ ਦੇ ਹੱਕ 'ਚ ਖੜ੍ਹਨ।" ਗੁਰਪਾਲ ਨੇ ਦੁੱਧ ਦਾ ਗਿਲਾਸ ਫੜ ਕੇ ਮੰਜੇ ਦੇ ਪਾਵੇ ਨਾਲ ਰੱਖ ਦਿੱਤਾ। ਘੁੱਟ ਦੁੱਧ ਅੰਦਰ ਲੰਘਾਉਣ ਲਈ ਉਸ ਦੀ ਵੱਢੀ ਰੂਹ ਨਹੀਂ ਕਰਦੀ ਸੀ। ਉਹ ਸੋਚ ਰਿਹਾ ਸੀ ਕਿ ਕੀ ਬਣੇਗਾ ਇਸ ਪੀਰਾਂ, ਫ਼ਕੀਰਾਂ, ਗੁਰੂਆਂ, ਯੋਧੇ-ਸੂਰਮਿਆਂ ਦੀ ਧਰਤੀ ਪੰਜਾਬ ਦਾ? ਦਸਾਂ ਨਹੁੰਆਂ ਦੀ ਕਿਰਤ ਕਮਾਈ ਖਾਣ ਅਤੇ ਸਰਬੱਤ ਦਾ ਭਲਾ ਮੰਗਣ ਵਾਲੇ ਲੋਕ ਗੌਰਮਿੰਟ ਦੀਆਂ ਨਜ਼ਰਾਂ ਵਿਚ ਇੱਕ ਤਰ੍ਹਾਂ ਨਾਲ ਅੱਤਿਵਾਦੀ ਕਿਉਂ ਬਣ ਗਏ? ਕੌਮ ਦਾ ਕਸੂਰ? ਕਿਉਂ ਇਸ ਬਹਾਦਰ ਕੌਮ ਨੂੰ ਜਰਾਇਮ ਪੇਸ਼ਾ ਕੌਮ ਦਾ ਖ਼ਿਤਾਬ ਦਿੱਤਾ ਜਾ

ਰਿਹਾ ਹੈ? ਹਿੰਦੋਸਤਾਨ ਦੀ ਆਜ਼ਾਦੀ ਦੀ ਜੰਗ ਵਿਚ ਵੱਧ ਚੜ੍ਹ ਕੇ ਕੁਰਬਾਨੀਆਂ ਦੇਣ ਵਾਲੀ ਕੌਮ ਹੁਣ ਇੱਕ ਦਮ ਹੀ ਦੋਸ਼ੀ ਕਿਉਂ ਹੋ ਗਈ? ਪਾਕਿਸਤਾਨ ਨਾਲ ਲੱਗੀ ਲੜਾਈ ਵੇਲੇ ਦੁਸ਼ਮਣ ਦੇ ਹੱਲੇ ਨੂੰ ਠੱਲ੍ਹ ਪਾਉਣ ਲਈ ਛਾਤੀਆਂ ਨਾਲ ਬੰਬ ਬੰਨ੍ਹ ਕੇ, ਦੁਸ਼ਮਣ ਦੇ ਪੈਟਨ ਟੈਂਕ ਉੜਾਉਣ ਵਾਲੇ ਯੋਧਿਆਂ ਦੇ ਵਾਰਸ ਹੁਣ ਇੱਕ ਦਮ ਗੱਦਾਰ ਕਿਉਂ ਨਜ਼ਰ ਆਉਣ ਲੱਗ ਪਏ? ਸੁਆਲਾਂ ਦੀ ਬੁਛਾੜ ਗੁਰਪਾਲ ਦੇ ਦਿਮਾਗ ਅੰਦਰ ਵਦਾਣ ਮਾਰ ਰਹੀ ਸੀ। ਕਲਪਨਾ ਦੇ ਆਰੇ ਨਾਲ ਚੀਰੀਦਾ ਉਹ ਲਹੂ-ਲੁਹਾਣ ਹੋਇਆ, ਕਸੀਸ ਜਿਹੀ ਵੱਟੀ ਬੈਠਾ ਸੀ।

ਹਨ੍ਹੇਰਾ ਹੋ ਗਿਆ।

ਗਲੀਆਂ ਸੁੰਨੀਆਂ ਹੋ ਕੇ ਭਾਂਅ-ਭਾਂਅ ਕਰ ਰਹੀਆਂ ਸਨ। ਬਾਹਰ ਰੋਹੀ ਵਿਚ ਕੁੱਤੇ ਭੌਂਕ ਰਹੇ ਸਨ। ਕੋਠਿਆਂ 'ਤੇ ਕੋਈ ਕੋਈ ਬਿੱਲੀ ਰੋ ਰਹੀ ਸੀ। ਹੱਡਾਂਰੋੜੀ ਵਿਚੋਂ ਕਿਸੇ ਗਿਰਝ ਦੇ ਚੀਕਣ ਦੀ ਅਵਾਜ਼ ਆ ਰਹੀ ਸੀ।

ਬੇਬੇ ਰੋਟੀ ਲੈ ਕੇ ਆ ਗਈ।

ਮੱਕੀ ਦੀ ਰੋਟੀ ਅਤੇ ਸਰ੍ਹੋਂ ਦੇ ਸਾਗ ਵਿਚੋਂ ਆਨੰਦਮਈ ਮਹਿਕ ਉਠ ਰਹੀ ਸੀ। ਸਾਗ ਵਾਲੀ ਬਾਟੀ ਉੱਪਰ ਮੱਖਣ ਵੱਖ ਤਾਰੀਆਂ ਲਾ ਰਿਹਾ ਸੀ। ਅਧਰਕ ਦੇ ਆਚਾਰ ਦੀ ਮਹਿਕ ਨੱਕ ਵਿਚ ਜਲੂਣ ਛੇੜ ਰਹੀ ਸੀ।

-"ਬੇਬੇ ਮੈਨੂੰ ਭੁੱਖ ਨਹੀਂ।" ਮੰਜੇ 'ਤੇ ਪਏ ਗੁਰਪਾਲ ਨੇ ਪਾਸਾ ਲੈ ਲਿਆ।

-"ਕਿਉਂ...? ਡੁੱਬ ਜਾਣੀ ਭੁੱਖ ਕਾਹਤੋਂ ਨੀ? ਇੱਕ ਅੱਧੀ ਖਾ ਲੈ-ਤੂੰ ਤਾਂ ਅੱਜ ਦੁੱਧ ਵੀ ਨਹੀ ਪੀਤਾ ਪੁੱਤ-ਲੈ ਦੇਖ ਮੱਖੀ ਪੈ ਗਈ।"

-"ਬੇਬੇ ਦਿਲ ਨਹੀ ਕਰਦਾ।"

-"ਦਿਲ ਕਾਹਤੋਂ ਨਹੀ ਕਰਦਾ?"

-"ਬੱਸ ਬੇਬੇ ਤੈਨੂੰ ਆਖਤਾ-ਦਿਲ ਨਹੀ ਕਰਦਾ।"

-"ਕਿੰਨਾਂ ਦੁਖੀ ਕੀਤੈ ਇਸ ਛੋਰ੍ਹ ਨੇ-ਤੈਨੂੰ ਤਾਂ ਕੋਈ ਗੱਲ ਨਾ ਦੱਸੇ-ਐਮੇਂ ਮਾੜੀ ਜਿਹੀ ਗੱਲ ਦਿਲ ਤੇ ਲਾ ਕੇ ਬਹਿ ਜਾਂਦੈ ਕੋਹੜਾ।"

-"ਬੇਬੇ ਇਹੇ ਮਾੜੀ ਜਿਹੀ ਗੱਲ ਐ?"

-"ਤੇ ਹੋਰ ਕੀ ਐ? ਬਥੇਰ੍ਹਾ ਉਹਦੇ ਪਿਉ ਕੋਲ ਪੈਸਾ ਐ-ਸਹੁਰੇ ਬਥੇਰ੍ਹੇ ਅਮੀਰ ਐ-ਸਰਕਾਰੇ ਦਰਬਾਰੇ ਪੁੱਛ ਦੱਸ ਐ-ਦੇਖ ਲਈਂ ਕੱਲ੍ਹ ਨੂੰ ਈ ਨਾ ਛੁਡਾ ਲਿਆਇਆ ਤਾਂ ਮੈਨੂੰ ਨੀਵੇਂ ਥਾਂ ਬਹਾ ਲਈਂ।"

-"ਬੇਬੇ-ਬਿਗਾਨੇ ਘਰੇ ਲੱਗੀ ਅੱਗ ਈ ਬਸੰਤਰ ਦਿਸਦੀ ਐ-ਕੇੜ੍ਹਾ ਤਾਂ ਉਦੋਂ ਚੜ੍ਹਦੈ ਜਦੋਂ ਆਪਦੇ ਘਰ ਨੂੰ ਆ ਲੱਗਦੀ ਐ-ਇਹਦੇ ਪਿਉ ਕੋਲੇ ਤਾਂ ਪੈਸਾ ਐ-ਪਰ ਜਿਹਨਾਂ ਕਰਮਾਂ ਮਾਰਿਆਂ ਕੋਲੇ ਇਹ ਦੋਵੇਂ ਚੀਜਾਂ ਈ ਨਹੀ-ਉਹਨਾਂ ਦੇ ਤਾਂ ਚਾਹੜ੍ਹੀ ਜਾਂਦੇ ਐ ਨਾ ਗੱਡੀ?"

-"..........!" ਮਾਂ ਨਿਰੁੱਤਰ ਸੀ।

ਗੁਰਪਾਲ ਵੀ ਚੁੱਪ ਹੋ ਗਿਆ।

-"ਪੁੱਤ ਬੰਦਾ ਸਲਾਮਤ ਰਹੇ-ਪੈਸੇ ਦਾ ਕੀ ਐ? ਇਹ ਤਾਂ ਹੱਥਾਂ ਦੀ ਮੈਲ ਐ।"

-"ਪਰ ਬੇਬੇ ਉਹ ਕੀ ਕਰਨ ਜਿਹਨਾਂ ਕੋਲੇ ਹੱਥਾਂ ਦੀ ਮੈਲ ਵੀ ਹੈ ਨਹੀਂ?"

-"..........!"

-"ਬਲਦੀ ਦੇ ਬੂਥੇ ਆਏ ਬੰਦੇ ਨੂੰ ਦੇਣਾ ਪੈਂਦੈ-ਇਹ ਠੀਕ ਗੱਲ ਐ-ਪਰ ਦਿਨੋਂ ਦਿਨ ਪੁਲਸ ਦਾ ਮੂੰਹ ਪਈ ਜਾਂਦੈ-ਕੁੱਤੇ ਦੇ ਮੂੰਹ ਲਹੂ ਲੱਗਿਐ ਕਦੋਂ ਭਲੀ ਗੁਜਾਰੂ?"

-"...........!"

-"ਬੇਬੇ ਇਹ ਤਾਂ ਲਹੂ ਪੀਣੀਆਂ ਜੋਕਾਂ ਐਂ-ਜਿੱਧਰ ਮੂੰਹ ਪੈ ਗਿਆ-ਸੂਟੀਂ ਖਿੱਚਣਗੇ।"

-"ਫੇਰ ਕਮਲਿਆ ਪੁੱਤਾ ਕੋਈ ਵੱਸ ਐ? ਜਿਹਨਾਂ ਦਾ ਗੋਲੀ ਮੂਹਰੇ ਖੜ੍ਹੈ-ਉਹ ਤਾਂ ਦੇਣਗੇ ਈ-ਦੱਸ ਹੋਰ ਕੋਈ ਚਾਰਾ ਹੈ?"

-"ਚਾਰੇ ਬੇਬੇ ਬਥੇਰ੍ਹੇ-ਪਰ ਕੋਈ ਮਗਰ ਨਹੀਂ ਲੱਗਦਾ-।" ਮੁੰਡੇ ਨੇ ਘੋਰ ਮਾਯੂਸੀ ਵਿਚ ਸਿਰ ਫੇਰਿਆ।

ਮਾਂ ਅਜੇ ਵੀ ਥਾਲੀ ਲਈ ਖੜ੍ਹੀ ਸੀ ਕਿ ਬਾਹਰੋਂ ਬਾਪੂ ਆ ਗਿਆ। ਸਾਬਤ ਸੂਰਤ ਦਸਤਾਰ ਸਿਰਾ ਬਾਪੂ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨ ਵਾਲਾ ਸਿੱਧਾ ਸਾਧੂ ਬੰਦਾ ਸੀ। ਹਰ ਵਕਤ "ਧੰਨ ਕਰਤਾਰ-ਧੰਨ ਕਰਤਾਰ" ਜਪਣ ਵਾਲਾ ਜਪਨਾਮ ਸਿੰਘ ਇੱਕ ਸੱਚ ਦੀ ਮੂਰਤ ਸੀ। ਸਾਰੀ ਜ਼ਿੰਦਗੀ ਕਿਸੇ ਨਾਲ ਬੋਲ ਵਿਗਾੜ ਨਹੀਂ ਹੋਇਆ ਸੀ। ਜਿਸ ਕਰਕੇ ਪਿੰਡ ਦਾ ਹਰ ਬੰਦਾ-ਬੁੜ੍ਹੀ, ਬੱਚਾ-ਬੱਚੀ ਉਸ ਦੀ ਇੱਜ਼ਤ ਕਰਦਾ ਸੀ। ਪਿੰਡ ਵਾਲੇ ਆਮ ਕਰਕੇ ਉਸ ਨੂੰ "ਕੱਛ ਵਾਲਾ ਭਾਈ" ਕਹਿ ਕੇ ਬੁਲਾਉਂਦੇ ਸਨ।

-"ਆ ਗਿਐਂ ਬਈ ਸ਼ੇਰਾ-ਐਨੇ ਦਿਨ ਲਾਅਤੇ?" ਬਾਪੂ ਨੇ ਆਉਣਸਾਰ 'ਗੁਰਲਾਲ' ਨੂੰ ਪੁੱਛਿਆ। ਬਾਪੂ ਉਸ ਨੂੰ 'ਗੁਰਲਾਲ' ਜਾਂ 'ਪਾਲੀ' ਆਖਦਾ ਸੀ।

-"ਬੱਸ ਬਾਪੂ ਜੀ ਕਾਲਜ ਵਿਚ ਇੱਕ ਝਗੜਾ ਜਿਆ ਹੋ ਗਿਆ ਸੀ ਮੁੰਡਿਆਂ 'ਚ-ਉਸੇ ਨੂੰ ਨਿਪਟਾਉਣ 'ਚ ਲੱਗੇ ਰਹੇ।"

-"ਨਿੱਬੜ ਗਿਆ?"

-"ਨਿੱਬੜਿਆ ਤਾਂ ਖੈਰ ਨਹੀ-ਪਰ ਨਿੱਬੜ ਜਾਊਗਾ-ਸ਼ਰਾਰਤੀ ਮੁੰਡੇ ਪੱਟੀ ਨਹੀ ਬੱਝਣ ਦਿੰਦੇ।"

-"ਸ਼ਰਾਰਤੀਆਂ ਦਾ ਕੰਮ ਕੀ ਹੁੰਦੈ? ਉਂਗਲ ਲਾਓ, ਡਹਾਓ ਤੇ ਆਪ ਤਮਾਸ਼ਾ ਦੇਖੋ।"

-"ਜੋਧ ਦਾ ਕੀ ਬਣਿਆਂ?" ਬੇਬੇ ਨੇ ਪੁੱਛਿਆ।

-"ਬਣਨਾ ਕੀ ਸੀ? ਮੁੰਡੇ ਨੂੰ ਸਦਰ ਠਾਣੇ ਲੈ ਗਏ-ਹਵਾਲਾਟ 'ਚ ਰੱਖਿਐ-ਅੱਗੇ ਲੇਖਾ ਗੁਰੂ ਜਾਣੇ।" ਜਪਨਾਮ ਸਿੰਘ ਹਰ ਕੌਰ ਨੂੰ ਆਖ ਰਿਹਾ ਸੀ।

-"ਮਗਰ ਗਏ ਸੀ-ਕੁਛ ਪੱਲੇ ਪਿਆ?"

-"ਹੈ ਕਮਲੀ! ਪੱਲੇ ਕੀ ਪੈਣਾ ਸੀ? ਐਮ ਐਲੇ ਕੋਲੇ ਗਏ ਸੀ-ਉਹ ਅੱਗਿਓਂ ਦਾਰੂ ਨਾਲ ਰੱਜਿਆ ਬੈਠਾ।"

-"ਹੈ ਤੇਰੇ ਕੀੜੇ ਪੈਣ-ਫੇਰ?"
-"ਫੇਰ ਐਮ ਪੀ ਕੋਲੇ ਗਏ-ਉਹਨੇ ਚਿੱਟਾ ਈ ਜਵਾਬ ਦੇ ਦਿੱਤਾ।"
-"ਕੀ ਕਹਿੰਦਾ?"
-"ਕਹਿਣਾ ਕੀ ਸੀ? ਕਹਿੰਦਾ ਸਾਡੇ ਕੋਈ ਬੱਸ ਨਹੀ-ਪੁਲਸ ਅੱਜ ਕੱਲ੍ਹ ਕਿਸੇ ਦੀ ਨਹੀ ਸੁਣਦੀ-ਗੌਰਮਿੰਟ ਦੇ ਰੱਸੇ ਲਾਹੇ ਹੋਏ ਐ-ਬਈ ਲੁੱਟੋ ਮਾਰੋ ਤੇ ਖਾਓ!"
-"ਹੈਅ ਤੁਸੀਂ ਗਰਕ ਜਾਓਂ ਸਾਰੇ ਈ-ਤਾਂ ਵੀ ਕੋਈ ਰਾਹ ਤਾਂ ਦੱਸਿਆ ਈ ਹੋਊ?"
-"ਉਹ ਤਾਂ ਇਹ ਕਹਿੰਦੈ-ਬਈ ਪੈਸੇ ਦੇ ਕੇ ਛੁਡਾ ਸਕਦੇ ਓ ਤਾਂ ਛੁਡਾ ਲਓ-ਤੇ ਨਹੀ ਲੱਕੜਾਂ ਤਿਆਰ ਰੱਖੋ-ਖ਼ਬਰ ਪਹੁੰਚੀ ਖੜ੍ਹੀ ਐ।"
-"ਹੈਅ ਥੋਨੂੰ ਡੋਬਾ ਪੈ ਜੇ ਸਾਰਿਆਂ ਨੂੰ-ਵੋਟਾਂ ਮੰਗਣ ਆਉਣਗੇ ਤਾਂ ਗੱਲੀਂ ਵਾਰੇ ਨਹੀ ਆਉਣ ਦਿੰਦੇ-ਅਸੀਂ ਔਹ ਕਰ ਦਿਆਂਗੇ ਤੇ ਪਿੱਛੋਂ ਤੂੰ ਕੌਣ ਮੈ ਕੌਣ-ਪੈ ਜੇ ਮੌਤ ਇਹਦੇ ਜਣਦਿਆਂ ਨੂੰ।" ਬੇਬੇ ਗੁੱਸੇ ਵਿਚ ਤਾਣੀ ਵਾਂਗ ਕੰਬਣ ਲੱਗ ਪਈ ਸੀ।
-"ਕੋਈ ਹਾਥ ਨਹੀ ਕਿਸੇ ਨੂੰ ਹਰ ਕੁਰੇ-ਇਹਨਾਂ ਨੂੰ ਤਾਂ ਗੁਰੂ ਈ ਸੁਮੱਤ ਬਖ਼ਸ਼ੇ!"
-"ਠਾਣਿਓਂ ਕਨਸੋਅ ਲੈ ਲੈਣੀ ਸੀ-ਉਹ ਜਾਣੇ ਮੂੰਹ 'ਚ ਹੱਡ ਦੇਣ ਤੇ ਬੰਦਾ ਛੁਡਵਾਉਣ।"
-"ਠਾਣੇ ਵੀ ਗਏ ਸੀ-।"
-"ਫੇਰ-?"
-"ਠਾਣੇਦਾਰ ਨੇ ਵੀ ਮਿੱਠੀ ਉਂਗਲ ਚਟਾ ਕੇ ਮੋੜ ਦਿੱਤੇ-ਰਾਹ ਕੋਈ ਨਹੀ ਦਿੱਤਾ।"
-"ਹੇ ਵਾਹਿਗੁਰੂ!"
-"ਮੁੱਖ ਮੰਤਰੀ, ਡੀ ਸੀ, ਪੁਲਸ ਮੁਖੀ ਤੇ ਗਵਰਨਰ ਨੂੰ ਤਾਰਾਂ ਦਿੱਤੀਐਂ-ਅੱਗੇ ਦੇਖੋ ਕੀ ਬਣਦੈ-ਗੁਰੂ ਸੁੱਖ ਰੱਖੇ!"
-"ਤਾਰਾਂ ਨੂੰ ਕੌਣ ਪੁੱਛਦੈ ਬਾਪੂ-ਸਰਸਰੀ ਨਜਰ ਮਾਰ ਕੇ ਕੂੜੇ 'ਚ ਵਗਾਹ ਮਾਰਦੇ ਐ-ਕੁੱਤੀ ਚੋਰਾਂ ਨਾਲ ਰਲੀ ਹੋਈ ਐ-ਅੰਦਰੋਂ ਬਾਹਰੋਂ-ਵੱਡੇ ਛੋਟੇ-ਇਹ ਸਾਰੇ ਇੱਕ ਐ।" ਗੁਰਪਾਲ ਨੇ ਆਖਿਆ।
-"ਤੇਰਾ ਲਾਡਲਾ ਅੱਜ ਰੋਟੀ ਨਹੀ ਖਾਂਦਾ।"
-"ਕਿਉਂ ਨਹੀ ਖਾਂਦਾ?"
-"ਬੱਸ ਪਤਾ ਨਹੀ-ਨਾ ਈ ਅੱਜ ਦੁੱਧ ਪੀਤੈ।" ਬੇਬੇ ਨੇ ਸ਼ਕਾਇਤ ਲਾਈ।
-"ਕਿਉਂ ਬਈ ਗੁਰੂ ਦੇ ਲਾਲ ਅੱਜ ਦੁੱਧ ਨਹੀ ਪੀਤਾ ਸੋਹਣਿਆਂ?"
-"ਬੱਸ ਬਾਪੂ ਜੀ ਦਿਲ ਹੀ ਨਹੀ ਕੀਤਾ।"
-"ਭੱਠੀ 'ਚ ਬਾਲਣ ਨਾ ਹੋਊ ਮਘੂ ਕਿਵੇਂ?"
-".......!"
-"ਮੈਂ ਦੱਸ ਬੈਠੀ ਜੋਧ ਬਾਰੇ ਅੱਜ।"
-"ਕਾਹਨੂੰ ਦੱਸਣਾ ਸੀ ਇਸ ਸਿੱਧਰੇ ਨੂੰ? ਤੂੰ ਲਿਆ ਰੋਟੀ-ਗੁਰੂ ਦੇ ਲਾਲਾ-ਗੁਰੂ ਦੇ ਸਿੰਘ ਨੂੰ ਭਾਣੇ ਦੇ ਅੰਦਰ ਰਹਿ ਕੇ ਸਾਰਾ ਕੁਛ ਜਰਨਾਂ ਪੈਂਦੈ-ਛੱਡਿਆ ਪੁੱਤ ਕੁਛ ਨਹੀ ਜਾਂਦਾ-ਗੁਰੂ ਦੀਆਂ ਲਾਡਲੀਆਂ ਫੌਜਾਂ ਘੋੜਿਆਂ ਤੇ ਸੌਂ ਕੇ-'ਕੱਲੇ ਛੋਲੇ ਚੱਬ ਕ-ਦੁਸ਼ਮਣ ਦੀਆਂ ਫੌਜਾਂ ਦੇ ਛੱਕੇ ਛੁਡਾਉਂਦੀਆਂ ਰਹੀਐਂ-ਟੱਕਰ ਲੈਂਦੀਆਂ ਰਹੀਆਂ-ਤੇ ਤੂੰ ਮਾੜੀ ਜਿਹੀ ਖਬਰ ਸੁਣ ਕੇ ਅੰਨ ਤਿਆਗ ਗਿਐਂ? ਵਾਹ ਬਈ ਵਾਹ! ਮਾਰੇਂਗਾ ਮੋਰਚੇ-ਖਾਹ ਟੁੱਕ ਦੀ ਬੁਰਕੀ ਗੁਰੂ ਦਾ ਨਾਂ ਲੈ ਕੇ-ਬੋਲ ਵਾਹਿਗੁਰੂ!"
ਬਾਪੂ ਦੇ ਆਖਣ 'ਤੇ ਗੁਰਪਾਲ ਨੇ ਰੋਟੀ ਖਾ ਲਈ।
ਦੁੱਧ ਪੀ ਲਿਆ।
ਬਾਪੂ ਦੀਆਂ ਚੜ੍ਹਦੀ ਕਲਾ ਦੀਆਂ ਗੱਲਾਂ ਹਮੇਸ਼ਾ ਗੁਰਪਾਲ ਅੰਦਰ ਨਰੋਏ ਖ਼ੂਨ ਦਾ ਸੰਚਾਰ ਕਰਕੇ ਉਸ ਨੂੰ ਤਰੋਤਾਜ਼ਾ ਕਰਦੀਆਂ ਸਨ। ਡੋਲਣ ਨਹੀ ਦਿੰਦੀਆਂ ਸਨ। ਜਪਨਾਮ ਸਿੰਘ ਜਿਵੇਂ ਗੁਰਪਾਲ ਦਾ ਬਾਪੂ ਨਹੀ, ਕੋਈ ਦਰਵੇਸ਼, ਕੋਈ ਫ਼ੱਕਰ, ਕੋਈ ਫ਼ਕੀਰ, ਕੋਈ ਦੇਵਤਾ ਸੀ। ਬਾਪੂ ਦਾ ਉਹ ਰੱਬ ਜਿੰਨਾਂ ਆਸਰਾ ਮੰਨਦਾ ਸੀ। ਉਸ ਨੂੰ ਆਪਣਾ ਮਾਰਗ-ਦਰਸ਼ਕ ਸਮਝਦਾ ਸੀ। ਉਸ ਦਾ ਧਰਮੀਂ ਬਾਪ ਗੁਣਾਂ ਦਾ ਖ਼ਜ਼ਾਨਾ ਸੀ। ਪ੍ਰੇਰਨਾ ਸਰੋਤ ਸੀ।
ਕੀਰਤਨ ਸੋਹਿਲੇ ਤੋਂ ਬਾਅਦ ਬਾਪੂ ਅਤੇ ਬੇਬੇ ਨੇ ਅਰਦਾਸ ਕੀਤੀ। ਰਾਤ ਗੂਹੜ੍ਹੀ ਹੋ ਚੁੱਕੀ ਸੀ।

## ਕਾਂਡ 4

ਗ੍ਰਿਫ਼ਤਾਰ ਕਰਨ ਤੋਂ ਬਾਅਦ ਰਣਜੋਧ ਨੂੰ ਸਦਰ ਠਾਣੇ ਲਿਜਾਇਆ ਗਿਆ। ਪੱਗ ਨਾਲ ਬੰਨ੍ਹੇ ਹੱਥ ਖੋਹਲ ਕੇ ਸਿਪਾਹੀਆਂ ਨੇ ਉਸ ਨੂੰ ਹਵਾਲਾਤ ਵਿਚ ਤਾੜ ਦਿੱਤਾ। ਮੋਟੇ ਸਰੀਆਂ ਵਾਲੇ ਹਵਾਲਾਤ 'ਚੋਂ ਅਜੀਬ ਬਦਬੂ ਮਗਜ਼ ਨੂੰ ਚੜ੍ਹਦੀ ਸੀ। ਉਤੇ ਲੈਣ ਲਈ ਦੋ ਬੋਰੀਆਂ ਦੀ ਪੱਲੀ ਸਿਪਾਹੀ ਸਲਾਖਾਂ ਵਿਚ ਦੀ ਅੰਦਰ ਸੁੱਟ ਗਿਆ ਸੀ।
ਸਰਦੀ ਅਸਮਾਨੋਂ ਵਰਨ੍ਹੀ ਸੁਰੂ ਹੋ ਗਈ ਸੀ।
ਜਿਉਂ ਜਿਉਂ ਠਾਣੇ ਅੰਦਰ ਸ਼ਾਂਤੀ ਜਿਹੀ ਵਰਤਦੀ ਜਾ ਰਹੀ ਸੀ। ਤਿਉਂ ਤਿਉਂ ਕੁਝ ਸੋਚ ਕੇ ਰਣਜੋਧ ਦਾ ਚਿਹਰਾ ਪੀਲਾ ਭੂਕ ਹੁੰਦਾ ਜਾ ਰਿਹਾ ਸੀ। ਆਪਣੇ ਨਾਲ ਅਗਾਊਂ ਹੋਣ ਵਾਲੇ ਸਲੂਕ ਲਈ ਉਹ ਦਿਲ ਕਰੜਾ ਕਰ ਰਿਹਾ ਸੀ। ਚਾਹੇ ਦਿਨੇ ਪੰਚਾਇਤ ਠਾਣੇਦਾਰ ਨੂੰ ਮਿਲ ਹੀ ਗਈ ਸੀ: ਪਰ ਇਹਨਾਂ ਬੁੱਚੜਾਂ ਦਾ ਕੋਈ ਇਤਬਾਰ ਨਹੀ ਸੀ। ਮੁੰਡਾ ਅੱਖਾਂ ਮੀਟ ਰੱਬ ਨੂੰ ਧਿਆ ਰਿਹਾ ਸੀ। ਪਰ ਉਸ ਦਾ ਹੌਂਸਲਾ ਮੁੱਠੀ ਵਿਚੋਂ ਰੇਤੇ ਵਾਂਗ ਕਿਰ ਜਾਂਦਾ ਸੀ।
ਵੱਡੀ ਰਾਤ ਗਈ ਬਲੀ ਸਿੰਘ ਅਤੇ ਸਰਪੰਚ ਠਾਣੇ ਰਣਜੋਧ ਦੀ ਰੋਟੀ ਲੈ ਕੇ ਆ ਗਏ। ਦੋ ਕੰਬਲ ਅਤੇ ਇੱਕ ਸਿਰਹਾਣਾ ਉਹਨਾਂ ਦੇ ਕੋਲ ਕੱਛ ਵਿਚ ਦੱਬੇ ਹੋਏ ਸਨ।
ਮੁੰਡੇ ਦਾ ਰੋਟੀ ਖਾਣ ਨੂੰ ਉੱਕਾ ਹੀ ਮਨ ਨਹੀ ਮੰਨਦਾ ਸੀ। ਹਵਾਲਾਤ ਕੋਲ ਸੰਤਰੀ 'ਟੱਪ-ਟੱਪ' ਪੈਰ ਮਾਰਦਾ ਅੜਬ ਕੁੱਕੜ ਵਾਂਗ ਪਹਿਰਾ ਦੇ ਰਿਹਾ ਸੀ। ਬੱਤੀ ਕਾਫ਼ੀ ਮੱਧਮ ਸੀ। ਇਸ ਲਈ ਬਰਾਂਡੀ ਵਿਚ ਕੱਸਿਆ ਉਹ ਤਮਾਸ਼ੇ ਵਾਲਾ ਰਿੱਛ ਲੱਗਦਾ ਸੀ।
-''ਕਿਉਂ ਕਾਇਮ ਐਂ?'' ਸਰਪੰਚ ਨੇ ਪੁੱਛਿਆ।
-''ਅਜੇ ਤੱਕ ਤਾਂ ਕਾਇਮ ਈ ਆਂ ਜੀ।''
-''ਤੂੰ ਦਿਲ ਨਾ ਸਿੱਟ-ਕੱਲ੍ਹ ਨੂੰ ਤੈਨੂੰ ਕੋਈ ਬੰਨ੍ਹ ਸੁੱਬ ਕਰਕੇ ਲੈ ਜਾਵਾਂਗੇ-ਬੱਸ ਅੱਜ ਦੀ ਰਾਤ ਕੱਢ ਕਿਵੇਂ ਨਾ ਕਿਵੇਂ-ਹੱਥ ਇਹ ਤੈਨੂੰ ਲਾਉਂਦੇ ਨਹੀ-ਠਾਣੇਦਾਰ ਨੂੰ ਮੈਂ ਠੋਕ ਕੇ ਕਹਿ ਦਿੱਤਾ ਸੀ।''
-''ਹੱਥ ਨਹੀ ਲਾਉਂਦੇ'' ਸੁਣ ਕੇ ਰਣਜੋਧ ਦਾ ਦਿਲ ਕੁਝ ਟਿਕਿਆ।
ਬਲੀ ਸਿੰਘ ਨੇ ਰੋਟੀਆਂ 'ਤੇ ਗੋਭੀ ਦੀ ਸਬਜ਼ੀ ਪਾ ਕੇ ਮੁੰਡੇ ਨੂੰ ਫੜਾ ਦਿੱਤੀ। ਜੀਅ ਨਾ ਚਾਹੁੰਦੇ ਹੋਏ ਵੀ ਰਣਜੋਧ ਨੇ ਤਿੰਨ ਰੋਟੀਆਂ ਅੰਦਰ ਲੰਘਾ ਲਈਆਂ। ਇੱਕ ਗਿਲਾਸ ਦੁੱਧ ਦਾ ਵੀ ਪੀ ਲਿਆ। ਕੰਬਲ ਫੜ ਕੇ ਰੱਖ ਲਏ।
-''ਦੋਨੋ ਕੰਬਲ ਜੋੜ ਕੇ ਉੱਤੇ ਲੈ ਲਈਂ-ਠਾਰੀ ਬਹੁਤ ਐ ਜੋਧ!'' ਭਰੇ ਮਨ ਨਾਲ ਬਲੀ ਸਿੰਘ ਨੇ ਕਿਹਾ। ਇਕੱਲੇ-ਇਕੱਲੇ ਪੁੱਤ ਦਾ ਫ਼ਿਕਰ ਉਸ ਨੂੰ ਵੱਢ-ਵੱਢ ਖਾ ਰਿਹਾ ਸੀ। ਦੱਬੇ ਘੁੱਟੇ ਦਿਲ ਨਾਲ ਉਹ ਹਵਾਲਾਤ
ਵੱਲ ਪਿੱਠ ਕਰੀ ਬੈਠਾ ਭਾਂਡੇ ਸਮੇਟ ਰਿਹਾ ਸੀ। ਉਸ ਦੀਆਂ ਅੱਖਾਂ ਹੰਝੂਆਂ ਨਾਲ ਨੱਕੋ-ਨੱਕ ਭਰੀਆਂ ਹੋਈਆਂ ਸਨ।
-''ਸਰਦਾਰ ਬਹਾਦਰ ਸਰਪੰਚ ਸਾਹਿਬ-ਸਾਡੇ ਬਾਰੇ ਵੀ ਕੁਛ ਸੋਚੋ-ਉਪਰੋਂ ਕੱਕਰ ਡਿੱਗਣ ਡਿਹੈ।'' ਬੂਟਾਂ ਨਾਲ ਧਰਤੀ ਲਤਾੜਦਾ ਸੰਤਰੀ ਹਵਾਲਾਤ ਕੋਲ ਆ ਗਿਆ। ਬਾਘੜ ਬਿੱਲੇ ਜਿੱਡਾ ਮੂੰਹ ਖੋਹਲ ਕੇ ਉਸ ਨੇ ਡਾਂਗ ਜਿੱਡੀ ਉਬਾਸੀ ਲਈ ਸੀ। ਭੱਠੇ ਦੀ ਚਿਮਨੀ ਵਾਂਗ ਉਸ ਦੇ ਮੂੰਹ 'ਚੋਂ ਭਾਫ਼ ਨਿਕਲ ਕੇ ਵਰੋਲਾ ਜਿਹਾ ਬਣ ਗਈ।
-''ਕਿੰਨੇ ਕੁ ਨਾਲ ਸਾਰ ਲੇਂਗਾ?''
-''ਅਧੀਏ ਬਿਨਾਂ ਬਿਲਕੁਲ ਈ ਨਹੀਂ ਸਰਨਾਂ-ਮਹਾਰਾਜ ਥੋਡਾ ਭਲਾ ਕਰੇ-ਸ਼ਾਬਾਸ਼!''
-''ਪਰ ਮੁੰਡੇ ਨੂੰ ਤੰਗ ਨਾ ਕਰਿਓ!'' ਸਰਪੰਚ ਨੇ ਪੰਜਾਹਾਂ ਦਾ ਨੋਟ ਉਸ ਵੱਲ ਵਧਾਉਂਦਿਆਂ ਕਿਹਾ।
-''ਸਾਹਬ ਬਹਾਦਰ-ਫੁੱਲ ਦੀ ਨਹੀ ਲਾਉਂਦੇ-ਇਹ ਮੇਰਾ ਵਾਅਦਾ ਰਿਹਾ।'' ਉਸ ਨੇ ਉਂਗਲਾਂ ਦਾ ਮੋਚਨਾਂ ਬਣਾ ਕੇ ਨੋਟ ਫੜ ਲਏ।
ਸਰਪੰਚ ਨੂੰ ਸੰਤਰੀ ਕੰਮ ਦਾ ਬੰਦਾ ਲੱਗਿਆ।
-''ਕਿਹੜਾ ਪਿੰਡ ਐ ਸੰਤਰੀ ਜੀ?''
-''ਮੇਰਾ ਪਿੰਡ ਜੀ ਲੋਪੋ ਐ..।''
-''ਬੱਧਨੀ ਕਲਾਂ ਕੋਲੇ..?''
-''ਹਾਂ-ਸਾਹਬ ਬਹਾਦਰ..।''
-''ਸੰਤਰੀ ਜੀ-ਇਸ ਮੁੰਡੇ ਬਾਰੇ ਕੋਈ ਜਾਣਕਾਰੀ ਹੈ-ਬਈ ਕੀ ਕਰਨਗੇ?'' ਸਰਪੰਚ ਨੇ ਇੱਕ ਸੌ ਦਾ ਨੋਟ ਸੰਤਰੀ ਵੱਲ ਕਰਦਿਆਂ ਪੁੱਛਿਆ। ਜਿਹੜਾ ਫਿਰ ਸੰਤਰੀ ਨੇ ਉਂਗਲਾਂ ਦਾ ਚਿਮਟਾ ਬਣਾ ਕੇ ਫੜ ਲਿਆ।
-''ਸਾਹਬ ਬਹਾਦਰ-ਪੂਰੀ ਪੱਕੀ ਜਾਣਕਾਰੀ ਤਾਂ ਹੈ ਨਹੀ-ਪਰ ਮੇਰੇ ਤਜਰਬੇ ਅਨੁਸਾਰ ਕਿਸੇ ਖਾੜਕੂ ਜਾਂ ਲੁਟੇਰੇ ਦੀ ਸ਼ਨਾਖਤ ਕਰਵਾ ਕੇ ਗਵਾਹੀ ਪੁਆਉਣਗੇ।''
-''ਕਹਿਣ ਦਾ ਮਤਲਬ ਖੂਹ 'ਚੋਂ ਕੱਢ ਕੇ ਖਾਤੇ 'ਚ ਸਿੱਟਣਗੇ?''
-''ਤੁਸੀਂ ਆਪ ਈ ਸਿਆਣੇ ਹੋ-ਸਾਹਬ ਬਹਾਦਰ।'' ਠੰਡ ਤੋਂ ਡਰਦੇ ਸੰਤਰੀ ਨੇ ਮਫ਼ਲਰ ਨਾਲ ਮੂੰਹ ਢਕ ਲਿਆ। ਮਫ਼ਲਰ ਉਪਰੋਂ ਉਸ ਦੀਆਂ ਲਾਲ ਅੱਖਾਂ 'ਗਟਰ-ਗਟਰ' ਝਾਕ ਰਹੀਆਂ ਸਨ।

-"ਕੋਈ ਉਪਾ ਸੰਤਰੀ ਜੀ?"
-"ਸਾਹਬ ਬਹਾਦਰ ਗੁਰਬਾਣੀ ਕਹਿੰਦੀ ਐ-ਪਾਪਾਂ ਬਾਝਹੁ ਹੋਵੈ ਨਾਹੀ-ਮੋਇਆਂ ਸਾਥ ਨ ਜਾਈ-ਕਲਯੁੱਗ ਵਿਚ ਤਾਂ ਪੈਸਾ ਈ ਪ੍ਰਧਾਨ ਐਂ-ਮੱਥਾ ਟੇਕੋ ਬੰਦਾ ਛੁਡਾਓ-ਸਰਦਾਰ ਮੂੰਹ ਦਾ ਮਿੱਠੈ ਪਰ ਦਿਲੋਂ ਅੱਤ ਦਾ ਬੇਈਮਾਨ ਐਂ-ਚਾਹੇ ਥੋਨੂੰ ਉਹ ਕਿੰਨੀਆਂ ਮਿੱਠੀਆਂ ਮਾਰੀ ਜਾਵੇ-ਪਰ ਬੰਦਾ ਜਮਾਂ ਨਹੀ ਛੱਡਦਾ-ਇਹ ਮੈਥੋਂ ਲਿਖਵਾ ਲਵੋ!"
ਬਲੀ ਸਿੰਘ ਨੂੰ ਮੁੜ੍ਹਕਾ ਆ ਗਿਆ।
-"ਸੰਤਰੀ ਜੀ-ਕਿੰਨਿਆਂ ਕੁ ਨਾਲ ਵਿਰੂ?"
-"ਸਾਹਬ ਬਹਾਦਰ ਇਹ ਨਹੀ ਆਖ ਸਕਦੇ।"
-"ਤਾਂ ਵੀ-ਕੋਈ ਅੰਦਾਜ਼ਾ?"
-"ਦੇਖੋ ਸਾਹਬ ਬਹਾਦਰ-ਵੱਡਾ ਖਾੜਕੂ ਪੰਜ ਲੱਖ-ਛੋਟਾ ਖਾੜਕੂ ਦੋ ਲੱਖ-ਲੁਟੇਰਾ ਇੱਕ ਲੱਖ ਤੇ ਆਮ ਆਦਮੀ ਦਾ ਸੱਤਰ ਹਜ਼ਾਰ ਚੱਲਦੈ-ਆਪਾਂ ਤਾਂ ਸਿੱਧੇ ਸਾਧੂ ਬੰਦੇ ਸੌ ਪੰਜਾਹ ਆਲੇ ਈ ਐਂ-ਮੇਰਾ ਨਾਂ ਬਿਲਕੁਲ ਨਾ ਲਇਓ-ਹੋਰ ਨਾ ਮੇਰੇ ਬੀਰ ਮੇਰਾ ਜੁੱਲੀ ਬਿਸਤਰਾ ਗੋਲ ਕਰਵਾ ਦਿਓ।"
-"ਤੁਸੀਂ ਬਿਲਕੁਲ ਬੇਧੜਕ ਰਹੋ-ਪਰ ਲੈਣ ਦੇਣ ਦੀ ਗੱਲ ਫਿਰ ਕਰੀਏ ਕੀਹਦੇ ਨਾਲ ਇਹ ਵੀ ਦੱਸੋ?" ਸਰਪੰਚ ਅੱਗੇ ਇੱਕ ਵੱਡੀ ਔਕੜ ਪਰਬਤ ਵਾਂਗ ਖੜ੍ਹੀ ਸੀ।
-"ਸਰਦਾਰ ਦੀ ਹੌਲਦਾਰ ਤੇ ਸਿਪਾਹੀ ਗੁਰਮੀਤ ਨਾਲ ਸਿੱਧੀ ਗੱਲ ਐ-ਉਨ੍ਹਾਂ ਨਾਲ ਭੰਨ ਤੋੜ ਕਰ ਲਓ-ਬੰਦਾ ਛੁੱਟ ਜਾਊ।"
-"ਮਿਹਰਬਾਨੀ ਸੰਤਰੀ ਜੀ!"
-"ਤਾਬਿਆਦਾਰ ਆਂ-ਸਾਹਬ ਬਹਾਦਰ।"
-"ਸਾਡੇ ਮੁੰਡੇ ਦਾ ਖਿਆਲ ਰੱਖਿਓ!"
-"ਬੇਚਿੰਤ ਹੋ ਕੇ ਜਾਓ!"
ਉਹ ਤੁਰ ਗਏ।
ਸੰਤਰੀ ਅੰਦਰੋਂ ਹੋਰ ਬੋਰੀਆਂ ਲੈ ਆਇਆ।
-"ਕੀ ਨਾਂ ਐ ਰੱਬ ਦਿਆ ਬੰਦਿਆ?"
-"ਜੀ ਰਣਜੋਧ ਸਿੰਘ ਐ।"
-"ਲੈ ਰਣਜੋਧ ਸਿਆਂ-ਆਹ ਬੋਰੀਆਂ ਵੀ ਹੇਠ ਵਿਛਾ ਲੈ ਤੇ ਕੰਬਲ ਜੋੜ ਕੇ ਰੱਬ ਦਾ ਨਾਂ ਲੈ-ਪੈ ਜਾਹ-ਸਵੇਰੇ ਚਾਰ ਵਜੇ ਤੱਕ ਮੇਰੀ ਡਿਊਟੀ ਐ-ਇੱਥੇ ਚਿੜੀ ਨਹੀ ਫੜਕਦੀ।"
-"ਅੱਛਾ ਜੀ।" ਰਣਜੋਧ ਨੂੰ ਜਾਪਿਆ ਕਿ ਸਾਰੇ ਪੁਲੀਸ ਵਾਲੇ ਇੱਕੋ ਜਿਹੇ ਨਹੀ। ਇੰਨ੍ਹਾਂ ਵਿਚ ਸਤਜੁਗੀ ਬੰਦੇ ਵੀ ਵਸਦੇ ਐ। ਉਸ ਨੇ ਸਾਰੀਆਂ ਬੋਰੀਆਂ ਹੇਠ ਵਿਛਾ ਲਈਆਂ ਅਤੇ ਕੰਬਲ ਜੋੜ ਕੇ ਪੈ ਗਿਆ। ਨੀਂਦ ਉਸ ਤੋਂ ਕੋਹਾਂ ਦੂਰ ਸੀ। ਕਿਸੇ ਸੋਚ, ਕਿਸੇ ਡਰ ਨੇ ਉਸ ਅੰਦਰ ਖੱਲ੍ਹੜ ਪਾਇਆ ਹੋਇਆ ਸੀ। ਕੀ ਕਰਨਗੇ ਮੇਰੇ ਨਾਲ ਇਹੇ? ਕੁੱਟਣਗੇ ਜਾਂ ਕੇਸ ਪਾਉਣਗੇ? ਕੁਛ ਵੀ ਹੋਵੇ ਦੋਵੀਂ ਪਾਸੀਂ ਬਿਪਤਾ ਈ ਬਿਪਤਾ ਹੈ! ਉਹ ਠੰਢੀ ਫ਼ਰਸ਼ 'ਤੇ ਪਿਆ ਪਲਸੇਟੇ ਮਾਰੀ ਜਾ ਰਿਹਾ ਸੀ।
ਰਾਤ ਅੱਧੀ ਹੋ ਚੁੱਕੀ ਸੀ।
ਅਸਮਾਨੋਂ ਧੁੰਦ ਸੁਰੂ ਹੋ ਗਈ ਸੀ।
ਜਹਾਨ ਸੁੱਤਾ ਪਿਆ ਸੀ।
ਸੰਤਰੀ 'ਟੱਪ-ਟੱਪ' ਕਰਦਾ ਹਵਾਲਾਤ ਤੱਕ ਆਉਂਦਾ ਅਤੇ ਫਿਰ ਜਾ ਕੇ ਕੁਝ ਪਲਾਂ ਲਈ ਕੁਰਸੀ 'ਤੇ ਜਾ ਕੇ ਬੈਠ ਜਾਂਦਾ। ਲੱਗਦਾ ਸੀ ਨੀਂਦ ਨੇ ਉਸ ਨੂੰ ਬਹੁਤ ਸਤਾ ਰੱਖਿਆ ਸੀ। ਜਦੋਂ ਸੰਤਰੀ ਫਿਰ ਹਵਾਲਾਤ ਤੱਕ ਆਇਆ ਤਾਂ ਰਣਜੋਧ ਉਠ ਕੇ ਬੈਠ ਗਿਆ।
-"ਕਿਉਂ ਰਣਜੋਧ ਸਿਆਂ-ਨੀਂਦ ਨਹੀ ਆਉਂਦੀ?"
-"ਨੀਂਦ ਕਿੱਥੇ ਜੀ?"
-"ਪਾਅਲ਼ਾ ਤਾਂ ਨਹੀ ਲੱਗਦਾ?"
-"ਨਹੀ ਪਾਅਲ਼ਾ ਤਾਂ ਨਹੀ ਲੱਗਦਾ ਜੀ।"
-"ਹੋਰ-ਪਾਣੀ ਧਾਣੀ ਤਾਂ ਨਹੀ ਪੀਣਾ?"
-"ਨਹੀ ਜੀ ਕਾਸੇ ਦੀ ਲੋੜ ਨਹੀ।"
-"ਘੰਟਾ ਕੁ ਅੜਕ ਮੈਂ ਚਾਹ ਧਰਦੈਂ।"
-"ਸੰਤਰੀ ਜੀ-ਕਿੰਨੇ ਕੁ ਦਿਨ ਮੈਨੂੰ ਐਥੇ ਹੋਰ ਰੱਖਣਗੇ-ਪਤਾ ਹੈ ਕੁਛ?"
-"ਮਿੱਤਰਾ ਇਹ ਤਾਂ ਰੱਖਣ ਵਾਲੇ ਈ ਜਾਨਣ।"
-"ਸੰਤਰੀ ਜੀ ਮੇਰਾ ਤਾਂ ਕੋਈ ਦੋਸ਼ ਈ ਨਹੀ।"
-"ਹੈ ਕਮਲਾ! ਦੋਸ਼ੀ ਨਿਰਦੋਸ਼ ਨੂੰ ਇੱਥੇ ਕੋਈ ਪੁੱਛਦੈ?"
-"ਥੋਨੂੰ ਮੇਰੀ ਘਾਣੀ ਬਾਰੇ ਤਾਂ ਪਤਾ ਈ ਹੋਣੈ?"
-"ਬਿਲਕੁਲ ਪਤਾ ਐ।"
-"ਫੇਰ ਦੱਸੋ ਮੇਰਾ ਕਸੂਰ ਈ ਕੀ ਐ-ਜਦੋਂ ਅਗਲੇ ਅਸਲਾ ਲੈ ਕੇ ਆ ਗਏ?"
-"ਰਣਜੋਧ ਸਿਆਂ-ਖੂਹ 'ਚ ਡਿੱਗੀ ਇੱਟ ਕਦੇ ਸੁੱਕੀ ਨਿਕਲੀ ਐ? ਹੁਣ ਤਾਂ ਗਿੱਦੜਾਂ ਦੇ ਭੱਤੇ ਆ ਗਿਐਂ-ਤੇਰੇ 'ਚੋਂ ਕੁਛ ਨਾ ਕੁਛ ਤਾਂ

ਜਰੂਰ ਕੱਢਣਗੇ।" ਸੰਤਰੀ ਨੇ ਸੌ ਹੱਥ ਰੱਸੇ ਦੇ ਸਿਰੇ ਤੋਂ ਗੰਢ ਖੋਲ੍ਹ ਦਿੱਤੀ। ਮੁੰਡੇ ਨੂੰ ਹਨ੍ਹੇਰੇ ਵਿਚ ਰੱਖ ਕੇ ਉਹ ਧਰਵਾਸ ਨਹੀ ਦੇਣਾ ਚਾਹੁੰਦਾ ਸੀ।
ਰਣਜੋਧ ਰੋਣ ਲੱਗ ਪਿਆ।
-"ਰੋਣ ਨਾਲ ਕੁਛ ਨਹੀ ਬਣਨਾ-ਮੁਸੀਬਤਾਂ ਮਰਦਾਂ ਤੇ ਈ ਪੈਂਦੀਐਂ-ਦਿਲ ਸ਼ੇਰ ਵਰਗਾ ਕਰੇਂਗਾ ਤਾਂ ਹੀ ਇੱਥੇ ਦਿਨ ਕਟੀ ਹੋਊ-ਨਹੀ ਤਾਂ ਦਿਨਾਂ 'ਚ ਈ ਹਾਰਜੇਂਗਾ ਮਿੱਤਰਾ-ਕੰਬਲ ਲੈ ਤੇ ਅੱਖਾਂ ਮੀਚ ਕੇ ਪੈ ਜਾਹ-ਆਪੇ ਨੀਂਦ ਆ ਜਾਊ।"
ਸੰਤਰੀ ਫਿਰ ਪਰ੍ਹੇ ਨੂੰ ਤੁਰ ਗਿਆ।
ਰਣਜੋਧ ਕੰਬਲ ਘੁੱਟ ਕੇ ਪੈ ਗਿਆ।
ਅਸਲ ਵਿਚ ਰਣਜੋਧ ਰਾਤ ਨੂੰ ਖੇਤ ਪਾਣੀ ਲਾ ਰਿਹਾ ਸੀ। ਬਿਜਲੀ ਸਿਰਫ਼ ਰਾਤ ਨੂੰ ਹੀ ਆਉਂਦੀ ਸੀ। ਚਾਹੇ ਪੰਜਾਬ ਦੇ ਹਾਲਾਤ ਕਿਤਨੇ ਵੀ ਮਾੜੇ ਸਨ। ਪਰ ਕਿਸਾਨਾਂ ਨੇ ਆਪਣੀਆਂ ਫ਼ਸਲਾਂ ਛੱਡ ਕੇ ਕਿੱਧਰ ਦੌੜ ਜਾਣਾ ਸੀ? ਗੌਰਮਿੰਟ ਨੇ ਕਿਹੜਾ ਉਹਨਾਂ ਨੂੰ ਕੋਈ ਭੱਤਾ ਦੇ ਦੇਣਾ ਸੀ ਕਿ ਹਾਲਾਤ ਖਰਾਬ ਹਨ, ਬਾਹਰ ਰਾਤ ਨੂੰ ਪਾਣੀ ਲਾਉਣ ਨਾ ਜਾਓ। ਕਿਸਾਨਾਂ ਨੇ ਤਾਂ ਕਰ ਕੇ ਹੀ ਖਾਣਾ ਸੀ। ਦੁਨੀਆਂ ਦਾ ਪੇਟ ਪਾਲਣ ਵਾਲਾ ਪੰਜਾਬ ਦਾ ਕਿਸਾਨ ਖ਼ੁਦ ਭੁੱਖਾ ਮਰਨ 'ਤੇ ਆਇਆ ਹੋਇਆ ਸੀ। ਕਿਸੇ ਸਰਕਾਰੇ ਦਰਬਾਰੇ ਪੁੱਛ-ਪੜਤਾਲ ਜਾਂ ਸੁਣਵਾਈ ਨਹੀ ਸੀ। ਅੰਨ੍ਹੀ ਨੂੰ ਬੋਲਾ ਘੜੀਸੀ ਫਿਰਦਾ ਸੀ। ਮੰਤਰੀਆਂ ਦਾ ਸਾਰਾ ਜ਼ੋਰ ਆਪਣੇ ਸਕੇ ਸੋਧਰਿਆਂ ਨੂੰ ਕੁਰਸੀਆਂ ਦਿਵਾਉਣ 'ਤੇ ਲੱਗਾ ਹੋਇਆ ਸੀ। ਹੋਰ ਕੋਈ ਖਾਵੇ ਖ਼ਸਮਾਂ ਨੂੰ। ਮਰਨ ਪਰ੍ਹੇ-ਫ਼ਾਹਾ ਨਿੱਬੜੇ!
ਰਣਜੋਧ ਜਦੋਂ ਨੱਕਾ ਮੋੜ ਕੇ ਆਇਆ ਤਾਂ ਉਸ ਦੀ ਤਪਾਈ ਹੋਈ ਧੂਣੀ 'ਤੇ ਚਾਰ ਨੌਜਵਾਨ ਬੈਠੇ ਹੱਥ ਸੇਕ ਰਹੇ ਸਨ। ਹਥਿਆਰ ਉਹਨਾਂ ਨੇ ਇੱਕ ਪਾਸੇ, ਇੱਕ ਮੰਜੀ 'ਤੇ ਰੱਖੇ ਹੋਏ ਸਨ। ਓਪਰੇ ਹਥਿਆਰਬੰਦ ਬੰਦੇ ਦੇਖ ਕੇ ਰਣਜੋਧ ਦਾ ਅੰਦਰ ਹਿੱਲ ਗਿਆ। ਉਸ ਨੇ ਸੋਚਿਆ-ਜਾਹ ਜਾਂਦੀਏ ਅੱਜ ਪਤਾ ਨਹੀ ਕੀ ਬੀਤੇਗੀ? ਉਹ ਪਾਣੀ ਵਾਲੀ ਮੋਟਰ ਦੇ ਚਲ੍ਹੇ ਕੋਲ ਸੁੰਨ ਹੋਇਆ ਖੜ੍ਹਾ ਸੀ। ਉਹ ਚਾਹੁੰਦਾ ਸੀ ਕਿ ਕਹੀ ਸੁੱਟ ਕੇ ਕਿਸੇ ਪਾਸੇ ਦੌੜ ਜਾਵੇ। ਪਰ ਦਿਲ ਨੇ ਹਾਂਮੀ ਨਾ ਭਰੀ। ਜੇ ਪਤਾ ਲੱਗ ਗਿਆ ਤਾਂ ਗੋਲੀ ਨਾਲ ਉੜਾ ਦੇਣਗੇ। ਸੋਚਾਂ ਦੀਆਂ ਉਲਝਣਾਂ ਵਿਚ ਬੁਰੀ ਤਰ੍ਹਾਂ ਨਾਲ ਘਿਰਿਆ ਮੁੰਡਾ ਦਿਲ ਕਰੜਾ ਕਰਕੇ ਧੂਣੀ ਕੋਲ ਆ ਗਿਆ। ਧੂਣੀ ਲੱਟ-ਲੱਟ ਮੱਚ ਰਹੀ ਸੀ।
-"ਆਓ ਖ਼ਾਲਸਾ ਜੀ-ਵਾਹਿਗੁਰੂ ਜੀ ਕਾ ਖ਼ਾਲਸਾ-ਵਾਹਿਗੁਰੂ ਜੀ ਕੀ ਫ਼ਤਹਿ।" ਜੱਥੇ ਦੇ ਮੋਢੀ ਨੇ ਕਿਹਾ ਤਾਂ ਰਣਜੋਧ ਨੇ ਡਰਦਿਆਂ ਰਵਾਇਤੀ ਜਿਹਾ 'ਫ਼ਤਹਿ' ਦਾ ਉੱਤਰ ਦਿੱਤਾ।
-"ਖੇਤ ਆਪਣਾ ਈ ਐ ਖ਼ਾਲਸਾ ਜੀ?"
-"ਹਾਂ ਜੀ।"
-"ਬੜੀ ਭਾਰੀ ਫ਼ਸਲ ਐ।"
-".......।" ਮੁੰਡਾ ਚੁੱਪ ਰਿਹਾ। ਉਹ ਆਖਣਾ ਚਾਹੁੰਦਾ ਸੀ ਕਿ ਦਿਨ ਰਾਤ ਵੀ ਅਸੀਂ ਹੀ ਮਰਦੇ ਐਂ।
-"ਕਿਹੜਾ ਨਗਰ ਐ?"
-"ਚੜਿੱਕ-ਤੇ ਆਪਣਾ?" ਰਣਜੋਧ ਨੇ ਦਿਲ ਤਕੜਾ ਕਰਕੇ ਪੁੱਛ ਹੀ ਲਿਆ।
-"ਖ਼ਾਲਸਾ ਜੀ ਜੇ ਸੋਚੀਏ ਤਾਂ ਸਾਰੇ ਨਗਰ ਈ ਆਪਣੇ ਐਂ-ਵੈਸੇ ਕੋਈ ਵੀ ਨਹੀ।" ਮੋਢੀ ਗੱਲ 'ਗੋਲ' ਹੀ ਕਰ ਗਿਆ।
-".......!" ਰਣਜੋਧ ਖ਼ਾਮੋਸ਼ ਹੋ ਗਿਆ।
-"ਪੰਜਾਬ ਦੀ ਧਰਤੀ ਦੇ ਗਲੋਂ ਗੁਲਾਮੀ ਦਾ ਜੂਲਾ ਲਾਹੁੰਣ ਲਈ ਹਥਿਆਰ ਚੁੱਕੇ ਐ ਖ਼ਾਲਸਾ ਜੀ-ਇੱਕ ਨਾ ਇੱਕ ਦਿਨ ਇਸ ਗੁਰੂਆਂ ਦੀ ਧਰਤੀ ਤੇ ਸਾਡੇ ਖ਼ਾਲਸੇ ਦਾ ਰਾਜ ਹੋਵੇਗਾ-ਦਿੱਲੀ ਦੇ ਲਾਲ ਕਿਲ੍ਹੇ ਤੇ ਕੇਸਰੀ ਨਿਸ਼ਾਨ ਝੁਲਾਉਣ ਲਈ ਅਸੀਂ ਬਚਨਬੱਧ ਐਂ-ਐਮੇ ਨਹੀ ਅਸੀਂ ਕੱਕਰ ਭਰੀਆਂ ਰਾਤਾਂ 'ਚ ਸੱਪਾਂ ਦੀਆਂ ਸਿਰੀਆਂ ਮਿੱਧਦੇ ਫਿਰਦੇ।"
-".........।"
-"ਕੀ ਨਾਂ ਐ ਆਪਣਾ?"
-"ਰਣਜੋਧ ਸਿੰਘ।"
-"ਬੱਲੇ-ਬੱਲੇ! ਰਣਜੋਧ ਸਿਆਂ ਸਾਡਾ ਇੱਕ ਕੰਮ ਕਰ-ਸਿੰਘਾਂ ਦੀ ਮੱਦਦ ਕਰਨਾ ਹਰ ਸਿੰਘ ਦਾ ਫ਼ਰਜ਼ ਐ-ਖ਼ਾਲਸੇ ਦੀ ਆਜ਼ਾਦੀ ਲਈ ਅਸੀਂ ਨੰਗੇ ਧੜ ਮੈਦਾਨੇ-ਜੰਗ ਲੜ ਰਹੇ ਹਾਂ।"
-"........।" ਰਣਜੋਧ ਠਠੰਬਰ ਗਿਆ। ਕਿਤੇ ਪੈਸੇ ਈ ਨਾ ਮੰਗ ਲੈਣ? ਘਰੇ ਤਾਂ ਅੱਗੇ ਈ ਭੰਗ ਭੁੱਜਦੀ ਐ-ਨਾਲੇ ਇਹ ਤਾਂ ਮੰਗਦੇ ਵੀ ਲੱਖਾਂ ਤੋਂ ਘੱਟ ਨਹੀ ਪਤੰਦਰ!
-"ਹੁਕਮ ਕਰੋ?" ਮੁੰਡੇ ਨੇ ਦਿਲ ਨੂੰ ਬੰਨ੍ਹ ਮਾਰਿਆ ਹੋਇਆ ਸੀ। ਪਰ ਫਿਰ ਵੀ ਉਸ ਦਾ ਦਿਲ "ਫੜੁੱਕ-ਫੜੁੱਕ" ਵੱਜੀ ਜਾ ਰਿਹਾ ਸੀ। ਕੰਨ ਉਸ ਨੇ ਅਗਲੀ ਗੱਲ ਸੁਣਨ ਲਈ ਸਹੇ ਵਾਂਗ ਚੁੱਕੇ ਹੋਏ ਸਨ।
-"ਫੌਜਾਂ ਕੱਲ੍ਹ ਦੀਆਂ ਭੁੱਖੀਐਂ-ਲੰਗਰ ਦਾ ਪ੍ਰਬੰਧ ਕਰੋ!" ਹੁਕਮ ਹੋ ਗਿਆ। ਰਣਜੋਧ ਦਾ ਦਿਲ ਥਾਵੇਂ ਆ ਗਿਆ। ਬਾਕੀ ਦੇ ਸਾਥੀ ਔਤਾਂ ਦੀ ਮਟੀ ਵਾਂਗ ਸੁੰਨ ਸਨ। ਕੋਈ ਬੋਲ ਨਹੀ ਰਿਹਾ ਸੀ। ਕੋਈ ਹੀਲ-ਹੁੱਜਤ ਨਹੀ ਸੀ।
-"ਕਰ ਦਿੰਨੇ ਐਂ ਜੀ।" ਰਣਜੋਧ ਨੇ ਕਿਹਾ।
-"ਕਰ ਦਿੰਨੇ ਐਂ ਨਹੀ ਖ਼ਾਲਸਾ ਜੀ-ਤੁਰੰਤ ਹੀ ਕਰੋ-ਅਸੀਂ ਅੱਗੇ ਜਾ ਕੇ ਜੱਥਦਾਰ ਦਾ ਹੁਕਮ ਵਜਾਉਣੈ-ਸਮਾਂ ਬਹੁਤ ਘੱਟ ਐ-ਜਿੰਨੀ ਜਲਦੀ ਹੋ ਸਕੇ ਜਾਉ ਤੇ ਝੱਟਪੱਟ ਮੁੜ ਆਓ-ਔਰ ਸੁਣੋ! ਕਿਸੇ ਕੋਲ ਭਾਫ਼ ਨਾ ਨਿਕਲੇ-ਨਹੀ ਤੁਹਾਨੂੰ ਸਾਡੇ ਕਾਨੂੰਨਾਂ ਦਾ ਪਤਾ ਈ ਐ-ਪ੍ਰੀਵਾਰ ਸਮੇਤ ਸੋਧਾ!" ਹੁਕਮ ਦੇ ਨਾਲ ਮੋਢੀ ਨੇ ਧਮਕੀ ਵੀ ਦੇ ਮਾਰੀ।
-"ਬਿਲਕੁਲ ਨਹੀ ਨਿਕਲਦੀ-ਪਰ ਮੈ ਕਿਆਰਾ ਮੋੜ ਆਵਾਂ?"
-"ਮੋੜ ਆਉ!"

ਰਣਜੋਧ ਨੇ ਚਾਰ ਕਿਆਰਿਆਂ ਵਿਚ ਪਾਣੀ ਖੁੱਲ੍ਹਾ ਛੱਡ ਦਿਤਾ ਅਤੇ ਆਪ ਸਾਈਕਲ ਲੈ ਕੇ ਪਿੰਡ ਨੂੰ ਤੁਰ ਗਿਆ। ਜਦੋਂ ਰਣਜੋਧ ਨੇ ਘਰੇ ਜਾ ਕੇ ਅਸਲ ਗੱਲ ਜ਼ਹਿਰ ਕੀਤੀ ਤਾਂ ਘਰ ਵਿਚ ਇੱਕ ਦਮ ਭੂਚਾਲ ਆ ਗਿਆ। ਸਾਰਿਆਂ ਦੇ ਮੂੰਹ ਠਾਕੇ ਗਏ। ਅਚਾਨਕ ਪਈ ਧਾੜ 'ਤੇ ਉਹ ਹੈਰਾਨੀ ਨਾਲੋਂ ਡਰੇ ਹੋਏ ਵੱਧ ਸਨ। ਪਰ ਗੱਲ ਰਣਜੋਧ ਦੇ ਬਾਪੂ ਬਲੀ ਸਿੰਘ ਨੇ ਆਪਣੇ ਹੱਥ ਵਿਚ ਲੈ ਲਈ।

-"ਤੀਮੀਆਂ ਆਲੀ ਮੂੜ੍ਹ ਮੱਤ ਨਾ ਵਰਤੋ-ਰੋਟੀ ਲਾਹੋ ਤੇ ਫੜਾਓ ਮੁੰਡੇ ਦੇ ਹੱਥ-ਜਲਦੀ ਕਰੋ-ਕੁੜੀ ਯਹਾਵੇ ਦੇ ਕਿਤੇ ਖੇਤੋਂ ਪਿੰਡ ਨੂੰ ਮੋੜਾ ਨਾ ਪਾ ਲੈਣ-ਇਹਨਾਂ ਪਰੇਤਾਂ ਤੋਂ ਤਾਂ ਰੱਬ ਦੂਰ ਈ ਰੱਖੇ-ਪਤਾ ਨਹੀ ਕਦੋਂ ਫ਼ੈਰ ਖੋਲ੍ਹ ਦੇਣ।"

-"ਵੇ ਖਸਮਾਂ ਨੂੰ ਖਾਣਿਆਂ ਕਿਤੇ ਗਿੱਝੇ ਗਿਝਾਏ ਨਿੱਤ ਨਾ ਆ ਮਰਿਆ ਕਰਨ?" ਰਣਜੋਧ ਦੀ ਮਾਂ ਨੇ ਦੁਹਾਈ ਦਿੱਤੀ। ਉਸ ਨੂੰ ਸਹੇ ਨਾਲੋਂ ਜ਼ਿਆਦਾ ਪਹੇ ਦਾ ਡਰ ਮਾਰ ਰਿਹਾ ਸੀ। ਗਿੱਲੇ ਗੋਹੇ ਵਾਂਗ ਉਹ ਅੰਦਰੋਂ ਧੁਖ਼ ਰਹੀ ਸੀ।

-"ਤੂੰ ਡੌਂਡੀ ਪਿੱਟ ਕੇ ਗੁਆਂਢੀਆਂ ਨੂੰ ਦੱਸਣੈ-ਕੁੱਤੀਏ ਰੰਨੇ? ਪਹਿਲਾਂ ਆਬਦਾ ਮੂੰਹ ਬੰਦ ਕਰ-ਕਿਵੇਂ ਚਬੜ ਚਬੜ ਮਾਰੀ ਜਾਂਦੀ ਐ ਜਾਬ੍ਹਾਂ ਨੂੰ-ਹਰਾਮ ਦੀ!"

-"........।"

-"ਰੋਟੀ ਖੁਆ ਕੇ ਫਾਹਾ ਵੱਢੋ-ਨਹੀ ਸਾਲੇ ਸਾਰਿਆਂ ਨੂੰ ਫੂਕ ਕੇ ਪਰ੍ਹਾਂ ਹੋਣਗੇ-।" ਬਲੀ ਸਿੰਘ 'ਉਹਨਾਂ' ਦਾ ਗੁੱਸਾ ਆਪਣੀ ਧਰਮ ਪਤਨੀ 'ਤੇ ਕੱਢ ਰਿਹਾ ਸੀ। ਪਈ ਬਿੱਜ 'ਤੇ ਉਸ ਦਾ ਕੋਈ ਵਿਰੋਧ ਨਹੀ ਕਰ ਰਿਹਾ ਸੀ।

ਸਾਰੇ ਬੜੀ ਧੀਮੀ ਅਵਾਜ਼ ਵਿਚ ਬੋਲ ਰਹੇ ਸਨ।

-"ਜੇ ਪੁਲਸ ਨੂੰ ਪਤਾ ਲੱਗ ਗਿਆ-ਫੇਰ ਕੀ ਕਰੇਂਗਾ-ਜਣਦਿਆਂ ਨੂੰ ਰੋਣਿਆਂ?" ਬੇਬੇ ਨੇ ਅਗਲਾ ਫ਼ਿਕਰ ਦੱਸਿਆ।

-"ਤੇਰੀ ਗੁੱਤ ਪਿੱਛੇ ਮੱਤ ਐ-।" ਰਣਜੋਧ ਦੇ ਬਾਪੂ ਨੇ ਉਸ ਦੀ ਮਾਂ ਦੀ ਧੌਣ 'ਚ ਮੁੱਕੀ ਦੇ ਮਾਰੀ।

-"ਮੁਰਦਾ ਬੋਲੂ ਖੱਫਣ ਪਾੜੂ-ਜੇ ਤੂੰ ਇਉਂ ਈ ਕੁੱਤੇ ਮਾਂਗੂੰ ਭੌਂਕੀ ਗਈ-ਤੇਰੀ ਮਾਂ ਪੁਲਸ ਨੂੰ ਤਾਂ ਆਪੇ ਈ ਪਤਾ ਲੱਗੂ-ਤੂੰ ਰੋਟੀਆਂ ਲਾਹ ਕੇ ਹੱਥ ਫੜਾ ਉਹਦੇ-ਉਹ ਕੰਜਰ ਖੇਤੋਂ ਤੁਰਦੇ ਹੋਣ-ਜੇ ਚਿੜ ਕੇ ਜਿਦ 'ਚ ਆ ਗਏ-ਨਿੱਤ ਲੰਗਰ ਭਾਲਿਆ ਕਰਨਗੇ-ਖੇਤ ਈ ਪਾ ਲਈਂ ਰਸੋਈ ਫੇਰ-ਚਲੋ ਕੁੜ੍ਹੇ ਕੁੜੀਓ ਕੀ ਬਿਟਰ ਬਿਟਰ ਝਾਕੀ ਜਾਨੀਐਂ? ਲਾਹੋ ਰੋਟੀ...!" ਬਲੀ ਸਿੰਘ ਨੇ ਤਾੜ ਕੇ ਸਾਰੀਆਂ ਚੌਂਕੇ ਵਾੜ ਦਿੱਤੀਆਂ।

ਪਲਾਂ 'ਚ ਰੋਟੀ ਤਿਆਰ ਹੋ ਗਈ।

ਰੋਟੀਆਂ ਅਤੇ ਸਬਜ਼ੀ ਬੰਨ੍ਹ ਕੇ ਬੇਬੇ ਨੇ ਮੁੰਡੇ ਦੇ ਹੱਥ ਫੜਾ ਦਿੱਤੀਆਂ। ਤੁਰਨ ਲੱਗੇ ਪੁੱਤ ਨੂੰ ਬਾਪੂ ਨੇ ਰੋਕ ਲਿਆ। ਉਹ ਮੁੰਡੇ ਵੱਲ ਇਸ ਤਰ੍ਹਾਂ ਤੱਕ ਰਿਹਾ ਸੀ, ਜਿਵੇਂ ਪੁੱਤ 'ਜੰਗ' ਨੂੰ ਚੱਲਿਆ ਸੀ!

-"ਉਹਨਾਂ ਨੂੰ ਪੁੱਤ ਲੰਗਰ ਝੁਲਸਾ ਕੇ ਤੁਰਦਾ ਕਰ-ਘਬਰਾਉਣਾ ਬਿਲਕੁਲ ਨਹੀ-ਤੇ ਨਾ ਹੀ ਕਿਸੇ ਕੋਲ ਕੋਈ ਗੱਲ ਕਰਨੀ ਐਂ ਸ਼ੇਰਾ-ਵੇਲੇ ਬਹੁਤ ਮਾੜੇ ਆ ਗਏ-ਬੰਦੇ ਦੀ ਅੱਜ ਕੱਲ੍ਹ ਕੁੱਤੇ ਜਿੰਨੀ ਕਦਰ ਨਹੀ-ਕਾਲੇ ਦਿਨਾਂ 'ਚ ਪੁੱਤਰਾ ਕੋਈ ਨਹੀ ਕਿਸੇ ਦੀ ਹਾਂਮੀ ਭਰਦਾ-ਜਦੋਂ ਰੋਟੀ ਖਾ ਕੇ ਤੁਰ ਜਾਣ-ਮੋਟਰ ਬੰਦ ਕਰਕੇ ਆ ਜਾਈਂ-ਖਸਮਾਂ ਨੂੰ ਖਾਵੇ ਪਾਣੀ-ਗੱਲ ਬੰਨ੍ਹ ਲਈ ਪੱਲੇ?"

ਸਿਰ ਹਿਲਾ ਕੇ ਰਣਜੋਧ ਨੇ ਹਾਮੀ ਭਰ ਦਿੱਤੀ ਅਤੇ ਸਾਈਕਲ ਤੇ ਲੱਤ ਦੇ ਲਈ। ਬਲੀ ਸਿੰਘ ਵੱਡਾ ਦਰਵਾਜਾ ਬੰਦ ਕਰਕੇ "ਵਾਹਿਗੁਰੂ-ਵਾਹਿਗੁਰੂ" ਜਪਦਾ ਵਾਪਿਸ ਆ ਗਿਆ।

-"ਅੱਧੀ ਰਾਤੋਂ ਤੁਰੇ ਫਿਰਦੇ ਓਂ, ਸੁੱਖ ਐ?" ਬਨੇਰੇ ਉਪਰੋਂ ਗੁਆਂਢੀ ਨੇ ਪੁੱਛਿਆ। ਉਹ ਸਾਂਝੀ ਕੰਧ ਉਪਰੋਂ ਸੱਪ ਵਾਂਗ ਸਿਰ ਚੁੱਕੀ ਖੜ੍ਹਾ ਸੀ। ਉਸ ਦੀਆਂ ਅੱਖਾਂ ਵਿਹੜੇ ਵਿਚ ਘੁਕੀ ਜਾ ਰਹੀਆਂ ਸਨ।

ਬਲੀ ਸਿੰਘ ਦਾ ਮੱਥਾ ਜੋਰ ਦੇਣੇ ਠਣਕਿਆ।

ਪਰ ਉਹ ਸੰਭਲ ਗਿਆ। ਘਬਰਾਉਣਾ ਅੱਤ ਦੀ ਬੇਵਕੂਫ਼ੀ ਸੀ।

-"ਆਹੋ ਕਾਮਰੇਟਾ ਸੁੱਖ ਈ ਐ-ਆਪਣੇ ਜੋਧ ਦੇ ਦਰਦ ਹੁੰਦਾ ਸੀ-ਚੂਰਨ ਲੈ ਕੇ ਗਿਐ।" ਬਲੀ ਸਿੰਘ ਨੇ ਪਸੀਨੇ ਨਾਲ ਤਰ-ਬਤਰ ਹੱਥ ਮਲੇ। ਅੰਦਰੋਂ ਉਹ ਬੁਰੀ ਤਰ੍ਹਾਂ ਨਾਲ ਥਿੜਕ ਗਿਆ ਸੀ।

-"ਮੈ ਤਾਂ ਕੁਛ ਹੋਰ ਸੋਚਿਆ ਸੀ-।" ਕਾਮਰੇਡ ਬੋਲਿਆ।

-"ਕੀ.....?" ਸਾਹ ਬਲੀ ਸਿੰਘ ਦੇ ਸੰਘ ਵਿਚ ਹੀ ਅੜ ਗਿਆ ਸੀ। ਲੱਤਾਂ ਉਸ ਦੀਆਂ ਜਵਾਬ ਦੇ ਰਹੀਆਂ ਸਨ।

-"ਮੈ ਕਿਹਾ ਕਿਤੇ ਮੱਝ ਸੂਅ ਪਈ।"

ਬਲੀ ਸਿੰਘ ਨੇ ਪੂਰਾ ਸਾਹ ਲਿਆ।

ਖ਼ੁਸ਼ਕ ਹੋਏ ਪ੍ਰਾਣਾਂ ਵਿਚ ਜਾਨ ਮੁੜ ਆਈ।

-"ਨਹੀ ਮੱਝ ਕਾਹਨੂੰ ਸੂਈ ਐ।"

-"ਦਰਦਾਂ ਨੂੰ ਵੀ ਬਲੀ ਸਿਆਂ ਕੀ ਦੋਸ਼ ਐ? ਸਪਰੇਆਂ ਖਾਦਾਂ ਨਿਰੀਆਂ ਜਹਿਰ ਐ-ਪਰ ਕੋਈ ਵੱਸ ਨਹੀ-ਜੇ ਸਪਰੇਅ ਨਹੀ ਕਰਦੇ-ਖਾਦਾਂ ਨਹੀ ਪਾਉਂਦੇ-ਫਸਲ ਨਹੀ ਹੁੰਦੀ-ਦਾਣੇ ਨਹੀ ਖਾਣ ਜੋਗੇ ਘਰੇ ਆਉਂਦੇ।" ਕਰਦਾ ਕਰਦਾ ਕਾਮਰੇਡ ਕੰਧੋਂ ਥੱਲੇ ਲਹਿ ਗਿਆ।

ਬਲੀ ਸਿੰਘ ਕੁੜ੍ਹਦਾ ਅੰਦਰ ਚਲਾ ਗਿਆ।

-"ਜਦੋਂ ਭਿੰਡਰਾਂ ਆਲ਼ਾ ਜਿਉਂਦਾ ਸੀ-ਉਦੋਂ ਮੇਰੇ ਸਾਲੇ ਪਤਾ ਨਹੀ ਕਿਹੜੀ ਕੂਟੀਂ ਚੜ੍ਹ ਗਏ ਸੀ-ਬਾਹਵਾ 'ਰਾਮਦਾਰੀ ਰਹੀ ਸੀ-ਹੁਣ ਕੁੜੀ ਚੋਦ ਫੇਰ ਗੰਡੋਇਆਂ ਮਾਂਗੂੰ ਬਾਹਰ ਨਿੱਕਲ ਆਏ।"

-"ਚੱਲ ਨਾ ਬਿਲੂੰ-ਬਿਲੂੰ ਕਰ-ਪੈ ਜਾਹ ਹੁਣ।"

-"ਪੈ ਤਾਂ ਜਾਨੈ-ਕਿਹੜਾ ਨੀਂਦ ਆਉਣੀ ਐਂ।"

-"ਰੱਬ ਦਾ ਨਾਂ ਲੈ।"
-"ਬਥੇਰਾ ਲਈਦੈ-ਪਤਾ ਨਹੀ ਰੱਬ ਵੀ ਕਿਹੜੀ ਪਹਾੜੀ ਚੜ੍ਹ ਗਿਆ?"
-"ਭੀੜਾਂ ਭਗਤਾਂ ਤੇ ਈ ਪੈਂਦੀਐਂ।"
-"ਨਿੱਤ ਬੇਗੁਨਾਂਹ ਮਰੀ ਜਾਂਦੇ ਐ।"
-"ਉਹਦੇ ਰੰਗ ਨਿਆਰੇ ਐ-।"
-"ਕੀਤੀ....!"
-"ਹਾਂ ਬੇਬੇ....?"
-"ਤੂੰ ਆਬਦੀ ਭਾਬੀ ਕੋਲੇ ਪੈ ਜਾਹ ਪੁੱਤ!"
-"ਅਸੀਂ ਪੈ ਗਈਆਂ ਬੇਬੇ।"
ਕੁੜੀ ਦਾ ਉਤਰ ਆਇਆ।
-"ਸ਼ਾਬਾਸ਼ੇ ਪੁੱਤ!"
ਨਣਾਨ ਭਰਜਾਈ ਨੂੰ ਵੀ ਅੱਚਵੀ ਲੱਗੀ ਹੋਈ ਸੀ।
-"ਕੀਤੀ ਮੇਰਾ ਤਾਂ ਦਿਲ ਘਟੀ ਜਾਂਦੈ।"
-"ਤੋੜ ਤਾਂ ਭਾਬੀ ਮੈਨੂੰ ਵੀ ਲੱਗੀ ਪਈ ਐ।"
-"ਪਤਾ ਨਹੀ ਕੀ ਹੋਊ?"
-"ਜੋ ਦੁਨੀਆਂ ਨਾਲ ਹੋਊ-ਉਹੀ ਆਪਣੇ ਨਾਲ ਹੋਊ।"
-"ਹੇ ਡਾਢਿਆ ਰੱਬਾ ਸੁੱਖ ਸ਼ਾਂਤੀ ਈ ਰੱਖੀਂ।" ਭਾਬੀ ਨੇ ਗਜ਼ ਭਰ ਲੰਮਾ ਹਾਉਕਾ ਲਿਆ। ਜੋ ਕੀਤੀ ਦੇ ਦਿਲੋਂ ਆਰ ਪਾਰ ਲੰਘ ਗਿਆ। ਉਸ ਨੇ ਸੱਜ-ਵਿਆਹੀ ਭਾਬੀ ਨੂੰ ਜੱਫੀ ਵਿਚ ਲੈ ਕੇ ਧਾਹ ਮਾਰੀ। ਉਸ ਦਾ ਕਾਲਜਾ ਭਾਬੀ ਦੇ ਦੁੱਖ ਨਾਲ ਕਤਲ ਹੋਇਆ ਪਿਆ ਸੀ। ਕੁੜੀ ਦੀਆਂ ਅੱਖਾਂ ਕਿਸੇ ਗਰੀਬ ਦੇ ਘਰ ਵਾਂਗ ਚੋਅ ਰਹੀਆਂ ਸਨ। ਪਈ ਕੀਤੀ ਦੇ ਹੰਝੂ ਉਸ ਦੇ ਕੰਨਾਂ 'ਤੇ "ਤਰਿੱਪ-ਤਰਿੱਪ" ਡਿੱਗ ਰਹੇ ਸਨ। ਇਹ ਹੀ ਹਾਲ ਭਾਬੀ ਦਾ ਸੀ। ਉਸ ਦੀ ਛਾਤੀ ਵਿਚੋਂ ਝੱਖੜ ਵਾਂਗ ਹਾਉਕਾ ਉਠਦਾ ਸੀ ਅਤੇ ਸਾਰੇ ਸਰੀਰ ਨੂੰ ਛਾਂਗ ਜਾਂਦਾ ਸੀ।
ਬੇਬੇ-ਬਾਪੂ ਵੀ ਹੌਲੀ ਹੌਲੀ ਦੁੱਖ ਫਰੋਲ ਰਹੇ ਸਨ।
ਰਾਤ ਦਾ ਡੇੜ੍ਹ ਵੱਜ ਗਿਆ ਸੀ ਜਦੋਂ ਰਣਜੋਧ ਰੋਟੀ ਲੈ ਕੇ ਉਨ੍ਹਾਂ ਕੋਲ ਪੁੱਜਿਆ। ਧੂਣੀ ਅਜੇ ਵੀ ਲਟਾ-ਲਟ ਬਲ ਰਹੀ ਸੀ। ਸ਼ਾਇਦ ਸਿੰਘਾਂ ਨੇ ਹੋਰ ਬਾਲਣ ਉਪਰ ਸੁੱਟ ਦਿੱਤਾ ਸੀ।
ਜਦ ਰੋਟੀ ਅਤੇ ਸਬਜ਼ੀ ਵਾਲਾ ਪੋਣਾਂ ਖੋਲ੍ਹ ਕੇ ਰਣਜੋਧ ਨੇ ਉਹਨਾਂ ਅੱਗੇ ਕਰਿਆ ਤਾਂ ਉਹ ਹਾਬੜਿਆਂ ਵਾਂਗ ਰੋਟੀ ਨੂੰ ਪੈ ਗਏ। ਰਣਜੋਧ ਦੇ ਮਨ ਨੇ ਕੁਝ ਸੰਤੁਸ਼ਟੀ, ਕੁਝ ਰਾਹਤ ਮਹਿਸੂਸ ਕੀਤੀ। ਭੁੱਖਿਆਂ ਨੂੰ ਖੁਆਉਣਾ ਤਾਂ ਇੱਕ ਧਰਮ ਦਾ ਕੰਮ ਹੈ। ਚਾਹੇ ਇਹ ਖਾੜਕੂ ਹਨ ਅਤੇ ਚਾਹੇ ਲੁਟੇਰੇ। ਹਨ ਤਾਂ ਅਕਸਰ ਰੱਬ ਦੇ ਮਾਨੁੱਖ ਹੀ। ਇਹ ਚਾਹੇ ਕੋਈ ਅਸੀਸ ਦੇਣ ਨਾ ਦੇਣ। ਪਰ ਇਹਨਾਂ ਦੀਆਂ ਭੁੱਖੀਆਂ ਆਂਦਰਾਂ ਤਾਂ ਅਸੀਸਾਂ ਜਰੂਰ ਦੇਣਗੀਆਂ। ਇਹ ਜੋ ਚੰਗਾ-ਮੰਦਾ ਕੰਮ ਕਰਦੇ ਹਨ-ਆਪੇ ਭੁਗਤਣਗੇ-ਆਪਾਂ ਨੂੰ ਕੀ? "ਫ਼ਰੀਦਾ ਤੇਰੀ ਝੌਂਪੜੀ ਗਲ ਕਟੀਅਨ ਕੇ ਪਾਸ।। ਜੋ ਕਰਨਗੇ ਸੋ ਭਰਨਗੇ ਤੂੰ ਕਿਉਂ ਭਇਓ ਉਦਾਸ।।" ਮੈ ਤਾਂ ਰੋਟੀ ਲਿਆ ਕੇ ਪੁੰਨ ਦਾ ਕੰਮ ਹੀ ਖੱਟਿਆ ਹੈ-ਰੱਬ ਉਪਰ ਦੇਖਦਾ ਹੈ।
ਰੋਟੀ ਖਾ ਕੇ ਉਹਨਾਂ ਵੱਡੇ ਵੱਡੇ ਡਕਾਰ ਮਾਰੇ।
ਪਾਣੀ ਵਾਲੇ ਚਲ੍ਹੇ ਕੋਲ ਹੋ ਕੇ ਹੱਥ ਧੋ, ਕੁਰਲੀਆਂ ਕਰ ਲਈਆਂ। ਭੰਡਾਰੇ ਭਰਪੂਰ ਹੋ ਗਏ ਸਨ।
-"ਹੁਣ ਤਾਂ ਇੱਕ ਇੱਕ ਗਿਲਾਸ ਚਾਹ ਹੋਵੇ ਨਾ-ਤਾਂ ਬੱਸ ਚਿੱਠੇ ਈ ਤਰ ਜਾਣ।" ਇੱਕ ਨੇ ਪਰਨੇ ਨਾਲ ਮੂੰਹ ਪੂੰਝਦਿਆਂ ਆਖਿਆ। ਮੋਢੀ "ਮੈਦਾਨ ਮਾਰਨ" ਤੁਰ ਗਿਆ।
-"ਕਿਉਂ, ਏਥੇ ਤੇਰੀ ਬੇਬੇ ਸੂਈ ਐ?" ਨਾਲ ਦੇ ਨੇ ਟਾਂਚ ਕੀਤੀ।
-"ਤੇਰੀ ਸੂਈ ਹੋਣੀ ਐ?"
-"ਦੁੱਧ ਦੀ ਬੋਤਲ ਪਈ ਐ-ਮੈ ਚਾਹ ਧਰ ਦਿੰਨੈ-ਤੁਸੀਂ ਤਕਰਾਰ ਨਾ ਕਰੋ-।" ਰਣਜੋਧ ਨੇ ਕਿਹਾ।
-" ਉਏ ਬੱਲੇ ਰਣਜੋਧ ਸਿੰਘ ਸ਼ੇਰਾ! ਸੇਰ ਖੂਨ ਵਧਾ ਦਿੱਤਾ ਗੱਲ ਕਰਕੇ-ਧਰ ਚਾਹ ਮੱਲ ਬਣਕੇ-ਜਿੱਦੇਂ ਖਾਲਸਤਾਨ ਬਣ ਗਿਆ ਤੈਨੂੰ ਕੋਈ ਅਹੁਦਾ ਜਰੂਰ ਦੇਵਾਂਗੇ।"
-"ਸਾਲਿਆ ਜਦੋਂ ਨੂੰ ਖਾਲਿਸਤਾਨ ਬਣਨੈ-ਉਦੋਂ ਨੂੰ ਤੇਰੇ ਹੱਡ ਗੰਗਾ ਪਏ ਹੋਣਗੇ।" ਸਾਥੀ ਨੇ ਕਿਹਾ।
-"ਸ਼ਹਾਦਤ ਵੀ ਕਹਿੰਦੇ ਕਿਸਮਤ ਆਲੇ ਨੂੰ ਨਸੀਬ ਹੁੰਦੀ ਐ-ਸ਼ਹੀਦ ਸਿੱਧਾ ਸੁਰਗਾਂ ਨੂੰ ਜਾਂਦੈ-।"
-"ਸੁਰਗਾਂ 'ਚ ਵਾੜ ਕੇ ਤੈਨੂੰ ਰੱਬ ਨੇ ਆਬਦਾ ਸੁਰਗ ਪਲੀਤ ਕਰਨੈ? ਨਾਸਾਂ 'ਚ ਦੇ ਲਊ ਉਂਗਲ!"
-"ਐਥੇ ਤਾਂ ਸਾਲੀ ਨਹੀ ਸੀ ਕਰਮਾਂ 'ਚ-ਰੱਬ ਦੇ ਸੁਰਗ 'ਚ ਤਾਂ ਮੈ ਦੇਬਤੀਆਂ ਤੋਂ ਲੱਤਾਂ ਘੁਟਾਇਆ ਕਰੂੰ-ਤੇ ਨਾਲੇ ਕਰਿਆ ਕਰੂੰ ਚੋਲ੍ਹ-ਮੋਲ੍ਹ।"
-"ਸਾਲੇ ਨੂੰ ਰੋਟੀਆਂ ਦਾ ਥੱਬਾ ਖਾ ਕੇ ਗੱਲਾਂ ਕਿਮੇਂ ਆਉਣ ਲੱਗ ਪਈਆਂ-ਮਰਿਆਂ ਮਾਂਗੂੰ ਬੈਠਾ ਸੀ।"
-"ਉਥੇ ਤਾਂ ਮੇਰੇ ਯਾਰ ਮਜ੍ਹਬੀ ਭਰਾਂਵਾਂ ਦਾ ਸੁਰਗ ਵੀ ਅੱਡ ਈ ਹੋਊ।"
-"ਐਮੇ ਨਾ ਮਜ੍ਹਬੀ-ਮਜ੍ਹਬੀ ਆਖੀ ਜਾਓ-ਮੈ ਕਲਗੀਆਂ ਆਲੇ ਪਾਤਸ਼ਾਹ ਦਾ ਰੰਘਰੇਟਾ ਸਿੰਘ ਐਂ-ਦਸਮੇ ਪਿਤਾ ਮੈਨੂੰ ਥੋਡਾ ਸਰਪੈਂਚ ਬਣਾਉਣਗੇ।"

-"ਮੂੰਹ ਵੀ ਫਿਰ ਸਾਥੋਂ ਈ ਭੰਨਾਇਆ ਕਰੇਂਗਾ।"
-"ਮੈਂ ਸੁਰਗ 'ਚ ਪਹੁੰਚਣ ਸਾਰ ਥੋਡੀਆਂ ਅਗਾਊਂ ਜਮਾਨਤਾਂ ਕਰਵਾ ਦੇਣੀਐਂ-ਜਾਣ ਸਾਰ ਦਰਖਾਸਤ ਦੇ ਦੇਣੀ ਐਂ।"
-"ਕੁਛ ਕਰੀਂ-ਤੇਰੀਆਂ ਵਿੰਗੀਆਂ ਜਿਹੀਆਂ ਲੱਤਾਂ ਅਸੀਂ ਦੋ ਥਾਂ ਕਰਨੀਆਂ ਈ ਕਰਨੀਐਂ-ਤੂੰ ਆਬਦਾ ਜੋਰ ਲਾ ਲਈਂ-ਇੱਕੋ ਟੱਕ ਨਾਲ ਲੱਤ ਗਰਚ ਦੇਣੇ ਪਰ੍ਹੇ, ਬੱਸ...!"
-"ਫੇਰ ਸਿੱਧੇ ਈ ਟਾਡਾ ਅਧੀਨ ਅੰਦਰ।"
-"ਉਥੇ ਟਾਡਾ ਮਜ਼੍ਹਬੀਆਂ 'ਤੇ ਲਾਗੂ ਹੁੰਦਾ ਹੋਊ-ਜੱਟਾਂ ਤੇ ਨਹੀ।" ਇੱਕ ਨੇ ਲਾ ਕੇ ਆਖਿਆ ਤਾਂ ਮੁੰਡਾ ਵੱਟ ਖਾ ਗਿਆ। ਉਸ ਦੀਆਂ ਚੜ੍ਹ ਮੱਚੀਆਂ ਸਨ।
-"ਉਏ ਨਲਾਇਕੋ ਜੱਟੋ...! ਤੁਸੀਂ ਉਦੋਂ ਕਿੱਥੇ ਗਏ ਸੀ ਉਏ, ਜਦੋਂ ਬਾਜਾਂ ਆਲੇ ਪਿਤਾ ਨੇ ਪੰਜ ਪਿਆਰੇ ਸਾਜੇ ਸੀ? ਕੋਈ ਉੱਠਿਆ ਉਦੋਂ ਥੋਡੇ 'ਚੋ? ਤੁਸੀਂ ਉਸ ਵੇਲੇ ਕਿੱਥੇ ਸੀ, ਜਦੋਂ ਨੌਂਵੇਂ ਗੁਰੂ ਤੇਗ ਬਹਾਦਰ ਦਾ ਸੀਸ ਚਾਂਦਨੀ ਚੌਂਕ 'ਚ ਪਿਆ ਸੀ..? ਤੁਸੀਂ ਉਦੋਂ ਨਾ ਨਿੱਤਰੇ..? ਉਦੋਂ ਨਿੱਤਰਿਆ ਸਰਦਾਰ ਜੀਵਨ ਸਿੰਘ ਰੰਘਰੇਟਾ-ਗੁਰੂ ਦਾ ਲਾਡਲਾ ਸੂਰਮਾਂ-ਬਾਘ ਸ਼ੇਰ ਬਹਾਦਰ-ਸਾਨੂੰ ਗੁਰੂ ਕਿਆਂ ਨੇ ਰੰਘਰੇਟੇ ਗੁਰੂ ਕੇ ਬੇਟੇ ਦਾ ਥਾਪੜਾ ਦਿੱਤਾ ਹੋਇਐ-ਤੇ ਤੁਸੀਂ ਪਾੜ ਕੇ ਮੁਖਤੀ ਦੀਆਂ ਰੋਟੀਆਂ ਬਣਨ ਤੁਰਪੇ ਸੂਰਮੇਂ..! ਸਾਲੇ ਕੋਹੜ੍ਹੀ ਕਿਸੇ ਥਾਂ ਦੇ।" ਉਹ ਤਾਅ ਖਾ ਗਿਆ ਸੀ।
ਚਾਹ ਆ ਗਈ।
ਉਸ ਨੇ ਜੋਸ਼ ਵਿਚ ਚਾਹ ਦਾ ਗਿਲਾਸ ਮੂੰਹ ਨੂੰ ਲਾ ਲਿਆ। ਸੜਦੀ ਚਾਹ ਨੇ ਮੁੰਡੇ ਦਾ ਮੂੰਹ 'ਲੂਹ' ਦਿੱਤਾ।
-"ਮਰੋ ਉਏ ਭੈਣ ਦੇਣੇ ਦਿਓ..!" ਉਸ ਨੇ ਚਾਹ ਦਾ ਗਿਲਾਸ ਹੇਠਾਂ ਰੱਖ ਕੇ, ਹੱਥ ਮਲਦਿਆਂ "ਸੀਅ-ਸੀਅ" ਕਰਨੀ ਸੁਰੂ ਕਰ ਦਿੱਤੀ।
-"ਕਿੱਡਾ ਹਲਕਿਆ ਵਿਐ-ਹੌਲੀ ਮਰਲਾ।"
-"ਬਾਹਲੀ ਤੱਤੀ ਐ ਸਾਲੀ-ਮੇਰਾ ਤਾਂ ਮੂੰਹ ਜਲ਼ ਗਿਆ-ਹੱਥ ਮੱਚਗੇ।"
-"ਕੋਈ ਮਗਰ ਪਿਐ?"
-"ਉਤੋਂ ਟੈਮ ਦੇਖਲਾ ਕੀ ਹੋਣ ਆਲੈ..? ਮੇਰੇ ਰਿਸ਼ਤੇਦਾਰਾਂ ਨੇ ਚਾਰ ਵਜੇ ਈ ਨਾਕੇ ਆ ਮੱਲਣੇ ਐਂ-ਤੁਸੀਂ ਤਾਂ ਸਾਲਿਓ ਕਿਸੇ ਪੁਲ਼ੀ ਦੀ ਆੜ ਲੈ ਲਵੋਂਗੇ-ਮੈ ਤਾਂ ਗੁਰੂ ਦਾ ਸੂਰਮਾਂ ਸਿੱਧੀ ਹਿੱਕ 'ਚ ਗੋਲੀ ਖਾਊਂ।"
-"ਸੁਰਗ ਵੀ ਤੈਨੂੰ ਈ ਉਡੀਕਦੈ।"
ਮੋਢੀ 'ਮੈਦਾਨ-ਮਾਰ' ਕੇ ਵਾਪਿਸ ਆ ਗਿਆ।
ਸਾਰੇ ਸ਼ਾਂਤ ਹੋ ਗਏ।
-"ਹਾਂ ਬਈ ਸਿੰਘੋ ਤਿਆਰ ਹੋ...?"
-"ਬੱਸ ਘੁੱਟ ਕੁ ਚਾਹ ਰਹਿੰਦੀ ਐ।"
-"ਪੀਓ, ਤੇ ਬਣੋ ਮੱਲ।"
ਸਾਰਿਆਂ ਨੇ ਚਾਹ ਨਬੇੜ ਦਿੱਤੀ।
-"ਲੈ ਬਈ ਰਣਜੋਧ ਸਿਆਂ-ਤੇਰਾ ਬਹੁਤ ਬਹੁਤ ਧੰਨਵਾਦ-ਜਿਉਂਦੇ ਰਹੇ ਤਾਂ ਤੇਰਾ ਅਹਿਸਾਨ ਮੋੜਾਂਗੇ-ਗੁਰੂ ਨੂੰ ਪਿਆਰੇ ਹੋ ਗਏ ਤਾਂ ਕੁਛ ਕਹਿ ਨਹੀ ਸਕਦੇ।" ਮੋਢੀ ਨੇ ਕਿਹਾ।
ਰਣਜੋਧ ਨੇ ਸੁੱਖ ਦਾ ਸਾਹ ਲਿਆ ਕਿ ਜਿਹੜਾ ਆਹ ਕੁਛ ਕਹਿ ਗਏ, ਹੁਣ ਨਹੀ ਮੁੜ ਕੇ ਆਉਂਦੇ। ਉਸ ਨੇ ਗਿਲਾਸ ਇਕੱਠੇ ਕਰਕੇ ਕੋਠੜੀ ਅੰਦਰ ਸੁੱਟ ਦਿੱਤੇ ਅਤੇ ਆਪ ਮੋਟਰ ਬੰਦ ਕਰਕੇ ਘਰ ਨੂੰ ਤਿੱਤਰ ਹੋ ਗਿਆ।
ਸਵੇਰ ਦੇ ਸਵਾ ਚਾਰ ਵੱਜ ਗਏ ਸਨ।
ਖਿੱਤੀਆਂ ਘੁੰਮ ਗਈਆਂ ਸਨ।
ਪਹਿਲੇ ਸਿਪਾਹੀ ਦੀ ਡਿਊਟੀ ਬਦਲ ਗਈ ਸੀ। ਪਹਿਲਾ ਸਿਪਾਹੀ ਤਿੰਨ ਵਜੇ ਰਣਜੋਧ ਲਈ ਚਾਹ ਲੈ ਕੇ ਆਇਆ ਸੀ। ਪਰ ਮੁੰਡੇ ਨੂੰ ਮਸਾਂ ਹੀ ਸੁੱਤਾ ਦੇਖ ਕੇ, ਉਸ ਨੇ ਰਣਜੋਧ ਨੂੰ ਜਗਾਉਣਾ ਠੀਕ ਨਾ ਸਮਝਿਆ ਅਤੇ ਦੂਜੇ ਗਿਲਾਸ ਵਾਲੀ ਚਾਹ ਵੀ ਆਪ ਹੀ ਪੀ ਲਈ। ਹੁਣ ਡਿਊਟੀ ਗੁਰਮੀਤ ਦੀ ਸੀ।
ਗੁਰਮੀਤ ਸੁਭਾਅ ਦਾ ਬਹੁਤ ਹੀ ਕੁਰੱਖ਼ਤ ਅਤੇ ਦਿਮਾਗ ਦਾ ਖਰ ਬੰਦਾ ਸੀ। ਉਸ ਦੀ ਬੇਈਮਾਨ ਅੱਖ ਵਿਚ ਹਮੇਸ਼ਾ ਘੂਰ ਅਤੇ ਮੂੰਹ 'ਤੇ ਸਿੱਧੀ ਗਾਲ੍ਹ ਲਿਖੀ ਹੋਈ ਸੀ। ਉਸ ਦੀ ਖੋਦੀ ਬੋਕ ਦਾਹੜੀ ਉਸ ਦੇ ਚਿਹਰੇ ਨੂੰ ਹੋਰ ਭਿਆਨਕ ਬਣਾਉਂਦੀ ਸੀ ਅਤੇ ਲੰਡੀਆਂ ਜਿਹੀਆਂ ਮੁੱਛਾਂ ਨੂੰ ਉਹ ਚੂਹੇ ਦੀ ਪੂਛ ਵਾਂਗ ਤਿੱਖੀਆਂ ਕਰਕੇ ਰੱਖਦਾ ਸੀ। ਮੰਤਰੀ ਦੇ ਘਰ ਗਈ ਗਧੀ ਵਾਂਗ , ਠਾਣੇਦਾਰ ਦਾ ਟਾਊਟ ਹੋਣ ਕਰਕੇ ਠਾਣੇ ਦੇ ਕਿਸੇ ਕਰਮਚਾਰੀ ਨੂੰ ਕੁਝ ਬਿਦਦਾ ਹੀ ਨਹੀ ਸੀ।
ਰਣਜੋਧ ਦੇ ਵੱਜਦੇ ਘੁਰਾੜ੍ਹੇ ਸਿਪਾਹੀ ਦੇ ਕੰਨਾਂ ਵਿਚ ਹੁੱਝਾਂ ਮਾਰ ਰਹੇ ਸਨ। ਰਾਤ ਦੀ ਪੀਤੀ ਹੋਈ ਦੇਸੀ ਦਾਰੂ ਅਜੇ ਵੀ ਨਾ ਉਤਰਨ ਕਾਰਨ ਉਸ ਦਾ ਸਿਰ "ਟੱਸ-ਟੱਸ" ਕਰ ਰਿਹਾ ਸੀ। ਉਸ ਨੂੰ ਚੇਹ ਚੜ੍ਹੀ ਹੋਈ ਸੀ।
ਪੈਂਦੀ ਸੱਟੇ ਉਸ ਨੇ ਸਲਾਖਾਂ ਵਿਚੋਂ ਦੀ ਰਣਜੋਧ ਦੀ ਵੱਖੀ ਵਿਚ ਬੰਦੂਕ ਦਾ ਬੱਟ ਮਾਰਿਆ। ਬੱਟ ਇਤਨੀ ਬੇਰਹਿਮੀ ਨਾਲ ਮਾਰਿਆ ਕਿ ਮੁੰਡਾ ਫ਼ਰਸ਼ 'ਤੇ ਹੀ ਚਾਕੂ ਵਾਂਗ ਇਕੱਠਾ ਹੋ ਗਿਆ ਅਤੇ ਨਾਲ ਹੀ ਉਸ ਦੀ ਇੱਕ ਦਰਦਨਾਕ ਚੀਕ ਨਿਕਲ਼ੀ, "ਹਾਏ ਉਏ ਰੱਬਾ ਮਰ ਗਿਆ!" ਬੰਦੂਕ ਦੇ ਬੱਟ ਦੀ ਚੀਸ ਮੁੰਡੇ ਦੇ ਸਰੀਰ ਅੰਦਰ ਅੱਗ ਦੀਆਂ ਲਾਟਾਂ ਬਣ, ਭਾਂਬੜ ਤਰ੍ਹਾਂ ਫ਼ੈਲ ਗਈ। ਉਹ ਵੱਖੀ ਘੁੱਟੀ, ਕਮਾਨੀ ਵਾਂਗ ਦੂਹਰਾ ਹੋਇਆ ਫ਼ਰਸ਼ 'ਤੇ ਹੀ ਪਿਆ ਸੀ। ਉਠਣ ਲਈ ਸਾਹ-ਸਤ ਨਹੀ ਰਿਹਾ ਸੀ। ਉਸ ਨੇ ਔਖਾ ਸੌਖਾ ਹੋ ਕੇ ਪਾਸਾ ਪਰਤਿਆ ਅਤੇ ਨਵੇਂ ਸਿਪਾਹੀ ਨੂੰ ਗਹੁ ਨਾਲ ਤੱਕ ਕੇ ਪਹਿਚਾਨਣ ਦੀ ਕੋਸ਼ਿਸ਼ ਕੀਤੀ। ਸਿਪਾਹੀ ਭੂਸਰਿਆ, ਸਾਹਣ ਵਾਂਗ ਫੂਕਾਰੇ ਮਾਰੀ ਜਾ ਰਿਹਾ ਸੀ। ਉਸ ਦੀ ਭਿਆਨਕ ਨਜ਼ਰ ਮੁੰਡੇ ਦੇ ਮੂੰਹ 'ਤੇ ਅੱਗ ਵਰ੍ਹਾ ਰਹੀ ਸੀ।

-"ਹਾਏ ਸੰਤਰੀ ਜੀ-ਮੈ ਤਾਂ ਮਰ ਗਿਆ....!"
ਰਣਜੋਧ ਦੀਆਂ ਪੱਸਲੀਆਂ 'ਚੋਂ ਲਾਟਾਂ ਨਿਕਲ ਰਹੀਆਂ ਸਨ।
-"ਤੇਰੀ ਮੈ ਭੈਣ ਨੂੰ ਨਵੇਂ ਦੁੱਧ ਕਰ ਦਿਆਂ-ਐਥੇ ਪਿਆ ਮੌਜ ਨਾਲ ਘੁਰਾੜ੍ਹੇ ਮਾਰੀ ਜਾਨੈਂ-ਸਹੁਰੀਂ ਆਇਐਂ...?" ਸਿਪਾਹੀ ਨੇ ਬੰਦੂਕ ਦਾ ਬੱਟ ਹੋਰ ਦੇ ਮਾਰਿਆ। ਰਣਜੋਧ ਹਲਾਲ ਕੀਤੇ ਜਾ ਰਹੇ ਬੱਕਰੇ ਵਾਂਗ ਮਿਆਂਕ ਕੇ ਨਿੱਸਲ ਹੋ ਗਿਆ। ਨਿਰਬਲ ਹੋ ਗਿਆ। ਤੇਜ਼, ਪਰ ਗੁੱਝੀ ਸੱਟ ਨਾਲ ਨਾ ਤਾਂ ਉਸ ਨੂੰ ਚੱਜ ਨਾਲ ਸਾਹ ਆ ਰਿਹਾ ਸੀ ਅਤੇ ਨਾ ਹੀ ਕੁਝ ਬੋਲ ਸਕਦਾ ਸੀ। ਖੱਸੀ ਕੀਤੇ ਬਲਦ ਵਾਂਗ ਉਹ ਕਸੀਸ ਜਿਹੀ ਵੱਟੀ ਪਿਆ ਸੀ। ਪਰ ਫਿਰ ਵੀ ਉਸ ਨੇ ਸਾਰਾ ਬਲ ਇਕੱਠਾ ਕਰ ਕੇ ਹੰਭਲਾ ਮਾਰਿਆ ਅਤੇ ਪਰ੍ਹੇ ਹਵਾਲਾਤ ਦੀ ਕੰਧ ਨਾਲ ਲੱਗ ਗਿਆ। ਇੱਥੇ ਉਸ ਨੇ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕੀਤਾ। ਕਿਉਂਕਿ ਇੱਥੇ ਸਿਪਾਹੀ ਦੀ ਬੰਦੂਕ ਦਾ ਬੱਟ ਨਹੀ ਪਹੁੰਚ ਸਕਦਾ ਸੀ। ਪਰ ਫਿਰ ਉਸ ਦਾ ਦਿਲ ਡੋਲ ਗਿਆ - ਇਹਦਾ ਬੁੱਚੜ ਦਾ ਕੀ ਇਤਬਾਰ...? ਜੇ ਹਵਾਲਾਤ ਦਾ ਜਿੰਦਰਾ ਖੋਲ੍ਹ ਕੇ ਕੁੱਟਣ ਡਹਿ ਗਿਆ, ਫੇਰ ਕੀ ਕਰੂੰ...? ਉਸ ਨੂੰ ਮਹਿਸੂਸ ਹੋਇਆ ਕਿ ਇੱਕ ਦੇਵਤੇ ਦਾ ਪਹਿਰਾ ਹਟ ਕੇ ਕਿਸੇ ਜਮਦੂਤ ਦਾ ਪਹਿਰਾ ਆ ਗਿਆ ਲੱਗਿਆ ਸੀ। ਠੰਡ ਕਾਰਨ ਮੁੰਡੇ ਦੀ ਸੱਟ ਦੀਆਂ ਚਸਕਾਂ ਹੋਰ ਵੱਧ ਗਈਆਂ। ਉਸ ਨੇ ਕੰਬਲ ਖਿੱਚ ਕੇ ਵੱਖੀਆਂ 'ਤੇ ਘੁੱਟ ਲਏ। ਬੋਰੀਆਂ ਤੋਂ ਪਰ੍ਹੇ ਉਹ ਸੱਖਣੀ ਠੰਢੀ ਫ਼ਰਸ਼ 'ਤੇ ਹੀ ਬੈਠਾ ਸੀ। ਬੋਰੀਆਂ ਖਿੱਚ ਕੇ ਕੋਲੇ ਕਰਨ ਦੀ ਉਸ ਵਿਚ ਸੱਤਿਆ ਹੀ ਨਹੀ ਰਹੀ ਸੀ।
-"ਮਾਈ ਬਾਪ ਮੈਨੂੰ ਕਿਉਂ ਮਾਰਦੇ ਓਂ? ਸਹੁੰ ਗੁਰੂ ਦੀ ਮੈ ਤਾਂ ਬਿਲਕੁਲ ਈ ਨਿਰਦੋਸ਼ ਆਂ-ਰਹਿਮ ਕਰੋ-ਧਰਮ ਨਾਲ ਮਰ ਜਾਊਂਗਾ।" ਮੁੰਡੇ ਦੇ ਜੋੜੇ ਹੱਥ ਕੰਬੀ ਜਾ ਰਹੇ ਸਨ। ਉਸ ਨੇ ਹੌਂਸਲਾ ਕਰਕੇ ਪੁੱਛਿਆ ਸੀ।
-"ਤੂੰ ਨਿਰਦੋਸ਼ ਐਂ?"
-"ਬਿਲਕੁਲ ਹਜ਼ੂਰ-ਰੱਬ ਨੂੰ ਜਾਨ ਦੇਣੀ ਐਂ-ਸਵੇਰ ਅੰਮ੍ਰਿਤ ਵੇਲੇ ਦਾ ਮੌਕਾ ਐ-ਜਮਾਂ ਈ ਝੂਠ ਨਹੀ ਬੋਲਦਾ।"
-"ਤੇ ਜਿਹਨਾਂ ਨੂੰ ਰੋਟੀ ਖੁਆਈ ਐ-ਉਹ ਥੋਡੀ ਕੁੜੀ ਦੇ ਖਸਮ ਸੀਗੇ?"
-"ਮਾਈ ਬਾਪ-ਤਕੜੇ ਦਾ ਸੱਤੀਂ ਵੀਹੀਂ ਸੌ-ਬੰਦੂਖਾਂ ਅੱਗੇ ਕੀਹਦਾ ਜੋਰ ਚੱਲਦੈ?"
-"ਜੇ ਬੰਦੂਕ ਦੇ ਜੋਰ ਤੇ ਥੋਡੀ ਕੁੜੀ ਮੰਗਣ ਦੇ ਦੇਵੇਂਗਾ?"
-"..........।" ਰਣਜੋਧ ਨਿਰੁੱਤਰ ਹੋ ਗਿਆ। ਅਸ਼ਲੀਲ ਗੱਲ ਕਾਲਜਾ ਪਾੜ ਗਈ ਸੀ। ਉਸ ਨੂੰ ਵੱਖੀ ਦਾ ਦਰਦ ਭੁੱਲ ਗਿਆ।
ਪਹੁ ਫ਼ਟ ਗਈ।
ਚੜ੍ਹਦੀ ਵਾਲੇ ਪਾਸੇ ਲਾਲੀ ਹੀ ਲਾਲੀ ਬਿਖ਼ਰ ਗਈ।
ਅਸਮਾਨ ਦਾ ਰੰਗ ਗਾਹੜ੍ਹਾ ਰੱਤਾ ਹੋ ਗਿਆ ਸੀ।
ਠਾਣੇ ਦਾ ਚਿਤੌੜਗੜ੍ਹ ਦੇ ਕਿਲ੍ਹੇ ਜਿੱਡਾ ਵੱਡਾ ਦਰਵਾਜਾ ਖੁੱਲ੍ਹ ਗਿਆ ਸੀ। ਸੜਕਾਂ 'ਤੇ ਮੋਟਰ ਗੱਡੀਆਂ ਦੀ ਆਵਾਜਾਈ ਸੁਰੂ ਹੋ ਗਈ ਸੀ। ਸੰਸਾਰ ਹਰਕਤ ਵਿਚ ਆ ਗਿਆ ਸੀ। ਲੋਕ ਕੰਮਾਂ ਕਾਰਾਂ ਨੂੰ ਤੁਰ ਪਏ ਸਨ। ਸਿਪਾਹੀ ਨਹਾ ਧੋ ਕੇ ਤਿਆਰ ਹੋ ਰਹੇ ਸਨ। ਸੰਸਾਰਕ ਜੀਵਨ ਫਿਰ ਤੁਰ ਪਿਆ ਸੀ।
ਹਵਾਲਾਤ ਦਾ ਪਹਿਰਾ ਦਿਨ ਚੜ੍ਹਦੇ ਹੀ ਖ਼ਤਮ ਹੋ ਜਾਂਦਾ ਸੀ। ਸੂਰਜ ਦੀ ਪਹਿਲੀ ਕਿਰਨ ਦੇ ਨਾਲ ਹੀ ਬਲੀ ਸਿੰਘ ਅਤੇ ਸਰਪੰਚ ਚਾਹ ਲੈ ਕੇ ਆ ਗਏ। ਸਾਹ-ਸਤ ਖਿੱਚੀ ਬੈਠੇ ਰਣਜੋਧ ਨੂੰ ਦੇਖ ਕੇ ਬਾਪੂ ਬਲੀ ਸਿੰਘ ਮਿੱਟੀ ਹੋ ਗਿਆ।
-"ਕਿਉਂ ਕੋਈ ਪੁੱਛ-ਗਿੱਛ ਕੀਤੀ?" ਸਰਪੰਚ ਨੇ ਮੁੰਡੇ ਦੇ ਚਿਹਰੇ ਦੀ ਪੀੜ ਪੜ੍ਹਦਿਆਂ ਪੁੱਛਿਆ।
-"ਪੁੱਛ-ਗਿੱਛ ਤਾਂ ਕੋਈ ਨਹੀ ਕੀਤੀ ਪਰ ਸਵੇਰ ਦੀ ਡਿਊਟੀ ਆਲਾ ਸਿਪਾਹੀ ਐਮੇ ਈ ਸੁੱਤੇ ਪਏ ਦੇ ਬੱਟ ਮਾਰ ਗਿਆ।" ਬਾਕੀ ਦੀ ਗੱਲ ਉਸ ਨੇ ਕਾਲਜੇ ਹੇਠ ਦੱਬ ਲਈ।
-"ਕੋਈ ਨੀ ਮਾੜੇ ਮੋਟੇ ਬੱਟਾਂ ਦਾ ਕੀ ਐ? ਮੈਂ ਠਾਣੇਦਾਰ ਨੂੰ ਫੇਰ ਆਖ ਦਿੰਨੈ-ਕੰਨ ਖਿੱਚਦੂ ਸਾਰਿਆਂ ਦੇ।"
-"ਤੂੰ ਚਾਹ ਪੀ-ਕਾਇਮ ਹੋ।"
ਰਣਜੋਧ ਚਾਹ ਪੀਣ ਲੱਗ ਪਿਆ।
ਬਲੀ ਸਿੰਘ ਫਿਰ ਮੁੰਡੇ ਵੱਲ ਪਿੱਠ ਕਰੀ ਬੈਠਾ ਸੀ। ਉਸ ਦਾ ਦਰਦ ਉਸ ਤੋਂ ਝੱਲਿਆ ਨਹੀ ਜਾਂਦਾ ਸੀ।
ਠਾਣੇਦਾਰ ਚੁਬਾਰਿਓਂ ਪੌੜੀਆਂ ਉਤਰ ਆਇਆ। ਉਸ ਨੇ ਚਿਣ ਕੇ ਪੱਗ ਬੰਨ੍ਹੀਂ ਹੋਈ ਸੀ ਅਤੇ ਮੁੱਛਾਂ ਦੇ ਕੁੰਢ ਵੱਖਰਾ ਹੀ ਪ੍ਰਭਾਵ ਦੇ ਰਹੇ ਸਨ। ਮੋਢੇ ਦੇ ਸਟਾਰ ਧੁੱਪ ਵਿਚ ਚਾਂਭੜਾਂ ਮਾਰ ਰਹੇ ਸਨ। ਉਹ ਬੜੀ ਤੇਜ਼ੀ ਨਾਲ, ਰੇਲ ਵਾਂਗ ਪੌੜੀਏਂ ਉਤਰਿਆ ਸੀ।
-"ਆਓ ਸਰਪੰਚ ਸਾਹਿਬ-ਕੋਈ ਸ਼ਕਾਇਤ ਤਾਂ ਨਹੀਂ?" ਠਾਣੇਦਾਰ ਆਪਣੀ ਥਾਂ ਬਿਲਕੁਲ ਸੱਚਾ ਸੀ।
-"ਸਰਦਾਰ ਜੀ-ਸਵੇਰ ਦੀ ਡਿਊਟੀ ਵਾਲੇ ਸਿਪਾਹੀ ਨੇ ਬਿਨਾਂ ਗੱਲੋਂ ਮੁੰਡੇ ਦੇ ਬੱਟ ਮਾਰੇ-ਆਹ ਦੇਖ ਲਓ ਚਿੱਬ ਪਾਏ ਪਏ ਐ ਵਿਚਾਰੇ 'ਚ।"
ਸਰਦਾਰ ਚੁੱਪ ਹੋ ਗਿਆ।
-"ਮੁਣਸ਼ੀ....!"
-"ਜੀ ਹਜ਼ੂਰ....?"
-"ਤੜਕੇ ਪਹਿਰੇ 'ਤੇ ਕੌਣ ਸੀ?"
-"ਜੀ ਗੁਰਮੀਤ ਸੀ..!"
-"ਕੁੜੀ ਚੋਦ ਦੇ ਬਿੱਲੀ ਮੂੰਹੇਂ ਨੂੰ ਕਿੰਨੀ ਵਾਰੀ ਕਿਹੈ ਬਈ ਹਵਾਲਾਤੀਆਂ ਨੂੰ ਤੰਗ ਨਾ ਕਰਿਆ ਕਰ-ਪਰ ਐਡਾ ਢੀਠ ਐ-ਪੰਗੇ ਲੈਣੋ ਨਹੀ ਹੱਟਦਾ-ਤੁਸੀਂ ਰਾਤ ਦੀ ਦਿਓ ਮੁਆਫੀ-ਮੁੜ ਕੇ ਕੋਈ ਐਸੀ ਗਲਤੀ ਨਹੀ ਕਰਦਾ।"
-"ਇੱਕ ਗੱਲ ਮਿਹਰਬਾਨੀ ਕਰਕੇ ਹੋਰ ਦੱਸ ਦਿਓ-ਬਈ ਮੁੰਡੇ ਨੂੰ ਹੋਰ ਕਿੰਨ੍ਹਾਂ ਕੁ ਚਿਰ ਰੱਖੋਗੇ?"

-"ਉਹ ਤਾਂ ਮੈ ਕੱਲ੍ਹ ਈ ਦੱਸ ਦਿੱਤਾ ਸੀ।"
-"ਸਰਦਾਰ ਮੂੰਹ ਛੋਟਾ ਐ-ਗੱਲ ਵੱਡੀ ਐ।"
-"ਖੁੱਲ੍ਹ ਕੇ ਕਰੋ-ਘਬਰਾਓ ਨਾ।"
-"ਮੈ ਤਾਂ ਇਹ ਬੇਨਤੀ ਕਰਨੀ ਸੀ-ਬਈ ਜੇ ਕਿਸੇ ਅਫ਼ਸਰ ਨੂੰ ਲੈ ਦੇ ਕੇ ਖਹਿੜਾ ਛੁੱਟਦੈ ਤਾਂ-।" ਬਾਕੀ ਗੱਲ ਸਰਪੰਚ ਨੇ ਜਾਣ ਕੇ ਅਧੂਰੀ ਛੱਡ ਦਿੱਤੀ। ਠਾਣੇਦਾਰ ਅੰਦਰ ਕੁਤਕੁਤੀ ਉਠੀ। ਅੱਖਾਂ ਵਿਚ ਚਮਕ ਆ ਗਈ।
-"ਦੇਖੋ...!" ਉਹ ਸਰਪੰਚ ਨੂੰ ਇੱਕ ਪਾਸੇ ਲੈ ਗਿਆ।
-"ਅੱਜ ਸਾਹਬ ਆ ਰਹੇ ਐ।"
-"ਜੀ....।"
-"ਕੱਲ੍ਹ ਮੇਰੀਆਂ ਅਦਾਲਤ 'ਚ ਦੋ ਪੇਸ਼ੀਆਂ ਐਂ-ਤੁਸੀਂ ਪਰਸੋਂ ਆਓ-ਬੈਠ ਕੇ ਗੱਲ ਨਿਪਟ ਲਵਾਂਗੇ।"
-"ਸੱਤ ਬਚਨ ਸਰਕਾਰ।"
ਉਹ ਰਣਜੋਧ ਨੂੰ ਦੱਸ, ਹੌਲੇ ਫੁੱਲ ਹੋ ਕੇ ਠਾਣੇ ਤੋਂ ਤੁਰ ਪਏ। ਉਹ ਆਪਣੇ ਆਪ ਨੂੰ ਬੜਾ ਹਲਕਾ ਮਹਿਸੂਸ ਕਰ ਰਹੇ ਸਨ।
ਸਵੇਰੇ ਦਸ ਕੁ ਵਜੇ ਦੇ ਕਰੀਬ ਐਸ. ਪੀ. ਪਹੁੰਚ ਗਿਆ। ਲਾਲ ਬੱਤੀਆਂ ਵਾਲੀਆਂ ਸਰਕਾਰੀ ਗੱਡੀਆਂ ਮਿਆਂਕਦੀਆਂ ਅੰਦਰ ਆ ਪਹੁੰਚੀਆਂ ਸਨ। ਠਾਣੇ ਅੰਦਰ ਗਰਦੋਗੋਰ ਮੱਚੀ ਹੋਈ ਸੀ। ਠਾਣੇ ਦਾ ਹਰ ਕਰਮਚਾਰੀ ਆਪਣੀ ਡਿਊਟੀ ਪ੍ਰਤੀ ਸੁਚੇਤ ਹੋ ਗਿਆ ਸੀ। ਕੋਈ ਅੱਖ ਵਿਚ ਪਾਇਆ ਨਹੀ ਰੜਕਦਾ ਸੀ। ਜਿਵੇਂ ਸਾਰੇ ਦੇ ਸਾਰੇ ਸਾਧੂ-ਸੰਤ ਸਨ।
ਸਾਹਿਬ ਲਈ ਚਾਹ, ਦੁੱਧ, ਆਂਡੇ, ਆਮਲੇਟ, ਗੱਲ ਕੀ ਹਰ ਚੀਜ਼ ਹਾਜ਼ਰ ਸੀ। ਪਰ ਸਾਹਿਬ ਕਿਸੇ ਚੀਜ਼ ਨੂੰ ਨੱਕ ਨਹੀ ਕਰ ਰਿਹਾ ਸੀ। ਠਾਣੇਦਾਰ ਨੇ ਰੋਜ਼ਨਾਮਚਾ ਅਤੇ ਹੋਰ ਜ਼ਰੂਰੀ ਫ਼ਾਈਲਾਂ ਸਾਹਿਬ ਦੇ ਅੱਗੇ ਲਿਆ ਧਰੀਆਂ। ਉਸ ਨੇ ਸਾਰੀਆਂ ਫ਼ਾਈਲਾਂ ਅਤੇ ਰੋਜ਼ਨਾਮਚਾ ਬੜੇ ਗਹੁ ਨਾਲ ਨਿਰਖੇ ਸਨ।
ਫ਼ਾਈਲਾਂ ਦੇਖ ਕੇ ਐਸ. ਪੀ. ਨੇ ਠਾਣੇਦਾਰ ਸਪੁਰਦ ਕਰ ਦਿੱਤੀਆਂ ਅਤੇ ਠਾਣੇਦਾਰ ਨੇ ਅੱਗੇ ਮੁਣਸ਼ੀ ਨੂੰ ਫੜਾ ਦਿੱਤੀਆਂ। ਹਰ ਹਰਕਤ ਬੜੀ ਤੇਜ਼ੀ ਨਾਲ ਹੋ ਰਹੀ ਸੀ।
-"ਹਾਂ ਬਈ ਗੁਰਪ੍ਰੀਤ ਸਿਆਂ-ਤੇਰੇ ਇਲਾਕੇ ਦਾ ਕੀ ਹਾਲ ਐ..?" ਐਸ. ਪੀ. ਨੇ ਚਾਹ ਦੀ ਘੁੱਟ ਭਰ ਕੇ ਪੁੱਛਿਆ। ਮੂੰਹ ਵਿਚ ਆਇਆ ਲੈਚੀ ਦਾ ਪੱਤ ਚੰਗੀ ਤਰ੍ਹਾਂ ਚੂਸ ਕੇ ਉਸ ਨੇ ਫੂਕ ਮਾਰ ਕੇ ਪਾਸੇ ਸੁੱਟ ਦਿੱਤਾ।
-"ਤੁਹਾਡੀ ਦਇਆ ਹੈ ਸਰ-ਸਭ ਠੀਕ ਠਾਕ ਹੈ।"
-"ਠੀਕ ਠਾਕ ਨਹੀ-ਤੇਰੇ ਇਲਾਕੇ ਵਿਚ ਅੱਤਵਾਦੀ ਸ਼ਰੇਆਮ ਘੁੰਮ ਰਹੇ ਹਨ-ਇਹ ਠੀਕ ਹੈ ਕਿ ਅਜੇ ਤੱਕ ਉਹਨਾਂ ਨੇ ਕੋਈ ਵੱਡੀ ਕਾਰਵਾਈ ਇਲਾਕੇ ਵਿਚ ਨਹੀ ਕੀਤੀ-ਪਰ ਸੁਚੇਤ ਰਹੋ-ਵਾਰਦਾਤ ਕਦੇ ਵੀ ਕਰ ਸਕਦੇ ਹਨ।"
-"ਜੀ ਸਰਕਾਰ!"
-"ਤੇਰੇ ਇਲਾਕੇ ਵਿਚ ਲੋਕ ਉਹਨਾਂ ਨੂੰ ਪਨਾਂਹਾਂ ਦੇ ਰਹੇ ਹਨ-ਜ਼ਰਾ ਸਖ਼ਤੀ ਵਰਤੋ!"
-"ਜੀ ਸਰਕਾਰ!"
-"ਕਿਸੇ ਤਰ੍ਹਾਂ ਦੀ ਢਿੱਲ ਨਹੀ ਵਰਤਣੀ-ਅੱਤਵਾਦੀਆਂ ਨੂੰ ਸਹਿਯੋਗ ਦੇਣ ਵਾਲੇ ਲੋਕ ਤੁਰੰਤ ਅੰਦਰ ਦਿਓ!"
-"ਜੀ ਸਰਕਾਰ-ਇੱਕ ਪਨਾਂਹੀਆ ਫੜਿਆ ਵੀ ਐ ਸਰ...!" ਠਾਣੇਦਾਰ ਨੇ ਦੱਸਿਆ।
-"ਉਸ ਦੀ ਗ੍ਰਿਫ਼ਤਾਰੀ ਕਿਉਂ ਨਹੀ ਪਾਈ...?"
-"ਸਰ ਅੱਜ ਈ ਫੜ ਕੇ ਲਿਆਏ ਆਂ!"
-"ਗੁੱਡ...! ਉਸ ਤੋਂ ਅੱਤਵਾਦੀਆਂ ਬਾਰੇ ਪੂਰੀ ਪੜਤਾਲ ਕਰੋ-ਅਡੈਂਟੀਫ਼ਾਈ ਲਈ ਪਨਾਂਹੀ ਨੂੰ ਹਮੇਸ਼ਾ ਹੱਥ ਹੇਠ ਰੱਖੋ!"
-"ਜੀ ਸਰਕਾਰ!"
-"ਰਾਤਰੀ ਗਸ਼ਤ ਹੋਰ ਵਧਾਓ!"
-"ਜੀ ਸਰਕਾਰ!"
-"ਅੱਤਵਾਦੀਆਂ ਨੂੰ ਵਾਹ ਲੱਗਦੀ ਰਾਤ ਨੂੰ ਗ੍ਰਿਫ਼ਤਾਰ ਕਰੋ!"
-"ਜੀ ਸਰਕਾਰ!"
-"ਗ੍ਰਿਫ਼ਤਾਰੀ ਉਪਰੰਤ ਤੇਜ਼ੀ ਨਾਲ ਪੁੱਛ ਗਿੱਛ ਕਰੋ-ਅਗਰ ਨਾ ਲੀਹ ਤੇ ਆਵੇ ਇੰਟੈਰੋਗੇਟ ਕਰੋ!"
-"ਜੀ ਸਰਕਾਰ!"
-"ਅਗਰ ਅੱਤਵਾਦੀ ਨਹੀ ਪੇਸ਼ ਹੁੰਦੇ-ਉਹਨਾਂ ਦੇ ਮਾਂ ਬਾਪ ਰਿਸ਼ਤੇਦਾਰ ਲਿਆ ਕੇ ਠਾਣੇ ਡੱਕੋ!"
-"ਜੀ ਸਰਕਾਰ!"
-"ਇੱਕ ਲਾਸਟ ਅਤੇ ਅਹਿਮ ਗੱਲ...! ਅੱਤਵਾਦੀਆਂ ਨੂੰ ਅਦਾਲਤ ਪੇਸ਼ ਕਰਕੇ ਰਿਮਾਂਡ ਲੈਣ ਦੀ ਗਲਤੀ ਕਦਾਚਿੱਤ ਨਹੀ ਕਰਨੀ-।"
-"ਜੀ ਸਰਕਾਰ!"
-"ਮੇਰੇ ਕਹਿਣ ਦਾ ਮਤਲਬ ਸਮਝ ਰਹੇ ਹੋ ਨਾ? ਫੜੋ, ਇੰਟੈਰੋਗੇਟ ਕਰੋ ਤੇ ਪਾਰ ਬੁਲਾਓ...!"
-"ਜੀ ਸਰਕਾਰ!"
-"ਕੋਈ ਸਬੂਤ ਪਿੱਛੇ ਨਹੀ ਛੱਡਣਾ-ਐਸੀ ਤਕਨੀਕ ਵਰਤਣੀ ਐ ਕਿ ਮੁਕਾਬਲਾ ਅਸਲੀ ਦਿਸੇ-ਮੁਕਾਬਲਾ ਦੋ ਅਤੇ ਤਿੰਨ ਵਜੇ ਰਾਤ ਨੂੰ ਬਣਾਇਆ ਜਾਵੇ।"
-"ਜੀ ਸਰਕਾਰ!"

-"ਇੱਕ ਸਭ ਤੋਂ ਖ਼ਾਸ ਗੱਲ-ਆਪਣੇ ਸਟਾਫ਼ ਤੇ ਕਰੜੀ ਨਜ਼ਰ ਰੱਖੀ ਜਾਵੇ-ਕੋਈ ਸੀਕਰੇਸੀ ਲੀਕ ਆਊਟ ਬਿਲਕੁਲ ਨਾ ਹੋਵੇ।"
-"ਜੀ ਸਰਕਾਰ!"
-"ਅਗਰ ਕੋਈ ਸਟਾਫ਼ ਮੈਂਬਰ ਐਸਾ ਕਰਨ ਦੀ ਜੁਅਰਤ ਕਰੇ-ਤੁਰੰਤ ਸਸਪੈਂਡ ਕਰਕੇ ਕੇਸ ਦਰਜ਼ ਕਰੋ ਔਰ ਮੈਨੂੰ ਇਤਲਾਹ ਦਿਓ!"
-"ਜੀ ਸਰਕਾਰ!"
-"ਡਿਊਟੀ ਵਿਚ ਕੋਈ ਕੁਤਾਹੀ ਨਾ ਹੋਵੇ-ਬੀ ਅਵੇਅਰ ਐਂਡ ਕੇਅਰਫੁੱਲ...!"
-"ਜੀ ਸਰਕਾਰ!"
-"ਵੈੱਲ...! ਮਿਸਟਰ ਗਰੇਵਾਲ-ਆਈ ਵਿਸ਼ ਯੂ ਆਲ ਦਾ ਬੈੱਸਟ!" ਐਸ. ਪੀ. ਸਖ਼ਤ ਹਦਾਇਤਾਂ ਦੇਣ ਤੋਂ ਬਾਅਦ ਉਠ ਕੇ ਖੜ੍ਹਾ ਹੋ ਗਿਆ। ਠਾਣੇਦਾਰ ਦਾ "ਜੀ ਸਰਕਾਰ" ਕਹਿੰਦੇ ਦਾ ਮੂੰਹ ਸੁੱਕ ਗਿਆ ਸੀ।
ਐਸ. ਪੀ. ਤੁਰ ਗਿਆ।
ਨਾਲ ਆਈਆਂ ਕਾਰਾਂ ਹੂਟਰ ਵਜਾਉਂਦੀਆਂ ਆਪਣੇ ਰਾਹ ਪੈ ਗਈਆਂ। ਗਰਦੋਗੋਰ ਫਿਰ ਉਠ ਖੜੀ ਸੀ। ਠਾਣੇਦਾਰ ਨੇ ਆਪਣਾ ਪਸੀਨਾ ਪੂੰਝਿਆ।
-"ਬੜਾ ਚਤਰ ਅਫ਼ਸਰ ਐ..।"
-"ਮਾਰਖੋਰਾ ਵੀ ਬਥੇਰਾ ਐ...।"
-"ਗੱਲ ਕਰਦਾ ਸੰਘੀ ਘੁੱਟਣ ਆਉਂਦੈ...।"
ਉਹ ਗੱਲਾਂ ਕਰਦੇ ਰਹੇ।

## ਕਾਂਡ 5

ਸਵੇਰ ਦੇ ਪੰਜ ਹੀ ਵੱਜੇ ਸਨ। ਗੁਰਦੁਆਰੇ ਵਿਚੋਂ ਗਰੰਥੀ ਦੀ ਊਂਘ ਲੱਦੀ ਅਵਾਜ਼ ਗੁਰਬਾਣੀ ਦਾ ਨਾਦ ਛੇੜ ਰਹੀ ਸੀ। ਸਰਦੀ ਦੀ ਰਾਤ ਵਿਚ ਲੋਕ ਘੂਕ ਸੁੱਤੇ ਹੋਏ ਸਨ।
ਰਣਬੀਰ ਦੀ ਮੁਖ਼ਬਰੀ 'ਤੇ ਪੁਲੀਸ ਦੀ ਇੱਕ ਜੀਪ ਅਤੇ ਟਰੱਕ ਗੁਰਪਾਲ ਦੇ ਘਰ ਅੱਗੇ ਤਣ ਗਏ। ਕਾਫ਼ੀ ਦੇਰ ਟਰੱਕ ਅਤੇ ਜੀਪ 'ਚੋਂ ਕੋਈ ਨਾ ਉਤਰਿਆ। ਸਿਰਫ਼ ਟਰੱਕ ਵਿਚੋਂ ਉਤਰ ਕੇ ਹੌਲਦਾਰ ਨੇ ਘੇਰਾਬੰਦੀ ਕਰਨ ਦਾ ਜਾਇਜ਼ਾ ਲਿਆ। ਫਿਰ ਜਦ ਉਸ ਨੇ ਟਾਰਚ ਦਾ ਇਸ਼ਾਰਾ ਕੀਤਾ ਤਾਂ ਸਿਪਾਹੀ ਆਹਣ ਵਾਂਗ ਟਰੱਕ 'ਚੋਂ ਉਤਰ ਪਏ। ਗੁਰਪਾਲ ਦੇ ਘਰ ਨੂੰ ਚੰਗੀ ਤਰ੍ਹਾਂ ਘੇਰ ਲਿਆ।
-"ਗੋਲੀ ਕਿਸੇ ਵੀ ਹਾਲਤ ਵਿਚ ਨਹੀ ਚਲਾਉਣੀ-ਇਹ ਮੇਰੀ ਸਖਤ ਹਦਾਇਤ ਹੈ- ਮੁੰਡਾ ਸਹੀ ਸਲਾਮਤ ਗ੍ਰਿਫਤਾਰ ਹੋਣਾ ਚਾਹੀਦੈ-ਜੇ ਉਹ ਘਰ ਨਾ ਹੋਵੇ ਤਾਂ ਬੁੜ੍ਹੇ ਨੂੰ ਨਰੜ ਕੇ ਟਰੱਕ 'ਚ ਮਾਰਿਓ-ਬਹੁਤੀ ਹਾਅਤ ਹੂਅਤ ਨਹੀ ਕਰਨੀ-ਬੱਸ ਕਾਰਵਾਈ ਬੜੀ ਜਲਦੀ ਤੇ ਚੁੱਪ ਚਾਪ ਹੋਣੀ ਚਾਹੀਦੀ ਐ-ਖਿਆਲ ਰਹੇ।" ਸਾਰੇ ਸਿਪਾਹੀਆਂ ਅਤੇ ਹੌਲਦਾਰ ਨੂੰ ਠਾਣੇਦਾਰ ਨੇ ਕੰਨ ਕੀਤੇ।
ਸਿਪਾਹੀ ਘਰ ਦੇ ਚੁਫ਼ੇਰੇ ਡਟੇ ਹੋਏ ਸਨ।
ਹੌਲਦਾਰ ਨੇ ਕੁੰਡਾ ਜਾ ਖੜਕਾਇਆ।
-"ਵੇ ਕੌਣ ਐਂ....?" ਕਾਫੀ ਦੇਰ ਬਾਅਦ ਮਾਂ ਹਰ ਕੌਰ ਨੇ ਉੱਤਰ ਦਿੱਤਾ ਸੀ।
-"ਦਰਵਾਜਾ ਖੋਲ੍ਹੋ!"
-"ਵੇ ਭਾਈ ਹੈ ਕੌਣ ਐਨੀ ਸਵੇਰੇ?"
-".........।" ਹੌਲਦਾਰ ਨੇ ਚੁੱਪ ਵੱਟ ਲਈ।
ਮਾਂ ਨੇ ਬਾਪੂ ਨੂੰ ਜਗਾਇਆ।
ਜਪਨਾਮ ਸਿੰਘ ਭੜੱਕ ਕੇ ਉਠਿਆ।
ਜੁੱਤੀ ਪਾ ਕੇ ਉਸ ਨੇ ਦਰਵਾਜੇ ਦੀ ਝੀਥ ਵਿਚੋਂ ਬਾਹਰ ਤੱਕਿਆ ਤਾਂ ਬਾਹਰ ਲਾਲ ਪੱਗਾਂ ਵਾਲਿਆਂ ਦਾ ਹੜ੍ਹ ਆਇਆ ਹੋਇਆ ਸੀ। ਬਾਪੂ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਉਹ ਹਨ੍ਹੇਰੀ ਵਾਂਗ ਪੁੱਠੇ ਪੈਰੀਂ ਵਾਪਿਸ ਪਰਤਿਆ।
-"ਗੁਰਲਾਲ..! ਉਏ ਗੁਰੂ ਦੇ ਲਾਲ...!!" ਬਾਪੂ ਮੁੰਡੇ ਨੂੰ ਟਾਹਣ ਵਾਂਗ ਹਲੂਣੀ ਜਾ ਰਿਹਾ ਸੀ।
-"ਹਾਂ ਬਾਪੂ....?"
-"ਜਿਉਣ ਜੋਕਰਿਆ ਸ਼ੇਰਾ ਕੰਧ ਟੱਪ ਜਾ-ਦੁਸ਼ਮਣ ਤਾਂ ਆ ਵੱਜੇ...!"
ਮੁੰਡਾ ਤ੍ਰਭਕ ਕੇ ਉਠਿਆ।
-"ਕੌਣ ਆ ਵੱਜੇ?"
-"ਜਮਦੂਤ ਪੁਲਸੀਏ..!"
-"ਕਾਹਦੇ ਲਈ...?"
-"ਇਹ ਨਹੀਂ ਪਤਾ-ਪੂਰਾ ਟਰੱਕ ਭਰਿਆ ਹੋਇਐ-ਤੂੰ ਮੇਰਾ ਮੱਲ ਬਣ ਕੇ ਕੰਧ ਟੱਪ ਜਾਹ!"
-"ਬਾਪੂ ਆਪਣਾ ਕਸੂਰ...?"
-"ਸ਼ਿਕਾਰੀ ਜਾਨਵਰ ਦਾ ਕਸੂਰ ਨਹੀਂ ਪੁੱਛਦੇ ਪੁੱਤ-ਬੱਸ ਪਾਰ ਬੁਲਾਉਂਦੇ ਐ-ਤੂੰ ਕੰਧ ਤੋਂ ਮਾਰ ਛਾਲ-ਚਾਰ ਦਿਨ ਘਰੇ ਨਾ ਵੜੀਂ-ਮੈਂ ਆਪੇ ਸਾਂਭੂੰ।"
-"ਬਾਪੂ ਘਰੋਂ ਭਗੌੜੇ ਹੋ ਕੇ ਤਾਂ ਵਾਧੂ ਦੇ ਦੋਸ਼ੀ ਬਣਜਾਂਗੇ-ਇਹਨਾਂ ਦਾ ਹੱਥ ਹੋਰ ਉਪਰ ਹੋਊ।"
-"ਜਿਹੜਾ ਲੜਾਈ ਵਿਚੋਂ ਪੈਂਦੀਆਂ ਤੋਂ ਵੀ ਭੱਜ ਜਾਵੇ-ਸਾਰਿਆਂ ਤੋਂ ਵੱਡਾ ਸਮਝਦਾਰ ਹੁੰਦੈ ਪੁੱਤ-ਭਾਵੀ ਬੂਹੇ 'ਤੇ ਆ ਗਈ ਐ-ਤੂੰ ਪੱਤੇ ਤੋੜ ਜਾਹ।"
-"ਖੋਲ੍ਹਦੇ ਓਂ ਦਰਵਾਜਾ ਕਿ ਤੋੜੀਏ ਫਿਰ?" ਬਾਹਰੋਂ ਹੌਲਦਾਰ ਦੀ ਅਵਾਜ਼ ਆਈ।
-"ਪੁੱਤ ਸਾਡੇ ਬੁੜ੍ਹਾਪੇ ਬਾਰੇ ਸੋਚ-ਹਿੰਡ ਨਾ ਕਰ।" ਮਾਂ ਨੇ ਤਰਲਾ ਪਾਇਆ। ਉਹ ਕੰਬੀ ਜਾ ਰਹੀ ਸੀ।
-"ਬੇਬੇ ਜਦੋਂ ਮੈਂ ਕੁਛ ਕੀਤਾ ਈ ਨਹੀਂ-ਫੇਰ ਪਰਾਲ੍ਹ ਹੋ ਕੇ ਭੱਜਣਾ ਕੋਈ ਧਰਮ ਐਂ?"
-"ਪੁੱਤਰਾ! ਗੁਰੂ ਨਾਨਕ ਨੇ ਆਖਿਆ ਸੀ-ਸਰਮੁ ਧਰਮੁ ਦੋਇ ਛਪਿ ਖਲੋਏ-ਕੂੜੁ ਫਿਰੈ ਪਰਧਾਨੁ ਵੇ ਲਾਲੋ!"
-"ਕਲਯੁੱਗ ਐ ਸ਼ੇਰਾ..! ਮੈਂ ਪੌੜੀ ਲਾ ਦਿੰਨੀ ਐਂ-ਤੂੰ ਕੰਧ ਟੱਪ ਕੇ ਪਿੱਛੇ ਰੂੜੀ 'ਤੇ ਛਾਲ ਮਾਰ-ਜਲਦੀ ਕਰ-ਇਹਨਾਂ ਦਾ ਕੀ ਐ? ਦਰਵਾਜਾ ਤੋੜ ਕੇ ਈ ਅੰਦਰ ਆ ਵੜਨ-ਬਾਹਰ ਕੀੜੀ 'ਤੇ ਕੜਕ ਚੜ੍ਹਿਆ ਪਿਐ-ਜੋਧ ਦੇਖ ਲੈ ਜਮਾਂ ਈ ਬੇਕਸੂਰ ਸੀ ਅਜੇ ਤੱਕ ਨਹੀ ਛੱਡਿਆ-ਇਹਨਾਂ ਮੂਹਰੇ ਸ਼ੇਰਾ ਕੀ ਜੋਰ ਐ?"
ਮੁੰਡੇ ਦੀ ਸੋਚ ਨੇ ਪਲਟਾ ਖਾਧਾ।
ਗੱਲ ਬੇਬੇ ਦੀ ਬਿਲਕੁਲ ਠੀਕ ਸੀ।
ਗੁਰਪਾਲ ਨੇ ਪੌੜੀ ਚੜ੍ਹ ਕੇ ਕੰਧ ਤੋਂ ਪਿੱਛੇ ਰੂੜੀ 'ਤੇ ਛਾਲ ਮਾਰ ਦਿੱਤੀ।
ਉਧਰੋਂ ਬਾਪੂ ਜਪਨਾਮ ਸਿੰਘ ਨੇ ਦਰਵਾਜੇ ਦਾ ਕੁੰਡਾ ਲਾਹ ਦਿੱਤਾ। ਹੌਲਦਾਰ ਸਮੇਤ ਸਿਪਾਹੀ ਦੈਂਤਾਂ ਵਾਂਗ ਅੰਦਰ ਘੁਸ ਗਏ!

-"ਚੱਪਾ ਚੱਪਾ ਛਾਣ ਮਾਰੋ...!" ਠਾਣੇਦਾਰ ਦਾ ਹੁਕਮ ਸੀ। ਸਿਪਾਹੀ ਮੰਜਿਆਂ, ਸੰਦੂਕਾਂ ਹੇਠ ਪੈ-ਪੈ ਦੇਖਣ ਲੱਗ ਪਏ।
ਉਧਰ ਜਦੋਂ ਗੁਰਪਾਲ ਨੇ ਕੰਧ ਤੋਂ ਛਾਲ ਮਾਰੀ ਤਾਂ ਬਾਹਰ ਖੜ੍ਹੇ ਇਕ ਸਿਪਾਹੀ ਨੇ ਉਸ ਨੂੰ ਜੱਫ਼ਾ ਮਾਰਨਾ ਚਾਹਿਆ। ਪਰ ਬਾਘ ਦੀ ਫ਼ੁਰਤੀ ਨਾਲ ਗੁਰਪਾਲ ਨੇ ਸਿਪਾਹੀ ਦੇ ਨੱਕ 'ਤੇ ਘਣ ਵਰਗਾ ਮੁੱਕਾ ਮਾਰਿਆ। ਸਿਪਾਹੀ ਦੀ ਸੁਰਤ ਮਾਰੀ ਗਈ। ਅੱਖਾਂ ਅੱਗੇ ਭੰਬੂਤਾਰੇ ਨੱਚੇ। ਉਸ ਨੇ ਹੱਲਾ ਕਰਕੇ ਫਿਰ ਮੁੰਡੇ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਇਕ ਮੁੱਕਾ ਹੋਰ ਪਿਆ। ਸਿਪਾਹੀ ਦੀ ਬੂਥ ਗੱਡੀ ਗਈ। ਨੱਕ 'ਚੋਂ ਖ਼ੂਨ ਧਰਾਲੀਂ ਵਹਿ ਪਿਆ ਸੀ। ਪਰ ਸਿਪਾਹੀ ਨੇ ਹੌਂਸਲਾ ਨਾ ਹਾਰਿਆ। ਉਸ ਨੇ ਦੂਰ ਡਿੱਗੀ ਆਪਣੀ ਏ. ਕੇ. ਸੰਤਾਲੀ ਹੱਥ ਹੇਠ ਕਰਨੀ ਚਾਹੀ ਤਾਂ ਗੁਰਪਾਲ ਨੇ ਸੋਚਿਆ ਇਹ ਸਾਲਾ ਮੇਰੇ 'ਤੇ ਗੋਲੀ ਜਰੂਰ ਚਲਾਵੇਗਾ। ਉਸ ਨੇ ਥਬੂਕਾ ਮਾਰ ਕੇ ਇਕ ਠੁੱਡ ਉਸ ਦੀ ਵੱਖੀ ਵਿਚ ਦੇ ਮਾਰਿਆ। ਸਿਪਾਹੀ ਕੱਟੇ ਬੱਕਰੇ ਵਾਂਗ ਧਰਤੀ ਤੇ ਡਿੱਗਿਆ ਅਤੇ ਗੁਰਪਾਲ ਨੇ ਰਾਈਫ਼ਲ ਚੁੱਕ ਲਈ।
-"ਜੇ ਹਿੱਲਿਐਂ ਪੁੱਤ ਤੇਰੀ ਸਤਿਨਾਮ ਬੋਲਜੂ...!"
ਸਿਪਾਹੀ ਧਰਤੀ 'ਤੇ ਚੌਫ਼ਾਲ ਪਿਆ, ਅੱਡੀਆਂ ਅੱਖਾਂ ਨਾਲ ਗੁਰਪਾਲ ਵੱਲ ਤੱਕ ਰਿਹਾ ਸੀ। ਬੰਦੇ ਖਾਣੀ ਅਸਾਲਟ ਉਸ ਵੱਲ ਸੱਪ ਵਾਂਗ ਜੀਭਾਂ ਕੱਢਦੀ ਸੀ। ਆਪਣੇ ਬਚਾਓ ਲਈ ਬਿੱਲੀ ਬੰਦੇ ਨੂੰ ਲੀਰਾਂ ਕਰ ਦਿੰਦੀ ਐ। ਇਹਦਾ ਕੀ ਪਤੈ...? ਘੇਰੇ 'ਚ ਆਇਆ ਗੋਲੀ ਹੀ ਮਾਰ ਦੇਵੇ? ਸਿਪਾਹੀ ਨੇ ਗੁਰਪਾਲ ਨੂੰ ਹੱਥ ਦਾ ਇਸ਼ਾਰਾ ਦੇ ਕੇ ਭੱਜ ਜਾਣ ਲਈ ਕਹਿ ਦਿੱਤਾ।
ਗੁਰਪਾਲ ਤਿੱਤਰ ਹੋ ਗਿਆ।
ਬੰਦੂਕ ਉਸ ਦੇ ਕੋਲ ਸੀ।
ਫ਼ਿਰਨੀ ਦਾ ਮੋੜ ਕੱਟ ਕੇ ਉਹ ਸਰ੍ਹੋਂ ਦੇ ਖੇਤਾਂ ਵਿਚ ਛਿਤਮ ਹੋ ਗਿਆ। ਪਤਾ ਨਹੀਂ ਕਿਹੜੀ ਤਾਕਤ ਨਾਲ ਉਹ ਅੜਬ ਘੋੜੀ ਵਾਂਗ ਛੂਟ ਵੱਟੀ ਜਾ ਰਿਹਾ ਸੀ। ਉਹ ਸੋਚ ਰਿਹਾ ਸੀ ਕਿ ਅਕਸਰ ਪੁਲੀਸ ਨੇ ਵੀ ਮੇਰੇ ਹੱਥ ਬੰਦੂਕ ਫੜਾ ਹੀ ਦਿੱਤੀ! ਰੰਡੀਆਂ ਤਾਂ ਰੰਡ ਕੱਟ ਲੈਣ ਪਰ ਮੁਸ਼ਟੰਡੇ ਨਹੀ ਕੱਟਣ ਦਿੰਦੇ! ਜਿਹੜੇ ਘਾਤਕ, ਮਾਰੂ-ਹਥਿਆਰਾਂ ਨੂੰ ਉਹ "ਮੁੱਖ-ਧਾਰਾ" ਦੇ ਖ਼ਿਲਾਫ਼ ਦੱਸਦਾ ਹੁੰਦਾ ਸੀ, ਅੱਜ ਉਹ ਹੀ ਮਾਰੂ-ਹਥਿਆਰ ਉਸ ਦੇ ਆਪਣੇ ਹੱਥ ਵਿਚ ਸੀ! ਸਮਾਂ ਬੰਦੇ ਨੂੰ ਕਿੱਥੇ ਦਾ ਕਿੱਥੇ ਲੈ ਜਾਂਦਾ ਹੈ? ਆਦਮੀ ਕੋ ਚਾਹੀਏ ਕਿ ਵਕਤ ਸੇ ਡਰ ਕਰ ਰਹੇ-ਕਿਆ ਮਾਲੂਮ ਕਬ ਬਦਲੇ ਵਕਤ ਕੀ ਮਜ਼ਾਲ! ਪ੍ਰਿੰਸੀਪਲ ਦੇ ਕਹੇ ਲਫ਼ਜ਼ ਉਸ ਦੇ ਦਿਮਾਗ ਵਿਚ ਗੂੰਜੇ! ਖੇਤਾਂ ਵਿਚੋਂ ਦੀ ਭੱਜਿਆ ਜਾਂਦਾ ਉਹ ਮੁੜ੍ਹਕੋ-ਮੁੜ੍ਹਕੀ ਹੋਇਆ ਪਿਆ ਸੀ।
ਇੱਧਰ ਸਿਪਾਹੀ ਤਲਾਸ਼ੀ ਲੈ ਚੁੱਕੇ ਸਨ।
ਗੁਰਪਾਲ ਦਾ ਕੋਈ ਖੋਜ-ਖੁਰਾ ਨਹੀ ਲੱਭਿਆ ਸੀ।
-"ਸਰਦਾਰ ਅੰਦਰ ਤਾਂ ਉਹ ਹੈ ਨਹੀਂ।" ਸਾਰੇ ਸਿਪਾਹੀ ਹੱਥ ਝਾੜ ਕੇ ਬਾਹਰ ਆ ਗਏ। ਬੰਦੂਕਾਂ ਉਹਨਾਂ ਨੇ ਫਿਰ ਸੰਭਾਲ ਲਈਆਂ। ਸਾਰੇ ਚੁੱਪ ਹੋ ਗਏ।
-"ਬਾਬਾ-ਮੁੰਡਾ ਕਿੱਥੇ ਐ?"
-"ਸਰਦਾਰ ਕਦੇ ਕਾਲਜੋਂ ਆ ਜਾਂਦੈ ਤੇ ਕਦੇ ਕਿਸੇ ਮੁੰਡੇ ਕੋਲੇ ਸ਼ਹਿਰ ਹੀ ਰਹਿ ਪੈਂਦੈ।"
ਬਾਪੂ ਨੇ ਉੱਤਰ ਦਿੱਤਾ ਸੀ।
-"ਇਉਂ ਕਹਿ ਖਾਂ ਬਈ ਰਾਤ ਨੂੰ ਅੱਤਿਵਾਦੀਆਂ ਨਾਲ ਮੀਟਿੰਗਾਂ ਕਰਦੈ-ਬੈਂਕਾਂ ਲੁੱਟਦੈ-ਬੰਦੇ ਮਾਰਦੈ।"
-"ਵੇ ਕਾਹਨੂੰ ਮੇਰਾ ਬੱਤੀ ਸੁਲੱਖਣਾਂ ਐਹੋ ਜਿਐ ਸ਼ੇਰਾ-!"
-"ਕਦੇ ਕੀੜੀ ਤੇ ਪੈਰ ਨਹੀ ਧਰਿਆ-ਸਰਕਾਰ।" ਬਾਪੂ ਨੇ ਗਲ਼ ਵਾਲਾ ਪੱਲਾ ਹੋਰ ਜੋੜ ਲਿਆ।
-"ਉਹ ਤਾਂ ਜਨਾਬ-ਕੰਧ ਉਤੋਂ ਦੀ ਛਾਲ ਮਾਰ ਕੇ ਭੱਜ ਗਿਐ...!" ਬਾਹਰੋਂ ਸਿਪਾਹੀ ਨੇ ਅੰਦਰ ਆ ਕੇ ਖ਼ਬਰ ਕੀਤੀ।
ਸਾਰੇ ਇੱਕ ਦਮ ਉਸ ਵੱਲ ਝਾਕੇ ਸਨ।
ਉਸ ਦੇ ਨੱਕੋਂ ਅਜੇ ਵੀ ਖ਼ੂਨ ਵਗ ਰਿਹਾ ਸੀ। ਬੁੱਲ੍ਹ ਸੁੱਜ ਕੇ ਗੁਲਗਲੇ ਵਰਗਾ ਹੋ ਗਿਆ ਸੀ। ਨਾਸਾਂ ਦੁਨਾਲੀ ਬੰਦੂਕ ਵਾਂਗ ਖੁੱਲ੍ਹੀਆਂ ਸਨ। ਉਸ ਦਾ ਇੱਕ ਹੱਥ ਦੂਸਰੇ ਹੱਥ ਵਿਚ ਘੁੱਟਿਆ ਹੋਇਆ ਸੀ। ਉਹ ਗੋਹੇ ਨਾਲ ਲਿੱਬੜਿਆ ਪ੍ਰੇਤ ਲੱਗਦਾ ਸੀ।
-"ਭੱਜ ਗਿਆ...? ਉਹ ਤਾਂ ਤੇਰੀ ਚੜ੍ਹਦੀ ਕਲਾ ਆਲੀ ਹਾਲਤ ਈ ਦੱਸਦੀ ਐ।" ਠਾਣੇਦਾਰ ਦੇ ਹਰਾਸ ਮਾਰੇ ਗਏ। ਉਸ ਅੰਦਰ ਕਰੋਧ ਬਰੂਦ ਬਣ ਗਿਆ।
-"ਸਰਦਾਰ-ਉਹ ਤਾਂ ਮੇਰੀ ਬੰਦੂਕ ਵੀ ਲੈ ਗਿਆ।" ਸਿਪਾਹੀ ਨੇ ਨਜ਼ਰਾਂ ਧਰਤੀ 'ਤੇ ਗੱਡ ਰੱਖੀਆਂ ਸਨ।
-"ਕੀ ਕਿਹੈ..? ਤੇਰੀ ਬੰਦੂਕ ਵੀ ਲੈ ਗਿਆ...?" ਠਾਣੇਦਾਰ ਨੇ ਚੀਕ ਜਿਹੀ ਮਾਰੀ।
-"ਤੂੰ ਭੈਣ ਦਿਆ ਯਾਰਾ ਗੋਲੀ ਕਿਉਂ ਨਾ ਚਲਾਈ? ਇਹ ਥੋਨੂੰ....'ਚ ਲੈਣ ਨੂੰ ਦਿੱਤੀਐਂ ਥੋਡੀ ਮਾਂ ਦੀ.....!" ਠਾਣੇਦਾਰ ਨੇ ਲਗਾਤਾਰ ਕਈ ਰੂਲ 'ਧੇਹ-ਧੇਹ' ਸਿਪਾਹੀ ਦੇ ਮੌਰਾਂ ਵਿਚ ਜੜ ਦਿੱਤੇ। ਸਿਪਾਹੀ ਤੂਤ ਵਾਂਗ ਲਾਪਰ ਸੁੱਟਿਆ ਸੀ।
-"ਸਰਦਾਰ ਥੋਡਾ ਈ ਤਾਂ ਹੁਕਮ ਸੀ ਬਈ ਗੋਲੀ ਨਹੀਂ ਚਲਾਉਣੀ-ਮੈਂ ਤਾਂ ਥੋਡਾ ਹੁਕਮ ਈ ਵਜਾਇਐ।" ਸਿਪਾਹੀ ਨੇ ਠੁਣਾਂ ਠਾਣੇਦਾਰ ਸਿਰ ਭੰਨਿਆਂ।
-"ਮੈਂ ਕਿਹਾ ਸੀ ਬਈ ਉਂਈਂ ਬੌਂਡੀ ਬਣਜੋ...? ਪੈਂਟਾਂ ਲਾਹ ਕੇ ਉਹਦੇ ਥੱਲੇ ਪੈ ਜਾਇਓ..? ਥੋਡੀ ਭੈਣ ਨੂੰ ਚੋਦਿਆ....!"
ਠਾਣੇਦਾਰ ਆਪਣੀ ਥਾਂ ਸੱਚਾ ਰਹਿਣਾ ਚਾਹੁੰਦਾ ਸੀ। ਆਏ ਤਾਂ ਉਹ ਮਾਰ ਮਾਰਨ ਸਨ। ਪਰ ਬਾਜ਼ੀ ਉਲਟੀ ਉਸ ਦੇ ਗਲ ਪੈ ਗਈ ਸੀ। ਅਫ਼ਸਰ ਮੇਰੇ ਮੂੰਹ ਨਾਲ ਕੀ ਕਰੇਗਾ? ਉਸ ਦੇ ਦਿਮਾਗ ਨੂੰ ਸੁੰਨ ਚੜ੍ਹ ਗਿਆ।
-"ਚੱਲ ਤੁਰ ਕੇ ਠਾਣੇ ਨੂੰ ਮਾਂ ਦਿਆ ਖਸਮਾਂ-ਉਥੇ ਜਾ ਕੇ ਤੇਰੀ ਲੈਨੈ ਖਬਰ-ਕੁੱਤੀ ਦਾ ਪੁੱਤ! ਪੂਰੇ ਸੱਤ ਵਜੇ ਠਾਣੇ ਪਹੁੰਚਣਾ ਚਾਹੀਦੈਂ-ਜੇ ਲੇਟ ਹੋ ਗਿਆ ਵਰਦੀ ਠਾਣੇ ਜਮ੍ਹਾਂ ਕਰਵਾ ਦੇਈਂ-ਨੌਕਰੀ ਤੋਂ ਬਰਖਾਸਤ।" ਠਾਣੇਦਾਰ ਨੇ ਸਿਪਾਹੀ ਨੂੰ ਤੁਰਦਾ ਕਰ ਦਿੱਤਾ। ਉਸ ਨੇ ਪੈਰ ਤੋਂ ਹੀ ਦੁੜਕੀ ਚਾਲ ਫੜ ਲਈ।
ਠਾਣੇਦਾਰ ਨੇ ਕਰੋਧ ਨਾਲ ਜਪਨਾਮ ਸਿੰਘ ਨੂੰ ਗਲੋਂ ਜਾ ਫੜਿਆ।

-''ਤੇਰੀ ਮੈਂ ਧੀ ਦੀ ਘੋੜੀ ਬਣਾਲਾਂ ਚੌਰਿਆ-ਤੂੰ ਤਾਂ ਕਹਿੰਦਾ ਸੀ ਉਹ ਘਰੇ ਈ ਘੱਟ ਵੱਧ ਆਉਂਦੈ-ਹੁਣ ਬੋਲ...?'' ਉਸ ਨੇ ਜਪਨਾਮ ਸਿੰਘ ਨੂੰ ਪਟੜੇ ਵਾਂਗ ਧਰਤੀ 'ਤੇ ਪਟਕਾ ਮਾਰਿਆ। ਉਤੋਂ ਸਿਪਾਹੀਆਂ ਨੇ ਬੰਦੂਕਾਂ ਦੇ ਬੱਟਾਂ ਦੀ ਬੁਛਾੜ ਕਰ ਦਿੱਤੀ। ਪਲਾਂ ਵਿਚ ਜਪਨਾਮ ਸਿੰਘ ਬੱਕਰੇ ਵਾਂਗ ਇਕੱਠਾ ਕਰ ਦਿੱਤਾ। ਸਾਰੀ ਉਮਰ ਦੁਖਦੇ-ਸੁਖਦੇ ਨਾਲ ਰਹਿਣ ਵਾਲੇ ਜੀਵਨ ਸਾਥੀ ਦੀ ਹਰ ਕੌਰ ਤੋਂ ਇਹ ਹਾਲਤ ਜਰੀ ਨਾ ਗਈ। ਉਹ ਧਾਹ ਕੇ ਜਪਨਾਮ ਸਿੰਘ ਦੇ ਉਪਰ ਡਿੱਗ ਪਈ। ਪਰ ਸਿਪਾਹੀਆਂ ਦੇ ਬੱਟ ਨਾ ਰੁਕੇ। ਸ਼ਾਇਦ ਹਰ ਕੌਰ ਦੀ ਬਾਂਹ ਟੁੱਟ ਗਈ। ਘਣ ਵਰਗੀਆਂ ਸੱਟਾਂ ਨਾਲ ਦੋਨੋਂ ਕਰਾਹ ਰਹੇ ਸਨ।

-''ਸਰਦਾਰ ਬੁੜ੍ਹੇ ਸਰੀਰ ਐ-ਮਰ ਜਾਣਗੇ-ਹੋਰ ਨਾ ਇਹਨਾਂ ਦੀ ਜਾਹ ਜਾਂਦੀ ਹੋ ਜੇ-ਦੋ ਕੇਸ ਸੰਭਾਲਣੇ ਮੁਸ਼ਕਲ ਹੋ ਜਾਣਗੇ-ਪਹਿਲੇ 'ਤੇ ਗੌਰ ਕਰੋ-ਇਹਨਾਂ ਨੂੰ ਬਖਸ਼ੋ! ਰਾਈਫਲ ਆਲਾ ਕੇਸ ਗੰਭੀਰ ਐ-ਅਫਸਰ ਨੂੰ ਕੀ ਜਵਾਬ ਦੇਵਾਂਗੇ...?'' ਹੌਲਦਾਰ ਨੇ ਠਾਣੇਦਾਰ ਨੂੰ ਸਮਝਾਇਆ। ਠਾਣੇਦਾਰ ਦੀ ਸੁਰਤ ਕੁਝ ਕੁ ਪਰਤੀ।

-''ਘਰੇ ਮਾਰਨਾ ਇਹਨਾਂ ਨੂੰ ਕਿਸੇ ਤਰ੍ਹਾਂ ਵੀ ਆਪਣੇ ਹੱਕ ਵਿਚ ਨਹੀ ਜਾਂਦਾ-ਮਨੁੱਖੀ ਅਧਿਕਾਰਾਂ ਵਾਲੀਆਂ ਜੱਥੇਬੰਦੀਆਂ ਤਾਂ ਅੱਗੇ ਹੀ ਮਾਨ ਨਹੀ-ਐਹੋ ਜਿਹੇ ਕੇਸਾਂ ਦੀਆਂ ਫਾਈਲਾਂ ਬਣਾ ਬਣਾ ਬਾਹਰਲੇ ਦੇਸ਼ਾਂ ਨੂੰ ਤੋਰੀ ਜਾਂਦੇ ਐ-ਪਤਾ ਨਹੀ ਪੁਲਸ ਆਲਿਆਂ ਨਾਲ ਕੀ ਵੈਰ ਐ? ਇਹਨਾਂ 'ਚੋਂ ਐਥੇ ਕੁਛ ਨਹੀ ਨਿਕਲਣਾ-ਠਾਣੇ ਜਿਹੜਾ ਕੁਛ ਮਰਜੀ ਐ ਕਰਲਿਓ-ਪਰ ਜੇ ਇਹ ਐਥੇ ਈ ਮਾਰ ਦਿੱਤੇ ਤਾਂ ਸਰਕਾਰ ਮੇਰੀ ਭੱਜਣ ਨੂੰ ਰਾਹ ਨਹੀ ਥਿਆਉਣੇ-ਸੋਚ ਕਰੋ..!''

ਠਾਣੇਦਾਰ ਦੇ ਗੱਲ ਮੇਚ ਆਈ ਸੀ।

ਉਸ ਨੇ ਇਸ਼ਾਰੇ ਨਾਲ ਸਿਪਾਹੀ ਰੋਕ ਦਿੱਤੇ।

-''ਇਹ ਕੁੜੀ ਚੋਦ ਨੂੰ ਨਰੜ ਕੇ ਟਰੱਕ 'ਚ ਲੱਦੋ...!'' ਠਾਣੇਦਾਰ ਨੇ ਜਪਨਾਮ ਸਿੰਘ ਵੱਲ ਉਂਗਲ ਕਰ ਕੇ ਕਿਹਾ।

-''ਠਾਣੇਦਾਰਾ-ਬੇਸ਼ੱਕ ਗੋਲੀ ਮਾਰ ਦੇਈਂ-ਪਰ ਮੇਰਾ ਵੀਰ ਗਾਹਲ ਨਾ ਕੱਢੀਂ...।'' ਅਤੀਅੰਤ ਫੁੱਟੜ ਜਪਨਾਮ ਸਿੰਘ ਨੇ ਠਾਣੇਦਾਰ ਨੂੰ ਤਾੜਨਾ ਕੀਤੀ।

-''ਤੂੰ ਮੈਨੂੰ ਦਬਕੇ ਮਾਰਦੈਂ ਧੀਅ ਦੇਣਿਆ...? ਤੇਰੀ ਧੀ ਤੇ ਗਧੇ ਚੜ੍ਹਨ...!'' ਠਾਣੇਦਾਰ ਨੇ ਜਪਨਾਮ ਸਿੰਘ ਦੀ ਦਾਹੜ੍ਹੀ ਐਸੀ ਬੇਕਿਰਕੀ ਨਾਲ ਖਿੱਚੀ ਕਿ ਦਾਹੜ੍ਹੀ ਅੱਧੀ ਜੜ੍ਹੋਂ ਪੱਟੀ ਗਈ। ਵਾਲ ਠਾਣੇਦਾਰ ਦੇ ਹੱਥ ਵਿਚ ਆ ਗਏ।

ਜਪਨਾਮ ਸਿੰਘ ਰੋਹ ਖਾ ਕੇ ਫੁੱਟੜ ਹੋਇਆ ਵੀ ਸਾਹਣ ਵਾਂਗ ਉਠ ਖੜ੍ਹਿਆ।

-''ਲੈ ਠਾਣੇਦਾਰਾ...! ਜਿਹੜੀ ਇੱਜ਼ਤ ਖਾਤਰ ਤੁਰੇ ਫਿਰਦੇ ਸੀ-ਉਹ ਤੂੰ ਅੱਜ ਖੇਹ ਕਰ ਹੀ ਦਿੱਤੀ ਐ-ਗੁਰੂ ਸਾਹਿਬ ਦਾ ਫੁਰਮਾਨ ਐਂ-ਜੇ ਜੀਵੈ ਪਤਿ ਲਥੀ ਜਾਇ।। ਸਭੁ ਹਰਾਮੁ ਜੇਤਾ ਕਿਛੁ ਖਾਇ।। ਹੁਣ ਤੂੰ ਆਬਦਾ ਜੋਰ ਲਾ ਲਈਂ-ਕੋਈ ਕੱਚ ਨਾ ਰਹਿ ਜਾਵੇ!'' ਜਪਨਾਮ ਸਿੰਘ ਅੰਦਰੋਂ ਚੰਡੀ ਦਾ ਰੋਹ ਭਬਕ ਰਿਹਾ ਸੀ।

-''ਅਸੀਂ ਤਾਂ ਵੱਡੇ ਵੱਡੇ ਸਿੱਥਲ਼ ਕਰਤੇ ਤੂੰ ਤਾਂ ਚੀਜ ਈ ਕੀ ਐਂ ਬੁੜ੍ਹਿਆ?''

-''ਉਹ ਹੋਣਗੇ ਗੱਦਾਰ ਜਿਹੜੇ ਤੇਰੇ ਡੰਡੇ ਹੇਠ ਮਿਆਂਕ ਉਠੇ-ਮੈਂ ਤਾਂ ਕਲਗੀਧਰ ਗੁਰੂ ਦਾ ਅਣਖੀ ਸਿੰਘ ਆਂ ਠਾਣੇਦਾਰਾ...! ਮਰ ਜਾਊਂ ਪਰ 'ਸੀ' ਨਹੀ ਕਰਦਾ-ਪੁਰਜਾ ਪੁਰਜਾ ਕਟਿ ਮਰੈ-ਕਬਹੂੰ ਨ ਛਾਡੈ ਖੇਤੁ-ਤੂੰ ਆਬਦਾ ਹਥਿਆਰ ਵਰਤੀਂ ਅਤੇ ਮੈ ਆਪਣੀ ਅਣਖ, ਜਿਗਰਾ ਤੇ ਸਹਿਣਸ਼ਕਤੀ ਪਰਖੂੰਗਾ-ਤੇਰੇ 'ਚੋਂ ਔਰੰਗਜੇਬ ਦੀ ਰੂਹ ਬੋਲਦੀ ਐ ਤੇ ਮੇਰੇ ਅੰਦਰ ਦਸਵੇਂ ਪਾਤਸ਼ਾਹ ਦਾ ਖ਼ੂਨ ਦੌੜਦੈ-ਲੜਾਈ ਨੇਕੀ ਤੇ ਬਦੀ ਦੀ ਤੁਰੀ ਆਈ ਐ ਅਤੇ ਤੁਰੀ ਜਾਣੀ ਐਂ-ਹੁਣ ਦੇਖਾਂਗੇ ਤੂੰ ਜਿੱਤਦੈਂ ਜਾਂ ਮੈਂ? ਨੇਕੀ ਜਿੱਤਦੀ ਐ ਜਾਂ ਬਦੀ..?''

-''ਇਹਦਾ ਅਰਥ ਐ ਬਈ ਤੂੰ ਮਰੇਂਗਾ?'' ਠਾਣੇਦਾਰ ਨੂੰ ਉਮੀਦ ਹੀ ਨਹੀ ਸੀ ਕਿ ਇੱਕ ਸਧਾਰਨ ਪੇਂਡੂ ਬੰਦਾ ਇਤਨੀਆਂ ਗੁਣੀ-ਗਿਆਨ ਦੀਆਂ ਗੱਲਾਂ ਵੀ ਕਰ ਸਕਦਾ ਸੀ?

-''ਮਰਨਾ ਸਭ ਨੇ ਐ-ਮੌਤ ਅਟੱਲ ਐ-ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ।। ਸਰੀਰਕ ਮੌਤ ਨੂੰ ਮੈ ਮੌਤ ਈ ਨਹੀ ਸਮਝਦਾ-ਆਤਮਾ ਦੀ ਮੌਤ ਨੂੰ, ਜ਼ਮੀਰ ਦੀ ਮੌਤ ਨੂੰ ਮੌਤ ਮੰਨਦੈਂ-ਤੂੰ ਆਪਦੇ ਆਪ ਨੂੰ ਜਿਉਂਦਾ ਸਮਝਦੈਂ ਠਾਣੇਦਾਰਾ? ਤੂੰ ਤਾਂ ਤੁਰਦੀ ਫਿਰਦੀ ਇਕ ਲਾਸ਼ ਐਂ-ਬਿਗਾਨੇ ਹੱਥਾਂ ਵਿਚ ਨੱਚਦੀ ਇਕ ਕੱਠਪੁਤਲੀ-ਗੁਰੂ ਦੇ ਸਿੰਘ ਬੰਦ ਬੰਦ ਕਟਵਾਉਂਦੇ ਵੀ-ਤੇਰਾ ਕੀਆ ਮੀਠਾ ਲਾਗੈ-ਗਾਉਂਦੇ ਵੀ ਗੁਰੂ ਦਾ ਸ਼ੁਕਰਾਨਾ ਕਰਦੇ ਰਹੇ-ਸਿੰਘਣੀਆਂ ਆਪਣੇ ਮਾਸੂਮ ਭੁਜੰਗੀਆਂ ਦੇ ਟੁਕੜੇ ਆਪਣੀਆਂ ਝੋਲੀਆਂ ਵਿਚ ਪੁਆਉਂਦੀਆਂ ਰਹੀਆਂ-ਪਰ ਮੁੱਖੋਂ 'ਸੀ' ਨਹੀ ਉਚਾਰੀ-ਗੁਰੂ ਦੇ ਭਾਣੇ ਨੂੰ ਮਿੱਠਾ-ਮਿੱਠਾ ਕਰਕੇ ਮੰਨਿਆਂ-ਪਰ ਤੇਰੇ ਵਰਗੇ ਦੁਸ਼ਟਾਂ ਦੀ ਈਨ ਨਹੀ ਮੰਨੀ-ਗੁਰੂ ਆਪਣੇ ਸਿੰਘਾਂ ਦਾ ਇਮਤਿਹਾਨ ਲੈਂਦੈ-ਚੱਲ ਮੈ ਤੈਨੂੰ ਦਿਖਾਊਂਗਾ ਕਿ ਸਿੰਘ ਕਿਵੇਂ ਪਾਸ ਹੁੰਦੈ-ਤੂੰ ਆਬਦੇ ਹਥਿਆਰ ਤਿੱਖੇ ਕਰਕੇ ਲਿਆਈਂ ਠਾਣੇਦਾਰਾ! ਕਿਤੇ ਮੌਕੇ ਤੇ ਦਗਾ ਨਾ ਦੇ ਜਾਣ!''

ਬਾਬੇ ਦੇ ਬਚਨਾਂ ਨੇ ਠਾਣੇਦਾਰ ਦੀ ਆਤਮਾ ਵਲੂੰਧਰ ਧਰੀ। ਪਰ ਸਰਕਾਰੀ ਰੋਅਬ ਉਸ 'ਤੇ ਫਿਰ ਵੀ ਭਾਰੂ ਸੀ।

-''ਤੂੰ ਸਾਨੂੰ ਜਰੂਰ ਬੁੱਚੜ ਬਣਾਵੇਂਗਾ।''

-''ਇੱਕ ਬੁੱਚੜ ਨੂੰ ਹੋਰ ਬੁੱਚੜ ਕੀ ਬਣਾਉਣਾ ਹੋਇਆ? ਸਹੇ ਦੀਆਂ ਤਾਂ ਤਿੰਨ ਈ ਟੰਗਾਂ ਬਥੇਰੀਆਂ ਹੁੰਦੀਐਂ-ਤੇਰੀ ਅਦਾਲਤ ਤੋਂ ਉਪਰ ਇੱਕ ਹੋਰ ਅਦਾਲਤ ਵੀ ਐ ਠਾਣੇਦਾਰਾ! ਲੇਖਾ ਦੇਣਾ ਪੈਣੈ-ਸਬਰ ਸਬੂਰੀ ਨਾਨਕਾ ਦਰਗਾਹੀਂ ਲੇਖੇ-ਜਿਹਨਾਂ ਦੀਆਂ ਲਾਸ਼ਾਂ ਤੇ ਤੂੰ ਕੁਰਸੀ ਡਾਹੀ ਬੈਠੈਂ-ਉਹ ਇਕ ਨਾ ਇਕ ਦਿਨ ਤੇਰੀ ਜੂਨ ਜਰੂਰ ਵੈਰਾਨ ਕਰਨਗੇ-ਜਿਹੜੇ ਨਿਰਦੋਸ਼ ਤੂੰ ਗੋਲੀਆਂ ਨਾਲ ਉਡਾਏ ਐ-ਇਕ ਨਾ ਇਕ ਦਿਨ ਤੇਰੀ ਛਾਤੀ ਤੇ ਜਰੂਰ ਚੜਨਗੇ।''

-''ਇਹਦੀਆਂ ਬਾਹਾਂ ਨੂੜੋ ਤੇ ਟਰੱਕ 'ਚ ਸਿਟੋ!''

ਸਿਪਾਹੀ ਹੁਕਮ ਦੀ ਤਾਮੀਲ ਕਰਨ ਲੱਗ ਪਏ।

-''ਸਿਰ ਦਿਆ ਸਾਈਆਂ-!'' ਗੱਲ ਹਰ ਕੌਰ ਤੋਂ ਪੂਰੀ ਨਾ ਹੋ ਸਕੀ।

-''ਇਹ ਗੁਰੂ ਦਾ ਕੀ ਭਾਣਾ ਐਂ...?''

-"ਹਰ ਕੁਰੇ ਗੁਰੂ ਦਾ ਸੱਦਾ ਆ ਗਿਆ-ਮੇਰੀ ਉਡੀਕ ਨਾ ਕਰੀਂ-ਗੁਰੂ ਦਾ ਸਰੀਰ-ਗੁਰੂ ਦੀ ਅਮਾਨਤ-ਇਹ ਅਮਾਨਤ ਮੈ ਲੇਖੇ ਲਾਉਣ ਚੱਲਿਐਂ-ਕੋਈ ਚਾਰਾਜੋਈ ਨਾ ਕਰੀਂ-ਗੁਰੂ ਦੀ ਰਜ਼ਾ ਵਿਚ ਰਾਜੀ ਰਹੀਂ-ਸ਼ੀਹਣੀ ਬਣ ਕੇ ਭਾਣਾ ਮੰਨੀਂ-ਮੇਰੀ ਲਾਸ਼ ਮਿਲ ਗਈ ਤਾਂ ਸਸਕਾਰ ਕਰ ਦੇਵੀਂ-ਤੇ ਨਹੀ ਤਾਂ ਗੁਰੂ ਅੱਗੇ ਅਰਦਾਸ ਕਰ ਕੇ ਭੋਗ ਪਾ ਦੇਈਂ-ਸ਼ੁਕਰਾਨਾਂ ਅਦਾ ਕਰ ਦੇਈਂ-ਅਤੇ ਹਾਂ...! ਮੇਰੇ ਲਾਡਲੇ ਗੁਰੂ ਕੇ ਲਾਲ ਨੂੰ ਕਹੀਂ ਕਿ ਪੁੱਤਰਾ..! ਬੰਦੂਕ ਤੇਰੇ ਹੱਥ ਪੁਲਸ ਨੇ ਫੜਾ ਦਿੱਤੀ ਐ-ਇਹ ਵੀ ਗੁਰੂ ਦਾ ਭਾਣਾ ਈ ਸਮਝ-ਤੇ ਪਾ ਦੇ ਖਿਲਾਰੇ...! ਗੁਰੂ ਦੇ ਇਮਤਿਹਾਨ 'ਚੋਂ ਪੂਰੇ ਦਾ ਪੂਰਾ ਸੌ ਨੰਬਰ ਲੈ ਕੇ ਪਾਸ ਹੋਣੈਂ-ਮਜ਼ਲੂਮ ਤੇ ਵਾਰ ਨਹੀ ਕਰਨਾ ਤੇ ਜਾਬਰ ਨੂੰ ਸੋਧਾ ਲਾਉਣ ਲੱਗਿਆਂ ਪਲ ਨਹੀ ਲਾਉਣਾ-ਜਾਨ ਦੀ ਪ੍ਰਵਾਹ ਨਾ ਕਰੇ-ਗੱਦਾਰ ਤੇ ਡਰਪੋਕ ਨਾ ਬਣੇ-ਪੁਰਜਾ ਪੁਰਜਾ ਕਟਿ ਮਰੈ-ਕਬਹੂੰ ਨ ਛਾਡੈ ਖੇਤੁ-ਚੜ੍ਹਦੀ ਕਲਾ ਵਿਚ ਰਹਿ ਕੇ ਸ਼ਹੀਦੀ ਪਾਵੇ-ਚੰਗਾ ਹਰ ਕੁਰੇ ਹੁਣ ਤਾਂ ਦਰਗਾਹੀਂ ਮੇਲੇ ਹੋਣਗੇ-ਮੇਰੀ ਚੜ੍ਹਦੀ ਕਲਾ ਲਈ ਬਾਜਾਂ ਵਾਲੇ ਗੁਰੂ ਅੱਗੇ ਅਰਦਾਸ ਕਰੀਂ-ਕਿ ਤੇਰਾ ਸਿੰਘ ਨਾ ਡੋਲੇ-ਤੇਰਾ ਸ਼ੁਕਰਾਨਾਂ ਕਰਦਾ ਸ਼ਹੀਦੀ ਪਾਵੇ-ਵਾਹਿਗੁਰੂ ਜੀ ਕਾ ਖ਼ਾਲਸਾ-ਵਾਹਿਗੁਰੂ ਜੀ ਕੀ ਫ਼ਤਹਿ।।"

ਹਰ ਕੌਰ ਦੇ ਨੈਣ ਚੋਈ ਜਾ ਰਹੇ ਸਨ।

ਨਰੜੇ ਜਪਨਾਮ ਸਿੰਘ ਨੂੰ ਇੱਟ ਵਾਂਗ ਵਗਾਹ ਕੇ ਸਿਪਾਹੀਆਂ ਨੇ ਟਰੱਕ ਵਿਚ ਸੁੱਟਿਆ।

ਤੁਰਦੇ ਟਰੱਕ ਵਿਚੋਂ ਜਪਨਾਮ ਸਿੰਘ ਦਾ ਜੈਕਾਰਾ, "ਬੋਲੇ ਸੋ ਨਿਹਾਲ....!" ਗੂੰਜਿਆ। ਜਿਸ ਦਾ ਜਵਾਬ ਹਰ ਕੌਰ ਨੇ, "ਸਤਿ ਸ੍ਰੀ ਅਕਾਲ....!!" ਆਖ ਕੇ ਦਿੱਤਾ।

ਟਰੱਕ ਅਤੇ ਜੀਪ ਅਲੋਪ ਹੋ ਗਏ।

ਹਰ ਕੌਰ ਦਰਵਾਜੇ ਵਿਚ ਹੀ ਬੈਠੀ ਸੀ। ਉਸ ਨੇ ਕੋਈ ਭੱਜ ਦੌੜ ਨਾ ਕੀਤੀ। ਗੁਰੂ ਦਾ ਬੁਲਾਵਾ ਆ ਗਿਆ ਸੀ। ਧੁਰ ਦਰਗਾਹੋਂ ਤਾਰ ਆ ਗਈ ਸੀ। ਗੁਰੂ ਦਾ ਹੁਕਮ ਸੀ, ਸਿੰਘ ਨੂੰ ਜਾਣਾ ਹੀ ਪੈਣਾ ਸੀ। ਸਿੰਘ ਗੁਰੂ ਤੋਂ ਨਾਬਰ ਕਿਵੇਂ ਹੋ ਸਕਦਾ ਸੀ? ਮਨਮੁੱਖ ਕਿਵੇਂ ਹੋ ਸਕਦਾ ਸੀ? ਗੁਰੂ ਦਾ ਹੁਕਮ ਸਿਰ ਮੱਥੇ 'ਤੇ ਸੀ। ਜਪਨਾਮ ਸਿੰਘ ਤਾਂ ਕਰਮਾਂ ਦਾ ਧਨੀ ਸੀ, ਜਿਸ ਨੂੰ ਗੁਰੂ ਕਲਗੀਆਂ ਵਾਲੇ ਨੇ ਆਪ ਯਾਦ ਕੀਤਾ ਸੀ। ਸ਼ਹੀਦ ਨੂੰ ਤਾਂ ਸੱਚਖੰਡ ਵਿਚੋਂ ਤੇਤੀ ਕਰੋੜ ਦੇਵਤਾ ਆਪ ਲੈਣ ਆਉਂਦੈ। ਹਰ ਕੌਰ ਸੋਚ ਰਹੀ ਸੀ।

ਸਰਦੀ ਵਿਚ ਠਰਿਆ ਸੂਰਜ ਪੂਰਬ ਵਿੱਚੋਂ ਖੁੰਬ ਵਾਂਗ ਉਠਿਆ ਸੀ। ਤਰੇਲ਼ ਨਾਲ ਧੋਤੀਆਂ ਸੂਰਜ ਦੀਆਂ ਕਿਰਨਾਂ ਦਾ ਨਿੱਘ ਧਰਤੀ 'ਤੇ ਫ਼ੈਲ ਗਿਆ। ਹਰ ਕੌਰ ਉਠ ਕੇ ਅੰਦਰ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਫ਼ੋਟੋ ਕੋਲ ਜਾ ਕੇ, ਹੱਥ ਜੋੜ ਕੇ ਖੜ੍ਹ ਗਈ। ਮਨ ਇਕਾਗਰ ਕੀਤਾ।

-"ਹੇ ਪੁੱਤਰਾਂ ਦੇ ਦਾਨੀਂ! ਸਰਬੰਸ ਵਾਰਨ ਵਾਲੇ ਪਾਤਸ਼ਾਹ! ਖ਼ਾਲਸਾ ਕੌਮ ਦੇ ਬਾਨੀਂ! ਦਸਵੇਂ ਪਿਤਾ! ਜੇ ਤੇਰਾ ਇਹ ਹੀ ਭਾਣਾ ਹੈ ਮੇਰੇ ਦਾਤਿਆ! ਤਾਂ ਆਪਣੇ ਸਿੰਘ ਦੀ ਲਾਜ ਰੱਖੀਂ! ਤੇਰਾ ਸਿੰਘ ਚਰਖੜੀਆਂ ਤੇ ਚੜ੍ਹਿਆ ਵੀ ਨਾ ਡੋਲੇ-ਆਰਿਆਂ ਦੇ ਦੰਦਿਆਂ ਥੱਲੇ ਵੀ 'ਸੀ' ਨਾ ਕਰੇ-ਉਬਲਦੀਆਂ ਦੇਗਾਂ ਵਿਚ ਬੈਠਾ ਵੀ ਤੇਰਾ ਨਾਮ ਜਪੇ-ਬੰਦ ਬੰਦ ਕਟਵਾਉਂਦਾ ਵੀ ਚੜ੍ਹਦੀਆਂ ਕਲਾਂ ਵਿਚ ਵਿਚਰੇ-ਮੇਰੇ ਚੋਜੀ ਪ੍ਰੀਤਮ ਤੇਰੇ ਅੱਗੇ ਸਿਰਫ਼ ਮੇਰੀ ਇਹੀ ਦੁਆ ਹੈ-ਹੋਰ ਮੈ ਤੇਰੀ ਪੁੱਤਰੀ ਤੇਰੇ ਤੋਂ ਕੁਛ ਨਹੀ ਮੰਗਦੀ।"

ਉਸ ਨੇ ਸੀਸ ਨਿਵਾ ਕੇ ਮੱਥਾ ਟੇਕਿਆ।

ਦਿਨ ਕਾਫੀ ਚੜ੍ਹ ਆਇਆ ਸੀ।

ਗੁਆਂਢੀਆਂ ਦੇ ਘਰੋਂ ਤੁਰੀ ਗੱਲ ਸਾਰੇ ਪਿੰਡ ਵਿਚ ਅੱਗ ਵਾਂਗ ਫ਼ੈਲ ਗਈ ਸੀ ਕਿ ਜਪਨਾਮ ਸਿੰਘ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਸੀ। ਪਰ ਕਿਸ ਦੋਸ਼ ਵਿਚ? ਇਹ ਕਿਸੇ ਨੂੰ ਨਹੀ ਪਤਾ ਸੀ! ਸਾਰਾ ਪਿੰਡ ਦੰਗ ਸੀ, ਦੁਖੀ ਸੀ। ਪਿੰਡ ਵਿਚ ਕੋਈ "ਦਿਉ" ਪੈਣ ਲੱਗ ਪਿਆ ਸੀ। ਪਿੰਡ ਉਜੜਦਾ ਜਾ ਰਿਹਾ ਸੀ। ਹਰ ਕੋਈ ਆਪਣੀ ਹੀ ਸੁੱਖ ਮੰਗ ਰਿਹਾ ਸੀ। ਕੁਕੜੀ ਦੇ ਇੱਲ੍ਹ ਤੋਂ ਚੂਚੇ ਲਕੋਣ ਵਾਂਗ, ਮਾਵਾਂ ਆਪਣੇ ਪੁੱਤ ਪੁਲਸ ਤੋਂ ਲਕੋ ਰਹੀਆਂ ਸਨ। ਪਿੰਡ ਵਿਚ ਹਾਹਾਕਾਰ ਮੱਚ ਗਈ ਸੀ। ਸਾਰੇ "ਤਰਾਸ-ਤਰਾਸ" ਕਰ ਰਹੇ ਸਨ।

ਸਰਪੰਚ ਆਪਣੀ ਜਗਾਹ ਹੈਰਾਨ ਸੀ।

ਕਿਸੇ ਘਰ ਦੇ ਮੈਂਬਰ ਨੇ ਜਪਨਾਮ ਸਿੰਘ ਦੀ ਗ੍ਰਿਫ਼ਤਾਰੀ ਬਾਰੇ ਉਸ ਨੂੰ ਖ਼ਬਰ ਨਹੀ ਕੀਤੀ ਸੀ। ਘਰ ਦੇ ਮੈਂਬਰ ਬੇਵਕੂਫ਼ ਸਨ ਜਾਂ ਡਰੇ ਹੋਏ? ਜਾਂ ਫਿਰ ਉਹਨਾਂ ਨੂੰ ਪੁਲੀਸ ਦਾ ਉਕਾ ਹੀ ਡਰ ਨਹੀਂ ਸੀ? ਜਾਂ ਫਿਰ ਜਪਨਾਮ ਸਿੰਘ ਦੀ ਜਾਨ ਦੀ ਪ੍ਰਵਾਹ ਨਹੀ ਸੀ? ਸਰਪੰਚ ਸੋਚ ਰਿਹਾ ਸੀ। ਅਕਸਰ ਫਿਰ ਵੀ ਉਹ ਪਿੰਡ ਦੇ ਲੋਕਾਂ ਦੀ ਹਮਾਇਤ ਨਾਲ ਚੁਣਿਆਂ ਹੋਇਆ ਸਰਪੰਚ ਸੀ। ਜ਼ਿੰਮੇਵਾਰ ਬੰਦਾ ਸੀ। ਆਪਣੇ ਨਿਯਮਾਂ ਦਾ ਉਸ ਨੂੰ ਅਹਿਸਾਸ ਸੀ।

ਲੋਕ ਤਰ੍ਹਾਂ-ਤਰ੍ਹਾਂ ਦੇ ਲੱਖਣ ਲਾ ਰਹੇ ਸਨ।

ਸਰਪੰਚ ਤੁਰੰਤ ਹੀ ਹਰ ਕੌਰ ਕੋਲ ਪਹੁੰਚਿਆ।

ਹਰ ਕੌਰ, "ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ" ਦਾ ਗਾਇਨ ਕਰਦੀ ਚੱਕਣ ਧਰਨ ਕਰ ਰਹੀ ਸੀ। ਕਦੇ ਕਦੇ ਉਸ ਦਾ ਮਨ ਭਰਦਾ ਸੀ। ਪਰ ਉਹ ਮਨ ਘੁੱਟੀ ਫਿਰਦੀ ਸੀ।

-"ਹਰ ਕੁਰੇ ਕੀ ਹੋਇਆ..? ਬਾਈ ਨੂੰ ਕਾਹਤੋਂ ਲੈ ਗਏ..?" ਸਾਧੂ ਸਿੰਘ ਸਰਪੰਚ ਨੇ ਭਾਬੀਆਂ ਦੀ ਥਾਂ ਲੱਗਦੀ ਹਰ ਕੌਰ ਨੂੰ ਪੁੱਛਿਆ।

-"ਆ ਸਾਧੂ ਬੈਠ-।"

ਸਰਪੰਚ ਬੈਠ ਗਿਆ।

-"ਆਪਣੇ ਗੁਰਪਾਲ ਬਾਰੇ ਪੁੱਛਦੇ ਸੀ।"

-"ਫੇਰ?"

ਹਰ ਕੌਰ ਨੇ ਸਾਹ ਲੈ ਕੇ ਫਿਰ ਕਹਿਣਾ ਸੁਰੂ ਕੀਤਾ।

-"ਗੁਰਪਾਲ ਨੂੰ ਤਾਂ ਟਪਾਤਾ ਅਸੀਂ ਕੰਧ-ਬਾਹਰ ਕਿਸੇ ਚਪਾਹੀ ਨਾਲ ਜੱਫੋ ਜੱਫੀ ਹੋ ਗਿਆ ਹੋਣੈ-ਤੇ ਸਾਧੂ ਉਹਨੇ ਚਪਾਹੀ ਕੁੱਟ ਧਰਿਆ ਤੇ ਨਾਲੇ ਲੈ ਗਿਆ ਉਹਦੀ ਰਫਲ-ਬੱਸ ਐਨੀ ਗੱਲ ਸੀ-ਠਾਣੇਦਾਰ ਭੂਸਰ ਗਿਆ-ਹੋਰ ਤਾਂ ਕੋਈ ਬੱਸ ਨਾ ਚੱਲਿਆ-ਸਾਨੂੰ ਦੋਹਾਂ ਜੀਆਂ ਨੂੰ ਕੁੱਟਿਆ ਤੇ ਗੁਰਪਾਲ ਦੇ ਬਾਪੂ ਨੂੰ ਨੂੜ ਕੇ ਲੈ ਗਏ-ਮੇਰੀ ਤਾਂ ਬਾਂਹ ਨਹੀ ਹਿਲਦੀ।"

-"ਟੁੱਟੀ ਭੱਜੀ ਤਾਂ ਨਹੀ?"
-"ਪਤਾ ਨਹੀ ਟੁੱਟੀ ਐ ਜਾਂ ਬਚਗੀ?"
-"ਗੁਰਪਾਲ ਨੇ ਬੇਵਕੂਫੀ ਕੀਤੀ-ਭੱਜ ਚਾਹੇ ਵੀਹ ਆਰੀ ਜਾਂਦਾ-ਪਰ ਸਰਕਾਰੀ ਅਸਲਾ ਨਹੀ ਖੋਹਣਾ ਸੀ-ਇਹਦਾ ਜੁਰਮ ਪਤਾ ਕਿੱਡੈ?"
-"ਸਾਧੂ ਕੀ ਕਰੀਏ? ਮਰਦਾ ਤਾਂ ਅੱਕ ਚੱਬਦਾ ਈ ਐ।"
-"ਹੁਣ ਕੀ ਕਰੀਏ?" ਸਰਪੰਚ ਨੇ ਹਨ੍ਹੇਰੇ ਵਿਚ ਹੱਥ ਮਾਰਿਆ। ਰਾਈਫ਼ਲ ਬਾਰੇ ਸੁਣ ਕੇ ਉਹ ਸੁੰਨ ਹੋ ਗਿਆ ਸੀ।
-"ਮੈ ਕੀ ਦੱਸਾਂ? ਗੁਰਪਾਲ ਦਾ ਬਾਪੂ ਤਾਂ ਆਂਹਦਾ ਸੀ ਕਿ ਕੋਈ ਭੱਜ ਦੌੜ ਨਾ ਕਰਿਓ-ਮਾਰ ਤਾਂ ਇਹਨਾਂ ਨੇ ਮੈਨੂੰ ਦੇਣਾ ਈ ਐ।" ਹਰ ਕੌਰ ਨੇ ਸਿੱਧੀ ਸੁਣਾਈ ਕੀਤੀ।
-"ਇਉਂ ਮਾਰ ਦੇਣਾਂ ਖੇਡ ਐ? ਅਸੀਂ ਘਰੇ ਬੈਠੇ ਬੰਦਾ ਮਰਵਾ ਲਈਏ? ਦੁਨੀਆਂ ਕੀ ਕਹੂ? ਮੈ ਬੰਦੇ ਲੈ ਕੇ ਜਾਨੈਂ ਠਾਣੇ ਤੇ ਤੇਰੀ ਬਾਂਹ ਵਾਸਤੇ ਪਿੱਲੇ ਦਰਜੀ ਨੂੰ ਭੇਜਦੈਂ-ਜੇ ਉੱਤਰੀ ਜਾਂ ਟੁੱਟੀ ਹੋਊ ਚੜ੍ਹਾ ਦਿਊ।"
ਸਰਪੰਚ ਉਠ ਖੜ੍ਹਾ ਹੋਇਆ।
-"ਹਰ ਕੁਰੇ ਜੇ ਗੁਰਪਾਲ ਆਵੇ ਤਾਂ ਉਹਤੋਂ ਰਫਲ ਲੈ ਲਈਂ-ਕੋਈ ਬੰਨ੍ਹ ਸੁੱਬ ਕਰਕੇ ਮੋੜ ਦਿਆਂਗੇ-ਐਮੇਂ ਨਿਆਣ ਮੱਤ ਨਾ ਕਰੇ-ਸਰਕਾਰੀ ਅਸਲਾ ਖੋਹਣਾ ਕੋਈ ਮਾੜੀ ਮੋਟੀ ਗੱਲ ਨਹੀਂ-ਪੁਲਸ ਨਾਲ ਦੁਸ਼ਮਣੀ ਮਾੜੀ ਈ ਮਾੜੀ ਹੁੰਦੀ ਐ-ਜੇ ਮਗਰ ਪੈ ਗਈ...।" ਤੇ ਸਰਪੰਚ ਤੁਰ ਗਿਆ।
ਹਰ ਕੌਰ ਸੰਜੀਦੀ ਹੋਈ ਬੈਠੀ ਸੀ।
ਥੋੜੀ ਦੇਰ ਬਾਅਦ ਪਿੱਲਾ ਦਰਜੀ ਆ ਗਿਆ।
-"ਕੀ ਕਰਾ ਲਿਆ ਹਰ ਕੁਰੇ...?" ਜਰਦੇ ਦੇ ਦਾਣੇ ਚਿੱਥ ਕੇ ਥੁੱਕਦਿਆਂ ਪਿੱਲੇ ਨੇ ਬਿੰਡੇ ਵਰਗੀ ਤਿੱਖੀ ਜਿਹੀ ਅਵਾਜ਼ ਕੱਢੀ। ਉਸ ਦੀ ਇਕੋ ਇਕ ਅੱਖ ਦਾ ਭੈਂਗ ਹੋਰ ਗਹਿਰਾ ਹੋ ਗਿਆ ਸੀ। ਐਨਕ ਪਿਛੋਂ ਗਹਿਰੀ ਅੱਖ ਬੈਟਰੀ ਵਾਂਗ ਜਗ ਰਹੀ ਸੀ।
-"ਵੇ ਬਾਂਹ ਨਹੀਂ ਮੱਚੜੀ ਹਿਲਦੀ ਪਿੱਲਿਆ-ਪਤਾ ਨਹੀਂ ਕੀ ਹੋ ਗਿਆ...?"
-"ਲੈ ਐਮੈਂ ਈ ਬਹੁੜੀਆਂ ਪਾਈ ਜਾਂਦੀ ਐ-ਬਾਹਲੀ ਮਰੂੰ ਮਰੂੰ ਨਾ ਕਰਿਆ ਕਰ-ਕੱਲ੍ਹ ਦੀ ਤਾਂ ਤੂੰ ਜੁਆਕੜੀ ਐਂ ਅਜੇ-ਹੈਂ!" ਸਣ ਵਰਗੀ ਦਾਹੜੀ ਉਸ ਨੇ ਜੋਰ ਨਾਲ ਖੁਰਕੀ। ਦਾਹੜੀ ਵਾੜ ਦੇ ਝਾਫ਼ੇ ਵਾਂਗ ਖਿਲਰ ਗਈ ਸੀ।
-"ਲਿਆ ਕਰ ਉਰਾਂਹ-ਦੇਖਾਂ ਤੇਰੀ ਬਾਂਹ-ਕੱਲ੍ਹ ਦੀ ਜੁਆਕੜੀ ਐਂ-ਜੇ ਹੁਣੇ ਈ ਬਾਂਹਾਂ ਹਿੱਲਣ ਲੱਗ ਪਈਆਂ-ਬੁੜ੍ਹਾਪਾ ਕਦੋਂ ਆਇਆ?" ਪਿੱਲਾ ਵਿੰਗੀਆਂ ਲੱਤਾਂ ਦਾ ਐਂਗਲ ਬਣਾਈ ਸਾਹਮਣੇ ਖੜ੍ਹਾ ਸੀ।
ਉਸ ਨੇ ਹਰ ਕੌਰ ਦੀ ਬਾਂਹ ਫੜ ਲਈ।
-"ਇਹ ਤਾਂ ਬਲਾਅ ਸੁੱਜੀ ਪਈ ਐ! ਕਿਤੇ ਵੱਡੇ ਬਾਈ ਨੇ ਤਾਂ ਨਹੀਂ ਕੁਛ ਮਾਰਿਆ? ਇਹ ਤਾਂ ਬਣੀ ਪਈ ਐ ਭੜ੍ਹੋਲਾ!" ਪਿੱਲਾ ਸ਼ਰਾਰਤੀ ਸੀ।
-"ਵੇ ਪਿੱਲਿਆ ਕਿਉਂ ਟਿੱਚਰਾਂ ਕਰਦੈਂ-ਉਹਨੂੰ ਤਾਂ ਪੁਲਸ ਫੜ ਕੇ ਲੈ ਗਈ-ਮੇਰੇ ਵੀ ਜੱਗੋਂ ਜਾਣਿਆਂ ਨੇ ਰਫਲਾਂ ਦੇ ਬੱਟ ਮਾਰੇ-।"
-"ਹੈਂ! ਕਾਹਤੋਂ ਫੜ ਕੇ ਲੈ ਗਈ?" ਪਿੱਲੇ ਦੀ ਅੱਖ ਦਾ ਭੈਂਗ ਡੰਡ ਬੈਠਕਾਂ ਕੱਢਣ ਲੱਗ ਪਿਆ।
-"ਤੈਨੂੰ ਪਤਾ ਈ ਨਹੀ?"
-"ਨਾਅ-ਸਹੁੰ ਗੁਰੂ ਦੀ।"
-"ਵੇ ਪਿੱਲਿਆ ਸਾਰੇ ਪਿੰਡ 'ਚ ਤਾਂ ਬੂਅ-ਬੂਅ ਹੋਈ ਪਈ ਐ।"
-"ਸਹੁੰ ਦੁਆ ਲੈ ਕਾਸੇ ਦੀ-ਮੈਨੂੰ ਤਾਂ ਬਿਲਕੁਲ ਈ ਨਹੀ ਪਤਾ ਹਰ ਕੁਰੇ!" ਪਿੱਲੇ ਨੇ ਫਿਰ ਜਰਦੇ ਦੇ ਦਾਣੇ ਚਿੱਥ ਕੇ ਥੁੱਕਦਿਆਂ ਕਿਹਾ।
-"ਸਰਪੈਂਚ ਨੇ ਵੀ ਕੁਛ ਨਹੀ ਦੱਸਿਆ?"
-"ਨਾਅ....!"
-"ਕੀ ਗੱਲ ਹੋਈ ਇਹ ਤਾਂ ਦੱਸ? ਕਹਾਣੇ ਜੇ ਕਾਹਤੋਂ ਪਾਈ ਜਾਨੀ ਐਂ? ਮੈ ਕੋਈ ਦੁਸ਼ਮਣ ਐਂ....?" ਪਿੱਲੇ ਨੇ ਜਗਦੀ ਅੱਖ ਟਿਕਾਣੇ 'ਤੇ ਹੀ ਰੋਕ ਲਈ।
ਹਰ ਕੌਰ ਨੇ ਸਾਰੀ ਕਹਾਣੀ ਕਹਿ ਸੁਣਾਈ।
ਸੁਣ ਕੇ ਪਿੱਲੇ ਦੀ ਇਕ ਅੱਖ ਡੁੱਬਕੀਆਂ ਲਾਉਣ ਲੱਗ ਪਈ ਅਤੇ ਦੂਸਰੀ ਅੱਖ ਉਸ ਦੀ ਤਖਤੇ ਦੀ ਚੂਲ ਵਾਂਗ ਘੁਕ ਰਹੀ ਸੀ।
-"ਵਾਖਰੂ-ਵਾਖਰੂ..! ਐਡਾ ਨ੍ਹੇਰ..? ਹੈਅ ਥੋਡਾ ਕੱਖ ਨਾ ਰਹੇ।" ਆਖਦਾ ਪਿੱਲਾ ਨਾਲ ਦੀ ਨਾਲ ਬਾਂਹ ਟੋਹ ਕੇ ਜਾਇਜ਼ਾ ਲੈ ਰਿਹਾ ਸੀ।
-"ਹਰ ਕੁਰੇ ਨਾ ਤਾਂ ਬਾਂਹ ਟੁੱਟੀ ਐ ਤੇ ਨਾ ਈ ਉੱਤਰੀ ਐ-ਲੱਗਦੈ ਸੱਟ ਵੱਜਣ ਨਾਲ ਅੰਦਰੋਂ ਮਾਸ ਪਾਟ ਗਿਆ।"
-"ਕੋਈ 'ਲਾਜ?"
-"ਕਸੀਸ ਵੱਟ ਕੇ ਠੰਢਾ ਪਾਣੀ ਪਾਈ ਚੱਲ ਇਹਦੇ ਤੇ-ਜੇ ਚੀਸ ਪੈਣ ਲੱਗੀ ਤਾਂ ਡਾਕਦਾਰ ਤੋਂ ਗੋਲੀ ਗੱਪਾ ਲੈ ਲਈਂ-ਜਿੰਨਾਂ ਪਾਣੀ ਪਾਵੇਂਗੀ-ਉਨੀ ਜਲਦੀ ਈ ਸੋਜ ਉਤਰੂ-ਨਾ ਹੋਰ ਸੁਣ-ਕੋਈ ਮਗਰ ਗਿਆ ਬਾਈ ਦੇ?" ਉਸ ਨੇ ਬੜੀ ਧੀਮੀ ਅਵਾਜ ਵਿਚ ਨੇੜੇ ਹੋ ਕੇ ਪੁੱਛਿਆ।
-"ਜਾਣਗੇ ਸਰਪੈਂਚ ਹੋਰੀਂ।"
-"ਇਕ ਗੱਲ ਹਰ ਕੁਰੇ ਹੋਰ ਸੁਣ ਲਈਂ!" ਉਹ ਹਰ ਕੌਰ ਦੇ ਹੋਰ ਨੇੜੇ ਆ ਗਿਆ।
-"ਮੁੰਡੇ ਨੂੰ ਭੁੱਲ ਕੇ ਵੀ ਠਾਣੇ ਨਾ ਤੋਰੀਂ-ਪੁਲਸ ਦਾ ਕੋਈ 'ਤਬਾਰ ਨੀ-ਮੁੰਡੇ ਨੂੰ ਤੁਰਨੋਂ ਆਹ੍ਰੀ ਕਰ ਦੇਣਗੇ-ਪੈ ਗਈ ਗੱਲ ਕੰਨ 'ਚ ਕਿ ਨਹੀ? ਸਿਆਣੇ ਦਾ ਕਿਹਾ ਤੇ ਔਲੇ ਦਾ ਖਾਧਾ ਮਗਰੋਂ ਪਤਾ ਲੱਗਦੈ-ਇਹ ਸਾਲੇ ਜਮਦੂਤ ਕੁੱਟਣ ਲੱਗੇ ਕਿਰਕ ਨੀ ਕਰਦੇ-ਮੁੜ ਕੇ ਵੇਲਾ

ਹੱਥ ਨੀ ਔਂਦਾ ਹੁੰਦਾ!" ਆਖ ਕੇ ਪਿੱਲੇ ਨੇ ਮੂੰਹ ਘੁੱਟ ਲਿਆ। ਉਹ ਸ਼ਿਸ਼ਤ ਬੰਨ੍ਹ ਕੇ ਹਰ ਕੌਰ ਦੇ ਚਿਹਰੇ ਦੇ ਹਾਵ ਭਾਵ ਤਾੜ ਰਿਹਾ ਸੀ।
-"ਵੇ ਆ ਜਾਹ ਹੁਣ!" ਦਰਵਾਜੇ ਵੱਲੋਂ ਪਿੱਲੇ ਦੀ ਘਰਵਾਲੀ ਸ਼ਾਅਮੋਂ ਦੀ ਅਵਾਜ਼ ਆਈ। ਉਹ ਆਪਣਾ ਫ਼ਿੜਕਾ ਸਰੀਰ ਕੰਧ ਦੀ ਓਟ ਨਾਲ ਬੋਚੀ ਖੜ੍ਹੀ ਸੀ। ਅੱਖੋਂ ਉਸ ਨੂੰ ਵੀ ਲੰਗੇ-ਡੰਗ ਹੀ ਦਿਸਦਾ ਸੀ। ਬਿਮਾਰੀ ਖੁਣੋਂ ਉਹ ਹਰ ਵਕਤ ਦੰਦ ਕਿਰਚਦੀ ਰਹਿੰਦੀ। ਟਰੈਕਟਰ ਦੇ ਸਾਈਲੈਂਸਰ 'ਤੇ ਲੱਗੇ ਪਾਣੀ ਰੋਕੂ ਕੁੱਤੇ ਵਾਂਗ ਉਸ ਦੇ, ਬੋਤੇ ਦੇ ਬੁੱਲ੍ਹ ਹਮੇਸ਼ਾ ਖੁੱਲ੍ਹਦੇ ਅਤੇ ਮਿਚਦੇ ਰਹਿੰਦੇ।
-"ਤੂੰ ਚੱਲ ਮੈ ਆਉਨੈ!" ਪਿੱਲੇ ਨੇ ਉਸ ਨੂੰ ਤੋੜ ਕੇ ਸੁੱਟਣਾ ਚਾਹਿਆ। ਪਰ ਉਹ ਕਦੋਂ ਜਾਂਦੀ ਸੀ?
-"ਨੰਜੂ ਦੀ ਬਹੂ ਲੀੜੇ ਲੈਣ ਆਈ ਖੜੀ ਐ-।"
-"ਮੈਂ ਲੀੜਿਆਂ ਨੂੰ ਗੋਟਾ ਲਾ ਕੇ ਦੇਣੈ? ਮੰਗਦੀ ਐ ਤਾਂ ਫੜਾ ਕੇ ਤੋਰ।"
-"ਤੇ ਪੈਸੇ..?"
-"ਪੈਸੇ ਮੈਂ ਆਪੇ ਲੈ ਆਊਂ-ਤੂੰ ਜਾਹ!"
-"ਤੂੰ ਕਦੋਂ ਆਵੇਂਗਾ?"
-"ਤੂੰ ਮੈਥੋਂ ਧਾਰਾਂ ਲੈਣੀਐਂ..? ਕੁੱਤੀ..! ਦਫਾ ਨੀ ਹੋਈਦਾ..?"
-"ਲੈ..! ਜਾਨੀ ਐਂ..!" ਗੁੱਸੇ ਨਾਲ ਸ਼ਾਅਮੋਂ ਦਾ ਪਟੜੇ ਵਰਗਾ ਸਰੀਰ ਪੇਂਜੇ ਵਾਂਗ ਕੰਬਣ ਲੱਗ ਪਿਆ ਸੀ। ਉਹ ਪੈਰ ਤੋਂ ਹੀ ਮੁੜ ਰੇਵੀਏ ਪੈ ਗਈ। ਉਹ ਪਤਾ ਨਹੀ ਕਿਸ ਨੂੰ ਗਾਲ੍ਹਾਂ ਕੱਢਦੀ "ਬੁੜ-ਬੁੜ" ਕਰਦੀ ਜਾ ਰਹੀ ਸੀ।
-"ਵੇ ਕਾਹਨੂੰ ਗਾਲ੍ਹਾਂ ਦਿੰਨੈ ਬਚਾਰੀ ਨੂੰ?" ਹਰ ਕੌਰ ਨੇ ਪਿੱਲੇ ਨੂੰ ਵਰਜਿਆ।
-"ਕਾਹਨੂੰ ਹਰ ਕੁਰੇ-ਜਿੰਨਾਂ ਚਿਰ ਇਹਨੂੰ ਇਹਦੀ ਖੁਰਾਕ ਨੀ ਮਿਲਦੀ ਕਾਹਨੂੰ ਲੋਟ ਆਉਂਦੀ ਐ? ਤਾਪ ਚੜ੍ਹਿਆ ਵਿਐ-ਮੰਜੀ 'ਤੇ ਨੀ ਪੈਂਦੀ-ਡੱਪ ਡੱਪ ਕਰਦੀ ਤੁਰੀ ਫਿਰੂ-ਮੈ ਬੀਹ ਆਰੀ ਆਖਿਐ ਬਈ ਤਾਪ 'ਚ ਹਵਾ ਲੱਗ ਕੇ ਤੇਰਾ ਕੋਈ ਅੰਗ ਖੜ੍ਹਜੂ-ਪਰ ਕਾਹਨੂੰ ਸੁਣਦੀ ਐ? ਇਕ ਤਾਂ ਸਿਹਤ ਈ ਇਹਨੂੰ ਰੱਬ ਨੇ ਹੱਥ ਘੁੱਟ ਕੇ ਦਿੱਤੀ ਐ-ਦੂਜਾ ਇਹਦਾ ਆਬਦਾ ਡਮਾਕ ਵੱਲੋਂ ਹੱਥ ਤੰਗ ਐ-ਇਹਨੂੰ ਸਿਹਤ ਸੂਹਤ ਦਾ ਹੈਨੀ-ਬੱਸ ਗੱਲਾਂ ਦਾ ਠਰਕ ਐ-ਅੱਠ ਪਹਿਰ ਰੋਟੀ ਨਾ ਦੇਹ-ਗੱਲੀਂ ਲਾਈ ਰੱਖ-ਬਾਗੋਬਾਗ-ਸਮਝਗੀ...?"
-"ਵੇ ਆਹੋ-ਤੂੰ ਕਿਹੜਾ ਘੱਟ ਐਂ?"
-"ਚੰਗਾ..! ਮੈਂ ਚੱਲਿਐਂ..!" ਪਿੱਲਾ ਰਾਕਟ ਵਾਂਗ ਸਪੀਡ ਫੜ ਗਿਆ। ਗਲੀਆਂ ਵਿਚ ਦੀ ਉਹ ਗੋਲ਼ੀ ਬਣਿਆਂ ਜਾ ਰਿਹਾ ਸੀ ਕਿ ਰਾਹ ਵਿਚ ਉਸ ਨੂੰ ਫੱਤੂ ਅਮਲੀ ਮਿਲ ਪਿਆ।
-"ਹੌਲੀ ਤੁਰਪਾ-ਅੱਗ ਲੱਗੀ ਐ?" ਅਮਲੀ ਪਿੱਲੇ ਦੇ ਸੁਭਾਅ ਤੋਂ ਜਾਣੂੰ ਸੀ।
-"ਸਾਲੇ ਨੂੰ ਨਾ ਚੜ੍ਹੀਦੀ ਨਾ ਲੱਥੀਦੀ।" ਪਿੱਲਾ ਦਿਲੋਂ ਹਰਖ਼ਿਆ ਪਿਆ ਸੀ।
ਪਰ ਪਿੱਲੇ ਦੀ ਰਫ਼ਤਾਰ ਨਾ ਘਟੀ।
ਜਪਨਾਮ ਸਿੰਘ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਠਾਣੇ ਨਹੀ, ਸਗੋਂ ਅੱਖਾਂ, ਲੱਤਾਂ ਅਤੇ ਬਾਂਹਾਂ ਬੰਨ੍ਹ ਕੇ ਕਿਸੇ ਉਜਾੜ ਜਿਹੇ ਵਿਚ ਪਾਏ ਘਰ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਪੰਜ ਹਥਿਆਰਬੰਦ
ਸਿਪਾਹੀ ਤਾਇਨਾਤ ਕਰ ਦਿੱਤੇ ਗਏ ਗਏ। ਕੋਈ ਬੰਦਾ ਨਾ ਪਰਿੰਦਾ ਫੜਕਣ ਦੀ ਸਖ਼ਤ ਮਨਾਹੀ ਸੀ। ਕੀਤੀ ਗ੍ਰਿਫਤਾਰੀ ਲਈ ਮੂੰਹ ਬੰਦ ਰੱਖਣ ਦੀ ਸਖ਼ਤ ਹਦਾਇਤ ਸੀ। ਹਦਾਇਤ ਦੀ ਉਲੰਘਣਾ ਕਰਨ ਵਾਲਾ ਸਿੱਧਾ ਮੁਅੱਤਲ ਸੀ। ਕੇਸ ਵੱਖ ਬਣਨਾ ਸੀ। ਐਸ ਪੀ ਦਾ ਹੁਕਮ ਸਾਰੇ ਹੀ ਸੁਣ ਚੁੱਕੇ ਸਨ।
ਬੁਰੀ ਤਰ੍ਹਾਂ ਨਰੜਿਆ ਜਪਨਾਮ ਸਿੰਘ ਗੁਰਬਾਣੀ ਗਾਇਨ ਕਰ ਰਿਹਾ ਸੀ:

-"ਜਬ ਆਬ ਕੀ ਆਉਧ ਨਿਧਾਨ ਬਨੈ।।
ਅਤਿ ਹੀ ਰਣ ਮੈਂ ਤਬ ਜੂਝ ਮਰੋਂ।।"

-"ਪੁਰਜਾ ਪੁਰਜਾ ਕਟਿ ਮਰੈ।।
ਕਬਹੂੰ ਨ ਛਾਡੈ ਖੇਤੁ।।"

-"ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ।।
ਸਰਮੁ ਧਰਮੁ ਦੋਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ।।"

-"ਖੇਤੁ ਜੁ ਮਾਂਡਿਓ ਸੂਰਮਾ
ਅਬ ਜੂਝਨ ਕੋ ਦਾਉ।।"

-"ਬੁੜ੍ਹਿਆ ਕੀ ਅੜਾਹਟ ਪਾਇਐ-ਚੁੱਪ ਨਹੀ ਕਰਿਆ ਜਾਂਦਾ...?" ਇਕ ਸਿਪਾਹੀ ਨੇ ਬੋਕ ਵਾਂਗ ਮੂੰਹ ਖੋਲ੍ਹ ਕੇ ਕਿਹਾ।
-"ਮੂੰਹ ਤਾਂ ਬੰਦ ਕਰਵਾ ਦੇਵੇਂਗਾ ਗੁਰੂ ਦੇ ਸਿੰਘਾ-ਪਰ ਬਿਰਤੀ ਦਾ ਕੀ ਕਰੇਂਗਾ?"
-"ਬਾਬਾ ਜਦੋਂ ਚਾਹੜ੍ਹਿਆ ਸਿਕੰਜੇ-ਅਗਲੀਆਂ ਪਿਛਲੀਆਂ ਸਭ ਭੁੱਲ ਜਾਵੇਂਗਾ-ਸਾਡਾ ਨਿੱਤ ਇਹੀ ਵਿਹਾਰ ਐ-ਤੂੰ ਤਾਂ ਮੈਨੂੰ ਮੈਦ ਐ

ਪਹਿਲੀ ਵੀ ਪਾਸ ਨਹੀ ਕਰਨੀ।"
-"ਮੀਰ ਮਨੂੰ ਨੂੰ ਵੀ ਸ਼ਾਇਦ ਆਹੀ ਵਹਿਮ ਸੀ-ਪਰ ਗੁਰੂ ਦੇ ਲਾਡਲਿਆਂ ਨੇ ਕਿਹਾ ਸੀ: ਮਨੂੰ ਹੈ ਸਾਡੀ ਦਾਤਰੀ ਅਸੀਂ ਮਨੂੰ ਦੇ ਸੋਏ-ਜਿਉਂ ਜਿਉਂ ਮਨੂੰ ਵੱਢਦਾ ਅਸੀ ਦੂਣ ਸਵਾਏ ਹੋਏ-ਗੁਰੂ ਦੇ
ਸਿੰਘਾ! ਗੁਰੂ ਦੀ ਕਿਰਪਾ ਹੋਵੇ ਪਰਲੋਂ ਠੱਲ੍ਹ ਜਾਂਦੀ ਐ।"
-"ਬਾਬਾ..! ਤੂੰ ਤਾਂ ਮਰਨਾ ਈ ਐਂ-ਸਾਡੇ ਕੰਨਾਂ ਦਾ ਤਾਂ ਨਾ ਵੈਰੀ ਬਣ-ਚੁੱਪ ਕਰਜਾ ਬਾਬਾ ਬਣ ਕੇ।"
-"ਤਾਂ ਹੀ ਤਾਂ ਮੈ ਉਸ ਦੇ ਗੁਣ ਗਾਈ ਜਾ ਰਿਹੈਂ-ਮਾਰਨਾ ਜੀਣਾਂ ਸਭ ਉਸ ਦੇ ਹੱਥ ਐ-ਮੌਤ ਤੋਂ ਤਾਂ ਰਾਵਣ ਵਰਗੇ ਨਹੀ ਬਚ ਸਕੇ ਨਾਲੇ ਕਾਲ ਪਾਵੇ ਨਾਲ ਬੰਨ੍ਹਿਆਂ ਹੋਇਆ ਸੀ-ਸੂਰਮੇ ਸ਼ਹੀਦ ਹੁੰਦੇ
ਐ ਤੇ ਬੁਜ਼ਦਿਲ ਖ਼ੁਦਕਸ਼ੀ ਕਰਦੇ ਐ-ਇਹ ਭਗਤ ਤੇ ਦੁਸ਼ਟ ਦੀ ਲੜਾਈ ਰਹਿਣੀ ਈ ਰਹਿਣੀ ਐ-ਆਖਰ ਪਾਰ ਗੁਰੂ ਦੇ ਭਗਤ ਨੇ ਈ ਹੋਣਾ ਹੁੰਦੈ ਤੇ ਦੁਸ਼ਟ ਦਾ ਹੋਣਾ ਹੁੰਦੈ ਨਾਸ਼-ਆਪਾਂ ਰੋਜ਼
ਪੜ੍ਹਦੇ ਆਂ: ਹਰਨਾਕਸ਼ ਦੁਸ਼ਟ ਹਰਿ ਮਾਰਿਆ-ਪ੍ਰਹਲਾਦ ਤਰਾਇਆ।"
-"ਬਾਬਾ ਮੈ ਸਿੱਖ ਨਹੀ ਹਿੰਦੂ ਆਂ-ਮੈਨੂੰ ਗੁਰਬਾਣੀ ਦੀ ਕੋਈ ਸਮਝ ਨਹੀ।"
-"ਕਹੇਂ ਤਾਂ ਕ੍ਰਿਸ਼ਨ ਜਾਂ ਰਾਮ ਤੋਂ ਸ਼ੁਰੂ ਹੋਵਾਂ?"
-"ਨਹੀ ਰਹਿਣ ਦੇ ਬਾਬਾ ਧਾਰਮਿਕ ਗੱਲਾਂ ਨੂੰ-ਸਾਡਾ ਸਿਰ ਈ ਖਾਏਂਗਾ-ਸਾਡਾ ਤਾਂ ਪੀਣ ਦਾ ਟਾਈਮ ਹੋਇਆ ਪਿਐ।" ਸਿਪਾਹੀ ਨੇ ਉਬਾਸੀ ਲਈ। ਪਿੱਛੋਂ ਉਹ ਗਿੱਦੜ ਵਾਂਗ ਹੁਆਂਕਿਆ ਸੀ।
ਬਾਬਾ ਜਪਨਾਮ ਸਿੰਘ ਹੱਸ ਪਿਆ।

-"ਉਹ ਪੀਣ ਦਾ? ਜਿਸ ਬਾਰੇ ਗੁਰੂ ਸਾਹਿਬਾਂ ਨੇ ਕਿਹੈ-ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ?"

-"ਬਾਬਾ, ਤੈਨੂੰ ਤੇਹਰਵੇਂ ਰਤਨ ਦੇ ਗੁਣਾਂ ਦਾ ਕੀ ਪਤੈ? ਤੇਰਾ ਤਾਂ ਸੱਲ ਕੱਢ ਦਿਮਾਗ ਐ-ਕਹੇਂ ਤਾਂ ਅੱਜ ਘੁੱਟ ਲੁਆ ਦਿਆਂਗੇ?"
ਬਾਬਾ ਹੋਰ ਉਚੀ ਹੱਸ ਪਿਆ।
-"ਜੁਆਨਾਂ ਜਦੋਂ ਮੁਗਲ ਬਾਦਸ਼ਾਹ ਬਾਬਰ ਨੇ ਬਾਬੇ ਨਾਨਕ ਨੂੰ ਪੰਜ ਰਤਨੀ ਪੇਸ਼ ਕੀਤੀ ਤਾਂ ਗੁਰੂ ਨੇ ਪਤਾ ਕੀ ਕਿਹਾ ਸੀ?"
-"ਕੀ ਕਿਹਾ ਸੀ?"
-"ਨਾਮੁ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨੁ ਰਾਤੁ।"
-"ਬਾਬਾ ਸਾਡੀ ਪੰਜ ਰਤਨੀ ਪੀ ਕੇ ਦੇਖ-ਫਿਰ ਦੇਖ ਦਿੱਲੀ ਦੱਖਣ ਦੇ ਨਜਾਰੇ ਦਿੰਦੀ ਸਹੁਰੀ-ਐਮੇ ਨਹੀ ਦੁਨੀਆਂ ਪੀਂਦੀ ਨਾਲੇ ਪੈਸਾ ਖਰਚਦੀ।"
-"ਇਹਦੇ 'ਚ ਕੁਛ ਨਹੀ ਪਿਆ ਸ਼ੇਰੋ-ਨਾ ਪੀਆ ਕਰੋ-ਸਿਹਤ ਖਰਾਬ ਹੁੰਦੀ ਐ-ਖਰਚਾ ਹੁੰਦੈ ਤੇ ਨਾਲੇ ਘਰਾਂ 'ਚ ਕਲੇਸ਼ ਪੈਂਦੈ।"
-"ਬਾਬਾ ਅਸੀਂ ਤੈਨੂੰ ਮਾਰਨ ਦੀਆਂ ਜੁਗਤਾਂ ਬਣਾਈ ਬੈਠੇ ਐਂ-ਤੇ ਤੂੰ ਸਾਡਾ ਭਲਾ ਸੋਚਦੈਂ-ਇਹ ਸਮਝ ਨਹੀਂ ਆਉਂਦੀ?" ਸਿਪਾਹੀ ਨੇ ਸਪੱਸ਼ਟ ਕਹਿ ਮਾਰਿਆ।
-"ਜਿਉਣ ਜੋਕਰਿਆ...! ਬਿੱਛੂ ਆਪਣਾ ਤੇ ਸਾਧੂ ਆਪਣਾ ਕਰਮ ਨਹੀ ਛੱਡਦੇ।"
-"ਬਾਬਾ ਜੇ ਭਲਾਂ ਅਸੀਂ ਤੈਨੂੰ ਛੱਡ ਦੇਈਏ-ਫੇਰ?"
-"ਗੁਰੂ ਕੇ ਬੰਦੇ-ਜੋ ਧੁਰ ਦਰਗਾਹੋਂ ਲਿਖੀ ਆਈ ਐ-ਪ੍ਰਤੱਖ ਬੀਤ ਕੇ ਰਹਿਣੀ ਐਂ-ਗੁਰੂ ਦਾ ਸਿੰਘ ਸੂਰਮਾ ਕਦੇ ਜਾਨ ਦੀ ਭੀਖ ਨਹੀ ਮੰਗਦਾ-ਹੱਸ ਕੇ ਕੁਰਬਾਨ ਹੋਣਾ ਗੁਰੂ ਦੀ ਖੁਸ਼ੀ ਪ੍ਰਾਪਤ ਕਰਨਾ
ਐ-ਗੁਰੂ ਮਹਾਰਾਜ ਮਿਹਰ ਕਰਨ-ਤੂੰ ਸਿੰਘ ਨੂੰ ਸੂਲੀ ਤੇ ਵੀ ਹੱਸਦਾ ਈ ਦੇਖੇਂਗਾ।"
-"ਬੜਾ ਅਜੀਬ ਬੰਦਾ ਐ ਯਾਰ-ਮੌਤ ਦਾ ਕੋਈ ਡਰ ਭੈਅ ਨਹੀ-ਨਹੀ ਤਾਂ ਵੱਡੇ ਵੱਡੇ ਬਦਮਾਸ਼ ਪੈਰੀਂ ਡਿੱਗਣ ਲੱਗ ਪੈਂਦੇ ਐ।" ਇਕ ਨੇ ਦੂਜੇ ਸਾਥੀ ਸਿਪਾਹੀ ਨੂੰ ਕਿਹਾ।
-"ਤੂੰ ਬਕਵਾਸ ਬੰਦ ਕਰ-ਬੋਤਲ ਲਿਆ ਕੰਡੇ 'ਚ ਹੋਈਏ-ਸਰੀਰ ਟੁੱਟੀ ਜਾਂਦੈ।"
ਸਿਪਾਹੀ ਬੋਤਲ ਲੈਣ ਤੁਰ ਗਿਆ।
ਸੂਰਜ ਦੁਮੇਲ ਵਿਚ ਅੜਿਆ ਜਿਹਾ ਖੜ੍ਹਾ ਸੀ।
ਸਿਪਾਹੀਆਂ ਵਿਚ ਬੋਤਲ-ਗਿਲਾਸ ਘੁਕ ਰਿਹਾ ਸੀ।
ਆਚਾਰ ਵਾਲੀ ਕੌਲੀ ਗੇੜੇ ਪਈ ਹੋਈ ਸੀ।
ਦਾਰੂ ਦੀਆਂ ਤਿੰਨ ਬੋਤਲਾਂ ਖਾਲੀ ਹੋ ਚੁੱਕੀਆਂ ਸਨ।
ਬੱਝੇ ਤਰਾਰਿਆਂ ਵਿਚ ਸਿਪਾਹੀ ਸਾਹਣ ਵਾਂਗ ਖੁਰਗੋ ਪੱਟ ਰਹੇ ਸਨ। ਕੁੱਤੇ ਵਾਂਗ ਪੈਰਾਂ ਹੇਠੋਂ ਮਿੱਟੀ ਕੱਢਦੇ ਸਨ।
ਰਾਤ ਪੈ ਚੁੱਕੀ ਸੀ।
ਤਾਰੇ ਚੜ੍ਹ ਆਏ ਸਨ।
ਚੰਦ ਚੜ੍ਹਦਿਆਂ ਸਾਰ ਹੀ ਗੋਡੀ ਮਾਰ ਗਿਆ ਸੀ।
ਇਕ ਟਰੱਕ ਆ ਕੇ ਰੁਕਿਆ। ਸਿਪਾਹੀਆਂ ਨੇ ਡਰਾਈਵਰ ਕੋਲ ਜਾ ਕੇ ਕੋਈ ਸੰਖੇਪ 'ਕਾਨਾਫੂਸੀ' ਕੀਤੀ। ਟਰੱਕ ਦੀਆਂ ਲਾਈਟਾਂ ਬੰਦ ਹੋ ਗਈਆਂ। ਡਰਾਈਵਰ ਥੱਲੇ ਉੱਤਰ ਆਇਆ। ਤਾਕੀ ਬੰਦ
ਹੋ ਗਈ। ਉਹ ਸਾਰੇ ਫਿਰ ਅੰਦਰ ਆ ਗਏ।
ਡਰਾਈਵਰ ਪੈੱਗ ਦੇ ਲਾਲਚ ਲੱਗ ਗਿਆ।

ਸਿਪਾਹੀ ਅੰਦਰ ਚਲੇ ਗਏ।
-"ਬਾਬਾ-ਚੱਲਣ ਦਾ ਹੁਕਮ ਐ।" ਸਿਪਾਹੀ ਨੇ ਕਿਹਾ।
-"ਚਲੋ...!" ਜਪਨਾਮ ਸਿੰਘ "ਵਾਹਿਗੁਰੂ" ਆਖ ਕੇ ਖੜ੍ਹਾ ਹੋ ਗਿਆ। ਉਹ ਬਿਲਕੁਲ ਅਡੋਲ ਸੀ।
ਉਸ ਨੇ ਨਾ ਅੱਖਾਂ ਅਤੇ ਨਾ ਹੀ ਹੱਥ-ਪੈਰ ਖੋਲ੍ਹਣ ਲਈ ਕਿਹਾ।
ਸਿਪਾਹੀਆਂ ਨੇ ਆਸਰਾ ਦੇ ਕੇ ਉਸ ਨੂੰ ਟਰੱਕ ਵਿਚ ਚਾੜ੍ਹ ਲਿਆ। ਪਿਛਲੀ ਤਰਪਾਲ ਹੇਠਾਂ ਸੁੱਟ ਲਈ। ਸਿਪਾਹੀ ਕਿਤਨੀ ਹੀ ਦੇਰ ਟਰੱਕ ਵਿਚ ਬੈਠੇ ਰਹੇ। ਪਰ ਟਰੱਕ ਤੁਰ ਨਹੀ ਰਿਹਾ ਸੀ।
-"ਇਹ ਤੋਰਦਾ ਕਿਉਂ ਨਹੀਂ?"
-"ਦਾਰੂ ਦਾ ਲਾਲਚੀ ਐ-ਬੋਤਲ ਖਤਮ ਕਰ ਕੇ ਆਊ।"
-"ਉਏ ਆ ਜਾਹ ਹੁਣ ਮਾਂ ਆਬਦੀ ਦਿਆ ਖਸਮਾਂ-ਸਾਡੀਆਂ ਤਾਂ ਕੋਕੜਾਂ ਹੋ ਗਈਆਂ।" ਇਕ ਨੇ ਤਰਪਾਲ ਚੁੱਕ ਕੇ ਡਰਾਈਵਰ ਨੂੰ ਹਾਕ ਮਾਰੀ।
-"ਘੁੱਟ ਪੀ ਤਾਂ ਲੈਣ ਦਿਓ-ਅੱਗੇ ਜਾ ਕੇ ਐਡੀ ਛੇਤੀ ਮੁਕਲਾਵਾ ਤੋਰਨੈਂ? ਸਾਲੇ ਆਪ ਡੱਕੇ ਬੈਠੇ ਐ-ਮੈਨੂੰ ਪੈੱਗ ਵੀ ਨਹੀ ਪੀਣ ਦਿੰਦੇ-ਮੈਂ ਰੰਡੀ ਦਾ ਜਮਾਈ ਐਂ?" ਅੰਦਰੋਂ ਕੋਰੜਾ ਛੰਦ ਆਇਆ। ਇਕ ਹੋਰ ਸਿਪਾਹੀ ਪਿੱਛੋਂ ਆ ਚੜ੍ਹਿਆ।
-"ਅੱਧੀ ਬੋਤਲ ਪੀ ਗਿਆ ਸਾਲਾ।"
-"ਪੀ ਜਾਣਦੇ ਆਪੇ ਮਰੂ।"
-"ਉਏ ਨਿੱਕੀ ਗੜ੍ਹਾਵਿਓ...! ਅਚਾਰ ਕਿੱਥੇ ਐ...? ਮੇਰੀ ਤਾਂ ਜੀਭ ਪੱਛੀ ਗਈ!" ਅੰਦਰੋਂ ਡਰਾਈਵਰ ਫਿਰ ਚੀਕਿਆ। ਸ਼ਾਇਦ ਉਹ ਦੇਸੀ ਦਾਰੂ ਦਾ ਸੁੱਕਾ ਪੈੱਗ ਮਾਰ ਗਿਆ ਸੀ।
-"ਮਰ...! ਮਰ ਮੇਰਿਆ ਸਾਲ਼ਿਆ...! ਸੁੱਕੀ ਪੀਣੀ ਤੈਨੂੰ ਸੁੱਖ ਕੇ ਦਿੱਤੀ ਐ?"
ਸ਼ਾਇਦ ਡਰਾਈਵਰ ਨੂੰ ਅਚਾਰ ਮਿਲ ਗਿਆ ਸੀ। ਸ਼ਾਂਤੀ ਵਰਤ ਗਈ ਸੀ।
-"ਸਾਲਾ ਅੰਦਰ ਮਰ ਤਾਂ ਨਹੀ ਗਿਆ?"
-"ਬੜੀ ਤਕੜੀ ਹੱਡੀ ਦਾ ਐ-ਆਪਾਂ ਸਾਰਿਆਂ ਨੂੰ ਮਾਰ ਕੇ ਮਰੂ...!" ਇਕ "ਖੀਂ-ਖੀਂ" ਕਰ ਕੇ ਹੱਸਿਆ। ਡਰਾਈਵਰ ਤਾਕੀ ਖੋਲ੍ਹ ਕੇ ਚੜ੍ਹ ਗਿਆ।
-"ਸ਼ੁਕਰ ਐ।" ਸਿਪਾਹੀ ਨੇ ਬਰਾਂਡੀ ਘੁੱਟ ਲਈ।
-"ਗੱਲ ਜੀ ਨਹੀ ਬਣੀ-ਮੈਂ ਤਾਂ ਬੋਤਲ ਨਾਲ ਈ ਲੈ ਲਿਆਇਆ।" ਡਰਾਈਵਰ ਨੇ ਸੁਣਾਈ ਕੀਤੀ।
-"ਉਹ ਤਾਂ ਸਾਨੂੰ ਪਹਿਲਾਂ ਈ ਪਤਾ ਸੀ।"
-"ਜੇ ਬੋਤਲ ਮੁਫਤ ਦੀ ਐ-ਢਿੱਡ ਤਾਂ ਆਬਦੈ।"
-"ਤਾਂ ਹੀ ਤਾਂ ਭਰਦੈਂ।" ਉਸ ਨੇ ਸੈੱਲਫ਼ ਮਾਰੀ।
ਟਰੱਕ ਤੁਰ ਪਿਆ।
ਰਾਤ ਹੌਲੀ ਹੌਲੀ ਟਿਕ ਰਹੀ ਸੀ। ਲੋਕ ਚੁੱਪ ਚਾਪ ਆਪਣੇ ਘਰਾਂ ਅੰਦਰ 'ਦੜ' ਰਹੇ ਸਨ। ਜਿਵੇਂ ਲੋਕ ਗੂੰਗੇ ਅਤੇ ਬੋਲੇ ਸਨ।
ਜਦ ਟਰੱਕ ਠਾਣੇ ਪਹੁੰਚਿਆ ਤਾਂ ਠਾਣੇਦਾਰ ਟੈਲੀਫੋਨ ਨੂੰ ਚਿੰਬੜਿਆ ਹੋਇਆ ਸੀ। ਐਸ. ਪੀ. ਨਾਲ ਗੱਲ ਹੋ ਰਹੀ ਸੀ। ਠਾਣੇਦਾਰ ਕੁਝ ਕੁਝ ਬਿੜ੍ਹਕਿਆ-ਬਿੜ੍ਹਕਿਆ ਲੱਗ ਰਿਹਾ ਸੀ।
-"ਤੂੰ ਬਿਲਕੁਲ ਬੇਵਕੂਫ ਗਧੇ ਦਾ ਪੁੱਤ ਐਂ ਗਰੇਵਾਲ!" ਐਸ ਪੀ ਆਖ ਰਿਹਾ ਸੀ।
-"ਜੀ ਗਲਤੀ ਹੋ ਗਈ ਸਰਕਾਰ।"
-"ਤੁਰੰਤ ਦਰਵਾਜਾ ਤੋੜ ਕੇ ਅੰਦਰ ਜਾਂਦੇ-ਦੋਸ਼ੀ ਵੀ ਹੱਥ ਆ ਜਾਂਦਾ-ਕਾਰਵਾਈ ਵੀ ਉਲਟ ਨਾ ਪੈਂਦੀ।"
-"ਪਰ ਸਰਕਾਰ ਅੱਗੇ ਹੁਕਮ?"
-"ਅੱਗੇ ਹੁਕਮ ਇਹ ਐ-ਬਾਬੇ ਤੇ ਐਸਾ ਤਸ਼ੱਦਦ ਕਰੋ ਕਿ ਤੇਰੇ ਇਲਾਕੇ ਵਿਚ ਫਿਰ ਅਜਿਹੀ ਕਰਤੂਤ ਕਰਨ ਦਾ ਕੋਈ ਹੌਂਸਲਾ ਨਾ ਕਰੇ-ਜੇਕਰ ਲੋੜ ਪਵੇ ਤਾਂ ਮੁਕਾਬਲਾ ਬਣਾਓ!"
-"ਜੀ ਸਰਕਾਰ-ਪਰ ਲਾਸ਼ ਦਾ ਕੀ ਕਰੀਏ?"
-"ਲਾਸ਼ ਵਾਰਸਾਂ ਨੂੰ ਜ਼ਰੂਰ ਦਿਓ-ਤਾਂ ਕਿ ਸਾਰਾ ਇਲਾਕਾ ਦੇਖ ਸਕੇ-ਪਰ ਹਾਂ, ਗੱਲ ਫ਼ੈਡਰੇਸ਼ਨ ਵਰਕਰਾਂ ਦੇ ਹੱਥ ਨਹੀ ਆਉਣੀ ਚਾਹੀਦੀ-ਉਹ ਬਿਨਾਂ ਗੱਲੋਂ ਰਿੱਡ ਪ੍ਰਧਾਨ ਆ ਬਣਦੇ ਐ-ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ-ਸਮਝੇ?" ਐਸ ਪੀ ਫੋਨ ਕੱਟ ਗਿਆ।
ਠਾਣੇਦਾਰ ਨੇ ਫੋਨ ਰੱਖ ਦਿੱਤਾ।
-"ਸਰਦਾਰ-ਬਾਬੇ ਨੂੰ ਲੈ ਆਂਦਾ।" ਟਰੱਕੋਂ ਉਤਰ ਕੇ ਸਿਪਾਹੀ ਨੇ ਦੱਸਿਆ।
-"ਉਹਨੂੰ ਟਰੱਕ 'ਚ ਈ ਬੈਠਾ ਰਹਿਣ ਦਿਓ-ਤੇ ਰਣਜੋਧ ਨੂੰ ਮੇਰੇ ਕੋਲ ਚੁਬਾਰੇ 'ਚ ਲਿਆਓ!" ਦਫਤਰੋਂ ਉਠ ਕੇ ਵਿਹੜਾ ਚੀਰ ਕੇ ਠਾਣੇਦਾਰ ਹੌਂਸਲੇ ਨਾਲ ਚੁਬਾਰੇ ਚੜ੍ਹ ਗਿਆ। ਚੁਬਾਰਾ ਕੋਈ ਕਤਲਗਾਹ ਸੀ। ਚੁਬਾਰਾ ਇੱਕ ਹੱਟੀ ਸੀ। ਜਿੱਥੇ ਠਾਣੇਦਾਰ ਆਪਣਾ ਹਰ ਸੌਦਾ ਕਰਦਾ ਸੀ। ਉਸ ਨੇ ਦੋ ਪੈੱਗਾਂ ਵਿਚ ਦੇਸੀ ਦਾਰੂ ਦੀ ਅੱਧੀ ਬੋਤਲ ਨਿਬੇੜ ਦਿੱਤੀ ਸੀ। ਠਾਣੇਦਾਰ ਕੈਦੀਆਂ, ਹਵਾਲਾਤੀਆਂ ਜਾਂ ਸਿਪਾਹੀਆਂ ਤੋਂ ਠਾਣੇ ਅੰਦਰ ਹੀ ਦਾਰੂ ਕਢਵਾ ਲੈਂਦਾ ਸੀ। ਪਹਿਲੀਆਂ ਚਾਰ ਬੋਤਲਾਂ ਉਹ ਆਪ ਰੱਖਦਾ ਸੀ ਅਤੇ ਬਾਕੀ ਲਾਹਣ ਸਿਪਾਹੀਆਂ, ਹੌਲਦਾਰ ਅਤੇ ਮੁਣਸ਼ੀ ਦੇ ਕੰਮ ਆਉਂਦਾ ਸੀ। ਹਾਂ, ਕਦੇ ਕਦੇ ਦਾਰੂ ਕੱਢਦੇ ਹਵਾਲਾਤੀ ਵੀ ਅੱਖ ਬਚਾ ਕੇ ਤੱਤੀ ਦਾਰੂ ਦਾ ਹੀ ਪੈੱਗ ਮਾਰ ਜਾਂਦੇ।
ਰਣਜੋਧ ਸਿੰਘ ਹਾਜ਼ਰ ਕਰ ਦਿੱਤਾ ਗਿਆ।

ਉਹ ਅੰਦਰੋਂ ਕਾਫ਼ੀ ਜਰਕਿਆ ਹੋਇਆ ਸੀ।
ਠਾਣੇਦਾਰ ਨੇ ਦਾਰੂ ਦਾ ਪੈੱਗ ਉਸ ਅੱਗੇ ਕੀਤਾ।
-''ਜੀ ਮੈ ਤਾਂ ਕਦੇ ਪੀਤੀ ਨਹੀ।'' ਰਣਜੋਧ ਨੇ ਸਿਰ ਫੇਰ ਦਿੱਤਾ। ਦਾਰੂ ਦੀ ਹਵਾੜ੍ਹ ਉਸ ਦੇ ਮਗਜ
ਨੂੰ ਧੂੰਆਂ ਬਣ ਕੇ ਚੜ੍ਹੀ ਸੀ।
-''ਖਰਬੂਜੇ ਅਰਗੀ ਰੰਨ ਦਾ ਖਸਮ ਨਾ ਪੀਵੇ? ਜਾਹ ਪਰ੍ਹੇ ਜਮਾਂ ਈ ਕੋਹੜ੍ਹੀ ਐਂ! ਤਸੱਲੀ ਕਿਵੇਂ ਕਰਵਾਉਂਦਾ ਹੋਵੇਂਗਾ ਸਿੰਧ ਦੀ ਘੋੜੀ ਦੀ?'' ਗੁਰਮੀਤ ਸਿਪਾਹੀ ਨੇ ਪਿੱਛੋਂ ਕਿਹਾ।
-''.......।'' ਰਣਜੋਧ ਚੁੱਪ ਸੀ।
-''ਰਣਜੋਧ ਸਿਆਂ-ਇੱਕ ਅੱਤਵਾਦੀ ਫੜਿਐ-ਸ਼ਨਾਖਤ ਕਰੇਂਗਾ?''
-''ਉਹਨਾਂ 'ਚੋਂ ਜੀ..?''
-''ਹਾਂ....।''
-''ਸਰਦਾਰ ਮਜਬੂਰੀ ਮੂੰਹ ਤਾਂ ਕਰ ਦਿਆਂਗਾ-ਪਰ ਕਾਹਨੂੰ ਗੋਲੀ ਨੂੰ ਥਾਂ ਕਰਦੇ ਓਂ-ਤੁਸੀਂ ਈ ਮਾਰ ਦਿਓ-ਯੱਭ ਨਿੱਬੜੇ..!''
-''ਉਹਨਾਂ ਦੀ ਗੋਲੀ ਮਾਰਦਿਆਂ ਦੀ ਮਾਂ ਦੀ....! ਅਸੀਂ ਕਾਹਦੇ ਵਾਸਤੇ ਬੈਠੇ ਐਂ?'' ਸਰਦਾਰ ਨੇ ਪੈੱਗ ਖਾਲੀ ਕਰ ਦਿੱਤਾ।
-''ਸਰਦਾਰ-ਤੁਸੀਂ ਤਾਂ ਠਾਣੇ 'ਚ ਬੈਠੇ ਐਂ-ਅਸੀਂ ਤਾਂ ਦਿਨ ਰਾਤ ਅੰਦਰ ਬਾਹਰ ਫਿਰਨੈ?''
-''ਰਣਜੋਧ ਤੇਰੇ ਭਲੇ ਦੀ ਗੱਲ ਈ ਕਰਦੈਂ ਬਾਈਗਾਡ-ਨਹੀਂ ਤਾਂ ਅੱਤਵਾਦੀਆਂ ਦੀ ਸ਼ਨਾਖਤ ਨਾ ਕਰਨ ਵਾਲਾ ਬਰਾਬਰ ਦਾ ਦੋਸ਼ੀ ਐ-ਜਦੋਂ ਸ਼ਨਾਖਤ ਕਰ ਦਿੱਤੀ-ਅਸੀਂ ਤੇਰੀ ਗਵਾਹੀ ਪਾ ਕੇ ਤੇਰੇ ਰੱਸੇ ਲਾਹ ਦਿਆਂਗੇ।''
ਰਣਜੋਧ ਚੁੱਪ ਸੀ।
-''ਕੁਝ ਸੋਚ ਕਰ-ਜੁਆਨ ਤੂੰ ਮੁੰਡੈਂ-ਦੋ ਮਹੀਨੇ ਪਹਿਲਾਂ ਵਿਆਹ ਹੋਇਐ-ਕਾਹਨੂੰ ਘੁਲਾੜ੍ਹੇ 'ਚ ਹੱਥ ਦਿੰਨੈ? ਸ਼ਨਾਖਤ ਕਰ ਖਲਾਸੀ ਪਾ-ਜੁਆਨੀ ਨਿੱਤ ਨਿੱਤ ਹੱਥ ਨਹੀ ਆਉਂਦੀ-ਜੇ ਆਪਦੇ ਬਾਰੇ ਨਹੀ ਤਾਂ ਆਪਦੀ ਘਰਆਲੀ ਬਾਰੇ ਸੋਚ-।''
ਠਾਣੇਦਾਰ ਦੀ ਗੱਲ ਕੱਟ ਕੇ ਗੁਰਮੀਤ ਬੋਲਿਆ।
-''ਤੇਰੇ ਤਾਂ ਕੋਈ ਭਰਾ ਵੀ ਹੈਨੀ ਜੀਹਦੇ ਸਿਰ ਧਰ ਦੇਣਗੇ-ਤੇਰੀ ਸੱਜ ਵਿਆਹੀ ਦੇ ਤਾਂ ਪਿੰਡ ਦੇ ਬਦਮਾਸ਼ ਤੇ ਲੰਡਰ ਈ ਬੁੱਲੇ ਲੁੱਟਣਗੇ।''
ਗੁਰਮੀਤ ਸਿਪਾਹੀ ਦੀ ਗੱਲ ਮੁੰਡੇ ਦੇ ਦਿਲ ਅੰਦਰ ਪਾੜ ਪਾ ਗਈ। ਸੀਨਾਂ ਚੀਰਿਆ ਗਿਆ ਸੀ। ਪਰ ਉਹ ਕਸੀਸ ਵੱਟੀ ਖੜ੍ਹਾ ਚੁੱਪ ਸੀ। ਮਜ਼ਬੂਰੀ ਦਾ ਨਾਂ ''ਮਾਸੀ'' ਸੀ।
-''ਰਣਜੋਧ ਸਿਆਂ ਸਾਡੇ ਕੋਲ ਮੰਨਵਾਉਣ ਲਈ ਹੋਰ ਵੀਹ ਤਰੀਕੇ ਐ-ਫੇਰ ਸਾਨੂੰ ਦੋਸ਼ ਨਾ ਦੇਈਂ-ਤੂੰ ਸਿੱਧੀ ਤਰ੍ਹਾਂ ਕਿਉਂ ਨਹੀ ਆਪ ਈ ਪੰਜਾਲੀ ਥੱਲੇ ਆ ਜਾਂਦਾ? ਹਿੰਗ ਲੱਗੇ ਨਾ ਫਟਕੜੀ ਸੁਆਦ ਚੋਖਾ-ਨਹੀਂ ਤਾਂ ਆਪ ਦੁਖੀ ਹੋਵੇਂਗਾ-ਸਾਨੂੰ ਕਰੇਂਗਾ।''
ਠਾਣੇਦਾਰ ਨੇ ਮੁੰਡੇ ਨੂੰ ਥਿੜਕਾਇਆ।
-''ਉਏ ਸਰਦਾਰ ਕੀ ਕਹਿੰਦੈ? ਤੂੰ ਬੋਲਦਾ ਈ ਨੀ ਤੇਰੀ ਮੈਂ ਭੈਣ 'ਤੇ ਚੜ੍ਹਜਾਂ ਤੇਰੀ 'ਤੇ।'' ਗੁਰਮੀਤ ਨੇ ਰਣਜੋਧ ਦੇ ਚੁਪੇੜ ਮਾਰੀ। ਗੱਲ੍ਹ 'ਚੋਂ ਚੰਗਿਆੜੇ ਨਿਕਲੇ ਸਨ।
-''ਗੁਰਮੀਤ...!''
-''ਜੀ ਸਰਦਾਰ....!''
-''ਬੁੜ੍ਹੀਆਂ ਸਮੇਤ ਇਹਨਾਂ ਦਾ ਸਾਰਾ ਪ੍ਰੀਵਾਰ ਠਾਣੇ ਲੱਦ ਲਿਆਓ ਤੇ ਸਾਰਿਆਂ ਨੂੰ ਅਲਫ਼ ਨੰਗੇ ਕਰ ਕੇ ਹਵਾਲਾਤ 'ਚ ਦਿਓ!''
ਠਾਣੇਦਾਰ ਨੇ ਅਜੀਬ ਹੀ ਹੁਕਮ ਸੁਣਾਇਆ ਅਤੇ ਰਣਜੋਧ ਕੁਰਲਾਅ
ਉਠਿਆ।
-''ਨਾ ਸਰਦਾਰ-ਆਹ ਕਹਿਰ ਨਾ ਕਰੋ-ਤੁਸੀਂ ਜੋ ਕਹੋਂਗੇ-ਕਰੂੰਗਾ।''
-''ਛਿੱਤਰਾਂ ਮਾਰੀ ਨੌਂ ਮਣ ਝੜਦੀ ਐ-ਭੈਣ ਚੋਦਾ ਪਹਿਲਾਂ ਈ ਸਿੱਧੀ ਵੱਢ ਲੈਂਦਾ-ਹੁਣ ਝੱਟ ਮਿਆਂਕ ਪਿਐਂ?'' ਗੁਰਮੀਤ ਨੇ ਠਾਣੇਦਾਰ ਦੇ ਇਸ਼ਾਰੇ ਨਾਲ ਉਸ ਨੂੰ ਚੁਬਾਰਿਓਂ ਤੋਰ ਲਿਆ।
ਠਾਣੇਦਾਰ ਵੀ ਥੱਲੇ ਆ ਗਿਆ।
ਉਸ ਦਾ ਕੰਮ ਹੋ ਗਿਆ ਸੀ।

## ਕਾਂਡ 6

ਬਾਬੇ ਜਪਨਾਮ ਸਿੰਘ ਨੂੰ ਟਰੱਕ 'ਚੋਂ ਲਾਹ ਕੇ ਬੁੱਚੜਖਾਨੇ ਲਿਆਂਦਾ ਗਿਆ। ਉਸ ਦੀਆਂ ਅੱਖਾਂ ਦੀ ਪੱਟੀ ਖੋਲ੍ਹ ਕੇ ਉਸ ਨੂੰ ਇੱਕ ਕੁਰਸੀ 'ਤੇ ਬਿਠਾ ਦਿੱਤਾ। ਜਿਸ ਉਪਰ ਬਿਜਲੀ ਦਾ ਸ਼ਕਤੀਸ਼ਾਲੀ ਲਾਟੂ ਜਗ ਰਿਹਾ ਸੀ। ਅੱਖਾਂ ਤੋਂ ਪੱਟੀ ਖੋਲ੍ਹਣ ਦੇ ਬਾਵਜੂਦ ਵੀ ਬਾਬੇ ਨੂੰ ਕਾਫੀ ਚਿਰ ਕੁਝ ਨਜ਼ਰ ਨਾ ਆਇਆ।

ਕੀਰਤਨ ਸੋਹਿਲੇ ਦਾ ਪਾਠ ਉਸ ਨੇ ਹੁਣੇ ਹੀ ਸੰਪੂਰਨ ਕੀਤਾ ਸੀ।

ਠਾਣੇਦਾਰ ਪੁੱਜ ਗਿਆ।

ਉਸ ਦੇ ਹੱਥਾਂ ਵਿਚ ਰੂਲ ਘੁਕ ਰਿਹਾ ਸੀ। ਪੱਗ ਉਸ ਨੇ ਲਾਹ ਰੱਖੀ ਸੀ। ਸੱਖਣੀ ਫ਼ਿਫ਼ਟੀ ਅੱਧਗੰਜੇ ਮੱਥੇ ਉਤੇ ਚਿਪੀ ਜਿਹੀ ਪਈ ਸੀ। ਵਾਲਾਂ ਨਾਲ ਭਰੀਆਂ ਨਾਸਾਂ 'ਚੋਂ ਸਾਹ ਅੜ ਅੜ ਕੇ ਬਾਹਰ ਆ ਰਿਹਾ ਸੀ। ਬੜੀ ਤੇਜੀ ਨਾਲ ਪੀਤੀ ਦਾਰੂ ਕਰਕੇ ਉਸ ਦਾ ਮੱਥਾ ਠੰਢ ਵਿਚ ਵੀ ਮੁੜ੍ਹਕੇ ਨਾਲ ਭਿੱਜਿਆ ਹੋਇਆ ਸੀ।

-''ਕਿਉਂ ਬਾਬਾ-ਆਈ ਕੋਈ ਸੁਰਤ ਟਿਕਾਣੇ? ਅਸੀਂ ਤੇਰੇ ਨਾਲ ਬਿਰਧ ਕਰਕੇ ਢਿੱਲ ਵਰਤਦੇ ਆਉਨੇ ਆਂ।'' ਠਾਣੇਦਾਰ ਨੇ ਬਾਬੇ ਤੇ ਇੱਕ ਤਰ੍ਹਾਂ ਨਾਲ ਅਹਿਸਾਨ ਜਤਾਇਆ, ਜਰਕਾਇਆ।

-''ਢਿੱਲ ਜਮਾਂ ਨਾ ਵਰਤੋ-ਆਬਦੀ ਕਾਰਬਾਈ ਕਰੋ-ਕੋਈ ਖਾਹਿਸ਼ ਬਾਕੀ ਨਾ ਰਹੇ ਤੁਹਾਡੀ।'' ਬਾਬਾ ਅਡੋਲ ਸੀ। ਡਰ ਦਾ ਕੋਈ ਪ੍ਰਛਾਵਾਂ ਉਸ ਦੇ ਚਿਹਰੇ 'ਤੇ ਨਹੀ ਸੀ। ਮੱਥੇ ਤੋਂ ਗੁਰਬਾਣੀ ਦਾ ਨੂਰ
ਵਰ੍ਹ ਰਿਹਾ ਸੀ। ਚਿਹਰਾ ਆਰਹਨ 'ਚੋਂ ਕੱਢੇ ਫ਼ਾਲੇ ਵਾਂਗ ਦਗ ਰਿਹਾ ਸੀ।

-''ਬਾਬਾ! ਤੈਥੋਂ ਸਾਡਾ ਕਸਾਖਾਨਾ ਨਹੀ ਜਰਿਆ ਜਾਣਾ-ਦੇਖ ਲੈ? ਐਥੇ ਵੱਡੇ ਵੱਡੇ ਸੂਰਮੇ ਆ ਕੇ ਬਹੁੜੀਆਂ ਘੱਤ ਜਾਂਦੇ ਐ।''

-''ਕਸਾਈ ਬੱਕਰੇ ਨੂੰ ਕਹੇ ਕਿ ਮੈਨੂੰ ਤੇਰੇ ਤੇ ਤਰਸ ਆਉਂਦੈ-ਬੱਕਰੇ ਲਈ ਕੋਈ ਅਹਿਮੀਅਤ ਨਹੀ ਰੱਖਦਾ-ਕਿਉਂਕਿ ਉਸ ਨੂੰ ਆਪਣੇ ਹਸ਼ਰ ਦਾ ਪ੍ਰਤੱਖ ਪਤਾ ਹੁੰਦੈ।''

-''ਪਰ ਬਾਬਾ-ਮੈਨੂੰ ਵਾਕਿਆ ਈ ਤੇਰੇ ਬੁੜ੍ਹਾਪੇ ਤੇ ਤਰਸ ਆਉਂਦੈ-।''

-''ਬਿੱਲੀ ਲੱਖ ਮਾਸੀ ਬਣੇ-ਚੂਹੇ ਨੂੰ ਉਹਦੀ ਬਦਨੀਤ ਦਾ ਅਗਾਊਂ ਪਤਾ ਹੁੰਦੈ।''

-''ਬਾਬਾ ਕਿਉਂ ਸਾਨੂੰ ਕਸਾਈ ਬਣਾਉਨੈ-ਸਿੱਧੀ ਤਰ੍ਹਾਂ ਜਾਮਨ ਕਿਉਂ ਨਹੀ ਹੁੰਦਾ?''

-''ਸੱਪਾਂ ਦੇ ਪੁੱਤਾਂ ਨੂੰ ਡੰਗ ਮਾਰਨਾ ਕੀਹਨੇ ਸਿਖਾਇਐ? ਤੁਸੀਂ ਇਹ ਦੱਸੋ ਬਈ ਮੈਥੋਂ ਆਖਰ ਚਾਹੁੰਦੇ ਕੀ ਓਂ?'' ਬਾਬੇ ਨੇ ਤਸਵੀਰ ਦਾ ਇੱਕ ਪਾਸਾ ਹੀ ਦੇਖਣਾ ਚਾਹਿਆ।

-''ਆਪਣਾ ਮੁੰਡਾ ਗੁਰਪਾਲ ਪੇਸ਼ ਕਰਦੇ-ਤੇ ਹਥਿਆਰ ਵਾਪਿਸ ਦੁਆ ਦੇ-ਤੇਰਾ ਕੰਮ ਖਤਮ।''

-''ਆਪਣੇ ਮੁੰਡੇ ਨੂੰ ਖ਼ੂਨੀ ਬਘਿਆੜਾਂ ਦੇ ਵਾੜੇ ਵਾੜ ਦਿਆਂ? ਇਹ ਤੂੰ ਸੋਚ ਈ ਕਿਵੇਂ ਲਿਆ ਠਾਣੇਦਾਰਾ?''

-''ਭੱਜ ਕੇ ਜਾਊ ਕਿੱਥੇ? ਬੱਕਰੇ ਦੀ ਮਾਂ ਕਦੋਂ ਕੁ ਤੱਕ ਸੁੱਖ ਮਨਾਊ? ਮੁੜ ਘੁੜ ਕੇ ਤਾਂ ਅਖੀਰ ਖੋਤੀ ਨੇ ਬੋਹੜ ਥੱਲੇ ਈ ਆਉਣੈ-ਪਾਣੀ ਨੇ ਤਾਂ ਅਖੀਰ ਪੁਲਾਂ ਹੇਠ ਦੀ ਹੀ ਵਗਣੈ।''

-''ਜੋ ਲਿਖੀ ਹੈ ਹਰ ਹਾਲਤ ਬੀਤ ਕੇ ਰਹਿੰਦੀ ਐ ਠਾਣੇਦਾਰਾ-ਉਹਨੂੰ ਸੰਸਾਰ ਦੀ ਕੋਈ ਹਸਤੀ ਨਹੀ ਰੋਕ ਸਕਦੀ-ਜੋ ਆਇਆ ਸੋ ਚਲਸੀ ਸਭ ਕੋ ਆਈ ਵਾਰੀ ਏ-ਵਾਰੋ ਵਾਰੀ ਸਾਰਿਆਂ ਦੀ
ਹੀ ਵਾਰੀ ਆਉਣੀ ਐਂ-ਪਰ ਜਿਹੜਾ ਤੂੰ ਪੁਲਾਂ ਹੇਠ ਦੀ ਪਾਣੀ ਦੀ ਗੱਲ ਕਰਦੈਂ-ਜਦੋਂ ਤੂਫ਼ਾਨੀ ਹੜ੍ਹ ਆਉਂਦੇ ਐ-ਪੁਲ ਅਸਮਾਨੀ ਉਡਦੇ ਦੇਖੇ ਐ।''

-''ਤੂੰ ਅੱਤਵਾਦੀਆਂ ਦਾ ਹਮਾਇਤੀ ਐਂ?''

-''ਕੱਲ੍ਹ ਤੱਕ ਬਿਲਕੁਲ ਨਹੀ ਸੀ-ਅੱਜ ਤੋਂ ਕੱਟੜ ਐਂ।''

-''ਖ਼ਾਲਿਸਤਾਨ ਮੰਗਦੈਂ?''

-''ਕੱਲ੍ਹ ਤੱਕ ਜਮਾਂ ਨਹੀ ਸੀ ਮੰਗਦਾ-ਅੱਜ ਤੋਂ ਤਨੋਂ ਮਨੋਂ ਮੰਗ ਕਰਦੈਂ-ਜਿੱਥੇ ਖਾਲਸਾ ਮਹਿਫੂਜ, ਸੁੱਖ ਸ਼ਾਂਤੀ ਨਾਲ ਵਸ ਸਕੇ।''

-''ਤੈਨੂੰ ਖਾਲਿਸਤਾਨ ਫਿਰ ਦੇ ਹੀ ਦੇਈਏ?''

-''ਤੇਰੇ ਹੱਥ ਵੱਸ ਕੀ ਐ ਠਾਣੇਦਾਰਾ? ਤੂੰ ਸਾਨੂੰ ਖਾਲਿਸਤਾਨ ਦੇਣ ਵਾਲਾ ਕੌਣ ਹੁੰਨੈ? ਤੂੰ ਤਾਂ ਗੌਰਮਿੰਟ ਦਾ ਹੱਥ ਠੋਕਾ ਐਂ-ਤੂੰ ਤਾਂ ਉਪਰਲੇ ਮਦਾਰੀਆਂ ਦਾ ਬਾਂਦਰ ਐਂ-ਉਹ ਸੀਟੀ ਮਾਰਦੇ ਐ ਤੇ ਤੂੰ ਨੱਚਦੈਂ।''

ਠਾਣੇਦਾਰ ਨੂੰ ਸੱਚੀਆਂ ਸੁਣ ਕੇ ਗੁੱਸਾ ਆਇਆ। ਪਰ ਉਹ ਅੰਦਰੋ ਅੰਦਰੀ ਹੀ ਪੀ ਗਿਆ।

-''ਬਾਬਾ-ਚੀਕਾਂ ਮਾਰੇਂਗਾ।''

-''ਵੈਰੀਆਂ ਹੱਥ ਆ ਕੇ ਚੀਕਾਂ ਕਾਹਨੂੰ ਮਾਰੂੰ?''

-''ਸਾਡੇ ਹੱਥ ਤਾਕਤਾਂ ਬਥੇਰੀਆਂ ਨੇ-ਚਾਹੀਏ ਤੈਨੂੰ ਗੋਲੀ ਨਾਲ ਉੜਾ ਸਕਦੇ ਐਂ।''

-"ਜੋ ਜੀਅ ਆਵੇ ਕਰੋ-ਭੈਅ ਕਾਹੂੰ ਕੋ ਦੇਤ ਨਹਿ-ਨਹਿ ਭੈਅ ਮਾਨਤ ਆਨੁ।।"
-"ਦਸਾਂ ਮਿਟਾਂ 'ਚ ਤੇਰੀ ਜੀਭ ਬਾਹਰ ਆ ਜਾਣੀ ਐਂ-ਫੇਰ ਨਾ ਮਿਆਂਕੀਂ।"
-"ਦੇਖਦੇ ਐਂ ਕੌਣ ਜਿੱਤਦੈ? ਗੁਰੂ ਦਾ ਸਿੰਘ ਜਾਂ ਔਰੰਗਜੇਬ ਦਾ ਪੈਰੋਕਾਰ? ਗੁਰੂ ਦਾ ਸਿੰਘ ਤਾਂ ਪੁਰਜਾ ਪੁਰਜਾ ਕਟਿ ਮਰੈ-ਕਬਹੂੰ ਨ ਛਾਡੈ ਖੇਤੁ।।"
-"ਹੂੰ....!" ਠਾਣੇਦਾਰ ਨੇ ਫੂੰਕਾਰਾ ਮਾਰਿਆ।
-"ਉਏ ਮੁੰਡਿਓ!"
-"ਜੀ ਜਨਾਬ?"
-"ਇਹਨੂੰ ਅਲਫ਼ ਨੰਗਾ ਕਰੋ ਤੇ ਇਹਦਾ ਕਲ੍ਹੈਹਰੀ ਮੋਰ ਬਣਾਓ!"
-"ਜੀ ਸਰਕਾਰ!"
-"ਕਲ੍ਹੈਹਰੀ ਮੋਰ ਤੋਂ ਬਾਅਦ ਤੂੰਗ ਭੱਦਰਾਂ ਤੇ ਤੂੰਗ ਭੱਦਰਾਂ ਤੋਂ ਬਾਅਦ ਗਰੜਪੌਂਕ!"
-"ਜੀ ਹਜੂਰ!"
-"ਇਹਦੀ ਕੋਈ ਗੱਲ ਨਹੀ ਸੁਣਨੀ।"
-"ਜੀ ਜਨਾਬ!"
-"ਬਾਬਾ-ਜੇ ਕੁਛ ਕਹਿਣਾ ਹੋਵੇ ਮੈਨੂੰ ਬੁਲਾ ਲਈਂ।" ਠਾਣੇਦਾਰ ਨੇ ਬਹੁਤ ਹੀ ਨੇੜੇ ਹੋ ਕੇ ਕਿਹਾ।
ਬਾਬਾ ਹੱਸ ਪਿਆ।
-"ਤੂੰ ਸਿੰਘਾਂ ਦਾ ਇਤਿਹਾਸ ਨਹੀ ਪੜ੍ਹਿਆ ਠਾਣੇਦਾਰਾ! ਸਿਦਕੀ ਸੂਰਮੇਂ ਕਦੇ ਨਹੀ ਡੋਲਦੇ-ਹੱਸ ਹੱਸ ਕੇ ਚਰਖ਼ੜੀਆਂ 'ਤੇ ਚੜ੍ਹਦੇ ਐ।"
-"ਇਹ ਤਾਂ ਸਮਾਂ ਈ ਦੱਸੂ।" ਤੇ ਠਾਣੇਦਾਰ ਬੁੱਚੜਖਾਨੇ 'ਚੋਂ ਬਾਹਰ ਹੋ ਗਿਆ।
ਸਿਪਾਹੀਆਂ ਨੇ ਬਾਬੇ ਨੂੰ ਅਲਫ਼ ਨੰਗਾ ਕਰ ਲਿਆ। ਪਰ "ਸ੍ਰੀ-ਸਾਹਿਬ" ਅਤੇ ਕਛਿਹਰਾ ਬਾਬੇ ਨੇ ਕਦਾਚਿੱਤ ਨਾ ਉਤਾਰਨ ਦਿੱਤਾ।
-"ਸਿੰਘ ਸਾਬਤ ਸੂਰਤ ਤਿਆਰ-ਬਰ-ਤਿਆਰ ਗੁਰੂ ਦੇ ਪੇਸ਼ ਹੋਊ।" ਬਾਬੇ ਨੇ ਜਬ੍ਹੇ ਨਾਲ ਆਖਿਆ ਸੀ।
-"ਚੱਲ ਪਾਈ ਰੱਖਣ ਦੇ ਯਾਰ!"
-"ਬਾਬਾ-ਤੇਰੇ ਪਿੰਡ ਦੀ ਕਹਿੰਦੇ ਪੰਚਾਇਤ ਆਈ ਸੀ।" ਟਰੱਕ ਵਾਲੇ ਸਿਪਾਹੀ ਨੇ ਕਿਹਾ।
-"ਸ਼ਾਬਾਸ਼ੇ ਭਾਈ ਪੰਚਾਇਤ ਦੇ-ਪੰਚਾਇਤ ਆਬਦਾ ਕੰਮ ਕਰ ਗਈ-ਤੁਸੀਂ ਆਬਦਾ ਕਰ ਲਓ।"
-"ਸਰਦਾਰ ਨੇ ਤੇਰੀ ਗ੍ਰਿਫਤਾਰੀ ਤੋਂ ਈ ਇਨਕਾਰ ਕਰ ਦਿੱਤਾ।"
-"ਉਹਦੇ ਵੀ ਸ਼ਾਬਾਸ਼ੇ...!"
-"ਬਾਬਾ-ਕਰਦੇ ਮੁੰਡੇ ਨੂੰ ਪੇਸ਼-ਕਾਹਤੋਂ ਸਾਡੀਆਂ ਬੈਠਕਾਂ ਕਢਵਾਉਨੈਂ? ਕੁੱਟਣ ਮਾਰਨ ਦਾ ਸਾਨੂੰ ਕੋਈ ਚਾਅ ਨਹੀ-।" ਦੂਜੇ ਸਿਪਾਹੀ ਨੇ ਪੁਲਸੀਆ ਚਲਿੱਤਰ ਖੇਡਿਆ।
-"ਤੁਸੀਂ ਸਰਕਾਰ ਦੇ ਵਫਾਦਾਰ ਤੇ ਮੈ ਗੁਰੂ ਦਾ-ਆਬਦਾ ਆਬਦਾ ਸਿਦਕ ਨਿਭਾਈਏ-ਜਲਦੀ ਕਰੋ-।"
-"ਲੈ ਬਾਬਾ-ਬੋਲ ਫਿਰ ਵਾਹਿਗੁਰੂ-ਬਣ ਕੇ ਕਲ੍ਹੈਹਰੀ ਮੋਰ ਸਾਨੂੰ ਪੈਹਲ ਪਾ ਕੇ ਦਿਖਾ।"
ਬਾਬੇ ਨੂੰ ਸਿਕੰਜੇ 'ਚ ਚਾੜ੍ਹ ਦਿੱਤਾ। ਪੀੜਾਂ ਨੇ ਬਾਬੇ ਅੰਦਰ ਕੁਰਲਾਹਟ ਮਚਾ ਦਿੱਤੀ। ਹਰ ਅੰਗ ਇਕ ਤਰ੍ਹਾਂ ਨਾਲ ਘੁਲਾੜ੍ਹੀ ਵਿਚ ਪੀੜਿਆ ਜਾ ਰਿਹਾ ਸੀ। ਪੀੜਾਂ ਦਾ ਦਰਦ ਸਾਰੇ ਸਰੀਰ ਅੰਦਰ ਲਾਟਾਂ ਬਾਲਦਾ, ਗੇੜਾ ਦੇ ਕੇ ਸਿਰ ਨੂੰ ਚੜ੍ਹਦਾ ਸੀ। ਅੱਖਾਂ ਅੱਗੇ ਪਹਿਲਾਂ ਚੰਗਿਆੜੇ ਅਤੇ ਫਿਰ ਹਨ੍ਹੇਰ ਛਾਉਂਦਾ ਲੱਗਦਾ ਸੀ। ਬਾਬੇ ਨੇ ਕਰਕੇ ਬਾਜਾਂ ਵਾਲੇ ਨੂੰ ਯਾਦ ਗੁਰਬਾਣੀ ਛੂਹ ਲਈ:

-"ਸਿਰ ਜਾਵੇ ਤਾਂ ਜਾਵੇ।।
ਮੇਰਾ ਸਿੱਖੀ ਸਿਦਕ ਨਾ ਜਾਵੇ।।"....

-"ਜਿਸੁ ਕੇ ਸਿਰੁ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ।।....
ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ।।"....
ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ।।".....

-"ਜਾਮੁ ਗੁਰੂ ਹੋਇ ਵਲਿ
ਲੱਖ ਬਾਂਹਿ ਕਿਆ ਕੀਜੈ।।".....

ਚੁਬਾਰਿਓਂ ਪੈੱਗ ਲਾ ਕੇ ਠਾਣੇਦਾਰ ਹਵਾਲਾਤ ਕੋਲ, ਰਣਜੋਧ ਸਾਹਮਣੇ ਆ ਖੜ੍ਹਾ ਹੋਇਆ।
-"ਰਣਜੋਧ ਸਿਆਂ-ਅੱਤਵਾਦੀ ਤਾਂ ਆਪ ਈ ਮੰਨੀ ਜਾਂਦੈ ਬਈ ਉਹ ਤੇਰੇ ਖੇਤੋਂ ਰੋਟੀ ਖਾ ਕੇ ਆਏ ਸੀ।"
-"ਫੇਰ ਤਾਂ ਮੁਸ਼ਕਲ ਈ ਹੱਲ ਹੋ ਗਈ ਸਰਦਾਰ।" ਮੁੰਡਾ ਜਲਾਲ ਫੜ ਗਿਆ।
-"ਪਰ ਸ਼ਨਾਖਤ ਤਾਂ ਤੈਨੂੰ ਈ ਕਰਨੀ ਪਊ।"
ਠਾਣੇਦਾਰ ਤੁਰ ਗਿਆ।
ਬਾਬੇ ਨੂੰ ਸਿਕੰਜੇ 'ਚੋਂ ਕੱਢ ਕੇ ਲੱਤਾਂ 'ਤੇ ਘੋਟਣਾ ਫੇਰਿਆ ਗਿਆ ਅਤੇ ਮੁੜ ਮੰਜਾ ਲਾ ਦਿੱਤਾ। ਬਾਬੇ ਦਾ ਸਰੀਰ ਮੰਜੇ ਵਾਂਗ ਹੀ ਉਖੜਿਆ

ਪਿਆ ਸੀ। ਪਰ ਗੁਰਬਾਣੀ ਅਜੇ ਵੀ ਉਸ ਦੇ ਮੂੰਹ 'ਚੋਂ ਕਿਰ-ਕਿਰ ਕੇ ਬਾਹਰ ਆ ਰਹੀ ਸੀ।
-"ਕਿਉਂ ਬਾਬਾ-ਮੈਂ ਤੇਰੇ ਵੱਲ ਅਜੇ ਵੀ ਦੋਸਤੀ ਦਾ ਹੱਥ ਵਧਾਉਨੈਂ।" ਠਾਣੇਦਾਰ ਨੇ ਹਾਲਾਤ ਭਾਂਪਦਿਆਂ ਕਿਹਾ।
-"ਠਾਣੇਦਾਰਾ! ਮੇਰਾ ਸਿਦਕ ਪਰਖੀ ਚੱਲ-ਨਾਲ ਇਵਾਣੇ ਦੋਸਤੀ ਵਡਾਰੂ ਸੇ ਨੇਹੁੰ-ਪਾਣੀ ਅੰਦਰ ਲੀਕ ਜਿਉਂ ਤਿਸੁ ਕਾ ਥਾਉਂ ਨ ਥੇਹੁ।"
ਠਾਣੇਦਾਰ ਸਤੰਭ ਖੜ੍ਹਾ ਸੀ।
ਬਾਬਾ ਪੀੜਾਂ ਦੇ ਬਾਵਜੂਦ ਵੀ ਥੰਮ੍ਹ ਵਾਂਗ ਪੱਕਾ ਸੀ। ਪਰਬਤ ਵਾਂਗ ਅਡੋਲ ਸੀ।
-"ਬਾਬਾ-ਜੇ ਆਪਾਂ ਸੋਚੀਏ ਤਾਂ ਆਪਣੀ ਦੁਸ਼ਮਣੀ ਵੀ ਕੀ ਐ-ਇਹ ਦੱਸ?"
-"ਦੁਸ਼ਮਣੀ? ਜਬੈ ਬਾਣ ਲਾਗਿਓ ਤਬੈ ਰੋਸੁ ਜਾਗਿਓ।" ਬਾਬੇ ਨੇ ਦਾਹੜ੍ਹੇ ਵੱਲ ਇਸ਼ਾਰਾ ਕੀਤਾ।
ਠਾਣੇਦਾਰ ਚੁੱਪ ਹੋ ਗਿਆ।
ਉਸ ਨੂੰ ਅਹਿਸਾਸ ਹੋ ਗਿਆ ਕਿ ਪੱਟੀ ਦਾਹੜ੍ਹੀ ਕਰਕੇ ਬਾਬਾ ਫੱਟੜ ਸ਼ੇਰ ਬਣ ਗਿਆ ਸੀ।
-"ਉਏ ਮੁੰਡਿਓ-ਹਵਾਲਾਤੀ ਨੂੰ ਪੇਸ਼ ਕਰੋ!" ਠਾਣੇਦਾਰ ਨੇ ਰਣਜੋਧ ਸਿੰਘ ਵੱਲ ਇਸ਼ਾਰਾ ਕੀਤਾ।
ਰਣਜੋਧ ਪੇਸ਼ ਕਰ ਦਿੱਤਾ ਗਿਆ।
-"ਹਾਂ ਬਈ-ਉਹਨਾਂ ਅੱਤਵਾਦੀਆਂ 'ਚ ਇਹ ਵੀ ਸੀਗਾ?" ਠਾਣੇਦਾਰ ਨੇ ਬਾਬੇ ਵੱਲ ਇਸ਼ਾਰਾ ਪਾ ਕੇ ਪੁੱਛਿਆ।
-"ਇਹ ਤਾਂ ਸਾਡੇ ਪਿੰਡ ਆਲਾ ਬਾਬਾ ਜਪਨਾਮ ਐ ਜੀ-ਕੱਛ ਆਲਾ ਭਾਈ...।"
ਸੁਣਨਸਾਰ ਸਿਪਾਹੀ ਰਣਜੋਧ ਨੂੰ ਮਰੋੜ ਕੇ ਦੂਸਰੇ ਪਾਸੇ 'ਕਤਲਗਾਹ' ਵਿਚ ਲੈ ਗਏ। ਰਣਜੋਧ ਨੂੰ ਕੋਈ ਖ਼ਾਸ ਸਮਝ ਨਹੀ ਪਈ ਸੀ ਕਿ ਉਸ ਦਾ ਕਸੂਰ ਕੀ ਸੀ..? ਉਸ ਨੇ ਸੱਚ ਹੀ ਤਾਂ ਬੋਲਿਆ ਸੀ! ਫਿਰ ਉਸ ਨੂੰ ਬੁੱਚੜ ਸਿਪਾਹੀ ਧੂਹੀ ਕਿਉਂ ਜਾ ਰਹੇ ਸਨ..? ਉਸ ਦੇ ਦਿਮਾਗ ਵਿਚ ਹੋਰ ਗੱਲ ਆਈ।
ਬਾਬੇ ਨੂੰ ਅੰਦਰ ਕਿਉਂ ਦੇਈ ਬੈਠੇ ਐ? ਬਾਬੇ ਨੇ ਤਾਂ ਕਦੇ ਕੁੱਤੇ ਦੇ ਸੋਟੀ ਨਹੀ ਮਾਰੀ! ਪਰ ਮੈਂ ਕਿਹੜਾ ਮਾਰੀ ਸੀ...? ਹੋ ਸਕਦੈ ਖਾੜਕੂ ਬਾਬੇ ਦੇ ਘਰੋਂ ਜਾਂ ਖੇਤੋਂ ਪ੍ਰਛਾਦਾ ਛਕ ਗਏ ਹੋਣ? ਪਰ ਬਾਬੇ
ਨੂੰ ਤਾਂ ਮੰਜੇ 'ਤੇ ਅੜਾਈ ਬੈਠੇ ਐ? ਇਹਦਾ ਤਾਂ ਕੋਈ ਵੱਡਾ ਹੀ ਕਸੂਰ ਲੱਗਦੈ। ਰਣਜੋਧ ਦੀ ਸੋਚ ਉਦੋਂ ਟੁੱਟੀ ਜਦੋਂ ਸਿਪਾਹੀਆਂ ਦੇ ਡੰਡੇ ਉਸ ਦੇ ਸਿਰ ਵਿਚ ਪੈਣ ਲੱਗ ਪਏ। ਉਸ ਦੇ ਸਿਰ 'ਚੋਂ "ਭੜ੍ਹਾਸ" ਨਿਕਲੀ। ਹੱਥਾਂ ਪੈਰਾਂ ਦੀਆਂ ਉਂਗਲਾਂ 'ਤੇ ਪੈਂਦੇ ਡੰਡੇ "ਟੱਕ-ਟੱਕ" ਦੀ ਅਵਾਜ਼ ਕਰਦੇ ਸਨ। ਕੁਝ ਪਲਾਂ ਵਿਚ ਹੀ ਸਿਪਾਹੀਆਂ ਨੇ ਉਸ ਨੂੰ ਝੋਨੇ ਵਾਂਗ ਝਾੜ ਦਿੱਤਾ ਸੀ। ਉਹ ਛੁਰੀਆਂ ਹੇਠ ਪਏ ਸੂਰ ਵਾਂਗ ਕੋਹਿਆ ਜਾ ਰਿਹਾ, ਚੀਕਾਂ ਮਾਰੀ ਜਾ ਰਿਹਾ ਸੀ।
-"ਮਾਈ ਬਾਪ ਇਹ ਤਾਂ ਦੱਸ ਦਿਓ ਬਈ ਮੈਨੂੰ ਕੁੱਟੀ ਕਿਉਂ ਜਾਨੇ ਐਂ? ਕਸੂਰ ਤਾਂ ਮੈਂ ਕੋਈ ਕੀਤਾ ਹੀ ਨਹੀ-ਹਾੜ੍ਹੇ ਮਾਪਿਓ-ਮੇਰਾ ਤਾਂ ਸਰੀਰ ਈ ਤੋੜਤਾ-ਬੱਸ ਕਰੋ ਉਏ ਦੁਸ਼ਮਣੋਂ ਹਾਏ ਉਏ! ਮਰ ਗਿਆ ਸਰਦਾਰ ਜੀ-ਹਟਾਓ ਇਹਨਾਂ ਨੂੰ-ਬਹੁੜ੍ਹੀ...!" ਉਹ ਵਾਸਤੇ ਘੱਤ ਰਿਹਾ ਸੀ। ਸਿਪਾਹੀਆਂ ਨੇ ਇੱਕੋ ਝੁੱਟੀ ਵਿਚ ਹੀ ਉਸ ਦੀ ਸੱਤਿਆ ਸੂਤ ਲਈ ਸੀ।
-"ਤੇਰੀ ਭੈਣ ਨੂੰ ਮੈਂ ਗੜ੍ਹ ਦਿਆਂ...! ਤੇਰਾ ਸਰੀਰ ਨਾ ਤੋੜੀਏ ਤਾਂ ਹੋਰ ਕੀ ਕਰੀਏ...? ਗੱਲ ਤਾਂ ਤੂੰ ਪੁੱਠੀ ਸੁਣਾਉਨੈ...?" ਸਿਪਾਹੀ ਨੇ ਇਕ ਤਕੜਾ ਡੰਡਾ ਟੋਟਣ 'ਚ ਹੋਰ ਧਰ ਦਿੱਤਾ।
ਮੁੰਡਾ ਚੌਫ਼ਾਲ ਧਰਤੀ 'ਤੇ ਡਿੱਗ ਪਿਆ।
-"ਮਾਪਿਓ ਕਸੂਰ ਤਾਂ ਦੱਸ ਦਿਓ ਆਖਰ ਕੀ ਐ...?" ਉਹ ਬਿਲਕਿਆ।
-"ਔਹ ਜਿਹੜਾ ਅੰਦਰ ਦਿੱਤੈ-ਉਹ ਕੌਣ ਐਂ?"
-"ਥੋਨੂੰ ਦੱਸ ਤਾਂ ਦਿੱਤਾ ਜੀ ਬਈ ਇਹ ਬਾਬਾ ਕੱਛ ਆਲੈ।"
ਸਿਪਾਹੀ ਫਿਰ ਵਰ੍ਹ ਪਏ।
ਮੁੰਡਾ "ਭੁੱਲ ਗਿਆ-ਭੁੱਲ ਗਿਆ" ਕਰਦਾ ਭੁੱਲਾਂ ਬਖਸ਼ਉਂਦਾ ਰਿਹਾ। ਪਰ ਹਾਲੇ ਤੱਕ ਉਸ ਨੂੰ ਇਹ ਸਮਝ ਨਹੀ ਆਈ ਸੀ ਕਿ ਉਹ ਸਹੀ ਕਹਿਣ ਦੇ ਬਾਵਜੂਦ ਵੀ ਕੁੱਟ ਕਿਉਂ ਖਾਈ ਜਾ ਰਿਹਾ ਸੀ?
ਠਾਣੇਦਾਰ ਦੇ ਇਸ਼ਾਰੇ ਨਾਲ ਡੰਡੇ ਰੁਕ ਗਏ।
ਰਣਜੋਧ ਦੇ ਨੱਕ 'ਚੋਂ ਖੂਨ ਧਰਾਲੀਂ ਵਹਿ ਰਿਹਾ ਸੀ।
ਪਤਾ ਨਹੀ ਡੰਡਾ ਕਦੋਂ ਨੱਕ 'ਤੇ ਫਿਰ ਗਿਆ ਸੀ।
-"ਹਾਂ-ਹੁਣ ਦੱਸ ਉਹ ਕੌਣ ਐਂ?"
-"ਤੁਸੀਂ ਦੱਸੋ ਜੀ।" ਮੁੰਡੇ ਨੂੰ ਪਤਾ ਸੀ ਕਿ ਡੰਡੇ ਫਿਰ ਸ਼ੁਰੂ ਹੋਣਗੇ, ਖੁਦ ਹੀ ਪੁੱਛ ਲਿਆ ਜਾਵੇ।
-"ਤੂੰ ਕਹਿ ਇਹ ਅੱਤਵਾਦੀ ਐ-ਇਹਦਾ ਮੁੰਡਾ ਅੱਤਵਾਦੀ ਐ-ਤੂੰ ਇਹਦੇ ਖੇਤੋਂ ਕੁਛ ਲੈਣ ਗਿਆ ਸੀ-ਤੇ ਤੂੰ ਇਹਨੂੰ ਅੱਤਵਾਦੀਆਂ ਨੂੰ ਹਥਿਆਰ ਦਿੰਦਾ ਅੱਖੀਂ ਦੇਖਿਐ-ਫਿਰ ਅੱਤਵਾਦੀਆਂ ਨੇ ਇਹਨੂੰ ਤੇ ਇਹਦੇ ਮੁੰਡੇ ਨੂੰ ਕਾਫੀ ਸਾਰੇ ਪੈਸੇ ਦਿੱਤੇ-ਇਹਨੇ ਅੱਤਵਾਦੀਆਂ ਨੂੰ ਅਗਲਾ ਜਖੀਰਾ ਜਲਦੀ ਹੀ ਆਉਣ ਦਾ ਵਾਅਦਾ ਕੀਤਾ - ਸੁਣ ਗਿਆ..?" ਠਾਣੇਦਾਰ ਨੇ ਇੱਕੋ ਸਾਹ ਹੀ ਕਈ ਬਿਆਨ ਕਹਿ ਸੁਣਾਏ।
-".........!" ਸੁਣਦੇ ਰਣਜੋਧ ਦੇ ਦੰਦ ਜੁੜਦੇ ਜਾ ਰਹੇ ਸਨ। ਬਘਿਆੜਾਂ ਦੇ ਘੇਰੇ ਵਿਚ ਪਠੋਰਾ ਆਇਆ ਹੋਇਆ ਸੀ। ਕੋਈ ਵੱਸ ਨਹੀ ਸੀ। ਬਾਬਾ - ਤੇ ਅੱਤਵਾਦੀ...? ਬਾਬਾ ਤਾਂ ਸੌ ਦੇਵਤੇ ਵਰਗਾ ਇਕੱਲਾ ਇਨਸਾਨ ਸੀ।
ਸੋਚਾਂ ਵਿਚ ਪਏ ਮੁੰਡੇ ਦੇ ਇੱਕ ਚੁਪੇੜ ਆ ਪਈ।
-"ਭੈਣ ਦਿਆ ਖਸਮ ਚੰਦਾ-ਤੂੰ ਘੁੱਗੂ ਈ ਹੋ ਗਿਐਂ-ਬੋਲਦਾ ਨਹੀਂ ਉਏ?"
-"ਜੀ ਬਾਬਾ ਤਾਂ-।" ਰਣਜੋਧ ਦੀ ਗੱਲ ਪੂਰੀ ਨਹੀ ਹੋਣ ਦਿੱਤੀ ਕਿ ਸਿਪਾਹੀਆਂ ਨੇ ਉਸ ਨੂੰ ਫਿਰ ਮੁਰਗੀ ਵਾਂਗ ਨੱਪ ਲਿਆ। ਦੂਜੀ ਕਰੜੀ ਝੁੱਟੀ ਨੇ ਰਣਜੋਧ ਦੀ 'ਭਿਆਂ' ਕਰਵਾ ਦਿੱਤੀ।

-"ਮਾਪਿਓ ਜੋ ਕਹੋਂਗੇ, ਕਰੂੰਗਾ-ਪਰ ਹਜ਼ੂਰ ਮੇਰੀ ਦੁਹਾਈ ਐ ਐਨਾ ਮਾਰੋ ਨਾ।" ਰਣਜੋਧ ਨੇ ਸੁੱਜੇ ਹੱਥ ਜੋੜ ਦਿੱਤੇ। ਸਰੀਰ ਉਪਰ ਪਏ ਉਬਲਦੇ ਤੇਲ ਵਾਂਗ, ਉਸ ਦਾ ਸਾਰਾ ਸਰੀਰ "ਬਲੂੰ-ਬਲੂੰ" ਕਰਦਾ ਸੀ।
ਠਾਣੇਦਾਰ ਨੇ ਸਿਪਾਹੀ ਰੋਕ ਦਿੱਤੇ।
ਕਈ ਕੋਰੇ ਕਾਗਜ਼ਾਂ ਉਪਰ ਰਣਜੋਧ ਦੇ ਦਸਤਖ਼ਤ ਕਰਵਾ ਲਏ। ਆਪਣੇ ਹੀ ਬਿਆਨ ਠਾਣੇਦਾਰ ਨੇ ਫਿਰ ਦੁਹਰਾਏ ਕਿ ਬਾਬਾ ਅੱਤਿਵਾਦੀ ਹੈ। ਬਾਬੇ ਦਾ ਮੁੰਡਾ ਅੱਤਿਵਾਦੀ ਹੈ। ਬਾਬਾ ਦੇਸ਼-ਧ੍ਰੋਹੀ ਹੈ। ਖ਼ਾੜਕੂਆਂ ਨੂੰ ਮਾਰੂ ਹਥਿਆਰ ਸਪਲਾਈ ਕਰਦਾ ਹੈ..!
ਰਣਜੋਧ ਨੂੰ ਹਵਾਲਾਤ ਵਿਚ ਤਾੜ ਦਿੱਤਾ ਗਿਆ।
-"ਜਨਾਬ ਅੱਗੇ ਕੀ ਹੁਕਮ ਐ?" ਮੁਣਸ਼ੀ ਨੇ ਰਣਜੋਧ ਦੇ ਦਸਤਖ਼ਤਾਂ ਵਾਲੇ ਕਾਗਜ਼ਾਂ ਉਪਰ ਮਨ ਮਰਜ਼ੀ ਦੇ ਬਿਆਨ ਲਿਖਣ ਤੋਂ ਬਾਅਦ ਪੁੱਛਿਆ। ਕਾਗਜ਼ਾਂ ਵਿਚ ਬਾਬਾ ਅਤੇ ਬਾਬੇ ਦਾ ਮੁੰਡਾ
ਗੁਰਪਾਲ ਖ਼ਤਰਨਾਕ ਅੱਤਿਵਾਦੀ ਬਣਾ ਧਰੇ ਸਨ। ਕਾਗਜ਼ਾਂ ਅਨੁਸਾਰ ਬਾਬਾ ਕਈ ਵਾਰ ਬਾਰਡਰ ਟੱਪ ਕੇ ਪਾਕਿਸਤਾਨ ਵੀ ਜਾ ਆਇਆ ਸੀ। ਪਾਕਿਸਤਾਨ ਵਿਚ ਆਈ. ਐਸ. ਆਈ. ਖੁਫ਼ੀਆ
ਏਜੰਸੀਆਂ ਵਲੋਂ ਚਲਾਏ ਜਾ ਰਹੇ 'ਟਰੇਨਿੰਗ-ਸੈਂਟਰ' ਵਿਚੋਂ ਟਰੇਨਿੰਗ ਵੀ ਲੈ ਆਇਆ ਸੀ। ਕਾਗਜ਼ ਦੱਸ ਰਹੇ ਸਨ ਕਿ ਬਾਬਾ ਏ. ਕੇ. ਸੰਤਾਲੀ ਤੋਂ ਲੈ ਕੇ ਡਰੈਗਨ ਗੰਨ ਤੱਕ ਚਲਾ ਸਕਦਾ ਸੀ। ਰਾਕਟ ਲਾਂਚਰ ਤੋਂ ਲੈ ਕੇ ਮਿੰਨ੍ਹੀ ਤੋਪ ਚਲਾਉਣ ਵਿਚ ਬਾਬਾ ਮਾਹਿਰ ਸੀ। ਨਿਸ਼ਾਨੇ ਦਾ ਐਨਾ ਮਾਹਿਰ ਸੀ ਕਿ ਮਿਲਟਰੀ ਦੇ ਬੁਲਿਟ-ਪਰੂਫ਼ ਟਰੈਕਟਰਾਂ ਦੇ ਕਬਜ਼ੇ ਤੋੜ ਸਕਦਾ ਸੀ। ਭਿੰਡਰਾਂਵਾਲੇ ਸੰਤਾਂ ਦਾ ਸਹਿਯੋਗੀ ਰਿਹਾ ਹੋਣ ਕਰਕੇ ਮੂੰਹੋਂ ਅੱਗ ਉਗਲਦਾ ਸੀ। ਮੰਡ ਇਲਾਕੇ ਵਿਚ ਬਾਬੇ ਨੇ ਦੁਸ਼ਟ ਸੋਧ ਕਮਾਂਡੋ ਫ਼ੋਰਸ ਨਾਲ ਮਿਲ ਕੇ ਅੱਸੀ ਬੰਦੇ ਕਤਲ ਕੀਤੇ ਸਨ। ਬਾਬੇ ਦਾ ਮੁੰਡਾ ਗੁਰਪਾਲ ਸਿੰਘ, ਬੱਬਰ ਖ਼ਾਲਸਾ ਦੇ ਮੁਖੀ ਜਸਦੇਵ ਸਿੰਘ ਬੱਬਰ ਦਾ ਸੱਜਾ ਹੱਥ ਸੀ। ਛੇ ਮਹੀਨੇ ਉਹ ਪਾਕਿਸਤਾਨ ਵਿਚ ਰਹਿੰਦੇ ਵੱਖੋ-ਵੱਖਰੇ ਖ਼ਾੜਕੂ ਜੱਥੇਬੰਦੀਆਂ ਦੇ ਮੁਖੀਆਂ ਕੋਲ ਲਾ ਆਇਆ ਸੀ ਅਤੇ ਕੁਝ ਸਮਾਂ
ਪਹਿਲਾਂ ਹੀ ਉਹ ਜੰਮੂ ਕਸ਼ਮੀਰ ਦੇ ਰਸਤੇ ਭਾਰਤ ਵਿਚ ਦਾਖਲ ਹੋਇਆ ਸੀ। ਹਥਿਆਰਾਂ ਦੇ ਵੱਡਾ ਜ਼ਖ਼ੀਰਾ ਅਤੇ ਤਿੰਨ ਕਰੋੜ ਰੁਪਏ ਲੈ ਕੇ ਉਹ ਪੰਜਾਬ ਆਇਆ ਸੀ। ਖ਼ਾੜਕੂ ਮੁਖੀਆਂ ਵੱਲੋਂ ਭੰਨ-
ਤੋੜ ਦੀਆਂ ਕਾਰਵਾਈਆਂ ਤੋਂ ਲੈ ਕੇ ਮੁੱਖ ਮੰਤਰੀ ਦੇ ਕਤਲ ਤੱਕ ਉਸ ਨੂੰ ਹੁਕਮ ਲਾਇਆ ਸੀ। ਲੁੱਟ-ਮਾਰ, ਬੈਂਕ ਡਕੈਤੀਆਂ ਦੇ ਨਾਲ ਨਾਲ ਉਹ ਦੋ ਸੌ ਕਤਲਾਂ ਦਾ ਜ਼ਿੰਮੇਵਾਰ ਸੀ।
ਮੁਣਸ਼ੀ ਦੇ ਲਿਖੇ ਬਿਆਨ ਲਾਵਾ ਥੁੱਕ ਰਹੇ ਸਨ। ਠਾਣੇਦਾਰ ਨੇ "ਬਹੁਤ ਖ਼ੂਬ" ਕਿਹਾ ਸੀ।
-"ਤੇਰਾ ਦਿਮਾਗ ਕੀ ਕਹਿੰਦੈ?"
-"ਮੇਰਾ ਦਿਮਾਗ ਤਾਂ ਹਜ਼ੂਰ ਇਹ ਕਹਿੰਦੈ-ਬਈ ਬਿਆਨ ਤਾਂ ਆਪਾਂ ਲਏ ਖੜ੍ਹੇ ਕਰ-ਜੇ ਆਪਾਂ ਇਹਨਾਂ ਦੇ ਪੈਰ ਲਾਵਾਂਗੇ ਤਾਂ ਈ ਅੱਗੇ ਤੁਰਨਗੇ।"
-"ਮਤਲਬ?"
-"ਮਤਲਬ ਹਜ਼ੂਰ ਇਹ ਐ-ਬਈ ਜੇ ਆਪਾਂ ਇਹਨਾਂ ਦੋਨਾਂ ਨੂੰ ਈ ਛੱਡ ਦਿੰਨੇ ਐਂ-ਆਪਣੇ ਬਿਆਨਾਂ 'ਚ ਉੱਕਾ ਈ ਦਮ ਨਹੀ ਰਹਿੰਦਾ।"
-"ਬਿਲਕੁਲ ਦਰੁਸਤ।"
-"ਹੋ ਸਕਦੈ ਅਦਾਲਤ ਵਲੋਂ ਰਿਕਵਰੀ ਹੋਣ ਤੇ ਆਪਾਂ ਨੂੰ ਲਾਈਨ ਹਾਜਰ ਵੀ ਹੋਣਾ ਪੈ ਜਾਵੇ।"
-"ਇਹ ਵੀ ਦਰੁਸਤ।"
-"ਦੂਜੇ ਠਾਣੇ ਅੱਤਵਾਦੀਆਂ ਨੂੰ ਧੜਾ ਧੜ ਫੜ-ਫੜ ਗੱਡੀ ਚਾਹੜੀ ਜਾਂਦੇ ਐ-ਆਪਾਂ ਵੀ ਮਹੂਰਤ ਜਿਆ ਕਰੀਏ? ਆਪਾਂ ਤਾਂ ਅਜੇ ਤੀਕਰ ਹਜ਼ੂਰ, ਓਸ ਗੱਲ ਦੇ ਆਖਣ ਮਾਂਗੂੰ, ਰੱਬ ਥੋਡਾ ਭਲਾ ਕਰੇ, ਬਹੁਣੀ ਵੀ ਨਹੀ ਕੀਤੀ।"
ਠਾਣੇਦਾਰ ਸੋਚੀਂ ਪੈ ਗਿਆ।
ਮੁਣਸ਼ੀ ਨੇ ਇਕ ਪੈੱਗ ਲਾ ਕੇ ਗਿਲਾਸ ਠਾਣੇਦਾਰ ਨੂੰ ਫੜਾ ਦਿੱਤਾ।
-"ਹਜ਼ੂਰ ਰੱਬ ਥੋਡਾ ਭਲਾ ਕਰੇ-ਜਿੰਨੇ ਮੁੰਡੇ ਖੁੰਡੇ ਮਾਰਾਂਗੇ ਉਨੇ ਈ ਤਰੱਕੀਆਂ ਲਈ ਰਾਹ ਮੋਕਲੇ ਕਰਾਂਗੇ-ਜੇ ਤੁਸੀਂ ਤਿੰਨ ਸਟਾਰਾਂ ਤੇ ਈ ਸਬਰ ਰੱਖਣੈ-ਥੋਡੀ ਮਰਜੀ।"
ਠਾਣੇਦਾਰ ਨੇ ਵੀ ਪੈੱਗ ਪੀ ਲਿਆ।
ਮੁਣਸ਼ੀ ਦਾ ਛੱਡਿਆ ਬਾਣ ਸਿੱਧਾ ਆਨੇ ਵਾਲੀ ਥਾਂ 'ਤੇ ਹੀ ਵੱਜਿਆ ਸੀ।
-"ਹਜ਼ੂਰ ਹੱਥ ਪੈਰ ਹਿਲਾਈਏ-ਊਂਈਂ ਅੰਦਰੇ ਅੰਦਰ ਉੱਲੀ ਲੱਗਦੀ ਜਾਂਦੀ ਐ-ਸਿਆਣੇ ਆਖਦੇ ਐ-ਚੱਲਾਂਗੇ ਤਾਂ ਹੀ ਪਹੁੰਚਾਂਗੇ-ਇਕ ਮੇਰੀ ਅੱਖ ਕਾਸ਼ਣੀ ਦੂਜਾ ਰਾਤ ਦੇ ਅਨੀਂਦਰੇ ਨੇ ਮਾਰਿਆ-ਮੈਂ ਥੋਡੀ ਥਾਂ ਹੁੰਦਾ ਹੁਣ ਨੂੰ ਪੱਚੀ ਤੀਹ ਗਾਂਹਾਂ ਕੀਤੇ ਹੁੰਦੇ ਤੇ ਨਾਲੇ ਓਸ ਗੱਲ ਦੇ ਆਖਣ ਮਾਂਗੂੰ ਬੈਂਕਾਂ ਭਰੀਆਂ ਹੁੰਦੀਆਂ-ਅੱਤਵਾਦ ਰੱਬ ਨੇ ਆਪਣੇ ਭਲੇ ਲਈ ਹੀ ਤੋਰਿਐ-ਲੈ ਲਓ ਲਾਹਾ ਪਿੱਛੋਂ ਕਿਸੇ ਨੇ ਨਹੀ ਪੁੱਛਣਾ-ਜਦੋਂ ਬੰਤੋ ਰੇਲ ਚੜ੍ਹਗੀ ਮੁੰਡੇ ਰੋਣਗੇ ਰੁਮਾਲਾਂ ਵਾਲੇ-ਔਹ ਪੋਪਲ਼ ਜਿਹੇ ਜੱਟ ਰਣਜੋਧ ਦਾ ਪੰਜਾਹ ਹਜਾਰ ਤੁਸੀਂ ਲੈ ਹੀ ਲਿਐ।"
-"ਤੈਨੂੰ ਕੀ ਪਤੈ?"
ਠਾਣੇਦਾਰ ਹੈਰਾਨ ਸੀ।
ਮੁਣਸ਼ੀ ਬੋਲਿਆ।
-"ਹਜ਼ੂਰ ਮੇਰੇ ਸਤਾਰਾਂ ਅੱਖਾਂ ਐਂ।"
-"ਖ਼ੈਰ...!"
-"ਥੋਡੀ ਥਾਂ ਮੈਂ ਹੁੰਦਾ ਪੂਰਾ ਲੱਖ ਲੈਂਦਾ-ਤੁਸੀਂ ਜੀਤ ਸਿੰਘ ਸਿੱਧੂ ਦੀ ਗੱਲ ਈ ਲੈ ਲਵੋ-ਮੁੰਡੇ ਮਾਰ ਮਾਰ ਹੌਲਦਾਰ ਤੋਂ ਐਸ. ਐਸ. ਪੀ. ਬਣ ਗਿਆ-ਨਾਮਾਂ ਬਾਧੂ ਰੋਲਤਾ ਮਾਰ ਫੜਕੇ-ਡੀ. ਜੀ. ਪੀ. ਉਹਨੂੰ ਘਰੇ ਥਾਪੀ ਦੇਣ ਆਉਂਦੈ-ਤੇ ਆਪਾਂ ਨੂੰ ਸਾਲੇ ਐਸ. ਪੀ. ਕੁੱਕੜਾਂ

ਆਲੀਆਂ ਤਾੜਾਂ ਮਾਰਦੇ ਐ-ਪੈਸਾ ਖੋਟਾ ਆਪਣਾ ਬਾਣੀਏਂ ਨੂੰ ਕੀ ਦੋਸ਼? ਕਸੂਰ ਤਾਂ ਸਾਰਾ ਆਬਦੈ-ਕੀ ਦੋਸ਼ ਨਸੀਬੋ ਨੂੰ ਸੱਤੂ ਆਪਣੇ ਮੁੱਕੇ ਫਿਰਦੇ।"
ਦੋਹਾਂ ਨੇ ਬੋਤਲ ਖਾਲੀ ਕਰ ਦਿੱਤੀ।
-"ਹਜੂਰ ਜੇ ਖੜਕਾ ਦੜਕਾ ਕਰਾਂਗੇ-ਆਪਣੀ ਤੂਤੀ ਤਾਂ ਈ ਸਰਕਾਰੇ ਦਰਬਾਰੇ ਵੱਜੂ-ਹੱਥ ਪੈਰ ਹਿਲਾਵਾਂਗੇ ਤਾਂ ਈ ਰਾਲ਼-ਬੋਲ਼ ਬਣੂੰ-ਇਕ ਗ੍ਰਿਫ਼ਤਾਰੀ ਮਗਰ ਲੱਖ ਲੱਖ ਰੁਪਈਆ ਗੋਲੀ ਬਣਿਆ ਆਇਆ ਕਰੂ-ਹੁਣ ਤਾਂ ਧੀ ਦਾ ..... ਈ ਯਹਾਵੇ ਲੋਕ ਸਾਨੂੰ ਤਿੰਨਾਂ ਤੇਰ੍ਹਾਂ 'ਚ ਈ ਨਹੀ ਸਮਝਦੇ-ਫੇਰ ਦੇਖਿਓ ਕਿਵੇਂ ਨੀਕਰਾਂ ਖੋਲ੍ਹ ਖੋਲ੍ਹ ਕੇ ਮੂਹਰੇ ਖੜ੍ਹਦੇ ਐ-ਚਾਹੇ ਸਾਲਿਆਂ ਦੀ....ਲੈ ਲਿਆ ਕਰਿਓ-ਤੀਮੀਂ ਦੀ ਜਮਾਂ ਲੋੜ ਨਹੀ-ਤੀਮੀਂ ਦੀਆਂ ਬਾਧੂ ਜੁੱਤੀਆਂ ਖਾਣੀਐਂ? ਲੁੱਟ ਲੈ ਬਹਾਰ ਜੈਮਲਾ ਦਿਨ ਰਹਿਗੇ ਤੀਆਂ ਦੇ ਥੋੜੇ।"
ਮੁਣਸ਼ੀ ਸ਼ਰਾਬੀ ਹੋ ਗਿਆ ਸੀ।
ਮੁਣਸ਼ੀ ਦੀਆਂ ਸਾਰੀਆਂ ਗੱਲਾਂ ਨਾਲ ਠਾਣੇਦਾਰ ਸਹਿਮਤ ਸੀ, ਪਰ 'ਮੁਕਾਬਲਾ' ਬਣਾਉਣ ਤੋਂ ਜਰਕ ਰਿਹਾ ਸੀ। ਉਸ ਨੇ ਅਸਲੀਅਤ ਮੁਣਸ਼ੀ ਅੱਗੇ ਰੱਖ ਦਿੱਤੀ।
-"ਤੁਸੀਂ ਬੰਦਾ ਜਰੂਰ ਮਾਰਨੈ...? ਸਿਪਾਹੀ ਕਾਹਦੇ ਆਸਤੇ ਐ? ਪਿੰਡਾ ਅਗਾਂਹ ਪੁੱਤਾ ਪਿਛਾਂਹ-ਤੁਸੀਂ ਦਾਰੂ ਦੀਆਂ ਚਾਰ ਬੋਤਲਾਂ ਉਹਨਾਂ ਦੇ ਹੱਥ ਦਿਓ-ਪੀ ਕੇ ਬੰਦਾ ਮਾਰਨਾਂ ਮਿੰਟ ਦਾ ਕੰਮ ਐਂ-ਦਾਰੂ
ਪੀ ਕੇ ਬੰਦਾ ਦਲੇਰ ਹੁੰਦੈ-ਫੀਮ ਦਾ ਨਸ਼ਾ ਬੰਦੇ ਨੂੰ ਡਰਾਕਲ਼ ਬਣਾਉਂਦੈ-ਆਪਾਂ ਹਜੂਰ ਪੁਲਸ ਆਲੇ ਐਂ-ਪੁਲਸ ਆਲੇ ਜਮਦੂਤਾਂ ਨਾਲੋਂ ਕਿਵੇਂ ਵੀ ਘੱਟ ਨਹੀਂ ਹੁੰਦੇ-ਜਿਹੜੇ ਪੁਲਸੀਏ ਨੇ ਗਾਂਧੀ ਮਾਰਗ ਅਪਨਾ ਲਿਆ, ਸਮਝੋ ਗਿਆ! ਆਪਣੇ ਬਾਰੇ ਸੋਚੋ-ਧੀ ਦੀ....ਯਹਾਵੇ ਦੁਨੀਆਂ! ਥੋਡੇ ਨਾਲ ਲੱਕੜ ਸੰਗ ਲੋਹਾ ਅਸੀਂ ਵੀ ਤਰਜਾਂਗੇ-ਮੋਤੀਆਂ ਆਲੀ ਸਰਕਾਰ ਸੌ ਹੱਥ ਰੱਸਾ ਸਿਰੇ ਤੇ ਗੰਢ-ਮੇਲੇ 'ਚ ਚੂਹੜ੍ਹੀ ਦੇ ਜਿੰਨੀਆਂ ਚੂੰਢੀਆਂ ਵੱਢੋ, ਓਨੀ ਈ ਖੁਸ਼ ਰਹਿੰਦੀ ਐ-ਏਸੇ ਤਰ੍ਹਾਂ ਅੱਤਵਾਦ 'ਚ ਜਿੰਨੇ ਜਿਆਦਾ ਗੱਡੀ ਚਾਹੜਾਂਗੇ-ਉਨੇ ਈ ਸਰਕਾਰ ਦੇ ਹੀਰੋ ਬਣਾਂਗੇ-।"
-"ਤੇ ਧਰਮਰਾਜ ਨੂੰ ਕੀ ਹਿਸਾਬ ਦੇਵਾਂਗੇ?"
-"ਧਰਮਰਾਜ...? ਕਿਹੜਾ ਧਰਮਰਾਜ...? ਮੇਰੀ ਪੜ੍ਹੀ ਲਿਖੀ ਮੂਰਖ ਸਰਕਾਰ! ਅੱਗਾ ਕਿਸੇ ਨੇ ਦੇਖਿਐ? ਸਾਰਾ ਕੁਛ ਐਥੇ ਈ ਐ-ਪੈਸੇ ਆਲ਼ਾ ਸਵਰਗੀ-ਨੰਗ ਨਰਕੀ।" ਮੁਣਸ਼ੀ ਨੇ ਰੇਤ ਕੇ ਠਾਣੇਦਾਰ ਨੂੰ ਤਿੱਖਾ ਕਰ ਦਿੱਤਾ।
-"ਹੁਣ ਕੀ ਟਾਈਮ ਹੋਇਐ?"
-"ਹਜੂਰ ਇਕ ਵੱਜਿਐ।"
-"ਅੰਦਰੋਂ ਮੁੰਡਿਆਂ ਨੂੰ ਚਾਰ ਬੋਤਲਾਂ ਫੜਾ ਤੇ ਮੁਕਾਬਲੇ ਦੀ ਤਿਆਰੀ ਕਰੋ!"
ਠਾਣੇਦਾਰ ਚੁਬਾਰੇ ਚੜ੍ਹ ਗਿਆ।
ਮੁਣਸ਼ੀ ਦੇ ਦਿਲ ਦੀ ਹੋ ਗਈ।
ਉਸ ਨੇ ਅੱਠ ਬੋਤਲਾਂ ਦਸਾਂ ਜਾਣਿਆਂ ਵਿਚ ਵੰਡ ਦਿੱਤੀਆਂ। ਦੋ-ਦੋ ਪੈੱਗਾਂ ਤੋਂ ਬਾਅਦ ਮੁਣਸ਼ੀ ਨੇ ਉਹਨਾਂ ਨੂੰ ਕੋਲ ਬੁਲਾ ਕੇ "ਮੁਕਾਬਲੇ" ਦੀ ਕੰਨ ਵਲੇਲ ਪਾ ਦਿੱਤੀ।
-"ਬਹੁਣੀ ਕਰੋ-ਉਗਰਾਹੀ ਬਾਅਦ।" ਮੁਣਸ਼ੀ ਨੇ ਸਿਪਾਹੀਆਂ ਨੂੰ ਮਿੱਠੀ ਉਂਗਲ ਚਟਾਈ ਸੀ।
-"ਤੂੰ ਦੇਖ ਲਈਂ-ਬੰਦੇ ਆਪਾਂ ਤੋਂ ਮਰਵਾਉਣਗੇ ਤੇ ਢਿੱਡ ਆਪ ਭਰਨਗੇ।" ਇੱਕ ਸਿਪਾਹੀ ਨੇ ਦੂਜੇ ਸਿਪਾਹੀ ਨੂੰ ਕਿਹਾ।
-"ਤੂੰ ਕਿਤੇ ਮੁੱਛਾਂ ਜੀਆਂ ਨਾ ਪਟਾਲੀਂ ਸਾਲ਼ਾ ਚਗਲ਼!" ਮੁਣਸ਼ੀ ਨੇ ਮੁੜ ਕੇ ਕਿਹਾ।
-"ਕਿਉਂ ਸੱਚੀ ਹੱਡ ਤੇ ਵੱਜੀ?"
-"ਜੰਮਣ ਨੂੰ ਦਾਦੀ-ਪਾਲਣ ਨੂੰ ਭਰਵਾਣੀ?" ਕਿਸੇ ਹੋਰ ਨੇ ਕਿਹਾ।
-"ਉਏ ਤੁਸੀਂ ਨੌਕਰੀ ਕਰਨੀ ਐਂ ਕਿ ਨਹੀ ਕਰਨੀ?" ਮੁਣਸ਼ੀ ਨੇ ਡਰਾਇਆ।
-"ਸਾਥੋਂ ਮੁਫ਼ਤੀ ਬੰਦੇ ਨਹੀ ਮਾਰੇ ਜਾਂਦੇ।" ਇੱਕ ਨੇ ਭੌਣ ਤੋਂ ਲਾਹ ਦਿੱਤੀ।
-"ਤੇ ਉਹ ਵੀ ਬੇਦੋਸ਼ੇ?"
ਅੰਦਰੋਂ ਇੱਕ ਸਿਪਾਹੀ ਸਾਹੋ ਸਾਹ ਹੋਇਆ ਭੱਜਿਆ ਹੀ ਆਇਆ।
-"ਉਏ ਤੂੰ ਕਿਵੇਂ ਰੇਵੀਏ ਪਿਆ ਆਉਨੈ?" ਮੁਣਸ਼ੀ ਨੇ ਉਸ ਨੂੰ ਮੁੜ੍ਹਕੋ ਮੁੜ੍ਹਕੀ ਤੱਕ ਕੇ ਪੁੱਛਿਆ।
-"ਬਾਬਾ ਬੇਹੋਸ਼ ਹੋ ਗਿਆ...।" ਉਸ ਨੇ ਹੌਂਕਦੇ ਨੇ ਦੱਸਿਆ। ਉਸ ਦਾ ਸਾਹ ਨਾਲ ਸਾਹ ਨਹੀ ਰਲਦਾ ਸੀ।
-"ਫੇਰ ਕੀ ਲੋਹੜ੍ਹਾ ਆ ਗਿਆ...? ਉਹਨੂੰ ਮੰਜੇ ਨਾਲੋਂ ਲਾਹਦੇ-ਤੁਸੀਂ ਪੈੱਗ ਸ਼ੈੱਗ ਲਾਓ-ਸਰਦਾਰ ਆਉਣ ਈ ਆਲੈ-ਚਲੋ ਘੁੱਟ ਲਾ ਕੇ ਕੰਡੇ 'ਚ ਹੋਵੋ ਮੇਰੇ ਵੀਰ-ਜੇ ਤਰੱਕੀਆਂ ਪਾਉਣੀਐਂ ਤਾਂ ਮਾੜਾ ਮੋਟਾ ਹੱਥ ਪੈਰ ਤਾਂ ਹਿਲਾਉਣਾ ਈ ਪਊ।" ਕਸੂਤੇ ਫਸੇ ਮੁਣਸ਼ੀ ਨੇ ਲਾਲਚ ਦਿੱਤਾ।
ਠਾਣੇਦਾਰ ਆਉਣ 'ਤੇ ਸਾਰੇ ਸਿਪਾਹੀ ਆਪੋ ਆਪਣੇ ਪੈੱਗ ਲਾਉਣ ਲਈ ਜੁਟ ਗਏ। ਉਹ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਦੇ ਬੜੀ ਤੇਜ਼ੀ ਨਾਲ ਪੀ ਰਹੇ ਸਨ।

## ਕਾਂਡ 7

ਬਾਬਾ ਮੰਜੇ ਨਾਲੋਂ ਖੋਲ੍ਹ ਦਿੱਤਾ ਗਿਆ।
ਮੁਕਾਬਲੇ ਦੀ ਤਿਆਰੀ ਹੋਣ ਲੱਗ ਪਈ।
ਬਾਬੇ ਅਤੇ ਰਣਜੋਧ ਕੋਲ ਰੱਖੇ ਜਾਣ ਵਾਲੇ ਫ਼ਰਜ਼ੀ ਹਥਿਆਰ ਕੱਢ ਲਏ ਗਏ।
ਮੁਕਾਬਲੇ ਵਾਲੀ ਥਾਂ ਅਤੇ ਨਕਸ਼ਾ ਤਿਆਰ ਕਰ ਲਿਆ ਗਿਆ। ਤਲਵੰਡੀ ਵਾਲੀ ਪੁਲੀ 'ਤੇ ਮੁਕਾਬਲਾ ਬਣਾਉਣ ਦਾ ਫੈਸਲਾ ਹੋਇਆ ਸੀ। ਤਲਵੰਡੀ ਵਾਲੀ ਸੁੰਨੀ ਪੁਲ਼ੀ ਤਿੰਨ ਪਿੰਡਾਂ ਤੋਂ ਤਕਰੀਬਨ ਤਿੰਨ-ਤਿੰਨ ਕਿਲੋਮੀਟਰ ਹਟਵੀਂ ਸੀ। ਇਸ ਪੁਲੀ 'ਤੇ ਸਿਰਫ਼ ਇਕ ਬੋਹੜ ਅਤੇ ਇਕ ਨਲਕਾ ਸੀ। ਜਿੱਥੇ ਸਾਰੀ ਰਾਤ ਉੱਲੂ ਹੀ ਬੋਲਦੇ ਸਨ। ਦਿਨੇ ਕੋਈ ਟਾਂਵੀਂ-ਟਾਂਵੀਂ ਛੋਟੇ ਰੂਟ ਵਾਲੀ ਬੱਸ ਰੁਕਦੀ ਸੀ।
ਪੁਲੀ ਦੇ ਦੋਹੀਂ ਪਾਸੀਂ ਦੂਰ ਦੂਰ ਤੱਕ ਕਿੱਕਰਾਂ ਅਤੇ ਖ਼ਤਾਨਾਂ ਸਨ। ਸਵੇਰ ਦੇ ਛੇ ਵਜੇ ਤੱਕ ਇਧਰ ਕੋਈ ਬੰਦਾ ਨਾ ਪਰਿੰਦਾ ਨਜ਼ਰ ਆਉਂਦਾ ਸੀ। ਛੇ ਵਜੇ ਤੋਂ ਬਾਅਦ ਪਿੰਡਾਂ ਵਿਚੋਂ ਸਿਰਫ਼ ਦੋਧੀ ਹੀ
ਦੁੱਧ ਲੈ ਕੇ ਆਉਂਦੇ ਸਨ। ਪਹਿਲੀ ਬੱਸ ਵੀ ਸ਼ਹਿਰੋਂ ਇਧਰ ਨੂੰ ਸੱਤ ਵਜੇ ਤੁਰਦੀ ਸੀ।
ਮੁਕਾਬਲੇ ਦੀ ਰਿਪੋਰਟ ਮੁਣਸ਼ੀ ਨੇ ਮੁਕੰਮਲ ਕਰ ਦਿੱਤੀ ਅਤੇ ਪੌਣੇ ਦੋ ਵਜੇ ਤੱਕ ਸਿਪਾਹੀਆਂ ਨੇ ਛੇ ਬੋਤਲਾਂ ਵਿਚ ਫੂਕ ਮਾਰ ਦਿੱਤੀ ਸੀ। ਬਾਕੀ ਬਚਦੀਆਂ ਦੋ ਬੋਤਲਾਂ ਸਿਪਾਹੀਆਂ ਨੇ ਕੈਂਟਰ ਵਿਚ ਰੱਖ ਲਈਆਂ ਸਨ।
-"ਲਓ ਕੰਮ ਆਉਣਗੀਆਂ।" ਦੋ ਹੋਰ ਬੋਤਲਾਂ ਮੁਣਸ਼ੀ ਨੇ ਸਿਪਾਹੀਆਂ ਨੂੰ ਫੜਾਉਂਦਿਆਂ ਕਿਹਾ। ਹੁਣ ਸਿਪਾਹੀਆਂ ਨੂੰ ਠਾਰੀ ਦੰਦੀਆਂ ਵੱਢਦੀ ਨਜ਼ਰ ਨਹੀ ਆਉਂਦੀ ਸੀ। ਅੰਦਰੋਂ ਪੀਤੀ ਦਾਰੂ ਅਤੇ ਬਾਹਰੋਂ ਗੱਡੀ ਵਿਚ ਪਈਆਂ ਬੋਤਲਾਂ ਦਾ ਵਾਹਵਾ ਨਿੱਘ ਸੀ। ਲਹਿਰਾਂ ਬਹਿਰਾਂ ਸਨ।
ਸਿਪਾਹੀਆਂ ਨੇ ਬਰਾਂਡੀਆਂ ਅਤੇ ਬੂਟ ਕੱਸ ਲਏ। ਬੰਦੂਕਾਂ ਅਤੇ ਸਟੇਨਗੰਨਾਂ ਸੰਭਾਲ ਲਈਆਂ।
ਬਾਬੇ ਨੂੰ ਗੱਡੀ ਵਿਚ ਲੱਦ ਲਿਆ ਅਤੇ ਰਣਜੋਧ ਨੂੰ ਫੜ ਕੇ ਚਾੜ੍ਹ ਲਿਆ ਗਿਆ। ਹੱਥ ਪੈਰ ਬੰਨ੍ਹੇ ਹੋਏ ਸਨ।
-"ਹੁਣ ਕਿੱਥੇ ਲੈ ਕੇ ਚੱਲੇ ਹੋ ਹਜ਼ੂਰ?" ਰਣਜੋਧ ਨੇ ਮਰੀ ਜਿਹੀ ਅਵਾਜ਼ ਨਾਲ ਠਾਣੇਦਾਰ ਨੂੰ ਪੁੱਛਿਆ। ਮੂੰਹ ਢਕੀ ਪਏ ਬਾਬੇ ਜਪਨਾਮ ਤੇ ਉਸ ਦੀ ਨਜ਼ਰ ਨਹੀ ਗਈ ਸੀ। ਬਾਬਾ ਅਧਮੋਇਆ, ਬੇਹੋਸ਼ ਜਿਹਾ ਪਿਆ ਸੀ।
-"ਅਸੀਂ ਗਸ਼ਤ ਤੇ ਚੱਲੇ ਆਂ-ਤੈਨੂੰ ਤੇਰੇ ਪਿੰਡ ਲਾਹ ਦਿਆਂਗੇ।" ਠਾਣੇਦਾਰ ਨੇ ਬੜਾ ਸਰਸਰੀ ਉੱਤਰ ਦਿੱਤਾ। ਉਹ ਬਰਾਂਡੀ ਵਿਚ ਕਸਿਆ, ਮਫ਼ਲਰ ਨਾਲ ਮੂੰਹ ਢਕ ਰਿਹਾ ਸੀ।
ਤਿੰਨ ਟਰੱਕ ਅੱਗੜ ਪਿੱਛੜ ਤੁਰ ਪਏ।
ਠਾਣੇ ਦਾ ਦਰਵਾਜਾ ਬੰਦ ਹੋ ਗਿਆ।
ਮੁਣਸ਼ੀ ਬੈਂਚ 'ਤੇ ਹੀ ਗਦੈਲਾ ਵਿਛਾ ਕੇ ਬੜੇ ਅਰਾਮ ਨਾਲ ਪੈ ਗਿਆ। ਜਿਵੇਂ ਉਹ "ਕੰਨਿਆਂ-ਦਾਨ" ਕਰਕੇ , ਸਿਰੋਂ ਭਾਰ ਲਾਹ ਕੇ, ਭਾਵ ਸੁਰਖ਼ਰੂ ਜਿਹਾ ਹੋ ਕੇ ਪਿਆ ਸੀ।
ਤਿੰਨੇ ਟਰੱਕ ਬੜੇ ਅਰਾਮ ਨਾਲ ਤੁਰੇ ਜਾ ਰਹੇ ਸਨ। ਜਦ ਪਾਸਾ ਲੈਣ ਲੱਗੇ ਬਾਬੇ ਜਪਨਾਮ ਦੇ ਮੂੰਹੋਂ "ਹਾਏ" ਨਿਕਲਿਆ ਤਾਂ ਸਿਪਾਹੀ ਨੇ ਉਸ ਦੇ ਮੂੰਹ ਤੋਂ ਕੰਬਲ ਲਾਹ ਕੇ ਟਾਰਚ ਜਗਾ ਕੇ ਦੇਖਿਆ। ਰਣਜੋਧ ਦੀ ਨਜ਼ਰ ਵੀ ਬਾਬੇ ਦੇ ਮੂੰਹ 'ਤੇ ਪਈ ਤਾਂ ਉਹ ਹੈਰਾਨੀ ਵਿਚ ਚੌਂਕਿਆ।
-"ਬਾਬਾ ਤੂੰ ਵੀ ਵਿੱਚੇ ਈ....!"
-"ਤੂੰ ਕੌਣ ਐਂ ਸ਼ੇਰਾ?" ਬਾਬੇ ਨੇ ਸਾਰਾ ਸਾਹ ਸੱਤ ਇਕੱਠਾ ਕਰਕੇ ਪੁੱਛਿਆ। ਉਸ ਦਾ ਅੰਗ ਅੰਗ, ਜੋੜ ਜੋੜ ਹਿੱਲਿਆ ਪਿਆ ਸੀ। ਪਰ ਫਿਰ ਵੀ ਸਿਦਕੀ ਸੂਰਮਾਂ 'ਸੀ' ਨਹੀ ਕਰਦਾ ਸੀ।
-"ਮੈਂ ਆਂ ਬਾਬਾ ਜੋਧ-ਬਲੀ ਸਿਉਂ ਕਾ।"
-"ਅੱਛਾ-ਅੱਛਾ! ਰਣਜੋਧ ਸਿਆਂ ਕਰ ਲੈ ਫਿਰ ਪੁੱਤਰਾਂ ਦੇ ਦਾਨੀ ਨੂੰ ਯਾਦ-ਸੱਦਾ ਤਾਂ ਧੁਰ ਦਰਗਾਹੋਂ ਆ ਗਿਐ ਸ਼ੇਰਾ!"
ਰਣਜੋਧ ਨੂੰ ਭੁਆਂਟਣੀ ਆ ਗਈ।
ਉਹ ਉਚੀ ਉਚੀ ਰੋਣ ਲੱਗ ਪਿਆ।
-"ਗੁਰੂ ਦੇ ਸਿੰਘਾ ਮੈਨੂੰ ਬੈਠਾ ਕਰ।" ਬਾਬੇ ਨੇ ਇੱਕ ਸਿਪਾਹੀ ਨੂੰ ਕਿਹਾ, "ਦੇਈਂ ਜਿਉਣ ਜੋਕਰਿਆ ਮਾੜਾ ਜਿਆ ਆਸਰਾ-ਮੈਂ ਰਣਜੋਧ ਸਿਉਂ ਨਾਲ ਦੋ ਗੱਲਾਂ ਕਰਨੀਐਂ।"
ਦੋ ਸਿਪਾਹੀਆਂ ਨੇ ਬਾਬੇ ਨੂੰ ਆਸਰਾ ਦੇ ਕੇ ਬੈਠਾ ਕਰ ਲਿਆ ਅਤੇ ਪਾਸੇ ਵਾਲੀ ਸੀਟ ਨਾਲ ਢੋਹ ਲੁਆ ਦਿੱਤੀ।
-"ਰੋਣ ਕਿਉਂ ਡਹਿ ਪਿਐਂ ਸ਼ੇਰਾ? ਅੱਗੋਂ ਕੀ ਪਿੱਛੋਂ ਕੀ ਹਰ ਇੱਕ ਨੇ ਆਖਰ ਇਸ ਨਾਸ਼ਵਾਨ ਸੰਸਾਰ ਨੂੰ ਛੱਡਣਾ ਈ ਛੱਡਣੈਂ-ਬੁਜਦਿਲਾਂ ਦੀ ਮੌਤ ਮਰਨ ਨਾਲੋਂ ਹਿੱਕ ਡਾਹ ਕੇ ਮਰਨਾ ਸੂਰਮਿਆਂ ਦਾ ਕੰਮ ਐਂ-ਪਰ ਇੱਕ ਅਫ਼ਸੋਸ ਕਿ ਤੇਰੀ ਜਵਾਨੀ ਤੇ ਮੈਨੂੰ ਤਰਸ ਆਉਂਦੈ।"
-"ਪਰ ਬਾਬਾ ਮੇਰਾ ਤਾਂ ਕਸੂਰ ਵੀ ਕੋਈ ਨਹੀ।"
ਰਣਜੋਧ ਰੋਈ ਜਾ ਰਿਹਾ ਸੀ।
-"ਕੁੱਤੇ ਸ਼ਿਕਾਰ ਦਾ ਕਸੂਰ ਨਹੀ ਪੁੱਛਦੇ ਪੁੱਤਰ ਮੇਰਿਆ-ਕਲਗੀਧਰ ਦੇ ਪੇਸ਼ ਹੋਣੈ ਦਿਲ ਧਰ-ਦਸਮ ਪਿਤਾ ਦੇ ਛੋਟੇ ਸਾਹਿਬਜ਼ਾਦਿਆਂ ਦਾ ਕੀ ਕਸੂਰ ਸੀ? ਇਹੀ ਬਈ ਉਹਨਾਂ ਨੇ ਔਰੰਗੇ ਦੀ ਈਨ ਨਹੀ ਸੀ ਮੰਨੀ-ਬੱਸ ਇਹੀ ਕਸੂਰ ਆਪਣੈ ਸ਼ੇਰ ਬੱਗਿਆ-ਗੁਰੂ ਦਾ ਸਿੰਘ

ਤਾਂ ਬੰਦ ਬੰਦ ਕਟਵਾ ਸਕਦੈ-ਚਰਖੜੀਆਂ ਤੇ ਚੜ੍ਹ ਸਕਦੈ-ਤਨ ਆਰਿਆਂ ਨਾਲ ਚਿਰਵਾ ਸਕਦੈ-ਖੋਪੜੀ ਲੁਹਾ ਸਕਦੈ-ਦੇਗਾਂ 'ਚ ਉਬਲ ਸਕਦੈ-ਟੁੱਟ ਸਕਦੈ ਪਰ ਝੁਕ ਨਹੀ ਸਕਦਾ-ਤੂੰ ਕਥਨ ਸੁਣਿਆਂ ਈ ਐ ਕਿ ਪੁਰਜਾ ਪੁਰਜਾ ਕਟਿ ਮਰੈ-ਕਬਹੂੰ ਨ ਛਾਡੈ ਖੇਤੁ-ਹੁਣ ਸਿੰਘ ਸੂਰਮਾਂ ਬਣ ਕੇ ਸ਼ਹੀਦ ਹੋ-ਬੁਜਦਿਲ ਨਾ ਬਣ।"
ਪਰ ਰਣਜੋਧ ਧਾਹਾਂ ਮਾਰੀ ਜਾ ਰਿਹਾ ਸੀ।
ਧੁੰਦ ਭਰੀ ਰਾਤ ਵਿਚ ਹਾਥੀ-ਚਾਲ ਤੁਰਦੇ ਟਰੱਕ ਤਲਵੰਡੀ ਵਾਲੀ ਪੁਲੀ 'ਤੇ, ਬੋਹੜ ਹੇਠ ਜਾ ਕੇ ਰੁਕ ਗਏ।
ਠਾਣੇਦਾਰ ਦੇ ਹੁਕਮ ਅਨੁਸਾਰ ਦੋ ਸਿਪਾਹੀ ਟਾਰਚ ਅਤੇ ਬੋਤਲ ਲੈ ਮੁਕਾਬਲੇ ਵਾਲੀ ਜਗਾਹ ਭਾਲਣ ਤੁਰ ਪਏ।
ਸਰੀਰਕ ਪੀੜਾਂ ਦਾ ਗਰਾਸਿਆ ਬਾਬਾ ਹੌਲੀ ਹੌਲੀ ਸ਼ਬਦ ਗਾਇਨ ਕਰੀ ਜਾ ਰਿਹਾ ਸੀ:

-"ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦ॥"

-"ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥

ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥"

-"ਮੇਰਾ ਰੁੱਸੇ ਨਾ ਕਲਗੀਆਂ ਵਾਲਾ
ਜੱਗ ਭਾਵੇਂ ਸਾਰਾ ਰੁਸ ਜਾਏ।"

-"ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ।"

-"ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥"

ਫਿਰ ਬਾਬੇ ਨੇ ਜਪੁਜੀ ਸਾਹਿਬ ਦਾ ਪਾਠ ਕਰਨਾ ਸੁਰੂ ਕਰ ਦਿੱਤਾ। ਜਪੁਜੀ ਸਾਹਿਬ ਤੋਂ ਬਾਅਦ ਆਨੰਦ ਸਾਹਿਬ ਦਾ ਪਾਠ ਕਰਕੇ ਅਰਦਾਸ ਕੀਤੀ।
ਵਕਤ ਬਹੁਤ ਹੀ ਥੋੜਾ ਸੀ।
ਸਵੇਰ ਦੇ ਪੌਣੇ ਤਿੰਨ ਵੱਜ ਗਏ ਸਨ।
ਸਿਪਾਹੀ ਜਗਾਹ ਦੇਖ ਕੇ ਆ ਗਏ ਸਨ।
ਅੱਧੀ ਬੋਤਲ ਉਹਨਾਂ ਨੇ ਹੋਰ ਖਾਲੀ ਕਰ ਦਿੱਤੀ ਸੀ। ਬਾਬੇ ਅਤੇ ਰਣਜੋਧ ਨੂੰ ਸਹਾਰਾ ਦੇ ਕੇ ਟਰੱਕ ਵਿਚੋਂ ਉਤਾਰ ਲਿਆ ਗਿਆ।
ਠਾਣੇਦਾਰ ਉਹਨਾਂ ਕੋਲ ਪੁੱਜ ਗਿਆ। ਉਸ ਦਾ ਮੂੰਹ ਚੰਗੀ ਤਰ੍ਹਾਂ ਮਫ਼ਲਰ ਨਾਲ ਢਕਿਆ ਹੋਇਆ ਸੀ ਅਤੇ ਹੱਥਾਂ 'ਤੇ ਪੱਛਮ ਦੇ ਦਸਤਾਨੇ ਚੜ੍ਹਾਏ ਹੋਏ ਸਨ। ਸਿਪਾਹੀ ਨਕਸ਼ੇ ਮੁਤਾਬਿਕ ਚਾਰੇ ਪਾਸੀਂ ਘੇਰੇ ਘੱਤੀ ਖੜ੍ਹੇ ਸਨ।
-"ਹਾਂ ਬਾਬਾ ਹੁਣ ਕੀ ਰੈਅ ਐ? ਚੜ੍ਹਨੈ ਗੱਡੀ ਜਾਂ...?" ਗੱਲ ਠਾਣੇਦਾਰ ਨੇ ਜਾਣ ਬੁੱਝ ਕੇ ਅਧੂਰੀ ਛੱਡ ਦਿੱਤੀ।
-"ਠਾਣੇਦਾਰਾ ਮੇਰਾ ਤਾਂ ਕੁਛ ਨਹੀ-ਪਰ ਜੇ ਮੰਨੇਂ ਤਾਂ ਆਹ ਮੁੰਡੇ ਨੂੰ ਛੱਡ ਦੇਹ-ਮੈ ਤਾਂ ਦੀਨ ਦੁਨੀਆਂ ਦੇਖ ਲਈ ਐ-ਇਹਨੇ ਤਾਂ ਅਜੇ ਦੇਖਿਆ ਈ ਕੁਛ ਨਹੀ।"
-"ਬਾਬਾ ਮੇਰੀ ਸ਼ਰਤ ਪੂਰੀ ਕਰ ਦੇਹ-ਦੋਹਾਂ ਨੂੰ ਈ ਛੱਡ ਦਿੰਨੈ-ਵਾਅਦਾ ਰਿਹਾ-ਅੰਮ੍ਰਿਤ ਵੇਲਾ ਐ-ਕਸਮ ਖਾ ਕੇ ਕਹਿੰਨੈ ਥੋਡੇ ਹੁਣੇ ਈ ਰੱਸੇ ਲਾਹ ਦਿਆਂਗਾ।"
-"ਅੰਮ੍ਰਿਤ ਵੇਲੇ ਦੀ ਕਸਮ ਖਾ ਕੇ ਅੰਮ੍ਰਿਤ ਵੇਲੇ ਨੂੰ ਕਲੰਕਿਤ ਨਾ ਕਰ ਠਾਣੇਦਾਰਾ! ਪਰ ਇਸ ਮੁੰਡੇ ਨੂੰ ਛੱਡ ਦੇਹ-ਇਹਨੇ ਕਸੂਰ ਕੋਈ ਨਹੀ ਕੀਤਾ-ਮੇਰੇ ਨਾਲ ਜੋ ਮਰਜੀ ਐ ਸਲੂਕ ਕਰ!"
-"ਮੇਰੀ ਸ਼ਰਤ?"
-"ਤੇਰੀ ਸ਼ਰਤ ਕਦਾਚਿੱਤ ਪੂਰੀ ਨਹੀ ਹੋਣੀ-ਇਹ ਤੂੰ ਭੁੱਲ ਜਾਹ।"
-"ਥੋਨੂੰ ਚਾਹੜ ਦੇਈਏ ਫਿਰ, ਗੱਡੀ...?"
-"ਜਲਦੀ ਕਰੋ...! ਥੋਡਾ ਇਰਾਦਾ ਨਾ ਬਦਲ ਜਾਵੇ..! ਗੁਰੂ ਦਾ ਸਿੰਘ ਸੂਰਮਾਂ ਸ਼ਹੀਦ ਹੋਣ ਲਈ ਤਿਆਰ ਐ-ਪਰ ਆਪਣਾ ਹਸ਼ਰ ਵੀ ਯਾਦ ਰੱਖੀਂ-ਇਕ ਦਿਨ ਤੈਨੂੰ ਵੀ ਇਸੇ ਪੜਾਅ ਤੇ ਖੜ੍ਹਨਾਂ ਪੈਣੈ।"
ਠਾਣੇਦਾਰ ਹੱਸ ਪਿਆ।

-"ਮੇਰੇ ਨਾਲ ਪੂਰੇ ਪੈਂਤੀ ਬੰਦੇ ਐ।"
-"ਮੱਸੇ ਰੰਘੜ ਨੂੰ ਵੀ ਆਹੀ ਭੁਲੇਖਾ ਸੀ, ਪਰ ਸਿੰਘਾਂ ਨੇ ਦਰਬਾਰ ਸਾਹਿਬ ਦੇ ਅੰਦਰ ਜਾ ਸੋਧਿਆ ਸੀ।"
ਠਾਣੇਦਾਰ ਨੇ ਟਾਰਚ ਦਾ ਇਸ਼ਾਰਾ ਕੀਤਾ ਤਾਂ ਇਕ ਸਿਪਾਹੀ ਨੇ ਟਰੱਕ ਦੀ ਤਰਪਾਲ 'ਤੇ ਫ਼ਰਜ਼ੀ ਹਥਿਆਰ ਦਾ ਬਰੱਸਟ ਮਾਰਿਆ, ਜਿਹੜਾ ਬਾਬੇ ਕੋਲ ਰੱਖਣਾ ਸੀ। ਤਰਪਾਲ ਵਿਚ ਛਾਨਣੀ ਵਾਂਗ ਮੋਰੀਆਂ ਹੋ ਗਈਆਂ। ਫਿਰ ਰਣਜੋਧ ਕੋਲ ਰੱਖੇ ਜਾਣ ਵਾਲੇ ਰਿਵਾਲਵਰ ਨਾਲ ਤਰਪਾਲ 'ਤੇ ਤਿੰਨ ਫਾਇਰ ਕੀਤੇ ਗਏ। ਪਿਛਲੇ ਟਰੱਕ ਦੇ ਟਾਇਰ ਵਿਚ ਗੋਲੀ ਮਾਰ ਕੇ ਪੈਂਚਰ ਕਰ ਦਿੱਤਾ ਗਿਆ।
-"ਬਾਬਾ..! ਮੁਕਾਬਲਾ ਬਣ ਚੁੱਕਿਐ-ਇੱਕ ਵਾਰ ਫਿਰ ਸੋਚ ਲੈ।" ਠਾਣੇਦਾਰ ਨੇ ਆਖਰੀ ਵਾਰ ਜਰਕਾਇਆ।
-"ਗੁਰੂ ਦੇ ਸਿੰਘਾ..! ਵਾਹਿਗੁਰੂ ਬੋਲ..!" ਬਾਬੇ ਨੇ ਰਣਜੋਧ ਨੂੰ ਬੱਝੇ ਹੱਥਾਂ ਨਾਲ ਥਾਪੜਿਆ।
-"ਲੈ ਬਈ ਮੀਰ ਮਨੂੰ ਦਿਆ ਗਿੱਦੜਾ..! ਸਿੰਘਾਂ ਦੇ ਕਮਰਕੱਸੇ ਕਰੇ ਹੋਏ ਐ-ਤੂੰ ਆਬਦਾ ਲਾਹ ਲੈ ਚਾਅ...।" ਬਾਬੇ ਨੇ ਠਾਣੇਦਾਰ ਨੂੰ ਕਿਹਾ, "ਹੁਣ ਤੇਰਾ ਕੋਈ ਅਰਮਾਨ ਬਾਕੀ ਨਾ ਰਹਿ ਜਾਵੇ-ਕਸਰ ਕੱਢ ਕੇ ਹਟੀਂ...।"
ਠਾਣੇਦਾਰ ਦੇ ਇਸ਼ਾਰੇ 'ਤੇ ਸਿਪਾਹੀ ਬਾਬੇ ਅਤੇ ਰਣਜੋਧ ਨੂੰ ਕਿੱਕਰਾਂ ਦੀ ਆੜ, ਪੁਲੀ ਦੀ ਬੰਨ੍ਹੀ ਵੱਲ ਨੂੰ ਧੂਹ ਤੁਰੇ। ਰਣਜੋਧ ਹਾਲ ਦੁਹਾਈ ਮਚਾ ਰਿਹਾ ਸੀ। ਪਰ ਬਾਬਾ ਸ਼ਾਂਤਮਈ,

-"ਸਿਰੁ ਦੀਜੈ ਕਾਣਿ ਨ ਕੀਜੈ।"....

-"ਪੁਰਜਾ ਪੁਰਜਾ ਕਟਿ ਮਰੈ।।
ਕਬਹੂੰ ਨ ਛਾਡੈ ਖੇਤੁ।" ਗਾਇਨ ਕਰ ਰਿਹਾ ਸੀ।

ਥੋੜੀ ਦੇਰ ਬਾਅਦ ਹੀ ਸਟੇਨਗੰਨ ਦੇ ਇਕ ਬਰੱਸਟ ਨਾਲ ਹੀ ਰਣਜੋਧ ਦੀ ਹਾਲ ਦੁਹਾਈ ਅਤੇ ਬਾਬੇ ਦਾ ਗਾਇਨ ਬੰਦ ਹੋ ਗਿਆ। ਖੇਤਾਂ ਵਿਚ ਜਨੌਰਾਂ ਅਤੇ ਮੋਰਾਂ ਨੇ 'ਵੈਣ' ਪਾਉਣੇ ਸ਼ੁਰੂ ਕਰ ਦਿੱਤੇ।
-"ਉਏ ਸੁੱਤਿਓ ਭੋਲਿਓ ਲੋਕੋ...! ਦੇਖੋ...! ਬੁੱਚੜਾਂ ਨੇ ਦੋ ਨਿਰਦੋਸ਼ੇ ਰੱਬ ਦੇ ਜੀਅ ਬਿਨਾਂ ਗੱਲੋਂ ਗੋਲ਼ੀਆਂ ਨਾਲ ਭੁੰਨ ਦਿੱਤੇ!!"
ਬਾਬੇ ਅਤੇ ਰਣਜੋਧ ਦੇ ਹੱਥ ਪੈਰ ਖੋਲ੍ਹ ਕੇ ਫ਼ਰਜ਼ੀ ਹਥਿਆਰਾਂ ਦੇ ਘੋੜੇ ਉਹਨਾਂ ਦੀਆਂ ਬੇਜਾਨ
ਉਂਗਲਾਂ ਵਿਚ ਅੜਾ ਦਿੱਤੇ ਗਏ। ਰਣਜੋਧ ਦਾ ਸਿਰ ਅਤੇ ਬਾਬੇ ਦੀ ਛਾਤੀ ਭਰਾੜ੍ਹ ਹੋ ਗਈ ਸੀ।
ਖੂਨ ਦੇ ਫੁਆਰੇ ਉਬਲ-ਉਬਲ ਕੇ ਵਗ ਰਹੇ ਸਨ। ਧਰਤੀ ਮਾਤਾ ਦੀ ਹਿੱਕ 'ਤੇ ਨਿਰਦੋਸ਼ਿਆਂ ਦਾ ਖੂਨ, ਸੁਨਿਹਰੀ ਭਵਿੱਖ ਬਣ ਮੁਸਕਰਾ ਰਿਹਾ ਸੀ।
ਪਹੁ ਫ਼ਟ ਚੁੱਕੀ ਸੀ।
ਸ਼ਹੀਦਾਂ ਦੇ ਖੂਨ ਵਰਗੀ ਹੀ ਗਾਹੜੀ ਲਾਲੀ ਪੂਰਬੋਂ ਫੁੱਟੀ ਸੀ। ਤਲਵੰਡੀ ਅਤੇ ਚੜਿੱਕ ਦੇ ਸਰਪੰਚ ਬੁਲਾਏ ਜਾ ਚੁੱਕੇ ਸਨ। ਵਾਰਸਾਂ ਨੂੰ ਖ਼ਬਰ ਕਰ ਦਿੱਤੀ ਗਈ ਸੀ।
ਸੂਰਜ ਚੜ੍ਹਦੇ ਸਾਰ ਹੀ ਹਰ ਕੌਰ ਬਾਬੇ ਦੇ ਸਿਰਹਾਣੇ ਬੈਠ ਪਾਠ ਕਰਕੇ ਤੁਰ ਪਈ। ਉਸ ਦਾ ਚਿਹਰਾ ਬੜਾ ਸ਼ਾਂਤ ਸੀ। ਜਿਵੇਂ ਇਸ ਭਾਣੇ ਬਾਰੇ ਉਸ ਨੂੰ ਪਹਿਲਾਂ ਹੀ ਪਤਾ ਸੀ। ਗੁਰੂ ਦਾ ਭਾਣਾ ਉਸ ਨੇ ਮਿੱਠਾ-ਮਿੱਠਾ ਕਰਕੇ ਮੰਨ ਲਿਆ ਸੀ। ਗੁਰੂ ਦਾ ਸੱਦਾ ਆ ਗਿਆ ਸੀ। ਸਿੰਘ ਨੂੰ ਹਰ ਹਾਲਤ ਵਿਚ ਜਾਣਾ ਹੀ ਪੈਣਾ ਸੀ। ਹਰ ਕੌਰ ਨੇ ਅੱਖੋਂ ਇਕ ਵੀ ਹੰਝੂ ਨਹੀ ਕੇਰਿਆ ਸੀ। ਸਿਰ ਦਾ ਸਾਈਂ ਤੁਰ ਗਿਆ ਸੀ। ਪਰ ਕਲਗੀਧਰ ਪਿਤਾ ਦਾ ਹੱਥ ਸਿਰ 'ਤੇ ਸੀ। ਗੁਰੂ ਹਾਜਰ ਨਾਜਰ ਸੀ।
ਕੁਝ ਸਮੇਂ ਬਾਅਦ ਹੀ ਹਾਲੋਂ ਬੇਹਾਲ ਹੋਇਆ ਬਲੀ ਸਿੰਘ, ਇਕਲੌਤੇ ਪੁੱਤ ਦੀ ਖਿੱਲਰੀ ਲਾਸ਼ ਕੋਲ ਆ ਡਿੱਗਿਆ। ਉਹ ਪੈਰੋਂ ਨੰਗਾ ਸੀ ਅਤੇ ਉਸ ਦਾ ਮੜਾਸਾ ਖੁੱਲ੍ਹ ਕੇ ਗਲ ਵਿਚ ਪਿਆ ਹੋਇਆ ਸੀ। ਖੁੱਲ੍ਹੇ ਵਾਲਾਂ ਅਤੇ ਓਪਰੀ ਝਾਕਣੀ ਤੋਂ ਇੰਜ ਲੱਗਦਾ ਸੀ ਜਿਵੇਂ ਉਸ ਦਾ ਦਿਮਾਗ ਹਿੱਲ ਗਿਆ ਸੀ।
-"ਮਾਰ ਕੇ ਸਿੱਟ ਗਿਐਂ ਉਏ ਜਿਉਣ ਜੋਕਰਿਆ!" ਉਹ ਧਰਤੀ 'ਤੇ ਹੱਥ ਮਾਰਦਾ ਵੈਣ ਪਾ ਰਿਹਾ ਸੀ।
-"ਉਏ ਮੈਂ ਕੀਹਦੇ ਸਿਰ ਤੇ ਜੀਊਂ ਉਏ ਮੇਰਿਆ ਰਣਜੋਧ ਸ਼ੇਰਾ...!"
-"ਤੈਨੂੰ ਨਿਰਦੋਸ਼ੇ ਨੂੰ ਬੁੱਚੜਾਂ ਨੇ ਮਾਰਤਾ ਉਏ ਮੇਰਿਆ ਲਾਡਲਿਆ ਪੁੱਤਾ...!"
-"ਮੇਰੀ ਕੁਲ਼ ਦਾ ਦੀਵਾ ਬੁਝ ਗਿਆ ਉਏ ਮੇਰਿਆ ਸ਼ੇਰ ਪੁੱਤਾ...!"
-"ਉਠ ਬਾਈ ਬੱਸ ਕਰ-।" ਸਰਪੰਚ ਬਲੀ ਸਿੰਘ ਦਾ ਮੋਢਾ ਥਾਪੜ ਰਿਹਾ ਸੀ। ਦਿਲ ਉਸ ਦਾ ਵੀ ਲਹੂ-ਲੁਹਾਣ ਹੋਇਆ, ਚੋਈ ਜਾ ਰਿਹਾ ਸੀ।
-"ਉਏ ਸਰਪੈਂਚਾ! ਆਪਾਂ ਤਾਂ ਬੁੱਚੜਾਂ ਦੇ ਮੂੰਹ ਹੱਡ ਵੀ ਦਿੱਤਾ ਸੀ-ਫੇਰ ਵੀ ਆਹ ਭਾਣਾ ਵਰਤਾਤਾ-ਹਾਏ ਉਏ ਡਾਢਿਆ ਰੱਬਾ ਮੈਨੂੰ ਵੀ ਚੱਕਲਾ ਉਏ ਦੁਸ਼ਮਣਾਂ...!"
"ਹੱਡ" ਦੇ ਨਾਂ ਤੋਂ ਪੁਲਸ ਚੌਕਸ ਹੋ ਗਈ। ਉਹਨਾਂ ਬਲੀ ਸਿੰਘ ਨੂੰ ਰਣਜੋਧ ਦੀ ਲਾਸ਼ ਕੋਲੋਂ ਮਰੇ ਕੁੱਤੇ ਵਾਂਗ ਧੂਹ ਲਿਆ ਅਤੇ ਬੋਹੜ ਕੋਲ ਲਿਆ ਸੁੱਟਿਆ।
-"ਉਏ ਬੁੱਚੜੋ! ਮੇਰਾ 'ਕੱਲਾ 'ਕੱਲਾ ਪੁੱਤ ਤਾਂ ਮਾਰਤਾ-ਹੁਣ ਉਹਦੀ ਲਾਸ਼ ਕੋਲੇ ਤਾਂ ਘੜੀ ਬੈਠ ਲੈਣ ਦਿਓ...!" ਉਸ ਨੇ ਦੁਹਾਈ ਦਿੱਤੀ। ਉਹ ਰੋਂਦਾ, ਕੁਰਲਾਉਂਦਾ, ਵਿਲਕਦਾ ਰਿਹਾ। ਫਿਰ ਪਤਾ ਨਹੀ ਉਹ ਸੌਂ ਗਿਆ ਜਾਂ ਬੇਹੋਸ਼ ਹੋ ਗਿਆ? ਰੋ ਕੇ ਨਿਢਾਲ ਹੋ ਗਿਆ ਜਾਂ ਫਿਰ ਭਾਣਾਂ ਮੰਨ ਕੇ ਬੈਠ ਗਿਆ?
-"ਗਰੇਵਾਲ ਸਾਹਬ ਲਾਸ਼ਾਂ ਦਾ ਹੁਣ ਕੀ ਕਰੋਂਗੇ?" ਸਰਪੰਚ ਨੇ ਠਾਣੇਦਾਰ ਨੂੰ ਪੁੱਛਿਆ। ਅਸਲੀਅਤ ਦਾ ਤਾਂ ਸ਼ਾਇਦ ਉਸ ਨੂੰ ਪਤਾ ਹੀ

ਸੀ। ਜਿਸ ਕਰਕੇ ਉਹ ਖਰੀਂਢ ਉਚੇੜਨੇ ਨਹੀ ਚਾਹੁੰਦਾ ਸੀ।
-"ਸਾਹਿਬ ਆ ਰਹੇ ਐ-ਉਹਨਾਂ ਨਾਲ ਮਸ਼ਵਰਾ ਕਰਕੇ ਹੀ ਕੋਈ ਗੱਲ ਸਿਰੇ ਲੱਗੂ।" ਠਾਣੇਦਾਰ ਸਰਪੰਚ ਨਾਲ ਸਿੱਧੀ ਅੱਖ ਨਹੀ ਮਿਲਾ ਰਿਹਾ ਸੀ।
-"........।" ਸਰਪੰਚ ਚੁੱਪ ਕਰ ਗਿਆ।
"ਮੁਕਾਬਲੇ" ਦੀ ਖ਼ਬਰ ਸੁਣ ਕੇ ਲੋਕਾਂ ਨੇ ਪੁਲੀ ਵੱਲ ਨੂੰ ਵਹੀਰਾਂ ਘੱਤ ਲਈਆਂ। ਦੋਨੋਂ ਪਾਸਿਆਂ ਤੋਂ ਸੜਕਾਂ ਲੋਕਾਂ ਨਾਲ ਭਰੀਆਂ ਹੀ ਆ ਰਹੀਆਂ ਸਨ। ਵਾਇਰਲੈੱਸ ਕਰਕੇ ਤੁਰੰਤ ਹੋਰ ਫ਼ੋਰਸ ਬੁਲਾਈ
ਗਈ। ਲਾਠੀਚਾਰਜ ਤੋਂ ਇਲਾਵਾ ਹਵਾਈ ਫ਼ਾਇਰ ਵੀ ਕੀਤੇ ਗਏ। ਫਿਰ ਅੱਥਰੂ ਗੈਸ ਨੇ ਲੋਕਾਂ ਨੂੰ ਖਿੰਡਣ ਲਈ ਮਜਬੂਰ ਕਰ ਦਿੱਤਾ। ਫ਼ੋਰਸ ਪੂਰੀ ਤਰ੍ਹਾਂ ਚੁਕੰਨੀ ਸੀ। "ਸਾਹਿਬ" ਨੇ ਆਉਣਾ ਸੀ।
ਅਖੀਰ ਨੌਂ ਵਜੇ ਡੀ ਐਸ ਪੀ ਦੀਆਂ ਗੱਡੀਆਂ ਚੰਘਿਆੜਦੀਆਂ, ਬਿੱਜ ਵਾਂਗ ਆ ਵੱਜੀਆਂ। ਸਮੁੱਚੀ ਫ਼ੋਰਸ ਨੇ ਉਸ ਨੂੰ ਘੇਰੇ ਵਿਚ ਲਿਆ ਹੋਇਆ ਸੀ। ਸਬੰਧਿਤ ਐਸ ਪੀ ਨੇ ਉਸ ਨੂੰ ਕਾਫੀ ਸਖ਼ਤ ਹਦਾਇਤਾਂ ਦੇ ਕੇ ਤੋਰਿਆ ਸੀ। ਤੁਰਨ ਤੋਂ ਪਹਿਲਾਂ ਸੰਖੇਪ, ਪਰ ਤੂਫ਼ਾਨੀ ਮੀਟਿੰਗ ਕੀਤੀ ਸੀ।
ਸਾਰੇ ਪੁਲੀਸ ਵਾਲੇ ਉਸ ਦੇ ਅਦਬ ਵਿਚ ਅਜ਼ੀਜ਼ ਬਣੇ ਖੜ੍ਹੇ ਸਨ। ਸਭ ਤੋਂ ਪਹਿਲਾਂ ਉਸ ਨੇ "ਮੁਕਾਬਲੇ" ਦਾ ਜਾਇਜਾ ਲਿਆ ਅਤੇ ਫਿਰ ਦੋਨਾਂ "ਅੱਤਿਵਾਦੀਆਂ" ਦੀਆਂ ਲਾਸ਼ਾਂ ਦਾ ਨਿਰੀਖਣ ਕੀਤਾ।
ਮੌਕਾ ਦੇਖਣ ਤੋਂ ਬਾਅਦ ਉਹ ਸਿਰ ਮਾਰਦਾ ਕੁਰਸੀ 'ਤੇ ਆ ਸਜਿਆ। ਜਿਹੜੀਆਂ ਪਹਿਲਾਂ ਹੀ ਉਸ ਦੇ ਸੁਆਗਤ ਲਈ ਸਜਾ ਦਿੱਤੀਆਂ ਗਈਆਂ ਸਨ। ਮੇਜ਼ ਉਪਰ ਫੁੱਲਾਂ ਦਾ ਗੁਲਦਸਤਾ ਰੱਖਿਆ
ਹੋਇਆ ਸੀ।
ਸੁੰਨਸਾਨ ਪੁਲੀ, ਪੁਲੀਸ ਛਾਉਣੀ ਵਿਚ ਬਦਲੀ ਪਈ ਸੀ। ਸਾਹਿਬ ਬੈਠਾ ਕੁਝ ਸੋਚ ਰਿਹਾ ਸੀ। ਕੋਈ ਕੁਝ ਬੋਲ ਨਹੀ ਰਿਹਾ ਸੀ। ਝੱਖੜ ਝੁੱਲਣ ਤੋਂ ਬਾਅਦ ਵਾਲੀ ਸ਼ਾਂਤੀ ਪਸਰੀ ਹੋਈ ਸੀ।
ਮੇਜ ਉਪਰ ਉਬਲੇ ਅੰਡੇ, ਆਮਲੇਟ, ਬਿਸਕੁਟ ਚਾਹ ਅਤੇ ਦੁੱਧ ਟਿਕਣੇ ਸੁਰੂ ਹੋ ਗਏ।
-"ਵਾਰਸਾਂ ਨੂੰ ਖ਼ਬਰ ਕੀਤੀ...?" ਕਾਫ਼ੀ ਦੇਰ ਬਾਅਦ ਡੀ ਐਸ ਪੀ ਬੋਲਿਆ।
-"ਹਾਂ ਹਜੂਰ!"
-"ਕੋਈ ਆਇਆ...?"
-"ਬਾਬੇ ਦੀ ਘਰ ਵਾਲੀ ਤਾਂ ਆ ਕੇ ਮੁੜ ਗਈ ਸਰਕਾਰ-ਪਰ ਮੁੰਡੇ ਦਾ ਪਿਉ ਤੇ ਸਰਪੈਂਚ ਔਹ ਬੈਠੇ ਐ।"
-"ਉਹਨਾਂ ਨੂੰ ਬੁਲਾਓ...!"
-"ਜਨਾਬ ਕੁਛ ਖਾ ਤਾਂ ਲਓ!"
ਡੀ ਐਸ ਪੀ ਨੇ ਆਮਲੇਟ ਦਾ ਚਮਚਾ ਮੂੰਹ ਵਿਚ ਪਾ ਕੇ ਦੁੱਧ ਦਾ ਗਿਲਾਸ ਮੂੰਹ ਨੂੰ ਲਾ ਲਿਆ।
-"ਪਿੰਡ ਦੇ ਲੋਕਾਂ ਨੇ ਤਾਂ ਨਹੀ ਖਰੂਦ ਕੀਤਾ...?" ਡੀ ਐਸ ਪੀ ਠਾਣੇਦਾਰ ਨੂੰ ਪੁੱਛ ਰਿਹਾ ਸੀ।
-"ਕੀਤਾ ਸੀ ਜਨਾਬ-ਅਸੀਂ ਸਖ਼ਤੀ ਵਰਤ ਕੇ ਤਿੱਤਰ ਬਿੱਤਰ ਕਰ ਦਿੱਤੇ-ਮਤਲਬ ਲਾਠੀਚਾਰਜ-ਹਵਾਈ ਫਾਇਰਿੰਗ ਤੇ ਅੱਥਰੂ ਗੈਸ!"
-"ਬਹੁਤ ਖੂਬ ਗਰੇਵਾਲ! ਸਖ਼ਤੀ ਹਰ ਤਰ੍ਹਾਂ ਨਾਲ ਵਰਤਣੀ ਐਂ-ਇਹ ਵਾਧੂ ਜਿਹੇ ਲੋਕ ਕੰਮ 'ਚ ਘੜ੍ਹੰਮ ਨਾ ਬਣਨ।"
-"ਜੋ ਹੁਕਮ ਜਨਾਬ!"
-".........।"
-"ਪਰ ਜਨਾਬ ਅਗਲੀ ਕਾਰਵਾਈ ਬਾਰੇ ਕੀ ਵਿਚਾਰ ਐ?"
-"ਫ਼ੋਟੋ ਖਿੱਚੋ-ਸ਼ਨਾਖਤਾਂ ਕਰਵਾਓ ਅਤੇ ਪੋਸਟ ਮਾਰਟਮ ਕਰਵਾ ਕੇ ਲਾਸ਼ਾਂ ਵਾਰਸਾਂ ਹਵਾਲੇ ਕਰ ਦਿਓ-ਪਰ ਹਾਂ! ਇਕ ਸ਼ਰਤ ਤੇ ਕਿ ਵਾਰਸ ਲਾਸ਼ਾਂ ਦਾ ਸਸਕਾਰ ਤੁਰੰਤ ਕਰਨਗੇ-ਆਈ ਮੀਨ ਕੋਈ ਜਲੂਸ ਬਗੈਰਾ ਨਹੀ ਕੱਢਣਗੇ-ਲਾਸ਼ਾਂ ਜ਼ਿੰਮੇਵਾਰ ਆਦਮੀਆਂ ਦੀਆਂ ਜ਼ਿੰਮੇਵਾਰੀਆਂ ਲੈ ਕੇ ਹੀ ਵਾਰਸਾਂ ਸਪੁਰਦ ਕਰਨੀਐਂ-ਰਿਪੋਰਟ ਤਿਆਰ ਕਰ ਕੇ ਦਸਤਖ਼ਤ ਕਰਵਾ ਲੈਣੇ!" ਡੀ ਐਸ ਪੀ ਅਤੇ ਠਾਣੇਦਾਰ ਬਹੁਤ ਹੀ ਧੀਮੀਂ ਅਵਾਜ਼ ਵਿਚ ਗੁਫ਼ਤਗੂ ਕਰ ਰਹੇ ਸਨ।
ਡੀ ਐਸ ਪੀ ਇਕ ਪਲੇਟ ਆਮਲੇਟ ਅਤੇ ਦੋ ਗਿਲਾਸ ਗਰਮ-ਗਰਮ ਦੁੱਧ ਦੇ ਪੀ ਚੁੱਕਾ ਸੀ।
-"ਬਾਬੇ ਅਤੇ ਸਰਪੰਚ ਨੂੰ ਬੁਲਾਓ...!" ਉਸ ਨੇ ਹੁਕਮ ਸੁਣਾਇਆ।
ਬਲੀ ਸਿੰਘ ਅਤੇ ਸਰਪੰਚ ਹਾਜ਼ਰ ਹੋ ਗਏ।
ਬਲੀ ਸਿੰਘ ਨੀਮ ਪਾਗਲ, ਬੇਹੋਸ਼ੀ ਜਿਹੀ ਹਾਲਤ ਵਿਚ ਹੱਥ ਜੋੜੀ ਡੀ ਐਸ ਪੀ ਦੇ ਸਾਹਮਣੇ ਖੜਾ ਸੀ।
-"ਬੈਠ ਬਾਬਾ-ਬੈਠੋ ਸਰਪੰਚ ਸਾਹਿਬ!"
ਡੀ ਐਸ ਪੀ ਨੇ ਸਾਹਮਣੇ ਪਈਆਂ ਕੁਰਸੀਆਂ ਵੱਲ ਇਸ਼ਾਰਾ ਕੀਤਾ। ਸਰਪੰਚ ਨੇ ਬਲੀ ਸਿੰਘ ਨੂੰ ਫੜ ਕੇ ਕੁਰਸੀ ਤੇ ਬਿਠਾ ਦਿੱਤਾ ਅਤੇ ਨਾਲ ਹੀ ਆਪ ਬੈਠ ਗਿਆ।
-"ਬਾਬਾ, ਦੋਸ਼ੀ ਤੇਰਾ ਮੁੰਡਾ ਸੀ?"
-"ਮਾਈ ਬਾਪ ਇੱਕੋ ਇਕ ਈ ਸੀ-ਨਾਲੇ ਸਰਕਾਰ ਦੋਸ਼ੀ ਦਾਸ਼ੀ ਉਹ ਕਾਹਨੂੰ ਸੀ-ਕਦੇ ਬਲਦ ਨੂੰ ਸੋਟੀ ਨਹੀ ਸੀ ਲਾਈ ਬੱਤੀ ਸੁਲੱਖਣੇ ਨੇ।" ਬਲੀ ਸਿੰਘ ਧਾਂਹੀਂ ਰੋ ਪਿਆ।
-"ਦੇਖ ਬਾਬਾ-ਪਹਿਲਾਂ ਤੇਰਾ ਮੁੰਡਾ ਅੱਤਿਵਾਦੀਆਂ ਨੂੰ ਪਨਾਂਹ ਦਿੰਦਾ ਰਿਹਾ-ਖਾਤਰ ਕਰਦਾ ਰਿਹਾ ਤੇ ਰਾਤ ਉਸ ਨੇ ਗਸ਼ਤੀ ਪਾਰਟੀ ਤੇ ਹਮਲਾ ਕੀਤਾ-ਜਵਾਬੀ ਹਮਲੇ 'ਚ ਉਹ ਮਾਰਿਆ ਗਿਆ-।"

-"ਸਰਕਾਰ ਉੱਕਾ ਈ ਝੂਠ ਐ-ਉਹਨੂੰ ਤਾਂ ਕਿੰਨੇ ਦਿਨ ਪਹਿਲਾਂ ਆਹ ਠਾਣੇਦਾਰ ਸਾਹਿਬ ਘਰੋਂ ਗ੍ਰਿਫਦਾਰ ਕਰ ਕੇ ਲਿਆਏ ਐ-।"
-"ਇਹ ਕਿੱਦਾਂ ਹੋ ਸਕਦੈ-ਤੁਸੀਂ ਮੌਕਾ ਦੇਖਿਐ? ਉਹਨਾਂ ਕੋਲੇ ਮਾਰੂ ਹਥਿਆਰ ਐ-ਟਰੱਕਾਂ 'ਚ ਗੋਲੀਆਂ ਵੱਜੀਐਂ-ਇੱਕ ਟਾਇਰ ਪੈਂਚਰ ਐ-ਇਹ ਤਾਂ ਖੁਸ਼ਕਿਸਮਤੀ ਸੀ ਕਿ ਸਾਡੇ ਕਰਮਚਾਰੀ ਬਚ ਗਏ-ਨਹੀ ਤਾਂ...।"
-"ਮਾਈ ਬਾਪ ਤੁਸੀਂ ਸਰਪੈਂਚ ਸਾਹਬ ਤੋਂ ਪੁੱਛ ਲਓ-।"
-"ਖ਼ੈਰ ਬਾਬਾ...! ਮੈ ਸਾਰੀ ਇਨਕੁਆਰੀ ਕਰਵਾਉਨੈਂ-ਤੁਹਾਨੂੰ ਪੂਰਾ ਇਨਸਾਫ਼ ਮਿਲੇਗਾ-ਦੋਸ਼ੀਆਂ ਨੂੰ ਸਜ਼ਾ ਮਿਲੇਗੀ-ਮੇਰੇ ਤੇ ਵਿਸ਼ਵਾਸ਼ ਕਰੋ-ਗੁਰਤੇਜ....!" ਸਾਹਿਬ ਨੇ ਆਪਣੇ ਰੀਡਰ ਨੂੰ ਅਵਾਜ਼ ਮਾਰੀ।
ਗੁਰਤੇਜ ਹਾਜ਼ਰ ਸੀ।
-"ਬਾਬੇ ਦੇ ਬਿਆਨ ਲੈ ਕੇ ਸਾਰੀ ਰਿਪੋਰਟ ਮੈਨੂੰ ਪੇਸ਼ ਕਰੋ! ਬਾਬੇ ਨਾਲ ਪੂਰਾ ਪੂਰਾ ਇਨਸਾਫ਼ ਹੋਵੇ-ਅੰਡਰਸਟੈਂਡ....?"
-"ਯੈੱਸ ਸਰ...!"
-"ਵੈੱਲ...!" ਆਖ ਕੇ ਡੀ ਐਸ ਪੀ ਉਠ ਕੇ ਖੜਾ ਹੋ ਗਿਆ।
-"ਹਜ਼ੂਰ ਲਾਅਸ਼ਾਂ ਤਾਂ ਸਾਨੂੰ ਦੁਆ ਦਿਓ...!"
-"ਮਾਮੂਲੀ ਕਾਰਵਾਈ ਤੋਂ ਬਾਅਦ ਲਾਸ਼ਾਂ ਤੁਹਾਨੂੰ ਅਵੱਸ਼ ਮਿਲ ਜਾਣਗੀਆਂ-ਗਰੇਵਾਲ...!"
-"ਜੀ ਜਨਾਬ....!"
-"ਲੋੜੀਂਦੀ ਕਾਰਵਾਈ ਤੋਂ ਬਾਅਦ ਲਾਸ਼ਾਂ ਵਾਰਸਾਂ ਹਵਾਲੇ ਕਰ ਦੇਣੀਆਂ! ਇਹ ਮੇਰੀ ਹਦਾਇਤ ਹੈ-ਸਮਝੇ?"
-"ਜੀ ਹਜ਼ੂਰ!"
ਧੂੜ 'ਚ ਟੱਟੂ ਰਲਾ ਕੇ ਡੀ ਐਸ ਪੀ ਚਾਲੇ ਪਾ ਗਿਆ। ਅੱਗੇ ਪਿੱਛੇ ਮਿਆਂਕਦੀਆਂ ਗੱਡੀਆਂ ਵੀ ਨਾਲ ਹੀ ਧੂੜਾਂ ਪੱਟਦੀਆਂ ਤੁਰ ਗਈਆਂ। ਫ਼ੋਟੋ ਖਿੱਚਣ ਅਤੇ ਸ਼ਨਾਖਤਾਂ ਤੋਂ ਬਾਅਦ ਲਾਸ਼ਾਂ ਪੋਸਟ ਮਾਰਟਮ ਲਈ ਸਰਕਾਰੀ ਹਸਪਤਾਲ ਭੇਜ ਦਿੱਤੀਆਂ ਗਈਆਂ। ਜ਼ਿੰਮੇਵਾਰੀ ਦੀ ਰਿਪੋਰਟ ਤਿਆਰ ਕਰਨ ਲਈ ਠਾਣੇਦਾਰ ਦੋਨੋਂ ਸਰਪੰਚਾਂ ਅਤੇ ਬਲੀ ਸਿੰਘ ਨੂੰ ਲੈ ਠਾਣੇ ਨੂੰ ਰਵਾਨਾ ਹੋ ਗਿਆ।

## ਕਾਂਡ 8

ਤਲਵੰਡੀ ਵਾਲੀ ਪੁਲੀ 'ਤੇ ਹੋਏ "ਮੁਕਾਬਲੇ" ਬਾਰੇ ਸੁਣ ਕੇ ਸਾਰੇ ਇਲਾਕੇ ਵਿਚ ਹਾਹਾਕਾਰ ਮੱਚ ਗਈ ਸੀ। ਪੋਸਟ ਮਾਰਟਮ ਕਰਵਾਉਣ ਤੋਂ ਬਾਅਦ ਪੁਲੀਸ ਨੇ, ਮੁਹਤਬਰ ਬੰਦਿਆਂ ਦੀ ਜ਼ਿੰਮੇਵਾਰੀ 'ਤੇ ਦੋਨੋਂ ਲਾਸ਼ਾਂ, ਵਾਰਸਾਂ ਸਪੁਰਦ ਕਰ ਦਿੱਤੀਆਂ ਸਨ। ਜਦੋਂ ਪਾੜੀਆਂ-ਝੀੜੀਆਂ ਲਾਸ਼ਾਂ ਪਿੰਡ ਪਹੁੰਚੀਆਂ ਤਾਂ ਸਾਰੇ ਪਿੰਡ ਦੇ ਚੁੱਲ੍ਹੇ ਬਲਣੇ ਬੰਦ ਹੋ ਗਏ। ਰਣਜੋਧ ਦੀ ਮਾਂ, ਭੈਣ ਅਤੇ ਪਤਨੀ ਨੂੰ ਦੰਦਲਾਂ ਦੌਰੇ ਪਈ ਜਾ ਰਹੇ ਸਨ। ਬਲੀ ਸਿੰਘ ਕੰਧਾਂ ਨਾਲ ਟੱਕਰਾਂ ਮਾਰ ਰਿਹਾ ਸੀ। ਪਰ ਪਿੰਡ ਦੇ ਹਮਦਰਦ ਲੋਕਾਂ ਨੇ ਉਹਨਾਂ ਨੂੰ ਸੰਭਾਲ ਰੱਖਿਆ ਸੀ। ਸਾਰੇ ਪਿੰਡ ਨੂੰ ਹੌਲ ਪਿਆ ਹੋਇਆ ਸੀ। ਜਿਵੇਂ ਪਿੰਡ ਵਿਚ ਕੋਈ 'ਦੈਂਤ' ਪੈਣ ਲੱਗ ਪਿਆ ਸੀ। ਜਿਵੇਂ ਪਿੰਡ 'ਉੱਜੜ' ਚੱਲਿਆ ਸੀ। ਕੋਈ ਪੁੱਛ- ਪੜਤਾਲ ਨਹੀਂ ਸੀ। ਕੋਈ ਸੁਣਵਾਈ ਨਹੀਂ ਸੀ। ਪਲਾਂ ਵਿਚ ਦੋ ਨਿਰਦੋਸ਼ ਬੰਦੇ ਮਿੱਟੀ ਕਰ ਦਿੱਤੇ ਸਨ। ਕੀ ਕਹਿਰ ਸੀ? ਕੋਈ ਕਾਰਵਾਈ ਨਹੀ ਸੀ। ਕਿਸੇ ਰੀਡਰ ਨੇ ਬਲੀ ਸਿੰਘ ਦੇ ਬਿਆਨ ਨਹੀ ਲਏ ਸਨ। ਸਗੋਂ ਹੀਲ ਹੁੱਜਤ ਕਰਨ 'ਤੇ ਅੰਦਰ ਦੇਣ ਦੀ ਧਮਕੀ ਦੇ ਮਾਰੀ ਸੀ। ਬਲੀ ਸਿੰਘ ਅਤੇ ਸਰਪੰਚ ਬੇਵੱਸ, ਮੁੱਠੀਆਂ ਮੀਟ ਕੇ ਬਾਹਰ ਆ ਗਏ ਸਨ।
ਦੋਨਾਂ ਲਾਸ਼ਾਂ ਦਾ ਮਾੜਾ ਮੋਟਾ ਇਸ਼ਨਾਨ ਕਰਵਾ ਕੇ ਸ਼ਮਸ਼ਾਨ-ਭੂਮੀ ਲਿਜਾ ਕੇ ਸਸਕਾਰ ਕਰ ਦਿੱਤਾ ਗਿਆ। ਸਾਰਾ ਪਿੰਡ ਅਰਥੀਆਂ ਦੇ ਮਗਰ ਗਿਆ ਸੀ। ਬਲੀ ਸਿੰਘ ਦੇ ਘਰ 'ਤੇ ਕਹਿਰ ਵਰ੍ਹਿਆ ਹੋਇਆ ਸੀ। ਮਕਾਣਾਂ 'ਤੇ ਮਕਾਣਾਂ ਆ ਰਹੀਆਂ ਸਨ। ਪਰ ਹਰ ਕੌਰ ਦਾ ਮਨ ਕੁਝ ਕੁ ਸਥਿਰ ਸੀ। ਉਸ ਨੇ ਬਾਬੇ ਨਵਿਰਤ ਸਹਿਜ ਪਾਠ ਪ੍ਰਕਾਸ਼ ਕਰਵਾ ਦਿੱਤਾ ਸੀ। ਹਰ ਸਾਕ ਸਬੰਧੀ ਨੂੰ ਰੋਣ ਤੋਂ ਵਰਜ ਦਿੱਤਾ ਸੀ। ਉਹ ਹਰ ਵਕਤ ਪਾਠ ਕਰਦੀ ਰਹਿੰਦੀ। ਸਾਰੀ ਰਾਤ, ਸਾਰਾ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਪਈ ਰਹਿੰਦੀ। ਕਦੇ ਕਦੇ ਉਠ ਕੇ ਮੱਥਾ ਰਗੜਣ ਲੱਗ ਜਾਂਦੀ ਅਤੇ
ਆਪਣੇ ਜੀਵਨ ਸਾਥੀ ਦੀ ਆਤਮਾ ਨੂੰ ਸ਼ਾਂਤੀ ਬਖਸ਼ਣ ਲਈ ਗੁਰੂ ਮਹਾਰਾਜ ਅੱਗੇ ਅਰਜ਼ੋਈਆਂ ਕਰਦੀ, ਬੇਨਤੀਆਂ ਕਰਦੀ। ਆਪਣੇ ਪਵਿੱਤਰ ਚਰਨਾਂ ਵਿਚ ਜਗ੍ਹਾ ਪ੍ਰਦਾਨ ਕਰਨ ਲਈ ਅਰਦਾਸਾ ਸੋਧਦੀ। ਪਰ ਅੱਖੋਂ ਹੰਝੂ ਨਾ ਸੁੱਟਦੀ। ਦਿਲ ਛੋਟਾ ਨਾ ਕਰਦੀ। ਹਰ ਛਿਣ ਗੁਰੂ ਮਾਹਰਾਜ ਦਾ ਸੁਕਰਾਨਾਂ ਕਰੀ ਜਾਂਦੀ। ਪੁੱਤਰ ਦੀ ਚੜ੍ਹਦੀ ਕਲਾ ਲਈ ਅਰਦਾਸਾਂ ਕਰਦੀ। ਲੋਕ ਕਿਆਫ਼ੇ ਲਾਉਣ
ਲੱਗ ਪਏ ਸਨ ਕਿ ਹਰ ਕੌਰ ਦਾ ਦਿਮਾਗ "ਫਿਰ" ਗਿਆ ਸੀ। ਪਰ ਹਰ ਕੌਰ ਰੱਬ ਦੀ ਰਜ਼ਾ ਵਿਚ ਰਾਜ਼ੀ ਸੀ। ਸੰਤੁਸ਼ਟ ਸੀ।
ਅੱਧੀ ਰਾਤੋਂ ਪੰਜ ਜਣੇਂ ਕੰਧ ਟੱਪ ਕੇ ਹਰ ਕੌਰ ਦੇ ਵਿਹੜੇ ਵਿਚ ਉੱਤਰ ਗਏ। ਪੰਜੇ ਹੀ ਹਥਿਆਰਬੰਦ ਅਤੇ ਮੂੰਹ ਬੰਨ੍ਹੇ ਹੋਏ ਸਨ। ਇੱਕ ਨੇ ਅੰਦਰ ਜਾ ਕੇ ਬੱਤੀ ਬਾਲ ਲਈ।
ਹਰ ਕੌਰ ਉਸੀ ਤਰ੍ਹਾਂ ਸ਼ਾਂਤ, ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ-ਹਜ਼ੂਰੀ ਵਿਚ ਅਡੋਲ ਪਈ ਸੀ।
-"ਬੇਬੇ...!"
-"ਆ ਗਿਐਂ ਪੁੱਤ...?" ਜਿਵੇਂ ਹਰ ਕੌਰ ਕਾਫ਼ੀ ਦੇਰ ਤੋਂ ਪੁੱਤ, ਢਿੱਡ ਦੀ ਅੱਗ ਨੂੰ ਉਡੀਕ ਰਹੀ ਸੀ।
-"ਹਾਂ ਬੇਬੇ...!"
-"ਤੇਰਾ ਬਾਪੂ ਸ਼ਹੀਦ ਹੋ ਗਿਆ ਪੁੱਤ।" ਬੇਬੇ ਗੁਰਪਾਲ ਨੂੰ ਪੱਥਰ ਬਣੀ ਦੱਸੀ ਜਾ ਰਹੀ ਸੀ।
-"ਮੈਨੂੰ ਪਤਾ ਲੱਗ ਗਿਐ ਬੇਬੇ।" ਗੁਰਪਾਲ ਦੇ ਬੋਲਾਂ ਵਿਚ ਹੰਝੂ ਅੜਕ ਗਏ। ਉਸ ਦੀ ਅਵਾਜ਼ ਘਗਿਆ ਗਈ ਸੀ। ਅੱਖਾਂ ਨਮ ਹੋ ਗਈਆਂ।
-"ਰੋਣਾ ਨਹੀਂ ਗੁਰਪਾਲ-ਰੋ ਕੇ ਸ਼ਹੀਦ ਦੀ ਸ਼ਹੀਦੀ ਮਿੱਟੀ ਰੁਲ਼ਦੀ ਐ ਪੁੱਤ-ਕਲਗੀਧਰ ਪਿਤਾ ਦਾ ਸੁਕਰ ਕਰ-।"
-"......!" ਗੁਰਪਾਲ ਕੁਝ ਸੰਭਲ ਗਿਆ। ਬੇਬੇ ਦੇ ਅਥਾਹ ਹੌਸਲੇ ਨੇ ਉਸ ਹੇਠ ਥੰਮ੍ਹ ਦੇ ਦਿੱਤੇ ਸਨ। ਉਹ ਤਾਂ ਸੋਚ ਰਿਹਾ ਸੀ ਕਿ ਬੇਬੇ ਰੋ-ਰੋ ਕੇ ਕਮਲ਼ੀ ਹੋ ਗਈ ਹੋਵੇਗੀ। ਜਿਸ ਕਰਕੇ ਉਹ ਜਾਨ ਤਲ਼ੀ 'ਤੇ ਧਰ ਕੇ ਬੇਬੇ ਨੂੰ ਮਿਲਣ ਆਇਆ ਸੀ। ਪਰ ਹੁਣ ਉਹ ਪੂਰੀ ਤਰ੍ਹਾਂ ਸੰਤੁਸ਼ਟ ਸੀ।
-"ਗੁਰਪਾਲ ਤੇਰੇ ਬਾਪੂ ਦਾ ਇੱਕ ਸੁਨੇਹਾਂ ਐਂ।"
-"ਕੀ ਬੇਬੇ...?" ਗੁਰਪਾਲ ਵਿਆਕੁਲ ਹੋ ਉਠਿਆ।
-"ਉਹ ਕਹਿੰਦਾ ਸੀ ਬਈ ਹਥਿਆਰ ਪੁਲਸ ਨੇ ਤੇਰੇ ਹੱਥ ਫੜਾ ਈ ਦਿੱਤਾ ਐ-ਹੁਣ ਪਾ ਦੇਈਂ ਖਿਲਾਰੇ-ਨਿਰਦੋਸ਼ੇ ਤੇ ਵਾਰ ਨਹੀ ਕਰਨਾ-ਜਾਬਰ ਨੂੰ ਸੋਧਾ ਲਾਉਂਦੇ ਸਮੇਂ ਜਰਕਣਾ ਨਹੀ-ਗੱਦਾਰ ਤੇ ਬੁਜ਼ਦਿਲ ਨਾ ਬਣੀ-ਹੱਸ ਹੱਸ ਕੇ ਸ਼ਹੀਦੀਆਂ ਪਾਈਂ ਪੁੱਤ-ਤੇ ਮੇਰੇ ਦੁੱਧ ਦੀ ਵੀ ਲਾਜ ਰੱਖੀਂ ਸ਼ੇਰ ਬੱਗਿਆ-ਮੈਨੂੰ ਤੇਰੇ ਤੇ ਮਾਣ ਹੋਊ-ਸ਼ਹੀਦ ਨੂੰ ਦਸਵੇਂ ਪਾਤਸ਼ਾਹ ਆਪ ਹਿੱਕ ਨਾਲ ਲਾਉਂਦੇ ਐ ਗੁਰਪਾਲ-ਮੈਦਾਨੋਂ ਪਿੱਠ ਦਿਖਾ ਕੇ ਨਾ ਭੱਜੀਂ-ਗੁਰੂ ਮਾਹਾਰਾਜ ਦਾ ਹੱਥ ਹਮੇਸ਼ਾਂ ਤੇਰੇ ਸਿਰ ਤੇ ਐ-ਤੂੰ ਹਿੰਦ ਸਰਕਾਰ ਦਾ ਚਾਹੇ ਗੱਦਾਰ ਹੋਵੇਂ-ਪਰ ਖ਼ਾਲਸਾ ਪੰਥ ਦਾ ਹੀਰੋ ਐਂ ਗੁਰਪਾਲ!" ਬੇਬੇ ਇੱਕੋ ਸਾਹ ਹੀ ਬੋਲੀ ਜਾ ਰਹੀ ਸੀ। ਬੇਬੇ ਦੇ ਫ਼ੌਲਾਦੀ ਹੌਸਲੇ ਵੱਲ ਤੱਕ ਗੁਰਪਾਲ ਦੀਆਂ ਅੱਖਾਂ ਵਿਚੋਂ "ਤਰਿੱਪ-ਤਰਿੱਪ" ਹੰਝੂ ਚੋਅ ਰਹੇ ਸਨ।
-"ਤੂੰ ਫਿਕਰ ਨਾ ਕਰ ਬੇਬੇ-ਸਹੁੰ ਤੇਰੀ, ਤੇਰੇ ਦੁੱਧ ਨੂੰ ਲਾਜ ਨਹੀਂ ਲਾਉਂਦਾ-ਮੈਨੂੰ ਸ਼ਹਾਦਤ ਵਾਲਾ ਰਸਤਾ ਮਿਲ ਗਿਆ ਹੈ ਤੇ ਮੈਂ ਕਮਰਕਸਾ ਕਰਕੇ ਇਸ ਰਾਹ ਤੇ ਤੁਰ ਪਿਆ ਹਾਂ-ਗੁਰੂ ਮਾਹਾਰਾਜ ਕਿਰਪਾ ਕਰਨ-ਪੰਥ ਦੋਖੀਆਂ ਅਤੇ ਦੁਸ਼ਟਾਂ ਨੂੰ ਦਿਨਾਂ ਵਿਚ ਹੀ ਸੋਧ ਧਰਾਂਗੇ-ਬੱਸ ਤੂੰ ਹੌਸਲਾ ਨਾ ਹਾਰੀਂ-ਬਾਪੂ ਦੇ ਭੋਗ ਤੇ ਮੇਰੀ ਚੜ੍ਹਦੀ ਕਲਾ ਦੀ ਅਰਦਾਸ ਵੀ ਕਰਵਾ ਦੇਵੀਂ-ਹੁਣ ਪਤਾ ਨਹੀਂ ਕਦੋਂ ਮੇਲੇ

ਹੋਣ-।''
-''ਤੂੰ ਤਾਂ ਗੁਰਪਾਲਿਆ ਬੱਚਿਆਂ ਆਂਗੂੰ ਹਮੇਸ਼ਾਂ ਮੇਰੀ ਹਿੱਕ ਤੇ ਈ ਲਿਟਿਆ ਰਹਿੰਨੈ-ਮੈਨੂੰ ਮਹਿਸੂਸ ਈ ਨਹੀਂ ਹੁੰਦਾ ਬਈ ਤੂੰ ਮੈਥੋਂ ਕਿਤੇ ਦੂਰ ਐਂ।''
-''ਗੁਰਪਾਲ ਟਾਈਮ ਬਹੁਤ ਹੋ ਗਿਆ-ਜਲਦੀ ਕਰ ਵੀਰੇ!'' ਬਾਹਰੋਂ ਵਿਹੜੇ ਵਿਚੋਂ ਰੇਸ਼ਮ ਸਿੰਘ ਉਰਫ਼ 'ਬੰਬ' ਨੇ ਧੀਮੀਂ ਅਵਾਜ਼ ਵਿਚ ਕਿਹਾ।
-''ਚੰਗਾ ਬੇਬੇ-ਮੈਂ ਚੱਲਦੈਂ-ਕਿਤੇ ਫੇਰ ਸਹੀ-।'' ਗੁਰਪਾਲ ਤੋਂ ਬੇਬੇ ਦਾ ਵਿਛੋੜਾ ਝੱਲਿਆ ਨਹੀ ਜਾਂਦਾ ਸੀ।
-''ਚੰਗਾ ਪੁੱਤ-ਮੇਰਾ ਫ਼ਿਕਰ ਨਾ ਕਰੀਂ-ਆਹ ਦੇਖ ਸਰਬੰਸ ਵਾਰਨ ਵਾਲਾ ਦਾਤਾ ਹਮੇਸ਼ਾਂ ਮੇਰੇ ਨਾਲ ਰਹਿੰਦੈ-ਆਪ ਦੀ ਮੰਜਿਲ ਪਾ ਪੁੱਤ-ਗੁਰੂ ਮਹਾਰਾਜ ਤੇਰੇ ਅੰਗ ਸੰਗ ਰਹਿਣ।''
ਗੁਰਪਾਲ ਨੇ ਬੇਬੇ ਨੂੰ ਬੜੇ ਹੇਰਵੇ ਨਾਲ, ਜ਼ੋਰ ਦੀ ਘੁੱਟਿਆ। ਗਲਵਕੜੀ ਪਾਈ। ਉਸ ਦਾ ਸੀਨਾਂ ਅੰਦਰੋਂ ਲੀਰੋ ਲੀਰ, ਭਰਾੜ੍ਹ ਹੋਇਆ ਪਿਆ ਸੀ। ਕੱਟੀ-ਵੱਢੀਦੀ ਰੂਹ ਅੰਦਰੋਂ ਲਹੂ-ਲੁਹਾਣ ਸੀ। ਉਸ ਦਾ ਦਿਲ ਧਾਂਹਾਂ ਮਾਰਨ ਨੂੰ ਕਰਦਾ ਸੀ। ਪਰ ਕੀ ਕਰਦਾ? ਵਕਤ ਹੀ ਐਸਾ ਸੀ।
-''ਸੱਚ ਗੁਰਪਾਲ! ਮੈਂ ਤੇਰੇ ਆਸਤੇ ਦੁੱਧ ਤੱਤਾ ਕਰਕੇ ਰੱਖਿਆ ਸੀ-ਉਹ ਪੀ ਜਾ ਪੁੱਤ-ਨਹੀ ਮੇਰੀਆਂ ਆਂਦਰਾਂ ਤੜਫਦੀਆਂ ਰਹਿਣਗੀਆਂ-ਮੇਰਾ ਅੰਦਰਲਾ ਕਹਿੰਦਾ ਸੀ ਬਈ ਤੂੰ ਜਰੂਰ ਆਵੇਂਗਾ-ਦੁੱਧ ਪੀਂਦਾ ਜਾਹ।'' ਬੇਬੇ ਇੱਕ ਦਮ ਉਠੀ ਤਾਂ ਗੁਰਪਾਲ ਦਾ ਦਿਲ ਭਰ ਕੇ ਉਛਲ ਗਿਆ। ਹੰਝੂ ਧਰਾਲੀਂ ਵਹਿ ਤੁਰੇ। ਮਨ ਕੀਰਨੇ ਪਾ ਉਠਿਆ। ਆਤਮਾਂ ਬਿਹਬਲ ਹੋ ਉਠੀ। ਪਰ ਉਹ ਬੇਬੇ ਅੱਗੇ ਜ਼ਾਹਿਰ ਨਹੀ ਕਰਨਾ ਚਾਹੁੰਦਾ ਸੀ। ਉਸ ਨੇ ਪਿੱਠ ਕਰ ਲਈ ਮਤਾਂ ਬੇਬੇ ਸਿਰ ਹੋ ਜਾਵੇ।
ਬੇਬੇ ਫ਼ੁਰਤੀ ਨਾਲ ਰਸੋਈ ਵਿਚੋਂ ਦੁੱਧ ਵਾਲਾ ਗੜਵਾ ਚੁੱਕ ਲਿਆਈ। ਪਰ ਗੁਰਪਾਲ ਦੀ ਦੁੱਧ ਨੂੰ ਵੱਢੀ ਰੂਹ ਨਹੀ ਕਰਦੀ ਸੀ। ਫਿਰ ਕਦੇ ਬੇਬੇ ਦੇ ਹੱਥਾਂ ਦਾ ਦੁੱਧ ਨਸੀਬ ਹੋਵੇ ਨਾ ਹੋਵੇ? ਸੋਚ ਕੇ ਉਸ ਨੇ ਔਖਾ ਸੌਖਾ ਹੋ ਕੇ ਦੁੱਧ ਅੰਦਰ ਸੁੱਟ ਲਿਆ।
-''ਤੇਰੇ ਦੋਸਤਾਂ ਆਸਤੇ ਵੀ ਦੁੱਧ ਧਰ ਦਿਆਂ ਪੁੱਤ-?''
-''ਨਹੀ ਬੇਬੇ ਐਨਾਂ ਟਾਈਮ ਨਹੀਂ।''
-''ਇਹ ਵੀ ਕਿਸੇ ਮਾਂ ਦੇ ਪੁੱਤ ਈ ਐ-ਪਤਾ ਨਹੀਂ ਕਿਹੜੀ ਮਜ਼ਬੂਰੀ ਨੂੰ ਅਸਲਾ ਚੁੱਕੀ ਫਿਰਦੇ ਐ ਪੁੱਤ ਤੇਰੇ ਮਾਂਗੂੰ।'' ਬੇਬੇ ਬੋਲੀ ਜਾ ਰਹੀ ਸੀ।
-''ਨਹੀਂ ਬੇਬੇ ਮੇਰੀਏ-ਕਦੇ ਫਿਰ ਸਹੀ।'' ਬੰਬ ਨੇ ਕਿਹਾ।
ਉਹਨਾਂ ਸਾਰਿਆਂ ਨੇ ਪਹਿਲਾਂ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਿਆ ਅਤੇ ਫਿਰ ਬੇਬੇ ਤੋਂ ਅਸ਼ੀਰਵਾਦ ਲੈ ਕੇ, ਪਸੂਆਂ ਵਾਲੀ ਖੁਰਲੀ 'ਤੇ ਚੜ੍ਹ, ਪਿੱਛੇ ਰੂੜੀ 'ਤੇ ਛਾਲਾਂ ਮਾਰ, ਸਰ੍ਹੋਂ ਦੇ ਖੇਤ
ਵਿਚ ਛਿਤਮ ਹੋ ਗਏ।
ਅਸਲ ਵਿਚ ਜਦੋਂ ਗੁਰਪਾਲ ਸਿਪਾਹੀ ਤੋਂ ਏ ਕੇ ਸੰਤਾਲੀ ਖੋਹ ਕੇ ਸਰ੍ਹੋਂ ਦੇ ਖੇਤਾਂ ਵਿਚ ਦੀ ਭੱਜਿਆ ਸੀ ਤਾਂ ਦੋ ਕੁ ਕਿਲੋਮੀਟਰ ਭੱਜਣ ਤੋਂ ਬਾਅਦ ਜਦ ਉਸ ਨੇ ਕੱਚਾ ਪੈਹਾ ਟੱਪਿਆ ਤਾਂ ਉਸ ਨੂੰ ਸਾਹਮਣਿਓਂ ਕੋਈ ਜੀਪ ਆਉਂਦੀ ਦਿਖਾਈ ਦਿੱਤੀ। ਘਚਾਨੀ ਦੇ ਕੇ ਉਸ ਨੇ ਚੰਦਾਂ ਵਾਲੇ ਪੁਲ ਨੂੰ ਟੇਢ ਲੈ ਲਈ। ਅਜੇ ਉਹ ਸਰਕੜ੍ਹਿਆਂ ਵਿਚ ਪੰਜ-ਸੱਤ ਕੁ ਮਿੰਟ ਹੀ ਦੌੜਿਆ ਹੋਵੇਗਾ ਕਿ ਉਸ ਨੂੰ ਮੂੰਹ ਬੰਨ੍ਹੇ, ਹਥਿਆਰਬੰਦ ਵਿਅਕਤੀਆਂ ਨੇ ਘੇਰ ਲਿਆ। ਉਸ ਨੇ ਏ ਕੇ ਸੰਤਾਲੀ ਸੁੱਟ ਕੇ ਹੱਥ ਖੜ੍ਹੇ ਕਰ ਲਏ। ਉਸ ਦਾ ਸਾਹ ਨਾਲ ਸਾਹ ਨਹੀਂ ਰਲਦਾ ਸੀ ਅਤੇ ਅਤੀਅੰਤ ਘਬਰਾਇਆ ਹੋਇਆ ਸੀ। ਉਸ ਦੇ ਹੱਥ ਪੈਰ ਕੰਬ ਰਹੇ ਸਨ ਅਤੇ ਦਿਲ ਫੜੇ ਕਬੂਤਰ ਵਾਂਗ ''ਫੜੁੱਕ-ਫੜੁੱਕ'' ਵੱਜ ਰਿਹਾ ਸੀ। ਉਥੋਂ ਬਚੇ ਇਹ ਨਹੀ ਛੱਡਦੇ, ਉਹ ਸੋਚ ਰਿਹਾ ਸੀ।
-''ਕੀ ਭੀੜ ਪੈ ਗਈ ਗੁਰੂ ਦੇ ਸਿੰਘਾ-ਅੰਮ੍ਰਿਤ ਵੇਲੇ?'' ਰੇਸ਼ਮ ਸਿੰਘ 'ਬੰਬ' ਨੇ ਗੁਰਪਾਲ ਨੂੰ ਪਹਿਚਾਣ ਕੇ ਆਪਣਾ ਮੂੰਹ ਨੰਗਾ ਕਰ ਲਿਆ। ਉਸ ਦੀਆਂ ਬਾਜ਼ ਨਜ਼ਰਾਂ ਨੇ ਗੁਰਪਾਲ ਨੂੰ ਫੱਟ ਪਹਿਚਾਣ ਲਿਆ ਸੀ।
ਗੁਰਪਾਲ ਦੇ ਸਾਹ ਵਿਚ ਸਾਹ ਆਇਆ। ਉਸ ਨੇ ਹੱਥ ਨੀਵੇਂ ਕਰ ਲਏ। ਉਹ ਧਰਤੀ 'ਤੇ ਬੈਠਾ ਨਹੀਂ, ਇੱਕ ਤਰ੍ਹਾਂ ਨਾਲ ਡਿੱਗ ਹੀ ਪਿਆ ਸੀ।
-''ਜੱਥੇਦਾਰਾ-ਜਾਣਦੈਂ ਇਸ ਬੰਦੇ ਨੂੰ?'' ਸਾਥੀ ਨੇ ਰੇਸ਼ਮ ਸਿੰਘ ਬੰਬ ਨੂੰ ਪੁੱਛਿਆ।
-''ਚੰਗੀ ਤਰ੍ਹਾਂ! ਇਹ ਗੁਰਪਾਲ ਸਿੰਘ ਐ ਚੜਿੱਕ ਤੋਂ-ਮੈਨੂੰ ਸਕੂਟਰ ਤੇ ਬਿਠਾ ਕੇ ਲਿਆਇਆ ਸੀ।''
ਸਾਥੀ ਚੁੱਪ ਹੋ ਗਿਆ। ਜੱਥੇਬੰਦੀ ਦਾ ਹਰ ਬੰਦਾ 'ਬੰਬ' 'ਤੇ ਰੱਬ ਵਾਂਗ ਵਿਸ਼ਵਾਸ ਕਰਦਾ ਸੀ। ਕੋਈ ਉਸ ਦੇ ਕਿਰਦਾਰ 'ਤੇ ਉਂਗਲ ਨਹੀਂ ਰੱਖ ਸਕਦਾ ਸੀ। ਜੱਥੇਬੰਦੀ ਦਾ ਬੜਾ ਹੀ ਇਮਾਨਦਾਰ ਅਤੇ ਸੂਝਵਾਨ ਮਾਨੁੱਖ ਸੀ। ਉਹ ਜੱਥੇਬੰਦੀ ਲਈ ਹਰ ਸਮੇਂ, ਕੁਰਬਾਨੀ ਦੇਣ ਲਈ ਸਦਾ ਤਿਆਰ-ਬਰ-ਤਿਆਰ ਰਹਿੰਦਾ ਸੀ।
-''ਗੁਰਪਾਲ ਨੂੰ ਜਲ ਛਕਾਓ ਸਿੰਘੋ!''
ਗੁਰਪਾਲ ਨੂੰ ਪਾਣੀ ਪਿਆਇਆ ਗਿਆ।
ਉਸ ਦੀ ਕੁਝ ਕੁ ਸੁਰਤ ਪਰਤੀ।
-''ਹਾਂ ਬਈ ਗੁਰਪਾਲ ਦੋਸਤ-ਹੁਣ ਦੱਸ ਕੀ ਬਿਪਤਾ ਆ ਪਈ? ਕਿਉਂ ਅੰਮ੍ਰਿਤ ਵੇਲੇ ਅਵਾਜ਼ਾਰ ਹੋਇਆ ਫਿਰਦੈਂ? ਏ ਕੇ ਸੰਤਾਲੀ ਤੇਰੇ ਹੱਥ 'ਚ ਐ?'' ਰੇਸ਼ਮ ਸਿੰਘ ਨੇ ਉਸ ਦੀ ਪਿੱਠ
ਪਲੋਸਦਿਆਂ ਕਿਹਾ।
ਹੁਬਕੀਆਂ ਭਰ-ਭਰ ਗੁਰਪਾਲ ਨੇ ਸਾਰੀ ਹੱਡ ਬੀਤੀ ਉਹਨਾਂ ਅੱਗੇ ਰੱਖ ਦਿੱਤੀ। ਇੱਕ ਅਜ਼ੀਬ ਚੁੱਪ ਛਾਈ ਹੋਈ ਸੀ। ਬੰਬ ਅਤੇ ਸਾਥੀਆਂ ਨੇ ਉਸ ਦੀ ਦਰਦ ਭਰੀ ਕਹਾਣੀ ਬੜਾ ਧਿਆਨ ਦੇ ਕੇ ਸੁਣੀ

ਸੀ।
-"ਗੁਰਪਾਲ ਸਿਆਂ-ਆਹ ਸਾਰੇ ਸਿੰਘ ਦੇਖਦੈਂ? ਇਹ ਸਾਰੇ ਤੇਰੇ ਵਰਗੇ ਈ ਐ-ਸਾਰਿਆਂ ਨਾਲ ਤਕਰੀਬਨ ਤੇਰੇ ਆਲੀ ਘਾਣੀ ਬੀਤੀ ਹੋਈ ਐ।"
ਗੁਰਪਾਲ ਨੇ ਸਾਰਿਆਂ ਨੂੰ ਬੜੇ ਗਹੁ ਨਾਲ ਤੱਕਿਆ। ਉਸ ਨੇ ਆਪਣੇ ਆਪ ਨੂੰ ਕੁਝ ਹਲਕਾ-ਹਲਕਾ ਮਹਿਸੂਸ ਕੀਤਾ। ਜਿਵੇਂ ਉਸ ਦਾ ਦੁੱਖ ਵੰਡਿਆ ਗਿਆ ਹੋਵੇ। ਕੁਝ ਹੋਰ ਪਾਣੀ ਪੀਣ ਤੋਂ ਬਾਅਦ ਉਸ ਦਾ ਦਿਲ ਥਾਂਵੇਂ ਆ ਗਿਆ।
-"ਸਾਡੇ ਦਰਵਾਜੇ ਤੇਰੇ ਲਈ ਹਮੇਸ਼ਾਂ ਖੁੱਲ੍ਹੇ ਐ ਗੁਰਪਾਲ-ਪਰ ਜੇ ਤੂੰ ਉਤਲੇ ਲੋਟ ਈ ਭੱਜੇ ਫਿਰਨੈ ਤੇਰੀ ਮਰਜ਼ੀ-ਹਾਂ ਇੱਕ ਗੱਲ ਯਾਦ ਰੱਖੀਂ ਤੇਰੇ ਅੱਗੇ ਪਿੱਛੇ ਮੌਤ ਈ ਮੌਤ ਐ-ਜੇ ਸਾਡੇ ਨਾਲ
ਤੁਰਨੈ ਤਾਂ ਸੋਚ ਸਮਝ ਕੇ ਤੁਰੀਂ-ਇਹ ਰਸਤਾ ਸਿਰਫ਼ ਅੱਗੇ ਈ ਜਾਂਦੈ-ਪਿੱਛੇ ਤੋਂ ਬੰਦ ਹੁੰਦਾ ਆਉਂਦੈ-ਜੇ ਉਂ ਭੱਜਿਆ ਫਿਰਦਾ ਮਾਰਿਆ ਗਿਆ ਤੈਨੂੰ ਕਿਸੇ ਨੇ ਨਹੀਂ ਪੁੱਛਣਾ-ਪੰਥ ਲਈ ਮਰੇਂਗਾ
ਤਾਂ ਮਹਾਨ ਸ਼ਹੀਦ ਅਖਵਾਵੇਂਗਾ-ਰਾਹ ਚੁਣਨਾ ਤੇਰਾ ਕੰਮ ਐਂ ਮਿੱਤਰਾ-ਅੱਜ ਈ ਫੈਸਲਾ ਕਰ ਲੈ ਕਿਹੜੀ ਮੋਰੀ ਨਿਕਲਣੈਂ-ਫੇਰ ਮੁੜ ਕੇ ਨਾ ਆਖੀਂ ਦੱਸਿਆ ਨਹੀਂ-ਗੱਦਾਰੀ ਦਾ ਇਨਾਮ ਸਾਡੇ ਕੋਲ ਸਿਰਫ਼ ਗੋਲੀ ਐ-ਚਾਹੇ ਸਾਡਾ ਕੋਈ ਸਕਾ ਭਰਾ ਈ ਕਿਉਂ ਨਾ ਹੋਵੇ।"
ਜੱਥੇਦਾਰ ਨੇ ਸਲਾਹ ਦੇਣ ਨਾਲ ਜ਼ਰੂਰੀ ਨਸੀਹਤਾਂ ਵੀ ਦੇ ਮਾਰੀਆਂ।
-"ਜੱਥੇਦਾਰ! ਮੇਰੀ ਬੇਨਤੀ ਕਬੂਲ ਕਰੋ-ਮੈਨੂੰ ਆਪਣੀ ਜੱਥੇਬੰਦੀ ਵਿਚ ਭਰਤੀ ਕਰ ਲਵੋ-ਪਰ ਇੱਕ ਸ਼ਰਤ ਮੇਰੀ ਵੀ ਹੈ-।"
-"ਬੇਝਿਜਕ ਹੋ ਕੇ ਫ਼ੁਰਮਾਨ ਕਰੋ-ਨਿਰਪੱਖ ਹੋ ਕੇ ਸੁਣੀ ਅਤੇ ਮੰਨੀ ਜਾਵੇਗੀ-।"
-"ਸ਼ਰਤ ਜੱਥੇਦਾਰ ਇਹ ਹੈ-ਮੈਥੋਂ ਬੇਕਸੂਰ ਅਤੇ ਮਜ਼ਲੂਮ ਬੰਦਾ ਨਹੀ ਮਾਰਿਆ ਜਾਣਾ-ਫੇਰ ਨਾ ਕਹਿਓ ਬਈ ਗੱਦਾਰੀ ਕਰਦੈ-।"
ਜੱਥੇਦਾਰ ਹੱਸ ਪਿਆ।
-"ਬੜੇ ਕੰਮ ਦੀ ਗੱਲ ਕਹੀ ਐ ਮੇਰੇ ਦੋਸਤ-ਸਾਡੀ ਜੱਥੇਬੰਦੀ ਦੇ ਕਾਇਦੇ ਕਾਨੂੰਨ ਬਹੁਤ ਸਖ਼ਤ ਹਨ-ਮੁਖ਼ਬਰ ਅਤੇ ਪੰਥ ਦੋਖੀ ਸੋਧਣਾ ਸਾਡਾ ਪਹਿਲਾ ਕਰਮ ਐਂ-ਮਜ਼ਲੂਮ ਦੀ ਰੱਖਿਆ ਕਰਨਾ
ਸਾਡਾ ਇਖ਼ਲਾਕੀ ਫ਼ਰਜ਼-ਚਾਹੇ ਉਹ ਹਿੰਦੂ ਐ ਤੇ ਚਾਹੇ ਹੈ ਸਿੱਖ-ਸਾਡੇ ਲਈ ਸਭ ਬਰਾਬਰ ਹਨ-ਹਾਂ! ਐਕਸ਼ਨ ਕਰਨ ਵੇਲੇ ਕੋਈ ਸਾਡੇ ਸਿੰਘ ਨੂੰ ਫੜਨ ਜਾਂ ਮਾਰਨ ਦੀ ਕੋਸ਼ਿਸ਼ ਕਰਦੈ-ਉਸ ਦਾ
ਹਸ਼ਰ ਤੈਨੂੰ ਫਿਰ ਪਤਾ ਈ ਐ-ਉਥੇ ਅਸੀਂ ਬਿਲਕੁਲ ਮਜ਼ਬੂਰ ਹੋ ਜਾਂਦੇ ਹਾਂ।"
-"ਠੀਕ ਹੈ-ਮੈਂ ਸਹਿਮਤ ਹਾਂ।"
ਗੁਰਪਾਲ ਨੂੰ ਜੱਥੇਬੰਦੀ ਵਿਚ ਭਰਤੀ ਕਰ ਲਿਆ ਗਿਆ। ਉਸ ਦਿਨ ਤੋਂ ਸ਼ੁਰੂ ਹੋਇਆ ਗੁਰਪਾਲ ਦਾ ਖ਼ਾੜਕੂ ਸਫ਼ਰ.....!

ਇੱਕ ਰਾਤ ਇੱਕ ਫਾਰਮ ਹਾਊਸ 'ਤੇ ਜੱਥੇਬੰਦੀਆਂ ਦੀ ਗਰਮਾਂ ਗਰਮ ਬਹਿਸ ਜਾਂ ਕਹੋ ਮੀਟਿੰਗ ਚੱਲ ਰਹੀ ਸੀ। ਤਰ੍ਹਾਂ ਤਰ੍ਹਾਂ ਦੇ ਵਿਚਾਰ ਚੱਲ ਰਹੇ ਸਨ। ਤਰ੍ਹਾਂ ਤਰ੍ਹਾਂ ਦੇ ਮਤੇ ਪਾਸ ਹੋ ਰਹੇ ਸਨ। ਕੋਈ ਸਹਿਮਤੀ ਪ੍ਰਗਟਾਉਂਦਾ ਸੀ ਅਤੇ ਕੋਈ ਖ਼ਿਲਾਫ਼ੀਅਤ ਕਰਦਾ ਸੀ। ਕਈ ਵਿਚਾਰ ਨਰਮ ਸਨ ਅਤੇ ਕੁਝ ਵਿਚਾਰ ਅਤੀ ਅੰਤ ਗਰਮ! ਕੋਈ ਫ਼ੈਸਲਾ ਨਹੀਂ ਹੋ ਰਿਹਾ ਸੀ। ਇੱਕ ਗਰਮ ਧੜੇ
ਦਾ ਸਿੰਘ ਆਖ ਰਿਹਾ ਸੀ, "ਪਿੰਡਾਂ ਵਿਚੋਂ ਹਿੰਦੂਆਂ ਨੂੰ ਇੱਕ ਵਾਢਿਓਂ ਸੋਧਣ ਲੱਗ ਪਵੋ-ਪੰਜਾਬ ਛੱਡ ਕੇ ਭੱਜ ਤੁਰਨਗੇ-ਖ਼ਾਲਿਸਤਾਨ ਤਾਂ ਆਪਣੇ ਆਪ ਬਣਿਆਂ ਖੜ੍ਹੈ! ਜਦੋਂ ਪੰਜਾਬ ਵਿਚ ਸਿਰਫ਼ ਰਹਿ ਈ ਸਿੱਖ ਗਏ ਆਪਣੀ ਬਰਖ਼ਿਲਾਫ਼ੀ ਕੌਣ ਕਰੂ?" ਆਪਣੇ ਵਿਚਾਰ ਪੇਸ਼ ਕਰਕੇ ਸਿੰਘ ਬੈਠ ਗਿਆ ਅਤੇ ਜੱਥੇਦਾਰ ਰੇਸ਼ਮ ਸਿੰਘ ਬੱਬ ਆਪਣੇ ਵਿਚਾਰ ਰੱਖਣ ਲਈ ਖੜ੍ਹਾ ਹੋ ਗਿਆ।
-"ਮੈਂ ਗੁਰਬੰਤ ਸਿੰਘ ਦੇ ਵਿਚਾਰਾਂ ਨਾਲ ਉਕਾ ਈ ਸਹਿਮਤ ਨਹੀਂ ਹਾਂ-ਨਿਰਦੋਸ਼ ਲੋਕਤਾਈ ਦੇ ਕਤਲ ਕਿਵੇਂ ਵੀ ਸਾਡੀ ਲਹਿਰ ਦੇ ਹੱਕ ਵਿਚ ਨਹੀਂ ਜਾਂਦੇ-ਅਗਰ ਅਸੀਂ ਹਰ ਫ਼ਿਰਕੇ ਦੇ ਲੋਕਾਂ ਨੂੰ ਨਾਲ ਲੈ ਕੇ ਚੱਲਦੇ ਹਾਂ ਤਾਂ ਅਸੀਂ ਮੰਜ਼ਿਲ ਦੇ ਨਜ਼ਦੀਕ ਪਹੁੰਚ ਸਕਦੇ ਹਾਂ-ਹਰ ਪੰਜਾਬੀ ਦਾ ਸਹਿਯੋਗ ਸਾਡੇ ਲਈ ਮਾਂ ਦੀ ਬੁੱਕਲ ਦੀ ਤਰ੍ਹਾਂ ਹੈ-ਜਿਤਨੇ ਅਸੀਂ ਨਿੱਹੱਥੇ ਲੋਕ ਮਾਰਾਂਗੇ ਉਤਨੀ ਹੀ ਲਹਿਰ ਨੂੰ ਖੂਹ ਵਿਚ ਸੁੱਟਾਂਗੇ-ਜਿਤਨਾ ਅਸੀਂ ਲੋਕਾਂ ਨੂੰ ਨਾਲ ਲੈ ਕੇ ਤੁਰਾਂਗੇ ਉਤਨਾ ਹੀ ਅੱਗੇ ਵਧਾਂਗੇ-ਦੁਨੀਆਂ ਦੇ ਕਿਸੇ ਵੀ ਅਜ਼ਾਦ ਮੁਲਕ ਦੇ ਇਤਿਹਾਸ ਤੇ ਨਜ਼ਰ ਮਾਰ ਲਵੋ-ਅਜ਼ਾਦੀ ਲੋਕਾਂ ਦੇ ਸਹਿਯੋਗ ਨਾਲ ਹੀ ਮਿਲੀ ਹੈ-ਜੋਸ਼ ਨਾਲੋਂ ਹੋਸ਼ ਤੋਂ ਜ਼ਿਆਦਾ ਕੰਮ ਲਿਆ ਜਾਵੇ-ਮੇਰੇ ਅਨੁਮਾਨ ਅਨੁਸਾਰ ਫ਼ਾਇਦੇਮੰਦ ਸਾਬਤ ਹੋਵੇਗਾ-ਤੁਸੀਂ ਨੈਕਸਲਾਈਟ ਮੂਵਮੈਂਟ ਦਾ ਹਸ਼ਰ ਵੀ ਦੇਖ ਲਵੋ ਕਿ ਪਹਿਲਾਂ ਲੋਕਾਂ ਵਿਚ ਇਸ ਲਹਿਰ ਪ੍ਰਤੀ ਕਿਤਨਾ ਖਿਚਾਅ ਅਤੇ ਉਤਸ਼ਾਹ ਸੀ-ਪਰ ਜਦ ਜਿੱਥੇ ਖਾਧਾ ਉਥੇ ਹੀ ਥੁੱਕਿਆ ਵਾਲਾ ਸਿਧਾਂਤ ਸ਼ੁਰੂ ਹੋਇਆ ਤਾਂ ਲਹਿਰ ਦੀ ਅਹੀ ਤਹੀ ਫਿਰ ਗਈ-ਤੁਹਾਡੇ ਸਾਹਮਣੇ ਹੀ ਬਿਲਕੁਲ ਤਹਿਸ ਨਹਿਸ ਹੋ ਕੇ ਰਹਿ ਗਈ-ਸੋ ਇਸ ਲਈ ਸਾਥੀ ਗੁਰਬੰਤ ਸਿੰਘ ਦੀ ਸੋਚ ਜ਼ਾਹਿਰਾ ਤੌਰ ਤੇ ਨਿਰਮੂਲ ਹੈ-ਹਾਲਾਂ ਕਿ ਨੈਕਸਲਾਈਟ ਮੂਵਮੈਂਟ ਬਿਲਕੁਲ ਸਾਂਝੀ ਲਹਿਰ ਸੀ-ਕਿਸੇ ਇੱਕ ਫ਼ਿਰਕੇ ਦੇ ਲੋਕਾਂ ਦੀ ਨਹੀਂ ਸਗੋਂ ਸਮੁੱਚੇ ਪੰਜਾਬ ਦੀ ਲਹਿਰ ਸੀ-ਜਦੋਂ ਮੂਵਮੈਂਟ ਦੇ ਮੁਖੀ ਜਾਂ ਕਹੋ ਕਰਤੇ ਧਰਤੇ ਹੀ ਪਨਾਂਹ ਦੇਣ ਵਾਲਿਆਂ ਨਾਲ ਗੱਦਾਰੀਆਂ ਕਰਨ ਲੱਗ ਪਏ ਭਾਵ ਉਹਨਾਂ ਦੀਆਂ ਹੀ ਧੀਆਂ, ਭੈਣਾਂ, ਨੂੰਹਾਂ ਤਕਾਉਣ ਲੱਗ ਪਏ-ਲਹਿਰ ਮੂਧੇ ਮੂੰਹ ਜਾ ਪਈ-ਇੱਕ ਹੋਰ ਅਹਿਮ ਗੱਲ-।"
ਜੱਥੇਦਾਰ ਨੇ ਲੰਬਾ ਸਾਹ ਲਿਆ ਤਾਂ "ਅਹਿਮ ਗੱਲ" ਸੁਣਨ ਲਈ ਸਾਰਿਆਂ ਨੇ ਕੰਨ ਚੁੱਕ ਲਏ।
-"ਸਰਕਾਰ ਸਾਡੇ ਵਿਚ ਆਪਣੇ ਬੰਦੇ ਘੁਸਪੈਠ ਕਰਨ ਲਈ ਬਹੁਤ ਹੀ ਤਤਪਰ ਹੈ-ਕੋਈ ਵੀ ਸਿੰਘ ਭਰਤੀ ਕਰਨ ਤੋਂ ਪਹਿਲਾਂ ਉਸ ਦੇ ਪਿਛੋਕੜ ਤੇ ਜਰੂਰ ਝਾਤ ਮਾਰ ਲਈ ਜਾਵੇ-ਉਸ ਦਾ ਅੱਗਾ ਪਿੱਛਾ ਪੜਤਾਲਣ ਤੋਂ ਬਾਅਦ ਹੀ ਜੱਥੇਬੰਦੀ ਵਿਚ ਸ਼ਾਮਲ ਕੀਤਾ ਜਾਵੇ-ਚਾਹੇ ਉਹ ਕੋਈ ਵੀ ਜੱਥੇਬੰਦੀ ਹੈ-ਇਹ ਗੱਲ ਕਦਾਚਿੱਤ ਨਹੀਂ ਭੁੱਲਣੀ ਕਿ ਕੇਵਲ ਇੱਕ ਬੰਦਾ ਹੀ ਸਾਰੀ ਜੱਥੇਬੰਦੀ ਦਾ ਨੁਕਸਾਨ ਕਰਵਾ ਸਕਦਾ ਹੈ-ਇੱਕ ਜੱਥੇਬੰਦੀ ਨੁਕਸਾਨੀ ਗਈ, ਸਮਝੋ ਮੂਵਮੈਂਟ ਦਾ ਇਕ ਅੰਗ ਉੱਡ ਗਿਆ-।" ਜੱਥੇਦਾਰ ਰੇਸ਼ਮ ਸਿੰਘ ਬੱਬ ਬੈਠਣ ਤੋਂ ਬਾਅਦ ਆਪਣੇ ਵਿਚਾਰ ਪੇਸ਼ ਕਰਨ ਲਈ ਜਸਦੇਵ ਸਿੰਘ ਖੜ੍ਹਾ ਹੋ ਗਿਆ। ਜਸਦੇਵ ਸਿੰਘ ਇਸ ਇਲਾਕੇ ਦਾ ਏਰੀਆ ਕਮਾਂਡਰ ਸੀ। ਜਸਦੇਵ ਸਿੰਘ ਸਾਬਤ ਸੂਰਤ ਦਸਤਾਰ ਸਿਰਾ, ਪੂਰਨ ਗੁਰਸਿੱਖ, ਅੰਮ੍ਰਿਤਧਾਰੀ ਸਿੰਘ ਸੀ। ਇਸ ਚੱਲ ਰਹੀ ਲਹਿਰ ਵਿਚ ਉਸ ਨੇ ਵੱਧ

ਚੜ੍ਹ ਕੇ ਯੋਗਦਾਨ ਪਾਇਆ ਸੀ। ਛੋਟੇ ਦੋ ਭਰਾ ਸ਼ਹੀਦ ਹੋ ਚੁੱਕੇ ਸਨ, ਪਰ ਸਿੰਘ ਅਜੇ ਵੀ ਚੜ੍ਹਦੀਆਂ ਕਲਾਂ ਵਿਚ ਸੀ।
-"ਸਤਿਕਾਰਯੋਗ ਜੱਥੇਦਾਰ ਸਾਹਿਬ ਅਤੇ ਸਾਥੀ ਭਰਾਵੋ-ਵਾਹਿਗੁਰੂ ਜੀ ਕਾ ਖ਼ਾਲਸਾ-ਵਾਹਿਗੁਰੂ ਜੀ ਕੀ ਫਤਹਿ।।"
ਫ਼ਤਹਿ ਦਾ ਜਵਾਬ ਫ਼ਤਹਿ ਵਿਚ ਹੀ ਆਇਆ।
-"ਜੱਥੇਦਾਰ ਸਾਹਿਬ ਅਤੇ ਹੋਰ ਸਾਥੀਆਂ ਨੇ ਆਪਣੇ ਬੜੇ ਕੀਮਤੀ ਵਿਚਾਰ ਰੱਖੇ ਹਨ-ਸੋ ਮੈਂ ਵੀ ਆਪਣੀ ਤੁੱਛ ਬੁੱਧੀ ਅਨੁਸਾਰ ਕੁਝ ਬਚਨ ਸਾਂਝੇ ਕਰਨਾ ਚਾਹਾਂਗਾ-ਜਿਵੇਂ ਕਿ ਜੱਥੇਦਾਰ ਸਾਹਿਬ ਨੇ ਨਿਰਦੋਸ਼ਿਆਂ ਦੇ ਕਤਲਾਂ ਅਸਹਿਮਤੀ ਪ੍ਰਗਟ ਕੀਤੀ ਹੈ-ਦਾਸ ਵੀ ਇਸ ਗੱਲ ਦੀ ਪ੍ਰੋੜਤਾ ਕਰੇਗਾ-ਬੇਦੋਸ਼ਿਆਂ ਨੂੰ ਮਾਰਨਾ ਖ਼ਾਲਸੇ ਦਾ ਕੰਮ ਨਹੀਂ-ਜੱਥੇਦਾਰ ਜੀ ਦੇ ਬਚਨਾਂ ਮੁਤਾਬਿਕ ਲਹਿਰ ਨੂੰ ਪਿੱਛੇ ਹੀ ਸੁੱਟਾਂਗੇ-ਗੁਰੂ ਤੋਂ ਬੇਮੁੱਖ ਵਾਧੂ ਦੇ ਹੋਵਾਂਗੇ-ਸੋ, ਨਾ ਕੋ ਵੈਰੀ ਨਾਹਿ ਬਿਗਾਨਾ-ਸਗਲ ਸੰਗ ਹਮ ਕੋ ਬਨਿ ਆਈ-ਵਾਲਾ ਸਿਧਾਂਤ ਅਸੀਂ ਹਮੇਸ਼ਾ ਅੱਗੇ ਰੱਖਣੈ-ਇਸ ਤੋਂ ਇਲਾਵਾ ਅਗਰ ਕੋਈ ਗਲਤੀ ਕਰ ਕੇ ਪਾਛਚਾਤਾਪ ਕਰਦਾ ਹੈ-ਮੁਆਫ਼ੀ ਮੰਗ ਲੈਂਦਾ ਹੈ ਤਾਂ ਉਸ ਨੂੰ ਗੁਰਬਾਣੀ ਅਨੁਸਾਰ-ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦ ਸੁਆਮੀ ਸੰਦਾ-ਕਹਿਣ ਦਾ ਭਾਵ ਉਸ ਨੂੰ ਇਕ ਵਾਰ ਜ਼ਰੂਰ ਮੁਆਫ਼ ਕੀਤਾ ਜਾਣਾ ਚਾਹੀਦਾ ਹੈ-ਸਰਣ ਆਏ ਨੂੰ ਮੁਆਫ਼ ਕਰਨਾ ਖ਼ਾਲਸੇ ਦਾ ਧਰਮ ਹੈ-ਦੂਸਰੀ ਬੇਨਤੀ ਦਾਸ ਦੀ ਇਹ ਹੈ ਕਿ ਜਦ ਕੋਈ ਜੱਥੇਬੰਦੀ ਕਿਸੇ ਵੀ ਐਕਸ਼ਨ ਦੀ ਜ਼ਿੰਮੇਵਾਰੀ ਅਖਬਾਰਾਂ ਵਿਚ ਲੈਂਦੀ ਹੈ ਤਾਂ ਕੋਸ਼ਿਸ਼ ਇਹ ਹੀ ਰਹੇ ਕਿ ਅਖਬਾਰਾਂ ਵਿਚ ਘੱਟ ਤੋਂ ਘੱਟ ਜਗ੍ਹਾ ਲਈ ਜਾਵੇ ਅਰਥਾਤ ਜੱਥੇਬੰਦੀ ਅਤੇ ਇੱਕ ਦੋ ਮੁਖੀਆਂ ਦੇ ਨਾਂ ਹੀ ਪਾਏ ਜਾਣ-ਨਾ ਕਿ ਇੱਕ ਇੱਕ ਜ਼ਿੰਮੇਵਾਰੀ ਵਿਚ ਪੰਦਰਾਂ ਪੰਦਰਾਂ ਨਾਮ ਲਿਖੇ ਜਾਣ-ਨਾ ਪੱਤਰਕਾਰਾਂ ਅਤੇ ਨਾ ਸੰਪਾਦਕਾਂ ਨੂੰ ਪ੍ਰੇਸ਼ਾਨ ਕੀਤਾ ਜਾਵੇ-ਅਖ਼ਬਾਰਾਂ ਲਹਿਰਾਂ ਦਾ ਧੁਰਾ ਹੁੰਦੀਆਂ ਹਨ-ਅਗਰ ਮੀਡੀਆ ਹੀ ਲਹਿਰ ਦੇ ਖ਼ਿਲਾਫ਼ ਸਟੈਂਡ ਲੈ ਲੈਂਦਾ ਹੈ ਤਾਂ ਮੂਵਮੈਂਟ ਖੜ੍ਹੀ ਖੜੋਤੀ ਹੀ ਨਸ਼ਟ ਹੋ ਜਾਂਦੀ ਹੈ-ਸੋ ਕ੍ਰਿਪਾ ਕਰਕੇ ਕਲਮਾਂ ਵਾਲਿਆਂ ਨਾਲ ਜ਼ਰੂਰ ਬਣਾ ਕੇ ਰੱਖੀ ਜਾਵੇ-ਵਾਹਿਗੁਰੂ ਜੀ ਕਾ ਖ਼ਾਲਸਾ-ਵਾਹਿਗੁਰੂ ਜੀ ਕੀ
ਫ਼ਤਹਿ।।"
ਹੁਣ ਵਾਰੀ ਗੁਰਪਾਲ ਦੀ ਸੀ।
-"ਅਤੀਅੰਤ ਸਤਿਕਾਰਯੋਗ ਜੱਥੇਦਾਰ ਭਾਈ ਰੇਸ਼ਮ ਸਿੰਘ ਜੀ ਬੰਬ ਅਤੇ ਸਤਿਕਾਰਯੋਗ ਜੱਥੇਦਾਰ ਸਾਹਿਬ ਨੇ ਲੋਕਾਂ ਨੂੰ ਨਾਲ ਲੈ ਕੇ ਚੱਲਣ ਦੀ ਗੱਲ ਕੀਤੀ ਹੈ-ਇਹ ਬੜੀ ਹੀ ਸ਼ਲਾਘਾਯੋਗ ਸੋਚ ਹੈ-
ਸੋ ਲੋਕਾਂ ਨੂੰ ਨਾਲ ਲੈ ਕੇ ਤੁਰਨਾ ਸਾਡੇ ਲਈ ਇੱਕ ਅਹਿਮ ਸੁਆਲ ਹੈ-ਲੋਕਾਂ ਨੂੰ ਨਾਲ ਤੋਰਨ ਲਈ ਸਾਡੇ ਕੋਲ ਕੋਈ ਗਿੱਦੜਸਿੰਗੀ ਨਹੀਂ ਜਿਹੜੀ ਸੁੰਘਾ ਕੇ ਅਸੀਂ ਲੋਕਾਂ ਨੂੰ ਮਗਰ ਲਾ ਲਵਾਂਗੇ-ਲੋਕਾਂ ਦਾ ਵਿਸ਼ਵਾਸ ਜਿੱਤਣ ਲਈ ਸਾਨੂੰ ਲੋਕਾਂ ਲਈ ਕੁਝ ਕਰਨਾ ਵੀ ਪਵੇਗਾ-ਮੇਰੇ ਕਹਿਣ ਦਾ ਮਤਲਬ ਲਹਿਰ ਦੇ ਨਾਲ ਨਾਲ ਸਾਨੂੰ ਕੋਈ ਸਮਾਜ ਸੁਧਾਰ ਲਹਿਰ ਵੀ ਅੱਗੇ ਲਿਆਉਣੀ ਚਾਹੀਦੀ ਹੈ-ਲੋਕਾਂ ਦਾ ਦੁਖੀ ਪੱਖ ਪਹਿਚਾਨਣਾ ਹੋਵੇਗਾ-ਸੋ ਮੇਰੀ ਨਜ਼ਰ ਵਿਚ ਲੋਕਾਂ ਦਾ ਇੱਕੋ ਇੱਕ ਨਹੀਂ, ਕਈ ਦੁਖੀ ਪੱਖ ਹਨ-ਜਿਸ ਤੇ ਮੈਂ ਸੰਖੇਪ ਚਾਨਣਾ ਪਾਉਣ ਦੀ ਕੋਸ਼ਿਸ਼ ਕਰਾਂਗਾ-ਸਭ ਤੋਂ ਜ਼ਿਆਦਾ ਸਾਡੇ ਲੋਕ ਦਾਜ-ਮੰਗੂ ਲੋਕਾਂ ਵੱਲੋਂ ਬਹੁਤ ਤੰਗ ਹਨ-ਦਾਜ ਬਿਲਕੁਲ ਬੰਦ ਕਰਵਾਇਆ ਜਾਵੇ-ਜੰਨ ਦੇ ਬੰਦਿਆਂ ਦੀ ਗਿਣਤੀ ਨੀਯਤ ਕੀਤੀ ਜਾਵੇ-ਸ਼ਰਾਬ ਬਿਲਕੁਲ ਬੰਦ ਕਰਵਾਈ ਜਾਵੇ-ਵਿਆਹ ਕੇ ਧੱਕੜ ਸਹੁਰਿਆਂ ਵੱਲੋਂ ਛੱਡੀਆਂ ਧੀਆਂ ਭੈਣਾਂ ਮੁੜ ਵਸਾਈਆਂ ਜਾਣ-ਲੱਚਰ ਗਾਇਕੀ ਸਖ਼ਤੀ ਨਾਲ ਬੰਦ ਕਰਵਾਈ ਜਾਵੇ-ਅਗਰ ਕੋਈ ਗਾਇਕ ਸਾਡੀ ਵਾਰਨਿੰਗ ਦੇ ਬਾਵਜੂਦ ਵੀ ਲੱਚਰ ਗਾਇਕੀ ਤੋਂ ਤੌਬਾ ਨਹੀਂ ਕਰਦਾ-ਉਸ ਨੂੰ ਤੀਜੀ ਵਾਰਨਿੰਗ ਤੋਂ ਬਾਅਦ ਸੋਧਿਆ ਜਾਵੇ-ਜੰਨ ਵਿਚ ਮੁਰਗੇ ਮੀਟ ਤੇ ਪੂਰਨ ਤੌਰ ਤੇ ਪਾਬੰਦੀ ਲਾਈ ਜਾਵੇ-ਇਸ ਨਾਲ ਲੜਕੀ ਵਾਲਿਆਂ ਤੇ ਆਰਥਿਕ ਬੋਝ ਘਟੇਗਾ-ਬਲਾਤਕਾਰੀ ਸੋਧੇ ਜਾਣ-ਗਰੀਬ ਮਾਪਿਆਂ ਦੀਆਂ ਕੁੜੀਆਂ ਦੀਆਂ ਸ਼ਾਦੀਆਂ ਤੇ ਲੋੜੀਂਦੀ ਆਰਥਿਕ ਮੱਦਦ ਦਿੱਤੀ ਜਾਵੇ ਆਦਿ-ਮੇਰੇ ਤਾਂ ਇਹ ਕੁਝ ਸੁਝਾਅ ਸਨ-ਫ਼ਾਈਨਲ ਫ਼ੈਸਲਾ ਆਪ ਸਭ ਦੇ ਅਤੇ ਸਤਿਕਾਰਯੋਗ ਜੱਥੇਦਾਰ ਸਾਹਿਬਾਨ ਦੇ ਹੱਥ ਹੈ-ਧੰਨਵਾਦ!" ਗੁਰਪਾਲ ਦੇ ਬੈਠਣ ਤੋਂ ਬਾਅਦ ਗਰਮ ਧੜੇ ਦਾ ਸਿੰਘ, ਭਾਈ ਕੁਲਬੀਰ ਸਿੰਘ "ਟੈਂਕ" ਬੜੇ ਜੋਸ਼ ਨਾਲ ਖੜ੍ਹਾ ਹੋਇਆ। ਉਸ ਦਾ ਚਿਹਰਾ ਅੰਗਿਆਰ ਵਾਂਗ ਦਗ ਰਿਹਾ ਸੀ ਅਤੇ ਅੱਖਾਂ ਚੰਗਿਆੜੇ ਛੱਡ ਰਹੀਆਂ ਸਨ। ਵੱਡੇ ਐਕਸ਼ਨ ਕਰਨ ਵਿਚ ਉਹ ਬੜਾ ਮਸ਼ਹੂਰ ਸੀ ਅਤੇ ਮਾਹਿਰ ਸੀ। ਸੁਭਾਅ ਦਾ ਬੜਾ ਕੌੜ ਅਤੇ ਮੂੰਹੋਂ ਅੱਗ ਉਗਲਦਾ ਸੀ। ਸਖ਼ਤ ਹਦਾਇਤਾਂ ਦੇ ਬਾਵਜੂਦ ਵੀ ਉਹ ਕਦੇ ਕਦੇ ਪਾਰਟੀ ਦੇ ਕਾਨੂੰਨ ਉਲੰਘ ਜਾਂਦਾ ਸੀ। ਨਾਲ ਦੇ ਸਿੰਘਾਂ ਨਾਲ ਮੱਤਭੇਦ ਹੋਣ ਕਾਰਨ ਉਹ ਪਹਿਲੀ ਜੱਥੇਬੰਦੀ ਛੱਡ ਕੇ "ਦੁਸ਼ਟ ਸੋਧ ਕਮਾਂਡੋ ਫ਼ੋਰਸ" ਵਿਚ ਸ਼ਾਮਲ ਹੋ ਗਿਆ ਸੀ। ਪਰ ਆਦਤਾਂ ਉਸ ਦੀਆਂ ਫਿਰ ਵੀ ਉਹ ਹੀ ਰਹੀਆਂ ਸਨ।
-"ਸਿੰਘਾਂ ਨੇ ਅਤੇ ਜੱਥੇਦਾਰਾਂ ਨੇ ਬਹੁਤ ਕੁਝ ਕਹਿ ਲਿਆ ਤੇ ਬਹੁਤ ਕੁਝ ਸੁਣ ਲਿਆ-ਪਰ ਅਸਲੀ ਗੱਲ ਵੱਲ ਕੋਈ ਨਹੀਂ ਆਇਆ-ਅਸਲੀ ਨਿਸ਼ਾਨੇ ਤੋਂ ਪਰ੍ਹੇ ਈ ਖੁਰਵੱਢ ਕਰਦੇ ਰਹੇ ਐ-ਮੈਂ ਕਹਿਨੈਂ ਗਾਂਧੀ ਬਣ ਕੇ ਲੋਕ ਭਲਾਈਆਂ ਸੋਚੀ ਜਾਨੇ ਓਂ! ਇਹਦੇ ਨਾਲ ਗੌਰਮਿੰਟ ਨੂੰ ਕੀ ਸੇਕ ਲੱਗੂ? ਹੈਂ! ਤੁਸੀਂ ਦਾਜ ਬੰਦ ਕਰਵਾਉਣ ਤੇ ਲੋਕਾਂ ਦੀਆਂ ਕੁੜੀਆਂ ਵਿਆਹੁਣ 'ਚ ਰੁੱਝਜੋ ਹੋਰ ਕੁਛ ਨਾ ਕਰਿਓ-ਅੱਬਲ ਤਾਂ ਕੁੜੀਆਂ ਦੇ ਵਿਆਹਾਂ 'ਚ ਘੱਗਰੀਆਂ ਪਾ ਕੇ ਨੱਚਣ ਲੱਗਪੋ-ਨਜਾਰਾ ਈ ਆਜੂ! ਨਾਲੇ ਦੋ ਪੈਰ ਅਸੀਂ ਦੇਖ ਲਿਆ ਕਰਾਂਗੇ-ਮੇਰੀ ਤਾਂ ਇਹੋ ਰੈਅ ਐ ਬਈ ਸੌ ਪੰਜਾਹ ਟੋਪੀਆਂ ਆਲੇ ਗੱਡੀ ਚਾਹੜੋ ਤਾਂ ਜਾ ਕੇ ਪਾਰਲੀਮੈਂਟ 'ਚ ਮਾੜੀ ਮੋਟੀ ਹਰਕਤ ਹੋਊ-ਨਾਲੇ ਆਹ ਲੰਡੀਆਂ ਜੀਆਂ ਐਕਸ਼ਨੀਆਂ ਛੱਡੋ ਤੇ ਕੋਈ ਗਹਿ ਗੱਡਵਾਂ ਤਕੜਾ ਐਕਸ਼ਨ ਕਰੋ! ਇਹ ਗੱਲ ਸਹੀ ਐ ਬਈ ਸਾਡੇ ਸਿੰਘ ਰਣਜੋਧ ਦੇ ਖੇਤੋਂ ਲੰਗਰ ਛਕ ਕੇ ਆਏ ਐ-ਰਣਜੋਧ ਸਾਡੇ ਲਈ ਮਰਿਐ-ਰਣਜੋਧ ਸਾਡਾ ਮਹਾਨ ਸ਼ਹੀਦ ਐ-ਗੁਰਪਾਲ ਸਿੰਘ ਦਾ ਬਾਪੂ ਵੀ ਸਾਡਾ ਸ਼ਹੀਦ ਈ ਐ-ਇਹਨਾਂ ਦੋਹਾਂ ਸ਼ਹੀਦਾਂ ਦੇ ਮੁਖ਼ਬਰਾਂ ਦੀ ਸਭ ਤੋ ਪਹਿਲਾਂ ਭਾਲ ਕਰਕੇ ਸੋਧੋ ਤੇ ਵਿਚੋਲੇ ਬਾਅਦ 'ਚ ਬਣਿਓ-ਜੇ ਤੁਸੀਂ ਨਹੀਂ ਕੁਛ ਕਰਨਾ ਤਾਂ ਇਹ ਕੰਮ ਮੇਰੇ ਜ਼ਿੰਮੇ ਲਾਓ-ਦੇਖੋ ਕਿਮੇਂ ਪਾਉਨੈਂ ਭੜ੍ਹਾਕੇ-ਹਮਕੋ ਤੁਕੋ ਤਾਂ ਮੈਨੂੰ ਮਿੱਤਰੋ ਆਉਂਦੀ ਨੀ-ਆਪਾਂ ਨੂੰ ਤਾਂ ਮਿੱਤਰੋ ਦੋ ਗੱਲਾਂ ਈ ਆਉਂਦੀਐਂ-ਟਾਂਡਿਆਂ ਆਲੀ ਜਾਂ ਭਾਂਡਿਆਂ ਆਲੀ-ਮਤਲਬ ਮਰੋ ਜਾਂ ਮਾਰੋ-ਜੇ ਦੋ ਚਾਰ ਕਰਾੜ੍ਹ ਰੋੜ੍ਹਨੇ ਐਂ ਤਾਂ ਮੈਨੂੰ ਦੱਸੋ ਤੇ ਨਹੀਂ ਮੈਂ ਤਾਂ
ਚੱਲਿਐਂ ਸੌਣ-।" ਉਸ ਨੇ ਇੱਕੋ ਹੀ ਨਬੇੜ ਦਿੱਤੀ।
-"ਹਾਂ-ਤੂੰ ਚੱਲ ਕੇ ਅਰਾਮ ਕਰ।" ਏਰੀਆ ਕਮਾਂਡਰ ਨੇ ਕਿਹਾ ਤਾਂ "ਟੈਂਕ" ਰੇਲਵੇ ਇੰਜਣ ਵਾਂਗ ਧੂੰਆਂ ਛੱਡਦਾ, ਆਪਣੀ ਏ. ਕੇ. 56

ਲੈ ਕੇ ਬਾਹਰ ਨਿਕਲ ਗਿਆ।
-"ਖ਼ਾਲਸਾ ਜੀ ਐਨਾ ਜੋਸ਼ ਸਾਨੂੰ ਕਿਸੇ ਤਰ੍ਹਾਂ ਵੀ ਵਾਰਾ ਨਹੀ ਖਾਂਦਾ-ਇਹ ਮਾਰੂ ਅਤੇ ਘਾਤਕ ਸਿੱਧ ਹੋਵੇਗਾ-ਸਾਡੀ ਲਹਿਰ ਦੇ ਕੱਫ਼ਣ ਵਿਚ ਇੱਕ ਤਰ੍ਹਾਂ ਨਾਲ ਕਿੱਲ-ਸਾਰਾ ਕੁਝ ਵਿਚਾਰਨ ਤੋਂ ਬਾਅਦ ਜੱਥੇਬੰਦੀ ਇਸ ਨਤੀਜੇ ਤੇ ਪਹੁੰਚੀ ਹੈ ਕਿ ਭਾਈ ਕੁਲਬੀਰ ਸਿੰਘ ਟੈਂਕ ਦੇ ਵਿਚਾਰਾਂ ਤੋਂ ਬਗੈਰ ਬਾਕੀ ਮਤੇ ਸਰਬ-ਸੰਮਤੀ ਨਾਲ ਨਾਲ ਪਾਸ ਕੀਤੇ ਜਾਣ-ਸੋ ਮੈਂ ਬੇਨਤੀ ਕਰਦਾ ਹਾਂ ਕਿ ਉਪਰੋਕਤ ਮਤੇ ਬਾਂਹਾਂ ਖੜ੍ਹੀਆਂ ਕਰਕੇ ਪਾਸ ਕੀਤੇ ਜਾਣ ਅਤੇ ਸੰਖੇਪ ਰਿਪੋਰਟ ਤਿਆਰ ਕਰਕੇ ਸਾਰੇ ਪੰਜਾਬੀ ਅਖ਼ਬਾਰਾਂ ਦੇ ਦਫ਼ਤਰਾਂ ਨੂੰ ਤੋਰੀ ਜਾਵੇ-ਰਿਪੋਰਟ ਹੇਠ ਸਿਰਫ਼ ਜੱਥੇਬੰਦੀਆਂ ਦੇ ਮੁਖੀਆਂ ਦੇ ਨਾਂ
ਪਾਏ ਜਾਣ।" ਕਹਿ ਕੇ ਜੱਥੇਦਾਰ ਰੇਸ਼ਮ ਸਿੰਘ ਬੰਬ ਉਠਦੀਆਂ ਬਾਂਹਾਂ ਦਾ ਪ੍ਰਤੀਕਰਮ ਦੇਖਣ ਲੱਗ ਪਿਆ। "ਹਿੰਦੂਆਂ ਨੂੰ ਪੰਜਾਬ ਤੋਂ ਭਜਾਉਣ" ਦੇ ਖ਼ਾਹਿਸ਼ੀ ਗੁਰਬੰਤ ਸਿੰਘ ਤੋਂ ਬਗੈਰ ਸਾਰਿਆਂ ਨੇ
ਹੱਥ ਖੜ੍ਹੇ ਕਰ ਕੇ ਸਹਿਮਤੀ ਪ੍ਰਗਟਾ ਦਿੱਤੀ। ਸੰਖੇਪ ਰਿਪੋਰਟ ਤਿਆਰ ਕੀਤੀ ਗਈ।
ਮੀਟਿੰਗ ਸਮਾਪਤ ਹੋ ਗਈ।
ਰਾਤ ਦਾ ਡੇੜ੍ਹ ਵੱਜ ਗਿਆ ਸੀ।
ਸਾਰਿਆਂ ਨੇ ਆਪਣਾ ਆਪਣਾ ਰਸਤਾ ਫੜ ਲਿਆ। ਖੇਤੋ ਖੇਤੀ ਉਹ ਵੱਖ ਵੱਖ ਦਿਸ਼ਾਵਾਂ ਵੱਲ ਰਵਾਨਾ ਹੋ ਗਏ।
ਜੱਥੇਦਾਰ ਅਤੇ ਹਰਪਾਲ ਪੱਕੀ ਕਣਕ 'ਚੋਂ ਨਿਕਲ ਕੇ ਅਜੇ ਪਹੇ ਪਏ ਹੀ ਸਨ ਕਿ ਉਹਨਾਂ ਨੂੰ ਚਾਰ ਸਿੰਘ ਟੱਕਰ ਪਏ। ਸਾਰਿਆਂ ਨੇ 'ਫ਼ਤਹਿ' ਗਜਾਈ। ਇਹ ਉਹ ਸਿੰਘ ਸਨ ਜਿਹੜੇ ਰਣਜੋਧ ਦੇ ਖੇਤੋਂ ਪ੍ਰਛਾਦੇ ਛਕ ਕੇ ਗਏ ਸਨ।
-"ਜੱਥੇਦਾਰ ਸਾਹਬ ਜੀ-ਆਹ ਸੂਰਮਾਂ ਨਮਾਂ ਮੁੰਨਿਐਂ?" ਮਜ੍ਹਬੀ ਸਿੱਖ ਪ੍ਰੀਤਮ ਸਿੰਘ ਨੇ ਪੁੱਛਿਆ। ਸਾਰੇ ਉਸ ਨੂੰ "ਜੈਲਦਾਰ" ਆਖ ਕੇ ਬੁਲਾਉਂਦੇ ਸਨ।
-"ਜੈਲਦਾਰਾ ਇਹ ਸਿੰਘ ਰਣਜੋਧ ਦੇ ਪਿੰਡੋਂ ਐਂ-ਸ਼ਹੀਦ ਰਣਜੋਧ ਸਿੰਘ ਦੇ ਪਿੰਡੋਂ।" ਜੱਥੇਦਾਰ ਨੇ ਕਿਹਾ।
-"ਚੜਿੱਕ ਤੋਂ?"
-"ਹਾਂ...।"
-"ਰਣਜੋਧ ਨਾਲ ਸ਼ਹੀਦ ਹੋਣ ਵਾਲਾ ਬਾਬਾ ਇਹਦਾ ਬਾਪ ਸੀ।" ਜੱਥੇਦਾਰ ਨੇ ਹੋਰ ਦੱਸਿਆ ਤਾਂ ਜੈਲਦਾਰ ਦਾ ਮਨ ਦੁਖੀ ਹੋ ਗਿਆ।
-"ਬਾਈ ਸਿਆਂ ਬੜਾ ਦੁੱਖ ਹੋਇਆ ਸੁਣ ਕੇ।"
-"........।" ਗੁਰਪਾਲ ਚੁੱਪ ਸੀ।
ਸਾਰੇ ਹੀ ਚੁੱਪ ਸਨ।
-"ਬਾਈ ਸਿਆਂ ਹੋਰ ਤਾਂ ਕੋਈ ਵੱਸ ਨਹੀਂ-ਗਿਆਂ ਨੂੰ ਕੋਈ ਮੋੜ ਕੇ ਤਾਂ ਲਿਆਉਂਦਾ ਨਹੀਂ-ਪਰ ਜਿੱਦੇਂ ਮੁਖ਼ਬਰਾਂ ਦਾ ਪਤਾ ਲੱਗ ਗਿਆ ਕਰਦੂੰ ਖਲਪਾੜਾਂ-ਕੁੱਲੀ 'ਚ ਚਾਹੇ ਕੱਖ ਨਾ ਰਹੇ-ਅਸੀਂ ਬਾਬੇ ਜੀਵਨ ਸਿੰਘ ਰੰਘਰੇਟੇ ਦੀ ਔਲਾਦ 'ਚੋਂ ਆਂ-ਜੇ ਨਾ ਗਿਣ ਗਿਣ ਬਦਲੇ ਲਏ ਤਾਂ ਮੈਨੂੰ ਪ੍ਰੀਤਮ ਸਿਉਂ ਜੈਲਦਾਰ ਨਾ ਆਖੀਂ!" ਜੈਲਦਾਰ ਕਰੋਧ ਵਿਚ ਸੜਿਆ ਹੋਇਆ ਸੀ।
-"ਕੋਈ ਮਿਲੀ ਸੂਹ ਮਾੜੀ ਮੋਟੀ?"
-"ਕੀਹਦੀ ਖਬਰ?"
-"ਮੁਖ਼ਬਰ ਦੀ।"
-"ਜੱਥੇਦਾਰਾ ਕਮਲੀਆਂ ਗੱਲਾਂ ਕਰਦੈਂ? ਜੇ ਸੂਹ ਮਿਲੀ ਹੁੰਦੀ ਅਸੀਂ ਤੈਨੂੰ ਐਥੇ ਮਿਲਦੇ? ਫੇਰ ਤਾਂ ਜਾਂ ਦੁਸ਼ਟ ਪਾਰ ਹੁੰਦਾ ਜਾਂ ਅਸੀਂ-ਲਾਟ ਨੂੰ ਦੇਖ ਕੇ ਪਤੰਗਾ ਕਿਤੇ ਮੁੜਿਐ?" ਜੈਲਦਾਰ ਦਾ ਸਰੀਰ ਭਾਫ਼ਾਂ ਛੱਡੀ ਜਾ ਰਿਹਾ ਸੀ। ਗੁੱਸੇ ਵਿਚ ਦਧਨ ਹੋਇਆ ਉਹ ਅਸਮਾਨ ਉਡਣ ਲਈ ਤਿਆਰ ਸੀ।
-"ਕੋਸ਼ਿਸ਼ ਜਾਰੀ ਰੱਖੋ!"
-"ਅਸੀਂ ਕੱਢੀ ਜਾਨੇ ਐਂ ਕੰਡੇ ਜੱਥੇਦਾਰਾ-ਤੂੰ ਪ੍ਰਵਾਹ ਕਾਹਦੀ ਕਰਦੈਂ? ਇਕ ਪੁਲਸ ਦਾ ਚਪਾਹੀ ਹੱਥ 'ਚ ਕੀਤੈ-ਉਹ ਕਹਿੰਦਾ ਮੁਖਬਰ ਮੈਂ ਭਾਲ ਕੇ ਦਿੰਨੈਂ।"
-"ਪੁਲੀਸ ਤੇ ਬਹੁਤਾ ਇਤਬਾਰ ਨਹੀਂ ਕਰਨਾ-ਕਿਸੇ ਖੁੱਲ੍ਹੀ ਜਗਾਹ ਤੇ ਮਿਲਣੈ ਜਿੱਥੋਂ ਖਿਸਕਣ ਦਾ ਜੁਗਾੜ ਵੀ ਬਣੇ-ਪੂਰੇ ਚੌਕਸ ਹੋ ਕੇ ਬਿੜਕ ਲੈਣੀ ਐਂ।"
-"ਸੱਤ ਬਚਨ ਜੀ!" ਜੈਲਦਾਰ ਨੇ ਵਿਅੰਗ ਵਜੋਂ ਗਲ 'ਚ ਪੱਲੂ ਪਾ ਲਿਆ ਤਾਂ ਸਾਰੇ ਹੱਸ ਪਏ।
-"ਮੀਟਿੰਗ 'ਚ ਕੀ ਫੈਸਲੇ ਹੋਏ?"
-"ਕੱਲ੍ਹ ਦਾ ਅਖਬਾਰ ਪੜ੍ਹ ਲਿਓ।"
-"ਜੱਥੇਦਾਰ ਸਾਹਬ-ਇਹ ਤਾਂ ਪੜ੍ਹ ਲੈਣਗੇ ਪਰ ਮੈਂ?" ਜੈਲਦਾਰ ਨੇ ਔਕੜ ਦੱਸੀ।
-"ਤੂੰ ਕੰਨ ਨਾ ਖਾਹ-ਅਸੀਂ ਤੈਨੂੰ ਪੜ੍ਹ ਕੇ ਸੁਣਾ ਦਿਆਂਗੇ।" ਨਾਲ ਦੇ ਨੇ ਕਿਹਾ।
-"ਜੱਥੇਦਾਰ ਸਾਹਬ-ਥੋਡੇ ਸਾਹਮਣੇ ਈ ਮਿੱਠੇ ਪੋਚੇ ਮਾਰਦੇ ਐ-ਪਿੱਛੋਂ ਲੰਡੇ ਢੱਟੇ ਦੇ ਸਾਲੇ ਬਣ ਜਾਂਦੇ ਐ-ਮਜ੍ਹਬੀ ਤੋਂ ਬਿਨਾ ਗੱਲ ਨਹੀਂ ਕਰਦੇ-ਸਾਹਮਣੇ ਖੜ੍ਹੇ ਐ ਪੁੱਛਲੋ।"
-"ਨਾ ਬਈ ਸਿੰਘੋ ਇਉਂ ਨਾ ਕਰਿਆ ਕਰੋ।"
-"ਇਹ ਤਾਂ ਜੱਥੇਦਾਰ ਜੀ ਮੈਨੂੰ ਪੂਰੀ ਰੋਟੀ ਵੀ ਨਹੀਂ ਖਾਣ ਦਿੰਦੇ-ਉਹ ਵੀ ਖੋਹ ਕੇ ਲੈ ਜਾਂਦੇ ਐ-ਆਹ ਦੇਖਲੋ ਸਹੁਰਾ ਢਿੱਡ ਢੂਹੀ ਨਾਲ ਲੱਗਿਆ ਪਿਐ-।" ਜੈਲਦਾਰ ਨੇ ਢਿੱਡ ਤੋਂ ਝੱਗਾ ਚੁੱਕ ਕੇ ਦਿਖਾਇਆ ਤਾਂ ਹਾਸੜ ਪੈ ਗਈ।
-"ਪਹੁ ਫ਼ਟ ਚੱਲੀ ਐ-ਟਿਕਾਣੇ ਮੱਲੋ-ਹਾਂ ਸੱਚ! ਪੁਲੀਸ ਆਲੇ ਤੋਂ ਭੇਦ ਲੈਣ ਸਾਰੇ ਨਾ ਜਾਇਓ-ਇੱਕ ਜਣਾਂ ਈ ਜਾਇਓ!" ਜੱਥੇਦਾਰ ਨੇ

ਕੰਨ ਕੀਤੇ।
-"ਜੱਥੇਦਾਰ ਸਾਹਬ ਫਿਕਰ ਨਾ ਕਰੋ-ਗੁਰੂ ਕਾ ਸਿੰਘ ਏਸੇ ਕੰਮ ਤੇ ਈ ਐ।" ਜੈਲਦਾਰ ਨੇ ਤਿੜ ਕੇ ਕਿਹਾ।
ਫ਼ਤਹਿ ਬੁਲਾ ਕੇ ਸਾਰੇ ਆਪੋ ਆਪਣੇ ਰਸਤੇ ਪੈ ਗਏ।
ਅਗਲੇ ਦਿਨ ਹੀ ਮੀਟਿੰਗ ਵਿਚ ਲਏ ਗਏ ਫ਼ੈਸਲੇ ਅਖ਼ਬਾਰਾਂ ਨੇ ਘਰੋ-ਘਰੀ ਲਿਆ ਸੁੱਟੇ। ਧੀਆਂ ਵਾਲਿਆਂ ਨੇ ਫ਼ੈਸਲਿਆਂ ਦੀ ਸ਼ਲਾਘਾ ਕੀਤੀ, ਸੁਆਗਤ ਕੀਤਾ। ਪਰ ਦਾਜ ਲੋਭੀਆਂ ਦੇ ਪਿੱਸੂ ਪੈ
ਗਏ। ਧੀਆਂ ਦੇ ਗ਼ਰੀਬ ਮਾਪਿਆਂ ਨੇ ਵੀ ਸੁੱਖ ਦਾ ਸਾਹ ਲਿਆ। ਰਾਹਤ ਮਹਿਸੂਸ ਕੀਤੀ। ਸਿਰਫ਼ ਪੁੱਤਾਂ ਵਾਲਿਆਂ ਦੇ ਪ੍ਰੀਵਾਰ ਹੀ ਅੰਦਰੋਂ "ਭੜ੍ਹਾਸ" ਕੱਢ ਰਹੇ ਸਨ।
-"ਲੈ ਸਾਲੇ ਰੱਬ ਬਣੇ ਫ਼ਿਰਦੇ ਐ...!" ਰਣਬੀਰ ਦਾ ਨੰਬਰਦਾਰ ਪਿਉ ਜੱਥੇਬੰਦੀਆਂ ਦੇ ਫ਼ੈਸਲਿਆਂ ਤੋਂ ਬੁਰੀ ਤਰ੍ਹਾਂ ਚਿੜਿਆ ਹੋਇਆ ਸੀ।
-"ਕੋਈ ਪੁੱਛਣ ਆਲਾ ਹੋਵੇ, ਬਈ ਸਾਲਿਓ ਰਾਜ ਥੋਡੈ ਕਿ ਕਾਂਗਰਸ ਦਾ...? ਇਉਂ ਮਤੇ ਪਾਸ ਕਰਨ ਲੱਗਪੇ, ਜਿਵੇਂ ਬਾਪੂ ਆਬਦੇ ਦਾ ਰਾਜ ਹੁੰਦੈ।" ਨੰਬਰਦਾਰ ਬੱਕੜਵਾਹ ਕਰੀ ਜਾ ਰਿਹਾ ਸੀ। ਨੰਬਰਦਾਰ ਦੇ ਤਿੰਨ ਮੁੰਡੇ ਹੀ ਮੁੰਡੇ ਸਨ, ਧੀ ਕੋਈ ਨਹੀਂ ਸੀ। ਪਹਿਲਾਂ ਨੰਬਰਦਾਰ ਹੋਰੀਂ ਵੀ ਚਾਰ ਭਰਾ ਹੀ ਸਨ, ਭੈਣ ਕੋਈ ਨਹੀਂ ਸੀ।
-"ਕਰਲੋ-ਕਰਲੋ ਪੁੱਤ ਚਾਰ ਦਿਨ ਜਿਹੜੇ ਅਛਨੇ ਪਛਨੇ ਕਰਨੇ ਐਂ..! ਚਲਾਲੋ ਚੰਮ ਦੀਆਂ..! ਫੇਰ ਤਾਂ ਸਿਆਣਿਆਂ ਦੇ ਕਹਿਣ ਮਾਂਗੂੰ, ਚਾਰ ਦਿਨਾਂ ਦੀ ਚਾਨਣੀ ਫਿਰ ਹਨ੍ਹੇਰੀ ਰਾਤ-ਖ਼ਾਲਿਸਤਾਨ ਅਜੇ
ਬਣਿਆਂ ਨਹੀਂ ਕਰਿਆ ਨਹੀਂ-ਪਹਿਲਾਂ ਈ ਕਾਨੂੰਨ ਲਾਗੂ ਕਰਨ ਲੱਗਪੇ-ਜਦੋਂ ਖ਼ਾਲਿਸਤਾਨ ਬਣ ਗਿਆ ਫੇਰ ਪਤਾ ਨਹੀਂ ਕੀ ਨ੍ਹੇਰੀ ਲਿਆਉਣਗੇ-ਜਾਤ ਦੀ ਕੋਹੜ੍ਹ ਕਿਰਲੀ ਛਤੀਰਾਂ ਨੂੰ ਜੱਫੇ!" ਰੂੜੀ-ਮਾਰਕਾ ਦੇ ਚਾਰ ਕਰੜੇ ਪੈੱਗ ਲਾ ਕੇ ਨੰਬਰਦਾਰ ਬੈਠਕ ਵਿਚ ਬੈਠਾ ਇਕੱਲਾ ਹੀ ਬਰੜਾਹਟ ਕਰੀ ਜਾ ਰਿਹਾ ਸੀ।

## ਕਾਂਡ 9

ਸ਼ਾਮ ਦੇ ਚਾਰ ਵੱਜੇ ਸਨ।
ਖੇਤਾਂ ਵਿਚ ਦਿਲ-ਖਿੱਚ ਹਰਿਆਲੀ ਸੀ। ਬਨਸਪਤੀ ਦੀ ਖੁਸ਼ਬੂ ਨਾਸਾਂ ਨੂੰ ਛੇੜਦੀ ਸੀ। ਪੱਕੀਆਂ ਫ਼ਸਲਾਂ ਦੇਖ ਕੇ ਕਿਸਾਨ ਨਸ਼ਿਆਏ ਪਏ ਸਨ। ਹਰ ਘਰ ਸਾਗ ਦੀ ਤੌੜੀ ਰਿੱਝਦੀ, ਸੁਗੰਧੀਆਂ ਖਿਲਾਰਦੀ ਰਹਿੰਦੀ। ਮੱਕੀ ਦੀਆਂ ਰੋਟੀਆਂ ਦੀ ਆਨੰਦਮਈ ਮਹਿਕ ਭੁੱਖਿਆਂ ਨੂੰ ਹੋਰ ਹਾਬੜਾ ਚਾਹੜਦੀ।
ਦਿਨ ਢਲੇ ਰਣਬੀਰ ਠਾਣੇ ਪੁੱਜ ਗਿਆ।
ਸੰਤਰੀ ਨੇ ਉਸ ਨੂੰ ਬੜੇ ਅਦਬ ਨਾਲ "ਸਤਿ ਸ੍ਰੀ ਅਕਾਲ" ਬੁਲਾਈ। ਇਸ ਠਾਣੇ ਦੇ ਸਾਰੇ ਸਟਾਫ਼ ਨੂੰ ਪਤਾ ਸੀ ਕਿ ਪਿਉ-ਪੁੱਤ ਸਰਦਾਰ ਦੇ ਖਾਸ "ਟਾਊਟ" ਸਨ।
ਠਾਣੇਦਾਰ ਕਿਸੇ ਪੰਚਾਇਤ ਨਾਲ ਗੱਲੀਂ ਪਿਆ ਹੋਇਆ ਸੀ। ਉਸ ਨੇ ਇਸ਼ਾਰੇ ਨਾਲ ਰਣਬੀਰ ਨੂੰ ਚੁਬਾਰੇ ਚੜ੍ਹਨ ਲਈ ਆਖਿਆ।
ਰਣਬੀਰ ਪੱਬਾਂ ਭਾਰ ਚੁਬਾਰੇ ਚੜ੍ਹ ਗਿਆ। ਜਿਵੇਂ ਚੁਬਾਰਾ ਉਸ ਦੇ ਬਾਪੂ ਦਾ ਸੀ।
ਠਾਣੇਦਾਰ ਵਾਕਿਆ ਹੀ ਵਾਅਦੇ ਦਾ ਪੱਕਾ ਨਿਕਲਿਆ ਸੀ। ਰਿਵਾਲਵਰ ਦਾ ਲਾਈਸੈਂਸ ਬਣਵਾ ਕੇ, ਹਥਿਆਰ ਗਲ ਪੁਆ ਦਿੱਤਾ ਸੀ। ਹੁਣ ਰਣਬੀਰ ਘੱਟ ਵੱਧ ਹੀ ਕਾਲਿਜ ਜਾਂਦਾ। ਜੇ ਜਾਂਦਾ ਤਾਂ ਸਿਰਫ਼ ਕਨਸੋਅ ਲੈਣ ਖਾਤਰ, ਸੀ ਆਈ ਡੀ ਕਰਨ ਖਾਤਰ! ਰਣਬੀਰ ਨੇ ਆਪਣਾ ਤਿੰਨ ਮੈਂਬਰੀ ਗਿਰੋਹ ਖੜ੍ਹਾ ਕਰ ਲਿਆ ਸੀ। ਪਰ ਵਾਰਦਾਤ ਹਾਲੀਂ ਤੱਕ ਉਹਨਾਂ ਨੇ ਕੋਈ ਨਹੀਂ ਕੀਤੀ ਸੀ। ਇਸ ਗਿਰੋਹ ਦੇ ਮੈਂਬਰ ਸਨ ਘੁਮੰਡ ਸਿੰਘ ਰਾਕਟ, ਬਿੱਕਰ ਸਿੰਘ ਅਤੇ ਖੁਦ ਰਣਬੀਰ ਆਪ! ਨਜਾਇਜ਼ ਹਥਿਆਰ ਉਹਨਾਂ ਨੂੰ ਠਾਣੇ ਤੋਂ ਮੁਹੱਈਆ ਕਰ ਦਿੱਤੇ ਗਏ ਸਨ। ਪਰ ਖੁਫ਼ੀਆ ਰੂਪ ਵਿਚ। ਕਿਸੇ ਨੂੰ ਕੋਈ
ਖ਼ਬਰ ਨਹੀਂ ਹੋਈ ਸੀ।
ਦਗੜ-ਦਗੜ ਕਰਦਾ ਠਾਣੇਦਾਰ ਚੁਬਾਰੇ ਚੜ੍ਹ ਆਇਆ। ਉਸ ਦੇ ਮੋਢੇ ਦੇ ਸਟਾਰ ਲਿਸ਼ਕ ਰਹੇ ਸਨ। ਪਟਿਆਲਾ ਸ਼ਾਹੀ ਪੱਗ ਵੱਖਰਾ ਹੀ ਪ੍ਰਭਾਵ ਦੇ ਰਹੀ ਸੀ।
-"ਸਾਸਰੀਕਾਲ ਚਾਚਾ ਜੀ!"
-"ਸਾਸਰੀਕਾਲ, ਰਣਬੀਰ ਪੁੱਤਰਾ!" ਠਾਣੇਦਾਰ ਨੇ ਉਸ ਨੂੰ ਜੱਫੀ ਵਿਚ ਘੁੱਟ ਲਿਆ।
-"ਬੈਠ, ਖੜ੍ਹਾ ਕਿਉਂ ਐਂ?"
ਰਣਬੀਰ ਬੈਠ ਗਿਆ।
ਠਾਣੇਦਾਰ ਨੇ ਆਦਤ ਮੂਜਬ ਅਲਮਾਰੀ ਵਿਚੋਂ ਬੋਤਲ ਕੱਢ ਲਈ। ਦੋ ਪੈੱਗ ਬਣਾ ਲਏ। ਬਾਪੂ ਨਾਲ ਨਾ ਹੋਣ ਕਰਕੇ ਰਣਬੀਰ ਨੇ ਅੱਜ ਬਿਲਕੁਲ ਨਾਂਹ-ਨੁੱਕਰ ਨਾ ਕੀਤੀ।
-"ਚੱਕ ਫ਼ੇਰ ਪੁੱਤਰਾ!"
ਉਹਨਾਂ ਪੈੱਗ ਪੀ ਲਏ।
-"ਹਥਿਆਰ ਟੈਸਟ ਕੀਤਾ?" ਠਾਣੇਦਾਰ ਪੁੱਛ ਰਿਹਾ ਸੀ। ਮੁੱਛਾਂ ਦੇ ਕੁੰਢ ਠੂੰਹੇਂ ਦੀ ਪੂਛ ਵਾਂਗ ਹਿੱਲੇ ਸਨ।
-"ਅਜੇ ਕੀਤਾ ਨਹੀਂ ਜੀ।"
-"ਕਰ ਲੈਣਾ ਸੀ।"
-"ਮੈਂ ਸੋਚਿਆ ਕੋਈ ਰਪਟ ਨਾ ਕਰ ਦੇਵੇ!"
-"ਰਪਟ ਕਰੂ ਕਿੱਥੇ? ਮੇਰੇ ਕੋਲ ਈ ਆਊ-ਅਸੀਂ ਮਾਰ-ਮਾਰ ਪਾ ਦਿਆਂਗੇ ਚਿੱਬ!"
ਰਣਬੀਰ ਨੂੰ ਖੰਭ ਲੱਗ ਗਏ।
-"ਅੱਜ ਈ ਕਰ ਲੈਨੇਂ ਆਂ ਜੀ।"
-"ਰਣਬੀਰਿਆ! ਸਾਰੀਆਂ ਸਹੂਲਤਾਂ ਤੈਨੂੰ ਦੇ ਦਿੱਤੀਆਂ-ਪਰ ਤੇਰੇ ਗਰੋਹ ਨੇ ਹਾਲੀਂ ਤੱਕ ਤਰਾਰੇ
ਨਹੀ ਦਿਖਾਏ ਪੁੱਤਰਾ! ਕੀ ਗੱਲ ਐ? ਕੋਈ ਪ੍ਰਾਬਲਮ ਹੈ ਤਾਂ ਦੱਸ?" ਉਹ ਦੁਬਾਰਾ ਪੈੱਗ ਪਾਉਂਦਾ ਹੋਇਆ ਬੋਲਿਆ।
-"ਜੀ ਲੈਟਰ-ਪੈਡ ਨਹੀ ਮਿਲੇ ਹਾਲੀਂ ਤੱਕ ਜੱਥੇਬੰਦੀਆਂ ਦੇ-ਤਰਾਰੇ ਤਾਂ ਕੱਲ੍ਹ ਨੂੰ ਈ ਦਿਖਾ ਦਿੰਨੇ ਐਂ।"
-"ਬੱਸ ਐਨੀ ਈ ਗੱਲ ਸੀ? ਉਏ ਵਾਹ ਬਈ ਰਣਬੀਰਿਆ! ਤੂੰ ਸੁਨੇਹਾਂ ਹੀ ਭੇਜ ਛੱਡਦਾ ਕੋਹੜੀਆ! ਮੈਂ ਤੇਰੇ ਘਰੇ ਟਰੱਕ ਭਰ ਕੇ ਭੇਜ ਦਿੰਦਾ ਲੈਟਰ-ਪੈਡਾਂ ਦਾ।"
ਦੋਨਾਂ ਨੇ ਪੈੱਗ ਫਿਰ ਖ਼ਤਮ ਕਰ ਦਿੱਤੇ।
ਠਾਣੇਦਾਰ ਨੇ ਬੈੱਡ ਹੇਠੋਂ ਇਕ ਪਲਾਸਟਿਕ ਦਾ ਲਿਫ਼ਾਫ਼ਾ ਕੱਢ ਲਿਆ। ਜਿਸ ਵਿਚ ਖ਼ਾੜਕੂ-ਜੱਥੇਬੰਦੀਆਂ ਦੇ ਤਰ੍ਹਾਂ-ਤਰ੍ਹਾਂ ਦੇ ਲੈਟਰ-ਪੈਡ ਸਨ।
-"ਐਕਸ਼ਨ ਕਿੱਥੋਂ ਸੁਰੂ ਕਰਈ ਜੀ?"

-''ਇਹ ਥੋਡਾ ਕੰਮ ਐਂ-ਮੈਂ ਆਪਣਾ ਕੰਮ ਪੂਰਾ ਕਰ ਦਿੱਤਾ ਹੈ-ਔਰ ਹਾਂ! ਐਕਸ਼ਨ ਕਰਨ ਵੇਲੇ ਰਜਿਸਟਰੇਸ਼ਨ ਵਾਲੇ ਹਥਿਆਰ 'ਚੋਂ ਗੋਲੀ ਬਿਲਕੁਲ ਨਹੀਂ ਚਲਾਉਣੀ-ਬਾਈ ਗਾਡ ਇਹ ਬਹੁਤ ਰਿਸਕੀ ਕੰਮ ਐਂ-ਇਸ ਵੱਲ ਖ਼ਾਸ ਖ਼ਿਆਲ ਰੱਖਣੈਂ-ਹਥਿਆਰ ਦੂਜੇ ਹੀ ਵਰਤਣੇ ਐਂ!''
-''ਠੀਕ ਐ ਜੀ।''
-''ਬੱਸ ਮੇਰੀ ਗੱਲ ਮੰਨੋਂ ਤਾਂ ਕੱਲ੍ਹ ਨੂੰ ਈ ਪਾ ਦਿਓ ਭੜ੍ਹਾਕੇ!'' ਠਾਣੇਦਾਰ ਨੇ ਉਂਗਲਾਂ ਦੇ ਭੜ੍ਹਾਕੇ ਪਾਏ।
-''ਠੀਕ ਐ ਜੀ।''
-''ਸਭ ਤੋਂ ਵੱਡੀ ਗੱਲ ਇਹ ਹੈ ਕਿ ਐਕਸ਼ਨ ਸ਼ਰਾਬੀ ਹੋ ਕੇ ਨਾ ਕੀਤਾ ਜਾਵੇ-ਐਕਸ਼ਨ ਕਰਨ ਤੋਂ ਪਹਿਲਾਂ ਕੋਈ ਛੁਪਣ ਲਈ ਟਿਕਾਣਾ ਜ਼ਰੂਰ ਹੱਥ ਹੇਠ ਰੱਖਣਾ-ਸਭ ਤੋਂ ਪਹਿਲੀ ਖ਼ਿਆਲ ਰੱਖਣ
ਆਲੀ ਗੱਲ ਇਹ ਹੈ ਕਿ ਐਕਸ਼ਨ ਬੜੀ ਚੌਕਸੀ ਨਾਲ ਕੀਤਾ ਜਾਵੇ-ਜ਼ਿੰਮੇਵਾਰੀ ਲੈਟਰ-ਪੈਡ 'ਤੇ ਐਕਸ਼ਨ ਤੋਂ ਪਹਿਲਾਂ ਈ ਲਿਖ ਲਈ ਜਾਵੇ- ਵਾਰਦਾਤ ਤੋਂ ਤੁਰੰਤ ਬਾਅਦ ਜ਼ਿੰਮੇਵਾਰੀ ਵਾਲਾ ਕਾਗਜ਼
ਘਟਨਾ-ਸਥਾਨ 'ਤੇ ਸੁੱਟੋ ਤੇ ਤਿੱਤਰ ਹੋਵੋ-ਰਾਈਟ...?''
-''ਹਾਂ ਜੀ।''
-''ਕੀ ਹਾਂ ਜੀ...? ਚਾਚਾ ਆਖ ਕੁੱਤਿਆ...!''
-''ਹਾਂ ਚਾਚਾ ਜੀ!''
ਦੋਨਾਂ ਨੇ ਬੋਤਲ ਖ਼ਤਮ ਕਰ ਦਿੱਤੀ।
ਦੋਨੋਂ ਫਿਰ ਦਗੜ-ਦਗੜ ਕਰਦੇ ਚੁਬਾਰਿਓਂ ਉਤਰ ਆਏ। ਠਾਣੇਦਾਰ ਦਫ਼ਤਰ ਅੰਦਰ ਚਲਾ ਗਿਆ ਅਤੇ ਰਣਬੀਰ ਮੋਟਰ ਸਾਈਕਲ ਲੈ ਪਿੰਡ ਨੂੰ ਤੁਰ ਗਿਆ।
ਅਗਲੇ ਦਿਨ ਰਾਕਟ, ਬਿੱਕਰ ਸਿੰਘ ਅਤੇ ਰਣਬੀਰ ਜੀ ਟੀ ਰੋਡ ਤੋਂ ਤਕਰੀਬਨ ਬਾਰ੍ਹਾਂ ਕਿਲੋਮੀਟਰ ਹਟਵੇਂ ਬੱਸ ਸਟੈਂਡ 'ਤੇ ਖੜ੍ਹੇ ਸਨ। ਮਾਰੂ-ਹਥਿਆਰ ਉਹਨਾਂ ਦੀਆਂ ਬੁੱਕਲਾਂ ਵਿਚ ਸਨ ਅਤੇ ਉਪਰ ਲੋਈਆਂ ਦੀ ਬੁੱਕਲ ਮਾਰੀ ਹੋਈ ਸੀ। ਦੋ-ਦੋ ਪੈੱਗ ਉਹਨਾਂ ਚਾਹੜ ਰੱਖੇ ਸਨ। ਚਿਹਰੇ ਉਹਨਾਂ ਦੇ ਪੱਥਰਾਂ ਦੀ ਤਰ੍ਹਾਂ ਝਾਕ ਰਹੇ ਸਨ। ਹਰ ਆਦਮੀ ਦਾ ਦਿਲ ਕੁਕਰਮ ਕਰਨ ਤੋਂ ਪਹਿਲਾਂ ਜ਼ਰੂਰ ਵਿਲਕਦਾ ਹੈ, ਬਿੜਕਦਾ ਹੈ। ਅੰਦਰੋਂ ਜ਼ਮੀਰ ਕੁਰਲਾਂਦੀ ਹੈ, ਹਲੂਣਦੀ ਹੈ। ਪਰ ਮਨ ਇਹਨਾਂ ਸਾਰਿਆਂ ਤੋਂ ਅੱਖ ਬਚਾ ਕੇ ਬੰਦੇ ਨੂੰ ਹੱਲਾਸ਼ੇਰੀ ਦਿੰਦਾ ਹੈ। ਅਗਰ ਖੋਟੇ ਮਨ ਨਾਲ ਨਸ਼ਾ ਰਲ-ਗੱਡ
ਹੋ ਜਾਵੇ ਤਾਂ ਬੰਦਾ ਜ਼ਮੀਰ ਦਾ ਗਲਾ ਘੁੱਟ ਦਿੰਦਾ ਹੈ। ਡੋਲਦੇ ਦਿਲ ਨੂੰ ਅੱਖੋਂ-ਪਰੋਖੇ ਕਰ ਦਿੰਦਾ ਹੈ ਅਤੇ ਫਿਰ ਸ਼ੁਰੂ ਹੁੰਦਾ ਹੈ ਵਹਿਸ਼ੀਅਤ ਦਾ ਨੰਗਾ ਨਾਚ! ਤਾਂਡਵ ਦਾ ਰੂਪ!!
ਸ਼ਾਮ ਦੇ ਪੰਜ ਵੱਜ ਗਏ ਸਨ।
ਸਰਦੀਆਂ ਠਰਿਆ ਜਿਹਾ ਦਾ ਸੂਰਜ ਛੁਪਣ ਲਈ ਤਿਆਰ ਸੀ।
ਆਖਰੀ ਬੱਸ ਆਉਣ ਦਾ ਵੇਲਾ ਹੋ ਗਿਆ ਸੀ। ਸਵਾ ਪੰਜ ਵਜੇ ਇੱਧਰੋਂ ਪੰਜਾਬ ਰੋਡਵੇਜ਼ ਦੀ ਆਖਰੀ ਬੱਸ ਲੰਘ ਜਾਂਦੀ ਸੀ।
-''ਰਾਗਟਾ ਬੋਤਲ ਕੱਢ ਓਏ!'' ਰਣਬੀਰ ਨੇ ਹੁਕਮ ਕੀਤਾ ਤਾਂ ਰਾਕਟ ਨੇ ਢਹੀ ਜਿਹੀ ਕੰਧ ਨਾਲੋਂ ਚੁੱਕ ਕੇ ਉਸ ਨੂੰ ਬੋਤਲ ਫੜਾ ਦਿੱਤੀ। ਰਣਬੀਰ ਸਮੇਤ ਸਾਰਿਆਂ ਨੇ ਸੁੱਕੀ ਦੇਸੀ ਦਾਰੂ ਦੀਆਂ ਘੁੱਟਾਂ ਭਰ ਲਈਆਂ। ਸੁੱਕੀ ਦਾਰੂ ਨੇ ਸਾਰਿਆਂ ਅੰਦਰ ਅੱਗ ਮਚਾ ਦਿੱਤੀ ਸੀ। ਦੂਰੋਂ ਬੱਸ ਦਾ ਖੜਕਾ ਸੁਣਿਆ।
ਸਾਰਿਆਂ ਨੂੰ ਪਸੀਨਾ ਫੁੱਟਿਆ। ਹੱਥਾਂ, ਪੈਰਾਂ ਦੀਆਂ ਤਲੀਆਂ ਤਰ-ਬਤਰ ਹੋ ਗਈਆਂ।
-''ਰਾਗਟਾ ਤੂੰ ਪਿਛੋਂ ਦੀ ਚੜ੍ਹੀਂ-ਤੂੰ ਬਿੱਕਰਾ ਡਰਾਈਵਰ ਕੋਲ ਹੀ ਖੜ੍ਹਨੈਂ-ਡਰਾਈਵਰ ਕਨੈਕਟਰ ਦਾ ਖਾਸ ਖਿਆਲ ਰੱਖਣੈ-ਸਾਲਿਓ ਹਥਿਆਰ ਨਾ ਖੁਹਾ ਲਿਓ-ਸੁਣ ਗਿਆ? ਹੋਰ ਨਾ ਥੋਡੀਆਂ ਥੋਡੇ ਹੀ ਵੱਜਣ ਲੱਗ ਪੈਣ!''
ਦੋਨਾਂ ਨੇ ਸਿਰ ਹਿਲਾਏ।
ਟੇਢੀ ਜਿਹੀ ਪਿੱਠ ਵਾਲੀ ਬੱਸ ਆ ਕੇ ਰੁਕੀ ਤਾਂ ਤਿੰਨੇ ਘੜੀ ਸਕੀਮ ਅਨੁਸਾਰ ਚੜ੍ਹ ਗਏ। ਕੰਡਕਟਰ ਦੀ ਸੀਟੀ 'ਤੇ ਬੱਸ ਤੁਰ ਪਈ। ਸਵਾਰੀਆਂ ਕੁੱਲ ਵੀਹ ਕੁ ਸਨ।
-''ਹਾਂ ਟਿਕਟ ਲਓ ਬਾਈ!'' ਕੰਡਕਟਰ ਨੇ ਰਾਕਟ ਨੂੰ ਕਿਹਾ। ਉਸ ਨੇ ਟਿਕਟਾਂ ਦੀ ਥਹੀ ਤੋਂ ਪਲਾਸਟਿਕ ਲਾਹ ਲਈ।
-''ਜਿਹੜਾ ਮੁੰਡਾ ਮੂਹਰਲੀ ਬਾਰੀ 'ਚ ਖੜ੍ਹੈ-ਉਹੀ ਕਟਵਾਊ।'' ਰਾਕਟ ਨੇ ਮਸ਼ੀਨ ਵਾਂਗ ਉਤਰ ਦਿੱਤਾ ਤਾਂ ਕੰਡਕਟਰ ਅੱਗੇ ਨੂੰ ਹੋ ਤੁਰਿਆ।
-''ਕਿੱਥੇ ਜਾਣੈਂ ਬਾਈਆਂ ਨੇ?'' ਕੰਡਕਟਰ ਨੇ ਰਣਬੀਰ ਕੋਲ ਆ ਕੇ ਪੁੱਛਿਆ।
-''ਤੂੰ ਦੱਸ ਕਿੱਥੇ ਜਾਣੈਂ...?'' ਰਣਬੀਰ ਨੇ ਲੋਈ ਲਾਹ ਕੇ ਸੀਟ 'ਤੇ ਰੱਖ ਦਿੱਤੀ ਅਤੇ ਏ ਕੇ ਸੰਤਾਲੀ ਕੱਢ ਲਈ। ਕੰਡਕਟਰ ਨੂੰ ਚੱਕਰ ਆਇਆ। ਸਾਹ ਮਗਜ਼ ਨੂੰ ਚੜ੍ਹ ਗਏ।
-''ਐਧਰ ਆ ਜਾਹ ਮਿੱਤਰਾ-ਤੇਰੀ ਜਾਹ ਜਾਂਦੀ ਨਾ ਹੋ ਜਾਵੇ।'' ਬਿੱਕਰ ਨੇ ਕੰਡਕਟਰ ਨੂੰ ਖਿੱਚ ਕੇ ਡਰਾਈਵਰ ਵਾਲੀ ਸੀਟ ਦੇ ਪਿੱਛੇ ਖੜ੍ਹਾ ਕਰ ਦਿੱਤਾ। ਲੋਈ ਉਸ ਨੇ ਵੀ ਪਰ੍ਹਾਂਹ ਸੁੱਟ ਦਿੱਤੀ ਸੀ।
ਬੱਗਾ ਹੋਇਆ ਡਰਾਈਵਰ ਬੁਰੀ ਤਰ੍ਹਾਂ ਕੰਬੀ ਜਾ ਰਿਹਾ ਸੀ।
ਸਵਾਰੀਆਂ ਬੁਰੀ ਤਰ੍ਹਾਂ ਘਬਰਾ ਗਈਆਂ।
ਔਰਤਾਂ ਨੇ ਰੋਣਾ-ਚੀਕਣਾ ਸ਼ੁਰੂ ਕਰ ਦਿੱਤਾ।
ਰਣਬੀਰ ਨੇ ਅਸਾਲਟ ਦੀ ਨੋਕ 'ਤੇ ਬੱਸ ਇੱਕ ਉਜਾੜ ਜਿਹੇ, ਕੱਚੇ ਰਾਹ ਨੂੰ ਪੁਆ ਲਈ। ਸ਼ਾਹੀ-ਹੁਕਮ ਦੀ ਬੜੀ ਤੇਜ਼ੀ ਨਾਲ ਤਾਮੀਲ

ਹੋ ਰਹੀ ਸੀ। ਬੱਸ ਵਿਚ ਭੂਚਾਲ ਆ ਗਿਆ ਸੀ!
-"ਜੀਹਨੇ ਸਾਹ ਕੱਢਿਆ ਗੋਲੀ ਮਾਰ ਦਿਆਂਗੇ-ਖ਼ਾਲਿਸਤਾਨ-ਜ਼ਿੰਦਾਬਾਦ ਦੇ ਨਾਅਰੇ ਲਾਓ!"
ਰਣਬੀਰ ਨੇ ਹੁਕਮ ਸੁਣਾਇਆ ਤਾਂ ਚੁੱਪ ਵਰਤ ਗਈ। ਰਣਬੀਰ, "ਖ਼ਾਲਿਸਤਾਨ...!" ਆਖਦਾ ਤੇ ਸਵਾਰੀਆਂ "ਜ਼ਿੰਦਾਬਾਦ...!!" ਦਾ ਨਾਅਰਾ ਮਾਰਦੀਆਂ।
ਦੋ ਕੁ ਕਿਲੋਮੀਟਰ ਦੂਰ ਉਜਾੜ ਜਿਹੇ ਵਿਚ ਜਾ ਕੇ, ਬੱਸ ਰੁਕਵਾ ਲਈ ਗਈ। ਡਰਾਈਵਰ, ਕੰਡਕਟਰ ਸਮੇਤ ਸਾਰੀਆਂ ਸਵਾਰੀਆਂ ਨੂੰ ਹੇਠਾਂ ਉਤਰਨ ਦਾ ਹੁਕਮ ਹੋ ਗਿਆ।
ਮਿੰਟਾਂ ਵਿਚ ਹੀ ਬੱਸ ਖਾਲੀ ਹੋ ਗਈ।
ਇੱਕ ਮਰਦ ਸਵਾਰੀ ਨੇ ਅੱਖ ਬਚਾ ਕੇ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਰਣਬੀਰ ਦੀ ਏ. ਕੇ. ਸੰਤਾਲੀ ਨੇ ਬਾਰੂਦ ਉੱਗਲਿਆ ਤਾਂ ਉਹ ਤਾਂ 'ਤੇ ਹੀ ਢੇਰੀ ਹੋ ਗਿਆ। ਹਿੰਦੂ ਅਤੇ ਸਿੱਖ ਸਵਾਰੀਆਂ ਵੱਖ-
ਵੱਖ ਕਰ ਲਈਆਂ ਗਈਆਂ। ਇੱਕ ਨਿਹੰਗ ਸਿੰਘ ਇੱਕ ਛੋਟੇ ਜਿਹੇ ਮੋਨੇ ਲੜਕੇ ਨੂੰ ਆਪਣੀਆਂ ਲੱਤਾਂ ਨਾਲ ਲਾਈ ਖੜ੍ਹਾ ਸੀ। ਜੋ ਮੁੰਡਾ ਅਸਲੋਂ ਓਪਰਾ ਹਿੰਦੂ ਲੜਕਾ ਸੀ। ਉਸ ਲੜਕੇ ਦੀ ਸ਼ਾਇਦ ਇਹ ਖੁਸ਼ਕਿਸਮਤੀ ਸੀ ਕਿ ਉਹ ਨਿਹੰਗ ਨਾਲ ਸੀਟ 'ਤੇ ਬੈਠਾ ਸੀ, ਜਿਸ ਨੂੰ ਨਿਹੰਗ ਸਿੰਘ ਉੱਕਾ ਹੀ ਨਹੀਂ ਜਾਣਦਾ ਸੀ।
-"ਨਿਹੰਗਾ ਇਹ ਮੁੰਡਾ ਕੌਣ ਐਂ...?" ਰਣਬੀਰ ਨੇ ਨਿਹੰਗ ਨੂੰ ਕੌੜ ਕੇ ਪੁੱਛਿਆ।
-"ਇਹ ਮੇਰਾ ਲੜਕੈ ਜੀ।" ਨਿਹੰਗ ਨੇ ਹਿੰਦੂ ਮੁੰਡੇ ਦੀ ਜਾਨ ਬਚਾਉਣ ਖ਼ਾਤਰ ਅਸਲੋਂ ਝੂਠ ਬੋਲਿਆ।
-"ਪਰ ਇਹ ਤਾਂ ਮੋਨੈਂ?"
-"ਨਾਨਕੀਂ ਰਹਿੰਦਾ ਰਿਹੈ ਜੀ-ਹੁਣ ਲਾਉਨੇ ਐਂ ਇਹਨੂੰ ਗੁਰੂ ਦੇ ਲੜ-ਏਸੇ ਕਰਕੇ ਮੈਂ ਇਹਨੂੰ ਪੜ੍ਹਨੋਂ ਹਟਾ ਕੇ ਲੈ ਕੇ ਆਇਐਂ-ਮੁਆਫ਼ੀ ਬਖ਼ਸ਼ੋ!"
ਨਿਹੰਗ ਦੀ ਗੱਲ 'ਤੇ ਰਣਬੀਰ ਸੰਤੁਸ਼ਟ ਹੋ ਗਿਆ ਅਤੇ ਫਿਰ ਦੂਜੀ ਕਤਾਰ ਵੱਲ ਨੂੰ ਗਿਆ। ਸਾਰੇ ਬੜੇ ਹੀ ਘਬਰਾਏ ਖੜ੍ਹੇ ਸਨ। ਰਾਕਟ ਅਤੇ ਬਿੱਕਰ ਥੋੜਾ ਹਟ ਕੇ ਪੁਜ਼ੀਸ਼ਨਾਂ ਲਈ ਖੜ੍ਹੇ ਸਨ।
-"ਖ਼ਾਲਿਸਤਾਨ ਦੇ ਦੁਸ਼ਮਣੋਂ-ਜਿਸ ਕਿਸੇ ਨੇ ਆਖ਼ਰੀ ਵਾਰ ਕਿਸੇ ਬੰਦੇ ਦਾ ਮੂੰਹ ਦੇਖਣੈ ਤਾਂ ਮੇਰਾ ਦੇਖ ਲਵੋ!"
ਸਾਰੇ ਮਿੰਨਤਾਂ ਤਰਲੇ ਕਰਦੇ ਰੋਣ ਕੁਰਲਾਉਣ ਲੱਗ ਪਏ। ਪਰ ਉਹਨਾਂ ਦੀ ਕੁਰਲਾਹਟ, ਬਰੱਸਟਾਂ ਨੇ ਕੁਝ ਪਲਾਂ ਵਿਚ ਹੀ ਬੰਦ ਕਰ ਦਿੱਤੀ! ਪਰਲੋਂ ਫ਼ੈਲ ਗਈ ਸੀ! ਗਿਆਰ੍ਹਾਂ ਬੰਦੇ ਦਾਣਿਆਂ ਵਾਂਗ ਭੁੰਨ ਦਿੱਤੇ ਗਏ ਸਨ। ਲਾਸ਼ਾਂ ਚਰ੍ਹੀ ਦੀਆਂ ਪੂਲੀਆਂ ਵਾਂਗ ਵਿਛ ਗਈਆਂ ਸਨ। ਨਿਹੰਗ ਨਾਲ ਚਿੰਬੜਿਆ ਖੜ੍ਹਾ ਮੋਨਾਂ ਮੁੰਡਾ "ਥਰ-ਥਰ" ਕੰਬੀ ਜਾ ਰਿਹਾ, ਸੋਚ ਰਿਹਾ ਸੀ: ਇਹ ਹੀ ਹਸ਼ਰ ਮੇਰਾ ਹੋਣਾ ਸੀ! ਜਦ ਸ਼ੁਕਰਾਨੇ ਭਰੀਆਂ ਅੱਖਾਂ ਨਾਲ ਉਸ ਨੇ ਨਿਹੰਗ ਸਿੰਘ ਵੱਲ ਤੱਕਿਆ ਤਾਂ ਨਿਹੰਗ ਸਿੰਘ ਨੇ ਆਪਣੇ ਵੱਡੇ-ਵੱਡੇ ਹੱਥਾਂ ਨਾਲ ਉਸ ਦਾ ਮੂੰਹ ਅਤੇ ਅੱਖਾਂ ਢਕ ਦਿੱਤੀਆਂ।
"ਜ਼ਿੰਮੇਵਾਰੀ" ਵਾਲਾ ਕਾਗਜ਼ ਰਣਬੀਰ ਨੇ ਲਾਸ਼ਾਂ ਕੋਲ ਰੱਖ, ਉਪਰ ਇੱਕ ਰੋੜਾ ਰੱਖ ਦਿੱਤਾ ਅਤੇ ਬਾਕੀਆਂ ਨੂੰ ਸੰਬੋਧਨ ਕੀਤਾ।
-"ਅਸੀਂ ਖ਼ਾਲਿਸਤਾਨੀ ਐਂ! ਹਿੰਦੂਆਂ ਨੂੰ ਖ਼ਾਲਿਸਤਾਨ ਦੀ ਸਰ-ਜ਼ਮੀਨ ਤੋਂ ਭਜਾਉਣਾ ਸਾਡਾ ਪਹਿਲਾ ਕਰਮ ਐਂ-ਸਿੱਖ ਸਾਡੇ ਭਰਾ ਹਨ-ਸਾਡੀਆਂ ਬਾਂਹਾਂ ਹਨ-ਅਸੀਂ ਤੁਹਾਨੂੰ ਕੁਝ ਨਹੀਂ ਆਖਾਂਗੇ-ਅਸੀਂ ਦੁਸ਼ਟ ਸੋਧ ਕਮਾਂਡੋ ਫ਼ੋਰਸ ਦੇ ਸਿੰਘ ਹਾਂ ਅਤੇ ਐਹੋ ਜਿਹਾ ਕੂੜਾ ਕਬਾੜਾ ਹੂੰਝਣ ਲਈ ਬਚਨਵੱਧ ਹਾਂ।" ਉਸ ਨੇ ਲਾਸ਼ਾਂ ਵੱਲ ਹੱਥ ਕਰਕੇ ਕਿਹਾ।
-"ਹੁਣ ਤੁਹਾਡੇ ਲਈ ਇਹ ਹੀ ਹੁਕਮ ਹੈ ਕਿ ਤੁਸੀਂ ਖੇਤਾਂ ਵਿਚੋਂ ਦੀ ਹੋ ਕੇ ਆਪਣੇ ਆਪਣੇ ਪਿੰਡਾਂ ਨੂੰ ਜਾਓ-ਸੜਕ ਨਹੀਂ ਚੜ੍ਹਨਾ! ਰਾਹ ਨਹੀਂ ਪੈਣਾ! ਖੇਤਾਂ ਵਿਚ ਦੀ ਜਾਣਾ ਹੈ! ਸੜਕਾਂ ਅਤੇ ਰਾਹਾਂ ਉਪਰ ਸਾਡੇ ਸਿੰਘ ਘੁੰਮ ਰਹੇ ਹਨ-ਅਗਰ ਕੋਈ ਸੜਕ ਜਾਂ ਰਾਹ 'ਤੇ ਚੜ੍ਹਿਆ ਆਪਣਾ ਹਸ਼ਰ ਯਾਦ ਰੱਖੇ-ਜਾਓ!" ਤੇ ਸਵਾਰੀਆਂ ਤਿੱਤਰ ਹੋ ਗਈਆਂ। ਤੁਰਦੇ ਨਿਹੰਗ ਸਿੰਘ ਨੂੰ ਰਣਬੀਰ ਨੇ ਰੋਕ ਲਿਆ।
-"ਨਹਿੰਗਾ, ਮੁੰਡੇ ਦੇ ਵਾਲ ਰੱਖ ਤੇ ਅੰਮ੍ਰਿਤਪਾਨ ਕਰਵਾ।" ਰਣਬੀਰ ਨੇ ਹੁਕਮ ਸੁਣਾਇਆ।
-"ਸਤਿ ਬਚਨ ਖ਼ਾਲਸਾ ਜੀ।" ਨਿਹੰਗ ਨੇ ਸਿਰ ਝੁਕਾਇਆ। ਪਰ ਅੰਦਰੋਂ ਉਹ ਵੱਟ ਖਾ ਗਿਆ।
ਉਹ ਰਣਬੀਰ ਨੂੰ ਪੁੱਛਣਾ ਚਾਹੁੰਦਾ ਸੀ ਕਿ ਕੰਜਰਾ ਤੇਰੇ ਕਿਹੜੇ ਬਾਪੂ ਵਾਲਾ ਗਾਤਰਾ ਪਾਇਐ?
-"ਸਾਨੂੰ ਕੀ ਹੁਕਮ ਐ ਖਾਲਸਾ ਜੀ?" ਡਰਾਈਵਰ ਅਤੇ ਕੰਡਕਟਰ ਤਾਕੀ ਕੋਲ ਖੜ੍ਹੇ ਸਨ। ਉਹਨਾਂ ਦੇ ਚਿਹਰਿਆਂ ਦਾ ਫ਼ੂਸ ਉੱਡਿਆ ਪਿਆ ਸੀ।
-"ਤੁਸੀਂ ਵੀ ਖੇਤੋ ਖੇਤੀ ਘਰ ਜਾਓ-ਬੱਸ ਐਥੇ ਈ ਖੜ੍ਹੀ ਰਹਿਣ ਦੇਣੀ ਐਂ-ਔਰ ਹਾਂ! ਅਗਰ ਪੁਲਸ ਕੋਲ ਗਏ ਤਾਂ...!" ਰਣਬੀਰ ਨੇ ਏ. ਕੇ. ਸੰਤਾਲੀ ਦੀ ਬਾਇਰਲ ਡਰਾਈਵਰ ਦੀ ਹਿੱਕ ਵਿਚ ਖੋਭ ਕੇ "ਤਬਾਹੀ" ਦਾ ਇਸ਼ਾਰਾ ਦਿੱਤਾ।
-"ਆਹ ਤਾਂ ਫੜਾ ਬਾਧੂ ਭਾਰ ਚੱਕੀ ਫਿਰੇਂਗਾ!" ਰਾਕਟ ਨੇ ਕੰਡਕਟਰ ਕੋਲੋਂ ਪੈਸਿਆਂ ਵਾਲਾ ਝੋਲਾ ਖੋਹਦਿਆਂ ਕਿਹਾ। ਰੁਪਈਏ ਕੱਢ ਕੇ ਭਾਨ ਵਾਲਾ ਝੋਲਾ ਮੋੜਦਿਆਂ ਉਸ ਨੇ ਫਿਰ ਕਿਹਾ।
-"ਲੈ ਈ ਜਾਹ ਯਾਰ ਤੇਰੇ ਕੰਮ ਆਊ-ਸਾਡੇ ਇਹ ਕਿਸ ਕੰਮ ਐਂ?"
ਕੰਡਕਟਰ ਨੇ ਝੋਲਾ ਮੁੜ ਫੜ ਲਿਆ।
ਸਾਰੇ ਆਪੋ ਆਪਣੇ ਰਸਤੇ ਪੈ ਗਏ।
ਸੜਕ 'ਤੇ ਖੜ੍ਹ ਕੇ ਉਹਨਾਂ ਨੇ ਰਹਿੰਦੀ ਬੋਤਲ ਖ਼ਤਮ ਕੀਤੀ ਅਤੇ ਆਉਂਦਾ ਮੋਟਰ ਸਾਈਕਲ ਹਥਿਆਰਾਂ ਦੀ ਨੋਕ 'ਤੇ ਖੋਹ ਕੇ ਵਰ੍ਹਦੀ ਸਰਦੀ ਵਿਚ ਅਲੋਪ ਹੋ ਗਏ। ਮੋਟਰ ਸਾਈਕਲ ਦਾ
ਮਾਲਕ ਬੇਵੱਸ ਹੋਇਆ, ਕਹਿਰ ਦੀ ਸਰਦੀ ਵਿਚ ਹੱਥ ਮਲ ਰਿਹਾ ਸੀ। ਇਹ ਕਿਹੋ ਜਿਹੇ ਖ਼ਾੜਕੂ ਹਨ, ਜਿਹੜੇ ਮਿੰਟਾਂ ਵਿਚ ਮੇਰਾ ਮੋਟਰ ਸਾਈਕਲ ਲੁੱਟ ਕੇ ਰਾਹ ਪਏ? ਉਹ ਸੋਚ ਰਿਹਾ ਸੀ। ਕੜਾਕੇਦਾਰ ਠੰਢ ਵਿਚ ਉਸ ਦਾ ਦੰਦ-ਕੜਿੱਕਾ ਵੱਜ ਰਿਹਾ ਸੀ। ਫਿਰ ਪਤਾ

ਨਹੀਂ ਉਸ ਨੂੰ ਕੀ ਸੁੱਝਿਆ? ਡਰੇ ਊਠ ਵਾਂਗ ਪਿਛਲੇ ਪੈਰੀਂ ਸਪਾਟ ਦੌੜ ਪਿਆ!

ਜਦ ਪੰਜਾਬ ਰੋਡਵੇਜ਼ ਦੀਆਂ ਬਾਕੀ ਬਚੀਆਂ ਸਵਾਰੀਆਂ ਨੇ ਆਪੋ ਆਪਣੇ ਪਿੰਡਾਂ ਵਿਚ ਜਾ ਕੇ ਬੂ-ਪਾਹਰਿਆ ਕੀਤੀ ਤਾਂ ਪਿੰਡਾਂ ਵਿਚ ਹਾਹਾਕਾਰ ਮੱਚ ਗਈ! ਅਜਿਹੀ ਹਿਰਦੇ-ਵੇਧਕ ਵਾਰਦਾਤ ਦੀ ਕਿਸੇ ਨੂੰ ਵੀ ਉਡੀਕ ਨਹੀਂ ਸੀ। ਲੋਕ "ਤਰਾਸ-ਤਰਾਸ" ਕਰ ਉਠੇ ਸਨ ਅਤੇ ਸਿਰ ਤੋੜ ਵਾਰਦਾਤ ਵਾਲੀ ਜਗਾਹ ਨੂੰ ਟਾਰਚਾਂ ਲੈ ਲੈ ਕੇ ਭੱਜੇ ਆ ਰਹੇ ਸਨ। ਹਰ ਕਿਸੇ ਦਾ ਦਿਲ ਫੜਿਆ ਹੋਇਆ ਸੀ। ਜਿਹਨਾਂ ਪ੍ਰੀਵਾਰਾਂ ਦੇ ਮੈਂਬਰ ਰਿਸ਼ਤੇਦਾਰੀਆਂ ਵਿਚ ਗਏ ਹੋਏ ਸਨ, ਉਹਨਾਂ ਦੇ ਹੱਥੋਂ ਭਾਂਡੇ ਛੁੱਟ ਗਏ ਸਨ। ਬਨੇਰਿਆਂ 'ਤੇ ਮੌਤ ਕੂਕਣ ਲੱਗ ਪਈ ਸੀ।

ਵਾਕੇ ਵਾਲੀ ਥਾਂ 'ਤੇ ਪੱਤਰਕਾਰ ਅਤੇ ਸਰਚ ਲਾਈਟਾਂ ਸਮੇਤ ਭਾਰੀ ਫ਼ੋਰਸ ਪੁੱਜ ਗਈ। ਲੋਕਾਂ ਅਤੇ ਮ੍ਰਿਤਕਾਂ ਦੇ ਵਾਰਸਾਂ ਨੂੰ ਪੁਲੀਸ ਅਤੇ ਸੀ ਆਰ ਪੀ ਨੇ ਕੁੱਤਿਆਂ ਵਾਂਗ ਛਿਛਕਰ ਦਿੱਤਾ ਸੀ।

ਪੱਤਰਕਾਰਾਂ ਦੇ ਕੈਮਰੇ "ਕਲਿੱਕ-ਕਲਿੱਕ" ਕਰ ਰਹੇ ਸਨ। ਦੂਰਦਰਸ਼ਨ ਵਾਲਿਆਂ ਦੀਆਂ ਬੱਤੀਆਂ ਅੱਖਾਂ ਚੁੰਧਿਆ ਰਹੀਆਂ ਸਨ। ਭੱਜਣ ਵਾਲੇ ਮ੍ਰਿਤਕ ਦੀ ਲਾਸ਼ ਵੀ ਪੁਲੀਸ ਨੇ ਇਹਨਾਂ ਗਿਆਰ੍ਹਾਂ ਲਾਸ਼ਾਂ
ਕੋਲ ਲਿਆ ਟਿਕਾਈ ਸੀ। ਗਿਣਤੀ ਬਾਰ੍ਹਾਂ ਹੋ ਗਈ ਸੀ।

ਵਕੂਏ ਵਾਲੀ ਜਗਾਹ 'ਤੇ ਜਦੋਂ ਐਸ ਪੀ ਪਹੁੰਚਿਆ ਤਾਂ ਸਬੰਧਿਤ ਅਫ਼ਸਰ ਨੇ "ਦੁਸ਼ਟ ਸੋਧ ਕਮਾਂਡੋ ਫ਼ੋਰਸ" ਦਾ "ਜ਼ਿੰਮੇਵਾਰੀ" ਵਾਲਾ ਰੁੱਕਾ ਉਸ ਦੇ ਹੱਥ ਥਮ੍ਹਾ ਦਿੱਤਾ। ਜਿਹੜਾ ਐਸ ਪੀ ਨੇ ਵਾਰੀ
ਵਾਰੀ ਪੱਤਰਕਾਰਾਂ ਨੂੰ ਪੜ੍ਹਾ ਦਿੱਤਾ। ਦੂਰਦਰਸ਼ਨ ਨੇ ਵੀ ਆਪਣਾ ਕੈਮਰਾ ਉਪਰੋਂ ਦੀ ਫੇਰ ਲਿਆ।

-"ਲਾਸ਼ਾਂ ਸਿੱਧੀਆਂ ਕਰਕੇ ਲਿਟਾਓ ਤੇ ਵਾਰਸਾਂ ਤੋਂ ਸ਼ਨਾਖ਼ਤ ਕਰਵਾਓ!" ਐਸ ਪੀ ਨੇ ਹੁਕਮ ਦਿੱਤਾ।

ਲਾਸ਼ਾਂ ਸਿੱਧੀਆਂ ਲਿਟਾ ਕੇ ਜਦ ਫ਼ੋਰਸ ਨੇ ਰਾਹ ਖਾਲੀ ਕੀਤਾ ਤਾਂ ਵੱਖੋ-ਵੱਖ ਵਾਰਸ ਮ੍ਰਿਤਕਾਂ ਦੀਆਂ ਦੇਹਾਂ 'ਤੇ ਆ ਡਿੱਗੇ। ਦਿਲ-ਹਿਲਾਊ ਕੁਰਲਾਹਟ ਮੱਚ ਗਈ। ਕਿਸੇ ਦਾ ਭਾਈ ਮਾਰਿਆ ਗਿਆ ਸੀ, ਕਿਸੇ ਦਾ ਪਤੀ! ਕਿਸੇ ਦਾ ਇਕਲੌਤਾ ਪੁੱਤਰ ਭੁੰਨ ਦਿੱਤਾ ਸੀ ਅਤੇ ਕਿਸੇ ਦਾ ਬਾਪ! ਹਵਾ ਵੈਣ ਪਾਉਂਦੀ ਵਗ ਰਹੀ ਸੀ। ਸਰਚ ਲਾਈਟਾਂ ਨਜ਼ਰਾਂ ਪਾੜ ਰਹੀਆਂ ਸਨ।

ਐਸ ਪੀ ਦੇ ਇਸ਼ਾਰੇ 'ਤੇ ਪੁਲੀਸ ਨੇ ਵਾਰਸ ਲਾਸ਼ਾਂ ਨਾਲੋਂ ਇੱਕ ਤਰ੍ਹਾਂ ਨਾਲ ਤੋੜ ਲਏ ਸਨ। ਲੋਕ ਵਿਲਕਦੇ ਭੁੱਬਾਂ ਮਾਰ ਰਹੇ ਸਨ। ਸਬਰ ਦਾ ਬੰਨ੍ਹ ਟੁੱਟ ਗਿਆ ਸੀ। ਲੋਕ ਪੁਲੀਸ ਹੱਥੋਂ ਛੁੱਟ-ਛੁੱਟ
ਲਾਸ਼ਾਂ ਵੱਲ ਨੂੰ ਭੱਜਦੇ ਸਨ। ਪਰ ਪੁਲੀਸ ਨੇ ਜਕੜ ਹੋਰ ਸਖ਼ਤ ਕਰ ਦਿੱਤੀ ਸੀ।

-"ਸੁਣੋ ਬਈ ਭਰਾਵੋ, ਸੁਣੋ....!" ਐਸ ਪੀ ਨੇ ਹੱਥ ਦੇ ਇਸ਼ਾਰੇ ਨਾਲ ਲੋਕਾਂ ਨੂੰ ਚੁੱਪ ਕਰਵਾਉਂਦਿਆਂ ਕਿਹਾ।

ਲੋਕ ਚੁੱਪ ਕਰ ਗਏ।

ਪਰ ਸਬੰਧੀ ਰੋ ਪਿੱਟ ਰਹੇ ਸਨ।

-"ਮੇਰੀ ਗੱਲ ਵੱਲ ਧਿਆਨ ਦਿਓ-ਚੁੱਪ ਕਰ ਜਾਓ....!"

ਕੁਝ ਕੁ ਸ਼ਾਂਤੀ ਹੋ ਗਈ।

-"ਜੋ ਇਹ ਵਾਰਦਾਤ ਅੱਤਵਾਦੀਆਂ ਨੇ ਕੀਤੀ ਹੈ-ਬੜੀ ਕਮੀਨੀ-ਬੜੀ ਕੋਝੀ ਹਰਕਤ ਹੈ ਅਤੇ ਪੰਜਾਬ ਦੀ ਸਭ ਤੋਂ ਵੱਡੀ ਵਾਰਦਾਤ ਹੈ!" ਲੰਮਾ ਸਾਹ ਲੈ ਕੇ ਐਸ ਪੀ ਫਿਰ ਬੋਲਣ ਲੱਗਿਆ।

-"ਅੱਤਵਾਦੀਆਂ ਨਾਲ ਬੜੀ ਸਖ਼ਤੀ ਨਾਲ ਨਜਿੱਠਿਆ ਜਾਵੇਗਾ ਅਤੇ ਉਹਨਾਂ ਦਾ ਕੋਈ ਮਨਸੂਬਾ ਪੂਰਾ ਨਹੀਂ ਹੋਣ ਦਿੱਤਾ ਜਾਵੇਗਾ-ਮੈਨੂੰ ਇਸ ਵਾਰਦਾਤ ਦਾ ਬੜਾ ਹੀ ਅਫ਼ਸੋਸ ਹੈ-ਮੇਰੀ ਹਮਦਰਦੀ
ਮ੍ਰਿਤਕਾਂ ਦੇ ਵਾਰਸਾਂ ਦੇ ਹਰ ਹਾਲਤ ਨਾਲ ਹੈ-ਮੈਂ ਹਰ ਮ੍ਰਿਤਕ ਦੇ ਵਾਰਸ ਨੂੰ ਗੌਰਮਿੰਟ ਵੱਲੋਂ ਇੱਕ-ਇੱਕ ਲੱਖ ਰੁਪਏ ਦੇਣ ਦਾ ਐਲਾਨ ਕਰਦਾ ਹਾਂ-ਕੱਲ੍ਹ ਤੋਂ ਰਾਤਰੀ ਬੱਸ ਸੇਵਾ ਦੇ ਨਾਲ ਫ਼ੋਰਸ
ਹੋਇਆ ਕਰੇਗੀ-ਮੇਰੀ ਮ੍ਰਿਤਕਾਂ ਦੇ ਵਾਰਸਾਂ ਅਪੀਲ ਹੈ ਕਿ ਆਪਣਾ ਅਤਾ ਪਤਾ ਅਤੇ ਮ੍ਰਿਤਕਾਂ ਦੇ ਨਾਂ ਆਪਣੇ ਠਾਣੇ ਦੇ ਐਸ ਐਚ ਓ ਗਰੇਵਾਲ ਸਾਹਿਬ ਕੋਲ ਦਰਜ਼ ਕਰਵਾ ਦੇਣ ਤਾਂ ਕਿ ਕਾਰਵਾਈ ਸ਼ੁਰੂ ਹੋ ਸਕੇ-ਮੈਂ ਤੁਹਾਡੇ ਨਾਲ ਵਾਅਦਾ ਕਰਦਾ ਹਾਂ ਕਿ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਗ੍ਰਿਫ਼ਤਾਰ ਕਰਕੇ ਢੁਕਵੀਂ ਸਜ਼ਾ ਦਿੱਤੀ ਜਾਵੇਗੀ-ਕ੍ਰਿਪਾ ਕਰਕੇ ਹੁਣ ਰਸਤਾ ਖਾਲੀ ਕਰ ਦਿਓ-ਲਾਅਸ਼ਾਂ ਪੋਸਟ ਮਾਰਟਮ ਲਈ ਲੈ ਕੇ ਜਾਣੀਆਂ ਹਨ-ਸਵੇਰੇ ਸਰਕਾਰੀ ਹਸਪਤਾਲ ਤੋਂ ਤੁਹਾਨੂੰ ਲਾਅਸ਼ਾਂ ਮਿਲ ਜਾਣਗੀਆਂ....!"

-"ਅਸੀਂ ਲਾਅਸ਼ਾਂ ਹੁਣੇ ਹੀ ਲੈ ਕੇ ਜਾਣੀਐਂ-।"

ਭੀੜ 'ਚੋਂ ਅਵਾਜ਼ ਆਈ।

-"ਅਸੀਂ ਪੋਸਟ ਮਾਰਟਮ ਨਹੀਂ ਹੋਣ ਦੇਣਾ!"

ਕੋਈ ਹੋਰ ਬੋਲਿਆ।

-"ਲਾਸ਼ਾਂ ਤਾਂ ਅੱਗੇ ਈ ਖਿਲਰੀਆਂ ਪਈਐਂ।"

-"ਦੁਨੀਆਂ ਨੂੰ ਪਤੈ ਕਿ ਇਹਨਾਂ ਨੂੰ ਗੋਲੀਆਂ ਲੱਗੀਐਂ-ਪੋਸਟ ਮਾਰਟਮ ਕਾਹਦੇ ਲਈ ਕਰਨੈ?"

-"ਤੁਸੀਂ ਕੁਛ ਹੋਰ ਬਣਾਉਣੈਂ ਹੁਣ ਇਹਨਾਂ ਦਾ?"

ਇਕ ਗਰਦੋਗੋਰ ਮੱਚ ਗਈ।

-"ਬਈ ਦੇਖੋ...! ਅਗਰ ਤੁਸੀਂ ਖਰੂਦ ਕਰੋਗੇ ਤੁਹਾਨੂੰ ਮੁਆਵਜ਼ਾ ਵੀ ਨਹੀਂ ਮਿਲਣਾ ਅਤੇ ਸਾਡੀ ਫ਼ੋਰਸ ਨੂੰ ਲਾਠੀਚਾਰਜ ਕਰਨਾ ਪਵੇਗਾ-ਸੋ ਮੈਂ ਅਪੀਲ ਕਰਾਂਗਾ ਕਿ ਪਾਸੇ ਹੱਟ ਜਾਓ-ਲਾਸ਼ਾਂ ਲੱਦੋ ਬਈ ਤੇ ਸਰਕਾਰੀ ਹਸਪਤਾਲ ਪਹੁੰਚਾਓ-ਅਗਰ ਇਹ ਨਾ ਹਟਣ ਤਾਂ ਸਖ਼ਤੀ ਵਰਤੋ-ਗਰੇਵਾਲ...!"

-"ਯੈਸ ਸਰ?"

-"ਹੁਣ ਜ਼ਿੰਮੇਵਾਰੀ ਤੇਰੀ ਹੈ!"
-"ਜੀ ਹਜ਼ੂਰ!"
ਐਸ ਪੀ ਤੁਰ ਪਿਆ।
ਪੁਲੀਸ ਨੇ ਟਰੱਕਾਂ ਵਿਚ ਲਾਸ਼ਾਂ ਲੱਦਣੀਆਂ ਸੁਰੂ ਕਰ ਦਿੱਤੀਆਂ ਤਾਂ ਲੋਕਾਂ ਨੇ "ਪੰਜਾਬ ਸਰਕਾਰ - ਮੁਰਦਾਬਾਦ!" ਅਤੇ "ਪੰਜਾਬ ਪੁਲੀਸ - ਮੁਰਦਾਬਾਦ!!" ਦੇ ਨਾਅਰੇ ਚੁੱਕ ਦਿੱਤੇ। ਸਿਪਾਹੀ ਆਪਣਾ ਕੰਮ ਕਰ ਰਹੇ ਸਨ ਅਤੇ ਸੀ ਆਰ ਪੀ ਲੋਕਾਂ ਨੂੰ ਸਖ਼ਤੀ ਨਾਲ ਰੋਕੀ ਖੜ੍ਹੀ ਸੀ।
ਜਦ ਟਰੱਕ ਲਾਸ਼ਾਂ ਲੱਦ ਕੇ ਤੁਰ ਗਿਆ ਤਾਂ ਲੋਕਾਂ ਦਾ ਹੜ੍ਹ ਨਿੱਸਲ ਹੋ ਗਿਆ। ਹਜੂਮ ਨੇ ਸੀ. ਆਰ. ਪੀ. ਦੀਆਂ ਗੱਡੀਆਂ 'ਤੇ ਪਥਰਾਓ ਸੁਰੂ ਕਰ ਦਿੱਤਾ ਤਾਂ ਫ਼ੋਰਸ ਨੇ ਹਵਾਈ ਫ਼ਾਇਰ ਕਰਕੇ ਭੀੜ
ਖਿੰਡਾ ਦਿੱਤੀ। ਲੋਕ, ਜਿੱਧਰ ਨੂੰ ਮੂੰਹ ਹੋਇਆ, ਦੌੜ ਤੁਰੇ।
ਅਗਲੇ ਦਿਨ ਸਵੇਰੇ ਲਹੂ ਲੁਹਾਣ ਹੋਈਆਂ ਅਖ਼ਬਾਰਾਂ ਪੰਜਾਬ ਦੇ ਘਰੋ ਘਰੀ ਜਾ ਡਿੱਗੀਆਂ। ਸਾਰਾ ਪੰਜਾਬ ਹੀ ਕੁਰਲਾ ਉਠਿਆ। ਹਿੰਦੂ ਵਰਗ ਦੇ ਸਾਹ ਸੂਤੇ ਗਏ। ਵਪਾਰੀਆਂ ਅਤੇ ਸਅਨਤਕਾਰਾਂ ਨੂੰ ਆਪਣੇ ਕਾਰੋਬਾਰਾਂ ਅਤੇ ਪ੍ਰੀਵਾਰਾਂ ਦਾ ਫ਼ਿਕਰ ਤੋੜ ਤੋੜ ਖਾਣ ਲੱਗ ਪਿਆ ਸੀ। ਕਈ ਪ੍ਰੀਵਾਰ, "ਹੁਣ ਪੰਜਾਬ ਵਿਚ ਵਸੇਬਾ ਮੁਸ਼ਕਲ ਐ" ਸੋਚ ਕੇ ਹਰਿਆਣੇ, ਰਾਜਸਥਾਨ ਅਤੇ ਦਿੱਲੀ ਨੂੰ ਰਿਸ਼ਤੇਦਾਰਾਂ ਕੋਲ ਵਹੀਰਾਂ ਘੱਤ ਤੁਰੇ। ਅਜੀਬ ਹਫ਼ੜਾ-ਦਫ਼ੜੀ ਮੱਚ ਗਈ ਸੀ। ਲੋਕ ਹਨ੍ਹੇਰੇ ਵਿਚ ਹੱਥ-ਪੈਰ ਮਾਰ ਰਹੇ ਸਨ।
ਅਖ਼ਬਾਰ ਪੜ੍ਹਨਸਾਰ ਹੀ ਜੱਥੇਦਾਰ ਰੇਸ਼ਮ ਸਿੰਘ 'ਬੰਬ' ਨੇ ਤੂਫ਼ਾਨੀ ਮੀਟਿੰਗ ਸੱਦ ਲਈ।
ਗਿਣਤੀ ਦੇ ਖ਼ਾੜਕੂ ਇਕੱਤਰ ਹੋਏ ਸਨ।
ਖ਼ਬਰ ਸਾਰਿਆਂ ਨੇ ਹੀ ਪੜ੍ਹ ਲਈ ਸੀ।
ਸਾਰੇ ਘੋਰ ਹੈਰਾਨ ਸਨ। ਮੀਟਿੰਗ ਦੀ ਸੁਰੂਆਤ ਜਸਦੇਵ ਸਿੰਘ ਨੇ ਕੀਤੀ।
-"ਸਤਿਕਾਰਯੋਗ ਜੱਥੇਦਾਰ ਸਾਹਿਬ ਅਤੇ ਬਾਕੀ ਭਰਾਵੋ-ਵਾਹਿਗੁਰੂ ਜੀ ਕਾ ਖ਼ਾਲਸਾ-ਵਾਹਿਗੁਰੂ ਜੀ ਕੀ ਫ਼ਤਹਿ-ਸਾਰੇ ਸਿੰਘਾਂ ਨੇ ਕੱਲ੍ਹ ਵਾਲੇ ਕਾਂਡ ਦੀ ਦੁਖਦਾਈ ਖ਼ਬਰ ਪੜ੍ਹ ਹੀ ਲਈ ਹੈ-ਸਾਨੂੰ ਇਸ ਕਾਂਡ ਦਾ ਅਤੀਅੰਤ ਅਫ਼ਸੋਸ ਅਤੇ ਦੁੱਖ ਹੈ-ਜਿਵੇਂ ਕਿ ਆਪਾਂ ਸਾਰਿਆਂ ਨੂੰ ਹੀ ਪਤਾ ਹੈ ਕਿ ਇਹ ਕਤਲੇਆਮ ਆਪਣੀ ਜੱਥੇਬੰਦੀ ਨੇ ਨਹੀਂ ਕੀਤਾ-ਅਸੀਂ ਤਾਂ ਸਗੋਂ ਬੇਦੋਸ਼ਿਆਂ ਦੇ ਕਤਲਾਂ ਦੇ ਖ਼ਿਲਾਫ਼
ਹਾਂ ਅਤੇ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦੇ ਹਾਂ-ਵਾਹਿਗੁਰੂ ਜੀ ਕਾ ਖ਼ਾਲਸਾ-ਵਾਹਿਗੁਰੂ ਜੀ ਕੀ ਫ਼ਤਹਿ।"
ਜੱਥੇਦਾਰ 'ਬੰਬ' ਖੜ੍ਹਾ ਹੋ ਗਿਆ।
-"ਸਿੰਘੋ! ਜਦੋਂ ਸਾਨੂੰ ਸਾਰਿਆਂ ਨੂੰ ਹੀ ਪਤਾ ਹੈ ਕਿ ਇਹ ਐਕਸ਼ਨ ਸਾਡੀ ਜੱਥੇਬੰਦੀ ਵੱਲੋਂ ਨਹੀਂ ਹੋਇਆ-ਜਿਹੜੀ ਗੱਲ ਦਾ ਸਾਨੂੰ ਡਰ ਸੀ, ਉਹ ਆਖਰ ਹੋ ਕੇ ਰਹੀ-ਇਹ ਐਕਸ਼ਨ ਸਾਡੀ ਜੱਥੇਬੰਦੀ
ਅਤੇ ਲਹਿਰ ਨੂੰ ਬਦਨਾਮ ਕਰਨ ਲਈ ਕੀਤਾ ਗਿਆ ਹੈ-ਮੇਰੀ ਤਾਂ ਇਹ ਹੀ ਰਾਇ ਹੈ ਕਿ ਇਸ ਵਾਰਦਾਤ ਸਬੰਧੀ ਅਖ਼ਬਾਰਾਂ ਨੂੰ ਸਪੱਸ਼ਟੀਕਰਨ ਭੇਜਿਆ ਜਾਵੇ।" ਬੰਬ ਦੇ ਇਸ਼ਾਰੇ ਤੇ ਗੁਰਪਾਲ ਬੋਲਿਆ, "ਜੋ ਹੋਇਆ ਬਹੁਤ ਹੀ ਬੁਰਾ ਹੋਇਆ ਦੋਸਤੋ-ਪਰ ਜਿਹੜਾ ਸਾਨੂੰ ਖ਼ਾਸ ਤੌਰ 'ਤੇ ਸੋਚਣਾ ਚਾਹੀਦਾ ਹੈ-ਉਸ ਬਾਰੇ ਸੋਚਿਆ ਜਾਵੇ ਕਿ ਵਾਰਦਾਤ ਕਰਨ ਵਾਲਿਆਂ ਕੋਲ ਸਾਡੀ ਜੱਥੇਬੰਦੀ ਦੇ ਲੈਟਰ-ਪੈਡ ਕਿੱਥੋਂ ਆਏ? ਹੋ ਸਕਦਾ ਹੈ ਉਹਨਾਂ ਕੋਲ ਦੂਜੀਆਂ ਜੱਥੇਬੰਦੀਆਂ ਦੇ ਵੀ ਲੈਟਰ-ਪੈਡ ਹੋਣ? ਮੇਰੀ ਨਜ਼ਰ ਵਿਚ ਤਾਂ ਅਜੇ ਇਹ ਖੇਲ੍ਹ ਸੁਰੂ ਹੀ ਹੋਇਆ ਹੈ-ਅਜੇ ਹੋਰ ਬਹੁਤ ਕੁਝ ਹੋ ਸਕਦਾ ਹੈ-ਅਖ਼ਬਾਰਾਂ ਵਿਚ ਸਪੱਸ਼ਟੀਕਰਨ ਦੇਣ ਦਾ ਮੈਨੂੰ ਬਹੁਤਾ ਕੋਈ ਫ਼ਾਇਦਾ ਨਜ਼ਰ ਨਹੀਂ ਆਉਂਦਾ-ਇਸ ਨਾਲ ਦੋਸ਼ੀ ਹੋਰ ਚੁਕੰਨੇ ਹੋ ਸਕਦੇ ਹਨ-ਮੇਰੇ ਖ਼ਿਆਲ ਨਾਲ ਵਕਤੀ ਤੌਰ 'ਤੇ ਚੁੱਪ ਵੱਟ ਲਈ ਜਾਵੇ ਅਤੇ ਦੋਸ਼ੀਆਂ ਦਾ ਪਤਾ ਲਗਾ ਕੇ, ਲੋਕਾਂ ਵਿਚ ਲਿਜਾ ਕੇ, ਇਕਬਾਲ ਕਰਵਾ ਕੇ, ਤੁਰੰਤ ਸੋਧੇ ਜਾਣ-ਤਾਂ ਜਾ ਕੇ ਲੋਕ ਸੰਤੁਸ਼ਟ ਹੋਣਗੇ-ਇਸ ਤੋਂ ਬਗੈਰ ਬਾਕੀ ਸਾਰੀਆਂ ਕਾਰਵਾਈਆਂ ਅੱਕਾਂ 'ਚ ਡਾਂਗਾਂ ਮਾਰਨ ਬਰਾਬਰ ਹੀ ਹੋਣਗੀਆਂ-ਕਿਵੇਂ ਨਾ ਕਿਵੇਂ ਜਾਂ ਕਹੋ ਕਿਸੇ ਨਾ ਕਿਸੇ ਤਰੀਕੇ ਨਾਲ ਪੁਲੀਸ ਦੇ ਛੋਟੇ ਕਰਮਚਾਰੀਆਂ ਨਾਲ ਦੋਸਤੀ ਗੰਢੀ ਜਾਵੇ-ਪੁਲੀਸ ਮਹਿਕਮੇਂ ਵਿਚ ਆਪਣੇ ਸੈੱਲ ਕਾਇਮ ਕੀਤੇ ਜਾਣ-ਪੁਲੀਸ ਦੇ ਛੋਟੇ ਕਰਮਚਾਰੀ ਆਪਣੇ ਲਈ ਸੋਨੇ ਤੇ ਸੁਹਾਗੇ ਦਾ ਕੰਮ ਕਰ ਸਕਦੇ ਹਨ।"
ਮੀਟਿੰਗ ਉਠ ਗਈ।
ਅਗਲੇ ਦਿਨ ਹੀ ਦੋਸ਼ੀਆਂ ਦਾ ਪਤਾ ਲਾਉਣ ਲਈ ਪ੍ਰੀਤਮ ਸਿੰਘ ਦੀ ਡਿਊਟੀ ਲਾ ਦਿੱਤੀ ਗਈ।
ਰਣਬੀਰ ਵਾਹੋ-ਦਾਹੀ ਠਾਣੇ ਪੁੱਜਿਆ।
ਠਾਣੇਦਾਰ ਕਾਰਵਾਈ ਵਿਚ ਨੱਕੋ-ਨੱਕੀ ਰੁੱਝਿਆ ਹੋਇਆ ਸੀ। ਪੱਗ ਲਾਹ ਕੇ ਉਸ ਨੇ ਸਾਹਮਣੇ ਮੇਜ਼ 'ਤੇ ਰੱਖੀ ਹੋਈ ਸੀ। ਮੱਥੇ 'ਤੇ ਲਾਲ ਪੱਟੀ ਪਸੀਨੇ ਨਾਲ ਗੜੁੱਚ, ਚਿਪਕੀ ਜਿਹੀ ਪਈ ਸੀ। ਗਹੁ ਨਾਲ ਦੇਖਣ ਤੇ ਉਹ ਖਿਝਿਆ-ਖਿਝਿਆ ਜਿਹਾ ਲੱਗਦਾ ਸੀ। ਪਰ ਅੰਦਰੋਂ ਉਹ ਕੁਝ ਸੰਤੁਸ਼ਟੀ ਵੀ ਮਹਿਸੂਸ ਕਰ ਰਿਹਾ ਸੀ ਕਿ ਚਲੋ ਪੁੱਛ ਦੱਸ ਤਾਂ ਹੋਈ। ਇੱਕ ਉਸ ਨੂੰ ਹੋਰ ਵੀ ਖ਼ੁਸ਼ੀ ਸੀ ਕਿ ਗੁਰਪਾਲ ਦੇ ਸਿਰ ਦਾ ਮੁੱਲ ਸਰਕਾਰ ਨੇ ਪੰਜ ਲੱਖ ਅਤੇ 'ਬੰਬ' ਦੇ ਸਿਰ ਦਾ ਮੁੱਲ ਦਸ ਲੱਖ ਤੋਂ ਵਧਾ ਕੇ ਪੰਦਰਾਂ ਲੱਖ ਕਰ ਦਿੱਤਾ ਸੀ। ਰਣਬੀਰ ਹੋਰਾਂ ਨੂੰ ਗਰੇਵਾਲ ਕੀ ਦਬਾਲ ਸੀ? ਉਹਨਾਂ ਦੇ ਮੋਢੇ 'ਤੇ ਧਰ ਕੇ ਤਾਂ ਉਹ ਬੈਂਕ-ਬੈਲੈਂਸ ਅਤੇ ਸਟਾਰਾਂ ਨੂੰ ਧੱਕਾ ਲਾਉਣਾ ਚਾਹੁੰਦਾ ਸੀ।
ਪੋਸਟ-ਮਾਰਟਮ ਤੋਂ ਬਾਅਦ ਬਾਰ੍ਹਾਂ ਦੀਆਂ ਬਾਰ੍ਹਾਂ ਲਾਅਸ਼ਾਂ ਵਾਰਸਾਂ ਨੂੰ ਸੌਂਪ ਦਿੱਤੀਆਂ ਸਨ। ਮੁਆਵਜ਼ੇ ਲਈ ਕਾਰਵਾਈ ਮੁਕੰਮਲ ਕਰ ਕੇ ਐਸ ਪੀ ਨੂੰ ਤੋਰ ਦਿੱਤੀ ਸੀ। ਲਹੂ ਭਿੱਜੀਆਂ ਖ਼ਬਰਾਂ ਨਾਲ ਅਖ਼ਬਾਰਾਂ ਅਜੇ ਵੀ ਨੁੱਚੜ ਰਹੀਆਂ ਸਨ। ਸਾਰੇ ਪੰਜਾਬ ਦਾ ਕਾਲਜਾ ਨਿਕਲਿਆ ਪਿਆ ਸੀ। ਲੋਕਾਂ ਦੇ ਦਿਲ ਦਹਿਲੇ ਪਏ ਸਨ। ਰਾਤਾਂ ਨੂੰ ਨੀਂਦ ਹਰਾਮ ਹੋਈ ਪਈ ਸੀ। ਦਿਨ ਖੜ੍ਹੇ ਹੋਏ "ਬੱਸ-ਕਾਂਡ" ਨੇ ਇੱਕ ਤਰ੍ਹਾਂ ਨਾਲ ਦੋ ਫ਼ਿਰਕਿਆਂ ਵਿਚ ਲਕੀਰ ਖਿੱਚ ਦਿੱਤੀ ਸੀ। ਹਿੰਦੂ-ਸਿੱਖ ਵਿਚ ਇੱਕ ਦਰਾੜ ਪੈ ਗਈ ਸੀ।
ਫ਼ਾਈਲਾਂ ਮੁਣਸ਼ੀ ਨੂੰ ਫੜਾ ਠਾਣੇਦਾਰ, ਰਣਬੀਰ ਨੂੰ ਲੈ ਚੁਬਾਰੇ ਚੜ੍ਹ ਗਿਆ।
-"ਵਾਰਦਾਤ ਕਰਨ ਮੌਕੇ ਮੂੰਹ ਤਾਂ ਢਕ ਲਿਆ ਕਰੋ-ਬੱਸ ਦਾ ਡਰਾਈਵਰ ਤੇ ਕੰਡਕਟਰ ਭੁੱਟ ਭੁੱਟ ਥੋਡੇ ਹੁਲੀਏ ਦੱਸੀ ਜਾਂਦੇ ਐ!"

ਠਾਣੇਦਾਰ ਗਰਮ ਸੀ। ਉਸ ਨੂੰ ਚੇਹ ਚੜ੍ਹੀ ਪਈ ਸੀ। ਉਹ ਕਰੋਧ ਵਿਚ ਬੋਲ ਰਿਹਾ ਸੀ।
ਰਣਬੀਰ ਨੂੰ ਗਲਤੀ ਦਾ ਅਹਿਸਾਸ ਹੋਇਆ।
-"ਚਾਚਾ ਜੀ ਗਲਤੀ ਹੋ ਗਈ-ਮੁੜ ਕੇ ਨਹੀਂ ਹੋਵੇਗੀ।" ਉਹ ਘੋਰ ਨਿਰਾਸ਼ ਹੋ ਗਿਆ। ਉਹ ਤਾਂ ਗਰੇਵਾਲ ਤੋਂ 'ਥਾਪੀ' ਦੀ ਆਸ ਰੱਖੀ ਬੈਠਾ ਸੀ। ਪਰ ਅੱਗੋਂ ਸਰਦਾਰ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ ਸੀ।
-"ਜਿਹੜਾ ਮੋਟਰ ਸਾਈਕਲ ਖੋਹਿਆ ਸੀ-ਉਹ ਕਿੱਥੇ ਖੜ੍ਹਾ ਕੀਤਾ?"
-"ਇੰਜਨੀਅਰਿੰਗ ਕਾਲਿਜ ਦੇ ਅੱਗੇ ਜੀ।"
-"ਇੱਕ ਗੱਲ ਯਾਦ ਰੱਖਣੀ-ਖੋਹੀ ਖਿੰਝੀ ਚੀਜ਼ ਆਪਣੇ ਛੁਪਣ ਟਿਕਾਣੇ ਕੋਲ ਬਿਲਕੁਲ ਖੜ੍ਹੀ ਨਹੀਂ ਕਰਨੀ-ਇਸ ਨਾਲ ਫ਼ਸ ਸਕਦੇ ਹੋ।"
-"ਅੱਛੀ ਬਾਤ ਜੀ।"
-"ਮੇਰੇ ਕੋਲ ਕੰਮ ਬਹੁਤ ਐ-ਕੋਈ ਕੰਮ ਹੈ ਤਾਂ ਜਲਦੀ ਦੱਸ?" ਗਰੇਵਾਲ ਨੇ ਮੱਥੇ ਦਾ ਪਸੀਨਾ ਪੂੰਝਦਿਆਂ ਪੁੱਛਿਆ। ਉਹ ਉਸ ਨੂੰ ਲਾਹ ਲਾਹ ਕੇ ਸੁੱਟ ਰਿਹਾ ਸੀ।
-"ਖਰਚੇ ਬਰਚੇ ਤੋਂ ਤੰਗ ਐਂ ਜੀ ਕੀ ਕਰੀਏ?" ਰਣਬੀਰ ਨੇ ਅਸਲੀ ਮੁਸੀਬਤ ਦੱਸੀ।
-"ਜਿਹੜੇ ਕੰਡਕਟਰ ਤੋਂ ਖੋਹੇ ਸੀ-ਉਹ?"
-"ਉਹ ਤਾਂ ਜੀ ਸਾਰੇ ਈ ਬਾਰ੍ਹਾਂ ਸੌ ਪੈਂਤੀ ਰੁਪਈਏ ਸੀ-ਅਸੀਂ ਚਾਰ ਚਾਰ ਸੌ ਵੰਡ ਲਏ।"
-"ਕੋਈ ਛੋਟੀ ਮੋਟੀ ਫ਼ਾਈਨੈਂਸ ਕੰਪਨੀ ਜਾਂ ਬੈਂਕ ਲੁੱਟ ਲਵੋ-ਖੁੱਲ੍ਹੀ ਛੁੱਟੀ-ਪਰ ਡਕੈਤੀ ਛੋਟੀ ਕਰਿਓ-ਹੋਰ ਨਾ ਕਿਸੇ ਵੱਡੀ ਬੈਂਕ ਨੂੰ ਜਾ ਪਇਓ-ਅਗਲੇ ਬੱਖਲ 'ਚ ਵੀ ਮਾਰਨਗੇ।"
-"ਠੀਕ ਐ ਜੀ।"
-"ਆ ਚੱਲੀਏ! ਐਨੀਆਂ ਤਹਿਕੀਕਾਤਾਂ ਪਈਐਂ-ਸਾਡੀ ਤਾਂ ਭੈਣ ਦੀ.....ਵੜਿਆ ਪਿਐ।"
ਰਣਬੀਰ ਨੂੰ ਲੈ ਕੇ ਠਾਣੇਦਾਰ ਥੱਲੇ ਉੱਤਰ ਗਿਆ।
-"ਨਾਲੇ ਕੋਈ ਠੋਸ ਮੁਖ਼ਬਰੀ ਤਾਂ ਲਿਆ-ਚਾਰ ਪੈਸੇ ਹੱਥ 'ਚ ਕਰੀਏ।" ਆਖਰੀ ਪੌੜੀ ਉੱਤਰ ਕੇ ਠਾਣੇਦਾਰ ਨੇ ਗੁੱਝਾ ਰਣਬੀਰ ਨੂੰ ਕਿਹਾ।
-"ਮੁਖ਼ਬਰੀ ਗੁਰਪਾਲ ਆਲੀ ਕੀਤੀ ਤਾਂ ਸੀ ਜੀ।" ਉਹ ਆਪਣੇ ਵੱਲੋਂ ਸੱਚਾ ਸੀ।
-"ਉਹ ਟੱਟੂ ਦੀ ਮੁਖ਼ਬਰੀ ਸੀ? ਸਾਥੋਂ ਵਾਧੂ ਦਾ ਬੁੜ੍ਹਾ ਮਰਵਾਤਾ-ਤੂੰ ਗੁਰਪਾਲ ਦਾ ਪਤਾ ਲਾ-ਪੰਜ ਲੱਖ ਇਨਾਮ ਐਂ।" ਆਖ ਕੇ ਠਾਣੇਦਾਰ ਦਫ਼ਤਰ ਵਿਚ ਵੜ ਗਿਆ। ਰਣਬੀਰ ਝੂਠਾ ਜਿਹਾ ਹੋਇਆ ਬਾਹਰ ਨੂੰ ਤੁਰ ਪਿਆ। ਅੰਦਰੋਂ ਉਹ ਬੁੜ-ਬੁੜ ਕਰਦਾ ਜਾ ਰਿਹਾ ਸੀ।
-"ਸਾਲਾ ਗਰੇਵਾਲ ਕਿੱਡਾ ਲੁੱਚਾ ਐ-ਐਕਸ਼ਨ ਕਰਵਾ ਕੇ ਸਾਨੂੰ ਕਾਣੇ ਕਰ ਲਿਆ-ਹੁਣ ਕੁੱਕੜਾਂ ਆਲੀਆਂ ਤਾੜਾਂ ਮਾਰਦੈ-ਇਹ ਪੁਲਸ ਆਲੇ ਵੀ ਸਾਲੇ ਕਿਸੇ ਦੇ ਮਿੱਤ ਨਹੀਂ ਹੁੰਦੇ-ਪਰ ਰਣਬੀਰ
ਸਿਆਂ! ਇਹਦੇ ਨਾਲ ਵਿਗੜਿਆ ਤਾਂ ਫ਼ਾਸੀ ਦੇ ਤਖਤੇ ਤੇ ਈ ਪਹੁੰਚੇਂਗਾ-ਫਸੇ ਮਾਰ ਹੁਣ ਖਾਣੀ ਪੈਣੀ ਐਂ-ਤੇਰੇ ਹੱਥ ਬਾਰ੍ਹਾਂ ਨਿਰਦੋਸ਼ੇ ਬੰਦਿਆਂ ਦੇ ਖੂਨ ਨਾਲ ਰੰਗੇ ਹੋਏ ਐ-ਆਪ ਤਾਂ ਮਰਨਾ ਈ
ਸੀ ਨਾਲ ਵਿਚਾਰੇ ਰਾਕਟ ਹੋਰੀਂ ਵੀ ਮਰਵਾ ਧਰੇ-ਮਿੱਤਰਾ ਹੁਣ ਤਾਂ ਅੱਗੇ ਖੂਹ ਤੇ ਪਿੱਛੇ ਖਾਤਾ ਐ-ਹੁਣ ਤਾਂ ਜਿੰਨਾਂ ਚਿਰ ਜੁਲਮ ਕਰੀ ਚੱਲੇਂਗਾ, ਜਿਉਂਲੇਂਗਾ-ਜਿੱਦੇਂ ਹੱਥ ਖੜ੍ਹੇ ਕਰਤੇ, ਪਾਰ! ਹੁਣ ਤਾਂ
ਸੱਪ ਦੇ ਮੂੰਹ ਕੋਹੜ੍ਹ ਕਿਰਲੀ ਆ ਗਈ-ਖਾਂਦੈ ਕੋਹੜ੍ਹੀ ਛੱਡਦੈ ਕਲੰਕੀ-ਸਿਆਣੇ ਆਖਦੇ ਐ ਬਦਮਾਸ਼ ਜਦੋਂ ਸਾਧ ਬਣਨ ਤੁਰਦੈ, ਮਾਰਿਆ ਜਾਂਦੈ-ਹੁਣ ਤਾਂ ਰਣਬੀਰ ਸਿਆਂ! ਲਿਖੀਆਂ ਲੇਖ
ਦੀਆਂ ਕੱਟ ਲੈ ਮਨਾਂ ਚਿੱਤ ਲਾ ਕੇ-ਗਰੇਵਾਲ ਸੱਤਾਂ ਪੱਤਣਾਂ ਦਾ ਤਾਰੂ ਬੰਦੈ-ਪਰ ਬਾਹਲਾ ਤਾਰੂ ਬੰਦਾ ਕਹਿੰਦੇ ਐ ਮਗਰਮੱਛ ਦੇ ਮੂੰਹ ਜਾ ਡਿੱਗਦੈ-।" ਸੋਚਦਾ ਉਹ ਮੋਟਰ ਸਾਈਕਲ ਲੈ ਪਿੰਡ ਨੂੰ
ਚੱਲ ਪਿਆ।
ਅਗਲੇ ਦਿਨ ਰਣਬੀਰ ਹੁਰਾਂ ਨੇ ਕਸਬੇ ਦਾ ਇੱਕ ਬੈਂਕ ਲੁੱਟ ਲਿਆ। ਕੁੱਲ ਚਾਲੀ ਹਜ਼ਾਰ ਰੁਪਏ ਲੁੱਟੇ ਗਏ ਸਨ। ਇਸ ਵਾਰ ਡਾਕੇ ਦੀ ਜ਼ਿੰਮੇਵਾਰੀ "ਭਿੰਡਰਾਂਵਾਲਾ ਟਾਈਗਰ ਫ਼ੋਰਸ" ਵੱਲੋਂ ਓਟੀ ਗਈ
ਸੀ। ਡਾਕੇ ਦੀ ਰਕਮ ਰਣਬੀਰ ਹੁਰਾਂ ਨੇ ਆਪਸ ਵਿਚ ਵੰਡ ਲਈ ਸੀ। ਕੇਸ ਅੱਤਿਵਾਦੀਆਂ ਦੇ ਨਾਂ ਦਰਜ਼ ਹੋ ਗਿਆ ਸੀ।
-"ਆਹ ਤਾਂ ਮੇਰੇਆਰ ਨਜਾਰਾ ਈ ਆ ਗਿਆ!" ਰਾਕਟ ਆਖ ਰਿਹਾ ਸੀ, "ਜੱਟ ਸਾਲੇ ਸਾਰਾ ਸਾਲ ਚੰਮ ਲਾਹ ਕੇ ਤੇਰ੍ਹਾਂ ਹਜਾਰ ਨਹੀਂ ਦਿੰਦੇ-ਆਹ ਦੇਖਲਾ ਮਿਲਟ 'ਚ ਲਹਿਰਾਂ ਬਹਿਰਾਂ ਹੋ ਗਈਆਂ-ਮੈਂ
ਤਾਂ ਆਬਦੀ ਮਾਸ਼ੂਕ ਬੱਬਰ ਸ਼ੇਰਨੀ ਬਿੱਲੋ ਨੂੰ ਸੀਸਿਆਂ ਆਲਾ ਨਾਲਾ ਤੇ ਤਪੀਤੀ ਕਰਾ ਕੇ ਦਿਊਂ!"
-"ਸਾਲਿਆ, ਕਿਸੇ ਕੋਲੇ ਬਕ ਨਾ ਬੈਠੀਂ ਉਏ!" ਬਿੱਕਰ ਨੇ ਸਾਵਧਾਨ ਕੀਤਾ।
-"ਮੇਰੇਆਰ ਮੈਂ ਕਮਲੈਂ? ਬਈ ਆਬਦੇ ਪੈਰੀਂ ਆਪ ਕੁਹਾੜਾ ਮਾਰੂੰ?"
-"ਤੇਰੇ ਪਤੰਦਰਾਂ ਨੇ ਪੁੱਠਾ ਟੰਗ ਕੇ ਦੋ ਦਿਨ ਪਤਾ ਈ ਨਹੀਂ ਲੈਣਾ-ਪਿਆ ਰਿੰਗੀ ਜਾਈਂ-ਕਿਸੇ ਨੇ ਛੁਡਾਉਣ ਵੀ ਨਹੀਂ ਆਉਣਾ।"
-"ਮੇਰੇਆਰ ਕਿਸੇਂ 'ਤਬਾਰ ਵੀ ਕਰੋ-ਤੁਸੀਂ ਤਾਂ ਮਤੇਈ ਮਾਂ ਮਾਂਗੂੰ ਗਲ ਈ ਪੈਗੇ?"
ਖ਼ਾੜਕੂ ਜੱਥੇਬੰਦੀਆਂ ਦੰਗ ਸਨ ਕਿ ਉਹ ਵਾਰਦਾਤ ਨਹੀਂ ਕਰਦੇ ਸਨ। ਪਰ ਵਾਕੇ ਦੀ ਜ਼ਿੰਮੇਵਾਰੀ ਉਹਨਾਂ ਵੱਲੋਂ ਓਟੀ ਜਾਂਦੀ ਸੀ! ਪਰ ਖ਼ਾੜਕੂ ਜੱਥੇਬੰਦੀਆਂ ਦਾ ਇਹ ਦੁਖਾਂਤ ਸੀ ਕਿ ਉਹ ਜ਼ਿੰਮੇਵਾਰੀ ਪ੍ਰਤੀ ਕੋਈ ਸਪੱਸ਼ਟੀਕਰਨ ਜਾਰੀ ਨਹੀਂ ਕਰਦੇ ਸਨ, ਜਿਸ ਕਾਰਨ

ਉਹਨਾਂ ਦੀ ਸ਼ਾਖ ਲੋਕਾਂ ਵਿਚ ਦਿਨੋ-ਦਿਨ ਸ਼ੱਕੀ ਹੁੰਦੀ ਜਾ ਰਹੀ ਸੀ।
ਬੁੱਧਵਾਰ ਵਾਲੇ ਦਿਨ ਪ੍ਰੀਤਮ ਸਿੰਘ ਜੈਲਦਾਰ ਇੱਕ ਅਜ਼ੀਬ ਖ਼ਬਰ ਲੈ ਕੇ ਪਹੁੰਚਿਆ। ਰਣਜੋਧ ਦੀ ਮੁਖ਼ਬਰੀ ਉਸ ਦੇ ਗੁਆਂਢੀ ਕਾਮਰੇਡ ਬਲਦੇਵ ਸਾਥੀ ਨੇ ਕੀਤੀ ਸੀ। ਸਾਰਿਆਂ ਅੰਦਰ ਭਾਂਬੜ ਬਲ ਉਠਿਆ। ਕਰੋਧ ਨਾਲ ਸਾਰਿਆਂ ਦੇ ਹੱਥ "ਬੰਦੇ-ਖਾਣੀਆਂ" ਦੀਆਂ ਰਗਾਂ ਤੱਕ ਜਾ ਪਹੁੰਚੇ।
ਸਮੂਹ ਜੱਥੇਬੰਦੀਆਂ ਦੇ ਮੁਖੀ ਇਕੱਤਰ ਹੋਏ। ਸੰਖੇਪ ਗੱਲਬਾਤ ਤੋਂ ਕਰਨ ਤੋਂ ਬਾਅਦ ਮਤਾ ਪਾਸ ਕਰ ਦਿੱਤਾ ਗਿਆ। ਕਾਮਰੇਡ 'ਸਾਥੀ' ਨੂੰ ਪ੍ਰੀਵਾਰ ਸਮੇਤ ਸੋਧਣ ਦਾ ਐਲਾਨ ਹੋ ਗਿਆ! ਪ੍ਰੀਤਮ ਸਿੰਘ ਜੈਲਦਾਰ ਮੁਖ਼ਬਰ ਕਾਮਰੇਡ ਨੂੰ ਆਪਣੇ ਹੱਥੀਂ ਸੋਧਾ ਲਾਉਣਾ ਚਾਹੁੰਦਾ ਸੀ। ਉਸ ਨੇ ਮੁਖੀਆਂ ਅੱਗੇ ਫ਼ਰਿਆਦ ਕੀਤੀ, "ਜੱਥੇਦਾਰ ਸਾਹਬ-ਇਹ ਕੰਮ ਮੈਨੂੰ ਕਰ ਲੈਣ ਦਿਓ-ਫੇਰ ਚਾਹੇ ਮੈਨੂੰ ਭੱਠੀ 'ਚ ਡਾਹ ਦਿਓ-'ਸੀ' ਨਹੀਂ ਕਰਦਾ।" ਜਦੋਂ ਦਾ ਰਣਜੋਧ ਮੁਕਾਬਲੇ ਵਿਚ ਮਾਰਿਆ ਸੀ। ਜੈਲਦਾਰ ਹੱਥ ਮਲ ਰਿਹਾ ਸੀ। ਦੰਦ ਪੀਂਹਦਾ ਸੀ। ਜੈਲਦਾਰ ਦੀ ਫ਼ਰਿਆਦ ਪੂਰੀ ਹੋ ਗਈ।
ਜੈਲਦਾਰ ਅਤੇ ਉਸ ਦੇ ਸਾਥੀਆਂ ਸਮੇਤ ਚਾਰਾਂ ਦੀ ਜ਼ਿੰਮੇਵਾਰੀ ਮੁਕੱਰਰ ਕਰ ਦਿੱਤੀ ਗਈ। ਜੱਥੇਬੰਦੀਆਂ ਦੇ ਮੁਖੀਆਂ ਨੇ ਦਸਤਖ਼ਤ ਕਰਕੇ ਰੁੱਕਾ ਜੈਲਦਾਰ ਦੇ ਬੋਝੇ ਪਾ ਦਿੱਤਾ।
ਅਗਲੇ ਦਿਨ ਪ੍ਰੀਤਮ ਸਿੰਘ ਜੈਲਦਾਰ ਚੜ੍ਹਿਕ ਪਿੰਡ ਵਿਚ ਟੁੱਟੇ ਜਿਹੇ ਸਾਈਕਲ 'ਤੇ "ਫੇਰੀ" ਲਾ ਰਿਹਾ ਸੀ।
-"ਖਾਲੀ ਬੋਤਲਾਂ ਟੁੱਟਿਆ ਭੱਜਿਆ ਲੋਹਾ ਵੇਚ ਲੋ...!" ਰਿਵਾਲਵਰ ਉਸ ਦੇ ਡੱਬ ਵਿਚ ਸੀ।
ਚਰ੍ਹੀ ਦੀ ਪੂਲੀ ਜਿੱਡਾ ਉਸ ਨੇ ਪੱਗ ਦਾ ਲੜ ਛੱਡ ਰੱਖਿਆ ਸੀ। ਕਾਮਰੇਡ ਬਲਦੇਵ ਸਾਥੀ ਦੇ ਘਰ ਕੋਲ ਦੀ ਉਹ ਦੁਪਿਹਰ ਤੱਕ ਦੋ ਗੇੜੇ ਮਾਰ ਚੁੱਕਾ ਸੀ। ਕਾਂ ਅੱਖ ਨਾਲ ਉਸ ਨੇ ਸਾਰੀਆਂ ਗਲੀਆਂ
ਤਾੜ ਲਈਆਂ ਸਨ। ਐਕਸ਼ਨ ਕਰਕੇ ਭੱਜਣ ਦਾ ਰਸਤਾ ਉਸ ਨੇ ਦਿਮਾਗ ਵਿਚ ਉਲੀਕ ਲਿਆ ਸੀ।
ਕੁੱਤਾ, ਕਾਮਰੇਡ ਦੇ ਘਰ ਹੈ ਕੋਈ ਨਹੀਂ ਸੀ, ਜਿਸ ਬਾਰੇ ਉਹ ਪੱਕੀ ਬਿੜਕ ਲੈਣੀ ਚਾਹੁੰਦਾ ਸੀ। ਆਂਢ-ਗੁਆਂਢ ਦੇ ਘਰਾਂ ਦਾ ਵੀ ਉਸ ਨੇ ਚੰਗੀ ਤਰ੍ਹਾਂ ਜਾਇਜਾ ਲੈ ਲਿਆ ਸੀ।
ਜਦੋਂ ਜੈਲਦਾਰ ਨੇ ਤੀਜਾ ਅਤੇ ਆਖਰੀ ਗੇੜਾ ਕਾਮਰੇਡ ਦੀ ਗਲੀ ਵਿਚ ਲਾਇਆ ਤਾਂ ਅੰਦਰੋਂ ਬਲੀ ਸਿੰਘ ਬਾਹਰ ਨਿਕਲਿਆ। ਉਸ ਦਾ ਪੀਲਾ ਭੂਕ ਚਿਹਰਾ ਅਤੇ ਅੱਖਾਂ ਗਿੱਦੜ ਦੀ ਖੁੱਡ ਵਾਂਗ ਅੰਦਰ ਧਸੀਆਂ ਹੋਈਆਂ ਸਨ। ਓਪਰਾ-ਓਪਰਾ ਝਾਕਦਾ ਬਲੀ ਸਿੰਘ ਹੱਡੀਆਂ ਦੀ ਮੁੱਠ ਹੀ ਤਾਂ ਲੱਗਦਾ ਸੀ।
ਜਦੋਂ ਜੈਲਦਾਰ ਨੇ, "ਖਾਲੀ ਬੋਤਲਾਂ ਟੁੱਟਿਆ ਭੱਜਿਆ ਲੋਹਾ ਵੇਚ ਲੋ....!" ਦਾ ਹੋਕਾ ਦਿੱਤਾ ਤਾਂ ਬਲੀ ਸਿੰਘ ਜੈਲਦਾਰ ਵੱਲ ਗਹੁ ਨਾਲ ਝਾਕਿਆ। ਜੈਲਦਾਰ ਦਹਿਲ ਗਿਆ। ਪਰ ਜਦੋਂ ਬਲੀ ਸਿੰਘ
ਨੇ ਬਿਲਕੁਲ ਨੇੜੇ ਹੋ ਕੇ, "ਜੋਧ ਸਿਉਂ ਐਂ?" ਪੁੱਛਿਆ ਤਾਂ ਉਸ ਦਾ ਦਿਲ ਥਾਂਵੇਂ ਆ ਗਿਆ।
ਪਰ ਜੈਲਦਾਰ ਦੀ ਰੂਹ ਵੱਢੀ ਗਈ ਸੀ।
-"ਮੈਖਿਆ ਜੋਧ ਐ....?" ਉਸ ਨੇ ਜੈਲਦਾਰ ਨੂੰ ਫੜ ਕੇ ਟਾਹਣ ਵਾਂਗ ਹਲੂਣਿਆਂ।
-"ਨਹੀਂ ਬਾਬਾ-ਮੈਂ ਤਾਂ ਕਬਾੜੀਆ ਐਂ!"
-"ਤੇ ਜੋਧ ਕਿੱਥੇ ਐ-ਜਿਉਣ ਜੋਕਰਿਆ?"
-"ਕਿਹੜਾ ਜੋਧ ਬਾਬਾ?"
-"ਉਏ ਆਪਣਾ ਜੋਧ....!"
-"ਬਾਬਾ ਮੈਨੂੰ ਨਹੀਂ ਪਤਾ-ਮੈਂ ਨਹੀਂ ਜਾਣਦਾ-।" ਜੈਲਦਾਰ ਦਾ ਹਿਰਦਾ ਲਹੂ-ਲੁਹਾਣ ਹੋਇਆ, ਚੋਈ ਜਾ ਰਿਹਾ ਸੀ।
-"ਤੈਨੂੰ ਪਤਾ ਕਿਮੇਂ ਨਹੀਂ ਉਏ-ਕੁੱਤਿਆਂ ਦਿਆ ਸਾਲਿਆ?" ਉਹ ਜੈਲਦਾਰ ਦੇ ਗਲਵੇਂ ਨੂੰ ਚਿੰਬੜ ਗਿਆ।
ਰੌਲਾ ਸੁਣ ਕੇ ਬਲੀ ਸਿੰਘ ਦੀ ਲੜਕੀ ਕੀਤੀ ਅਤੇ ਗੁਆਂਢੋਂ ਕਾਮਰੇਡ ਬਾਹਰ ਆ ਗਏ। ਉਹਨਾਂ ਨੇ ਆ ਕੇ ਬਲੀ ਸਿੰਘ ਨੂੰ ਸਾਂਭਿਆ ਅਤੇ ਅੰਦਰ ਲੈ ਗਏ। ਜੈਲਦਾਰ ਨੇ ਆਪਣਾ ਰਿਵਾਲਵਰ ਟੋਹ ਕੇ
ਵੇਖਿਆ ਮਤਾਂ ਟਿਕਾਣੇ ਤੋਂ ਖਿਸਕ ਹੀ ਨਾ ਗਿਆ ਹੋਵੇ? ਬਲੀ ਸਿੰਘ ਦਾ ਉਸ ਨੇ ਡੱਕਾ ਵਿਰੋਧ ਨਹੀਂ ਕੀਤਾ ਸੀ।
-"ਬਾਬੇ ਨੂੰ ਕੀ ਅਚਾ ਐ?" ਕਾਮਰੇਡ ਦੇ ਬਾਹਰ ਆਉਣ ਤੇ ਜੈਲਦਾਰ ਨੇ ਪੁੱਛਿਆ।
-"ਦਿਮਾਗ 'ਚ ਫਰਕ ਐ।" ਕਾਮਰੇਡ ਨੇ ਸਰਸਰੀ ਸੁਣਾਈ ਕੀਤੀ।
-"ਬਿਮਾਰ ਠਮਾਰ ਸੀ?"
-"ਕੱਲਾ 'ਕੱਲਾ ਮੁੰਡਾ ਸੀ-ਪੁਲਸ ਨਾਲ ਮੁਕਾਬਲੇ 'ਚ ਮਾਰਿਆ ਗਿਆ-ਬੱਸ ਉਦੋਂ ਦਾ ਈ ਇਉਂ ਐਂ-ਇਹ ਤਾਂ ਕਦੇ ਕਦੇ ਰਾਤ ਨੂੰ 'ਉਏ ਜੋਧ' ਆਖ ਕੇ ਭੱਜ ਤੁਰਦੈ-ਕਦੇ 'ਆਇਆ ਜੋਧ' ਆਖ ਕੇ
ਅੱਧੀ ਰਾਤੋਂ ਕੁੰਡਾ ਜਾ ਖੋਹਲਦੈ-ਸਾਰਾ ਪ੍ਰੀਵਾਰ ਇਹਤੋਂ ਪ੍ਰੇਸ਼ਾਨ ਐਂ-ਪ੍ਰੀਵਾਰ ਨੇ ਤਾਂ ਤੰਗ ਹੋਣਾ ਈ ਐ-ਇਹਤੋਂ ਤਾਂ ਅਸੀਂ ਗੁਆਂਢੀ ਸਤੇ ਪਏ ਐਂ-।" ਕਾਮਰੇਡ ਨੇ ਦੱਸਿਆ ਤਾਂ ਜੈਲਦਾਰ ਨੇ ਮਨ ਵਿਚ ਹੀ ਆਖਿਆ, "ਤੇਰਾ ਦੁੱਖ ਤਾਂ ਅੱਜ ਈ ਕੱਟ ਦਿਆਂਗੇ ਕਾਮਰੇਟਾ।" ਮੂੰਹੋਂ ਚੁੱਪ ਜੈਲਦਾਰ ਅੰਦਰੋਂ ਉਬਲ ਰਿਹਾ ਸੀ।
-"ਸਰਦਾਰਾ ਪਾਣੀ ਪਿਆਵੇਂਗਾ?"
-"ਨਲਕੇ ਤੋਂ ਈ ਪੀ ਲੈ।"
ਜੈਲਦਾਰ, ਕਾਮਰੇਡ ਦੇ ਵਿਹੜੇ ਵਿਚ ਲੱਗੇ ਨਲਕੇ ਤੋਂ ਪਾਣੀ ਪੀਣ ਚਲਾ ਗਿਆ। ਪਾਣੀ ਪੀ ਕੇ ਬੂਟੀਆਂ ਵਾਲੇ ਰੁਮਾਲ ਨਾਲ ਹੱਥ ਪੂੰਝਦਿਆਂ, ਵਿਹੜੇ ਖੜ੍ਹ ਕੇ ਉਸ ਨੇ ਸਾਰੇ ਘਰ ਦਾ ਬੜੇ ਗਹੁ
ਨਾਲ ਨਿਰੀਖਣ ਕੀਤਾ। ਕੋਈ ਕੁੱਤਾ ਨਹੀਂ ਸੀ। ਭੱਜਣ ਲਈ ਦੂਜਾ ਦਰਵਾਜਾ ਨਹੀਂ ਸੀ। ਕੋਠੇ ਨੂੰ ਬਾਂਸ ਦੀ ਪੌੜੀ ਲੱਗੀ ਹੋਈ ਸੀ।

ਮੱਧ-ਵਰਗੀ ਕਿਸਾਨ ਵਰਗਾ ਆਮ ਸਾਦਾ ਜਿਹਾ ਘਰ ਸੀ। ਤਿੰਨ ਕਮਰੇ, ਇੱਕ ਵਰਾਂਡਾ। ਟੀਪ ਕੀਤੀ ਹੋਈ ਰਸੋਈ ਅਤੇ ਇੱਕ ਖੁਰਨੀ, ਜਿਸ 'ਤੇ ਦੋ ਸੱਜਰ ਸੂਈਆਂ ਮੱਝਾਂ ਅਤੇ ਇੱਕ ਕੱਟਾ, ਕੱਟੀ ਬੱਝੇ ਹੋਏ ਸਨ।
-''ਚੰਗਾ ਸਰਦਾਰਾ...!'' ਆਖ ਕੇ ਉਸ ਨੇ ਸਾਈਕਲ ਸਟੈਂਡ ਤੋਂ ਲਾਹ ਕੇ ਤੋਰ ਲਿਆ ਅਤੇ ਹੋਕਾ ਦੇਣਾ ਫਿਰ ਸੁਰੂ ਕਰ ਦਿੱਤਾ। ਪੱਕੇ ਥੜ੍ਹੇ ਵਾਲੇ ਪਿੱਪਲ ਤੱਕ ਤਾਂ ਉਹ ਹੋਕਾ ਦਿੰਦਾ ਤੁਰਿਆ ਆਇਆ।
ਪਰ ਮੋੜ ਮੁੜ ਕੇ ਉਸ ਨੇ ਸਾਈਕਲ 'ਤੇ ਲੱਤ ਦੇ ਲਈ। ਚੜਿੱਕ ਤੋਂ ਦੋ ਕੁ ਕਿਲੋਮੀਟਰ ਦੂਰ ਵੱਡੀ ਸੜਕ ਵਾਲੇ ਪੁਲ 'ਤੇ ਆ ਕੇ ਉਸ ਨੇ ਸਾਈਕਲ ਖੜ੍ਹਾ ਕਰ ਦਿੱਤਾ ਅਤੇ ਕੋਸੀ ਧੁੱਪੇ ਅਰਾਮ ਕਰਨ ਬੈਠ ਗਿਆ। ਅਜੇ ਉਸ ਨੇ ਕਬੂਤਰ ਵਾਂਗ ਅੱਖਾਂ ਮੀਟੀਆਂ ਹੀ ਸਨ ਕਿ ਪੁਲੀਸ ਦੀਆਂ ਭਰੀਆਂ ਦੋ ਜਿਪਸੀਆਂ ਕੋਲ ਦੀ ਲੰਘ ਗਈਆਂ। ਪਰ ਜੈਲਦਾਰ ਸ਼ਾਂਤ ਚਿੱਤ ਬੈਠਾ ਰਿਹਾ।
ਕੜਬਚੱਬਾਂ ਦੀ ਮੋਟਰ 'ਤੇ ਬੈਠੇ ਉਹ ਰਾਤ ਨੂੰ ਵਿਚਾਰ ਵਟਾਂਦਰਾ ਕਰ ਰਹੇ ਸਨ। ਜੈਲਦਾਰ ਨੇ ਸਾਥੀਆਂ ਅੱਗੇ ਸਾਰਾ ਨਕਸ਼ਾ ਵਾਹ ਧਰਿਆ ਸੀ। ਅਗਲੇ ਦਿਨ ਰਾਤ ਨੂੰ ਐਕਸ਼ਨ ਕਰਨ ਦਾ ਘਾੜਾ ਘੜ ਕੇ ਉਹ ਦੋ ਮੰਜਿਆਂ 'ਤੇ ਚਾਰੇ ਪੈ ਗਏ।
ਅਸਲ ਵਿਚ ਜਿਸ ਦਿਨ ਰਾਤ ਨੂੰ ਰਣਜੋਧ ਖ਼ਾੜਕੂਆਂ ਲਈ ਰੋਟੀ ਲੈ ਕੇ ਤੁਰਿਆ ਤਾਂ ਮਗਰੇ ਹੀ ਕਾਮਰੇਡ ਬਲਦੇਵ ਸਾਥੀ ਨੇ ਆਪਣਾ ਸਾਈਕਲ ਲਾ ਲਿਆ। ਸਿਰਫ਼ ਇਕ ਕਿੱਲੇ ਦੀ ਵਿੱਥ 'ਤੇ ਹੀ
ਉਹ ਅੱਗੜ ਪਿੱਛੜ ਜਾ ਰਹੇ ਸਨ। ਰਣਜੋਧ ਵੱਲੋਂ ਖ਼ਾੜਕੂਆਂ ਨੂੰ ਰੋਟੀ ਖੁਆਉਣ ਅਤੇ ਚਾਹ ਪਿਆਉਣ ਦਾ ਦ੍ਰਿਸ਼ ਉਸਨੇ ਸੜਕ 'ਤੇ ਖੜ੍ਹੇ ਪਿੱਪਲ ਹੇਠ ਖੜ੍ਹ ਕੇ ਅੱਖੀਂ ਦੇਖਿਆ ਸੀ। ਮਾੜੀਆਂ ਮੋਟੀਆਂ ਗੱਲਾਂ ਵੀ ਉਸ ਦੇ ਕੰਨੀਂ ਪੈ ਗਈਆਂ ਸਨ। ਕਾਮਰੇਡ ਪਿੰਡ ਪਹੁੰਚਣ ਦੀ ਵਜਾਏ ਸਿੱਧਾ ਠਾਣੇ ਜਾ ਵੱਜਿਆ ਸੀ। ਆਪਣਾ ਨਾਂ ਗੁਪਤ ਰੱਖਣ ਦੀ ਬੇਨਤੀ ਕਰਕੇ ਉਸ ਨੇ ਠੋਕ ਕੇ ਮੁਖ਼ਬਰੀ ਕੀਤੀ
ਸੀ।
-''ਜੇ ਅਸੀਂ ਈ ਮੁਖ਼ਬਰਾਂ ਦੇ ਨਾਂ ਦੱਸਣ ਲੱਗ ਪਏ-ਸਾਡੇ ਕੋਲ ਆਊ ਕਿਹੜਾ?'' ਠਾਣੇਦਾਰ ਨੇ ਕਿਹਾ ਸੀ, ''ਤੂੰ ਬੇਧੜਕ ਹੋ ਕੇ ਘਰ ਨੂੰ ਜਾਹ ਕਾਮਰੇਡਾ-ਬਾਕੀ ਅੜੀਆਂ ਅਸੀਂ ਮੇਲ ਦਿਆਂਗੇ-ਤੂੰ ਆਬਦਾ ਕੰਮ ਕਰ ਦਿੱਤਾ-ਅਸੀਂ ਆਪਣਾ ਕੱਲ੍ਹ ਨੂੰ ਕਰਲਾਂਗੇ-ਤੂੰ ਜਾਹ!'' ਤੇ ਕਾਮਰੇਡ ਸਾਈਕਲ 'ਤੇ ਭੰਮੀਰੀ ਬਣਿਆਂ ਪਹੁ ਫੁਟਦੇ ਨੂੰ ਪਿੰਡ ਪਹੁੰਚ ਗਿਆ।
ਰਾਤ ਦੇ ਗਿਆਰਾਂ ਵੱਜੇ ਸਨ।
ਕਹਿਰ ਦੇ ਕਾਲੇ ਦਿਨ ਸਨ। ਜਿਸ ਕਰਕੇ ਦੁਨੀਆਂ ਰੋਟੀਆਂ ਖਾ ਕੇ ਜਲਦੀ ਹੀ ਰਜਾਈਆਂ ਵਿਚ ਵੜ ਜਾਂਦੀ ਸੀ। ਖ਼ਾੜਕੂਆਂ ਦੀਆਂ ਅਜੀਬ-ਅਜੀਬ ਨਸੀਹਤਾਂ ਸਨ: ਕੋਈ ਰਾਤ ਨੂੰ ਬੱਤੀ ਜਗਦੀ ਨਹੀਂ ਰੱਖ ਸਕਦਾ ਸੀ, ਗਲੀ ਵਿਚ ਪਾਣੀ ਨਹੀਂ ਡੋਲ੍ਹ ਸਕਦਾ ਸੀ, ਅਵਾਰਾ ਕੁੱਤੇ ਗੋਲੀਆਂ ਆਸਰੇ ਮਰਵਾ ਦਿੱਤੇ ਸਨ, ਗਲੀਆਂ ਵਿਚ ਲੱਗੇ ਪੰਚਾਇਤੀ ਬੱਲਬ ਲੁਹਾ ਦਿੱਤੇ ਸਨ। ਇਸ ਤੋਂ ਇਲਾਵਾ ਸਖ਼ਤ ਹਦਾਇਤਾਂ ਸਨ ਕਿ ਜਿਸ ਘਰ ਵਿਚ ਕਾਰ, ਸਕੂਟਰ, ਮੋਟਰ ਸਾਈਕਲ, ਜੀਪ ਜਾਂ ਟਰੈਕਟਰ ਸੀ, ਉਸ ਦਾ ਮੂੰਹ ਦਰਵਾਜੇ ਵੱਲ ਨੂੰ ਹੋਵੇ, ਚਾਬੀਆਂ ਵਿਚ ਹੋਣ ਅਤੇ ਟੈਂਕੀ ਤੇਲ ਨਾਲ ਭਰਪੂਰ ਹੋਵੇ! ਖ਼ਾੜਕੂਆਂ ਦੀ ਹਰ ਨਸੀਹਤ ਅਤੇ ਹਰ ਹਦਾਇਤ ਨੂੰ ਡਰਦੇ ਲੋਕ 'ਸਤਿ' ਕਰਕੇ ਸਿਰ ਝੁਕਾਉਂਦੇ ਸਨ।
ਕਾਮਰੇਡ ਬਲਦੇਵ ਸਾਥੀ ਦਾ ਦਰਵਾਜਾ ਖੜਕ ਰਿਹਾ ਸੀ। ਪਰ ਅੰਦਰੋਂ ਕੋਈ ਜਵਾਬ ਨਾ ਆਇਆ। ਕਾਫੀ ਦੇਰ ਉਡੀਕਣ ਤੋਂ ਬਾਅਦ ਜੈਲਦਾਰ ਬੋਲਿਆ, ''ਮੈਨੂੰ ਕੰਧ ਟਪਾਓ ਯਾਰ-ਮੇਰਾ ਸਹੁਰਾ ਕਿਤੇ ਪੌੜੀ ਚੜ੍ਹ ਪੱਤੇ ਈ ਨਾ ਤੋੜ ਜਾਵੇ?'' ਉਸ ਦੇ ਸਬਰ ਦਾ ਬੰਨ੍ਹ ਟੁੱਟ ਗਿਆ ਸੀ। ਉਸ ਨੂੰ ਵਿਹੜੇ ਵਿਚ ਲੱਗੀ ਪੌੜੀ ਤੋੜ-ਤੋੜ ਖਾ ਰਹੀ ਸੀ।
ਜੈਲਦਾਰ ਦੇ ਹੇਠੋਂ ਸਹਾਰਾ ਦੇ ਕੇ ਉਹਨਾਂ ਤਿੰਨਾਂ ਨੇ ਉਸ ਦਾ ਕੰਧ ਉਪਰ ਹੱਥ ਪੁਆਇਆ ਤਾਂ ਉਹ ਛਾਲ ਮਾਰ ਕੇ ਬਿੱਲੇ ਵਾਂਗ ਕੰਧ 'ਤੇ ਚੜ੍ਹ ਗਿਆ ਅਤੇ ਅੰਦਰ ਉਤਰ ਕੇ ਦਰਵਾਜੇ ਦੀ ਅਰਲ ਲਾਹ ਦਿੱਤੀ। ਸਾਰਾ ਟੱਬਰ ਅੰਦਰ ਦੋ ਕਮਰਿਆਂ ਵਿਚ ਸੁੱਤਾ ਪਿਆ ਸੀ? ਜਾਂ ਵੈਸੇ ਹੀ ਛਾਪਲ ਗਿਆ ਸੀ?
ਤਿੰਨ ਜਾਣੇ ਅੰਦਰ ਲੰਘ ਆਏ ਅਤੇ ਇੱਕ ਪਹਿਰੇ ਦਰਵਾਜੇ 'ਤੇ ਪਹਿਰੇ ਲਈ ਖੜ੍ਹ ਗਿਆ। ਟਾਰਚ ਦੇ ਆਸਰੇ ਜੈਲਦਾਰ ਨੇ ਵਿਹੜੇ ਵਾਲੀ ਬੱਤੀ ਜਗਾ ਲਈ। ਵਿਹੜੇ ਵਿਚ ਤਿੰਨ ਮੂੰਹ-ਬੱਧੇ ਹਥਿਆਰਬੰਦ ਦੇਖ ਕਾਮਰੇਡ ਹੇਠੋਂ ਜ਼ਮੀਨ ਤਿਲ੍ਹਕੀ! ਘਰ ਵਿਚ ਝੱਖੜ ਝੁੱਲ ਗਿਆ। ਕਾਮਰੇਡ ਦੇ ਘਰ ਵਿਚ ਪੰਜ ਜੀਅ ਸਨ। ਕਾਮਰੇਡ ਦਾ ਮੁੰਡਾ, ਨੂੰਹ, ਧੀ ਪਤਨੀ ਅਤੇ ਪੰਜਵਾਂ ਕਾਮਰੇਡ ਆਪ!
ਸਾਰੇ ਸਿੰਘਾਂ ਦੇ ਪੈਰਾਂ 'ਤੇ ਢੇਰੀ ਹੋ ਗਏ।
-''ਪਰ੍ਹੇ ਹੋ ਕੇ ਗੱਲ ਕਰੋ!'' ਜੈਲਦਾਰ ਦੇ ਸਾਥੀ ਪ੍ਰੀਤ ਨੇ ਕਿਹਾ। ਡਰ ਕੇ ਸਾਰੇ ਪਿੱਛੇ ਹੱਟ ਗਏ। ਬੰਦੂਕ ਦੀ ਨੋਕ 'ਤੇ ਜੈਲਦਾਰ ਨੇ ਸਾਰੇ ਕੰਧ ਨਾਲ ਲਾ ਲਏ।
-''ਸਿੰਘੋ ਕੋਈ ਕਸੂਰ ਤਾਂ ਦੱਸੋ?'' ਕਾਮਰੇਡ ਨੇ ਲੇਲੜ੍ਹੀ ਕੱਢੀ ਤਾਂ ਜੈਲਦਾਰ ਝਾਫ਼ੇ ਵਾਂਗ ਉਸ ਦੇ ਗਲ ਨੂੰ ਚਿੰਬੜ ਗਿਆ। ਨਾਸਾਂ ਕੁੱਟ-ਕੁੱਟ ਕੇ ਉਸ ਨੂੰ ਲਹੂ-ਲੁਹਾਣ ਕਰ ਦਿੱਤਾ। ਇੱਕ ਗਰਦੋਗੋਰ ਉਠੀ ਹੋਈ ਸੀ।
-''ਮੇਰਿਆ ਸਾਲਿਆ-ਕੁੱਤੇ ਦਿਆ ਹੱਡਾ-ਸਿੰਘਾਂ ਦੇ ਹਮਦਰਦਾਂ 'ਤੇ ਮੁਖ਼ਬਰੀਆਂ ਕਰਦੈਂ ਉਏ? ਤੈਨੂੰ ਸਾਡੇ ਕਾਨੂੰਨਾਂ ਦਾ ਨਹੀਂ ਪਤਾ...?''
-''ਸਿੰਘੋ, ਇਹ ਤਾਂ ਦੱਸੋ ਬਈ ਖ਼ੁਨਾਮੀਂ ਕੀ ਹੋ ਗਈ?'' ਅੰਦਰੋਂ ਚੋਰ ਉਹ ਬਾਹਰੋਂ ਉਹਨਾਂ ਨੂੰ ਪੈਰੋਂ ਕੱਢਣਾ ਚਾਹੁੰਦਾ ਸੀ।
-''ਤੂੰ ਸਾਨੂੰ ਫੁੱਦੂ ਬਣਾਉਨੈਂ ਉਏ, ਭੈਣ ਦਿਆ ਯਾਰਾ? ਰਣਜੋਧ ਦੀ ਮੁਖ਼ਬਰੀ ਕੀਹਨੇ ਕੀਤੀ ਐ? ਤੇਰੇ ਪਿਉ ਨੇ...? ਸਾਡੀਆਂ ਜੜ੍ਹਾਂ ਪਤਾਲ 'ਚ ਐ-ਤੂੰ ਸਾਨੂੰ ਸਮਝ ਕੀ ਰੱਖਿਐ?'' ਜੈਲਦਾਰ ਨੇ
ਕਾਮਰੇਡ 'ਤੇ ਫਿਰ ਤਾਉਣੀ ਚਾਹੜ ਦਿੱਤੀ।
-''ਸਿੰਘੋ ਮੈਨੂੰ ਮੁਆਫ਼ ਕਰ ਦਿਓ! ਗਲਤੀ ਹੋ ਗਈ-ਮੁੜ ਕੇ ਗਲਤੀ ਨਹੀਂ ਹੋਊਗੀ-ਮੈਨੂੰ ਜੁਰਮਾਨੇ ਵਜੋਂ ਕੋਈ ਸਜ਼ਾ ਲਾ ਦਿਓ-ਭੁਗਤਣ ਲਈ ਤਿਆਰ ਐਂ-ਪਰ ਸਿੰਘੋ ਦੁਹਾਈ ਐ ਮੇਰੀ ਇੱਕ ਆਰੀ ਬਖ਼ਸ਼ ਲਵੋ-!''
-''ਸਾਡੇ ਕੋਲੇ ਤਾਂ ਸਿਰਫ਼ ਇੱਕ ਈ ਸਜ਼ਾ ਐ ਗੱਦਾਰਾਂ ਨੂੰ ਦੇਣ ਲਈ-ਲੈ ਦੁਸ਼ਟਾ ਬੋਲ ਫਿਰ ਵਾਖਰੂ ਤੇਰੇ ਜਮਦੂਤ ਆ ਗਏ ਐ...!'' ਤੇ

ਫ਼ਾਇਰ ਖੁੱਲ੍ਹ ਗਿਆ। ਕਾਮਰੇਡ ਸਮੇਤ ਪ੍ਰੀਵਾਰ ਦਾ
ਸਫ਼ਾਇਆ ਹੋ ਗਿਆ। ਲੋਕ ਜਾਗਦੇ ਹੀ ਸੌਂ ਗਏ ਸਨ। ਦੂਰੋਂ ਰੋਹੀ ਵਿਚੋਂ ਡਰਿਆ ਕੋਈ ਮੋਰ ਕੂਕਿਆ।
ਸਕੀਮ ਮੁਤਾਬਿਕ ਸਾਰੇ ਖਿਸਕ ਗਏ।
ਰਾਤ ਚੁੱਪ ਸੀ।
ਕਦੇ ਕਦੇ ਕਿਸੇ ਕੋਠੇ 'ਤੇ ਕੋਈ ਬਿੱਲੀ ਰੋਂਦੀ ਸੀ। ਬਾਹਰ ਉਜਾੜ ਵਿਚ ਕੋਈ ਲੰਡਰ ਕੁੱਤਾ ਰੋ ਰਿਹਾ ਸੀ। ਹੱਡਾਂਰੋੜੀ ਵਾਲੀ ਖੜਸੁੱਕ ਕਿੱਕਰ 'ਤੇ ਬੈਠੀ ਕੋਈ ਗਿਰਝ ਚੀਕ ਰਹੀ ਸੀ। ਭਿਆਨਕ ਰਾਤ ਦਾ ਹਨ੍ਹੇਰਾ ਡਰ-ਡਰ ਭੱਜਦਾ ਸੀ।
ਪਹਿਰ ਦੇ ਤੜਕੇ ਕਿਸੇ ਨੇ ਠਾਣੇ ਜਾ ਕੇ ਖ਼ਬਰ ਕੀਤੀ ਤਾਂ ਸਾਰਾ ਠਾਣਾ ਹੀ ਚੜ੍ਹਿੱਕ ਪਿੰਡ ਨੂੰ ਉੱਲਰ ਪਿਆ। ਠਾਣੇਦਾਰ ਅੱਕੀ ਹੋਈ ਬਾਂਦਰੀ ਵਾਂਗ ਦੰਦ ਪੀਂਹਦਾ ਸੀ। ਕੰਧਾਂ ਵਿਚ ਰੂਲ ਮਾਰਦਾ ਫਿਰਦਾ
ਸੀ। ਉਸ ਦਾ ਖੁਫ਼ੀਆ, ਈਮਾਨਦਾਰ ਮੁਖ਼ਬਰ ਪ੍ਰੀਵਾਰ ਸਮੇਤ ਮਾਰਿਆ ਗਿਆ ਸੀ। ਉਸ ਦੀ ਇੱਕ ਤਰਾਂ ਨਾਲ ਬਾਂਹ ਟੁੱਟ ਗਈ ਸੀ। ਅਗਰ 'ਉਹ' ਸਾਡੇ ਮੁਖ਼ਬਰਾਂ, ਸਹਿਯੋਗੀਆਂ ਨੂੰ ਇਉਂ ਹੀ ਮਾਰਨ ਲੱਗ ਪਏ, ਫਿਰ ਸਾਡੇ ਕੋਲ, ਖ਼ਬਰ ਲੈ ਕੇ ਕੌਣ ਆਊ? ਸੋਚਦਾ ਉਹ ਦੁਬਿਧਾ ਵਿਚ ਫ਼ਸਿਆ ਹੋਇਆ ਸੀ।
ਪੰਜ ਲਾਸ਼ਾਂ ਪੋਸਟ ਮਾਰਟਮ ਲਈ ਤੋਰ ਕੇ ਉਸ ਨੇ ਪਿੱਪਲ ਵਾਲੇ ਥੜ੍ਹੇ ਹੇਠ ਸਭਾ ਲਾ ਲਈ। ਗੁੱਸੇ ਅਤੇ ਨਿਰਾਸ਼ਾ ਵਿਚ ਉਹ ਦਧਨ ਹੋਇਆ ਪਿਆ ਸੀ।
-"ਐਡੇ ਪਿੰਡ ਦੇ ਵਿਚਾਲੇ ਆ ਕੇ ਉਹ ਸਾਰਾ ਪ੍ਰੀਵਾਰ ਮਾਰ ਗਏ-ਥੋਤੋਂ ਕੁਛ ਵੀ ਨਾ ਸਰਿਆ ਹਰਾਮਜ਼ਾਦਿਓ....!" ਠਾਣੇਦਾਰ ਨੇ ਕਰੋਧ ਨਾਲ ਰੂਲ ਸਾਹਮਣੇ ਪਏ ਮੇਜ਼ 'ਤੇ ਮਾਰਿਆ। ਲੋਕ ਇੱਕ ਦਮ ਪਿੱਛੇ ਹੱਟ ਗਏ।
-"ਜੇ ਪਿੰਡ-ਪਿੰਡ ਇਉਂ ਹੋਣ ਲੱਗ ਪਿਆ-ਪੰਜਾਬ 'ਚ ਤਾਂ ਪਰਲੋਂ ਆ ਜਾਊ!"
ਠਾਣੇਦਾਰ ਕਾਫ਼ੀ 'ਠੰਢਾ-ਤੱਤਾ' ਹੋਇਆ। ਪਰ ਲੋਕਾਂ ਨੇ ਸ਼ਾਂਤ-ਚਿੱਤ ਹੋ ਕੇ ਸੁਣ ਲਿਆ ਸੀ। ਪੁਲੀਸ ਦਾ ਕੀ ਇਤਬਾਰ ਸੀ? ਨਰੜ ਕੇ ਟਰੱਕ ਵਿਚ ਹੀ ਸੁੱਟ ਲੈਣਾ ਸੀ।
ਦੁੱਧ ਪੀਣ ਤੋਂ ਬਾਅਦ ਠਾਣੇਦਾਰ ਦਾ ਮੂਡ੍ਹ ਮੁੜ ਟਿਕਾਣੇ ਹੋ ਗਿਆ। ਉਸ ਨੇ ਨਰਮਾਈ ਨਾਲ ਕੁਝ ਹਦਾਇਤਾਂ ਦੇਣੀਆਂ ਸੂਰੂ ਕੀਤੀਆਂ।
-"ਦੇਖੋ ਬਈ ਭਰਾਵੋ! ਤੁਹਾਡੇ ਪਿੰਡ ਦਾ ਕਾਮਰੇਡ ਪ੍ਰੀਵਾਰ ਸਮੇਤ ਮਾਰ ਦਿੱਤਾ ਗਿਆ-ਇਸ ਦਾ ਮੈਨੂੰ ਅਤੀ-ਅੰਤ ਅਫ਼ਸੋਸ ਹੈ-ਪਰ ਪੇਂਡੂ ਭਰਾਵੋ! ਇਹੀ ਘਾਣੀ ਕਿਸੇ ਹੋਰ ਦੇ ਘਰ 'ਤੇ ਵੀ ਦੁਹਰਾਈ ਜਾ ਸਕਦੀ ਐ-ਇਸ ਲਈ ਮੇਰੀ ਅਪੀਲ ਐ ਕਿ ਪੁਲਸ ਨੂੰ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ-ਪੁਲਸ ਥੋਡੀ ਮੱਦਦ ਤੋਂ ਬਗੈਰ ਲੰਗੜੀ ਐ!"
-"ਕੈਸਾ ਸਹਿਯੋਗ ਮੰਗਦੇ ਹੋ ਸਾਥੋਂ ਮਹਾਰਾਜ?" ਪੰਚਾਇਤ ਮੈਂਬਰ ਨੇ ਠਾਣੇਦਾਰ ਦੀ ਗੱਲ ਕੱਟ ਕੇ ਪੁੱਛਿਆ।
-"ਅਗਰ ਪਿੰਡ ਵਿਚ ਕੋਈ ਸ਼ੱਕੀ ਆਦਮੀ ਘੁੰਮਦੈ ਤਾਂ ਪੁਲਸ ਨੂੰ ਤੁਰੰਤ ਖ਼ਬਰ ਕਰੋ-ਕੋਈ ਅੱਤਵਾਦੀ ਰੋਟੀ ਮੰਗਦੈ ਤਾਂ ਉੱਕਾ ਨਾ ਦਿਓ-ਜੁੱਤੀ ਲਾਹ ਲਓ!"
-"ਪਰ ਹਜ਼ੂਰ ਬਲਦੀ ਦੇ ਬੂਥੇ ਕੌਣ ਆਊ?"
-"ਕਹੋਂ ਤਾਂ ਪੰਜ ਸੱਤ ਹਥਿਆਰ ਮੁਹੱਈਆ ਕਰਵਾ ਦਿੰਨੈਂ-ਕੋਈ ਬਾਹਰਲਾ ਬੰਦਾ ਆ ਕੇ ਪੰਜ ਤਿੰਨ ਕਰਦੈ ਤਾਂ ਗੋਲੀ ਫ਼ਰਾਂ 'ਚ ਮਾਰੋ!"
-"ਨਾ ਮਹਾਰਾਜ, ਸਾਨੂੰ ਹਾਅ ਰਸਤੇ ਨਾ ਪਾਓ! ਉਹ ਤਾਂ ਸਾਡੇ ਹਥਿਆਰ ਖੋਹ ਕੇ ਸਾਡੇ 'ਤੇ ਈ ਝਾਂਬਾ ਫੇਰਨਗੇ।" ਮੈਂਬਰ ਬੋਲਿਆ ਤਾਂ ਠਾਣੇਦਾਰ ਸਮੇਤ ਸਾਰੇ ਲੋਕ ਹੱਸ ਪਏ।
-"ਖ਼ੈਰ! ਕੋਈ ਸ਼ੱਕੀ ਬੰਦਾ ਦਿਸੇ ਤਾਂ ਤੁਰੰਤ ਠਾਣੇ ਖ਼ਬਰ ਕਰੋ-ਕਰਨ ਆਲਾ ਕੰਮ ਤਾਂ ਕਰ ਸਕਦੇ ਐਂ? ਊਂਈ ਮੋਕ ਨਾ ਮਾਰੀ ਜਾਓ! ਇਉਂ ਤਾਂ ਨਿੱਤ ਥੋਡੀ ਘੰਡੀ ਆ ਨੱਪਿਆ ਕਰਨਗੇ!"
-"ਇੱਕ ਸ਼ੱਕੀ ਬੰਦਾ ਪਰਸੋਂ ਮੈਂ ਪਿੰਡ 'ਚ ਦੇਖਿਐ ਜੀ।" ਭੀੜ ਵਿਚੋਂ ਕਿਸੇ ਨੇ ਅਕਾਸ਼ਬਾਣੀ ਕੀਤੀ ਤਾਂ ਲੋਕ ਭੇਡਾਂ ਦੇ ਇੱਜੜ ਵਾਂਗ ਉਧਰ ਨੂੰ ਝਾਕਣ ਲੱਗ ਪਏ।
-"ਉਰ੍ਹੇ ਆ ਗੱਭਰੂਆ-ਮੇਰੇ ਕੋਲ ਆ।"
ਠਾਣੇਦਾਰ ਨੇ ਉਸ ਨੂੰ ਕੋਲ ਬਿਠਾ ਲਿਆ।
-"ਕੀ ਨਾਂ ਐਂ ਤੇਰਾ?"
-"ਬਿੱਟੂ ਐ ਜੀ।"
-"ਕੀਹਦਾ ਮੁੰਡਾ ਐਂ?"
-"ਜੀ ਪ੍ਰੀਤਮ ਸਿਉਂ ਦਾ।"
-"ਹਾਂ ਬਈ ਸ਼ੇਰਾ ਉਹਦੇ ਹੁਲੀਏ ਤੇ ਹਰਕਤਾਂ ਬਾਰੇ ਦੱਸ ਸਕਦੈਂ?" ਠਾਣੇਦਾਰ ਨੇ ਉਸ ਨੂੰ ਥਾਪੜਦਿਆਂ ਕਿਹਾ।
-"ਹੁਲੀਆ ਜੀ-ਕਾਲਾ ਰੰਗ ਸੀ-ਮਜ਼ਬੀਆਂ ਦਾ ਮੁੰਡਾ ਲੱਗਦਾ ਸੀ-ਕੰਨਾਂ 'ਚ ਨੱਤੀਆਂ ਤੇ ਲੰਮੇ ਲੜ ਆਲੀ ਘਿਉ ਕਪੂਰੀ ਪੱਗ ਬੰਨ੍ਹੀ ਹੋਈ ਸੀ।"
-"ਤੈਨੂੰ ਸ਼ੱਕ ਕਿਵੇਂ ਪਿਆ?"
-"ਸਾਡਾ ਘਰ ਕਾਮਰੇਡ ਦੇ ਘਰ ਦੇ ਬਿਲਕੁਲ ਸਾਹਮਣੇ ਐ ਜੀ ਤੇ ਉਹਨੇ ਸਾਡੀ ਵੀਹੀ 'ਚ ਤਿੰਨ ਗੇੜੇ ਦਿੱਤੇ ਤੇ ਕਾਮਰੇਡ ਦੇ ਘਰੋਂ ਪਾਣੀ ਵੀ ਪੀਤਾ।"
-"ਗੇੜੇ? ਕਿਵੇਂ ਗੇੜੇ?"
-"ਉਹ ਜੀ ਖਾਲੀ ਬੋਤਲਾਂ ਤੇ ਟੁੱਟਿਆ ਭੱਜਿਆ ਪੁਰਾਣਾ ਲੋਹਾ ਵੇਚਲੋ ਦਾ ਹੋਕਾ ਦਿੰਦਾ ਫਿਰਦਾ ਸੀ- ਕਬਾੜੀਆ ਬਣ ਕੇ-ਮੈਨੂੰ ਸ਼ੱਕ ਐ ਬਈ ਇਸ ਵਾਰਦਾਤ ਵਿਚ ਉਸ ਦਾ ਹੱਥ ਜਰੂਰ ਹੋਊਗਾ।"

ਬਿੱਟੂ ਨੇ ਸਾਰੀ ਕਹਾਣੀ ਕਹਿ ਸੁਣਾਈ। ਲੋਕ ਉਸ ਨੂੰ ਮੂਰਖ ਸਮਝ ਰਹੇ ਸਨ। ਜਿਹੜਾ ਖਾਹ-ਮਖਾਹ ਜਾਂਦੀ ਬਲਾਅ ਗਲ ਪਾ ਰਿਹਾ ਸੀ? ਭਲਾ ਇਹਨੂੰ ਬਦੋਬਦੀ ਕਿਸੇ ਦੇ ਚੀਰ 'ਚ ਹੱਥ ਦੇਣ ਦੀ ਕੀ ਲੋੜ ਪੈ ਗਈ ਸੀ? "ਆ ਬੈਲ ਮੁਝੇ ਮਾਰ" ਕਿਧਰਲੀ ਅਕਲਮੰਦੀ ਸੀ?

-"ਲੈ ਬਈ ਬਿੱਟੂ ਸਿਆਂ-ਜਦੋਂ ਤੈਨੂੰ ਸੁਨੇਹਾਂ ਪੁਹੰਚੇ-ਠਾਣੇ ਪਹੁੰਚ ਜਾਈਂ-ਸ਼ਾਇਦ ਸ਼ਨਾਖ਼ਤ ਵੇਲੇ ਤੇਰੀ ਜ਼ਰੂਰਤ ਪਵੇ-ਡਰੀਂ ਬਿਲਕੁਲ ਨਾ-ਮੈਂ ਤੇਰੇ ਨਾਲ ਐਂ।"

ਪੁਲੀਸ ਤੁਰ ਗਈ।

ਇਲਾਕੇ ਦੇ ਤਮਾਮ ਕਬਾੜੀਆਂ ਦੀ ਸ਼ਾਮਤ ਆ ਗਈ। ਜਿਤਨੇ ਕਬਾੜੀਏ ਸਨ, ਸਾਰੇ ਹਵਾਲਾਤ ਵਿਚ ਲਿਆ ਤਾੜੇ। ਠਾਣੇਦਾਰ ਦੇ ਦਿਲ ਵਿਚ ਸੀ ਕਿ ਜਿਹੜਾ ਵੇਚਣ ਦਾ ਸਮਾਨ ਅਰਥਾਤ ਸ਼ੀਸ਼ੇ-ਕੰਘੀਆਂ ਸਨ, ਉਹ ਤਾਂ ਦੋਸ਼ੀ ਨੇ ਕਿਤੋਂ ਨਾ ਕਿਤੋਂ ਲਏ ਹੀ ਹੋਣਗੇ? ਘਰੇ ਬਣਾ ਕੇ ਤਾਂ ਉਹ ਲਿਜਾਣੋਂ ਰਿਹਾ? ਤਮਾਮ ਕਬਾੜੀਆਂ 'ਤੇ ਦੋ ਰਾਤਾਂ ਡੰਡਾ ਫਿਰਦਾ ਰਿਹਾ! ਕੁੱਟ ਰੰਗ ਲਿਆਈ। ਤੁਰਦੀ-ਤੁਰਦੀ ਪੈੜ ਆਖਰ ਪ੍ਰੀਤਮ ਸਿੰਘ ਜੈਲਦਾਰ 'ਤੇ ਆ ਕੇ ਰੁਕ ਗਈ।

ਜੈਲਦਾਰ ਦਾ ਪਿੰਡ ਪੰਜਗਰਾਈਂ ਕਲਾਂ ਸੀ।

ਪੰਜਗਰਾਈਂ ਕਲਾਂ ਪਹੁੰਚ ਕੇ ਠਾਣੇਦਾਰ ਨੇ ਸੱਥ ਵਿਚ ਹੀ ਜੈਲਦਾਰ ਦੇ ਬੁੱਢੇ ਪਿਉ ਗੁੱਜਰ ਸਿੰਘ ਨੂੰ ਮੂਧਾ ਪਾ ਲਿਆ। ਕੁਝ ਪਲਾਂ ਵਿਚ ਹੀ ਪੁਲੀਸ ਦੀ ਗਿੱਦੜ-ਕੁੱਟ ਨੇ ਉਸ ਦਾ ਮੁੱਠ ਕੁ ਹੱਡੀਆਂ ਦਾ ਸਰੀਰ ਜਰਖਲ ਕੇ ਰੱਖ ਦਿੱਤਾ। ਉਹ ਕੱਟੀਦੇ ਬੱਕਰੇ ਵਾਂਗ ਸਹਿਕਦਾ, ਹੱਥ ਜੋੜੀ ਸੱਥ ਵਿਚ ਚੌਫ਼ਾਲ ਪਿਆ ਸੀ।

-"ਕਿਉਂ ਚੂਹੜ੍ਹਿਆ-ਆਈ ਕੋਈ ਸੁਰਤ ਟਿਕਾਣੇ?" ਹੌਲਦਾਰ ਨੇ ਉਸ ਨੂੰ ਸਿਰ ਦੇ ਵਾਲਾਂ ਤੋਂ ਫੜ ਕੇ ਬੈਠਾ ਕਰ ਲਿਆ।

-"ਮਾਈ ਬਾਪ ਸਾਥੋਂ ਉਹ ਬਿਲਕੁਲ ਬੇ-ਵਾਹਰਾ ਹੋਇਆ ਫਿਰਦੈ-ਸਾਡੇ ਅੱਲੋਂ ਕੱਲ੍ਹ ਨੂੰ ਗੋਲੀ ਮਾਰਦੇ ਅੱਜ ਈ ਮਾਰ ਦਿਓ-ਕੰਮ ਨਿਬੜੇ...!" ਬਜ਼ੁਰਗ ਨੇ ਸੱਚੀ ਗੱਲ ਆਖ, ਭਾਫ਼ ਕੱਢ ਲਈ।

-"ਉਹ ਘਰੇ ਕਦੋਂ ਆਇਆ ਸੀ?" ਠਾਣੇਦਾਰ ਨੇ ਸੁਆਲ ਦਾਗਿਆ।

-"ਮਾਈ ਬਾਪ ਡੂੜ੍ਹ ਕੁ ਮਹੀਨਾ ਹੋ ਗਿਆ-ਰਾਤ ਨੂੰ ਆਇਆ ਸੀ-ਮੈਂ ਵਿਹੜੇ ਨਹੀਂ ਵੜਨ ਦਿੱਤਾ-ਧੱਕੇ ਮਾਰ ਕੇ ਘਰੋਂ ਕੱਢਤਾ-ਤੁਸੀਂ ਵਿਹੜੇ ਆਲੇ ਗੁਆਂਢੀਆਂ ਤੋਂ ਪੁੱਛ ਲਵੋ।" ਬਜ਼ੁਰਗ ਸੁੱਜੇ ਹੱਥ ਜੋੜ-ਜੋੜ ਦੱਸ ਰਿਹਾ ਸੀ।

ਇਤਨੇ ਨੂੰ ਸਰਪੰਚ ਗੁਰਮੇਲ ਸਿੰਘ ਗਿੱਲ ਅਤੇ ਨੰਦ ਲਾਲ ਸ਼ਰਮਾਂ ਪੰਚਾਇਤ ਮੈਂਬਰ ਪੁੱਜ ਗਏ।

-"ਕੀ ਗੱਲ ਹੋ ਗਈ ਸਰਦਾਰ ਜੀ? ਤੜਕੋ ਤੜਕੀ ਕਲੇਸ਼ ਪਾਈ ਬੈਠੇ ਓਂ?" ਗਿੱਲ ਦੀਆਂ ਡੰਡੇ ਵਰਗੀਆਂ ਮੁੱਛਾਂ ਨੇ ਡੰਡ-ਬੈਠਕ ਕੱਢੀ। ਉਸ ਨੇ ਗੁੱਸੇ ਭਰੇ ਵਿਅੰਗ ਵਿਚ ਕੌੜਾ ਜਿਹਾ ਮੁਸਕਰਾ ਕੇ ਪੁੱਛਿਆ ਸੀ।

-"ਕੀ ਕਰੀਏ ਗਿੱਲਾ ਇਹਦਾ ਮੁੰਡਾ ਯੋਧਾ ਬਣਿਆ ਫਿਰਦੈ-ਪਰਸੋਂ ਚੜਿੱਕ ਆਲੇ ਕਾਮਰੇਡ ਦਾ ਸਾਰਾ ਪ੍ਰੀਵਾਰ ਈ ਰੋੜ੍ਹਤਾ।"

-"ਪਰ ਸਰਦਾਰ ਜੀ ਇਹਨਾਂ ਗਰੀਬਾਂ ਦਾ ਤਾਂ ਕੋਈ ਕਸੂਰ ਨਹੀਂ।" ਮੈਂਬਰ ਨੰਦ ਲਾਲ ਸ਼ਰਮਾਂ ਨੇ ਆਖਿਆ। ਕਾਲੇ ਰੰਗ ਦਾ ਮੈਂਬਰ ਸ਼ਰਮਾਂ ਖ਼ਤ ਕੱਢੀ, ਕਤਰਵੀਂ ਦਾਹੜੀ ਕਰਕੇ ਕੋਈ ਖਾਨਦਾਨੀ ਡਰਾਈਵਰ ਲੱਗਦਾ ਸੀ। ਜੁੱਸੇ ਦੇ ਭਾਰੇ ਮੈਂਬਰ ਦੀਆਂ ਭਿਆਨਕ ਅੱਖਾਂ 'ਚੋਂ ਖ਼ੂਨ ਚੋਅ ਰਿਹਾ ਸੀ।

-"ਗੱਲ ਸ਼ਰਮਾਂ ਜੀ ਇਹ ਐ-ਅਗਰ ਅਸੀਂ ਮਾੜੀ ਮੋਟੀ ਤੀਲੀ ਲਾਵਾਂਗੇ-ਤਾਂ ਜੇ ਕੇ ਇਹਦੇ ਸੂਰਮੇਂ ਪੁੱਤ ਨੂੰ ਸੇਕ ਲੱਗੂ-।"

-"ਪਰ ਸਰਦਾਰ ਜੀ ਉਹ ਤਾਂ ਕੰਜਰ ਇਹਦੇ ਆਖੇ ਈ ਨਹੀਂ ਲੱਗਦਾ-ਬੇਸ਼ੱਕ ਇਹਨੂੰ ਕੁੱਟ ਕੇ ਮਾਰ ਦਿਓ-ਪੇਸ਼ ਉਹ ਜਮਾਂ ਨਹੀਂ ਹੁੰਦਾ-ਮੁੰਡਾ ਬੜਾ ਹਿੰਡੀ ਐ-ਅਸੀਂ ਉਹਦੇ ਸੁਭਾਅ ਨੂੰ ਜਾਣਦੇ ਐਂ-ਸਾਡੀ ਬੇਨਤੀ ਐ ਇਹਦੇ ਫੱਕਰ 'ਤੇ ਤਰਸ ਕਰੋ-ਇਹ ਤਾਂ ਅੱਗੇ ਈ ਮਰਿਆ ਪਿਐ।" ਗਿੱਲ ਨੇ ਦੱਸਿਆ।

ਠਾਣੇਦਾਰ ਗਿੱਲ ਅਤੇ ਸ਼ਰਮੇਂ ਨੂੰ ਇੱਕ ਪਾਸੇ ਲੈ ਗਿਆ।

-"ਜੇ ਅਸੀਂ ਚਾਰ ਦਿਨ ਬੁੜ੍ਹੇ ਨੂੰ ਅੰਦਰ ਦੇ ਦੇਈਏ-ਪ੍ਰੀਤਮ ਪੇਸ਼ ਹੋਜੂ?" ਕਹਿ ਕੇ ਠਾਣੇਦਾਰ ਨੇ ਸਰਪੰਚ ਅਤੇ ਮੈਂਬਰ ਦਾ ਚਿਹਰਾ ਜਾਂਚਿਆ।

-"ਸਰਦਾਰ ਜੀ ਸੌ ਹੱਥ ਰੱਸਾ ਸਿਰੇ ਤੇ ਗੰਢ-ਉਹਦੇ ਵੱਲੋਂ ਇਹਨੂੰ ਚਾਹੇ ਪੁੱਠਾ ਟੰਗ ਦਿਓ-ਉਹ ਪੇਸ਼ ਹੋਣ ਆਲੀ ਜੜੀ ਹੀ ਨਹੀਂ-ਹਾਂ! ਕਦੇ ਥੋਡੇ ਊਂ ਧੱਕੇ ਚੜ੍ਹਜੇ ਵੱਖਰੀ ਗੱਲ ਐ-ਸਾਡੀ ਬੇਨਤੀ ਮੰਨੋਂ ਤਾਂ ਇਹਦੀ ਜਾਨ ਖ਼ਲਾਸੀ ਕਰੋ-ਮਸਾਂ ਦਿਹਾੜ੍ਹੀ ਦੱਪੇ ਕਰਕੇ ਮੀਆਂ ਬੀਵੀ ਰੋਟੀ ਤੋਰਦੇ ਐ-ਕਿਤੇ ਊਂ ਨਾ ਵਿਚਾਰੇ ਨੂੰ ਆਹਰੀ ਕਰ ਦਿਓ-ਇਹਦਾ ਤਾਂ ਕੋਈ ਅੱਗਾ ਪਿੱਛਾ ਵੀ ਹੈਨੀ ਬਈ ਚਲੋ ਰੋਟੀ ਈ ਦੇ ਦਿਊ-।"

-"ਇਹਦੇ ਹੋਰ ਕੋਈ ਧੀ ਪੁੱਤ ਹੈਨੀ?"

-"ਕਾਹਨੂੰ ਸਰਦਾਰ ਜੀ ਇੱਕੋ ਈ ਐ-ਉਹ ਖ਼ਾੜਕੂਆਂ 'ਚ ਸਿਰ ਘਸੋਈ ਫਿਰਦੈ-ਬੱਸ ਇੱਕ ਇਹਦੀ ਘਰਆਲੀ ਐ ਪ੍ਰਸਿੰਨੀ-ਉਹ ਵਿਚਾਰੀ ਸੁੱਖ ਨਾਲ ਇਹਦੇ ਨਾਲੋਂ ਵੀ ਗਈ ਗੁਜਰੀ ਐ-ਜਿੱਦੇਂ ਦਾ ਉਹ ਘਰੋਂ ਭਗੌੜਾ ਹੋਇਐ-ਬੱਸ ਸਾਹ ਜਿਹੇ ਵਰੋਲ਼ਦੀ ਫਿਰਦੀ ਐ-ਜੇ ਸਾਲ ਕਟਾਜੇ ਤਾਂ ਵਾਹ ਭਲੀ ਐ-ਪਰ ਮੈਨੂੰ ਉਹ ਸਾਲ ਕਟਾਉਂਦੀ ਵੀ ਨਹੀਂ ਦੀਂਹਦੀ-।" ਸ਼ਰਮੇ ਨੇ ਕਿਹਾ।

-"..........।" ਠਾਣੇਦਾਰ ਲੰਮਾ ਸਾਹ ਖਿੱਚ ਕੇ ਰਹਿ ਗਿਆ। ਉਸ ਦੀ ਕਿਵੇਂ ਵੀ ਪੇਸ਼ ਨਹੀਂ ਜਾ ਰਹੀ ਸੀ। ਸੱਚੀਆਂ ਗੱਲਾਂ ਉਸ ਦੇ ਦਿਲ ਲੱਗੀਆਂ ਸਨ।

ਚਾਹ ਪਾਣੀ ਪੀਣ ਤੋਂ ਬਾਅਦ ਪੁਲੀਸ ਚਾਲੇ ਪਾ ਗਈ। ਗੁੱਜਰ ਦੀ ਖ਼ਲਾਸੀ ਹੋ ਗਈ ਸੀ। ਉਹ ਵਾਰ-ਵਾਰ ਸਰਪੰਚ ਅਤੇ ਮੈਂਬਰ ਦਾ ਧੰਨਵਾਦ ਕਰ ਰਿਹਾ ਸੀ।

-"ਚਲੇ ਗਏ ਥੇਹ ਹੋਣੇ?" ਪ੍ਰਸਿੰਨੀ ਨੇ ਆ ਕੇ ਪੁੱਛਿਆ। ਉਹ ਹਾਲੋਂ ਬੇਹਾਲ ਹੋਈ ਪਈ ਸੀ। ਦਮੇਂ ਦੀ ਬਿਮਾਰੀ ਕਾਰਨ ਉਸ ਦਾ ਦਮ ਪੱਟਿਆ ਪਿਆ ਸੀ।

-''ਆਹੋ ਤਾਈ ਚਲੇ ਗਏ।'' ਸਰਪੰਚ ਬੋਲਿਆ।
-''ਇਹ ਨਿੱਜੜੇ ਹੱਥ ਧੋ ਕੇ ਮਗਰ ਪੈ ਗਏ-ਖਹਿੜ੍ਹਾ ਕਿਵੇਂ ਛੱਡਣਗੇ ਪੁੱਤ?'' ਪ੍ਰਸਿੰਨੀ ਨੇ ਸਰਪੰਚ ਨੂੰ ਪੁੱਛਿਆ।
-''ਥੋਨੂੰ ਤਾਈ ਕੁਛ ਨਹੀਂ ਆਖਣ ਦਿੰਦੇ-ਪਰ ਤਾਈ ਆਪਣੇ ਪ੍ਰੀਤਮ ਨੇ ਆਪਦੇ ਬੰਦਿਆਂ ਨੂੰ ਨਾਲ ਲੈ ਕੇ ਚੜਿੱਕ ਦੇ ਕਾਮਰੇਡ ਦਾ ਪ੍ਰੀਵਾਰ ਮਾਰਤਾ-।''
-''ਹੈਅ ਤੇਰੀ ਬੇੜੀ ਬਹਿਜੇ ਕਾਲੇ ਮੂੰਹ ਆਲੇ ਦੀ-ਕਾਹਤੋਂ ਮਾਰਤਾ ਗੜ੍ਹੀ ਦੇ ਜਾਣੇਂ ਨੇ...?'' ਪ੍ਰਸਿੰਨੀ ਦਾ ਪਟੜੇ ਵਰਗਾ ਸਰੀਰ ਤਾੜੇ ਵਾਂਗ ਡੋਲਣ ਲੱਗ ਪਿਆ।
-''ਤਾਈ ਮਾੜਿਆਂ ਕੰਮਾਂ ਦੇ ਮਾੜੇ ਨਤੀਜੇ-ਕਾਮਰੇਡ ਮੁਖ਼ਬਰ ਸੀ-ਇਹਨਾਂ ਨੇ ਬਿਲੇ ਲਾਅਤਾ-।''
-''ਪਰ ਪੁੱਤ ਪ੍ਰੀਵਾਰ ਦਾ ਕੀ ਕਸੂਰ ਸੀ-ਉਹਨਾਂ ਨੂੰ ਕਾਹਤੋਂ ਮਾਰਿਆ ਔਤਾਂ ਦੇ ਜਾਣੇਂ ਨੇ...?''
-''ਤੂੰ ਤਾਈ ਬਾਹਲਾ ਨਾ ਕਲਪ-ਇਹਨਾਂ ਦੀਆਂ ਇਹੀ ਜਾਨਣ-ਤੂੰ ਤਾਏ ਨੂੰ ਲੈ ਕੇ ਘਰ ਨੂੰ ਜਾਹ।''
ਪ੍ਰਸਿੰਨੀ ਗਲੀਆਂ ਵਿਚੋਂ ਦੀ ਬੱਕੜਵਾਹ ਕਰਦੀ ਜਾ ਰਹੀ ਸੀ।
-''ਪਲੇਗ ਪੈਣਿਆਂ ਐਦੂੰ ਤਾਂ ਤੂੰ ਜੰਮਦਾ ਈ ਮਰ ਜਾਂਦਾ-ਸਾਨੂੰ ਸੱਥਾਂ 'ਚ ਰੋਲਦਾ ਫਿਰਦੈਂ ਫੋੜੀ ਕਢਾਵਿਆ ਕਬੀਆ...!'' ਪ੍ਰਸਿੰਨੀ ਚੰਡੀ ਵਾਂਗ ਭਬਕ ਰਹੀ ਸੀ।
-''ਨੀ ਤੂੰ ਚੁੱਪ ਵੀ ਕਰਜਾ ਸਹੁਰੇ ਦੀਏ! ਕਿਉਂ ਕੁੱਤੇ ਮਾਂਗੂੰ ਭੌਂਕੀ ਜਾਨੀ ਐਂ?'' ਗੁੱਜਰ ਨੇ ਵਰਜਿਆ।
-''ਵੇ ਹੋਰ ਕੀ ਮੈਂ ਆਬਦੇ ਜਣਦਿਆਂ ਨੂੰ ਪਿੱਟਾਂ ਦੁਸ਼ਮਣਾਂ....?'' ਪ੍ਰਸਿੰਨੀ ਦੁਹੱਥੜ ਮਾਰ ਕੇ ਥਾਂ 'ਤੇ ਹੀ ਬੈਠ ਗਈ।
ਲੋਕਾਂ ਨੇ ਸਹਾਰਾ ਦੇ ਕੇ ਉਹਨਾਂ ਨੂੰ ਘਰ ਪਹੁੰਚਾਇਆ।
-''ਮੌਤ ਪੈਣੇ ਨੇ ਸਾਨੂੰ ਕਿਤੇ ਮੂੰਹ ਦਿਖਾਉਣ ਜੋਗਾ ਨਹੀਂ ਛੱਡਿਆ।'' ਮੰਜੇ 'ਤੇ ਪਈ ਉਹ ਰੋਈ ਜਾ ਰਹੀ ਸੀ। ਗੁੱਜਰ ਗੋਡਿਆਂ ਵਿਚ ਸਿਰ ਦੇਈ ਬਾਣ ਦੀ ਮੰਜੀ 'ਤੇ ਮੁਰਕੜੀ ਜਿਹੀ ਮਾਰੀ ਬੈਠਾ ਸੀ।
ਰਾਤ ਅਜੇ ਅੱਧੀ ਹੀ ਹੋਈ ਸੀ ਕਿ ਪੁਲੀਸ ਨੇ ਗੁੱਜਰ ਦੇ ਘਰ ਨੂੰ ਘੇਰ ਲਿਆ। ਛੋਟੀ ਜਿਹੀ ਕੰਧ ਉਪਰੋਂ ਚਾਰ ਸਿਪਾਹੀ ਅੰਦਰ ਉੱਤਰ ਗਏ ਅਤੇ ਇੱਕੋ ਇੱਕ ਦਰਵਾਜੇ ਵਾਲਾ ਬਾਰ ਖੋਲ੍ਹ ਦਿੱਤਾ। ਫ਼ੋਰਸ ਅੰਦਰੋਂ ਧੁੜਕੂ ਖਾ ਰਹੀ ਸੀ ਕਿ ਕਿਤੇ ਅੰਦਰ ਪ੍ਰੀਤਮ ਨਾ ਪਿਆ ਹੋਵੇ। ਗੁੱਜਰ ਦੇ ਘਰ ਦੀ ਇੱਕੋ ਇੱਕ ਸਵਾਤ ਸੀ। ਸਵਾਤ ਨੂੰ ਕੋਈ ਦਰਵਾਜਾ ਨਹੀਂ ਸੀ। ਜਿੰਦਾ ਕੁੰਡਾ ਨਹੀਂ ਲੱਗਦਾ ਸੀ। ਸਿਪਾਹੀ ਨੇ ਟਾਰਚ ਦਾ ਚਾਨਣ ਪਾਇਆ ਤਾਂ ਅੰਦਰ ਪ੍ਰਸਿੰਨੀ ਅਤੇ ਗੁੱਜਰ ਹੀ ਸਨ। ਸਿਪਾਹੀਆਂ ਨੇ ਦੋਹਾਂ ਨੂੰ ਡੱਡ ਵਾਂਗ ਚੁੱਕ ਲਿਆ ਤਾਂ ਪ੍ਰਸਿੰਨੀ ਨੇ ਬਰੜਾਹਟ ਕਰਨਾ ਸ਼ੁਰੂ ਕਰ ਦਿੱਤਾ।
-''ਬਚਾਓ ਵੇ ਪਿੰਡਾ-ਬਹੁੜੀ ਵੇ-ਆ ਪਏ ਵੇ ਲੋਕੋ ਪੁਲਸ ਆਲੇ-ਮਾਰ ਦੇਣਗੇ ਮੇਰੇ ਭਤੀਜੇ ਸਾਨੂੰ-ਹਾੜ੍ਹੇ ਵੇ ਛੁਡਾਓ ਸਾਨੂੰ....!''
ਇੱਕ ਘੁੱਗੂ ਜਿਹੇ ਸਿਪਾਹੀ ਨੇ ਪ੍ਰਸਿੰਨੀ ਦੇ ਮੂੰਹ 'ਤੇ ਘਸੁੰਨ ਮਾਰਿਆ। ਸ਼ਾਇਦ ਪ੍ਰਸਿੰਨੀ ਬੇ-ਸੁੱਧ ਹੋ ਗਈ ਸੀ। ਮੁੜ ਉਸ ਦੇ ਮੂੰਹੋਂ ਬੋਲ ਨਾ ਨਿਕਲਿਆ।
-''ਕਿਤੇ ਮਰ ਤਾਂ ਨਹੀਂ ਗਈ...?'' ਦੂਜੇ ਸਿਪਾਹੀ ਨੇ ਡਰ ਪ੍ਰਗਟ ਕੀਤਾ।
-''ਐਡੀ ਛੇਤੀ ਨਹੀਂ ਮਰਦੀ-ਸਾਰਿਆਂ ਨੂੰ ਮਾਰ ਕੇ ਮਰੂ-ਬੜੀ ਤਕੜੀ ਹੱਡੀ ਦੀ ਐ।''
-''ਇਹ ਮਾਰੇ ਚਾਹੇ ਨਾ ਮਾਰੇ-ਪਰ ਜਿੱਦੇਂ ਉਸ ਪਤੰਦਰ ਨਾਲ ਹੱਥ ਜੁੜ ਗਏ-ਭੱਜਦਿਆਂ ਨੂੰ ਰਾਹ ਨਹੀਂ ਲੱਭਣੇ-ਕਰ ਲਓ ਜਿਹੜੇ ਧੱਕੇ ਕਰਨੇ ਐਂ-ਸਾਰਾ ਹਿਸਾਬ ਕਿਤਾਬ ਤਾਂ ਉਹਨੇ ਬਰਾਬਰ ਕਰਨੈ।'' ਲੋਪੋ ਵਾਲਾ ਸਿਪਾਹੀ ਬੋਲਿਆ।
ਉਹ ਸਾਰੇ ਪੁਲੀਸ ਵਾਲਿਆਂ ਵਿਚੋਂ ਨਰਮ ਦਿਲ ਸਿਪਾਹੀ ਸੀ। ਰਣਜੋਧ ਨੂੰ ਹਵਾਲਾਤ ਵਿਚ ਵੀ ਇਸੇ ਨੇ ਹੀ ਲੋੜੀਂਦੀ ਮੱਦਦ ਦਿੱਤੀ ਸੀ।
-''ਤੂੰ ਕਦੇ ਕਦੇ ਊਂ ਈਂ ਮਹਾਤਮਾ ਬੁੱਧ ਬਣ ਤੁਰਦੈਂ?'' ਗੁਰਮੀਤ ਉਸ ਨੂੰ ਕੌੜ ਕੇ ਪਿਆ ਤਾਂ ਉਹ ਦੜ ਵੱਟ ਗਿਆ। ਉਸ ਨਾਲ ਮਗਜਮਾਰੀ ਕਰਨੀ ਉਹ ਫ਼ਜ਼ੂਲ ਸਮਝਦਾ ਸੀ।
ਠਾਣੇ ਲਿਆ ਉਹਨਾਂ ਨੂੰ ਹਵਾਲਾਤ ਤਾੜ ਦਿੱਤਾ ਗਿਆ।

# ਕਾਂਡ 10

ਠੰਢ ਥੋੜੀ-ਥੋੜੀ ਘਟਣ ਲੱਗ ਪਈ ਸੀ। ਕਣਕ ਦੀਆਂ ਬੱਲੀਆਂ ਤੇ ਦਿਨੋਂ ਦਿਨ ਜੋਬਨ ਚੜ੍ਹਦਾ ਜਾ ਰਿਹਾ ਸੀ। ਫ਼ਲੀਆਂ 'ਤੇ ਆਈ ਸਰ੍ਹੋਂ 'ਤੇ ਸੁਨਿਹਰੀ ਮੱਖੀ ਭਿਣਕਣ ਲੱਗ ਪਈ ਸੀ। ਖੇਤਾਂ ਵਿਚੋਂ ਕੱਚੇ-ਦੁਧੀਆ ਅਨਾਜ ਦੀ ਰਸਭਿੰਨੀ ਮਹਿਕ ਆਉਂਦੀ ਸੀ।
ਰਾਤ ਝੀਲ ਦੇ ਪਾਣੀ ਵਾਂਗ ਨਿੱਤਰੀ ਹੋਈ ਸੀ। ਅਸਮਾਨ ਦੀ ਹਿੱਕ 'ਤੇ ਜੜੇ ਤਾਰੇ, ਪਰੀ ਦੇ ਲਿਬਾਸ 'ਤੇ ਲੱਗੇ ਮੋਤੀਆਂ ਵਾਂਗ ਹੱਸ ਰਹੇ ਸਨ। ਪੂਰੇ ਚੰਦ ਦੇ ਚਾਨਣ ਵਿਚ ਧੋਤੀ ਰਾਤ ਮਨ ਮੋਹ ਰਹੀ ਸੀ।
ਜੈਲਦਾਰ, ਪ੍ਰੀਤ, ਕਾਕਾ ਅਤੇ ਬਿੱਲੂ ਕਿਸੇ ਦੇ ਟਿਊਬਵੈਲ ਦੀ ਬਹਿਕ 'ਤੇ ਬੈਠੇ ਰੋਟੀ ਖਾ ਕੇ ਹਟੇ ਸਨ। ਰੋਟੀ ਉਹਨਾਂ ਨੇ ਕੋਈ ਰੂਹ ਨਾਲ ਨਹੀਂ ਖਾਧੀ ਸੀ। ਬੱਸ! ਕਾਲਜਾ ਹੀ ਧਾਫ਼ੜਿਆ ਸੀ। ਸਾਰਿਆਂ ਨੂੰ ਜੈਲਦਾਰ ਦੇ ਬਜੁਰਗ ਮਾਈ-ਬਾਪ ਦੀ ਗ੍ਰਿਫ਼ਤਾਰੀ ਦੀ ਖ਼ਬਰ ਮਿਲ ਗਈ ਸੀ।
-"ਬਥੇਰ੍ਹਾ ਟਾਲਾ ਕਰਦੇ ਆਉਨੇ ਐਂ-ਪਰ ਗਰੇਆਲ ਦਾ ਅੰਨ ਪਾਣੀ ਮੁੱਕ ਗਿਆ ਲੱਗਦੈ।" ਜੈਲਦਾਰ ਨੇ ਸਹਿਜ ਸੁਭਾਅ ਹੀ ਗੱਲ ਤੋਰੀ।
-"ਇੱਕ ਗੱਲ ਜ਼ਰੂਰ ਐ-ਅੱਗੋਂ ਕੀ ਪਿੱਛੋਂ ਕੀ-ਗਰੇਆਲ ਨੂੰ ਆਖਰ ਸੋਧਣਾ ਈ ਪੈਣੈ।" ਬਿੱਲੂ ਬੋਲਿਆ।
-"ਜਿੰਨਾਂ ਚਿਰ ਪੰਜ ਸੱਤ ਬੁੱਚੜ ਅਫ਼ਸਰ ਗੱਡੀ ਨਹੀਂ ਚਾਹੜਦੇ-ਉਨਾਂ ਚਿਰ ਦੂਜਿਆਂ ਨੂੰ ਮੱਤ ਨਹੀਂ ਆਉਣੀ-।"
ਪ੍ਰੀਤ ਵੀ ਆਖਣੋਂ ਨਾ ਰਹਿ ਸਕਿਆ।
-"ਇਹ ਗੱਲ ਮੈਂ ਮੰਨਦੈਂ ਬਈ ਬੁੱਚੜਾਂ ਨੂੰ ਨਰਕੀਂ ਤੋਰੇ ਬਿਨਾਂ ਕੰਮ ਨਹੀਂ ਲੋਟ ਹੋਣੇ-ਪਰ ਸਾਰੀਆਂ ਜੱਥੇਬੰਦੀਆਂ ਦੀ ਸਹਿਮਤੀ ਬਿਨਾਂ ਆਪਾਂ ਕੋਈ ਐਕਸ਼ਨ ਨਹੀਂ ਕਰ ਸਕਦੇ-ਇਸ ਲਈ ਸਭ ਤੋਂ ਪਹਿਲਾਂ ਜੱਥੇਦਾਰਾਂ ਤੋਂ ਇਜ਼ਾਜ਼ਤ ਲਈ ਜਾਵੇ-।" ਕਾਕੇ ਨੇ ਕਿਹਾ। ਕਾਕਾ ਚੰਗਾ ਪੜ੍ਹਿਆ ਲਿਖਿਆ ਅਤੇ ਅੱਤ ਦਰਜ਼ੇ ਦਾ ਸੰਜੀਦਾ ਮੁੰਡਾ ਸੀ। ਮੱਧ-ਵਰਗੀ ਪ੍ਰੀਵਾਰ ਨਾਲ ਸਬੰਧ ਰੱਖਣ ਵਾਲਾ ਕਾਕਾ ਦੋ ਪੈਰ ਘੱਟ, ਪਰ ਤੁਰਦਾ ਮੜਕ ਦੇ ਨਾਲ ਸੀ। ਉਹ ਦਿਮਾਗ ਤੋਂ ਕੰਮ ਲੈ ਕੇ ਤੱਤੇ ਲੋਹੇ 'ਤੇ ਸੱਟ ਮਾਰਨ ਦਾ ਸਮਰਥਕ ਸੀ। ਅੱਕਾਂ ਵਿਚ ਡਾਂਗਾਂ ਮਾਰਨਾ ਉਸ ਦਾ ਕਰਮ ਨਹੀਂ ਸੀ।
-"ਜੱਥੇਦਾਰ ਤਾਂ ਮਹੀਨਾ ਨਹੀ 'ਕੱਠੇ ਹੋਣੇ-ਕੀ ਪਤੈ ਕਿਹੜੀ ਕੂਟੀਂ ਚੜ੍ਹ ਗਏ ਹੋਣ? ਉਦੋਂ ਨੂੰ ਤਾਂ ਕੁੱਤਾ ਗਰੇਆਲ ਬੁੜ੍ਹੇ ਬੁੜ੍ਹੀ ਦਾ ਗੁੱਗਾ ਪੂਜਦੂ।" ਜੈਲਦਾਰ ਅੰਦਰੋਂ ਬਲਿਆ ਪਿਆ ਸੀ। ਉਹ ਭੱਠ ਦੇ ਦਾਣੇ ਵਾਂਗ ਬੁੜ੍ਹਕਿਆ ਸੀ।
-"ਜੈਲਦਾਰਾ-ਉਹ ਤੇਰੇ ਮਾਂ ਪਿਉ ਜ਼ਿਆਦਾ ਨਹੀਂ! ਸਾਡੇ ਵੀ ਕੁਛ ਲੱਗਦੇ ਐ-ਅਸੀਂ ਤੇਰੇ ਨਾਲੋਂ ਪਹਿਲਾਂ ਮਰਨ ਨੂੰ ਤਿਆਰ ਐਂ-ਪਰ ਕਾਹਲੀ ਅਤੇ ਜ਼ਜ਼ਬਾਤ ਹਮੇਸ਼ਾ ਸੂਰਮੇ ਲਈ ਘਾਤਕ ਸਿੱਧ ਹੁੰਦੇ ਐ-ਗਰੇਵਾਲ ਕਿਤੇ ਭੱਜ ਨਹੀਂ ਚੱਲਿਆ-ਐਥੇ ਈ ਉਹ ਐ-ਐਥੇ ਈ ਆਪਾਂ ਐਂ-ਜੇ ਥੋੜਾ ਜਿਹਾ ਸਬਰ ਕਰੇਂ-ਅੜੀਆਂ ਮੇਲ ਦਿਆਂਗੇ।" ਕਾਕੇ ਨੇ ਜੈਲਦਾਰ ਨੂੰ ਸਮਝਾਉਣ ਦੇ ਰੌਂਅ ਵਿਚ ਕਿਹਾ ਤਾਂ ਜੈਲਦਾਰ ਪਾਗਲਾਂ ਵਾਂਗ ਚੀਕ ਉਠਿਆ।
-"ਮੇਰੇ ਬੁੜ੍ਹੇ ਮਾਈ ਬਾਪ ਪੁੱਠੇ ਟੰਗੇ ਹੋਣਗੇ ਤੇ ਤੂੰ ਸਬਰ-ਸਬਰ ਪਿੱਟੀ ਜਾਨੈਂ ਯਾਰ! ਦੱਸੋ ਕਿਹੜਾ ਮੇਰੇ ਨਾਲ ਤੁਰਦੈ? ਮੈਂ ਤਾਂ ਅੱਜ ਮਰੂੰ ਜਾਂ ਮਾਰੂੰ-ਆਹ ਖਿੱਚੀ ਐ ਲਖੀਰ ਜਿਹੜਾ ਮੇਰੇ ਨਾਲ ਐ-ਐਧਰ ਆਜੇ-ਜੀਹਨੂੰ ਜਾਨ ਪਿਆਰੀ ਐ ਬੈਠਾ ਰਹੇ-ਮੈਂ ਤਾਂ ਅੱਜ ਠਾਣੇ ਤੇ ਹੱਲਾ ਬੋਲਨੈਂ ਮਿੱਤਰੋ! ਫੇਰ ਨਾ ਆਖਿਓ ਦੱਸਿਆ ਨਹੀਂ-।" ਜੈਲਦਾਰ ਨੇ ਪੈਰ ਦੇ ਅੰਗੂਠੇ ਨਾਲ ਵਾਕਿਆ ਹੀ ਲਕੀਰ ਕੱਢ ਦਿੱਤੀ ਅਤੇ ਆਪ ਪਰਲੇ ਪਾਸੇ ਖੜ੍ਹ ਗਿਆ।
-"ਚਲੋ ਯਾਰ ਮਜ਼ਬੀ ਸਿੱਖ ਦੀ ਹਿੰਡ ਭੈੜ੍ਹੀ ਹੁੰਦੀ ਐ-ਸਾਲ਼ਾ ਕੇਰਾਂ ਈ ਹੁਣ ਬਾਬਾ ਦੀਪ ਸਿੰਘ ਬਣਿਆਂ ਖੜ੍ਹੈ।" ਬਿੱਲੂ ਹੱਸ ਪਿਆ।
-"ਭੂਸਰਿਆ ਸਾਹਣ ਤੇ ਹਿੰਡ 'ਤੇ ਆਇਆ ਮਜ਼ਬੀ ਸਿੱਖ ਨਿਰੀ ਤਬਾਹੀ ਹੁੰਦੇ ਐ-।" ਪ੍ਰੀਤ ਤੋਂ ਵੀ ਰਿਹਾ ਨਾ ਗਿਆ।
-"ਚੱਲ ਵੱਡੇ ਭਾਈ-ਅਸੀਂ ਤਾਂ ਸਾਰੇ ਦੇ ਸਾਰੇ ਤੇਰੇ ਨਾਲ ਐਂ-ਜਿਵੇਂ ਹੁਕਮ ਕਰੇਂਗਾ-ਫੁੱਲ ਚੜ੍ਹਾਵਾਂਗੇ-ਪਰ ਦਿਲ 'ਚ ਇਹ ਨਾ ਸੋਚੀਂ ਬਈ ਅਸੀਂ ਮਰਨੋਂ ਡਰਦੇ ਐਂ-।" ਸਾਰੇ ਲਕੀਰ ਦੇ ਪਾਰ ਜੈਲਦਾਰ ਨਾਲ ਆ ਖੜ੍ਹੇ।
ਰਾਤ ਦੇ ਗਿਆਰ੍ਹਾਂ ਵੱਜ ਗਏ ਸਨ।
ਠਾਣਾ ਇੱਥੋਂ ਤਕਰੀਬਨ ਚਾਰ ਕੁ ਕਿਲੋਮੀਟਰ ਦੀ ਵਿੱਥ 'ਤੇ ਸੀ। ਉਹ ਖੇਤਾਂ ਦੀਆਂ ਵੱਟਾਂ ਮਿੱਧਦੇ, ਤੀੜ ਦੇਈ ਤੁਰੇ ਜਾ ਰਹੇ ਸਨ। ਕੋਈ ਕਿਸੇ ਨਾਲ ਗੱਲ ਨਹੀਂ ਕਰ ਰਿਹਾ ਸੀ। ਇੱਕ ਤਰ੍ਹਾਂ ਨਾਲ ਮੜ੍ਹੀਆਂ ਵਾਂਗ ਚੁੱਪ ਛਾਈ ਹੋਈ ਸੀ। ਬੰਦੇ ਨਹੀਂ ਜਿਵੇਂ ਪੱਥਰ ਦੀਆਂ ਮਟੀਆਂ ਤੁਰੀਆਂ ਜਾ ਰਹੀਆਂ ਸਨ।
ਦੂਰੋਂ ਸ਼ਹਿਰ ਦੀਆਂ ਬੱਤੀਆਂ ਦਿਸਣ ਲੱਗ ਪਈਆਂ। ਠਾਣਾ ਅੱਧਾ ਕੁ ਕਿਲੋਮੀਟਰ ਹੀ ਰਹਿ ਗਿਆ ਸੀ। ਦੁਧੀਆ ਟਿਊਬਾਂ ਦਾ ਚਾਨਣ ਸੜਕਾਂ ਦੀ ਪਿੱਠ ਧੋ ਰਿਹਾ ਸੀ। ਸ਼ਹਿਰ ਸੁੰਨਾ ਸੀ। ਚੁੱਪ ਸੀ। ਲੰਡਰ ਕੁੱਤੇ ਸਰਦੀ ਤੋਂ ਡਰਦੇ ਖੋਲਿਆਂ ਵਿਚ ਲੁਕੇ ਪਏ ਸਨ।
ਸੜਕ ਚੜ੍ਹਨ ਤੋਂ ਪਹਿਲਾਂ ਕਾਕੇ ਨੇ ਇਸ਼ਾਰੇ ਨਾਲ ਸਾਰਿਆਂ ਨੂੰ ਰੋਕ ਲਿਆ। ਸਾਰੇ ਬੜੀ ਈਮਾਨਦਾਰੀ ਨਾਲ ਰੁਕ ਗਏ।
-"ਆਪਣੇ ਕੋਲ ਮੁਨੀਸ਼ਨ ਕਿੰਨਾ ਕੁ ਐ?"
-"ਆਮ ਐਂ ਫਿਕਰ ਨਾ ਕਰ!"
-"ਆਪਣੇ ਹਥਿਆਰ ਚੈੱਕ ਕਰੋ!"
ਸਾਰਿਆਂ ਨੇ ਆਪਣੇ ਵੱਖੋ-ਵੱਖਰੇ ਹਥਿਆਰ ਚੈੱਕ ਕਰ ਲਏ। ਝੋਲਿਆਂ ਵਿਚ ਪਾਏ ਮੈਗਜ਼ੀਨਾਂ ਦੀਆਂ ਸਾਈਡਾਂ ਥਾਂ ਸਿਰ ਕਰ ਲਈਆਂ

ਗਈਆਂ। ਲੱਕ ਨਾਲ ਟੰਗੇ ਰਿਵਾਲਵਰ ਦੀ ਪੜਚੋਲ ਕਰ ਲਈ ਗਈ। ਸਾਰਾ ਸਮਾਨ ਤਿਆਰ ਸੀ।
ਬੱਸ! ਹੁਣ ਸਿਰਫ਼ "ਧੋਬੀ ਪਟੜਾ" ਮਾਰਨ ਦੀ ਹੀ ਲੋੜ ਬਾਕੀ ਰਹਿ ਗਈ ਸੀ।
-"ਇੱਕ ਗੱਲ ਮਿੱਤਰੋ ਹੋਰ ਐ-ਐਸਾ ਧਾਵਾ ਬੋਲਣੈਂ ਬਈ ਪੁਲਸ ਆਲਿਆਂ ਨੂੰ ਸੁਰਤ ਸੰਭਲਣ ਦਾ ਵੀ ਮੌਕਾ ਨਾ ਮਿਲੇ-ਪ੍ਰੀਤ ਤੂੰ ਹਵਾਲਾਤੀਆਂ ਨੂੰ ਕਿਵੇਂ ਨਾ ਕਿਵੇਂ ਠਾਣੇ ਚੋਂ ਬਾਹਰ ਕੱਢਣੈਂ-ਪਿੱਛਾ ਅਸੀਂ ਸੰਭਾਲਾਂਗੇ-ਜਿੰਨੀ ਜਲਦੀ ਹੋ ਸਕੇ ਐਕਸ਼ਨ ਕਰਕੇ ਬਾਹਰ ਨਿਕਲਣੈਂ-ਇੱਕ ਗੱਲ ਹੋਰ ਯਾਦ ਰੱਖਣ ਆਲੀ ਐ-ਰਾਤ ਨੂੰ ਠਾਣੇ ਦਾ ਵੱਡਾ ਦਰਵਾਜਾ ਬੰਦ ਹੁੰਦੈ-ਸਿਰਫ਼ ਦਰਵਾਜੇ ਦੀ ਬਾਰੀ ਹੀ ਖੁੱਲ੍ਹੀ ਹੁੰਦੀ ਐ-ਇਸ ਲਈ ਆਪਣਾ ਕੰਮ ਕਰਕੇ ਡਾਕ ਬਣ ਜਾਣੈਂ-ਅਗਰ ਐਕਸ਼ਨ ਕਰਨ ਤੋਂ ਬਾਅਦ ਆਪਾਂ ਇੱਕ ਦੂਜੇ ਤੋਂ ਨਿੱਖੜ ਗਏ ਤਾਂ ਕੱਲ੍ਹ ਰਾਤ ਨੂੰ ਅੱਜ ਆਲੀ ਬਹਿਕ 'ਤੇ ਈ ਮਿਲਾਂਗੇ-ਸਾਈਨਾਈਡ ਸਾਰਿਆਂ ਕੋਲ ਹੈਗੇ ਐ?" ਕੁਝ ਰੈਆਂ ਦੇ ਕੇ ਕਾਕੇ ਨੇ ਪੁੱਛਿਆ।
-"ਹੈਗੇ ਐ।" ਸਾਂਝੀ ਅਵਾਜ਼ ਆਈ।
-"ਜਿਉਂਦੇ ਪੁਲਸ ਦੇ ਹੱਥ ਨਹੀਂ ਆਉਂਣਾ-ਆਪਣੇ ਐਕਸ਼ਨ ਕਰਨ ਤੋਂ ਬਾਅਦ ਸੀ ਆਰ ਪੀ ਅਤੇ ਕਮਾਂਡੋ ਘੇਰੇ ਵਿਚ ਲੈਣ ਦੀ ਕੋਸ਼ਿਸ਼ ਕਰੇਗੀ-ਖ਼ਬਰਦਾਰ ਰਹਿਣਾ-ਚਲੋ ਬੋਲੋ ਵਾਹਿਗੁਰੂ...!"
ਸਾਰੇ ਖ਼ਤਾਨਾਂ ਵਿਚੋਂ ਦੀ ਹੋ ਕੇ ਸੜਕ 'ਤੇ ਆ ਗਏ। ਚਾਰ ਏ ਕੇ ਸੰਤਾਲੀ ਉਹਨਾਂ ਦੀਆਂ ਬੁੱਕਲਾਂ ਵਿਚੋਂ ਕੌਡੀਆਂ ਵਾਲੇ ਸੱਪ ਵਾਂਗ ਜੀਭਾਂ ਕੱਢਦੀਆਂ ਸਨ।
ਠਾਣੇ ਦਾ ਵੱਡਾ ਦਰਵਾਜਾ ਪਾਰ ਕਰਨ ਤੋਂ ਬਾਅਦ ਉਹਨਾਂ ਨੇ ਫ਼ਾਇਰਿੰਗ ਸੁਰੂ ਕਰ ਦਿੱਤੀ। ਮੋਰਚੇ ਵਿਚ ਖੜ੍ਹਾ ਸਿਪਾਹੀ-ਸੰਤਰੀ ਇੱਕੋ ਬਰੱਸਟ ਨਾਲ 'ਭਿਆਂ' ਬੋਲ ਗਿਆ। ਠਾਣੇ ਅੰਦਰ ਹਾਹਾਕਾਰ ਮੱਚ ਗਈ। ਹਥਿਆਰ ਪੁਲੀਸ ਵਾਲਿਆਂ ਨੇ ਵੀ ਚੁੱਕ ਲਏ। ਮੁਣਸ਼ੀ ਵਾਇਰਲੈੱਸ ਨੂੰ ਚਿੰਬੜ ਗਿਆ ਸੀ। ਉਹ ਘੱਗੀ ਜਿਹੀ ਅਵਾਜ਼ ਵਿਚ, ਹੱਥ ਵਿਚ ਫੜੀ ਵਾਇਰਲੈੱਸ 'ਤੇ ਇੱਕੋ ਹੀ ਰਟ ਲਾਈ ਜਾ ਰਿਹਾ ਸੀ।
-"ਹੈਲੋ..! ਹੈਲੋ...!! ਮੈਂ ਸਦਰ ਠਾਣੇ ਦਾ ਮੁਣਸ਼ੀ ਬੋਲ ਰਿਹੈਂ-ਜਲਦੀ ਭਾਰੀ ਫ਼ੋਰਸ ਭੇਜੋ-ਅੱਤਬਾਦੀ ਤਾਂ ਮੁਕਲਾਵਾ ਦੇਣੇ ਸਾਡੇ ਠਾਣੇ ਨੂੰ ਆ ਪਏ-ਜਲਦੀ ਕਰੋ-ਹੈਲੋ..! ਮੈਂ ਕਹਿ ਰਿਹੈਂ ਜਲਦੀ ਕਰੋ ਅੱਤਬਾਦੀ ਠਾਣੇ ਨੂੰ ਆ ਪਏ...!" ਸੈੱਟ ਉਸ ਦੇ ਹੱਥ ਵਿਚ ਬੁਰੀ ਤਰ੍ਹਾਂ ਕੰਬੀ ਜਾ ਰਿਹਾ ਸੀ। ਫਿਰ ਉਹ ਸਿਪਾਹੀਆਂ ਨੂੰ ਟੁੱਟ ਕੇ ਪੈ ਗਿਆ, "ਮੇਰਿਓ ਸਾਲਿਓ-ਛੱਤ 'ਤੇ ਜਾ ਕੇ ਮੋਰਚੇ ਮੱਲੋ-ਐਥੇ ਈ ਖੁਰਵੱਢ ਕਰਦੇ ਫਿਰਦੇ ਓਂ! ਉਹ ਥੋਡੇ ਪ੍ਰਾਹੁਣੇ ਦਰਵਾਜੇ ਤੋੜਨ ਡਹੇ ਐ-ਛੇਤੀ ਕਰੋ ਛੱਤ 'ਤੇ ਚੜ੍ਹੋ-ਮੈਂ ਵਾਇਰਲੈੱਸ ਕਰਤੀ ਐ-ਫ਼ੋਰਸ ਤੁਰਪੀ ਹੋਊ।" ਬੁਰੀ ਤਰ੍ਹਾਂ ਘਬਰਾਇਆ ਮੁਣਸ਼ੀ ਸਿੰਧ ਦੀ ਘੋੜੀ ਵਾਂਗ ਪੌੜੀਏਂ ਚੜ੍ਹ ਗਿਆ। ਧੂੰਏਂ ਵਾਲੀ ਚਿਮਨੀ ਓਹਲੇ ਬੈਠਾ ਉਹ 'ਵਾਹਿਗੁਰੂ-ਵਾਹਿਗੁਰੂ' ਜਪੀ ਜਾ ਰਿਹਾ ਸੀ।
ਸੂਚਨਾਂ ਮਿਲਦੇ ਸਾਰ ਹੀ ਭਾਰੀ ਫ਼ੋਰਸ ਦੀਆਂ ਜੀਪਾਂ ਅਤੇ ਟਰੱਕਾਂ ਨੇ ਸਦਰ ਠਾਣੇ ਨੂੰ ਛੂਟ ਵੱਟ ਲਈ। ਇੱਧਰ ਜਦੋਂ ਹੀ ਕਾਕੇ ਹੋਰਾਂ ਨੇ ਦਰਵਾਜਾ ਤੋੜਿਆ, ਉਦੋਂ ਤੱਕ ਤਮਾਮ ਸਿਪਾਹੀ ਛੱਤ ਉਪਰ ਬਣੇ ਮੋਰਚਿਆਂ ਵਿਚ ਪੁਜੀਸ਼ਨਾਂ ਲੈ ਚੁੱਕੇ ਸਨ। ਸਦਰ ਠਾਣਾ ਇੱਕ ਪੁਰਾਣੇ ਕਿਲ੍ਹੇ ਵਿਚ ਸੀ। ਜਿਸ ਵਿਚ ਸੁਰੂ ਤੋਂ ਹੀ ਬੜੀ ਸਕੀਮ ਨਾਲ ਮੋਰਚੇ ਬਣੇ ਹੋਏ ਸਨ। ਬਾਹਰੋਂ ਆਉਣ ਅਤੇ ਜਾਣ ਦਾ ਸਿਰਫ਼ ਇੱਕੋ ਹੀ ਰਸਤਾ ਸੀ।
ਉਹਨਾਂ ਦੇ ਅੰਦਰ ਦਾਖ਼ਲ ਹੋਣ ਸਾਰ ਹੀ ਦੁਵੱਲੀ ਫ਼ਾਇਰਿੰਗ ਸੁਰੂ ਹੋ ਗਈ। ਦੋਨਾਂ ਪਾਸਿਆਂ ਤੋਂ ਗੋਲੀ ਇਤਨੀ ਜ਼ਬਰਦਸਤ ਚੱਲ ਰਹੀ ਸੀ ਕਿ ਭਿਆਨਕ ਜੰਗ ਲੱਗੀ ਪ੍ਰਤੀਤ ਹੁੰਦੀ ਸੀ। ਸਿਪਾਹੀ ਮੋਰਚਿਆਂ ਵਿਚੋਂ ਅਤੇ ਕਾਕੇ ਹੋਰੀਂ ਵਰਾਂਡੇ ਦੇ ਥਮਲ੍ਹਿਆਂ ਨਾਲ ਲੱਗੇ ਗੋਲੀਆਂ ਚਲਾ ਰਹੇ ਸਨ। ਕਾਕੇ ਹੋਰਾਂ ਨੂੰ ਇਹ ਸਮਝ ਨਹੀਂ ਆ ਰਹੀ ਸੀ ਕਿ ਉਹਨਾਂ ਉਪਰ ਗੋਲੀ ਕਿੱਧਰੋਂ ਆ ਰਹੀ ਸੀ? ਇੱਕ ਤੜਥੱਲੀ ਮੱਚੀ ਹੋਈ ਸੀ।
ਤਕਰੀਬਨ ਵੀਹ-ਪੱਚੀ ਮਿੰਟ ਗੋਲੀਆਂ ਦਾ ਵਟਾਂਦਰਾ ਹੁੰਦਾ ਰਿਹਾ। ਇਤਨੇ ਨੂੰ ਮਿਲਟਰੀ ਦੀਆਂ ਬਖ਼ਤਰਬੰਦ ਗੱਡੀਆਂ ਠਾਣੇ ਅੰਦਰ ਦਾਖਲ ਹੋਣੀਆਂ ਸੁਰੂ ਹੋ ਗਈਆਂ। ਸਰਚ-ਲਾਈਟਾਂ ਨੇ ਦਿਨ ਚਾੜ੍ਹ ਦਿੱਤਾ। ਉਹ ਚਾਰੇ ਬੁਰੀ ਤਰ੍ਹਾਂ ਨਾਲ ਘੇਰੇ ਵਿਚ ਆ ਗਏ। ਬਿੱਲੂ ਆਪਣੀ ਰਾਈਫਲ ਦਾ ਮੂੰਹ ਉੱਧਰ ਨੂੰ ਕਰਨ ਲੱਗਾ ਤਾਂ ਉਪਰੋਂ ਮੋਰਚੇ ਵਿਚੋਂ ਚੱਲੀ ਗੋਲੀ ਉਸ ਦੀ ਪੁੜਪੜੀ ਚੀਰ ਗਈ। ਦੂਜੀ ਗੋਲੀ ਹਿੱਕ ਵਿਚ ਮੋਘਾ ਖੋਲ੍ਹ ਗਈ। ਛਾਤੀ ਵਿਚ ਗੋਲੀ ਖਾ ਕੇ ਬਿੱਲੂ ਧਰਤੀ 'ਤੇ ਡਿੱਗਿਆ ਮੁੜ ਨਾ ਉਠਿਆ। ਸੂਰਮੇਂ ਦੀ ਹਿੱਕ 'ਚੋਂ ਖ਼ੂਨ ਉਬਲ-ਉਬਲ ਕੇ ਫ਼ੁਆਰਾ ਬਣ ਵਹਿ ਰਿਹਾ ਸੀ। ਸਾਰਿਆਂ
ਦੇ ਹਰਾਸ ਮਾਰੇ ਗਏ।
ਥਮਲ੍ਹੇ ਦੇ ਓਹਲਿਓਂ ਪ੍ਰੀਤ ਨੇ ਵੀ ਹੱਲਾ ਕਰਨਾ ਚਾਹਿਆ ਤਾਂ ਇੱਕ ਬਰੱਸਟ ਉਸ ਦੇ ਆ ਵੱਜਿਆ। ਤਕਰੀਬਨ ਅੱਧੀ ਦਰਜਣ ਵੱਜੀਆਂ ਗੋਲੀਆਂ ਦੇ ਬਾਵਜੂਦ ਵੀ ਯੋਧਾ ਥਮਲ੍ਹੇ ਨੂੰ ਜੱਫ਼ੀ ਪਾਈ ਖੜ੍ਹਾ ਸੀ। ਪਰ ਏ ਕੇ ਸੰਤਾਲੀ ਉਸ ਦੇ ਹੱਥੋਂ ਡਿੱਗ ਪਈ ਸੀ। ਰੱਤੀਆਂ ਅੱਖਾਂ ਨਾਲ ਉਹ ਠਾਣੇ ਦੇ ਵਿਹੜੇ ਨੂੰ ਘੂਰ ਰਿਹਾ ਸੀ। ਅਖੀਰ ਉਸ ਦੇ ਹੱਥ ਨਿਰਬਲ ਹੋ ਗਏ, ਸਰੀਰ ਅਤੰਤ ਰਹਿ ਗਿਆ ਅਤੇ ਉਹ ਸਪਾਲ ਧਰਤੀ 'ਤੇ ਵਿਛ ਗਿਆ। ਉਸ ਦੀਆਂ ਅੱਧ-ਖੁੱਲ੍ਹੀਆਂ ਅੱਖਾਂ ਖੜ੍ਹੀਆਂ ਸਨ ਅਤੇ ਵਰਾਂਡੇ ਵਿਚ ਲਹੂ ਦਾ ਛੱਪੜ ਲੱਗ ਗਿਆ ਸੀ।
ਜਦੋਂ ਕਾਕੇ ਅਤੇ ਜੈਲਦਾਰ ਨੇ ਆਪਣੇ ਆਪ ਨੂੰ ਬੁਰੀ ਤਰ੍ਹਾਂ ਘੇਰੇ ਵਿਚ ਆਇਆ ਮਹਿਸੂਸ ਕੀਤਾ ਤਾਂ ਉਹਨਾਂ ਨੇ ਕਾਲਰਾਂ ਵਿਚੋਂ ਸਾਈਨਾਈਡ ਦੇ ਕੈਪਸੂਲ ਕੱਢ ਲਏ। ਇਸ ਤੋਂ ਪਹਿਲਾਂ ਕਿ ਉਹ ਕੈਪਸੂਲ ਮੂੰਹ ਵਿਚ ਪਾਉਂਦੇ, ਪੰਦਰਾਂ-ਵੀਹ ਜਵਾਨਾਂ ਨੇ ਉਹਨਾਂ ਨੂੰ ਆ ਦਬੋਚਿਆ। ਹੱਥਾਂ ਵਿਚ ਹੱਥਕੜੀਆਂ ਅਤੇ ਪੈਰਾਂ ਵਿਚ ਬੇੜੀਆਂ ਚਾੜ੍ਹ ਦਿੱਤੀਆਂ ਗਈਆਂ। ਦੋਹਾਂ ਨੂੰ ਮੁਸ਼ਕਾਂ ਬੰਨ੍ਹ ਕੇ ਵਿਹੜੇ ਵਿਚ ਲਿਆ ਸੁੱਟਿਆ। ਹਥਿਆਰ ਅਤੇ ਗੋਲੀ ਸਿੱਕਾ ਹੱਥ ਹੇਠ ਕਰ ਲਿਆ ਗਿਆ।
ਠਾਣੇਦਾਰ ਗਰੇਵਾਲ ਕੁਦਰਤੀਂ ਠਾਣੇ ਵਿਚ ਨਹੀਂ ਸੀ।
ਟੈਲੀਫ਼ੋਨ ਕਰਕੇ ਜਦੋਂ ਮੁਣਸ਼ੀ ਨੇ ਖ਼ਬਰ ਦਿੱਤੀ ਤਾਂ ਠਾਣੇਦਾਰ ਉੱਭੜਵਾਹਿਆਂ ਵਾਂਗ ਬੈੱਡ ਤੋਂ ਬੁੜ੍ਹਕਿਆ। ਉਸ ਨੂੰ ਕਦਾਚਿੱਤ ਉਮੀਦ ਨਹੀਂ ਸੀ ਕਿ ਅੱਤਿਵਾਦੀ ਠਾਣੇ 'ਤੇ ਵੀ ਹਮਲਾ ਕਰਨਗੇ। ਅਣਹੋਣੀਂ ਸੁਣ ਕੇ ਉਸ ਦਾ ਦਿਲ ਕੰਬਿਆ ਸੀ। ਪਰ ਇਨਾਮੀਂ ਖ਼ਾੜਕੂ ਹੱਥ ਲੱਗੇ ਹੋਣ ਕਾਰਨ ਉਸ ਦਾ ਚਿਹਰਾ ਗੈਸ ਵਾਂਗ ਦਗਿਆ ਸੀ। ਕੁਝ ਗੈਬੀ ਸੋਚਾਂ ਬੜੀ ਤੇਜ਼ੀ ਨਾਲ ਉਸ ਦੇ ਦਿਮਾਗ ਵਿਚ ਚੱਕਰ ਕੱਟ

ਰਹੀਆਂ ਸਨ: ਪਹਿਲਾਂ ਅੱਤ ਨਰਮੀਂ ਵਰਤ ਕੇ ਦੇਖਾਂਗਾ-ਹੋ ਸਕਦੈ ਕੋਈ ਰੇਸ਼ਮ ਸਿੰਘ 'ਬੰਬ' ਵਰਗਾ ਖ਼ਾੜਕੂ ਮੁਖੀ ਹੀ ਫੜਾ ਦੇਣ? ਦੋ ਚਾਰ ਮੁਖੀ ਫੜੇ ਗਏ ਤਾਂ ਗਰੇਵਾਲ ਸਿਆਂ ਇੱਕ ਕਰੋੜ ਰੁਪਈਆ ਵੱਟ 'ਤੇ ਈ ਪਿਐ! ਪਰਮੋਸ਼ਨ ਵਾਧੂ ਦੀ! ਹੋ ਸਕਦੈ ਇਸ ਕਾਰਜ ਬਦਲੇ ਰਾਸ਼ਟਰਪਤੀ ਐਵਾਰਡ ਵੀ ਮਿਲ ਜਾਵੇ? ਤਸ਼ੱਦਦ ਨਾਲੋਂ ਨਰਮਾਈ ਅਤੇ ਮਿਠਾਸ ਜ਼ਿਆਦਾ ਕੰਮ ਕੱਢ ਸਕਦੀ ਹੈ। ਜੇ ਸਿੱਧੀ ਉਂਗਲੀ ਨਾਲ ਘਿਉ ਨਿਕਲ ਆਵੇ ਤਾਂ ਵਾਧੂ ਵਿੰਗੀ ਕਰਨ ਦੀ ਕੀ ਲੋੜ ਐ? ਗਰੇਵਾਲ! ਜੇ ਗੁੜ ਦਿੱਤਿਆਂ ਵੈਰੀ ਮਰਦੈ ਤਾਂ ਮਹੁਰਾ ਦੇਣ ਦੀ ਕੀ ਜ਼ਰੂਰਤ ਹੈ? ਉਸ ਦੇ ਦਿਮਾਗ ਅੰਦਰ ਸੋਚਾਂ ਦੇ ਵਦਾਣ ਚੱਲੀ ਜਾ ਰਹੇ ਸਨ।
ਠਾਣੇ ਪਹੁੰਚਦਿਆਂ ਸਾਰ ਹੀ ਉਸ ਨੇ ਕਾਹਲੀ ਵਿਚ ਪ੍ਰੈਸ ਵਾਲਿਆਂ ਨੂੰ ਬੁਲਾ ਲਿਆ। ਵੱਖ-ਵੱਖ ਅਖ਼ਬਾਰਾਂ ਅਤੇ ਦੂਰਦਰਸ਼ਨ ਦੇ ਪੱਤਰਕਾਰ ਅਤੇ ਰਿਪੋਰਟਰ ਆਹਣ ਵਾਂਗ ਉੱਤਰ ਆਏ। ਠਾਣੇ ਵਿਚ ਪ੍ਰੈਸ ਵਾਲਿਆਂ ਦਾ ਮੇਲਾ ਲੱਗ ਗਿਆ ਸੀ। ਫ਼ੋਟੋਆਂ ਖਿੱਚ ਲਈਆਂ ਗਈਆਂ, ਠਾਣੇਦਾਰ ਦੇ ਬਿਆਨਾਂ 'ਤੇ ਆਧਾਰਿਤ ਰਿਪੋਰਟਾਂ ਤਿਆਰ ਕਰਕੇ ਰਿਪੋਰਟਰ ਆਪਣੇ-ਆਪਣੇ ਦਫ਼ਤਰਾਂ ਨੂੰ ਡੰਡੀ ਪੈ ਗਏ। ਠਾਣੇਦਾਰ ਨੇ ਐਸ ਪੀ ਨੂੰ ਫ਼ੋਨ ਮਿਲਾ ਲਿਆ।
-"ਹੈਲੋ! ਮੈਂ ਸਦਰ ਠਾਣੇ ਤੋਂ ਐਸ ਐਚ ਓ ਗਰੇਵਾਲ ਬੋਲ ਰਿਹੈਂ-ਸਾਹਬ ਬਹਾਦਰ ਨਾਲ ਗੱਲ ਕਰਵਾਓ-ਜ਼ਰੂਰੀ ਕੰਮ ਐਂ।" ਉਹ ਤਿੜਿਆ ਬੋਲ ਰਿਹਾ ਸੀ।
-"ਸਾਹਬ ਸੌਂ ਰਹੇ ਐ।" ਉਧਰੋਂ ਅਵਾਜ਼ ਆਈ।
-"ਦੇਖੋ! ਸਾਡੇ ਠਾਣੇ 'ਤੇ ਅੱਤਿਵਾਦੀਆਂ ਨੇ ਹਮਲਾ ਕਰ ਦਿੱਤੈ-ਕਿਰਪਾ ਕਰਕੇ ਸਾਹਬ ਬਹਾਦਰ ਨੂੰ ਖ਼ਬਰ ਕਰੋ।"
-"ਇੱਕ ਮਿੰਟ ਹੋਲਡ ਕਰੋ...!"
-"ਓ. ਕੇ...।"
ਕੁਝ ਪਲਾਂ ਵਿਚ ਹੀ ਐਸ ਪੀ ਨੇ ਰਿਸੀਵਰ ਚੁੱਕ ਕੇ "ਹੈਲੋ" ਆਖਿਆ ਤਾਂ ਠਾਣੇਦਾਰ ਟੇਪ-ਰਿਕਾਰਡਰ ਵਾਂਗ ਬੋਲਣ ਲੱਗ ਪਿਆ ਅਤੇ ਸਾਰੀ ਕਹਾਣੀ ਕਹਿ ਸੁਣਾਈ।
ਐਸ ਪੀ ਨੂੰ ਮੁੜ੍ਹਕਾ ਆ ਗਿਆ।
-"ਆਪਣਾ ਕੋਈ ਬੰਦਾ ਤਾਂ ਨਹੀ ਨੁਕਸਾਨਿਆਂ ਗਿਆ...?" ਐਸ ਪੀ ਨੇ ਪੁੱਛਿਆ।
-"ਦਵਿੰਦਰ ਸਿੰਘ ਸਿਪਾਹੀ ਮਾਰਿਆ ਗਿਆ ਜਨਾਬ-ਉਸ ਦੀ ਗੇਟ ਵਾਲੇ ਮੋਰਚੇ 'ਤੇ ਡਿਊਟੀ ਸੀ।"
-"...........!" ਐਸ ਪੀ ਲੰਬਾ ਸਾਹ ਖਿੱਚ ਕੇ ਰਹਿ ਗਿਆ। ਉਸ ਦੀਆਂ ਅੱਖਾਂ ਅੱਗੇ ਹਨ੍ਹੇਰ ਪਸਰ ਗਿਆ ਸੀ।
-"ਵੈਸੇ ਪ੍ਰੈਸ ਨੇ ਸਾਰਾ ਕਾਂਡ ਕਵਰ ਕਰ ਲਿਐ-ਸਰ!"
-"ਕੀ ਕਿਹੈ? ਪ੍ਰੈਸ ਨੂੰ ਖ਼ਬਰ ਹੋ ਗਈ? ਕੀਹਨੇ ਬੁਲਾਇਐ ਉਹਨਾਂ ਹਰਾਮਜ਼ਾਦਿਆਂ ਨੂੰ....?" ਐਸ. ਪੀ. ਘੋਰ ਗੁੱਸੇ ਵਿਚ ਕੜਕਿਆ।
-"ਮੈਂ...ਮੈਂ ਈ ਬੁਲਾਇਆ ਸੀ....ਸਰ....!"
ਠਾਣੇਦਾਰ ਦੇ ਪੈਰ ਘੁਕਣ ਲੱਗ ਪਏ।
-"ਗਰੇਵਾਲ...! ਤੂੰ ਜਹਾਨ ਦਾ ਬੇਵਕੂਫ਼..! ਕੁੱਤੇ ਦਾ ਪੁੱਤ ਐਂ...! ਹੁਣ ਤੇਰੇ ਦੋ ਪਿਉ ਜਿਹੜੇ ਜਿਉਂਦੇ ਫੜੇ ਐ-ਉਹਨਾਂ ਨੂੰ ਕੋਰਟ 'ਚ ਪੇਸ਼ ਕਰਨਾ ਪਊ-ਗੱਲ ਪ੍ਰੈੱਸ ਹੱਥ ਆ ਚੁੱਕੀ ਐ-ਕੱਲ੍ਹ ਨੂੰ ਘਰ ਘਰ ਫਿਰ ਜਾਊਗੀ-।" ਐਸ. ਪੀ. ਕਾਲੇ ਬੋਲੇ ਬੱਦਲ ਵਾਂਗ ਗਰਜ਼ ਰਿਹਾ ਸੀ। ਉਸ ਦੀਆਂ ਗਾਲ੍ਹਾਂ ਠਾਣੇਦਾਰ ਦੇ ਦਿਮਾਗ ਵਿਚ ਹਥੌੜੇ ਵਾਂਗ ਵੱਜ ਰਹੀਆਂ ਸਨ।
-"ਪਰ ਹਜ਼ੂਰ-ਉਹਨਾਂ ਨੇ ਤਾਂ ਖੁੱਲ-ਮ-ਖੁੱਲ੍ਹਾ ਸ਼ਰੇਆਮ ਠਾਣੇ 'ਤੇ ਹਮਲਾ ਕੀਤੈ-ਮੈਂ ਹੋਰ ਕੀ ਕਰਦਾ...?"
-"ਤੂੰ ਹੋਰ ਕੀ ਕਰਦਾ? ਹੋਰ ਤੂੰ ਮਾਂ ਦਾ....ਕਰਨਾ ਸੀ-ਜਿਹੜੇ ਤੇਰੀ ਮਾਂ ਦੇ ਖ਼ਸਮ ਮਰੇ ਸੀ-ਸਿਰਫ਼ ਕਾਰਵਾਈ ਉਹਨਾਂ ਦੇ ਸਿਰ ਹੀ ਮੜ੍ਹਨੀ ਸੀ-ਬਾਕੀ ਭਣੋਈਆਂ ਨੂੰ ਆਸੇ ਪਾਸੇ ਕਰ ਦਿੰਦਾ? ਜਦੋਂ ਜਿਉਂਦੇ ਜਾਗਦੇ ਤੇਰੇ ਪਿਉ ਪ੍ਰੈੱਸ ਦੀਆਂ ਨਜ਼ਰਾਂ ਵਿਚੋਂ ਦੀ ਲੰਘ ਗਏ-ਹੁਣ ਦੱਸ ਮੁਕਾਬਲਾ ਕਿਵੇਂ ਬਣਾਵੇਂਗਾ? ਨੌਕਰੀ ਕਰਨ ਦਾ ਤੇਰਾ ਇਰਾਦਾ ਹੈ ਕਿ ਨਹੀਂ-ਕੁੱਤੇ ਦਿਆ ਬੀਆ....?"
-"ਆਈ ਐਮ ਵੈਰੀ ਸੌਰੀ ਸਰ-ਮੇਰੇ ਕੋਲੋਂ ਬਹੁਤ ਭਾਰੀ ਗਲਤੀ ਹੋ ਗਈ-ਮੁਆਫ਼ ਕਰ ਦਿਓ ਹਜ਼ੂਰ-ਅੱਗੇ ਤੋਂ ਕਸਮ ਖਾ ਕੇ ਵਾਅਦਾ ਕਰਦੈਂ-ਜਨਾਬ ਦੀ ਰਾਇ ਬਿਨਾਂ ਕੋਈ ਕਦਮ ਨਹੀਂ ਚੁੱਕਦਾ-ਮਾਈ ਬਾਪ ਇਸ ਵਾਰ ਮੁਆਫ਼ ਕਰ ਦਿਓ-ਮੁੜ ਗੁਸਤਾਖੀ ਨਹੀਂ ਹੋਵੇਗੀ।" ਠਾਣੇਦਾਰ, ਸਾਹਿਬ ਦੇ ਪੈਰੀਂ ਪਿਆ ਖੜ੍ਹਾ ਸੀ। ਐਸ. ਪੀ. ਦੀਆਂ ਗੱਲਾਂ ਉਸ ਦੇ ਦਿਲ ਲੱਗੀਆਂ ਸਨ। ਪ੍ਰੈਸ ਬੁਲਾ ਕੇ ਹੁਣ ਉਹ ਅਤੀਅੰਤ ਪਛਤਾ ਰਿਹਾ ਸੀ। ਇੱਕ ਤਰ੍ਹਾਂ ਨਾਲ ਆਪਣੇ ਪੈਰੀਂ ਆਪ ਕੁਹਾੜਾ ਮਾਰਿਆ ਸੀ।
-"ਪਰ ਜਨਾਬ, ਹੁਣ ਅੱਗੇ ਹੁਕਮ ਕਰੋ ਕੀ ਐ?"
-"ਹੁਣ ਗੱਲ ਹੱਥ 'ਚ ਲੈਣ ਦੀ ਕੋਸ਼ਿਸ਼ ਕਰ-ਤਿੰਨੇ ਲਾਸ਼ਾਂ ਪੋਸਟ ਮਾਰਟਮ ਲਈ ਭੇਜਦੇ ਅਤੇ ਦੂਜੇ ਹਰਾਮਜ਼ਾਦਿਆਂ ਤੋਂ ਸਾਰਾ ਕੁਝ ਬਕਵਾ-ਬਾਕੀ ਮੈਂ ਸਵੇਰੇ ਦਸ ਵਜੇ ਤੇਰੇ ਕੋਲ ਪਹੁੰਚਾਂਗਾ-ਔਰ ਹਾਂ..! ਪ੍ਰੈੱਸ ਵਾਲਿਆਂ ਨੂੰ ਹੁਣ ਠਾਣੇ ਪੈਰ ਨਹੀ ਪਾਉਣ ਦੇਣਾ-ਸਮਝੇ...?"
ਐਸ. ਪੀ. ਫ਼ੋਨ ਕੱਟ ਗਿਆ।
ਠਾਣੇਦਾਰ ਦਾ ਮੱਥਾ ਅਤੇ ਪਿੱਠ ਪਸੀਨੇ ਨਾਲ ਭਿੱਜ ਗਏ ਸਨ। ਉਹ ਰੁਮਾਲ ਨਾਲ ਮੱਥਾ ਪੂੰਝਦਾ ਦਫ਼ਤਰ ਵਿਚ ਜਾ ਕੇ, ਇੱਕ ਤਰ੍ਹਾਂ ਨਾਲ ਕੁਰਸੀ ਵਿਚ ਡਿੱਗ ਪਿਆ।
-"ਮੁਣਸ਼ੀ...! ਹੌਲਦਾਰ ਨੂੰ ਅੰਦਰ ਭੇਜ...।" ਪਾਣੀ ਦਾ ਗਿਲਾਸ ਪੀਣ ਤੋਂ ਬਾਅਦ ਠਾਣੇਦਾਰ ਨੇ ਹੁਕਮ ਦਿੱਤਾ।
ਹੌਲਦਾਰ ਹਾਜ਼ਰ ਸੀ।
-"ਤਿੰਨੇ ਲਾਸ਼ਾਂ ਪੋਸਟ ਮਾਰਟਮ ਲਈ ਸਰਕਾਰੀ ਹਸਪਤਾਲ ਲੈ ਜਾਓ!"
-"ਜੀ ਹਜ਼ੂਰ।"
ਹੌਲਦਾਰ ਅਤੇ ਚਾਰ ਸਿਪਾਹੀ ਟਰੱਕ ਵਿਚ ਲਾਸ਼ਾਂ ਲੱਦ ਹਸਪਤਾਲ ਨੂੰ ਰਵਾਨਾ ਹੋ ਗਏ। ਠਾਣੇਦਾਰ ਨੇ ਮੁਣਸ਼ੀ ਨੂੰ ਕੋਲ ਸੱਦ ਲਿਆ।

ਅਜਿਹੇ ਮੌਕੇ ਠਾਣੇਦਾਰ ਲਈ ਮੁਣਸ਼ੀ ਰੱਬ ਬਣਕੇ ਬਹੁੜਦਾ ਸੀ। ਉਮਰ ਦੇ ਤਜ਼ਰਬੇ ਵਿਚ ਮੁਣਸ਼ੀ ਵੱਡਾ ਹੋਣ ਕਾਰਨ ਗੱਲ ਬੜੀ ਟਿਕਾਣੇ ਦੀ ਕਰਦਾ ਸੀ।

-''ਆਪਾਂ ਪ੍ਰੈਸ ਬੁਲਾ ਕੇ ਬੜੀ ਗਲਤੀ ਕੀਤੀ।'' ਠਾਣੇਦਾਰ ਨੇ ਮੁਣਸ਼ੀ ਸਾਹਮਣੇ ਪਛਤਾਵੇ ਵਿਚ ਸਿਰ ਫੇਰਿਆ। ਉਹ ਰੋਣਹਾਕਾ ਹੋਇਆ ਬੈਠਾ ਸੀ।

-''ਬਿਲਕੁਲ ਕੀਤੀ।'' ਮੁਣਸ਼ੀ ਜਿਵੇਂ ਜਵਾਬ ਘੜ੍ਹੀ ਬੈਠਾ ਸੀ।

-''ਇੱਕ ਤਾਂ ਸਰਕਾਰ ਤੁਸੀਂ ਕਿਸੇ ਦੀ ਸਲਾਹ ਨਹੀਂ ਪੁੱਛਦੇ-ਕੱਛ 'ਚੋਂ ਮੂੰਗਲਾ ਕੱਢ ਮਾਰਦੇ ਓਂ-ਬਾਹਲਾ ਤੱਤਾ ਵਗਣ ਆਲਾ ਬੰਦਾ ਹਮੇਸ਼ਾ ਘਾਟੇ 'ਚ ਜਾਂਦੈ-ਸਿਆਣੇ ਆਖਦੇ ਐ ਕਦੇ-ਕਦੇ ਕੰਧਾਂ ਦੀ ਰੈਅ ਵੀ ਲੈਣੀ ਪੈਂਦੀ ਐ।''

-''ਸਾਹਬ ਊਂ ਚਿੜ ਗਿਆ-ਵੱਢਣ ਆਉਂਦੈ-ਗਾਲ੍ਹ ਤੋਂ ਬਿਨਾਂ ਗੱਲ ਨਹੀਂ ਕਰਦਾ।''

-''ਮੋਤੀਆਂ ਆਲੀ ਸਰਕਾਰ-ਗੌਰਮਿੰਟ ਦੇ ਘੂਰੇ ਦਾ ਤੇ ਤਿਲ੍ਹਕ ਕੇ ਡਿੱਗੇ ਦਾ ਬੁਰਾ ਨਹੀਂ ਮਨਾਈਦਾ-ਦੋ ਗਾਲ੍ਹਾਂ ਦੇ ਕੇ ਆਬਦਾ ਮੂੰਹ ਗੰਦਾ ਕਰ ਲਿਆ-ਆਪਣਾ ਕੀ ਗਿਆ...? ਸਿਆਣੇ ਆਖਦੇ ਐ ਦੋ ਪਈਆਂ ਵਿਸਰ ਗਈਆਂ ਸਦਕੇ ਮੇਰੀ ਢੂਹੀ ਦੇ-ਵੱਡੀ ਮੱਛੀ ਛੋਟੀ ਨੂੰ ਖਾਂਦੀ ਐ-ਤੁਸੀਂ ਸੁਕਰ ਕਰੋ ਤੁਹਾਨੂੰ ਮੁਅੱਤਲ ਜਾਂ ਲਾਈਨ ਹਾਜ਼ਰ ਨਹੀਂ ਕੀਤਾ-ਚਾਰ ਗਾਲ੍ਹਾਂ 'ਚ ਹੀ ਸਰ ਗਿਆ-ਨਾਲੇ ਗਾਲ੍ਹਾਂ ਤਾਂ ਆਪਣੇ ਪ੍ਰੋਫ਼ੈਸ਼ਨ ਦਾ ਇੱਕ ਅੰਗ ਐ ਹਜ਼ੂਰ-ਸਾਹਬ ਨੇ ਥੋਨੂੰ ਕੱਢ ਦਿੱਤੀਆਂ-ਤੁਸੀਂ ਹਵਾਲਾਤੀਆਂ ਨੂੰ ਕੱਢ ਲਇਓ-ਹਿਸਾਬ ਬਰਾਬਰ-ਜੇ ਨਹੀਂ ਸਬਰ ਆਉਂਦਾ ਤਾਂ ਪੰਜ ਸੱਤ ਮੈਨੂੰ ਕੱਢ ਦਿਓ-ਜੇ ਥੋੜਾ ਦਿਲ ਠਰਜੂ ਤਾਂ-ਹੋਰ ਦੱਸੋ?''

ਠਾਣੇਦਾਰ ਮੁਸ਼ਕੜੀਏਂ ਹੱਸ ਪਿਆ।

ਹਾਸੇ ਵਿਚ ਮੁਣਸ਼ੀ ਨੇ ਵੀ ਯੋਗਦਾਨ ਪਾਇਆ।

-''ਹੁਣ ਔਹਨਾਂ ਪਤਿਔਰ੍ਹਿਆਂ ਨਾਲ ਕੀ ਕਰੀਏ? ਟਾਰਚਰ ਕਰੀਏ ਜਾਂ....?''

-''ਨਾ..! ਨਾ..!! ਨਾ...!!! ਪਹਿਲਾਂ ਮਿੱਠੇ ਪਿਆਰੇ ਹੋ ਕੇ ਪਲੋਸੋ..! ਮੂਧੇ ਤਾਂ ਜਦੋਂ ਮਰਜੀ ਐ ਪਾ ਲਿਓ...? ਘਰ ਦੀ ਮੁਰਗੀ ਦਾਲ ਬਰਾਬਰ...! ਪ੍ਰੀਤਮ ਮਜ਼ਬੀਆਂ ਦਾ ਮੁੰਡੈ-ਉਹਨੂੰ ਵਡਿਆ ਕੇ ਲਾਈਨ 'ਤੇ ਲਿਆਓ-ਲਾਲਚ ਦਿਓ-ਵਡਿਆਇਆ ਮਜ਼ਬੀ ਬਲ਼ਦ ਜਿੰਨਾਂ ਕੰਮ ਦਿੰਦੈ..! ਜਦੋਂ ਵਹਿੜ੍ਹਕੇ ਨੂੰ ਹਾਲ਼ੀ ਕੱਢਦੇ ਐ-ਬੁਸ਼ਕਾਰ ਕੇ ਈ ਕੱਢਦੇ ਐ-ਡੰਡੇ ਦੇ ਜੋਰ 'ਤੇ ਜੋਰ ਲਾ ਲਵੋ, ਜਮਾਂ ਨਹੀਂ ਤੁਰਦਾ।''

-''ਗੱਲ ਪ੍ਰੈਸ ਦੇ ਰਿਕਾਰਡ ਵਿਚ ਆ ਚੁੱਕੀ ਐ-ਇਸ ਲਈ ਇਹਨਾਂ ਦੀ ਗ੍ਰਿਫ਼ਤਾਰੀ ਸਾਨੂੰ ਪਾਉਣੀ ਈ ਪੈਣੀ ਐਂ-।''

-''ਜਰੂਰ ਪਾਉਣੀ ਪੈਣੀ ਐਂ।''

-''ਅਗਰ ਗ੍ਰਿਫ਼ਤਾਰੀ ਪੈ ਗਈ-ਇਹਨਾਂ ਨੂੰ ਇਲਾਕਾ ਮਜਿਸਟਰੇਟ ਦੇ ਪੇਸ਼ ਕਰਨਾ ਪਊ।''

-''ਫੇਰ ਕੀ ਉੱਤੇ ਕੰਧ ਆ ਡਿੱਗੂ ਸਰਕਾਰ...? ਆਪਾਂ ਰਿਮਾਂਡ ਲੈ ਲਵਾਂਗੇ...!''

-''ਪਰ ਸੁਬਾਹ ਸਾਹਬ ਨੇ ਆਉਣੈ-ਉਹਨੂੰ ਕੀ ਮੂੰਹ ਦਿਖਾਵਾਂਗੇ ਮੁਣਸ਼ੀ...? ਉਹ ਤਾਂ ਅੱਗੇ ਈ ਕੰਧਾਂ 'ਚ ਟੱਕਰਾਂ ਮਾਰਦਾ ਫਿਰਦੈ ਪੱਟ ਹੋਣਾ।''

-''ਮੇਰੀ ਪੜ੍ਹੀ ਲਿਖੀ ਮੂਰਖ ਸਰਕਾਰ-ਸਾਹਬ ਵੀ ਠਾਣੇਦਾਰੀ ਕਰਦਾ ਕਰਦਾ ਐਸ. ਪੀ. ਦੀ ਪਦਵੀ 'ਤੇ ਪਹੁੰਚਿਐ-ਉਹਨੂੰ ਸਾਰੀਆਂ ਮਜ਼ਬੂਰੀਆਂ ਦਾ ਪਤੈ-ਉਹਨੂੰ ਆਖ ਦਿਓ ਬਈ ਪੋਸਟ ਮਾਰਟਮ ਐਰਾ ਬਗੈਰਾ ਦੀ ਕਾਰਵਾਈ ਕਰਦਿਆਂ ਸਵੇਰ ਹੋ ਗਈ ਸੀ-ਰਹਿੰਦੀ ਕਾਰਵਾਈ ਆਉਂਦੀ ਰਾਤ ਨੂੰ ਮੁਕੰਮਲ ਕਰ ਦਿਆਂਗੇ।''

-''ਤੇ ਇਲਾਕਾ ਮਜਿਸਟਰੇਟ ਨੂੰ ਕੀ ਬਹਾਨਾ ਲਾਵਾਂਗੇ?'' ਠਾਣੇਦਾਰ ਅੱਗੇ ਇੱਕ ਪਰਬਤ ਜਿੱਡੀ ਮੁਸੀਬਤ ਸੀ।

-''ਆਖ ਦਿਆਂਗੇ ਇੱਕ ਮੁਜਰਮ ਦੀ ਤਬੀਅਤ ਖਰਾਬ ਸੀ..! ਸਰਕਾਰ, ਬਾਹਮਣਾਂ ਦੇ ਢੱਠੇ ਮਾਂਗੂੰ ਐਂਮੇ ਨਾ ਪੂਛ ਚੱਕ ਚੱਕ ਮੋਕ ਮਾਰੀ ਜਾਓ..! ਆਪਾਂ ਪੁਲਸ ਆਲੇ ਐਂ..! ਪੰਜਾਬ 'ਤੇ ਅੱਜ ਕੱਲ੍ਹ ਆਪਣਾ ਰਾਜ ਐ..! ਮਾੜੀ ਮੋਟੀ ਟੱਸ ਫੜੋ..! ਮਾੜੇ ਇੰਜਣ ਮਾਂਗੂੰ ਐਂਮੇ ਨਾ ਧੂੰਆਂ ਮਾਰੀ ਜਾਓ...!'' ਅਜੇ ਉਹ ਗੱਲਾਂ ਹੀ ਕਰ ਰਹੇ ਸਨ ਕਿ ਮੇਜ 'ਤੇ ਪਿਆ ਟੈਲੀਫੋਨ ''ਟਰਰ-ਟਰਰ'' ਕਰਕੇ ਖੜਕ ਪਿਆ। ਠਾਣੇਦਾਰ ਨੇ ਚੁੱਕ ਲਿਆ। ਟੈਲੀਫੋਨ ਹਸਪਤਾਲ ਤੋਂ ਹੌਲਦਾਰ ਦਾ ਸੀ। ਉਹ ਕਾਫੀ ਘਬਰਾਇਆ ਹੋਇਆ ਸੀ।

-''ਹੈਲੋ...! ਗਰੇਵਾਲ ਸਾਹਬ ਬੋਲ ਰਹੇ ਐ...?''

-''ਹਾਂ, ਮੈਂ ਗਰੇਵਾਲ ਬੋਲਦੈਂ, ਕੀ ਗੱਲ ਐ...?'' ਉਸ ਨੇ ਕੁਰਸੀ ਖਿੱਚ ਕੇ ਫ਼ੋਨ ਕੋਲ ਨੂੰ ਕਰ ਲਈ। ਮੁਣਸ਼ੀ ਟਿਕਟਿਕੀ ਲਾ ਕੇ ਠਾਣੇਦਾਰ ਵੱਲ ਝਾਕ ਰਿਹਾ ਸੀ।

-''ਹਜ਼ੂਰ ਜਿਹੜੇ ਅੱਤਿਵਾਦੀਆਂ ਦੀਆਂ ਲਾਸ਼ਾਂ ਅਸੀਂ ਪੋਸਟ ਮਾਰਟਮ ਲਈ ਲੈ ਕੇ ਗਏ ਸੀ, ਉਹਨਾਂ 'ਚੋਂ ਇੱਕ ਜਿਉਂਦਾ ਐ..!'' ਹੌਲਦਾਰ ਨੇ ਅਜ਼ੀਬ ਹੀ ਭਾਖਿਆ ਦਿੱਤੀ।

-''ਇਹ ਕਿਵੇਂ ਹੋ ਸਕਦੈ? ਐਥੋਂ ਤਾਂ ਮਰੇ ਵੇ ਲੈ ਕੇ ਗਏ ਓਂ?'' ਠਾਣੇਦਾਰ ਸਤੰਭ, ਮਜੌਰਾਂ ਦੀ ਮਾਂ ਵਾਂਗ ਝਾਕ ਰਿਹਾ ਸੀ। ਮੁਣਸ਼ੀ ਨਜ਼ਰਾਂ ਦੀ ਸ਼ਿਸ਼ਤ ਬੰਨ੍ਹੀ ਬੈਠਾ ਸੀ।

-''ਹਜ਼ੂਰ ਉਹਦੇ ਸਿਰਫ਼ ਲੱਤਾਂ 'ਚ ਈ ਗੋਲੀਆਂ ਲੱਗੀਐਂ-ਸਿਰਫ਼ ਬੇਹੋਸ਼ ਈ ਹੋਇਆ ਸੀ-ਹੁਣ ਉਸ ਨੂੰ ਹੋਸ਼ ਆ ਗਈ ਐ, ਕੀ ਕਰੀਏ? ਇਲਾਜ ਲਈ ਦਾਖ਼ਲ ਕਰਵਾ ਦੇਈਏ...?'' ਹੌਲਦਾਰ ਅੱਖੀਂ ਦੇਖਿਆ ਦ੍ਰਿਸ਼ ਦੱਸ ਰਿਹਾ ਸੀ।

-''ਕਿਉਂ..? ਇਹਨੂੰ ਸਾਕ ਕਰਨੈਂ..? ਅੱਤਿਵਾਦੀ ਪ੍ਰੈੱਸ ਅਤੇ ਪੁਲੀਸ ਦੀਆਂ ਨਜ਼ਰਾਂ 'ਚ ਮਰ ਚੁੱਕਿਐ-ਇਹ ਕਿਸੇ ਵੀ ਹਾਲਤ 'ਚ ਬਚਣਾ ਨਹੀਂ ਚਾਹੀਦਾ-ਇੱਕ ਮਿੰਟ, ਇੱਕ ਮਿੰਟ ਹੋਲਡ ਕਰ...।'' ਠਾਣੇਦਾਰ ਰਿਸੀਵਰ ਦੇ ਮੂੰਹ 'ਤੇ ਹੱਥ ਰੱਖ ਕੇ ਮੁਣਸ਼ੀ ਨੂੰ ਸੰਬੋਧਨ ਹੋਇਆ, ''ਉਹਨਾਂ 'ਚੋਂ ਇੱਕ ਜਿਉਂਦੈ-ਸਿਰਫ਼ ਲੱਤਾਂ 'ਚ ਗੋਲੀਆਂ ਲੱਗਣ ਕਾਰਨ ਫੱਟੜ ਐ-ਕੀ ਕਰੀਏ...?''

-''ਸਰਕਾਰ ਇਹਨਾਂ ਨੂੰ ਕਹੋ ਬਈ ਉਹਨੂੰ ਕਿਤੇ ਬਾਹਰ ਲਿਜਾ ਕੇ ਪੁੜਪੜੀ 'ਚ ਦੋ ਗੋਲੀਆਂ ਮਾਰੋ ਤੇ ਫੇਰ ਹਸਪਤਾਲ ਸੁੱਟ ਆਓ-ਉਹਦੇ ਬਿਨਾਂ ਆਖਰ ਥੁੜਿਆ ਕੀ ਪਿਐ...?'' ਮੁਣਸ਼ੀ ਨੇ ਅੱਗਾ ਵਲਦਿਆਂ ਕਿਹਾ।

-"ਹੌਲਦਾਰ...! ਤੂੰ ਫ਼ੋਨ ਕਿੱਥੋਂ ਕਰਦੈਂ...?"
-"ਹਸਪਤਾਲ ਤੋਂ ਈ, ਸਰ!"
-"ਤੇਰੇ ਕੋਲ਼ ਕੌਣ ਐਂ?"
-"ਮੈਂ 'ਕੱਲਾ ਈ ਆਂ ਜਨਾਬ।"
-"ਫੇਰ ਇਉਂ ਕਰ..! ਇਹਨੂੰ ਕੁੜੀ ਯਾਹਵੇ ਨੂੰ ਕਿਤੇ ਬਾਹਰ ਲਿਜਾ ਕੇ ਖ਼ਤਮ ਕਰੋ ਤੇ ਚਾਰ ਵਜੇ ਤੋਂ ਪਹਿਲਾਂ ਪਹਿਲਾਂ ਹਸਪਤਾਲ ਪਹੁੰਚਦਾ ਕਰ ਦਿਓ-ਪੂਰੀ ਸਾਵਧਾਨੀ ਵਰਤਣੀ ਐਂ-ਹੁਣ ਤਿੰਨ ਵੱਜੇ ਐ-ਸਿਰਫ ਇੱਕ ਘੰਟਾ ਤੁਹਾਡੇ ਕੋਲ ਸਮਾਂ ਐਂ-ਜਲਦੀ ਕਰੋ..!" ਪੱਥਰ ਹੋਏ ਠਾਣੇਦਾਰ ਨੇ ਫ਼ੋਨ ਰੱਖ ਦਿੱਤਾ।
-"ਚਲੋ ਸਰਦਾਰ ਅੰਦਰਲਿਆਂ ਦੀ ਵੀ ਖਬਰ ਲਈਏ-ਕਿਤੇ ਸਿਉਂਕ ਈ ਨਾ ਲੱਗ ਜਾਵੇ-ਤੁਸੀਂ ਮਾੜਾ ਜਿਆ ਮੂੜ੍ਹ ਠੀਕ ਕਰੋ-ਮੈਂ ਚਾਹ ਧਰਵਾ ਕੇ ਆਇਆ।"
ਮੁਣਸ਼ੀ ਚਲਾ ਗਿਆ।
ਠਾਣੇਦਾਰ ਨੇ ਸਕੀਮਾਂ ਉਲੀਕਣੀਆਂ ਸ਼ੁਰੂ ਕਰ ਦਿੱਤੀਆਂ। ਉਹ ਗੱਲ ਤੋਰਨ ਲਈ ਸਿਰਾ ਲੱਭ ਰਿਹਾ ਸੀ। ਮੇਜ਼ 'ਤੇ ਉਹ ਸਿਰ ਰੱਖੀ ਸਕੀਮਾਂ ਘੜ੍ਹ ਰਿਹਾ ਸੀ। ਦਿਮਾਗ ਅੰਦਰ ਸੋਚਾਂ ਦੀ ਘੋੜ ਦੌੜ ਬਰਾਬਰ ਜਾਰੀ ਸੀ।
ਮੁਣਸ਼ੀ ਚਾਹ ਲੈ ਕੇ ਆ ਗਿਆ।
ਚਾਹ ਪੀ ਕੇ ਉਹ ਕਾਕੇ ਅਤੇ ਪ੍ਰੀਤਮ ਸਿੰਘ ਜੈਲਦਾਰ ਕੋਲ ਪਹੁੰਚ ਗਏ। ਉਹ ਹਵਾਲਾਤ ਵਿਚ ਨਹੀਂ, ਠਾਣੇ ਦੀ ਪਿਛਲੀ 'ਘਚੋਰ੍ਹ' ਜਿਹੀ ਵਿਚ ਤਾੜੇ ਹੋਏ ਸਨ। ਅੰਦਰ ਬਿਜਲੀ ਦੇ ਵੱਡੇ ਲਾਟੂ ਨੇ ਦਿਨ ਚੜ੍ਹਾ ਰੱਖਿਆ ਸੀ। ਠਾਣੇਦਾਰ ਅਤੇ ਮੁਣਸ਼ੀ ਦੇ ਪਿੱਛੇ ਗਿਆਰਾਂ ਹਥਿਆਰਬੰਦ, ਤਿਆਰ-ਬਰ-ਤਿਆਰ ਸਿਪਾਹੀ ਖੜ੍ਹੇ ਸਨ।
ਠਾਣੇਦਾਰ ਦੇ ਇਸ਼ਾਰੇ 'ਤੇ ਜੈਲਦਾਰ ਅਤੇ ਕਾਕੇ ਨੂੰ ਵੱਖ ਕਰ ਲਿਆ। ਹੁਣ ਜੈਲਦਾਰ ਅਤੇ ਠਾਣੇਦਾਰ ਆਹਮੋਂ-ਸਾਹਮਣੇਂ ਖੜ੍ਹੇ ਸਨ। ਮੁਣਸ਼ੀ ਅਤੇ ਸਾਰੇ ਸਿਪਾਹੀ ਠਾਣੇਦਾਰ ਦੇ ਪਿੱਛੇ ਕੰਧ ਬਣੇ ਹੋਏ ਸਨ।
-"ਹਾਂ ਬਈ ਪ੍ਰੀਤਮ ਸਿਆਂ ਕੀ ਹਾਲ ਚਾਲ ਐ?"
-".........।" ਜੈਲਦਾਰ ਚੁੱਪ ਰਿਹਾ। ਹੱਥਕੜੀਆਂ ਅਤੇ ਬੇੜੀਆਂ ਵਿਚ ਜਕੜਿਆ ਉਹ ਬੁਰੀ ਤਰ੍ਹਾਂ ਪੀੜਿਆ ਪਿਆ ਸੀ। ਅੰਦਰੋਂ ਉਹ ਜਵਾਲਾ ਮੁਖੀ ਦੀ ਤਰ੍ਹਾਂ ਸੁੰਧਕ ਰਿਹਾ ਸੀ।
-"ਖ਼ੈਰ ਪ੍ਰੀਤਮ ਸਿਆਂ ਆਖਰ ਆਪਣੇ ਮੇਲੇ ਹੋ ਹੀ ਗਏ..! ਧਰਮ ਨਾਲ ਤੈਨੂੰ ਮਿਲਣ ਨੂੰ ਬਹੁਤ ਜੀਅ ਕਰਦਾ ਸੀ।"
-".........।"
-"ਮੈਂ ਨਿੱਡਰ ਅਤੇ ਦਲੇਰ ਬੰਦੇ ਦੀ ਦਿਲੋਂ ਕਦਰ ਕਰਦੈਂ-ਠਾਣੇ ਦੇ ਅੰਦਰ ਆ ਕੇ ਹਮਲਾ ਕਰਨਾ ਨਿੱਡਰਤਾ ਨਹੀਂ ਤਾਂ ਹੋਰ ਕੀ ਐ...? ਕਿਲ੍ਹੇ ਵਾਲੇ ਸਦਰ ਠਾਣੇ 'ਚ ਧਾਵਾ ਕੋਈ ਦਿਲ ਗੁਰਦੇ ਵਾਲਾ ਦਲੇਰ ਬੰਦਾ ਈ ਕਰ ਸਕਦੈ-ਆਸ਼ਕੇ ਪ੍ਰੀਤਮ ਸਿਆਂ ਤੇਰੀ ਦਲੇਰੀ ਦੇ...!"
-"........।"
-"ਤੂੰ ਇਹ ਧਾਵਾ ਆਪਣੇ ਮਾਈ ਬਾਪ ਛੁਡਾਉਣ ਲਈ ਈ ਕੀਤਾ ਸੀ ਨਾ? ਮੁਣਸ਼ੀ.....!"
-"ਜੀ ਹਜ਼ੂਰ...?"
-"ਪ੍ਰੀਤਮ ਸਿੰਘ ਦੇ ਮਾਂ-ਪਿਉ ਛੱਡ ਦਿਓ...!"
-"ਜੋ ਹੁਕਮ ਹਜ਼ੂਰ...!" ਮੁਣਸ਼ੀ ਚਲਾ ਗਿਆ। ਪਰ ਜੈਲਦਾਰ ਦਾ ਚਿਹਰਾ ਟੱਸ ਤੋਂ ਮੱਸ ਨਾ ਹੋਇਆ। ਉਹ ਸਿਲ਼-ਪੱਥਰ ਵਾਂਗ ਅਹਿਲ ਖੜ੍ਹਾ ਸੀ। ਮਾਂ-ਬਾਪ ਕਿਸ ਨੇ ਛੱਡਣੇ ਸਨ? ਮੁਣਸ਼ੀ ਐਵੇਂ ਹੀ ਭਲਵਾਨੀ ਗੇੜਾ ਦੇ ਕੇ ਕੁਝ ਪਲਾਂ ਵਿਚ ਵਾਪਿਸ ਆ ਗਿਆ।
-"ਛੱਡ ਦਿੱਤੇ ਸਰਕਾਰ...!"
-"ਬਹੁਤ ਅੱਛੇ-ਹਾਂ ਬਈ ਪ੍ਰੀਤਮ ਸਿਆਂ ਹੁਣ ਖ਼ੁਸ਼ ਐਂ?"
-".........।"
-"ਹਾਂ-ਹੁਣ ਇਹ ਦੱਸ ਬਈ ਤੇਰੇ ਨਾਲ ਦਾ ਮੁੰਡਾ ਕੌਣ ਐ? ਤੇ ਕਿਹੜੇ ਪਿੰਡ ਦਾ ਐ? ਸਵੇਰ ਦਾ ਮੌਕੈ-ਬਚਨ ਦਿੰਨੈਂ-ਜੇ ਸਾਨੂੰ ਸਹਿਯੋਗ ਦੇਵੇਂਗਾ-ਤੱਤੀ ਵਾਅ ਨਹੀਂ ਲੱਗਣ ਦਿੰਦਾ-ਨਹੀਂ ਤੈਨੂੰ ਸਾਡੇ ਕਾਨੂੰਨਾਂ ਦਾ ਪਤਾ ਈ ਐ।" ਹਮਦਰਦੀ ਦੇ ਨਾਲ ਨਾਲ ਠਾਣੇਦਾਰ ਨੇ ਧਮਕੀ ਵੀ ਦੇ ਮਾਰੀ।
-".........।" ਜੈਲਦਾਰ ਨੇ ਗਹਿਰੀ ਅੱਖ ਨਾਲ ਠਾਣੇਦਾਰ ਵੱਲ ਤੱਕਿਆ। ਉਸ ਦੀਆਂ ਅੱਖਾਂ 'ਚੋਂ ਰੱਤ ਚੋਅ ਰਹੀ ਸੀ। ਲਾਲ ਗੇਰੂ ਅੱਖਾਂ ਵਿਚ ਕੋਈ ਤਬਾਹੀ ਹਰਕਤ ਕਰ ਰਹੀ ਸੀ।
-"ਪ੍ਰੀਤਮ ਸਿਆਂ-ਜੋਸ਼ ਹਮੇਸ਼ਾ ਹੋਸ਼ ਤੋਂ ਮਾਰ ਖਾਂਦੈ-ਦਸਵੇਂ ਪਾਤਸ਼ਾਹ ਦੀ ਕਸਮ ਖਾ ਕੇ ਕਹਿੰਨੈ-ਅਗਰ ਤੂੰ ਵਾਅਦਾ ਮੁਆਫ਼ ਗਵਾਹ ਬਣ ਜਾਵੇਂ-ਸਿੱਧਾ ਬਰੀ! ਪੁਲਸ ਦੀ ਨੌਕਰੀ ਤੈਨੂੰ ਮੈਂ ਦਿਵਾਊਂ-ਐਨੇ ਬੰਦੇ ਸੁਣਦੇ ਐ-ਵਾਅਦਾ ਰਿਹਾ।" ਠਾਣੇਦਾਰ ਪੋਚ-ਪੋਚ ਕੇ ਗੱਲਾਂ ਕਰ ਰਿਹਾ ਸੀ।
-"ਸਾਡੇ ਕਾਨੂੰਨ ਦੀ ਕਿਤਾਬ 'ਚ ਗੱਦਾਰੀ ਕਿਤੇ ਨਹੀਂ ਲਿਖੀ ਸਰਦਾਰਾ-ਤੂੰ ਜੋ ਜੀਅ ਆਵੇ ਕਰ!" ਜੈਲਦਾਰ ਨੇ ਪਹਿਲੀ ਵਾਰ ਮੂੰਹ ਖੋਲ੍ਹਿਆ ਸੀ।
ਠਾਣੇਦਾਰ ਹੱਸ ਪਿਆ।
-"ਡੂੰਘਾ ਸੋਚ ਕੇ ਦੇਖ-ਰਾਤਾਂ ਨੂੰ ਸੱਪਾਂ ਦੀਆਂ ਸਿਰੀਆਂ ਮਿੱਧਦੇ ਫਿਰਦੇ ਓ-ਕੀ ਫਾਇਦਾ? ਥੋਡੇ ਅੱਗੇ ਪਿੱਛੇ ਚੌਵੀ ਘੰਟੇ ਮੌਤ ਕੂਕਦੀ ਐ-ਰੋਟੀਆਂ ਦੀ ਖਾਤਰ ਤੁਸੀਂ ਬਿਰ ਬਿਰ ਕਰਦੇ ਫਿਰਦੇ ਓਂ-ਇੱਕ ਗੱਲ ਮੇਰੀ ਲੜ ਬੰਨ੍ਹ ਲਈਂ ਪ੍ਰੀਤਮ ਸਿਆਂ-ਖ਼ਾਲਿਸਤਾਨ ਥੋਨੂੰ ਕਿਸੇ

ਕੰਜਰ ਨੇ ਨਹੀ ਦੇਣਾ-ਥੋੜੇ ਹਿੱਸੇ ਤਾਂ ਬਲ਼ਦੀ ਗੋਲੀ ਈ ਆਉਣੀ ਐਂ-ਜਦੋਂ ਮਰਜ਼ੀ ਐ ਖਾ ਲਇਓ।"
-"ਅਸੀਂ ਤਾਂ ਘਰੋਂ ਮਰਨਾ ਮਿੱਥ ਕੇ ਈ ਤੁਰੇ ਐਂ ਸਰਦਾਰਾ-ਡਰਾਵੇ ਜਿਹੇ ਕਾਹਨੂੰ ਦੇਈ ਜਾਨੈਂ?"
-"ਕਿਸੇ ਬੁੜ੍ਹੀ ਨੇ ਆਖਿਆ ਸੀ-ਬਈ ਪੁੱਤ ਚਾਹੇ ਸਾਰਾ ਪਿੰਡ ਮਰਜੇ-ਪਰ ਤੂੰ ਨੰਬਰਦਾਰ ਨਹੀਂ ਬਣਦਾ-ਇਹ ਹੀ ਤੇਰਾ ਦੁਖਾਂਤ ਐ-ਮੈਂ ਸ਼ਰਤ ਕਰਕੇ ਲਿਖ ਕੇ ਦਿੰਨੈਂ ਬਈ ਤੇਰੇ ਜਿਉਂਦੇ ਜੀਅ ਖ਼ਾਲਿਸਤਾਨ ਨਹੀਂ ਬਣਦਾ-ਕਾਹਨੂੰ ਐਮੇਂ ਘੁਲਾੜ੍ਹੇ 'ਚ ਬਾਂਹ ਦਿੰਨੈ?"
-"ਇਹ ਬਾਂਹ ਤਾਂ ਕਦੋਂ ਦੀ ਦਿੱਤੀ ਐ ਸਰਦਾਰਾ-।"
-"ਪ੍ਰੀਤਮ ਸਿਆਂ ਦੇਖ ਲੈ-ਮੈਂ ਤੇਰੇ ਨਾਲ ਕਿੰਨੀ ਨਰਮਾਈ ਵਰਤਦੈਂ ਤੇ ਤੂੰ-।"
-"ਬਿੱਲੀ ਲੱਖ ਮਾਸੀ ਬਣੇ ਚੂਹੇ ਨੂੰ ਆਬਦੇ ਹਸ਼ਰ ਦਾ ਪ੍ਰਤੱਖ ਪਤਾ ਹੁੰਦੈ।"
-"ਮੈਂ ਤੇਰੀ ਜੁਆਨੀ 'ਤੇ ਤਰਸ ਕਰਦੈਂ-ਅਜੇ ਵੀ ਡੁੱਲ੍ਹਿਆਂ ਬੇਰਾਂ ਦਾ ਕੁਛ ਨਹੀਂ ਵਿਗੜਿਆ।"
-"ਸਰਦਾਰਾ ਤੈਨੂੰ ਰਣਜੋਧ ਦੀ ਜੁਆਨੀ 'ਤੇ ਤਰਸ ਨਹੀਂ ਆਇਆ? ਹੋਰ ਤਾਂ ਹੋਰ ਤੂੰ ਤਾਂ ਬਾਬੇ ਜਪਨਾਮ ਦੇ ਬੁੜ੍ਹਾਪੇ 'ਤੇ ਵੀ ਤਰਸ ਨਹੀਂ ਕੀਤਾ-ਮੈਂ ਤੇਰੇ 'ਤੇ ਕਿਵੇਂ 'ਤਬਾਰ ਕਰ ਲਵਾਂ? ਦੁੱਧ ਦੀ ਰਾਖੀ ਬਿੱਲਾ ਬਿਠਾਇਆ ਕਦੇ ਭਦਰਕਾਰੀ ਨਹੀਂ ਕਰਦਾ-ਕੁੱਤੇ ਦੇ ਮੂੰਹ ਲਹੂ ਲੱਗਿਆ ਮਾੜਾ ਈ ਮਾੜਾ ਹੁੰਦੈ।"
ਠਾਣੇਦਾਰ ਨਿਰੁੱਤਰ ਹੋ ਗਿਆ। ਉਸ ਨੂੰ ਆਸ ਨਹੀਂ ਸੀ ਕਿ ਅਨਪੜ੍ਹ ਪ੍ਰੀਤਮ ਇਤਨਾ ਹਾਜ਼ਰ ਜਵਾਬ ਨਿਕਲੇਗਾ?
-"ਦੇਖ ਪ੍ਰੀਤਮਾਂ-ਮੈਂ ਤੇਰੇ ਨਾਲ ਅਜੇ ਵੀ ਹਲੀਮੀ ਵਰਤਦੈਂ-ਸਿੱਧੀ ਤਰ੍ਹਾਂ ਪੰਜਾਲੀ ਹੇਠ ਆ-ਜੇਂਗਾ ਸੌਖਾ ਰਹੇਂਗਾ-ਨਹੀਂ ਸਾਡੇ ਕੋਲ ਹੋਰ ਫਾਰਮੂਲੇ ਬਹੁਤ ਐ।" ਠਾਣੇਦਾਰ ਨੇ ਡਰ ਦਿੱਤਾ।
-"ਹੋਰ ਸਰਦਾਰਾ ਕੀ ਕਰੇਂਗਾ? ਗੋਲੀ ਈ ਮਾਰੇਂਗਾ? ਇਸ ਤੋਂ ਵੱਧ ਤੂੰ ਕੁਛ ਨਹੀਂ ਕਰ ਸਕਦਾ-ਗੋਲੀ ਖਾਣ ਨੂੰ ਮੈਂ ਤਿਆਰ ਐਂ।"
-"ਨਹੀਂ-ਗੋਲੀ ਮਾਰਨਾ ਤਾਂ ਸਾਡਾ ਆਖਰੀ ਦਾਅ ਐ-ਉਸ ਤੋਂ ਪਹਿਲਾਂ ਸਾਡੇ ਕੋਲ ਹੋਰ ਬਥੇਰ੍ਹੇ ਨੁਸਕੇ ਐ-ਫੇਰ ਨਾ ਆਖੀਂ ਦੱਸਿਆ ਨਹੀਂ-ਫੇਰ ਦੋਸ਼ੀ ਤੂੰ ਹੋਵੇਂਗਾ-ਅਸੀਂ ਨਹੀਂ।"
-"ਉਹ ਵੀ ਸਰਦਾਰਾ ਦੱਸ ਲੈ।"
-"ਕਹਿੰਦੇ ਐ ਲੜਾਈ ਅਤੇ ਮੁਹੱਬਤ ਵਿਚ ਸਭ ਕੁਛ ਜਾਇਜ ਐ-ਕੋਈ ਪੁੰਨ ਪਾਪ ਨਹੀਂ-ਅਸੀਂ ਤਾਂ ਬੁੜ੍ਹੀਆਂ ਵੀ ਨੰਗੀਆਂ ਕਰ ਸਕਦੇ ਐਂ-ਕਾਹਨੂੰ ਆਬਦੀ ਬਜੁਰਗ ਮਾਂ ਦੀ ਪਤ ਰੋਲਣ 'ਤੇ ਤੁਲਿਐਂ?"
ਜੈਲਦਾਰ ਦੀਆਂ ਅੱਖਾਂ 'ਚੋਂ ਜੁਆਲਾ ਮੁਖੀ ਫ਼ਟ ਗਿਆ। ਉਸ ਨੇ ਹੱਥਕੜੀ ਵਾਲੇ ਹੱਥ ਜੋੜ ਕੇ ਠਾਣੇਦਾਰ ਦਾ ਮੂੰਹ ਸੇਕ ਦਿੱਤਾ। ਗਰੇਵਾਲ ਮੱਕੀ ਦੇ ਗੁੱਲ ਵਾਂਗ ਫ਼ਰਸ਼ 'ਤੇ ਡਿੱਗਿਆ। ਉਸ ਦੇ ਨੱਕ 'ਚੋਂ ਖ਼ੂਨ ਚੱਲ ਪਿਆ ਸੀ। ਸਿਰੋਂ ਪੱਗ ਲਹਿ ਕੇ ਦੂਰ ਜਾ ਡਿੱਗੀ ਸੀ। ਸਿਪਾਹੀਆਂ ਨੇ ਜੈਲਦਾਰ ਨੂੰ ਜਕੜ ਲਿਆ।
ਉਹ ਭੂਸਰੇ ਸਾਹਣ ਵਾਂਗ ਫ਼ੂੰਕਾਰੇ ਮਾਰ ਰਿਹਾ ਸੀ।
ਇੱਕ ਖੂੰਜਿਓਂ ਲੱਕੜ ਦਾ ਬਾਲਾ ਚੁੱਕ ਕੇ ਠਾਣੇਦਾਰ ਨੇ ਜੈਲਦਾਰ ਨੂੰ ਕੋਹਣਾ ਸ਼ੁਰੂ ਕਰ ਦਿੱਤਾ। ਪਰ ਜੈਲਦਾਰ ਕੀ ਬਲਾਅ ਸੀ, ਉਸ ਨੇ ਮੂੰਹੋਂ "ਹਾਏ" ਤੱਕ ਨਾ ਕਿਹਾ। ਅਖੀਰ ਹਫ਼ ਕੇ ਠਾਣੇਦਾਰ ਨੇ ਆਪ ਹੀ ਬਾਲਾ ਦੂਰ ਵਗਾਹ ਮਾਰਿਆ।
ਸਿਪਾਹੀ ਬਚਾਅ ਲਈ ਪਿੱਛੇ ਹੱਟ ਗਏ।
-"ਲੈ ਫੇਰ, ਫ਼ੇਰ ਮੂੰਹ ਤੋਂ ਦੀ ਹੱਥ-ਜੇ ਨਾ ਤੇਰਾ ਮੁਕਾਬਲਾ ਬਣਾਇਆ ਤਾਂ ਮੈਨੂੰ ਅਸਲੀ ਪਿਉ ਦੀ ਸੱਟ ਨਾ ਜਾਣੀਂ-।" ਉਹ ਖ਼ੂਨੋਂ ਖ਼ੂਨ ਹੋਈਆਂ ਨਾਸਾਂ ਪੂੰਝਦਾ ਆਖ ਰਿਹਾ ਸੀ।
-"ਹੋਰ ਤੂੰ ਕੁੱਤਿਆ ਕਮੀਨਗੀ ਤੋਂ ਬਿਨਾ ਕਰ ਵੀ ਕੀ ਸਕਦੈਂ? ਜਾਂ ਤਾਂ ਖੋਲ੍ਹ ਪਿਉ ਦੇ ਹੱਥ ਪੈਰ-ਦਿਖਾਮਾ ਤੈਨੂੰ ਧਰਮਰਾਜ ਦਾ ਘਰ।" ਜੈਲਦਾਰ ਵੀ ਫ਼ੱਟੜ ਸ਼ੇਰ ਵਾਂਗ ਦਹਾੜਿਆ।
-"ਕੁੱਤੀ ਦਿਆ ਪੁੱਤਾ! ਕੁੱਤਿਆ...! ਜੇ ਨਾ ਥੋਡੀ ਬੁੜ੍ਹੀ ਨੂੰ ਅਲਫ਼ ਨੰਗੀ ਕਰਕੇ ਤੇਰੇ ਸਾਹਮਣੇ ਘੜੀਸਿਆ ਮੈਨੂੰ ਗਰੇਵਾਲ ਨਾ ਆਖੀਂ।"
-"ਉਏ ਹਰਾਮ ਦਿਆ ਤੁਖਮਾਂ, ਕੁੱਤਿਆ ਠਾਣੇਦਾਰਾ.....!!" ਸਿਪਾਹੀਆਂ ਤੋਂ ਜਕੜ ਛੁਡਾ ਕੇ ਉਸ ਨੇ ਫਿਰ ਠਾਣੇਦਾਰ ਨੂੰ ਢਾਹ ਲਿਆ। ਹੱਥਕੜੀ ਵਾਲੀ ਕਲੂੰਗੜੀ ਉਸ ਨੇ ਠਾਣੇਦਾਰ ਦੀ ਗਰਦਨ ਦੁਆਲੇ ਕਸ ਲਈ। ਇੱਕ ਤਰ੍ਹਾਂ ਨਾਲ ਜਿੰਦਰੇ ਲੱਗ ਗਏ ਸਨ। ਠਾਣੇਦਾਰ ਦਾ ਦਮ ਘੁੱਟਿਆ ਗਿਆ। ਉਪਰੋਂ ਸਿਪਾਹੀ ਬੜੀ ਬੇਰਹਿਮੀ ਨਾਲ ਜੈਲਦਾਰ ਦੇ ਸਿਰ ਅਤੇ ਮੋਢਿਆਂ ਉਪਰ ਰਾਈਫ਼ਲਾਂ ਦੇ ਬੱਟ ਵਰ੍ਹਾਈ ਜਾ ਰਹੇ ਸਨ। ਉਸ ਦੇ ਸਿਰ ਵਿਚ ਸੱਟਾਂ ਕਾਰਨ ਰੋਂਭੜ੍ਹੇ ਪੈ ਗਏ। ਚੀਸਾਂ ਨਾਲ ਸਿਰ ਵਿਚੋਂ ਅੱਗ ਨਿਕਲਣ ਲੱਗ ਪਈ। ਕੁੱਟ ਨਾਲ ਜੈਲਦਾਰ ਬੌਂਦਲ ਗਿਆ। ਉਸ ਦੇ ਹੱਥ ਢਿੱਲੇ ਪੈ ਗਏ। ਸਿਪਾਹੀਆਂ ਨੇ ਸਹਾਰੇ ਨਾਲ ਠਾਣੇਦਾਰ ਨੂੰ ਹੇਠੋਂ ਕੱਢ ਲਿਆ। ਉਸ ਦੀ ਗਰਦਨ ਸੁੱਜ ਕੇ "ਚਿਲੂੰ-ਚਿਲੂੰ" ਕਰਨ ਲੱਗ ਪਈ ਸੀ। ਵਰਦੀ ਦੇ ਬਟਨ ਖੋਲ੍ਹ ਕੇ ਉਸ ਨੇ ਲੰਮੇਂ ਲੰਮੇਂ ਸਾਹ ਲੈਣੇ ਸ਼ੁਰੂ ਕਰ ਦਿੱਤੇ। ਉਹ ਬੁਰੀ ਤਰ੍ਹਾਂ ਨਾਲ ਮਧੋਲਿਆ ਗਿਆ ਸੀ।
ਇੱਕ ਸਿਪਾਹੀ ਖ਼ਬਰ ਲੈ ਕੇ ਆਇਆ।
-"ਸਰਦਾਰ-ਹੌਲਦਾਰ ਹੋਰੀਂ ਆ ਗਏ।"
-"ਇਹਨੂੰ ਸਿੱਟੋ ਅੰਦਰ ਮੇਰੇ ਸਹੁਰੇ ਨੂੰ-।" ਠਾਣੇਦਾਰ ਨੇ ਹੁਕਮ ਕੀਤਾ ਤਾਂ ਸਿਪਾਹੀ ਜੈਲਦਾਰ ਨੂੰ ਧੂਹ ਤੁਰੇ।
-"ਲੈ ਪੁੱਤ-ਜਿਹੜੇ ਗੁਰੂ ਪੀਰ ਨੂੰ ਧਿਆਉਣਾ ਹੋਇਆ ਧਿਆ ਲਈਂ-ਤੇਰੇ ਵਾਰੰਟ ਆ ਗਏ ਐ-ਜੇ ਮੈਂ ਨਾ ਤੈਨੂੰ ਬੱਕਰੇ ਮਾਂਗੂੰ ਕੁਤਰਿਆ-ਮੈਨੂੰ ਗਰੇਵਾਲ ਪਿਉ ਦੀ ਨਾ ਕਿਸੇ ਚੂਹੜ੍ਹੇ ਦੀ ਸੱਟ ਸਮਝੀਂ...!" ਪਿੱਛੋਂ ਠਾਣੇਦਾਰ ਨੇ ਸੁਣਾਈ ਕੀਤੀ।
ਸਵੇਰ ਦੇ ਪੰਜ ਵੱਜਣ ਵਾਲੇ ਸਨ।
ਠਾਣੇਦਾਰ ਨੇ ਹੌਲਦਾਰ ਨੂੰ ਬੁਲਾਇਆ। ਦਫ਼ਤਰ ਅੰਦਰ ਉਹ ਦੁਖੀ ਜਿਹਾ ਬੈਠਾ ਸੀ।
-"ਹਾਂ ਬਈ-ਕਰਨ ਆਲਾ ਕੰਮ ਕੀਤਾ?"
-"ਹਾਂ ਜੀ ਕਰਤਾ।"

-"ਤਿੰਨੇ ਲਾਸ਼ਾਂ ਦਾ ਪੋਸਟ ਮਾਰਟਮ ਹੋ ਗਿਆ?"
-"ਹੋ ਗਿਆ ਜੀ।"
-"ਦਵਿੰਦਰ ਦੇ ਘਰਦਿਆਂ ਨੂੰ ਸਿਪਾਹੀ ਭੇਜ ਕੇ ਖ਼ਬਰ ਕਰੋ-ਸਾਹਬ ਦੇ ਪਹੁੰਚਣ ਤੱਕ ਇੱਥੇ ਹਾਜ਼ਰ ਹੋਣ!"
-"ਜੀ ਹਜ਼ੂਰ।"
-"ਲਾਸ਼ਾਂ ਅਜੇ ਹਸਪਤਾਲ ਈ ਰਹਿਣ ਦਿਓ!"
-"ਹਜ਼ੂਰ ਡਾਕਟਰ ਨਹੀਂ ਮੰਨਦਾ।"
-"ਡਾਕਟਰ ਦੀ ਮਾਂ ਦੀ...! ਹਸਪਤਾਲ ਗੌਰਮਿੰਟ ਦਾ ਐ-ਉਹ ਹਸਪਤਾਲ ਦਾ ਸਾਲਾ ਲੱਗਦੈ? ਆਖ ਦਿਓ ਡੀ. ਜੀ. ਪੀ. ਦਾ ਹੁਕਮ ਐਂ-ਕਹੋ ਐਸ. ਪੀ. ਸਾਹਬ ਆ ਰਹੇ ਐ ਫੇਰ ਵੇਖਾਂਗੇ-।"
-"ਜੀ ਜਨਾਬ।"
-"ਤੂੰ ਹਸਪਤਾਲ ਜਾਹ ਤੇ ਗੁਰਮੀਤ ਨੂੰ ਮੇਰੇ ਕੋਲੇ ਭੇਜ!" ਉਸ ਨੇ ਹੁਕਮ ਦਾ ਮਰੋੜਾ ਚਾੜ੍ਹਿਆ।
-"ਜੀ ਜਨਾਬ।"
-"ਹੌਲਦਾਰ ਚਲਾ ਗਿਆ।
ਗੁਰਮੀਤ ਹਾਜ਼ਰ ਹੋ ਗਿਆ।
-"ਹੁਕਮ ਸਰਕਾਰ?"
-"ਦਸ ਵਜੇ ਸਾਹਬ ਆ ਰਹੇ ਐ।"
-"ਮੈਨੂੰ ਪਤੈ ਹਜ਼ੂਰ।"
-"ਹਵਾਲਾਤੀਆਂ ਨੂੰ ਬਾਹਰ ਕੱਢ ਕੇ ਵਿਹੜਾ ਸੰਭਰਨ ਲਾ ਤੇ ਪਾਣੀ ਦਾ ਛਿੜਕਾਅ ਵੀ ਕਰੋ!"
ਗੁਰਮੀਤ ਚਲਾ ਗਿਆ।
ਠਾਣੇ ਦੀ ਸਫ਼ਾਈ ਜ਼ੋਰਾਂ ਸ਼ੋਰਾਂ ਨਾਲ ਸ਼ੁਰੂ ਹੋ ਗਈ। ਛਿੜਕਾਅ ਕਰ ਦਿੱਤਾ ਗਿਆ। ਹਰ ਚੀਜ਼ ਆਪਣੀ ਆਪਣੀ ਥਾਂ ਟਿਕ ਗਈ। ਕਾਕੇ ਹੋਰਾਂ ਤੋਂ ਫੜੇ ਹਥਿਆਰ ਅਤੇ ਗੋਲੀ ਸਿੱਕਾ ਇੱਕ ਵੱਡੇ ਮੇਜ਼ ਪੋਸ਼ ਵਿਛਾ ਕੇ ਰੱਖ ਦਿੱਤੇ ਗਏ।
ਘਰੋ ਘਰੀ ਪਹੁੰਚੀਆਂ ਅਖ਼ਬਾਰਾਂ ਨੇ ਖ਼ਬਰ ਦੇ ਛਾਣੇਂ ਦੇ ਦਿੱਤੇ। ਮੁੱਖ ਸਫ਼ੇ 'ਤੇ ਮੋਟੀ ਸੁਰਖੀ ਸੀ:
-"ਅੱਤਿਵਾਦੀਆਂ ਵੱਲੋਂ ਠਾਣੇ 'ਤੇ ਜ਼ਬਰਦਸਤ ਹਮਲਾ"
-"ਇੱਕ ਸਿਪਾਹੀ ਅਤੇ ਦੋ ਅੱਤਿਵਾਦੀ ਹਲਾਕ - ਦੋ ਜ਼ਿੰਦਾ ਫੜੇ ਗਏ"
-"ਮੋਗਾ: - ਬੀਤੀ ਰਾਤ ਮੋਗਾ ਦੇ ਸਦਰ ਠਾਣੇ ਉਪਰ ਦੁਸ਼ਟ ਸੋਧ ਕਮਾਂਡੋ ਫ਼ੋਰਸ ਵੱਲੋਂ ਇੱਕ ਭਿਆਨਕ ਹਮਲਾ ਕੀਤਾ ਗਿਆ। ਸਿੱਟੇ ਵਜੋਂ ਦੋ ਅੱਤਿਵਾਦੀ ਅਤੇ ਇੱਕ ਸਿਪਾਹੀ ਹਲਾਕ ਹੋ ਗਏ। ਭਰੋਸੇਯੋਗ ਸੂਤਰਾਂ ਅਨੁਸਾਰ ਪੁਲੀਸ ਨੇ ਦੋ ਅੱਤਿਵਾਦੀਆਂ ਨੂੰ ਜ਼ਿੰਦਾ ਪਕੜਨ ਦਾ ਦਾਅਵਾ ਕੀਤਾ ਹੈ। ਮਰਨ ਵਾਲੇ ਅੱਤਿਵਾਦੀ ਬਲਬੀਰ ਸਿੰਘ ਬਿੱਲੂ ਅਤੇ ਪ੍ਰਗਟਪ੍ਰੀਤ ਸਿੰਘ ਪ੍ਰੀਤ ਹਨ, ਜਦ ਕਿ ਜ਼ਿੰਦਾ ਹੱਥ ਆ ਜਾਣ ਵਾਲੇ ਪ੍ਰੀਤਮ ਸਿੰਘ ਜੈਲਦਾਰ ਅਤੇ ਮਨਪ੍ਰੀਤ ਸਿੰਘ ਕਾਕਾ ਦੱਸੇ ਜਾਂਦੇ ਹਨ। ਹਮਲਾ ਇਤਨਾ ਯੋਜਨਾਬੱਧ ਤਰੀਕੇ ਨਾਲ ਕੀਤਾ ਗਿਆ ਕਿ ਪੁਲੀਸ ਨੂੰ ਹੋਰ ਫ਼ੋਰਸ ਮੰਗਵਾਉਣੀ ਪਈ। ਸਬੰਧਿਤ ਠਾਣੇ ਦੇ ਇੰਚਾਰਜ ਗੁਰਪ੍ਰੀਤ ਸਿੰਘ ਗਰੇਵਾਲ ਅਨੁਸਾਰ ਅਗਰ ਪੁਲੀਸ ਤੁਰੰਤ ਐਕਸ਼ਨ ਨਾ ਲੈਂਦੀ ਤਾਂ ਜਾਨੀ ਨੁਕਸਾਨ ਇਸ ਨਾਲੋਂ ਕਿਤੇ ਵੱਧ ਹੋਣਾ ਸੀ। ਪੁਲੀਸ ਦਾ ਮਾਰਿਆ ਜਾਣ ਵਾਲਾ ਸਿਪਾਹੀ ਦਵਿੰਦਰ ਸਿੰਘ ਸੀ। ਯਾਦ ਰਹੇ ਅੱਤਿਵਾਦੀਆਂ ਵੱਲੋਂ ਠਾਣੇ 'ਤੇ ਕੀਤਾ ਜਾਣ ਵਾਲਾ ਇਹ ਹਮਲਾ, ਪਹਿਲਾ ਹਮਲਾ ਹੈ। ਇਹ ਹਮਲਾ ਕਿਸ ਮਕਸਦ ਲਈ ਕੀਤਾ ਗਿਆ? ਅਜੇ ਤੱਕ ਪਤਾ ਨਹੀਂ ਲੱਗ ਸਕਿਆ।"
ਅਖ਼ਬਾਰ ਅੱਗ ਉੱਗਲ ਰਹੇ ਸਨ। ਖ਼ਬਰ ਦੇ ਐਨ ਉੱਪਰ ਚਾਰੇ ਹਮਲਾਵਰਾਂ ਦੀਆਂ ਫ਼ੋਟੋਆਂ ਸਨ। ਦੋ ਲਾਸ਼ਾਂ ਅਤੇ ਦੋ ਜ਼ਿੰਦਾ!
ਨਸ਼ਰ ਹੋਈਆਂ ਖ਼ਬਰਾਂ ਪੜ੍ਹ ਕੇ ਸਾਰਾ ਇਲਾਕਾ ਦੰਗ ਰਹਿ ਗਿਆ। ਲੋਕਾਂ ਨੇ ਮੂੰਹ ਵਿਚ ਉਂਗਲਾਂ ਪਾ ਲਈਆਂ। ਠਾਣੇ 'ਤੇ ਹਮਲਾ? ਕਦੇ ਹੋਇਆ ਨਾ ਸੁਣਿਆਂ! ਲੋਹੜਾ!!
ਸਮੇਂ ਤੋਂ ਪਹਿਲਾਂ ਹੀ ਐਸ. ਪੀ. ਇੱਟ ਵਾਂਗ ਆ ਵੱਜਿਆ। ਸਾਰੇ ਸਟਾਫ਼ ਨੂੰ ਹੱਥਾਂ ਪੈਰਾਂ ਦੀ ਪੈ ਗਈ। ਠਾਣੇ ਅੰਦਰ ਇੱਕ ਤਰ੍ਹਾਂ ਨਾਲ ਹਫ਼ੜਾ ਦਫ਼ੜੀ ਪੈ ਗਈ ਸੀ। ਖਾਣ-ਪੀਣ ਦੀਆਂ ਚੀਜ਼ਾਂ ਢੋਹੀਆਂ ਜਾ ਰਹੀਆਂ ਸਨ।
ਐਸ. ਪੀ. ਨੇ ਹਮਲਾਵਰਾਂ ਵੱਲੋਂ ਵਰਤੇ ਗਏ ਹਥਿਆਰ ਨਿਰਖੇ। ਦੋਸ਼ੀਆਂ 'ਤੇ ਸਰਸਰੀ ਨਜ਼ਰ ਮਾਰੀ। ਵਾਰਦਾਤ ਵਾਲੀ ਜਗ੍ਹਾ ਦਾ ਜਾਇਜ਼ਾ ਲਿਆ। ਪੁਲੀਸ ਵੱਲੋਂ ਕੀਤੀ ਗਈ ਜਵਾਬੀ ਕਾਰਵਾਈ ਤੋਂ ਉਹ ਬਿਨਾ-ਸ਼ੱਕ, ਪੂਰੀ ਤਰ੍ਹਾਂ ਨਾਲ ਸੰਤੁਸ਼ਟ ਹੋ ਗਿਆ। ਸਾਰੀ ਨਿਰਖਾ ਪਰਖੀ ਤੋਂ ਬਾਅਦ ਉਸ ਨੇ ਮੀਟਿੰਗ ਸ਼ੁਰੂ ਕਰ ਲਈ। ਹੁਣ ਉਹ ਹਰ ਹਾਲਤ ਠੰਢੇ ਮਤੇ ਵਿਚ ਸੀ। ਰਾਤ ਵਾਂਗ ਭੁਸਰਿਆ ਹੋਇਆ ਨਹੀਂ ਸੀ।
-"ਗਰੇਵਾਲ ਖ਼ਬਰਾਂ ਪੜ੍ਹ ਲਈਆਂ...?" ਉਸ ਨੇ ਕੁਝ ਅਖ਼ਬਾਰਾਂ ਠਾਣੇਦਾਰ ਅੱਗੇ ਸੁੱਟਦਿਆਂ ਲੰਬਾ ਸਾਹ ਲੈ ਕੇ ਪੁੱਛਿਆ।
-"ਹਾਂ ਪੜ੍ਹ ਲਈਆਂ ਸਰ!" ਠਾਣੇਦਾਰ ਨੇ ਨੀਵੀਂ ਸੁੱਟ ਲਈ। ਉਸ ਨੂੰ ਧਰਤੀ ਗਰਕਣ ਲਈ ਵਿਹਲ ਨਹੀਂ ਦਿੰਦੀ ਸੀ।
-"ਮੈਂ ਬਹੁਤ ਸ਼ਰਮਿੰਦਾ ਹਾਂ ਸਰ! ਮੈਨੂੰ ਇਸ ਵਾਰ ਮੁਆਫ਼ ਕਰ ਦਿਓ! ਅੱਗੇ ਤੋਂ ਐਸੀ ਗੁਸਤਾਖ਼ੀ ਨਹੀਂ ਹੋਵੇਗੀ।"
-"ਖ਼ੈਰ! ਗਈ ਨੂੰ ਘੋੜੇ ਨਹੀਂ ਮਿਲਦੇ-ਜਿਹੜੀ ਗੱਲ ਹੱਥੋਂ ਨਿਕਲ ਹੀ ਗਈ-ਉਹਦਾ ਕਾਹਦਾ ਪਛਤਾਵਾ ਕਰਨੈਂ-ਦੋਸ਼ੀਆਂ ਨੇ ਕੋਈ ਬਿਆਨ ਦਿੱਤਾ?" ਐਸ. ਪੀ. ਅਸਲ ਟਿਕਾਣੇ ਨੂੰ ਤੁਰਿਆ।
-"ਅਜੇ ਤੱਕ ਨਹੀਂ ਸਰ!"
-"ਕੋਈ ਖ਼ਾਸ ਵਜਾਹ?"
-"ਉਪਰਲੀਆਂ ਕਾਰਵਾਈਆਂ ਕਰਦਿਆਂ ਨੂੰ ਈ ਸਵੇਰ ਹੋ ਗਈ ਸਰ!"

-"ਦੋਸ਼ੀਆਂ ਦੀ ਗ੍ਰਿਫ਼ਤਾਰੀ ਪਾਈ?"
-"ਪਾ ਦਿੱਤੀ ਜਨਾਬ!"
-"ਰੋਜਨਾਮਚਾ ਲਿਆਓ!"
ਰੋਜਨਾਮਚਾ ਹਾਜ਼ਰ ਕਰ ਦਿੱਤਾ ਗਿਆ।
ਰੋਜ਼ਨਾਮਚੇ ਉੱਤੇ ਗ੍ਰਿਫ਼ਤਾਰੀ ਪਾਈ ਹੋਣ ਕਰਕੇ ਐਸ ਪੀ ਨੇ ਆਪਣੇ ਆਪ ਨੂੰ ਹਲਕਾ-ਹਲਕਾ ਮਹਿਸੂਸ ਕੀਤਾ।
-"ਦੂਜੇ ਦੋਸ਼ੀ ਦਾ ਨਾਂ ਅਤੇ ਪਤਾ ਪੁੱਛ ਕੇ ਖਾਲੀ ਥਾਂ ਪੁਰ ਕਰ ਦਿਓ।"
-"ਜੀ ਜਨਾਬ।"
-"ਅੱਜ ਹੀ ਇਲਾਕਾ ਮਜਿਸਟਰੇਟ ਦੇ ਪੇਸ਼ ਕਰਕੇ ਘੱਟੋ ਘੱਟ ਇੱਕ ਹਫ਼ਤੇ ਦਾ ਰਿਮਾਂਡ ਲਓ!"
-"ਜੀ ਜਨਾਬ!"
-"ਇਹਨਾਂ ਨੂੰ ਟਾਰਚਰ ਕਰਕੇ ਸਾਰੇ ਭੇਦ ਬਾਹਰ ਕੱਢੋ!"
-"ਜੀ ਜਨਾਬ!"
-"ਖ਼ਾਸ ਖ਼ਿਆਲ ਰੱਖਣੈਂ ਕਿਤੇ ਖੁਦਕਸ਼ੀ ਨਾ ਕਰ ਜਾਣ-ਪੁਲੀਸ ਦੇ ਵੱਕਾਰ ਦਾ ਸੁਆਲ ਹੈ!"
-"ਜੀ ਜਨਾਬ!"
-"ਸਮੇਂ ਸਮੇਂ ਅਨੁਸਾਰ ਮੈਨੂੰ ਇੰਨਫ਼ਾਰਮੇਸ਼ਨ ਦਿੰਦੇ ਰਹਿਣਾ!"
-"ਜੀ ਜਨਾਬ!"
ਐਸ. ਪੀ. ਤੁਰ ਗਿਆ।
ਠਾਣੇਦਾਰ ਦੀ ਜਾਨ ਵਿਚ ਜਾਨ ਆਈ। ਉਸ ਨੇ ਮੁਣਸ਼ੀ ਨੂੰ ਫਿਰ ਦਫ਼ਤਰ ਸੱਦ ਲਿਆ।
ਮੁਣਸ਼ੀ ਹਾਜ਼ਰ ਸੀ।
-"ਸਾਹਬ ਕਹਿੰਦੈ ਇਹਨਾਂ ਨੂੰ ਅੱਜ ਈ ਇਲਾਕਾ ਮਜਿਸਟਰੇਟ ਦੇ ਪੇਸ਼ ਕਰੋ-ਪਰ ਆਪਣੇ ਕੋਲ ਤਾਂ ਦੂਜੇ ਦੋਸ਼ੀ ਦਾ ਨਾਂ ਵੀ ਹੈ ਨਹੀਂ-ਦਿਨੇ ਬੰਦੇ ਕੁੱਟੇ ਨਹੀਂ ਜਾਂਦੇ-ਕੀ ਕਰੀਏ?"
-"ਸਰਕਾਰ..! ਉਹਨੂੰ ਭੈਣ ਚੋਦ ਨੂੰ ਹਵਾਲਾਤੀਆਂ ਦੀਆਂ ਨਜ਼ਰਾਂ ਵਿਚ ਦੀ ਕੱਢੋ..! ਕੀ ਐ ਕੋਈ ਪਛਾਣ ਈ ਲਵੇ..? ਇਹ ਪਿੰਡਾਂ 'ਚੋਂ ਉਠ ਕੇ ਈ ਅੱਤਵਾਦੀ ਬਣੇ ਐਂ, ਅਸਮਾਨੋਂ ਤਾਂ ਉੱਤਰ ਈ ਨਹੀਂ ਆਏ?"
ਠਾਣੇਦਾਰ ਦੇ ਗੱਲ ਦਿਲ ਨੂੰ ਲੱਗੀ ਸੀ।
ਬਿਨਾਂ ਗੱਲੋਂ ਹਵਾਲਾਤੀਆਂ 'ਤੇ ਜੂਤ-ਪਤਾਣ ਹੋਣ ਲੱਗ ਪਿਆ। ਹਵਾਲਾਤ ਵਿਚ ਕੁਝ ਦੋਸ਼ੀ ਅਤੇ ਕੁਝ ਅਸਲੋਂ ਨਿਰਦੋਸ਼ ਬੰਦ ਕੀਤੇ ਹੋਏ ਸਨ।
-"ਮਾਈ ਬਾਪ ਕੋਈ ਗੁਨਾਂਹ ਵੀ ਦੱਸੋ-ਬਿਨਾਂ ਦੱਸਿਓਂ ਈ ਝੰਬਣ ਡਹਿ ਪਏ ਓਂ?" ਇੱਕ ਬਜੁਰਗ ਹਵਾਲਾਤੀ ਦੇ ਹੱਡ 'ਤੇ ਡੰਡਾ ਵੱਜ ਗਿਆ ਸੀ। ਉਹ ਬਿਲਕਿਆ।
ਠਾਣੇਦਾਰ ਦੇ ਇਸ਼ਾਰੇ 'ਤੇ ਡੰਡੇ ਰੁਕ ਗਏ।
-"ਥੋਡੇ ਇਲਾਕੇ ਦਾ ਇੱਕ ਅੱਤਵਾਦੀ ਹੱਥ ਆਇਐ-ਉਹਦੀ ਪਛਾਣ ਕਰਨੀ ਐਂ-ਜੀਹਨੇ ਪਛਾਣ ਕਰ ਦਿੱਤੀ-ਉਹਨੂੰ ਘਰ ਨੂੰ ਤੋਰ ਦਿਆਂਗੇ-ਜੇ ਉਹਦੀ ਪਛਾਣ ਨਾ ਨਿਕਲੀ-ਥੋਡੇ 'ਤੇ ਹਰ ਘੰਟੇ ਝੁੱਟੀ ਲੱਗਿਆ ਕਰੂਗੀ।"
ਵਾਰੋ ਵਾਰੀ ਸਾਰੇ ਹਵਾਲਾਤੀਆਂ ਦੀਆਂ ਨਜ਼ਰਾਂ ਕਾਕੇ 'ਤੇ ਪੁਆ ਦਿੱਤੀਆਂ। ਠਾਣੇਦਾਰ ਅਤੇ ਮੁਣਸ਼ੀ ਨੇ 'ਕੱਲਾ 'ਕੱਲਾ ਹਵਾਲਾਤੀ ਦਫ਼ਤਰ ਵਿਚ ਬੁਲਾਉਣਾ ਸ਼ੁਰੂ ਕਰ ਦਿੱਤਾ। ਮਿਹਨਤ ਨੂੰ ਫਲ ਲੱਗ ਗਿਆ ਸੀ। ਕਾਕਾ ਪਹਿਚਾਣਿਆਂ ਜਾ ਚੁੱਕਾ ਸੀ। ਕਾਕੇ ਦੇ ਪਿੰਡ ਦਾ ਇੱਕ ਬੰਦਾ ਕੱਸੀ ਦੇ ਪਾਣੀ ਖਾਤਰ ਹੋਈ ਲੜਾਈ ਵਿਚ ਫੜਿਆ ਹੋਇਆ ਸੀ। ਉਸ ਨੇ ਸਾਰਾ ਭੇਦ ਖੋਹਲਿਆ।
-"ਇਹ ਤਾਂ ਸਰਦਾਰ ਜੀ ਸਾਡੇ ਪਿੰਡ ਆਲਾ ਕਾਕਾ ਐ-।" ਉਸ ਨੇ ਬੜੇ ਅਚੰਭੇ ਨਾਲ ਦੱਸਿਆ ਸੀ।
-"ਇਹਦੇ ਪਿਉ ਦਾ ਨਾਂ....?"
-"ਜੀ ਅਮਰ ਸਿੰਘ।"
-"ਕਿਹੜੀ ਜਾਤ ਐ ਇਹਦੀ?"
-"ਖਾਲਸ ਮੱਕੀ ਗੁੱਡ ਜੱਟ ਐ ਜੀ!"
ਠਾਣੇਦਾਰ ਬਾਗੋਬਾਗ ਹੋ ਗਿਆ।
ਉਹ ਮੁਣਸ਼ੀ ਦੀ ਚਤਰ-ਬੁੱਧੀ ਦਾ ਕਾਇਲ ਹੋਇਆ ਬੈਠਾ ਸੀ। ਮੁਣਸ਼ੀ ਵਾਕਿਆ ਹੀ ਇੱਕ ਸੋਨੇ ਦੀ ਖਾਣ ਸੀ। ਮੁਣਸ਼ੀ ਇੱਕ ਕਿਆਮਤ ਸੀ। ਮੁਣਸ਼ੀ ਦਾ ਦਿਮਾਗ ਅਕਬਰ ਬਾਦਸ਼ਾਹ ਦੇ ਵਜ਼ੀਰ, ਬੀਰਬਲ ਨਾਲੋਂ ਕਿਤੇ ਵੀ ਘੱਟ ਨਹੀਂ ਸੀ। ਮੁਣਸ਼ੀ ਸੱਤਾਂ ਪੱਤਣਾਂ ਦਾ ਤਾਰੂ ਸੀ। ਮੁਣਸ਼ੀ ਬਿਨਾਂ ਠਾਣੇਦਾਰ ਅਪਾਹਜ ਸੀ। ਸੂਰਜ ਚੰਦ ਦੀ ਤਰ੍ਹਾਂ ਠਾਣੇਦਾਰ ਮੁਣਸ਼ੀ ਤੋਂ ਰੌਸ਼ਨੀ ਲੈ ਕੇ ਚਮਕਦਾ ਸੀ।
-"ਸਰਦਾਰ ਬਹਾਦਰ-ਵਾਅਦੇ ਅਨੁਸਾਰ ਹੁਣ ਮੈਨੂੰ ਤਾਂ ਛੱਡ ਦਿਓ!" ਕਾਕੇ ਦੇ ਪੇਂਡੂ ਨੇ ਠਾਣੇਦਾਰ ਨੂੰ ਗੱਲ ਯਾਦ ਕਰਵਾਈ। ਪੁਲੀਸ ਦਾ ਕੰਮ ਉਸ ਨੇ ਸਿਰੇ ਚਾੜ੍ਹ ਦਿੱਤਾ ਸੀ।
-"ਐਥੇ ਬੈਠ....!" ਠਾਣੇਦਾਰ ਦੇ ਬੋਲਣ ਤੋਂ ਪਹਿਲਾਂ ਹੀ ਮੁਣਸ਼ੀ ਬੋਲ ਪਿਆ। ਉਹ ਬੈਠ ਗਿਆ।
-"ਤੇਰਾ ਨਾਂ ਕੀ ਐ? ਮੈਂ ਭੁੱਲ ਗਿਆ।"
-"ਪਾਲਾ ਸਿੰਘ ਐ ਜੀ।"
-"ਮੇਰਾ ਤਾਂ ਚੇਤਾ ਬਾਹਲਾ ਈ ਚੰਦਰਾ ਜਿਹਾ ਹੁੰਦਾ ਜਾਂਦੈ।"

-"ਜੇ ਤੇਰਾ ਚੇਤਾ ਮਾੜੈ-ਫੇਰ ਸਾਡਾ ਕੀ ਹਾਲ?" ਠਾਣੇਦਾਰ ਹੱਸ ਪਿਆ।
ਪਰ ਮੁਣਸ਼ੀ ਪਾਲੇ ਵੱਲ ਮੂੰਹ ਕਰੀ ਬੈਠਾ ਸੀ।
-"ਪਾਲਿਆ! ਛੱਡ ਤਾਂ ਤੈਨੂੰ ਦਿੰਨੇ ਐਂ-ਸਾਡੇ ਵੱਲੋਂ ਤੂੰ ਹੁਣੇਂ ਗੱਡੀ ਬਣਜਾ-ਪਰ ਇੱਕ ਗੱਲ ਸੋਚ ਕੇ-।"
-"ਉਹ ਕਿਹੜੀ ਜੀ?"
-"ਇਹਦੇ ਨਾਲ ਸਾਰਿਆਂ ਨੂੰ ਚਾਨਣ ਹੋ ਜਾਊ ਬਈ ਤੂੰ ਆਬਦੇ ਪਿੰਡ ਆਲੇ ਅੱਤਵਾਦੀ ਦੀ ਸ਼ਨਾਖ਼ਤ ਕੀਤੀ ਐ-ਇਹਦੇ ਸਾਥੀਆਂ ਨੂੰ ਖ਼ਬਰ ਲੱਗਣੋਂ ਦੇਰ ਨਹੀਂ ਲੱਗਣੀ-ਉਹਨਾਂ ਨੇ ਤੈਨੂੰ ਆ ਦੱਬਣੈਂ-ਫੇਰ ਸਾਨੂੰ ਉਲਾਂਭਾ ਨਾ ਦੇਈਂ-ਮੈਂ ਤਾਂ ਇਹੀ ਰੈਅ ਦਿਊਂਗਾ ਬਈ ਇੱਕ ਅੱਧਾ ਦਿਨ ਹੋਰ ਹਵਾਲਾਤ 'ਚ ਕੱਟ-ਤੈਨੂੰ ਕੋਈ ਫੁੱਲ ਦੀ ਨਹੀਂ ਲਾਉਂਦਾ-ਕੱਲ੍ਹ ਕੁੱਲ੍ਹ ਨੂੰ ਕੋਈ ਫੈਂਟਰ ਸਿੱਟ ਕੇ ਤੈਨੂੰ ਉਡੰਤਰ ਕਰ ਦਿਆਂਗੇ-ਬਾਕੀ ਤੇਰੀ ਮਰਜ਼ੀ।"
ਗੱਲਾਂ ਮੁਣਸ਼ੀ ਦੀਆਂ ਸਹੀ ਸਨ।
ਪਾਲਾ ਕਸੂਤਾ ਫ਼ਸ ਗਿਆ ਸੀ।
-"ਪਾਲਿਆ! ਇਹ ਤੇਰੇ ਪਿੰਡ ਆਲਾ ਉਹਨਾਂ ਅੱਤਵਾਦੀਆਂ 'ਚੋਂ ਐਂ-ਜਿਹਨਾਂ ਨੇ ਠਾਣੇ 'ਤੇ ਹਮਲਾ ਕੀਤਾ ਸੀ।" ਮੁਣਸ਼ੀ ਨੇ ਹੋਰ ਕਪਾਲ਼ 'ਚ ਮਾਰੀ ਤਾਂ ਪਾਲਾ ਚੌਂਕਿਆ।
-"ਅੱਛਾ ਜੀ....!!" ਉਸ ਦਾ ਮੂੰਹ ਆਲ੍ਹੇ ਵਾਂਗ ਖੁੱਲ੍ਹ ਗਿਆ। ਅਚਨਚੇਤ ਸੁਣਿਆਂ ਰਹੱਸ ਕਰ ਕੇ ਉਹ ਸੁੰਨ ਹੋ ਗਿਆ ਸੀ।
-"ਇਹ ਤਾਂ ਜੀ ਮੁੰਡਾ ਈ ਵਿਚਾਰਾ ਕੁੜੀਆਂ ਅਰਗਾ ਸੀ-ਤੇ ਇਹਨੇ ਐਡਾ ਵੱਡਾ ਕਦਮ....?"
-"ਉਂਗਲ..! ਉਂਗਲ ਪਾਲਿਆ ਬਹੁਤ ਕੁਛ ਕਰਵਾ ਦਿੰਦੀ ਐ-ਰੰਡੀਆਂ ਤਾਂ ਰੰਡ ਕੱਟ ਲੈਣ-ਪਰ ਮੁਸ਼ਟੰਡੇ ਨਹੀ ਕੱਟਣ ਦਿੰਦੇ-ਆਖਰ ਚਾਦਰ ਪਾ ਈ ਲੈਂਦੇ ਐ।"
-"ਇਹ ਵੀ ਸਹੀ ਐ ਜੀ।"
-"ਹੁਣ ਤੂੰ ਮੱਲ ਬਣ ਕੇ ਜਾਹ-ਇੱਕ ਅੱਧੇ ਦਿਨ 'ਚ ਤੇਰੀ ਖ਼ਲਾਸੀ ਕਰ ਦਿਆਂਗੇ।" ਠਾਣੇਦਾਰ ਨੇ ਕਿਹਾ।
ਪਾਲਾ ਤੁਰ ਗਿਆ।
ਮੁਣਸ਼ੀ ਅਤੇ ਠਾਣੇਦਾਰ ਨੇ ਕਾਗਜ਼ਾਂ ਦੀ ਖ਼ਾਨ-ਪੂਰਤੀ ਸੁਰੂ ਕਰ ਦਿੱਤੀ। ਖਾਲੀ ਥਾਂ 'ਤੇ ਮਨਪ੍ਰੀਤ ਸਿੰਘ ਕਾਕਾ ਵਲਦ ਅਮਰ ਸਿੰਘ, ਸਾਕਣ ਘਣੀਏਂ ਵਾਲਾ, ਤਹਿਸੀਲ ਅਤੇ ਜਿਲ੍ਹਾ ਫ਼ਰੀਦਕੋਟ, ਭਰ ਦਿੱਤਾ ਗਿਆ। ਫ਼ੋਨ 'ਤੇ ਠਾਣੇਦਾਰ ਨੇ ਇਲਾਕਾ ਮਜਿਸਟਰੇਟ ਦੇ ਰੀਡਰ ਤੋਂ ਸਮਾਂ ਲੈ ਲਿਆ। ਸਮਾਂ ਦੁਪਿਹਰ ਇੱਕ ਵਜੇ ਦਾ ਮਿਲਿਆ ਸੀ।
ਇੱਕ ਵਜੇ ਦੋਸ਼ੀਆਂ ਨੂੰ ਇਲਾਕਾ ਮਜਿਸਟਰੇਟ ਦੇ ਪੇਸ਼ ਕਰਕੇ ਠਾਣੇਦਾਰ ਨੇ ਇੱਕ ਹਫ਼ਤੇ ਦਾ ਰਿਮਾਂਡ ਲੈ ਲਿਆ। ਬੇਫ਼ਿਕਰ ਹੋ ਕੇ ਠਾਣੇਦਾਰ ਨੇ ਦੋਨਾਂ ਨੂੰ ਵੱਖੋ-ਵੱਖਰੇ ਬੁੱਚੜਖਾਨੇ ਵਿਚ ਲਿਆ ਸੁੱਟਿਆ। ਮੁਸ਼ਕਾਂ ਉਹਨਾਂ ਦੀਆਂ ਅਜੇ ਵੀ ਬੰਨ੍ਹੀਆਂ ਹੋਈਆਂ ਸਨ। ਭੁੱਖ-ਪਿਆਸ ਨਾਲ ਉਹਨਾਂ ਦਾ ਬੁਰਾ ਹਾਲ ਸੀ। ਇਲਾਕਾ-ਮਜਿਸਟਰੇਟ ਦੇ ਪੇਸ਼ ਕਰਨ ਤੋਂ ਪਹਿਲਾਂ ਉਹਨਾਂ ਨੂੰ ਸਿਰਫ਼ ਇੱਕ-ਇੱਕ ਗਿਲਾਸ ਪਾਣੀ ਦਾ ਪਿਆਇਆ ਗਿਆ ਸੀ।
ਰਾਤ ਹੋਈ।
ਦੋਹਾਂ "ਦੇਸ਼-ਧਰੋਹੀਆਂ" 'ਤੇ ਅਣਮਨੁੱਖੀ ਤਸ਼ੱਦਦ ਦਾ ਦੌਰ ਸੁਰੂ ਹੋ ਗਿਆ। ਪ੍ਰੀਤਮ ਸਿੰਘ ਜੈਲਦਾਰ ਦੇ ਦੋਨੋਂ ਪੱਟ ਚੀਰ ਕੇ, ਵਿਚ ਲਾਲ ਮਿਰਚਾਂ ਭਰ ਕੇ, ਪੱਟ ਸੀਅ ਦਿੱਤੇ ਗਏ। ਖੁੱਚਾਂ ਵਿਚ ਮੋਟਾ ਡੰਡਾ ਰੱਖ ਕੇ ਰੱਸਿਆਂ ਨਾਲ ਨਰੜ, ਗੋਡਿਆਂ ਭਾਰ ਸੁੱਟ ਦਿੱਤਾ ਗਿਆ। ਪੀੜਾਂ ਦੇ ਹਜ਼ਾਰਾਂ ਬਿੱਛੂਆਂ ਨੇ ਪੱਟਾਂ ਨੂੰ ਡੰਗਣਾ ਸੁਰੂ ਕਰ ਦਿੱਤਾ। ਪੀੜਾਂ ਅੱਗ ਬਾਲ਼ਦੀਆਂ ਸਿੱਧੀਆਂ ਦਿਲ-ਦਿਮਾਗ ਨੂੰ ਜਾਂਦੀਆਂ ਸਨ। ਇਹੋ ਹਾਲ ਹੀ ਕਾਕੇ ਦਾ ਸੀ। ਉਸ ਨੂੰ ਸਿਰਫ਼ ਕੇਸਾਂ ਸਹਾਰੇ ਛੱਤ ਨਾਲ ਟੰਗਿਆ ਹੋਇਆ ਸੀ। ਹੱਥ ਪਿੱਛੇ ਬੰਨ੍ਹੇ ਹੋਏ ਸਨ ਅਤੇ ਹੇਠੋਂ ਸਿਪਾਹੀ ਮੱਝ ਵਾਂਗ ਉਸ ਨੂੰ ਗਿੱਟਿਆਂ ਕੋਲੋਂ ਕੁੱਟੀ ਜਾ ਰਿਹਾ ਸੀ। ਪਰ ਬਲਕਾਰੀ ਸ਼ੇਰ ਰਤਾ ਵੀ ਜਰਕ ਨਹੀਂ ਰਹੇ ਸਨ। ਪੁਰਾਤਨ ਸਿੰਘਾਂ ਦਾ ਇਤਿਹਾਸ ਦੁਬਾਰਾ ਦੁਹਰਾਇਆ ਜਾ ਰਿਹਾ ਸੀ।
ਸਾਰੀ ਰਾਤ ਜ਼ੁਲਮ ਜਾਰੀ ਰਿਹਾ।
ਪਹਿਰ ਦੇ ਤੜਕੇ ਉਹਨਾਂ ਦੇ ਰੱਸੇ ਖੋਲ੍ਹ ਕੇ ਫਿਰ ਬੁੱਚੜਖਾਨੇ ਲਿਆ ਸੁੱਟਿਆ। ਕਿਸੇ ਕੋਲੋਂ ਗੱਲ ਨਹੀਂ ਹੋ ਰਹੀ ਸੀ।
ਦੋਨੋਂ ਅੱਧਮੋਇਆਂ ਵਾਂਗ ਧਰਤੀ 'ਤੇ ਪਏ ਸਨ। ਇੱਕ ਸਿਪਾਹੀ ਉਨ੍ਹਾਂ ਕੋਲ ਪਾਣੀ ਦਾ ਘੜਾ ਅਤੇ ਗਲ਼ਿਆ ਜਿਹਾ ਸਿਲਵਰ ਦਾ ਕੱਪ ਰੱਖ ਗਿਆ। ਦਰਵਾਜਾ ਫਿਰ ਬੰਦ ਹੋ ਗਿਆ।
ਅੱਧੇ-ਅੱਧੇ ਘੰਟੇ ਬਾਅਦ ਉਹਨਾਂ ਨੂੰ ਇੱਕ ਨਿੱਕੀ ਜਿਹੀ ਤਾਕੀ ਖੋਹਲ ਕੇ ਦੇਖ ਲਿਆ ਜਾਂਦਾ ਸੀ। ਕਾਕੇ ਨੇ ਛਾਤੀ ਭਾਰ ਘਿਸੜ ਕੇ ਸਾਥੀ ਨੂੰ ਪਾਣੀ ਪਿਆਇਆ, ਫਿਰ ਆਪ ਪੀਤਾ। ਗਿੱਟਿਆਂ 'ਤੇ ਵਰ੍ਹੀਆਂ ਸੈਂਕੜੇ ਡਾਂਗਾਂ ਨੇ ਉਸ ਨੂੰ ਤੁਰਨੋਂ ਆਹਰੀ ਕਰ ਦਿੱਤਾ ਸੀ। ਪਿੰਜਣੀਆਂ ਅਤੇ ਪੈਰ ਸੁੱਜ ਕੇ ਪਾਥੀ ਬਣੇ ਪਏ ਸਨ। ਜੈਲਦਾਰ ਦੀਆਂ ਲੱਤਾਂ ਜਿਵੇਂ ਆਰੇ ਨਾਲ ਚੀਰੀਆਂ ਜਾ ਰਹੀਆਂ ਸਨ। ਉਹ ਅਥਾਹ, ਅਸਹਿ ਦਰਦ ਦਿਲ ਵਿਚ ਸਮਾਈ, ਜਾੜ੍ਹ ਘੁੱਟੀ ਪਿਆ ਸੀ।
-"ਕਾਕੇ...!" ਜੈਲਦਾਰ ਨੇ ਮੁਰਦਾ ਜਿਹੀ ਅਵਾਜ਼ ਦਿੱਤੀ।
-"ਹਾਂ...?"
-"ਕਿਵੇਂ ਹਾਲ ਐ?"
-"ਚੋਜੀ ਪ੍ਰੀਤਮ ਦੇ ਭਾਣੇ 'ਚ ਬਾਗੋ-ਬਾਗ ਐਂ।"
-"ਇੱਕ ਗੱਲ ਦੀ ਅੱਜ ਸਮਝ ਆਈ ਐ।"
-"ਕਿਹੜੀ ਦੀ?"
-"ਭਾਈ ਮਨੀ ਸਿੰਘ, ਤਾਰੂ ਸਿੰਘ ਵਰਗੇ ਕਿਤਨੇ ਸਿਰੜੀ ਸੂਰਮੇਂ ਹੋਣਗੇ...।"

-"ਉਹਨਾਂ ਦੇ ਸਿਰੜ ਦੇ ਆਸਰੇ ਈ ਤਾਂ ਮੈਂ ਸਾਰੀ ਰਾਤ ਕੱਟ ਗਿਆ-ਨਹੀਂ ਮੇਰੀ ਕੀ ਹਸਤੀ ਸੀ ਇਤਨਾ ਤਸ਼ੱਦਦ ਸਹਿਣ ਦੀ?" ਕਾਕਾ ਪੀੜਾਂ ਵਿਚੋਂ ਮੁਸਕਰਾਇਆ।
-"ਮੈਂ ਸਾਰੀ ਰਾਤ ਸਰਹੰਦ ਦੀ ਦੀਵਾਰ ਆਸਰੇ ਖੜ੍ਹਾ ਰਿਹਾ-ਪਰ ਅੱਜ ਮੇਰਾ ਅਥਾਹ ਵਿਸ਼ਵਾਸ਼ ਬੱਝ ਗਿਆ-ਹੁਣ ਗੁਰੂ ਆਸਰੇ ਚਾਹੇ ਚਰਖੜੀ ਚੜ੍ਹ ਜਾਵਾਂ।"
-"ਸਾਧ ਸੰਤ ਆਖਦੇ ਹੁੰਦੇ ਐ-ਗੁਰੂ ਦੀ ਬਾਣੀ ਪਰਲੋਂ ਨੂੰ ਠੱਲ੍ਹ ਦਿੰਦੀ ਐ-ਮੈਂ ਕਲੇਰਾਂ ਆਲੇ ਸੰਤਾਂ ਦੀ ਕਈ ਵਾਰ ਕਥਾ ਸੁਣੀ ਐਂ।" ਜੈਲਦਾਰ ਨੇ ਕੁਝ ਯਾਦ ਕਰਦਿਆਂ ਕਿਹਾ।
-"ਜਦੋਂ ਮੈਂ ਗੁਰੂ ਨਾਨਕ ਖ਼ਾਲਸਾ ਹਾਈ ਸਕੂਲ ਤਖਤੂਪੁਰੇ ਪੜ੍ਹਦਾ ਹੁੰਦਾ ਸੀ-ਉਦੋਂ ਮੈਂ ਇੱਕ ਸਾਖੀ ਸੁਣੀ ਸੀ-ਕਹੇਂ ਤਾਂ ਸੁਣਾਵਾਂ...?"
-"ਸੁਣਾ-ਪਰ ਪਹਿਲਾਂ ਮੈਨੂੰ ਔਖਾ ਸੌਖਾ ਪਾਣੀ ਪਿਆ-ਮੇਰਾ ਤਾਂ ਸਰੀਰ ਆਕੜਿਆ ਪਿਐ।"
ਕਾਕੇ ਨੇ ਫਿਰ ਹਿੱਕ ਪਰਨੇ ਘਿਸੜ ਕੇ ਜੈਲਦਾਰ ਨੂੰ ਪਾਣੀ ਪਿਆ ਦਿੱਤਾ। ਪਾਣੀ ਉਸ ਦੇ ਅੱਧਾ ਕੁ ਹੀ ਅੰਦਰ ਲੰਘਿਆ, ਅੱਧਾ ਕੁ ਬਰਾਛਾਂ ਰਾਹੀਂ ਬਾਹਰ ਡੁੱਲ੍ਹ ਗਿਆ ਸੀ।
-"ਜਦੋਂ ਜਮਰੌਦ ਦੇ ਕਿਲ੍ਹੇ ਵਿਚ ਹਰੀ ਸਿੰਘ ਨਲੂਏ ਨੇ ਚੜ੍ਹਾਈ ਕੀਤੀ-ਮਤਲਬ ਜਦੋਂ ਉਹ ਸ਼ਹੀਦ ਹੋਇਆ...।" ਕਾਕੇ ਨੇ ਸਾਖੀ ਸੁਰੂ ਕੀਤੀ।
-"......।" ਪਰ ਜੈਲਦਾਰ ਨੇ ਹੁੰਗਾਰਾ ਨਾ ਭਰਿਆ। ਕਾਕੇ ਨੂੰ ਫਿਕਰ ਹੋਇਆ। ਉਸ ਨੇ ਗਰਦਨ ਉੱਚੀ ਕਰਕੇ ਦੇਖਿਆ ਤਾਂ ਦੋ ਰਾਤਾਂ ਇੱਕ ਦਿਨ ਦਾ ਉਨੀਂਦਰਾ ਜੈਲਦਾਰ ਸੁੱਤਾ ਪਿਆ ਸੀ। ਕਾਕਾ ਚੜ੍ਹਦੇ ਸੂਰਜ ਵਾਂਗ ਮੁਸਕਰਾ ਪਿਆ।
-"ਦੰਦ ਕਥਾ ਵਾਕਿਆ ਹੀ ਸੱਚੀ ਐ ਕਿ ਨੀਂਦ ਤਾਂ ਬੰਦੇ ਨੂੰ ਸੂਲੀ 'ਤੇ ਵੀ ਆ ਜਾਂਦੀ ਐ-।" ਬੱਕਰੇ ਵਾਂਗ ਹਲਾਲ ਕੀਤੇ ਜੈਲਦਾਰ ਵੱਲ ਤੱਕਦਾ ਕਾਕਾ ਕਹਿ ਰਿਹਾ ਸੀ। ਫਿਰ ਉਸ ਨੇ ਵੀ ਘੜੀ ਸੌਣ ਦਾ ਯਤਨ ਕੀਤਾ। ਉਹ ਵੀ ਜੈਲਦਾਰ ਜਿੰਨਾ ਹੀ ਥੱਕਿਆ ਹੋਇਆ ਸੀ। ਆਉਣ ਵਾਲੀ ਰਾਤ ਨੇ ਪਤਾ ਨਹੀਂ ਕੀ ਕਿਆਮਤ ਲਿਆਉਣੀ ਸੀ।
ਠਾਣੇਦਾਰ ਨੇ ਸਾਰੀ ਕਾਰਵਾਈ ਦੀ ਰਿਪੋਰਟ ਸਾਹਿਬ ਨੂੰ ਫ਼ੋਨ 'ਤੇ ਪੁੱਜਦੀ ਕਰ ਦਿੱਤੀ।
-"ਗਰੇਵਾਲ...! ਤੇਰੇ ਕੋਲ ਸਿਰਫ਼ ਅੱਜ ਅਤੇ ਕੱਲ੍ਹ ਦੀ ਹੀ ਰਾਤ ਹੈ-ਰਿਮਾਂਡ ਖਤਮ ਹੋਣ 'ਤੇ ਇਹਨਾਂ ਨੂੰ ਹਰ ਹਾਲਤ ਅਦਾਲਤ ਅੱਗੇ ਪੇਸ਼ ਕਰਨਾ ਪੈਣੈਂ-ਇਹਨਾਂ ਤੋਂ ਲੋੜੀਂਦੇ ਭੇਦ ਇਕੱਤਰ ਕਰੋ ਅਤੇ ਪਰਸੋਂ ਇਲਾਜ਼ ਸੁਰੂ ਕਰਵਾਓ! ਅਦਾਲਤ ਨੂੰ ਇਤਨੇ ਟਾਰਚਰ ਬਾਰੇ ਕਿਸੇ ਹਾਲਤ ਵਿਚ ਵੀ ਪਤਾ ਨਹੀਂ ਲੱਗਣਾ ਚਾਹੀਦਾ-।"
-"ਜੀ ਜਨਾਬ!"
-"ਔਰ ਹਾਂ...! ਦੂਜੇ ਅੱਤਿਵਾਦੀਆਂ ਦੀਆਂ ਲਾਸ਼ਾਂ ਦਾ ਕੀ ਕੀਤਾ?" ਐਸ. ਪੀ. ਨੇ ਤੁਰੰਤ ਔਿੜਆ ਸੁਆਲ ਕੀਤਾ।
-"ਲਾਵਾਰਸ ਕਰਾਰ ਦੇ ਕੇ ਸਸਕਾਰ ਕਰ ਦਿੱਤਾ ਸੀ ਸਰ! ਸਾਰਾ ਰਿਕਾਰਡ ਮਿਉਂਸਪਲ ਕਮੇਟੀ ਦੇ ਰਜਿਸਟਰ ਵਿਚ ਦਰਜ਼ ਹੈ।"
-"ਬਹੁਤ ਖੂਬ! ਕੋਸ਼ਿਸ਼ ਕਰੋ ਅੱਜ ਹੀ ਸਾਰਾ ਕੁਝ ਪੁੱਛ ਲਿਆ ਜਾਵੇ-ਪੁੱਛਣ ਤੋਂ ਬਾਅਦ ਫ਼ੌਰਨ ਇਲਾਜ ਚਾਲੂ ਕਰੋ!" ਤੇ ਫ਼ੋਨ 'ਟੂੰ-ਟੂੰ' ਕਰਨ ਲੱਗ ਪਿਆ।
ਠਾਣੇਦਾਰ ਨੇ ਫ਼ੋਨ ਰੱਖ ਦਿੱਤਾ।
-"ਇਹਨਾਂ ਦੇ ਜਮੂਰਾਂ ਨਾਲ ਨਹੁੰ ਨਾ ਖਿੱਚ ਕੇ ਦੇਖੀਏ?" ਠਾਣੇਦਾਰ ਨੇ ਮੁਣਸ਼ੀ ਨੂੰ ਪੁੱਛਿਆ।
-"ਮੂਲੋਂ ਜ਼ਿਆਦਾ ਵੱਡੀ ਗਲਤੀ ਕਰੋਂਗੇ ਸਰਕਾਰ!"
-"ਕਿਵੇਂ?"
ਠਾਣੇਦਾਰ ਮੁਣਸ਼ੀ ਦੀ ਹਰ ਗੱਲ ਮੰਨਦਾ ਸੀ।
-"ਪੱਟੇ ਨਹੁੰ ਛੇਤੀ ਕੀਤੇ ਰਾਜੀ ਨਹੀਂ ਹੋਣੇਂ ਸਰਕਾਰ-ਅਗਰ ਅਦਾਲਤ ਨੇ ਡਾਕਟਰੀ ਜਾਂਚ ਦੇ ਹੁਕਮ ਦੇ ਦਿੱਤੇ-ਮੈਡੀਕਲ ਰਿਪੋਰਟ 'ਚ ਕਸੂਤੇ ਫ਼ਸਜਾਂਗੇ-ਮੇਰੀ ਮੰਨੋਂ ਇਹਨਾਂ ਨੂੰ ਮਾੜਾ ਮੋਟਾ ਕੁੱਟ-ਮਾਰ ਕੇ ਕੁਝ ਇਕਬਾਲ ਕਰਵਾ ਸਕਦੇ ਓਂ ਤਾਂ ਕਰਵਾਓ-ਨਹੀਂ ਇਹਨਾਂ ਨੂੰ ਮੱਥਾ ਟੇਕੋ! ਇਹ ਆਪਣੇ ਲਈ ਨਿਰੀਆਂ ਬਲਾਵਾਂ ਨੇ ਹਜੂਰ-ਇਹਨਾਂ ਦੇ ਫ਼ਸਾਏ ਆਪਾਂ ਉਮਰ ਭਰ ਨਹੀਂ ਛੁੱਟਣਾ-ਜੇ ਪ੍ਰੈਸ ਹੱਥ ਗੱਲ ਨਾ ਆਉਂਦੀ ਫਿਰ ਆਪਾਂ ਨੂੰ ਖੁੱਲ੍ਹੀ ਖੇਡ ਸੀ-ਜੋ ਜੀਅ ਆਉਂਦਾ ਕਰਦੇ-ਹੁਣ ਜੇ ਇਹਨਾਂ ਨੂੰ ਵਾਈ ਧਾਈ ਹੋਗੀ-ਅਖ਼ਬਾਰਾਂ ਵਾਲਿਆਂ ਨੇ ਪੜਛੱਤੀ ਸਿਰ 'ਤੇ ਚੱਕ ਲੈਣੀ ਐਂ।"
-"ਬਿਲਕੁਲ ਦਰੁਸਤ-ਮੀਡੀਏ ਨੂੰ ਬੁਲਾ ਕੇ ਆਪਾਂ ਪੰਗਾ ਈ ਲੈ ਬੈਠੇ।" ਠਾਣੇਦਾਰ ਨੇ ਨਿਰਾਸ਼ਤਾ ਵਿਚ ਸਿਰ ਫ਼ੇਰਿਆ।
-"ਪੁੱਠਾ ਪੰਗਾ ਲੈ ਲਿਆ ਜੱਟੀਏ-ਐਮੇਂ ਬੋਕ ਦੇ ਸਿੰਗਾਂ ਨੂੰ ਹੱਥ ਲਾ ਕੇ।" ਮੁਣਸ਼ੀ 'ਖ਼ੀਂ-ਖ਼ੀਂ' ਕਰਕੇ ਹੱਸਿਆ।
ਰਾਤ ਦੇ ਨੌਂ ਵੱਜ ਗਏ।
ਬੁੱਚੜਖਾਨੇ ਦਾ ਵੱਡਾ ਦਰਵਾਜਾ ਖੁੱਲ੍ਹਿਆ।
ਜੱਲਾਦਾਂ ਵੱਲੋਂ ਅਥਾਹ ਢਾਹਿਆ ਜੁਲਮ ਬੁੱਕਲ 'ਚ ਘੁੱਟੀ ਕਾਕਾ ਅਤੇ ਜੈਲਦਾਰ ਘੋੜੇ ਵੇਚ ਕੇ ਸੁੱਤੇ ਹੋਏ ਸਨ ਜਾਂ ਅੱਧਮੋਏ ਹੋਏ ਬੇਹੋਸ਼ ਸਨ। ਠਾਣੇਦਾਰ ਨੇ ਬੜੀ ਬੇਕਿਰਕੀ ਨਾਲ ਲੋਹੇ ਦਾ ਸਰੀਆ ਜੈਲਦਾਰ ਦੇ ਚੀਰੇ ਪੱਟਾਂ 'ਤੇ ਮਾਰਿਆ ਤਾਂ ਜੈਲਦਾਰ ਬੁਰੀ ਤਰ੍ਹਾਂ ਕਰਾਹ ਉੱਠਿਆ। ਉਸ ਦੇ ਮੂੰਹੋਂ, "ਮਰ ਗਿਆ ਓਏ ਡਾਢਿਆ ਰੱਬਾ..! ਹਾਏ ਉਏ...!" ਦੀ ਚੰਘਿਆੜ ਨਿਕਲੀ। ਉਹ ਗੁੰਝਲੀ ਜਿਹੀ ਮਾਰੀ, ਸਫ਼ ਵਾਂਗ ਇਕੱਠਾ ਹੋਇਆ ਕੁਰਲਾਈ ਜਾ ਰਿਹਾ ਸੀ।
ਜ਼ਖਮਾਂ 'ਤੇ ਵੱਜੇ ਸਰੀਏ ਨੇ ਉਸ ਅੰਦਰ ਅੱਗ ਦਾ ਭਾਂਬੜ ਮਚਾ ਦਿੱਤਾ ਸੀ। ਠੰਢ ਨਾਲ ਠਰ ਚੁੱਕੇ ਸੱਜਰੇ ਜ਼ਖਮ ਉਸ ਨੂੰ ਛੁਰੀਆਂ ਬਣ ਵੱਜ ਰਹੇ ਸਨ।
ਇਤਨੇ ਨੂੰ ਕਾਕਾ ਵੀ ਉਠ ਕੇ ਬੈਠ ਗਿਆ।
ਗੁਰਮੀਤ ਨੇ ਦਸ-ਪੰਦਰਾਂ ਰਾਈਫ਼ਲ ਦੇ ਬੱਟ ਉਸ ਦੇ, ਦੇ ਮਾਰੇ। ਉਹ ਫ਼ੱਟੜ ਸੱਪ ਵਾਂਗ ਵਿਹੁ ਜਿਹੀ ਘੋਲ ਕੇ ਡਿੱਗ ਪਿਆ। ਸਿਪਾਹੀ

ਦੋਹਾਂ ਨੂੰ ਮਰੇ ਪਸ਼ੂ ਵਾਂਗ ਘੜੀਸ ਕੇ ਕਤਲਗਾਹ 'ਚ ਲੈ ਗਏ। ਛੱਤ ਅਤੇ ਫ਼ਰਸ਼ 'ਤੇ ਲੱਗੇ ਕੁੰਡਿਆਂ ਵਿਚ ਚਮੜੇ ਦੀਆਂ ਬੈਲਟਾਂ ਪਾ ਕੇ, ਉਹਨਾਂ ਦੀਆਂ ਲੱਤਾਂ ਵੱਧ ਤੋਂ ਵੱਧ ਚੌੜੀਆਂ ਕਰਕੇ ਬੰਨ੍ਹ ਦਿੱਤਾ ਗਿਆ। ਉਹਨਾਂ ਦੇ ਸਿਰਾਂ ਉਪਰ ਦੋ ਸ਼ਕਤੀਸ਼ਾਲੀ ਬੱਲ੍ਹਬ ਜਗ ਰਹੇ ਸਨ। ਠਾਣੇਦਾਰ ਅੰਦਰ ਆਇਆ। ਸ਼ਾਇਦ ਉਹ ਕਰੜੇ ਪੈੱਗ ਮਾਰ ਕੇ ਆਇਆ ਸੀ, ਜਿਸ ਕਾਰਨ ਉਸ ਦਾ ਮੱਥਾ ਪਸੀਨੇ ਨਾਲ ਭਿੱਜਿਆ ਹੋਇਆ ਸੀ। ਪੱਗ ਉਸ ਨੇ ਲਾਹ ਰੱਖੀ ਸੀ। ਲਾਲ ਫ਼ਿਫ਼ਟੀ ਅੱਧ-ਗੰਜੇ ਸਿਰ ਨੂੰ ਜੱਫ਼ੀ ਪਾਈ ਖੜ੍ਹੀ ਸੀ। ਵਾਲਾਂ ਨਾਲ ਭਰੀਆਂ ਨਾਸਾਂ 'ਚੋਂ ਸਾਹ ਅੜ-ਅੜ ਕੇ ਬਾਹਰ ਆ ਰਿਹਾ ਸੀ ਅਤੇ ਦਾਹੜੀ ਦੀ ਕੀਤੀ ਗੁੱਟੀ ਕਰਕੇ ਉਸ ਦਾ ਮੂੰਹ ਸੁੱਜਿਆ-ਸੁੱਜਿਆ ਪ੍ਰਤੀਤ ਹੁੰਦਾ ਸੀ।
-''ਕਿਉਂ ਉਏ ਮਾਂ ਦਿਓ ਖਸਮੋਂ-ਇਉਂ ਸੁੱਤੇ ਪਏ ਸੀ ਜਿਵੇਂ ਮਾਸੀ ਕੋਲੇ ਆਏ ਹੁੰਨੇ ਐਂ?''
-''.......।'' ਦੋਨਾਂ ਦੀਆਂ ਧੌਣਾਂ ਅੱਗੇ ਨੂੰ ਲਟਕੀਆਂ ਹੋਈਆਂ ਸਨ ਅਤੇ ਖੁੱਲ੍ਹੇ ਕੇਸ ਧਰਤੀ ਵੱਲ ਨੂੰ ਝੁਕੇ ਹੋਏ ਸਨ। ਇੱਕ ਸਿਪਾਹੀ ਨੇ ਜੈਲਦਾਰ ਨੂੰ ਕੇਸਾਂ ਤੋਂ ਫੜ ਲਿਆ।
-''ਅਸੀਂ ਪੂਰੀ ਬੀ. ਏ. ਪਾਸ ਕਰਵਾਉਨੇ ਐਂ-ਤੁਸੀਂ ਤਾਂ ਅਜੇ ਪਹਿਲੀ ਈ ਪਾਸ ਕੀਤੀ ਐ-ਪਹਿਲੀ ਜਮਾਤ 'ਚ ਈ ਸਾਹ ਸਤ ਛੱਡ ਗਏ-ਬੀ. ਏ. ਤੱਕ ਕਦੋਂ ਪਹੁੰਚੋ? ਅਖੇ ਕੋਹ ਨਾ ਚੱਲੀ ਬਾਬਾ ਤਿਹਾਈ? ਅਜੇ ਤਾਂ ਸੇਰ 'ਚੋਂ ਪੂਣੀ ਨਹੀਂ ਕੱਤੀ-ਸਾਰਾ ਛੋਪ ਈ ਕੱਤਣ ਆਲਾ ਪਿਐ।'' ਇੱਕ ਸਿਪਾਹੀ ਤਰਨਤਾਰਨ ਤੋਂ ਬਦਲ ਕੇ ਆਇਆ ਸੀ।
-''ਸ਼ੇਰਾਂ ਨੂੰ ਪਿੰਜਰੇ 'ਚ ਪਿਆ ਦੇਖ ਕੇ ਗਿੱਦੜ ਇਉਂ ਈ ਕਲੋਲਾਂ ਕਰਦੇ ਹੁੰਦੇ ਐ।''
-''ਮੈਂ ਪੂਰੇ ਅੱਸੀ ਬੰਦੇ ਗੱਡੀ ਚਾਹੜੇ ਐ-ਥੋਡਾ ਦੇਖਲੋ ਕੀ ਇਰਾਦਾ ਐ?'' ਸਿਪਾਹੀ ਨੇ ਕੌੜਾ ਜਿਹਾ ਹੱਸ ਕੇ ਆਪਣੀ ਪੁਜ਼ੀਸ਼ਨ ਦਰਸਾਈ।
-''ਫੇਰ ਅੱਸੀਆਂ 'ਚ ਦੋ ਹੋਰ ਜਮ੍ਹਾਂ ਕਰ ਲੈ-ਪਰ ਬਾਬੇ ਨਾਨਕ ਦੇ ਕਿਵੇਂ ਮੱਥੇ ਲੱਗੇਂਗਾ ਗੱਦਾਰਾ?''
-''ਮੈਂ ਗੱਦਾਰ ਕਿ ਤੁਸੀਂ? ਅਸੀਂ ਦੇਸ਼ ਦੇ ਰਖਵਾਲੇ, ਕਾਨੂੰਨ ਦੇ ਵਫ਼ਾਦਾਰ ਐਂ-ਤੇ ਤੁਸੀਂ ਕਾਮਰੇਡ ਵਰਗੇ ਨਿਰਦੋਸ਼ਾਂ ਦੇ ਬੁੱਚੜ ਕਾਤਲ।''
-''ਤੇ ਤੂੰ ਰਣਜੋਧ ਤੇ ਬਾਬੇ ਜਪਨਾਮ ਦੇ ਕਤਲਾਂ ਨੂੰ ਕਿਹੜੀ ਮਾਂ ਦੀ ਬੁੱਕਲ 'ਚ ਛੁਪਾਵੇਂਗਾ?''
-''ਥੋਡੇ ਜਿੰਮੇਂ ਸਤਾਰਾਂ ਕਤਲ ਆਉਂਦੇ ਐ-ਬਾਰਾਂ ਬੱਸ ਕਾਂਡ ਆਲੇ ਤੇ ਪੰਜ ਕਾਮਰੇਡ ਦੇ ਪ੍ਰੀਵਾਰ ਵਾਲੇ-ਉਹਨਾਂ ਨੂੰ ਮਾਰ ਕੇ ਹੁਣ ਥੋਡਾ ਪਤੰਦਰ ਖਾਲਿਸਤਾਨ ਬਣ ਗਿਆ?'' ਸਿਪਾਹੀ ਨੇ ਜੈਲਦਾਰ ਨੂੰ ਕੇਸਾਂ ਤੋਂ ਝਟਕਿਆ।
-''ਕੁੱਤੇ ਕਾਮਰੇਡ ਦੁਸ਼ਟ ਦੇ ਟੱਬਰ ਨੂੰ ਅਸੀਂ ਨੰਗੀ ਹਿੱਕ ਸ਼ਰੇਆਮ ਮਾਰਿਐ-ਪਰ ਬੱਸ ਕਾਂਡ ਨਾਲ ਸਾਡਾ ਕੋਈ ਸਰੋਕਾਰ ਨਹੀਂ-ਇਹ ਕਾਰਾ ਸਾਰਾ ਪੁਲਸ ਦਾ ਐ ਜਾਂ ਪੁਲਸ ਦੇ ਟੌਂਟਾਂ ਦਾ।''
-''ਤੁਸੀਂ ਸ਼ਰੇਆਮ ਕਬੂਲ ਕਰਦੇ ਹੋ ਕਿ ਕਾਮਰੇਡ ਬਲਦੇਵ ਸਾਥੀ ਦੇ ਪ੍ਰੀਵਾਰ ਨੂੰ ਤੁਸੀਂ ਮਾਰਿਐ?''
-''ਮੈਂ ਕਿੰਨੀ ਕੁ ਵਾਰੀ ਕਹਾਂ? ਮੈਂ ਹਿੱਕ ਠੋਕ ਕੇ ਦਾਅਵੇ ਅਤੇ ਬੜੇ ਮਾਣ ਨਾਲ ਆਖਦੈਂ ਬਈ ਕਾਮਰੇਡ ਦੇ ਪ੍ਰੀਵਾਰ ਨੂੰ ਅਸੀਂ ਠੋਕ ਵਜਾ ਕੇ ਸੋਧਾ ਲਾਇਐ-ਹੋਰ ਦੱਸ ਕਿੰਨੇ ਵਾਰੀ ਆਖਾਂ? ਅਗਰ ਮੈਂ ਜਿੰਦਾ ਬਚ ਕੇ ਨਿਕਲ ਗਿਆ-ਸੋਧਾ ਥੋਨੂੰ ਵੀ ਜਰੂਰ ਲਾਊਂਗਾ ਤੇ ਅਗਰ ਚੜ੍ਹਾਈ ਕਰ ਗਿਆ ਤਾਂ ਗੁਰੂ ਦੇ ਹੋਰ ਬਥੇਰ੍ਹੇ ਬੀਰ ਪਿੱਛੇ ਜਿਉਂਦੇ ਐ-ਹਿਸਾਬ ਕਿਤਾਬ ਵਿਆਜ਼ ਸਮੇਤ ਬਰਾਬਰ ਕਰਨਗੇ।''
-''ਬੱਲੇ....!'' ਸਿਪਾਹੀ ਨੇ ਜੇਬ ਵਿਚ ਪਾਏ ਮਿੰਨ੍ਹੀ ਟੇਪ ਰਿਕਾਰਡਰ ਦੀ ਸਵਿੱਚ ਬੰਦ ਕਰ ਦਿੱਤੀ। ਉਸ ਨੇ ਜੈਲਦਾਰ ਦੇ ਸਾਰੇ ਇਕਬਾਲੀਆ ਬਿਆਨ ਧੋਖੇ ਨਾਲ ਰਿਕਾਰਡ ਕਰ ਲਏ ਸਨ। ਉਹ ਇਸ਼ਾਰੇ ਨਾਲ ਠਾਣੇਦਾਰ ਅਤੇ ਮੁਣਸ਼ੀ ਨੂੰ ਲੈ ਕੇ ਦਫ਼ਤਰ ਚਲਾ ਗਿਆ। ਸਾਰੇ ਬਿਆਨ ਧਿਆਨ ਨਾਲ ਸੁਣੇ ਗਏ। ਪੁਲੀਸ ਦੇ ਹੱਕ ਵਿਚ ਜਾਂਦੇ ਇਕਬਾਲੀਆ ਬਿਆਨ ਉਹਨਾਂ ਨੇ ਵੱਡੀ ਕੈਸਿਟ ਉਪਰ ਟਰਾਂਸਫਰ ਕਰ ਲਏ ਅਤੇ ਬਾਕੀ ਬਿਆਨਾਂ ਨੂੰ ਮਿਟਾ ਦਿੱਤਾ ਗਿਆ। ਇੱਕ ਆਡੀਓ ਕੈਸਿਟ ਅਦਾਲਤ ਵਿਚ ਪੇਸ਼ ਕਰਨ ਲਈ ਰਾਖਵੀਂ ਰੱਖ ਲਈ। ਕੈਸਿਟ ਦੇ ਬਿਆਨਾਂ 'ਤੇ ਅਧਾਰਿਤ ਇੱਕ ਸੰਖੇਪ ਰਿਪੋਰਟ ਤਿਆਰ ਕਰ ਲਈ ਗਈ। ਲੋੜੀਂਦੀਆਂ ਦਫ਼ਾਵਾਂ ਲਾ ਕੇ ਸਬੰਧਿਤ ਕੈਸਿਟ ਸੀਲ-ਬੰਦ ਕਰਕੇ ਨਾਲ ਨੱਥੀ ਕਰ ਦਿੱਤੀ। ਦੋਸ਼ੀਆਂ ਦੀਆਂ ਫ਼ੋਟੋਆਂ ਲਾ ਫ਼ਾਈਲਾਂ ਤਿਆਰ ਕਰਕੇ ਕੇਸ ਮੜ੍ਹ ਦਿੱਤਾ ਗਿਆ। ਠਾਣੇਦਾਰ ਐਸ. ਪੀ. ਨੂੰ ਉਪਰੋਕਤ ਖ਼ਬਰ ਫ਼ੋਨ 'ਤੇ ਦੇਣ ਲੱਗ ਪਿਆ।
-''ਕਿਸੇ ਹੋਰ ਅੱਤਿਵਾਦੀ ਬਾਰੇ ਨਹੀਂ ਦੱਸਿਆ?'' ਐਸ. ਪੀ. ਨੇ ਪੁੱਛਿਆ।
-''ਜਨਾਬ ਬੜੀ ਪੱਕੀ ਹੱਡੀ ਦੇ ਐ-ਭੋਰਾ ਨਹੀਂ ਥਿੜਕੇ-ਅਸੀਂ ਤਾਂ ਤੁਹਾਡੇ ਹੁਕਮ ਕਰਕੇ ਬਹੁਤੀ ਸਖ਼ਤੀ ਨਹੀਂ ਵਰਤੀ ਨਹੀਂ ਤਾਂ ਸ਼ਾਇਦ-।''
-''ਨਹੀਂ-ਨਹੀਂ ਗਰੇਵਾਲ! ਆਪਣੀ ਸੰਘੀ ਪ੍ਰੈਸ ਦੇ ਹੱਥ ਐ-ਐਨਾਂ ਈ ਬਹੁਤ ਐ-ਹੁਣ ਇਹਨਾਂ ਨੂੰ ਟਾਰਚਰ ਕਰਨਾ ਬੰਦ ਕਰੋ ਤੇ ਇਲਾਜ਼ ਸ਼ੁਰੂ ਕਰਵਾਓ! ਅਜੇ ਤੇਰੇ ਕੋਲ ਪੰਜ ਦਿਨ ਐਂ-ਅਦਾਲਤ ਦੀ ਪੇਸ਼ੀ ਤੱਕ ਇਹ ਨੌਂ-ਬਰ-ਨੌਂ ਹੋਣ-ਇਹ ਮੇਰੀ ਸਖ਼ਤ ਹਦਾਇਤ ਐ-ਮੈਂ ਕੋਈ ਵੀ ਰਿਸਕ ਆਪਣੇ ਸਿਰ ਨਹੀਂ ਲੈਣਾ ਚਾਹੁੰਦਾ-ਅੰਡਰਸਟੈਂਡ?''
-''ਐਕਸੈਕਟਲੀ ਸਰ!''
ਫ਼ੋਨ ਕੱਟੇ ਗਏ।
ਹੱਥ ਪੈਰ ਖੋਲ੍ਹ ਕੇ ਉਹਨਾਂ ਨੂੰ ਪਹਿਲੀ ਜਗਾਹ ਹੀ ਲਿਆ ਸੁੱਟਿਆ। ਫ਼ੋਨ 'ਤੇ ਡਾਕਟਰ ਨੂੰ ਇਤਲਾਹ ਕਰ ਦਿੱਤੀ ਗਈ ਅਤੇ ਸਾਹਿਬ ਦਾ ਸ਼ਾਹੀ ਫ਼ੁਰਮਾਨ ਵੀ ਦੱਸ ਦਿੱਤਾ ਗਿਆ।
ਦੋਨਾਂ ਦਾ ਇਲਾਜ਼ ਸ਼ੁਰੂ ਹੋ ਗਿਆ।
ਟੀਕੇ ਅਤੇ ਦੁਆਈਆਂ ਕਾਰਨ ਉਹ ਵਾਹਵਾ ਸੁਰਤ ਫੜ ਗਏ। ਅੱਜ ਉਹਨਾਂ ਦੇ ਹੱਥ ਪੈਰ ਨਹੀਂ ਬੰਨ੍ਹੇ ਸਨ। ਦੋਨਾਂ ਨੇ ਹੇਠਾਂ ਵਿਛੀ ਝੋਨੇ ਦੀ ਪਰਾਲੀ ਇਕੱਠੀ ਕਰਕੇ ਸਿਰਹਾਣੇ ਬਣਾ ਲਏ।
-''ਸਮਝ ਨਹੀਂ ਆਉਂਦੀ ਬਈ ਇਹਨਾਂ 'ਚ ਐਨੀ ਤਬਦੀਲੀ ਕਿਵੇਂ ਆ ਗਈ-ਲੱਤਾਂ ਪਾੜ ਕੇ ਹੁਣ ਇਲਾਜ ਵੀ ਸ਼ੁਰੂ ਕਰਵਾ ਦਿੱਤਾ?'' ਜੈਲਦਾਰ ਪੱਟ ਦੀਆਂ ਪੱਟੀਆਂ ਪਲੋਸਦਾ ਕਹਿ ਰਿਹਾ ਸੀ।
-''ਲੱਗਦੈ ਅੱਜ ਕੱਲ੍ਹ 'ਚ ਆਪਾਂ ਨੂੰ ਪਾਰ ਈ ਬੁਲਾਉਣਗੇ।'' ਕਾਕਾ ਬੋਲਿਆ।

-"ਪਾਰ ਆਪਾਂ ਨੂੰ ਜਮਾਂ ਨੀ ਬੁਲਾਉਂਦੇ-ਜੇ ਪਾਰ ਈ ਬੁਲਾਉਣਾ ਹੁੰਦਾ ਆਪਣਾ ਇਲਾਜ ਨਹੀ ਸੀ ਕਰਵਾਉਂਦੇ-ਮੈਨੂੰ ਮੈਦ ਐ ਝੂਠੇ ਸੱਚੇ ਕੇਸ ਪਾ ਕੇ ਜੇਲ੍ਹ ਭੇਜਣਗੇ।"
-"ਕੁਛ ਤਾਂ ਕਰਨਗੇ ਈ-ਖੂਹ 'ਚ ਡਿੱਗੀ ਇੱਟ ਕਦੇ ਸੁੱਕੀ ਨਿੱਕਲੀ ਐ?"
-"ਕੁਛ ਕਰਨ ਮਿੱਤਰਾ-ਗੋਲੀ ਮਾਰ ਏਸ ਗੱਲ ਨੂੰ-ਤੂੰ ਕੱਲ੍ਹ ਆਲੀ ਸਾਖੀ ਸੁਣਾ-ਕੀ ਐ ਨੀਂਦ ਈ ਆ ਜਾਵੇ?"
-"ਦੁਆਈ ਦਾ ਟੈਮ ਹੋਇਆ ਪਿਐ-ਪਹਿਲਾਂ ਕੈਪਸੂਲ ਲੈ ਲਾ-ਫੇਰ ਤੈਨੂੰ ਅੱਜ ਹੋਰ ਸਾਖੀ ਸੁਣਾਉਨੈਂ।"
ਦੋਹਾਂ ਨੇ ਕੈਪਸੂਲ ਅਤੇ ਗੋਲੀਆਂ ਲੈ ਲਈਆਂ।
-"ਇਹ ਸਾਖੀ ਨੌਸ਼ਿਹਰੇ ਦੀ ਲੜਾਈ ਨਾਲ ਸਬੰਧਿਤ ਐ।" ਕਾਕੇ ਨੇ ਕਹਿਣਾ ਸ਼ੁਰੂ ਕੀਤਾ। ਜੈਲਦਾਰ ਚੁੱਪ ਸੀ।
-"ਜੇ ਹੁੰਗਾਰਾ ਭਰੇਂਗਾ ਤਾਂ ਸੁਣਾਊਂ-ਨਹੀਂ ਬੱਸ ਕਰ ਜਾਨੈਂ।" ਕਾਕੇ ਨੇ ਕਿਹਾ।
-"ਤੂੰ ਸੁਣਾ-ਮੈਂ ਹੁੰਗਾਰਾ ਭਰਦੈਂ।" ਜੈਲਦਾਰ ਨੇ ਹੁੰਗਾਰਾ ਭਰਨਾ ਸ਼ੁਰੂ ਕਰ ਦਿੱਤਾ। ਕਾਕੇ ਨੇ ਸਾਖੀ ਸ਼ੁਰੂ ਕਰ ਦਿੱਤੀ।
-"ਰਾਜਾ ਰਣਜੀਤ ਸਿੰਘ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਦੀ ਸ਼ਾਦੀ ਜੱਥੇਦਾਰ ਸ਼ਾਮ ਸਿੰਘ ਅਟਾਰੀਵਾਲੇ ਦੀ ਲੜਕੀ ਨਾਲ ਹੋਣੀ ਸੀ-ਸਾਰੇ ਸੈਨਾਪਤੀ ਯੋਧੇ ਅਫ਼ਗਾਨਾਂ ਦੀ ਧਰਤੀ 'ਤੇ ਇਕੱਠੇ ਹੋਏ-ਹੋਏ ਸਨ-ਸਾਰਿਆਂ ਨੂੰ ਹੀ ਬੜਾ ਚਾਅ ਸੀ।"
-"ਚਾਅ ਤਾਂ ਹੋਣਾ ਈ ਸੀ।" ਜੈਲਦਾਰ ਨੇ ਕਿਹਾ।
-"ਕਿਸੇ ਗੱਦਾਰ ਸੂਹੀਏ ਨੇ ਇਹ ਸਾਰੀ ਖ਼ਬਰ ਜਾ ਕੇ ਪਠਾਣਾਂ ਦੇ ਕੰਨੀਂ ਪਰੋਅ ਦਿੱਤੀ ਬਈ ਹੁਣ ਮੌਕਾ ਐ-ਘੇਰਾ ਪਾ ਕੇ ਸਿੰਘਾਂ ਦਾ ਮਲੀਆਮੇਟ ਕਰ ਦਿਓ-ਐਦੂੰ ਵੱਡਾ ਸੁਨਿਹਰੀ ਦਾਅ ਹੱਥ ਨਹੀਂ ਲੱਗਣਾ!"
-"ਹੈਅ ਤੇਰੀ ਬੇੜੀ ਡੁੱਬਜੇ ਕੁੱਤਿਆ!"
-"ਬੱਸ ਫੇਰ ਕੀ ਸੀ? ਪਠਾਣਾਂ ਨੂੰ ਨਾਲ ਲੈ ਕੇ ਚਾਲੀ ਹਜ਼ਾਰ ਪਠਾਣੀਂ ਫ਼ੌਜ ਨੇ ਸਿੰਘਾਂ ਨੂੰ ਘੇਰੇ ਵਿਚ ਲੈਣਾ ਸ਼ੁਰੂ ਕਰ ਦਿੱਤਾ-ਹੁਣ ਸਿੰਘ ਥੋੜੇ ਸੀ ਤੇ ਪਠਾਣੀ ਫ਼ੌਜ ਚਾਲੀ ਹਜ਼ਾਰ-ਫ਼ਿਕਰ ਤਾਂ ਸਿੰਘਾਂ ਨੂੰ ਹੋਣਾ ਈ ਸੀ? ਮਹਾਰਾਜ ਸ਼ੇਰ ਸਿੰਘ ਨੇ ਕਿਵੇਂ ਨਾ ਕਿਵੇਂ ਮਹਾਰਾਜਾ ਰਣਜੀਤ ਸਿੰਘ ਕੋਲ ਰੁੱਕਾ ਭੇਜਿਆ ਕਿ ਮੱਦਦ ਲਈ ਤੁਰੰਤ ਹੋਰ ਫ਼ੌਜ ਭੇਜੀ ਜਾਵੇ-ਸਿੰਘਾਂ ਦੀ ਫ਼ੌਜ ਘੋਰ ਮੁਸੀਬਤ 'ਚ ਫ਼ਸ ਗਈ ਐ।"
-"ਬੱਲੇ ਉਏ ਸ਼ੇਰਾ...!"
-"ਰੁੱਕਾ ਪੜ੍ਹਨ ਸਾਰ ਮਹਾਰਾਜੇ ਨੇ ਅਕਾਲੀ ਫੂਲਾ ਸਿੰਘ ਅਤੇ ਜਰਨੈਲ ਹਰੀ ਸਿੰਘ ਨਲੂਏ ਨੂੰ ਬੁਲਾ ਲਿਆ-ਖ਼ਬਰ ਸੁਣਨ ਸਾਰ ਸੂਰਮਿਆਂ ਦੇ ਨੇਤਰਾਂ 'ਚੋਂ ਖ਼ੂਨ ਚੋਣ ਲੱਗ ਪਿਆ।"
-"ਹੱਟ ਪਿੱਛੇ...! ਵਾਹ ਉਏ ਸੂਰਮਿਓਂ...!"
-"ਮਹਾਰਾਜਾ ਰਣਜੀਤ ਸਿੰਘ, ਹਰੀ ਸਿੰਘ ਨਲੂਆ ਅਤੇ ਅਕਾਲੀ ਫੂਲਾ ਸਿੰਘ ਨੇ ਅਰਦਾਸਾ ਸੋਧਿਆ, ਅਤੇ ਕਮਰਕਸੇ ਕਰ ਕੇ ਆਪਣੀਆਂ-ਆਪਣੀਆਂ ਫ਼ੌਜਾਂ ਸਮੇਤ ਚੜ੍ਹਾਈ ਕਰ ਦਿੱਤੀ-ਅਫ਼ਗਾਨਿਸਤਾਨ ਵੱਲ ਨੂੰ ਫ਼ੌਜਾਂ ਤੂਫ਼ਾਨ ਬਣੀਆਂ ਜਾ ਰਹੀਆਂ ਸਨ।"
-"ਨਹੀਂ ਰੀਸਾਂ...!" ਜੈਲਦਾਰ ਜੋਸ਼ ਵਿਚ ਆ ਕੇ ਉਠ ਕੇ ਬੈਠ ਗਿਆ। ਜਿਵੇਂ ਉਸ ਅੰਦਰ ਅਥਾਹ ਸ਼ਕਤੀ ਪ੍ਰਵੇਸ਼ ਕਰ ਗਈ ਸੀ। ਸਾਰਾ ਤਸ਼ੱਦਦ ਭੁਲਾ ਕੇ ਉਹ ਨਵਾਂ ਨਰੋਆ ਹੋਇਆ ਬੈਠਾ ਸੀ।
-"ਜਿਹੜੇ ਰਸਤੇ ਫ਼ੌਜਾਂ ਨੇ ਜਾਣਾ ਸੀ-ਉਸ ਰਾਹ ਵਿਚ ਅਟਕ ਦਰਿਆ ਪੈਂਦਾ ਸੀ-ਜਦੋਂ ਖ਼ਾਲਸਾਈ ਫ਼ੌਜਾਂ ਅਟਕ ਦਰਿਆ ਕੰਢੇ ਪੁੱਜੀਆਂ ਤਾਂ ਉਹਨਾਂ ਨੇ ਅਜ਼ੀਬ ਦ੍ਰਿਸ਼ ਦੇਖਿਆ-ਅਟਕ ਦਰਿਆ ਆਪਣੀ ਹਸਤੀ ਤੋਂ ਵੀ ਵੱਧ ਚੜ੍ਹਿਆ ਹੋਇਆ ਸੀ-ਤੇ ਪਠਾਣਾਂ ਨੇ ਜਾਣ ਕੇ ਪੁਲ ਤੋੜ ਦਿੱਤਾ ਸੀ ਡਰਦਿਆਂ ਨੇ।"
-"ਉਏ ਹੋਏ....!" ਜੈਲਦਾਰ ਫੂਕ ਨਿਕਲੇ ਬੁਲ੍ਹਬਲੇ ਵਾਂਗ ਫਿਰ ਪਰਾਲੀ 'ਤੇ ਡਿੱਗ ਪਿਆ।
-"ਤੂੰ ਗੱਲ ਤਾਂ ਸੁਣ ਅੱਗੇ-।"
-"ਸੁਣਾਈ ਚੱਲ..! ਮੈਂ ਸੁਣਦੈਂ..!" ਉਹ ਅੱਖਾਂ 'ਤੇ ਬਾਂਹ ਰੱਖੀ ਬੋਲ ਰਿਹਾ ਸੀ।
-"ਮਹਾਰਾਜਾ ਰਣਜੀਤ ਸਿੰਘ ਆਪਣੀਆਂ ਫ਼ੌਜਾਂ ਦਾ ਨੁਕਸਾਨ ਨਹੀਂ ਕਰਵਾਉਣਾ ਚਾਹੁੰਦਾ ਸੀ-ਕਿਉਂਕਿ ਇਸ ਹਾਲਤ ਵਿਚ ਅਟਕ ਦਰਿਆ ਪਾਰ ਕਰਨਾ ਕਿਵੇਂ ਵੀ ਖ਼ਤਰੇ ਤੋਂ ਖਾਲੀ ਨਹੀਂ ਸੀ-ਫ਼ੌਜ ਦਰਿਆ ਵਿਚ ਰੁੜ੍ਹ ਸਕਦੀ ਸੀ-ਉਸ ਨੇ ਸਾਰੀਆਂ ਫ਼ੌਜਾਂ ਨੂੰ ਅਟਕ ਦਰਿਆ ਸ਼ਾਂਤ ਹੋਣ ਰੁਕਣ ਲਈ ਹੁਕਮ ਦਿੱਤਾ ਤਾਂ ਅਕਾਲੀ ਫੂਲਾ ਸਿੰਘ ਅਤੇ ਜਰਨੈਲ ਹਰੀ ਸਿੰਘ ਨਲੂਆ ਆਪਣੀ ਹਿੰਡ 'ਤੇ ਅੜ ਗਏ-ਉਹਨਾਂ ਕਿਹਾ ਕਿ ਅਰਦਾਸਾ ਸੋਧ ਕੇ ਮੁਨੱਕਰ ਹੋਣਾ ਖ਼ਾਲਸੇ ਦੀ ਨੀਤੀ ਨਹੀਂ-ਤੁਸੀਂ ਰੁਕਣੈਂ ਤਾਂ ਬੇਸ਼ੱਕ ਰੁਕੋ-ਪਰ ਅਸੀਂ ਗੁਰੂ ਮਹਾਰਾਜ ਅੱਗੇ ਥਾਪੜੇ ਲਈ ਅਰਦਾਸ ਕਰਕੇ ਹਰ ਹਾਲਤ ਵਿਚ ਅਟਕ ਦਰਿਆ ਪਾਰ ਕਰਾਂਗੇ।"
-"ਵਾਹ ਜੀ ਵਾਹ...! ਫਿਰ ਕੀ ਹੋਇਆ...?"
-"ਫੇਰ ਕੀ ਹੋਣਾ ਸੀ ਜੈਲਦਾਰਾ...? ਅਕਾਲੀ ਫੂਲਾ ਸਿੰਘ ਨੇ ਗੁਰੂ ਮਹਾਰਾਜ ਅੱਗੇ ਫਿਰ ਚੜ੍ਹਦੀ ਕਲਾ ਬਖ਼ਸ਼ਣ ਲਈ ਅਰਦਾਸ ਕੀਤੀ ਅਤੇ ਜਪੁਜੀ ਸਾਹਿਬ ਦਾ ਪਾਠ ਸ਼ੁਰੂ ਕਰਕੇ, ਪੰਦਰਾਂ ਸੌ ਸਿੰਘ ਲੈ ਕੇ ਅੱਗੇ ਵਧਿਆ-ਇਤਿਹਾਸ ਦੱਸਦੈ ਬਈ ਜਦੋਂ ਅਕਾਲੀ ਫੂਲਾ ਸਿੰਘ ਨੇ ਆਪਣਾ ਹਾਥੀ ਅਟਕ ਦਰਿਆ ਵਿਚ ਵਾੜਿਆ-ਉਦੋਂ ਪਾਠ 'ਸੁਣਿਐ ਹਾਥ ਹੋਵੈ ਅਸਗਾਹੁ' 'ਤੇ ਪਹੁੰਚ ਗਿਆ ਸੀ-ਅਸਗਾਹ ਦਾ ਮਤਲਬ ਸਮੁੰਦਰ ਹੁੰਦੈ-ਬਈ ਤੇਰੀ ਕ੍ਰਿਪਾ ਹੋ ਜਾਵੇ ਤਾਂ ਸਮੁੰਦਰ ਵੀ ਹੱਥ-ਹੱਥ ਹੀ ਰਹਿ ਜਾਂਦੈ-ਜਦੋਂ ਹਾਥੀ ਦਰਿਆ ਵਿਚ ਵੜਿਆ ਤਾਂ ਅਟਕ ਦਰਿਆ ਵਾਕਿਆ ਈ ਹੱਥ-ਹੱਥ ਰਹਿ ਗਿਆ।"
-"ਧੰਨ ਐਂ..! ਧੰਨ ਐਂ..! ਧੰਨ ਐਂ ਕਲਗੀਆਂ ਆਲੇ ਪਾਤਸ਼ਾਹ ਤੂੰ..!" ਜੈਲਦਾਰ ਦੀਆਂ ਵੈਰਾਗ ਵਿਚ ਅੱਖਾਂ ਭਰ ਆਈਆਂ। ਉਸ ਨੇ ਦੋਨੋਂ ਹੱਥ ਜੋੜ ਕੇ ਨਮਸਕਾਰ ਕੀਤੀ ਅਤੇ ਉਠ ਕੇ ਬੈਠ ਗਿਆ। ਉਸ ਦੇ ਨੇਤਰਾਂ 'ਚੋਂ ਜਲ ਚੋਈ ਜਾ ਰਿਹਾ ਸੀ।
-"ਨਾਲ ਈ ਇਹਨਾਂ ਦੇ ਭਾਈ ਸਾਹਿਬ ਸਿੰਘ ਬੇਦੀ ਸੀ-ਇਹ ਸਾਖੀ ਤੈਨੂੰ ਬਾਅਦ 'ਚ ਸੁਣਾਊਂ।"
-"ਫੇਰ ਕੀ ਹੋਇਆ?"
-"ਫੇਰ ਕੀ ਹੋਣਾ ਸੀ? ਇਹ ਸਾਰਾ ਅਲੌਕਿਕ ਦ੍ਰਿਸ਼ ਦੇਖ ਕੇ ਅਕਾਲੀ ਫੂਲਾ ਸਿੰਘ ਦੀਆਂ ਫ਼ੌਜਾਂ ਮਗਰ ਮਹਾਰਾਜਾ ਰਣਜੀਤ ਸਿੰਘ

ਦੀਆਂ ਫ਼ੌਜਾਂ ਵੀ ਠਿੱਲ੍ਹ ਪਈਆਂ-ਅਟਕ ਦਰਿਆ ਪਾਰ ਕਰਨ ਤੋਂ ਬਾਅਦ ਅਕਾਲੀ ਫੂਲਾ ਸਿੰਘ ਨੇ ਇਸ ਧਰਮ-ਯੁੱਧ ਦੀ ਕਮਾਂਡ ਕੀਤੀ ਤੇ ਭੂਸਰੇ ਪਠਾਣਾਂ ਨੂੰ ਜਾ ਢਾਹਿਆ-ਅਣਗੌਲਿਆ ਜ਼ਬਰਦਸਤ ਹੱਲਾ ਹੋਣ ਕਰਕੇ ਪਠਾਣ ਘਾਬਰ ਗਏ ਤੇ ਜਿੱਧਰ ਨੂੰ ਮੂੰਹ ਹੋਇਆ ਦੌੜ ਤੁਰੇ-।"
-"ਫੇਰ ਖੜ੍ਹਦੇ ਖਾਂ ਮੂਹਰੇ ਖ਼ਸਮਾਂ ਦੇ।"
-"ਪਰ ਇਸ ਘਮਸਾਨ ਦੇ ਹੋਏ ਯੁੱਧ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜੱਥੇਦਾਰ ਸੂਰਮਾ ਅਕਾਲੀ ਫੂਲਾ ਸਿੰਘ ਸ਼ਹੀਦ ਹੋ ਗਿਆ....।" ਆਖ ਕੇ ਕਾਕੇ ਨੇ ਇੱਕ ਲੰਮੀ ਚੁੱਪ ਸਾਧ ਲਈ। ਉਹ ਅੱਖਾਂ ਮੀਟੀ ਸ਼ਾਂਤ-ਚਿੱਤ ਬੈਠਾ ਸੀ।
-"ਸ਼ਹੀਦੀ ਤਾਂ ਸੂਰਮੇਂ ਨੂੰ ਬੜੀ ਕਿਸਮਤ ਨਾਲ ਨਸੀਬ ਹੁੰਦੀ ਐ।" ਕਾਫੀ ਦੇਰ ਬਾਅਦ ਜੈਲਦਾਰ ਬੋਲਿਆ।
ਕਾਕੇ ਨੇ ਅੱਖਾਂ ਖੋਲ੍ਹੀਆਂ ਤਾਂ ਉਸ ਦੀਆਂ ਅੱਖਾਂ ਲਾਲ ਰੱਤੀਆਂ ਹੋਈਆਂ ਪਈਆਂ ਸਨ। ਰੱਤ ਚੋਂਦੀ ਲੱਗਦੀ ਸੀ। ਉਸ ਦਾ ਚਿਹਰਾ ਅੰਗਿਆਰ ਵਾਂਗ ਦਗ ਰਿਹਾ ਸੀ।
-"ਕੀ ਸੋਚੀ ਜਾਨੈਂ?" ਜੈਲਦਾਰ ਨੇ ਕਾਕੇ ਨੂੰ ਹਲੂਣਿਆਂ।
-"ਮੈਂ ਸੋਚਦੈਂ ਬਈ ਪ੍ਰੀਤ ਤੇ ਬਿੱਲੂ ਹੋਰੀਂ ਤਾਂ ਸ਼ਹੀਦੀਆਂ ਪਾ ਕੇ, ਸੁਰਖ਼ਰੂ ਹੋ ਕੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਜਾ ਬਿਰਾਜੇ-ਆਪਣਾ ਕਲਿਆਣ ਕਦੋਂ ਹੋਊ?"
-"ਜਿੰਨੀ ਸੇਵਾ ਗੁਰੂ ਮਹਾਰਾਜ ਨੇ ਲਾਈ ਐ-ਓਨੀ ਤਾਂ ਪੂਰੀ ਕਰਨੀ ਪਊ।"
-"ਇਹ ਵੀ ਪ੍ਰਤੱਖ ਸੱਚ ਐ।"
-"ਤੂੰ ਸੱਚ, ਸਾਹਿਬ ਸਿੰਘ ਬੇਦੀ ਬਾਰੇ ਵੀ ਦੱਸਣਾ ਸੀ?" ਜੈਲਦਾਰ ਨੇ ਅਚਾਨਕ ਯਾਦ ਕਰਕੇ ਆਖਿਆ।
-"ਹਾਂ-ਉਹ ਇਹ ਗੱਲ ਐ-ਜਦੋਂ ਦਸਵੇਂ ਪਾਤਸ਼ਾਹ ਨੇ ਖ਼ਾਲਸਾ ਸਾਜਿਆ-ਉਦੋਂ ਭਾਈ ਸਾਹਿਬ ਸਿੰਘ ਜੀ ਦੇ ਦਾਦਾ ਜੀ ਗੁਰੂ ਸਾਹਿਬ ਦੇ ਦਰਬਾਰੀ ਸਨ-ਖ਼ਾਲਸਾ ਸਾਜਣ ਤੋਂ ਕੁਝ ਕੁ ਮਹੀਨੇ ਬਾਅਦ ਕਲਗੀਧਰ ਪਿਤਾ ਜੀ ਨੇ ਕਿਹਾ ਕਿ ਸਾਰੇ ਪ੍ਰੀਵਾਰਾਂ ਨੇ ਅੰਮ੍ਰਿਤ ਛਕ ਲਿਆ ਹੈ-ਹੁਣ ਅਸੀਂ ਚਾਹੁੰਦੇ ਹਾਂ ਕਿ ਬੇਦੀ ਪ੍ਰੀਵਾਰ ਵੀ ਅੰਮ੍ਰਿਤਧਾਰੀ ਹੋ ਜਾਵੇ-ਭਾਈ ਬੇਦੀ ਸਾਹਿਬ ਦੇ ਕੋਈ ਪੋਤਾ ਪੋਤੀ ਨਹੀਂ ਸੀ-ਤਾਂ ਭਾਈ ਬੇਦੀ ਹੋਰਾਂ ਨੇ ਆਖਿਆ: ਸੱਚੇ ਪਾਤਸ਼ਾਹ! ਅਮ੍ਰਿੰਤਪਾਨ ਆਪਾਂ ਆਪਣੇ ਪੋਤਰੇ ਨੂੰ ਕਰਵਾਵਾਂਗੇ-।"
-"ਵਾਹਿਗੁਰੂ..! ਵਾਹਿਗੁਰੂ..!" ਜੈਲਦਾਰ ਨੇ ਫਿਰ ਜੋਦੜੀ ਕੀਤੀ। ਉਹ ਸਾਖੀ ਵਿਚ ਤਨੋਂ-ਮਨੋਂ ਖੁੱਭਿਆ ਪਿਆ ਸੀ।
-"ਜਦੋਂ ਭਾਈ ਬੇਦੀ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਅੰਮ੍ਰਿਤਪਾਨ ਆਪਾਂ ਆਪਣੇ ਪੋਤਰੇ ਨੂੰ ਕਰਵਾਵਾਂਗੇ-ਤਾਂ ਗੁਰੂ ਸਾਹਿਬ ਨੇ ਫ਼ੁਰਮਾਨ ਕੀਤਾ ਕਿ ਪੋਤਰੇ ਦਾ ਨਾਮ ਤੁਹਾਨੂੰ ਅਸੀਂ ਅੱਜ ਹੀ ਦੇ ਦਿੰਦੇ ਹਾਂ-ਤੇ ਚੋਜੀ ਪ੍ਰੀਤਮ ਨੇ ਉਹਨਾਂ ਦੇ ਪੋਤਰੇ ਨੂੰ ਸਾਹਿਬ ਸਿੰਘ ਬੇਦੀ ਦਾ ਨਾਂ ਬਖ਼ਸ਼ਿਆ-ਅਰਥਾਤ ਭਾਈ ਸਾਹਿਬ ਸਿੰਘ ਜੀ ਬੇਦੀ ਗੁਰੂ ਸਾਹਿਬ ਦੇ ਬਚਨਾਂ ਨਾਲ ਪੈਦਾ ਹੋਏ ਸਨ।"
-"ਕੋਈ ਅੰਤ ਨਹੀਂ ਸਰਬੰਸ ਦਾਨੀ ਦਾ-ਉਹਦੀਆਂ ਉਹ ਹੀ ਜਾਣੇ।"
ਅਜੇ ਉਹਨਾਂ ਨੇ ਸਾਖੀ ਸੰਪੂਰਨ ਹੀ ਕੀਤੀ ਸੀ ਕਿ ਵੱਡਾ ਦਰਵਾਜਾ ਫਿਰ ਖੁੱਲਿਆ। ਦੋ ਸਿਪਾਹੀ ਅਤੇ ਡਾਕਟਰ ਅੰਦਰ ਆ ਗਏ। ਡਾਕਟਰ ਨੇ ਪੱਟੀਆਂ ਲਾਹ ਕੇ ਹੋਰ ਪੱਟੀਆਂ ਕਰ ਦਿੱਤੀਆਂ। ਇੱਕ-ਇੱਕ ਟੀਕਾ ਲਾਇਆ। ਅਗਲੇ ਦਿਨ ਥੋੜ੍ਹਾ ਬਹੁਤਾ ਧੁੱਪੇ ਤੁਰਨ-ਫਿਰਨ ਦੀ ਹਦਾਇਤ ਦੇ ਕੇ ਡਾਕਟਰ ਚਲਾ ਗਿਆ।
ਜੈਲਦਾਰ ਦੇ ਬਜੁਰਗ ਮਾਂ-ਬਾਪ ਛੱਡ ਦਿੱਤੇ ਗਏ। ਗੱਲ ਉਹਨਾਂ ਨੂੰ ਕੋਈ ਦੱਸੀ ਨਹੀਂ ਸੀ। ਦੁਖੀ ਮਾਪੇ ਘੁੱਟ ਵੱਟੀ ਬਾਹਰ ਨਿਕਲ ਗਏ ਸਨ। ਪ੍ਰੀਤਮ ਦੀ ਗ੍ਰਿਫ਼ਤਾਰੀ ਬਾਰੇ ਉਹਨਾਂ ਨੂੰ ਕੋਈ ਇਲਮ ਨਹੀਂ ਸੀ। ਨਾ ਹੀ ਉਹਨਾਂ ਨੇ ਕੁਛ ਪੁੱਛਿਆ ਸੀ।
ਅਗਲੇ ਦਿਨ ਦੁਪਹਿਰੇ ਜਦੋਂ ਉਹਨਾਂ ਨੂੰ ਠਾਣੇ ਦੇ ਵਿਹੜੇ ਵਿਚ ਧੁੱਪੇ ਫੇਰਿਆ ਤੋਰਿਆ ਜਾ ਰਿਹਾ ਸੀ ਤਾਂ ਕਾਕੇ ਦੀ ਨਜ਼ਰ ਦੂਰੋਂ, ਚੁਬਾਰੇ ਦੀਆਂ ਪੌੜੀਆਂ ਉਤਰਦੇ ਰਣਬੀਰ 'ਤੇ ਪਈ। ਨਾਲ ਠਾਣੇਦਾਰ ਸੀ। ਠਾਣੇਦਾਰ ਉਸ ਨੂੰ ਥਾਪੜ-ਥਾਪੜ ਕੇ ਕੋਈ ਗੱਲ ਸਮਝਾ ਰਿਹਾ ਸੀ। ਕਾਕੇ ਦੇ ਮਨ ਅੰਦਰ ਕਈ ਸ਼ੰਕਾਵਾਂ ਖੁੰਬ ਵਾਂਗ ਉਠ ਖੜ੍ਹੀਆਂ। ਕਾਕੇ ਦੇ ਦਿਲ 'ਤੇ ਜਿਵੇਂ ਰੇਗਮਾਰ ਫਿਰ ਗਿਆ ਸੀ। ਉਸ ਨੇ ਕਸੀਸ ਵੱਟ ਕੇ ਕੰਧ ਨੂੰ ਹੱਥ ਪਾ ਲਿਆ।
ਕਾਕਾ ਰਣਬੀਰ ਨਾਲ ਕਾਲਜ ਵਿਚ ਪੜ੍ਹਦਾ ਰਿਹਾ ਸੀ। ਉਸ ਦੇ ਗੱਦਾਰ, ਮੁਖ਼ਬਰ ਪਿਉ ਬਾਰੇ ਕਾਕੇ ਨੂੰ ਚੰਗੀ ਤਰ੍ਹਾਂ ਪਤਾ ਸੀ। ਨਕਸਲਵਾੜੀ ਲਹਿਰ ਮੌਕੇ ਰਣਬੀਰ ਦੇ ਨੰਬਰਦਾਰ ਪਿਉ ਨੇ ਨਕਸਲੀ ਫੜਵਾ ਕੇ ਚੰਗੇ ਹੱਥ ਰੰਗੇ ਸਨ ਤੇ ਹੁਣ ਸ਼ਾਇਦ ਰਣਬੀਰ....? ਉਸ ਦੇ ਦਿਮਾਗ ਅੰਦਰ ਸੋਚਾਂ ਟੱਕਰਾਂ ਮਾਰ ਰਹੀਆਂ ਸਨ। ਕਾਲਜ ਵਿਚ ਵੀ ਫ਼ੈਡਰੇਸ਼ਨ ਅਤੇ ਕੌਮਿਊਨਿਸਟ ਧੜਿਆਂ ਦੇ ਸਿੰਗ ਰਣਬੀਰ ਦੀ ਚੁੱਕ 'ਤੇ ਹੀ ਫ਼ਸਦੇ ਸਨ। ਪਰ ਰਣਬੀਰ ਸਿਆਸਤੀ ਹੋਣ ਕਾਰਨ ਦੋਹਾਂ ਧਿਰਾਂ ਨਾਲ ਹੀ ਬਣਾਈ ਰੱਖਦਾ ਸੀ। ਸਿਰ ਬਿਗਾਨਿਆਂ ਪੁੱਤਾਂ ਦੇ ਹੀ ਪਾਟ ਜਾਂਦੇ ਸਨ। ਨੰਬਰਦਾਰ ਪਿਉ ਦਾ ਪਾਹ
ਪੁੱਤ ਨੂੰ ਮਾੜਾ ਮੋਟਾ ਜਰੂਰ ਲੱਗਣਾ ਸੀ। ਕਾਕਾ ਸੁੰਨ ਹੋਇਆ ਖੜ੍ਹਾ ਸੀ।
-"ਕੀ ਗੱਲ ਹੋ ਗਈ?" ਜੈਲਦਾਰ ਨੇ ਆ ਕੇ ਕਾਕੇ ਨੂੰ ਪੁੱਛਿਆ।
-"ਊਈਂ ਚੱਕਰ ਜਿਹਾ ਆ ਗਿਆ ਸੀ।" ਕੋਲ ਫਿਰਦੇ ਸੰਤਰੀ ਨੂੰ ਦੇਖ ਕੇ ਕਾਕਾ ਗੱਲ ਦੱਬ ਗਿਆ।
-"ਹੁਣ ਠੀਕ ਐਂ?"
-"ਹਾਂ...!"
ਰਾਤ ਨੂੰ ਕਾਕੇ ਨੇ ਜੈਲਦਾਰ ਨੂੰ ਸਾਰੀ ਕਹਾਣੀ ਕਹਿ ਸੁਣਾਈ। ਜੈਲਦਾਰ ਨੇ ਬਣੇ ਧਿਆਨ ਨਾਲ ਸੁਣਿਆ ਸੀ।
-"ਕਿਹੜੇ ਪਿੰਡ ਦਾ ਐ ਇਹ ਸੂਰਮਾਂ?"
-"ਤਲਵੰਡੀ ਦਾ ਐ-ਨੰਬਰਦਾਰ ਦਾ ਮੁੰਡਾ।"
-"ਕੀ ਨਾਂ ਐਂ?"
-"ਰਣਬੀਰ!"

-"ਕਾਕਿਆ! ਜੇ ਤਾਂ ਗੁਰੂ ਨੇ ਇੱਥੋਂ ਲਿਆ ਕੱਢ, ਤਾਂ-ਤਾਂ ਮੇਲਾਂਗੇ ਆਪਣੇ ਹੱਥੀਂ ਘੁੰਡੀਆਂ-ਤੇ ਜੇ ਸਜਾ ਖਾ ਗਏ ਜਾਂ ਚੜ੍ਹਾਈ ਕਰ ਗਏ-ਫੇਰ ਕੁਛ ਕਹਿ ਨਹੀਂ ਸਕਦੇ-ਪਰ ਜੇ ਸਬੱਬ ਬਣਿਆਂ ਸਿੰਘਾਂ ਨੂੰ ਇਹਦੀਆਂ ਸੇਵਾਵਾਂ ਬਾਰੇ ਜਰੂਰ ਸੁਨੇਹਾਂ ਭੇਜਾਂਗੇ-ਐਹੋ ਜਿਹੇ ਈਮਾਨਦਾਰ ਬੰਦੇ ਨੂੰ ਕੋਈ ਨਾ ਕੋਈ ਇਨਾਮ ਤਾਂ ਜਰੂਰ ਮਿਲਣਾ ਚਾਹੀਦੈ!"
-"ਯਾਰ ਰੋਟੀ ਰਾਟੀ ਦੀ ਸਾਲੇ ਬਾਤ ਈ ਨਹੀਂ ਪੁੱਛਦੇ।"
-"ਮੁਰਗਾ ਖੁਆਵਾਂ?"
ਦੋਨੋਂ ਹੱਸ ਪਏ।
-"ਆਹ ਤਾਕਤ ਦੇ ਕੈਪਸੂਲ ਈ ਆਪਾਂ ਨੂੰ ਬਚਾਈ ਆਉਂਦੇ ਐ-ਨਹੀਂ ਹੁਣ ਨੂੰ ਘੁੱਗੂ ਬੋਲਿਆ ਹੋਣਾ ਸੀ।"
-"ਮੇਰੀ ਮਾਸੂਕ ਸੀਬੋ ਤਾਂ ਰੋ-ਰੋ ਕਮਲੀ ਹੋਜੂ..!"
ਕਾਕਾ ਮੁਸਕਰਾ ਪਿਆ।
-"ਹਾਏ ਵੇ ਮੇਰੇ ਸਹੁਰੇ ਦਿਆ ਜਾਇਆ ਕਹਿ ਕਹਿ ਕੇ ਵੈਣ ਪਾਊਗੀ।"
ਸਿਹਤ ਵੱਲੋਂ ਕੁਝ ਕੁ ਠੀਕ ਹੋਏ ਉਹ ਅਰਾਮ ਕਰਨ ਲਈ ਲਿਟ ਗਏ ਸੀ। ਬੱਲਬ ਉਹਨਾਂ ਦੇ ਸਿਰ 'ਤੇ ਸਾਰਾ ਦਿਨ, ਸਾਰੀ ਰਾਤ ਜਗਦਾ ਰਹਿੰਦਾ ਸੀ। ਚੌਂਕੀਦਾਰ ਵਾਂਗ!

## ਕਾਂਡ 11

ਕਾਕੇ ਅਤੇ ਜੈਲਦਾਰ ਦੇ ਰਿਮਾਂਡ ਦਾ ਸਮਾਂ ਖ਼ਤਮ ਹੋ ਗਿਆ ਸੀ। ਜ਼ਖਮ ਉਹਨਾਂ ਦੇ ਭਰ ਗਏ ਸਨ। ਪਰ ਕਦੇ ਕਦੇ ਵਗਦੀ ਪੁਰੇ ਦੀ ਹਵਾ ਉਹਨਾਂ ਨੂੰ ਦੁੱਖ ਦਾ ਕੇੜਾ ਚਾੜ੍ਹਦੀ ਸੀ। ਠੰਢ ਨਾਲ ਹੱਡ ਚਸਕਦੇ ਸਨ। ਗੋਡਿਆਂ ਦੇ ਦਰਦ ਵੱਲੋਂ ਉਹ ਦੋਨੋਂ ਹੀ ਬੜੇ ਤੰਗ ਸਨ। ਜੰਗਲ-ਪਾਣੀ, ਉਠਣ-ਬੈਠਣ ਲੱਗਿਆਂ ਦੀਆਂ ਬਹੁੜੀਆਂ ਨਿਕਲ ਜਾਂਦੀਆਂ ਸਨ।

ਉਠਣ ਲੱਗਿਆਂ ਦੇ ਗੋਡਿਆਂ ਦੇ ਭੜ੍ਹਾਕੇ ਪੈਂਦੇ ਸਨ ਅਤੇ ਮਸਲੀਆਂ ਹੋਈਆਂ ਨਾੜਾਂ "ਟੱਸ-ਟੱਸ" ਕਰਦੀਆਂ ਸਨ। ਡਾਕਟਰ ਅਨੁਸਾਰ ਤਿੰਨ ਮਹੀਨੇ ਘੱਟੋ-ਘੱਟ ਇਹ ਦਰਦਾਂ ਰਹਿਣੀਆਂ ਸਨ। ਸਾਰੀਆਂ ਖਾੜਕੂ ਜੱਥੇਬੰਦੀਆਂ ਨੂੰ ਬਿੱਲੂ ਅਤੇ ਪ੍ਰੀਤ ਦੀ ਸ਼ਹੀਦੀ ਬਾਰੇ ਅਤੇ ਜੈਲਦਾਰ ਅਤੇ ਕਾਕੇ ਦੀ ਗ੍ਰਿਫ਼ਤਾਰੀ ਬਾਰੇ ਅਗਲੀ ਸਵੇਰ ਹੀ ਪਤਾ ਲੱਗ ਗਿਆ ਸੀ। ਸਾਰਿਆਂ ਨੇ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀ ਭੇਂਟ ਕਰਕੇ ਅਰਦਾਸ ਕਰ ਦਿੱਤੀ ਸੀ। ਉਹਨਾਂ ਦੀ ਆਤਮਾ ਦੀ ਸ਼ਾਂਤੀ ਲਈ ਗੁਰੂ ਮਹਾਰਾਜ ਅੱਗੇ ਬੇਨਤੀਆਂ ਹੋਈਆਂ ਸਨ। ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਲਈ ਪੁਕਾਰ ਕੀਤੀ ਸੀ।

ਖ਼ਾੜਕੂ ਜੱਥੇਬੰਦੀਆਂ ਦੇ ਮੁਖੀ ਦੋਹਾਂ ਖ਼ਾੜਕੂਆਂ ਦੀ ਗ੍ਰਿਫ਼ਤਾਰੀ 'ਤੇ ਅਤੀ ਚਿੰਤਤ ਸਨ। ਚਾਹੇ ਉਹਨਾਂ ਨੂੰ ਕਾਕੇ ਅਤੇ ਜੈਲਦਾਰ ਦੇ ਸਿਰੜੀ ਸੁਭਾਅ 'ਤੇ ਅਥਾਹ ਵਿਸ਼ਵਾਸ ਸੀ। ਪਰ ਉਹ ਪੁਲੀਸ ਦੇ ਬੁੱਚੜਖਾਨੇ ਤੋਂ ਵੀ ਭਲੀ ਭਾਂਤ ਜਾਣੂ ਸਨ। ਸਭ ਤੋਂ ਵੱਡਾ ਖ਼ਤਰਾ ਉਹਨਾਂ ਨੂੰ "ਮੁਕਾਬਲੇ" ਦਾ ਸੀ। ਪੁਲੀਸ 'ਤੇ ਉਹਨਾਂ ਨੂੰ ਵਾਅ-ਵਰੋਲੇ ਜਿੰਨਾ ਵੀ ਵਿਸ਼ਵਾਸ ਨਹੀਂ ਸੀ।

ਇੱਕ ਹਫ਼ਤੇ ਦੌਰਾਨ ਖ਼ਾੜਕੂ ਜੱਥੇਬੰਦੀਆਂ ਦੇ ਮੁਖੀ ਤਿੰਨ ਮੀਟਿੰਗਾਂ ਕਰ ਚੁੱਕੇ ਸਨ। ਕਾਕੇ ਅਤੇ ਜੈਲਦਾਰ ਦੇ ਬਚਾਓ ਲਈ ਕਈ ਮਤੇ ਉਲੀਕੇ ਸਨ। ਕੁਝ ਮਤੇ ਸਰਬ-ਸੰਮਤੀ ਨਾਲ ਪਾਸ ਹੋ ਗਏ ਸਨ ਅਤੇ ਕਈ ਮਤੇ "ਚੁੰਝ-ਪੌਂਚੇ" ਫ਼ਸਾ ਕੇ ਰੱਦ ਕਰ ਦਿੱਤੇ ਗਏ ਸਨ। ਖ਼ਾੜਕੂ ਸਫ਼ਾਂ ਨੇ ਕਨਸੋਅ ਲੈਣ ਲਈ ਥਾਂ-ਥਾਂ 'ਤੇ ਸੂਹੀਏ ਵਿਛਾਅ ਦਿੱਤੇ ਸਨ। ਹਰ ਖ਼ਬਰ ਮੁਖੀਆਂ ਤੱਕ ਬੜੇ ਢੰਗ ਤਰੀਕੇ ਨਾਲ ਪੁੱਜ ਰਹੀ ਸੀ। ਹਰ ਪ੍ਰਤੀਕਰਮ ਦਾ ਨਿਰਣਾ ਬੜੀ ਸੂਝ ਬੂਝ ਨਾਲ ਲਿਆ ਜਾ ਰਿਹਾ ਸੀ।

ਅੱਜ ਸਵੇਰੇ ਦਸ ਵਜੇ ਕਾਕੇ ਅਤੇ ਜੈਲਦਾਰ ਨੂੰ ਅਦਾਲਤ ਪੇਸ਼ ਕਰਨਾ ਸੀ। ਟਰੱਕ ਠਾਣੇ ਦੇ ਵਿਹੜੇ ਵਿਚ ਤਿਆਰ ਖੜ੍ਹੇ ਸਨ। ਠਾਣੇਦਾਰ ਅਤੇ ਮੁਣਸ਼ੀ ਦਫ਼ਤਰ ਵਿਚ ਫ਼ਾਈਲਾਂ ਨੂੰ ਦੁਬਾਰਾ ਨਿਰਖ ਰਹੇ ਸਨ।

ਕਾਕੇ ਅਤੇ ਜੈਲਦਾਰ ਨੂੰ ਹੱਥਕੜੀਆਂ ਲਾ ਕੇ ਵਿਹੜੇ ਵਿਚ ਭੁੰਜੇ ਬਿਠਾਇਆ ਹੋਇਆ ਸੀ।

-"ਮੇਰੀ ਗਲਤੀ ਕਾਰਨ ਕੀ ਦਾ ਕੀ ਹੋ ਗਿਆ-ਦੋ ਸਾਥੀ ਵਿਛੜ ਗਏ ਤੇ....।" ਜੈਲਦਾਰ ਨੇ ਆਪਣੇ ਅੰਦਰ ਪੂਰੇ ਹਫ਼ਤੇ ਤੋਂ ਰਿੱਝ ਰਹੀ ਗੱਲ ਆਖਰ ਕਹਿ ਕੇ ਮਨ ਹਲਕਾ ਕਰ ਲਿਆ। ਕਾਕੇ ਨੇ ਉਸ ਦੇ ਮੋਢੇ 'ਤੇ ਹੱਥ ਰੱਖ ਦਿੱਤਾ।

-"ਜੋ ਗੁਰੂ ਦਾ ਭਾਣਾ ਐਂ-ਹਰ ਹਾਲਤ ਬੀਤ ਕੇ ਰਹਿਣੈ-ਐਹੋ ਜਿਹੀਆਂ ਗੱਲਾਂ ਨਹੀਂ ਸੋਚੀਦੀਆਂ ਹੁੰਦੀਆਂ ਦੋਸਤਾ..! ਬੀਤ ਗਈ 'ਤੇ ਕਾਹਦਾ ਪਛਤਾਵਾ? ਗੌਰਮਿੰਟ ਨੂੰ ਆਪਣੇ ਅਹਿਸਾਸ ਦਾ, ਆਪਣੇ ਹੌਸਲਿਆਂ ਦਾ ਤਾਂ ਪਤਾ ਚੱਲਿਆ-ਆਪਣੀ ਹੋਂਦ ਦਾ ਅਹਿਸਾਸ ਤਾਂ ਹੋਇਆ-ਜੋ ਹੋਣੈ ਉਹ ਤਾਂ ਹੋ ਕੇ ਰਹਿਣੈ-ਪਰ ਕੇਰਾਂ ਤਾਂ ਆਉਣਸਾਰ ਪੂਛਾਂ ਚਕਾਤੀਆਂ ਸੀ-ਜਿਥੋਂ ਤੱਕ ਸਾਥੀਆਂ ਦੇ ਵਿਛੜਨ ਦੀ ਗੱਲ ਐ-ਬੈਠ ਮਿੱਤਰਾ ਆਪਾਂ ਵੀ ਨਹੀਂ ਰਹਿਣਾ-ਉਹ ਯੋਧੇ ਤਾਂ ਸਿੱਖ ਕੌਮ ਦੇ ਹੀਰੇ ਐ-ਕਦੇ ਵਕਤ ਆਊ ਲੋਕ ਇਹਨਾਂ ਨੂੰ ਸ਼ਹੀਦ ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭੇ ਵਰਗਿਆਂ ਵਾਂਗ ਸੀਸ ਝੁਕਾਇਆ ਕਰਨਗੇ-ਹਰ ਕ੍ਰਾਂਤੀਕਾਰੀ ਸਮੇਂ ਦੀ ਸਰਕਾਰ ਦਾ ਗੱਦਾਰ ਅਤੇ ਬਾਗੀ ਹੁੰਦੈ-ਪਰ ਆਪਣੇ ਹੱਕ ਅਤੇ ਅਧਿਕਾਰ ਪ੍ਰਾਪਤ ਕਰਨ ਪਿੱਛੋਂ ਕੌਮ ਦਾ ਸਿਰਲੱਥ ਹੀਰੋ ਬਣਦੈ! ਇਹ ਸਾਥੀ ਸਿਰਫ਼ ਵਕਤ ਦਾ ਹੀ ਹੇਰ ਫੇਰ ਐ-ਹਰ ਝੱਖੜ ਝੁੱਲਣ ਮਗਰੋਂ ਸ਼ਾਂਤੀ ਪਸਰਦੀ ਐ-ਹਰ ਰਾਤ ਦਾ ਅਖੀਰ ਸੂਰਜ ਦੀ ਸੂਹੀ ਸਵੇਰ ਨਾਲ ਹੁੰਦੈ-ਸੰਸਾਰ ਦੇ ਕਿਸੇ ਕੋਨੇ 'ਤੇ ਨਜ਼ਰ ਮਾਰ ਕੇ ਦੇਖ ਲਵੋ-ਹਰ ਕ੍ਰਾਂਤੀ ਮਗਰੋਂ ਇਨਕਲਾਬ ਆਉਂਦੈ ਅਤੇ ਫਿਰ ਇਨਕਲਾਬ ਬਣਦੈ ਦੱਬੀਆਂ ਕੁਚਲੀਆਂ ਜਾਤੀਆਂ ਅਤੇ ਕੌਮਾਂ ਦੇ ਨਾਸੂਰਾਂ ਲਈ ਮੱਲ੍ਹਮ! ਉਸ ਨੂੰ ਆਖਦੇ ਨੇ ਹਲੇਮੀਂ ਰਾਜ! ਹਲੇਮੀਂ ਰਾਜ ਹਮੇਸ਼ਾ ਸ਼ਹੀਦਾਂ ਦੇ ਸਿਰਾਂ 'ਤੇ ਹੀ ਉਸਰਦੈ-ਜੇ ਇਸ ਰਾਜ ਦੀ ਨੀਂਹ ਵਿਚ ਆਪਣੇ ਸਿਰ ਲੱਗ ਜਾਣ ਤਾਂ ਹੋਰ ਗੁਰੂ ਤੋਂ ਕੀ ਭਾਲਦੇ ਐਂ?" ਕਾਕੇ ਦੇ ਵਿਸਥਾਰ ਨੇ ਜੈਲਦਾਰ ਦੀ ਰੂਹ ਹਲਕੀ ਕਰ ਦਿੱਤੀ। ਉਹ ਹੌਲਾ ਫੁੱਲ ਹੋ ਗਿਆ ਸੀ। ਹੁਣ ਉਸ ਨੂੰ ਆਪਣੇ ਆਪ 'ਤੇ ਕੋਈ ਗਿਲਾ-ਸ਼ਿਕਵਾ ਨਹੀਂ ਰਹਿ ਗਿਆ ਸੀ।

ਸਵੇਰ ਦੇ ਨੌਂ ਵੱਜ ਗਏ ਸਨ।

ਧੁੱਪ ਦੇ ਨਿੱਘ ਨਾਲ ਸਵੇਰ 'ਚ ਨਿਘਾਸ ਸੀ।

ਕਾਕੇ ਅਤੇ ਜੈਲਦਾਰ ਨੂੰ ਟਰੱਕ ਵਿਚ ਚੜ੍ਹਾ ਪੁਲੀਸ ਵਾਲੇ ਤੁਰ ਗਏ।

ਠਾਣੇਦਾਰ ਅਤੇ ਹੌਲਦਾਰ ਡਰਾਈਵਰ ਨਾਲ ਡਟੇ ਬੈਠੇ ਸਨ। ਅਦਾਲਤ ਠਾਣੇ ਤੋਂ ਤਕਰੀਬਨ ਅੱਧੇ ਕੁ ਘੰਟੇ ਦੀ ਵਾਟ 'ਤੇ ਸੀ। ਟਰੱਕ ਆਪਣੀ ਚਾਲ ਤੁਰਿਆ ਜਾ ਰਿਹਾ ਸੀ। ਕਾਕੇ ਅਤੇ ਜੈਲਦਾਰ ਦੇ ਹੱਥਕੜੀਆਂ ਲੱਗੀਆਂ ਹੋਈਆਂ ਸਨ।

ਟਰੱਕ ਦੇ ਦੋਨੋਂ ਪਾਸੀਂ ਸਾਈਡਾਂ 'ਤੇ ਤਿੰਨ-ਤਿੰਨ ਸਿਪਾਹੀ ਹਥਿਆਰ ਕਸੀ ਬੈਠੇ ਸਨ। ਕਾਕਾ ਵਾਰ-ਵਾਰ ਗੁਰਮੀਤ ਸਿਪਾਹੀ ਵੱਲ ਗਹਿਰੀਆਂ ਅਤੇ ਪਾੜ ਖਾਣੀਆਂ ਨਜ਼ਰਾਂ ਨਾਲ ਦੇਖਦਾ ਸੀ। ਗੁਰਮੀਤ ਕਾਕੇ ਦਾ ਪੂਰਾ ਅੱਖਤਿਣ ਸੀ। ਗੁਰਮੀਤ ਨੇ ਕਾਕੇ ਅਤੇ ਜੈਲਦਾਰ 'ਤੇ ਘੋਰ ਤਸ਼ੱਦਦ ਕੀਤਾ ਸੀ।

ਗੁਰਮੀਤ ਸਵੇਰੇ ਚਾਰ ਵਜੇ ਤੋਂ ਡਿਊਟੀ 'ਤੇ ਸੀ। ਜਿਸ ਕਰਕੇ ਉਸ ਨੂੰ ਨੀਂਦ ਦਾ ਕਦੇ ਕਦੇ "ਟੂਲਾ" ਆਉਂਦਾ ਸੀ।

ਸ਼ਹਿਰ ਵਿਚ ਆਵਾਜਾਈ ਅਜੇ ਘੱਟ ਹੀ ਸੀ। ਕੰਮ ਦੇ ਦਿਨ ਹੋਣ ਕਰਕੇ ਲੋਕ ਕਿੱਤੀਂ ਲੱਗੇ ਹੋਏ ਸਨ। ਝੋਨੇ ਦੀ ਝੜਵਾਈ ਜੋਰਾਂ ਸ਼ੋਰਾਂ ਨਾਲ ਸੁਰੂ ਹੋ ਚੁੱਕੀ ਸੀ। ਸਰਦੇ ਪੁੱਜਦੇ ਘਰਾਂ ਨੇ ਝੋਨਾ ਕੰਬਾਈਨਾਂ ਨਾਲ ਵਢਵਾ ਦਿੱਤਾ ਸੀ। ਮੰਡੀਆਂ ਨੂੰ ਢੋਹ ਢੁਆਈ ਸੁਰੂ ਹੋ ਗਈ ਸੀ। ਪਰ ਬਾਣੀਏਂ, ਆੜ੍ਹਤੀਏ ਨੱਕ ਬੁੱਲ੍ਹ ਮਾਰਦੇ ਸਨ। ਕਿਸਾਨਾਂ ਦੀ ਲਹੂ ਪਸੀਨੇ ਦੀ ਕਮਾਈ ਸਰਮਾਏਦਾਰਾਂ ਦੇ ਬੂਹੇ ਰੁਲ ਰਹੀ ਸੀ। ਝੋਨੇ ਦੀ ਕੋਈ ਦੱਸ ਪੁੱਛ ਨਹੀਂ ਸੀ। ਤੇਲ ਪਾਣੀ ਵੀ ਨਹੀਂ ਮੁੜਦਾ ਸੀ। ਆਰਥਿਕ ਪੱਖੋਂ ਤਬਾਹ ਹੋਏ ਕਿਸਾਨ ਪ੍ਰੀਵਾਰਾਂ ਸਮੇਤ ਖੁਦਕਸ਼ੀਆਂ ਕਰ ਰਹੇ ਸਨ, ਪਰ ਸਰਕਾਰ ਦੇ
ਕੰਨੋਂ ਮੈਲ ਨਹੀਂ ਜਾਂਦੀ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਰਗਾ ਰਾਜ ਪੁਨਰ-ਗਠਨ ਕਰਨ ਦੇ ਦਾਅਵੇ ਕਰਨ ਵਾਲੇ ਲੀਡਰ ਮੂੰਹ ਚੁੱਕੀ ਤਮਾਸ਼ਾ ਦੇਖ ਰਹੇ ਸਨ। ਕੋਈ ਮਰੇ ਕੋਈ ਜੀਵੇ-ਸੁਥਰਾ ਘੋਲ ਪਤਾਸੇ ਪੀਵੇ! ਉਹਨਾਂ ਦਾ ਕਿਹੜਾ ਕੋਈ ਪੁੱਤ ਜਾਂ ਭਰਾ ਮਰਨਾ ਸੀ? ਮਰਾਸੀਆਂ ਦੇ ਆਖਣ ਵਾਂਗ - ਜੇ ਜੱਟ ਨਾ ਹੁੰਦੇ ਤਾਂ ਬੰਦਿਆਂ ਨੂੰ ਵਾਹੀ ਕਰਨੀ ਪੈਂਦੀ। ਇਸੇ ਤਰ੍ਹਾਂ ਹੀ ਸਰਕਾਰ ਦੀ ਨਜ਼ਰ ਵਿਚ ਜੱਟ ਜਾਂ ਕਿਸਾਨ "ਬੰਦੇ" ਹੀ ਨਹੀਂ ਸਨ। ਪੁੱਤ ਭਰਾ ਕੋਠੀਆਂ ਕਾਰਾਂ ਵਿਚ ਮਹਿਫੂਜ਼ ਸਨ। ਉਹਨਾਂ ਨੂੰ ਨਾ ਗਰਮੀ, ਨਾ ਸਰਦੀ ਪੋਂਹਦੀ ਸੀ। ਪੱਚੀ-ਪੱਚੀ ਸੂਖ਼ਮ ਹਥਿਆਰਬੰਦ ਅੰਗ-ਰੱਖਿਅਕ ਮੁਹੱਈਆ ਕਰਵਾਏ ਹੋਏ ਸਨ। ਲੀਡਰ ਹਰ ਤਰ੍ਹਾਂ ਨਾਲ ਸ਼ਾਹੀ ਠਾਠ ਮਾਣ ਰਹੇ ਸਨ।

ਤਕਰੀਬਨ ਸਾਢੇ ਕੁ ਨੌਂ ਵਜੇ ਸਵੇਰੇ ਉਹਨਾਂ ਨੂੰ ਟਰੱਕ ਨੇ ਕਚਿਹਰੀਆਂ ਵਿਚ ਲਿਆ ਉਤਾਰਿਆ। ਠਾਣੇਦਾਰ ਨੇ ਸਬੰਧਿਤ ਫ਼ਾਈਲਾਂ ਕੱਛ ਹੇਠ ਦੱਬੀਆਂ ਹੋਈਆਂ ਸਨ। ਤਿੰਨ ਸਿਪਾਹੀ ਕਾਕੇ ਅਤੇ ਜੈਲਦਾਰ ਦੇ ਅੱਗੇ ਅਤੇ ਤਿੰਨ ਪਿੱਛੇ ਤੁਰੇ ਜਾ ਰਹੇ ਸਨ। ਠਾਣੇਦਾਰ ਅਤੇ ਹੌਲਦਾਰ ਸਾਰਿਆਂ ਤੋਂ ਅੱਗੇ ਸਨ।

-"ਸਰਦਾਰ ਜੀ ਸਾਸਰੀਕਾਲ..!" ਪਾਸਿਓਂ ਕਿਸੇ ਨੇ ਠਾਣੇਦਾਰ ਗਰੇਵਾਲ ਨੂੰ ਕਿਹਾ। ਠਾਣੇਦਾਰ ਉੱਧਰ ਝਾਕਿਆ। ਪਰ ਬੰਦਾ ਪਹਿਚਾਣ ਵਿਚ ਨਹੀਂ ਆਇਆ ਸੀ।

-"ਸਾਸਰੀਕਾਲ..! ਤੂੰ ਕੌਣ ਐਂ ਬਈ..?" ਠਾਣੇਦਾਰ ਹੈਰਾਨ ਸੀ। ਕੋਈ ਓਪਰਾ ਬੰਦਾ ਉਸ ਦਾ ਐਂਵੇਂ ਹੀ ਵਕਤ ਖਰਾਬ ਕਰੀ ਜਾ ਰਿਹਾ ਸੀ।

-"ਪਛਾਣਿਆਂ ਨਹੀਂ?" ਉਸ ਨੇ ਜਾਕਟ ਹੇਠੋਂ ਸਟੇਨਗੰਨ ਕੱਢ ਕੇ ਫ਼ਾਇਰਿੰਗ ਸੁਰੂ ਕਰ ਦਿੱਤੀ। ਠਾਣੇਦਾਰ ਅਤੇ ਹੌਲਦਾਰ ਭਰਾੜ੍ਹ ਹੋ ਗਏ। ਖ਼ੂਨ ਦਾ ਖਾਲ ਵਹਿ ਤੁਰਿਆ।

-"ਭੱਜ ਕੇ ਟਰੱਕ ਕੋਲੇ ਚੱਲੋ!" ਗੁਰਪਾਲ ਨੇ ਕਾਕੇ ਹੋਰਾਂ ਨੂੰ ਲਲਕਾਰ ਕੇ ਕਿਹਾ। ਉਹ ਭੱਜ ਕੇ ਟਰੱਕ ਕੋਲ ਹੋ ਗਏ।

ਗੋਲੀ ਚਾਰੇ ਪਾਸਿਓਂ ਚੱਲਣੀ ਸੁਰੂ ਹੋ ਗਈ।

ਕਚਿਹਰੀਆਂ ਵਿਚ ਜਿਵੇਂ ਪਰਲੋਂ ਆ ਗਈ ਸੀ।

ਭਗਦੜ ਮੱਚੀ ਹੋਈ ਸੀ। ਸਿਪਾਹੀ ਜਿਵੇਂ ਗੋਲੀ ਚਲਾਉਣਾ ਹੀ ਭੁੱਲ ਗਏ ਸਨ। ਜੱਜ, ਵਕੀਲ, ਰੀਡਰ, ਟਾਈਪਿਸਟ ਅਤੇ ਆਮ ਜਨਤਾ ਖੋਖਿਆਂ ਅਤੇ ਦੁਕਾਨਾਂ ਅੰਦਰ ਵੜ ਗਏ ਸਨ। ਇੱਕ ਅਜੀਬ ਚੀਕ ਚਿਹਾੜਾ ਮੱਚ ਗਿਆ ਸੀ।

ਪੰਜ ਸਿਪਾਹੀ ਵੀ ਭੁੰਨੇ ਜਾ ਚੁੱਕੇ ਸਨ। ਪਰ ਗੁਰਮੀਤ ਅਜੇ ਸਹਿਕ ਰਿਹਾ ਸੀ। ਜੈਲਦਾਰ ਗੁਰਬੰਤ ਤੋਂ ਏ. ਕੇ. 56 ਫੜ ਕੇ ਗੁਰਮੀਤ ਦੀ ਛਾਤੀ 'ਤੇ ਜਾ ਚੜ੍ਹਿਆ।

-"ਕਿਉਂ ਉਏ ਭੈਣ ਦਿਆ ਯਾਰਾ! ਰੱਬ ਬਣਿਆ ਫਿਰਦਾ ਸੀ? ਹੁਣ ਬੋਲ...!" ਉਸ ਨੇ ਗੁਰਮੀਤ ਦੀ ਛਾਤੀ 'ਤੇ ਚੜ੍ਹ ਕੇ ਥਬੂਕੇ ਮਾਰਨੇ ਸੁਰੂ ਕਰ ਦਿੱਤੇ।

-"ਜੈਲਦਾਰਾ...! ਜਲਦੀ ਆ-ਟਾਈਮ ਬਹੁਤ ਘੱਟ ਐ-ਛੇਤੀ ਕਰ...!" ਬੰਬ ਚੀਕਿਆ।

-"ਟੈਮ ਈ ਘੱਟ ਐ-ਨਹੀਂ ਤੇਰੇ ਨਾਲ ਤਾਂ ਆਪਣਾ ਲੰਮਾ ਚੌੜਾ ਹਿਸਾਬ ਸੀ-ਲੈ ਕਰ ਤਿਆਰੀ ਨਰਕਾਂ ਦੀ ਦੁਸ਼ਟਾ!" ਤੇ ਜੈਲਦਾਰ ਨੇ ਦੋ ਫ਼ਾਇਰਾਂ ਨਾਲ ਗੁਰਮੀਤ ਦੀ ਖੋਪੜੀ ਉਡਾ ਦਿੱਤੀ। ਗੁਰਮੀਤ ਦੀ ਚੀਕ ਮੂੰਹ ਅੰਦਰ ਹੀ ਮਰ ਗਈ।

ਨਿਸ਼ਾ ਕਰਕੇ ਜੈਲਦਾਰ ਚੀਤੇ ਵਾਂਗ ਟਰੱਕ ਵਿਚ ਜਾ ਚੜ੍ਹਿਆ।

-"ਸਾਰੇ ਆ ਗਏ ਬਾਈ?" ਗੁਰਬੰਤ ਨੇ ਪੁੱਛਿਆ।

-"ਆਹੋ-ਬੋਲ ਵਾਖਰੂ...!"

ਸ਼ਿਕਾਰੀ ਕੁੱਤੀ ਵਾਂਗ ਟਰੱਕ ਆਪਣੇ ਰਸਤੇ ਪੈ ਗਿਆ। ਕਚਿਹਰੀਆਂ ਵਿਚ "ਹਾੜ" ਬੋਲਣ ਲੱਗ ਪਿਆ ਸੀ। ਦੁਕਾਨਾਂ ਖੋਖਿਆਂ ਵਿਚ ਲਿਟੇ ਹੋਏ ਲੋਕ ਰੱਬ ਦਾ ਨਾਂ ਜਪ ਰਹੇ ਸਨ। ਕਿਸੇ ਦੀ ਬਾਹਰ ਨਿਕਲਣ ਦੀ ਹਿੰਮਤ ਨਹੀਂ ਹੋ ਰਹੀ ਸੀ। ਕੋਈ ਫ਼ੋਰਸ ਨੂੰ ਫ਼ੋਨ ਕਰਨ ਦਾ ਹੀਆਂ ਨਹੀਂ ਕਰਦਾ ਸੀ। ਹਰ ਇੱਕ ਦੇ ਦਿਲ ਵਿਚ ਇਹ ਹੀ ਡਥੱਕ ਸੀ ਕਿ ਕਿਤੇ ਪਤੰਦਰ ਫਿਰ ਨਾ ਇੱਧਰ ਨੂੰ ਮੋੜਾ ਪਾ ਲੈਣ! ਅਣਜਕਿਆਂ ਦਾ ਕੋਈ ਇਤਬਾਰ ਸੀ? ਠਾਣੇਦਾਰ ਗਰੇਵਾਲ, ਹੌਲਦਾਰ, ਛੇ ਸਿਪਾਹੀਆਂ ਸਮੇਤ ਇੱਕ ਨਿਰਦੋਸ਼ ਟਾਈਪਿਸਟ ਵੀ ਮਾਰਿਆ ਗਿਆ ਸੀ, ਜਿਸ ਨੂੰ ਮਾਰਨ ਦਾ ਉਹਨਾਂ ਦਾ ਕੋਈ ਇਰਾਦਾ ਨਹੀਂ ਸੀ। ਨੌਂ ਲਾਸ਼ਾਂ ਕਚਿਹਰੀ ਦੇ ਅਹਾਤੇ ਵਿਚ ਲਾਵਾਰਸਾਂ ਵਾਂਗ ਪਈਆਂ ਸਨ। ਅਹਾਤਾ ਖ਼ੂਨ ਨਾਲ ਗੜੁੱਚ ਹੋ ਗਿਆ ਸੀ। ਕੋਈ ਲਾਸ਼ਾਂ ਕੋਲ ਜਾਣ ਲਈ ਦਿਲ ਨਹੀਂ ਕੱਢਦਾ ਸੀ।

ਕਚਿਹਰੀਆਂ ਕਿਸੇ ਉਜਾੜ ਜੰਗਲ ਵਾਂਗ ਸੁੰਨੀਆਂ, ਛੂਕ ਰਹੀਆਂ ਸਨ।

ਸਾਰਾ ਕੰਮ ਠੱਪ ਹੋ ਕੇ ਰਹਿ ਗਿਆ ਸੀ।

ਵਾਰਦਾਤ ਤੋਂ ਕੋਈ ਘੰਟੇ ਬਾਅਦ ਭਾਰੀ ਫ਼ੋਰਸ ਪਹੁੰਚੀ। ਚਾਰੇ ਪਾਸਿਓਂ ਟਰੱਕਾਂ, ਜੀਪਾਂ 'ਤੇ ਫ਼ੋਰਸ ਹੀ ਫ਼ੋਰਸ ਆ ਰਹੀ ਸੀ। ਕਚਿਹਰੀਆਂ ਤੁਰਦੀ-ਫਿਰਦੀ "ਹਰੇਵਾਈ" ਨਾਲ ਭਰ ਗਈਆਂ ਸਨ। ਜਿੱਥੇ ਇੱਕ ਘੰਟਾ ਪਹਿਲਾਂ ਉਲੂ ਬੋਲਦੇ ਸਨ, ਹੁਣ ਤਿਲ ਸੁੱਟਣ ਲਈ ਥਾਂ ਨਹੀਂ ਸੀ। ਕਚਿਹਰੀਆਂ ਇੱਕ ਤਰ੍ਹਾਂ ਨਾਲ ਛਾਉਣੀ ਵਿਚ ਬਦਲ ਗਈਆਂ ਸਨ। ਜਿੱਥੋਂ ਤੱਕ ਨਜ਼ਰ ਜਾਂਦੀ ਸੀ, ਫ਼ੋਰਸ ਦੇ ਟਰੱਕ ਅਤੇ ਜੀਪਾਂ ਹੀ ਦਿਸਦੀਆਂ ਸਨ। ਸਾਰਾ ਇਲਾਕਾ ਸੀਲ ਕਰ ਦਿੱਤਾ, ਰੈੱਡ ਅਲਰਟ ਹੋ ਗਿਆ। ਸੈਨਿਕਾਂ ਨੇ ਬੰਦੂਕਾਂ ਦੇ ਬੱਟ ਮਾਰ-ਮਾਰ ਆਮ ਜਨਤਾ ਖੋਖਿਆਂ ਅਤੇ ਦੁਕਾਨਾਂ 'ਚੋਂ ਬਾਹਰ ਕੱਢ ਲਈ। ਬੇਕਸੂਰ ਵਾਧੂ ਦੇ ਕੁੱਟੇ ਜਾ ਰਹੇ ਸਨ। ਕੋਈ ਤਾਰੀਕ ਭੁਗਤਣ ਆਇਆ

ਸੀ, ਕੋਈ ਸੌਦਾ-ਪੱਤਾ ਲੈਣ ਆਇਆ ਸੀ, ਕੋਈ ਕਿਸੇ ਕੰਮ ਆਇਆ ਸੀ। ਲੋਕ ਸੋਚਦੇ ਸਨ ਕਿ ਡਿੱਗੀ ਖੋਤੇ ਤੋਂ ਤੇ ਗੁੱਸਾ ਘੁਮਿਆਰ 'ਤੇ? ਵਾਰਦਾਤ ਖਾੜਕੂ ਕਰ ਕੇ ਗਏ ਐ, ਬੰਦੇ ਖਾੜਕੂ ਮਾਰ ਕੇ ਗਏ ਐ, ਆਪਦੇ ਬੰਦੇ ਖਾੜਕੂ ਛੁਡਾ ਕੇ ਲੈ ਕੇ ਗਏ ਐ, ਫਿਰ ਸਾਡੇ 'ਤੇ ਕਾਹਦਾ ਰੰਜ? ਅੱਗ ਲੱਗੀ ਜਗਰਾਵੀਂ ਧੂੰਆਂ ਨਿਕਲੇ ਬੋਪਾਰਾਮੀਂ? ਇਹ ਉਹਨਾਂ ਦਾ ਪਿੱਛਾ ਕਿਉਂ ਨਹੀਂ ਕਰਦੇ? ਕਣਕ ਬੱਕਰੀ ਚਰ ਗਈ ਦੋਸ਼ ਵਿਚਾਰੇ ਲੇਲੇ ਨੂੰ? ਇਹ ਕਿੱਧਰਲਾ ਇਨਸਾਫ਼? ਕਰੇ ਕੋਈ ਭਰੇ ਕੋਈ? ਆਮ ਜਨਤਾ ਗੁਲਾਮਾਂ ਵਾਂਗ ਕਚਿਹਰੀਆਂ ਵਿਚ ਬਿਠਾਈ ਹੋਈ ਸੀ। ਹੈੱਡ-ਆਫ਼ਿਸ ਅਤੇ ਵਾਇਰਲੈੱਸ ਆਪਰੇਟਰ ਦੀ ਇੰਨਫ਼ਾਰਮੇਸ਼ਨ ਮੁਤਾਬਿਕ ਪੁਲੀਸ-ਮੁਖੀ ਅੱਧੇ ਘੰਟੇ ਵਿਚ ਵਕੂਏ ਵਾਲੀ ਜਗਾਹ 'ਤੇ ਪੁੱਜਣ ਵਾਲਾ ਸੀ। ਹਾਲਾਤ 'ਨਾਰਮਲ' ਦਿਖਾਉਣ ਲਈ ਫ਼ੋਰਸ ਨੇ ਜ਼ਬਰਦਸਤੀ ਖੋਖੇ ਅਤੇ ਦੁਕਾਨਾਂ ਖੁੱਲ੍ਹਵਾਉਣੀਆਂ ਸ਼ੁਰੂ ਕਰ ਦਿੱਤੀਆਂ। ਦੁਕਾਨਦਾਰਾਂ ਦੇ ਬੰਦੂਕਾਂ ਦੇ ਬੱਟ ਮਾਰ-ਮਾਰ ਪਾਸੇ ਸੇਕ ਦਿੱਤੇ ਅਤੇ ਦੁਕਾਨਾਂ ਹਰ ਹਾਲਤ ਵਿਚ ਖੁੱਲ੍ਹੀਆਂ ਰੱਖਣ ਦਾ "ਮੁਗਲੀ-ਆਰਡਰ" ਹੋ ਗਿਆ।

ਦੁਕਾਨਦਾਰ ਦੁਕਾਨਾਂ ਵਿਚ ਬਿਠਾਏ ਹੀ ਨਹੀਂ, ਸਗੋਂ ਇੱਕ ਤਰ੍ਹਾਂ ਨਾਲ ਫਿੱਟ ਕਰ ਦਿੱਤੇ ਗਏ। ਆਮ ਜਨਤਾ ਨੂੰ ਕਚਿਹਰੀਆਂ ਵਿਚੋਂ ਉਠਾ ਕੇ ਦੋ-ਦੋ, ਚਾਰ-ਚਾਰ ਦੀ ਗਿਣਤੀ ਵਿਚ ਦੁਕਾਨਾਂ ਅੱਗੇ ਗਾਹਕ ਬਣਾ ਕੇ ਖੜ੍ਹਾ ਕਰ ਦਿੱਤਾ ਗਿਆ, ਤਾਂ ਕਿ ਜਦ ਦੂਰਦਰਸ਼ਨ ਵਾਲੇ ਅਤੇ ਪੱਤਰਕਾਰ ਆਉਣ ਤਾਂ ਹਾਲਾਤਾਂ 'ਤੇ ਪੂਰਨ ਤੌਰ 'ਤੇ ਕਾਬੂ ਪਾਇਆ ਹੋਇਆ ਨਜ਼ਰ ਆਵੇ। ਜਨਤਾ ਅਤੇ ਦੁਕਾਨਦਾਰ ਬੜੀ ਕਸੂਤੀ ਸਥਿਤੀ ਵਿਚ ਫ਼ਸੇ ਹੋਏ ਸਨ। ਅੱਗ ਵਿਚ ਘਿਰੇ ਕਤੂਰੇ ਵਾਂਗ!

ਅਖੀਰ ਕੋਈ ਡੇਢ੍ਹ ਘੰਟੇ ਬਾਅਦ ਜਦ ਪੰਜਾਬ ਦਾ ਪੁਲੀਸ-ਮੁਖੀ ਪਹੁੰਚਿਆ ਤਾਂ ਲੋਕਾਂ ਨੇ ਕੁਝ ਰਾਹਤ ਜਿਹੀ ਮਹਿਸੂਸ ਕੀਤੀ। ਫ਼ੋਰਸ ਦੀ ਸਖ਼ਤਾਈ ਵੀ ਕੁਝ ਕੁ ਢਿੱਲੀ ਪੈ ਗਈ। ਦੂਰਦਰਸ਼ਨ ਵਾਲੇ ਅਤੇ ਪੱਤਰਕਾਰ ਆਪਣੇ ਧੰਦੀਂ ਜੁਟੇ ਹੋਏ ਸਨ। ਪੁਲੀਸ-ਮੁਖੀ ਨੂੰ ਸੁਆਲ ਪੁੱਛੇ ਜਾ ਰਹੇ ਸਨ। ਮਰੇ ਪੁਲੀਸ ਕਰਮਚਾਰੀਆਂ ਦੀਆਂ ਫ਼ੋਟੋਆਂ ਖਿੱਚੀਆਂ ਜਾ ਰਹੀਆਂ ਸਨ। ਆਮ ਲੋਕਾਂ ਤੋਂ ਪੁੱਛ-ਗਿੱਛ ਕੀਤੀ ਜਾ ਰਹੀ ਸੀ। ਪਰ ਡਰਦਾ ਕੋਈ ਮੂੰਹ ਨਹੀਂ ਖੋਲ੍ਹਦਾ ਸੀ। ਖੋਲ੍ਹਦਾ ਵੀ ਕਿਉਂ? ਜਾਂਦੀਏ ਬਲਾਏ ਦੁਪਿਹਰਾ ਕੱਟ ਜਾਹ - ਕਿਉਂ ਕੋਈ ਮੱਲੋਮੱਲੀ ਬੋਲ੍ਹੇ ਖੂਹ ਵਿਚ ਛਾਲ਼ ਮਾਰਦਾ? ਲੋਕ ਬੱਸ ਇਕ ਹੀ ਘੜ੍ਹਿਆ ਘੜ੍ਹਾਇਆ ਉੱਤਰ ਦੇ ਛੱਡਦੇ, "ਅਸੀਂ ਤਾਂ ਜੀ ਜਦੋਂ ਗੋਲੀ ਚੱਲੀ-ਜਾਨ ਬਚਾਉਂਦੇ ਦੁਕਾਨਾਂ 'ਚ ਜਾ ਡਿੱਗੇ-ਹੋਰ ਕੁਝ ਸੁੱਝਿਆ ਈ ਨਹੀਂ-ਚਾਰੇ ਪਾਸਿਓਂ ਤਾਂ ਅੱਗ ਵਰ੍ਹਨ ਲੱਗਪੀ ਸੀ-ਹੋਰ ਕੀ ਕਰਦੇ?" ਜੇ ਕੋਈ ਪੱਤਰਕਾਰ ਸੁਆਲ ਕਰਦਾ, "ਅੱਤਿਵਾਦੀ ਕਿੰਨੇ ਕੁ ਸੀ ਗਿਣਤੀ 'ਚ?" ਤਾਂ ਫਿਰ ਅੱਗੋਂ ਉੱਤਰ ਮਿਲਦਾ, "ਭਰਾਵਾ ਅੱਗ ਲੱਗੀ ਤੋਂ ਮਸ਼ਕਾਂ ਦਾ ਭਾਅ ਕਿਸੇ ਨੇ ਪੁੱਛਿਐ? ਉਹ ਤਾਂ ਰੱਬ ਤੇਰਾ ਭਲਾ ਕਰੇ-ਗਰਨ ਦੇਣੇ ਆਏ-ਪਤੰਦਰਾਂ ਨੇ ਆ ਦੇਖਿਆ ਨਾ ਤਾਅ-ਆਉਣਸਾਰ ਅੱਗ ਮਚਾਤੀ-ਅਸੀਂ ਤਾਂ ਜਿੱਧਰ ਨੂੰ ਮੂੰਹ ਹੋਇਆ ਕੁੱਤੇ ਮਾਂਗੂੰ ਤੀੜ ਦੇ ਲਈ-ਇਹ ਤਾਂ ਜਿਉਂਦੇ ਰਹਿਣ ਆਹ ਦੁਕਾਨਾਂ ਆਲੇ ਬਾਈ-ਜਿੰਨ੍ਹਾਂ ਨੇ ਸਾਨੂੰ ਲੁਕਣ ਨੂੰ ਟਿਕਾਣਾ ਦੇਤਾ-ਨਹੀਂ ਤਾਂ ਅਸੀਂ ਵੀ ਔਹਨਾਂ ਮਾਂਗੂੰ ਕਿਸੇ ਖੂੰਜੇ ਬੱਕਰੇ ਮਾਂਗੂੰ 'ਕੱਠੇ ਕੀਤੇ ਪਏ ਹੁੰਦੇ।" ਸਿੱਧੇ ਸਾਦੇ ਕਿਸਾਨ ਦੇ ਬਿਆਨਾਂ 'ਤੇ ਪੱਤਰਕਾਰ ਹੱਸ ਪਏ।

ਸਾਰਾ ਕਰਮ-ਕਾਂਡ ਨਿਰਖਣ ਤੋਂ ਬਾਅਦ ਪੁਲੀਸ-ਮੁਖੀ ਨੇ ਲਾਸ਼ਾਂ ਪੋਸਟ ਮਾਰਟਮ ਲਈ ਹਸਪਤਾਲ ਲੈ ਜਾਣ ਦਾ ਹੁਕਮ ਦਿੱਤਾ ਅਤੇ ਸ਼ਹਿਰ ਵਿਚ ਕਰਫ਼ਿਊ ਲਗਾ ਦਿੱਤਾ ਗਿਆ। ਦਫ਼ਾ ਇੱਕ ਸੌ ਚੁਤਾਲੀ ਲਾਗੂ ਕਰ ਦਿੱਤੀ ਗਈ। ਘਰੋਂ ਬਾਹਰ ਨਿਕਲਣ ਵਾਲੇ ਨੂੰ ਤੁਰੰਤ ਗੋਲੀ ਮਾਰ ਦੇਣ ਦਾ ਐਲਾਨ ਹੋ ਗਿਆ। ਦੁਕਾਨਦਾਰ ਦੁਕਾਨਾਂ, ਖੋਖੇ ਬੰਦ ਕਰ ਘਰਾਂ ਨੂੰ ਰੇਵੀਏ ਪੈ ਗਏ। ਤੁਰਦੀ ਫਿਰਦੀ ਜ਼ਿੰਦਗੀ ਦਾ ਇੱਕ ਤਰ੍ਹਾਂ ਨਾਲ ਗਲਾ ਘੁੱਟ ਦਿੱਤਾ ਗਿਆ। ਸੰਘੀ ਨੱਪ ਦਿੱਤੀ ਗਈ।

ਕਰਫ਼ਿਊ ਵਿਚ ਕੋਈ ਢਿੱਲ ਨਹੀਂ ਦਿੱਤੀ ਗਈ ਸੀ। ਕੋਈ ਖਾਣ ਪੀਣ ਦੀ ਚੀਜ਼ ਲੈਣ ਬਾਹਰ ਨਹੀਂ ਜਾ ਸਕਦਾ ਸੀ। ਹੋਰ ਤਾਂ ਹੋਰ, ਕੋਈ ਬੇਜੁਬਾਨ ਪਸੂਆਂ ਲਈ ਚਾਰਾ ਨਹੀਂ ਲਿਆ ਸਕਦਾ ਸੀ। ਘਰਾਂ ਅੰਦਰ ਭੁੱਖੇ ਬੱਚੇ ਮਾਪਿਆਂ ਦੀ ਜਾਨ ਨੂੰ ਰੋ ਰਹੇ ਸਨ ਅਤੇ ਮਾਪੇ ਸਰਕਾਰ ਦੀ ਜਾਨ ਨੂੰ! ਖੁਰਲੀਆਂ 'ਤੇ ਬੰਨ੍ਹੇ ਪਸੂ ਗੇੜਾ ਬੰਨ੍ਹੀਂ ਅੜਿੰਗ ਰਹੇ ਸਨ। ਮਾਲਕਾਂ ਨੂੰ ਦਰਦ ਤਾਂ ਬਥੇਰ੍ਹਾ ਆਉਂਦਾ ਸੀ, ਪਰ ਕੀ ਕਰਦੇ? ਆਪ ਢਿੱਡੋਂ ਭੁੱਖੇ ਮਾਲਕ ਸਰਕਾਰ ਦਾ ਗੁੱਸਾ ਵਿਚਾਰੇ ਪਸੂਆਂ ਨੂੰ ਕੁੱਟ-ਕੁੱਟ ਕੇ ਕੱਢ ਰਹੇ ਸਨ।

ਸ਼ਾਮ ਨੂੰ ਪੰਜ ਵਜੇ ਕੁਝ ਵੱਡੇ ਅਫ਼ਸਰਾਂ ਨਾਲ ਮੀਟਿੰਗ ਕਰਕੇ ਪੁਲੀਸ-ਮੁਖੀ ਦਾ ਹੈਲੀਕਾਪਟਰ ਉਡਾਰੀ ਮਾਰ ਗਿਆ।

ਕਰਫ਼ਿਊ ਇੱਕ ਘੰਟੇ ਲਈ ਹਟਾ ਦਿੱਤਾ ਗਿਆ। ਲੋਕ ਟਿੱਡੀ-ਦਲ ਵਾਂਗ ਬਾਹਰ ਨਿਕਲ ਆਏ। ਪ੍ਰੀਵਾਰ ਦੇ ਮੈਂਬਰਾਂ ਨੇ ਆਪਣੀਆਂ-ਆਪਣੀਆਂ ਡਿਊਟੀਆਂ ਸੰਭਾਲ ਲਈਆਂ। ਇੱਕ ਘੰਟਾ ਕੀ ਹੁੰਦਾ ਹੈ? ਕੁਝ ਵੀ ਨਹੀਂ! ਕੋਈ ਪਸੂਆਂ ਲਈ ਪੱਠੇ ਲੈਣ ਚੜ੍ਹ ਗਿਆ, ਕੋਈ ਸਬਜ਼ੀ ਲੈਣ, ਕੋਈ ਦੁੱਧ ਲੈਣ ਭੱਜ ਗਿਆ ਅਤੇ ਕੋਈ ਆਟਾ ਲੈਣ!

ਇੱਕ ਘੰਟੇ ਬਾਅਦ ਫ਼ੋਰਸ ਨੇ ਗਸ਼ਤ ਸ਼ੁਰੂ ਕਰ ਦਿੱਤੀ। ਜੇ ਕੋਈ ਸੜਕ 'ਤੇ ਦਿਸਦਾ ਤਾਂ ਉਸ ਦੇ ਟਿਕਾਅ ਕੇ ਛਿੱਤਰ ਪੌਲਾ ਕੀਤਾ ਜਾਂਦਾ। ਅਗਲਾ ਸਪਸ਼ਟੀਕਰਨ ਦੇਣ ਲੱਗਦਾ ਤਾਂ ਠੁੱਡ ਵਰ੍ਹਨ ਲੱਗ ਪੈਂਦੇ। ਅਜੀਬ ਅਤੇ ਗੰਭੀਰ ਔਕੜ ਆਮ ਜਨਤਾ ਲਈ ਖੜ੍ਹੀ ਹੋਈ ਪਈ ਸੀ। ਆਟੇ ਨਾਲ ਘੁਣ ਪੀਸਿਆ ਜਾ ਰਿਹਾ ਸੀ। ਲੋਕ ਦੂਹਰੀ ਮਾਰ ਖਾ ਰਹੇ ਸਨ।

ਪਿੰਡਾਂ ਤੋਂ ਆਏ ਲੋਕ ਕਰਫ਼ਿਊ ਵਿਚ ਫ਼ਸ ਗਏ ਸਨ। ਪਿੱਛੇ ਘਰਦਿਆਂ ਨੂੰ ਤੇ ਇੱਧਰ ਫ਼ਸਿਆਂ ਹੋਇਆਂ ਨੂੰ ਇੱਕ-ਦੂਜੇ ਦਾ ਫ਼ਿਕਰ ਤੋੜ-ਤੋੜ ਖਾ ਰਿਹਾ ਸੀ। ਲੋਕ ਆਪਣੇ ਆੜ੍ਹਤੀਆਂ ਦੀਆਂ ਦੁਕਾਨਾਂ ਅੰਦਰ ਬੋਰੀਆਂ ਵਿਛਾਈ ਪਏ ਖ਼ਾੜਕੂਆਂ ਅਤੇ ਫ਼ੋਰਸ ਨੂੰ ਕੋਸ ਰਹੇ ਸਨ। ਕੋਈ ਤਪਿਆ ਹੋਇਆ ਸਰਕਾਰ ਨੂੰ ਗਾਲੀ ਗਲੋਚ ਕਰ ਰਿਹਾ ਸੀ।

ਬਾਣੀਏਂ ਡਰਦੇ ਮਾਰੇ ਬੂਝੜ ਜੱਟਾਂ ਦੇ ਮੂੰਹ ਮੂਹਰੇ ਹੱਥ ਦੇ ਰਹੇ ਸਨ।

-"ਸਰਦਾਰੋ ਮੇਰੇ ਪਿਉ ਦੀ ਦੁਹਾਈ ਐ-ਚੁੱਪ ਕਰਕੇ ਰਾਤ ਕੱਟਲੋ! ਸਹੁੰ ਦੇਵੀ ਦੀ ਮੈਂ ਮੁੜ ਕੇ ਥੋਨੂੰ ਦੁਕਾਨ 'ਚ ਈ ਨਹੀਂ ਵੜਨ ਦਿੰਦਾ-ਜੇ ਥੋਡੀਆਂ ਜੱਟਾਂ ਆਲੀਆਂ ਗੱਲਾਂ ਫ਼ੋਰਸ ਨੇ ਸੁਣ ਲਈਆਂ-ਥੋਡੇ ਨਾਲ ਮੈਂ ਵੀ ਮਾਰਿਆ ਜਾਊਂ-ਸਹੁੰ ਦੇਵੀ ਮਾਤਾ ਦੀ ਉਹ ਤਾਂ ਕੁੱਟਣ ਲੱਗੇ ਵੀ ਅੱਗਾ ਪਿੱਛਾ ਨਹੀਂ ਦੇਖਦੇ ਮੇਰੇ ਆਰ! ਏ ਆਹ ਲਓ ਥੋਡੇ ਮੂਹਰੇ ਦੋਨੋਂ ਹੱਥ ਬੰਨ੍ਹੇ-ਚੁੱਪ ਕਰਜੋ ਮੇਰੇ ਬਾਈ ਬਣਕੇ-ਸਹੁੰ ਲਾਟਾਂ ਆਲੀ ਦੀ ਆਹ ਦੋਵੇਂ ਹੱਥ ਜੋੜਦੈਂ ਥੋਡੇ ਮੂਹਰੇ-!"

ਜੇ ਕੋਈ ਜੱਟ ਆਖਦਾ:

-"ਸੇਠਾ ਕਿਉਂ ਮੋਕ ਮਾਰਦੈਂ? ਅਸੀਂ ਵੀ ਤਾਂ ਤੇਰੇ ਨਾਲ ਈ ਐਂ।" ਤਾਂ ਸੇਠ ਫਿਰ ਬਹੁੜੀ ਘੱਤਦਾ:

-"ਮੇਰੇ ਆਰ ਤੁਸੀਂ ਜੱਟ ਤਾਂ ਡੁੰਨ ਐਂ-ਪਤਾ ਨਹੀਂ ਕਿਹੜੇ ਪੱਥਰ ਦੇ ਬਣੇ ਐਂ? ਥੋਡੇ ਤਾਂ ਜੇ ਚਾਰ ਵੱਜੀਆਂ ਥੋਨੂੰ ਪਤਾ ਈ ਨਹੀਂ ਲੱਗਣਾ-ਮੇਰਾ ਤਾਂ ਮੇਰੇ ਆਰ ਸਿਆਣਿਆਂ ਦੇ ਕਹਿਣ ਮਾਂਗੂੰ ਸੁੱਖ ਨਾਲ ਬਾਹਣ ਹੋਜੂ-ਮਾਤਾ ਰਾਣੀ ਭਲੀ ਕਰੇ-ਸਿਆਣੇ ਮੇਰੇ ਆਰ ਐਮੇਂ ਨਹੀਂ ਆਖਦੇ ਬਈ ਜੱਟ ਤੇ ਬਲਾਅ ਤੋਂ ਰਾਮ ਬਚਾਵੇ-ਤੁਸੀਂ ਹੁਣ ਪੈਜੋ ਮੇਰੇ ਵੀਰ!"

ਆੜ੍ਹਤੀਆਂ ਨੇ "ਰਾਮ-ਰਾਮ" ਕਰਕੇ ਰਾਤ ਕੱਢੀ। ਉਹਨਾਂ ਨੂੰ ਅਗਲੀ ਰਾਤ ਦਾ ਫਿਕਰ ਖਾਣ ਲੱਗ ਪਿਆ ਕਿ ਕਿਤੇ ਕਰਫ਼ਿਊ ਲੰਮਾ ਨਾ ਪੈ ਜਾਵੇ। ਜੱਟ ਜਮਦੂਤਾਂ ਨੇ ਤਾਂ ਢੀਠ ਸਾਧ ਵਾਂਗ ਇੱਥੇ ਹੀ ਡੇਰਾ ਜਮਾਈ ਰੱਖਣਾ ਸੀ। ਉਹ ਦੇਵੀ ਮਾਤਾ ਅੱਗੇ ਕਰਫ਼ਿਊ ਹਟਾਉਣ ਦੀਆਂ ਡੰਡਾਉਤਾਂ ਘੱਤ ਰਹੇ ਸਨ। ਹਨੂੰਮਾਨ ਬਜਰੰਗ ਬਲੀ ਅੱਗੇ ਨੱਕ ਰਗੜ ਰਹੇ ਸਨ। ਰਾਮ ਨਾਮ ਧਿਆ ਰਹੇ ਸਨ।

ਅਖੀਰ ਬਾਣੀਆਂ ਦੀਆਂ ਡੰਡਾਉਤਾਂ ਮਨਜੂਰ ਹੋ ਗਈਆਂ। ਸਵੇਰੇ ਅੱਠ ਵਜੇ ਕਰਫ਼ਿਊ ਮੁਕੰਮਲ ਤੌਰ 'ਤੇ ਹਟਾ ਦਿੱਤਾ ਗਿਆ। ਉਹਨਾਂ ਨੇ ਹੱਥ ਜੋੜ-ਜੋੜ ਜੱਟ ਦੁਕਾਨਾਂ 'ਚੋਂ ਕੱਢੇ ਸਨ। ਜੱਟਾਂ ਨੂੰ ਤੋਰ ਕੇ ਸੇਠਾਂ ਨੇ ਮਸਾਂ ਹੀ ਸੁਖ ਦਾ ਸਾਹ ਲਿਆ ਸੀ। ਜਿਹੜੇ ਜੱਟਾਂ ਦੇ ਸਿਰ 'ਤੇ ਬਾਣੀਏਂ ਸ਼ਾਹ ਬਣੇ ਬੈਠੇ ਸਨ। ਉਹ ਹੀ ਜੱਟ ਉਹਨਾਂ ਨੂੰ ਇੱਕ ਰਾਤ ਵਿਚ ਬੱਜਰ-ਬੋਝ ਨਜ਼ਰ ਆਉਣ ਲੱਗ ਪਏ ਸਨ। ਤੁਰਦੇ ਜੱਟ, ਜਿਉਣ ਸਿਉਂ ਕੇ ਦਰਸ਼ਣ ਨੇ ਕਿਹਾ ਸੀ:

-"ਛੇਠਾ! ਇੱਕ ਰਾਤ 'ਚ ਈ ਹਥਿਆਰ ਸਿੱਟ ਗਿਐਂ? ਤੂੰ ਸਾਡੇ ਕੋਲੇ ਆਜੀਂ ਚਾਹੇ ਮਹੀਨਾ ਰਹੀਂ-ਮਰਜੀ ਹੋਈ ਸਾਰਾ ਟੱਬਰ ਈ ਨਾਲ ਲੈਂਦਾ ਆਈਂ-ਰੋਟੀ ਨਾਲ ਰੋਟੀ ਤੇ ਦੁੱਧ ਨਾਲ ਦੁੱਧ ਮਿਲੂਗਾ ਸਾਰਿਆਂ ਨੂੰ-ਸਾਨੂੰ ਤਾਂ ਮਾਰਤਾ ਤੂੰ ਭੁੱਖੇ-ਉਤੋਂ ਸਾਰੀ ਰਾਤ ਬਰੜਾਟ ਕਰੀ ਗਿਐਂ।"

-"ਸਰਦਾਰੋ ਤੁਸੀਂ ਹੋਏ ਜੱਟ ਬੂਟ-ਅਸੀਂ ਹੋਏ ਬਾਣੀਆਂ ਜਾਤ-ਅਸੀਂ ਥੋਡੇ ਨਾਲ ਮਿਲਗੇ? ਥੋਡੇ ਦਿਲ ਮੇਰੇ ਆਰ ਪਰਾਂਤਾਂ ਜਿੱਡੇ ਜਿੱਡੇ-ਸਾਡੇ ਦਿਲ ਹੋਏ ਉਸ ਗੱਲ ਦੇ ਆਖਣ ਮਾਂਗੂੰ ਚਿੜੀ ਦੇ ਬੱਚੇ ਅਰਗੇ-ਸਾਡਾ ਥੋਡਾ ਕੀ ਮੇਲ? ਦੱਸ ਮੇਰੇ ਆਰ ਅਸੀਂ ਥੋਡੀ ਰੀਸ ਕਿਵੇਂ ਕਰਾਂਗੇ?" ਬਾਣੀਆਂ ਨੂੰ ਜੱਟ ਵਡਿਆਉਣ ਦਾ ਪੂਰਾ ਤਜ਼ਰਬਾ ਸੀ। ਵੱਡੇ ਬਜੁਰਗਾਂ ਤੋਂ ਸੇਠਾਂ ਨੇ ਇਹ ਹੀ ਸਿੱਖਿਆ ਸੀ ਕਿ ਜੱਟ ਨੂੰ ਫੂਕ ਦੇ ਕੇ ਚਾਹੇ ਬੰਦਾ ਮਰਵਾ ਲਵੋ। ਬੱਸ! ਇੱਕ ਵਾਰ ਕਹਿਣ ਦੀ ਦੇਰ ਐ, "ਯਾਰ ਜੱਟ ਦਾ ਪੁੱਤ ਐਂ।" ਫੇਰ ਚਾਹੇ ਉਸ ਨੂੰ ਗੱਡੇ ਅੱਗੇ ਜੋੜ ਲਓ, ਬਿਲਕੁਲ ਅੱਖ ਵਿਚ ਪਾਇਆ ਨਹੀਂ ਰੜਕਦਾ।

ਬਾਅਦ ਦੁਪਿਹਰ ਜਾ ਕੇ ਸ਼ਹਿਰ ਵਿਚ ਅਖ਼ਬਾਰਾਂ ਪਹੁੰਚੀਆਂ। ਅਖ਼ਬਾਰਾਂ ਵਿਕੀਆਂ ਨਹੀਂ, ਇੱਕ ਤਰ੍ਹਾਂ ਨਾਲ ਉੱਡ ਹੀ ਗਈਆਂ ਸਨ। ਤਮਾਮ ਅਖ਼ਬਾਰਾਂ ਦੇ ਮੁੱਖ ਪੰਨਿਆਂ ਉਪਰ ਵੱਡੀਆਂ-ਵੱਡੀਆਂ ਫ਼ੋਟੋਆਂ ਸਮੇਤ ਮੋਟੀਆਂ ਸੁਰਖੀਆਂ ਸਨ:

-ਮੋਗਾ ਕਚਿਹਰੀਆਂ ਵਿਚ ਦਿਨ ਦਿਹਾੜੇ ਖ਼ਾੜਕੂਆਂ ਵੱਲੋਂ ਅੰਧਾਧੁੰਦ ਫ਼ਾਇਰਿੰਗ!

-ਠਾਣੇਦਾਰ, ਹੌਲਦਾਰ ਅਤੇ ਸਿਪਾਹੀਆਂ ਸਮੇਤ ਅੱਠ ਪੁਲੀਸ ਕਰਮਚਾਰੀ ਹਲਾਕ!!

-ਅੰਨ੍ਹੇਵਾਹ ਹੋਈ ਫ਼ਾਇਰਿੰਗ ਵਿਚ ਇੱਕ ਟਾਈਪਿਸਟ ਵੀ ਮਾਰਿਆ ਗਿਆ-ਪੰਜ ਵੱਖੋ ਵੱਖ ਖ਼ਾੜਕੂ ਜੱਥੇਬੰਦੀਆਂ ਨੇ ਜ਼ਿੰਮੇਵਾਰੀ ਕਬੂਲੀ-ਸ਼ਹਿਰ ਵਿਚ ਕਰਫ਼ਿਊ-ਖ਼ਾੜਕੂ ਆਪਣੇ ਦੋ ਸਾਥੀ ਛੁਡਾ ਕੇ ਫ਼ਰਾਰ ਹੋਣ ਵਿਚ ਸਫ਼ਲ-ਲੋਕਾਂ ਵਿਚ ਭਾਰੀ ਸਹਿਮ!!

ਮੋਗਾ: (ਵਿਸ਼ੇਸ਼ ਪ੍ਰਤੀਨਿੱਧ) - ਕੱਲ੍ਹ ਸਵੇਰੇ ਕਰੀਬ ਪੌਣੇ ਦਸ ਵਜੇ ਪੰਜ ਵੱਖੋ-ਵੱਖਰੀਆਂ ਜੱਥੇਬੰਦੀਆਂ ਵੱਲੋਂ ਸੰਘਣੀ ਆਵਾਜਾਈ ਵਾਲੀਆਂ ਕਚਿਹਰੀਆਂ ਵਿਚ ਅੰਧਾ-ਧੁੰਦ ਫ਼ਾਇਰਿੰਗ ਕੀਤੀ ਗਈ। ਸਿੱਟੇ ਵਜੋਂ ਠਾਣੇਦਾਰ, ਹੌਲਦਾਰ ਅਤੇ ਸਿਪਾਹੀਆਂ ਸਮੇਤ ਪੁਲੀਸ ਦੇ ਅੱਠ ਕਰਮਚਾਰੀ ਮੌਕੇ 'ਤੇ ਹੀ ਹਲਾਕ ਹੋ ਗਏ। ਇੱਕ ਟਾਈਪਿਸਟ ਵੀ ਗੋਲੀਆਂ ਦੀ ਮਾਰ ਹੇਠ ਆ ਕੇ ਦਮ ਤੋੜ ਗਿਆ। ਕਚਿਹਰੀਆਂ ਦੇ ਅਹਾਤੇ ਦਾ ਦ੍ਰਿਸ਼ ਇਤਨਾ ਹਿਰਦੇਵੇਧਕ ਸੀ ਕਿ ਸਾਰੇ ਅਹਾਤੇ ਵਿਚ ਲਾਸ਼ਾਂ ਅਤੇ ਖ਼ੂਨ ਡੁੱਲ੍ਹਿਆ ਪਿਆ ਸੀ ਅਤੇ ਕਚਿਹਰੀਆਂ ਸੁੰਨਸਾਨ ਸਨ।

-ਮੌਕੇ ਦੇ ਗਵਾਹਾਂ ਦੇ ਬਿਆਨਾਂ ਅਨੁਸਾਰ ਖ਼ਾੜਕੂ ਇੱਕ ਟਰੱਕ 'ਤੇ ਆਏ ਅਤੇ ਉਹਨਾਂ ਨੇ ਆਉਣ ਸਾਰ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਸੁਰੂ ਕਰ ਦਿੱਤੀਆਂ। ਕਚਿਹਰੀਆਂ ਵਿਚ ਬੂ-ਪਾਹਰਿਆ ਮੱਚ ਗਈ ਅਤੇ ਲੋਕਾਂ ਨੇ ਕਚਿਹਰੀਆਂ ਸਥਿੱਤ ਹੋਟਲਾਂ ਅਤੇ ਦੁਕਾਨਾਂ ਵਿਚ ਛੁਪ ਕੇ ਆਪਣੀ ਜਾਨ ਬਚਾਈ। ਇੱਕ ਟਾਈਪਿਸਟ, ਜਿਹੜਾ ਆਪਣੇ ਖੋਖੇ 'ਚੋਂ ਅਚਾਨਕ ਬਾਹਰ ਨਿਕਲਿਆ, ਗੋਲੀਆਂ ਲੱਗਣ ਕਾਰਨ ਥਾਂ 'ਤੇ ਹੀ ਮਾਰਿਆ ਗਿਆ। ਖ਼ਾੜਕੂ ਆਪਣੇ ਦੋ ਸਾਥੀ ਪ੍ਰੀਤਮ ਸਿੰਘ ਜੈਲਦਾਰ ਅਤੇ ਮਨਪ੍ਰੀਤ ਸਿੰਘ ਕਾਕਾ, ਜੋ ਕਿ "ਦੁਸ਼ਟ ਸੋਧ ਕਮਾਂਡੋ ਫ਼ੋਰਸ" ਨਾਲ ਸਬੰਧਿਤ ਹਨ, ਨੂੰ ਛੁਡਾ ਕੇ ਫ਼ਰਾਰ ਹੋਣ ਵਿਚ ਸਫ਼ਲ ਹੋ ਗਏ!

-ਵਾਕੇ ਤੋਂ ਤਕਰੀਬਨ ਘੰਟੇ ਬਾਅਦ ਘਟਨਾ ਸਥਾਨ 'ਤੇ ਭਾਰੀ ਫ਼ੋਰਸ ਪਹੁੰਚੀ ਅਤੇ ਤਮਾਮ ਇਲਾਕਾ ਸੀਲ ਕਰ ਦਿੱਤਾ ਗਿਆ। ਪਰ ਕੋਈ ਗ੍ਰਿਫ਼ਤਾਰੀ ਨਹੀਂ ਹੋ ਸਕੀ। ਇਸ ਵਾਰਦਾਤ ਦੀ ਜ਼ਿੰਮੇਵਾਰੀ ਪੰਜ ਵੱਖੋ-ਵੱਖਰੀਆਂ ਖ਼ਾੜਕੂ ਜੱਥੇਬੰਦੀਆਂ ਦੇ ਮੁਖੀਆਂ ਨੇ ਆਪਣੇ ਸਿਰ ਲਈ ਹੈ। ਇੱਕ ਸਾਂਝੇ ਲੈਟਰ-ਪੈਡ 'ਤੇ ਲਈ ਜ਼ਿੰਮੇਵਾਰੀ ਵਿਚ ਇਹ ਵੀ ਲਿਖਿਆ ਹੈ ਕਿ ਉਹਨਾਂ ਨੇ ਸਿਰਫ਼ ਠਾਣੇਦਾਰ ਗੁਰਪ੍ਰੀਤ ਸਿੰਘ ਗਰੇਵਾਲ ਅਤੇ ਉਸ ਦੇ ਬੁੱਚੜ ਕਰਮਚਾਰੀਆਂ ਨੂੰ ਹੀ ਸੋਧਾ ਲਾਉਣਾ ਸੀ, ਨਿਰਦੋਸ਼ ਮਾਰੇ ਗਏ ਟਾਈਪਿਸਟ ਦਾ ਉਹਨਾਂ ਨੂੰ ਅਤੀਅੰਤ ਦੁੱਖ ਹੈ। ਇਸ ਮਾਰੇ ਗਏ ਬੇਕਸੂਰ ਟਾਈਪਿਸਟ ਦੇ ਮਰਨ ਸਬੰਧੀ ਉਹਨਾਂ ਨੇ ਮੁਆਫ਼ੀ ਵੀ ਮੰਗੀ ਹੈ। ਇਸ ਲਈ ਗਈ ਜ਼ਿੰਮੇਵਾਰੀ ਵਿਚ ਉਹਨਾਂ ਇਹ ਵੀ ਵੇਰਵਾ ਪਾਇਆ ਹੈ ਕਿ ਠਾਣੇਦਾਰ ਗੁਰਪ੍ਰੀਤ ਸਿੰਘ ਗਰੇਵਾਲ, ਚੜਿੱਕ ਪਿੰਡ ਦੇ ਰਣਜੋਧ ਸਿੰਘ ਅਤੇ ਬਾਬਾ ਜਪਨਾਮ ਸਿੰਘ ਨੂੰ ਝੂਠੇ ਮੁਕਾਬਲੇ 'ਚ ਮਾਰਨ ਦਾ ਦੋਸ਼ੀ ਸੀ ਅਤੇ ਉਸ ਨੇ "ਦੁਸ਼ਟ ਸੋਧ ਕਮਾਂਡੋ ਫ਼ੋਰਸ" ਦੇ ਸਿਰਲੱਥ ਖ਼ਾੜਕੂਆਂ ਭਾਈ ਪ੍ਰੀਤਮ ਸਿੰਘ ਜੈਲਦਾਰ ਅਤੇ ਮਨਪ੍ਰੀਤ ਸਿੰਘ ਕਾਕਾ 'ਤੇ ਘੋਰ ਤਸ਼ੱਦਦ ਢਾਹਿਆ ਸੀ। ਖ਼ਾੜਕੂਆਂ ਵੱਲੋਂ ਇਹ ਅੰਧਾਧੁੰਦ ਫ਼ਾਇਰਿੰਗ ਉਸ ਵਕਤ ਕੀਤੀ ਗਈ, ਜਦੋਂ ਪੁਲੀਸ ਉਪਰੋਕਤ ਦੋ ਖ਼ਾੜਕੂਆਂ ਨੂੰ ਅਦਾਲਤ ਵਿਚ ਪੇਸ਼ ਕਰਨ ਲਈ ਲਿਜਾ ਰਹੀ ਸੀ। ਯਾਦ ਰਹੇ ਇਹ ਉਹ ਖ਼ਾੜਕੂ ਹਨ, ਜਿੰਨ੍ਹਾਂ ਨੇ ਕਰੀਬ ਡੇੜ੍ਹ ਹਫ਼ਤਾ ਪਹਿਲਾਂ ਸਦਰ ਠਾਣੇ 'ਤੇ ਹੱਲਾ ਬੋਲਿਆ ਸੀ। ਇਸ ਹੱਲੇ ਦੌਰਾਨ ਪੁਲੀਸ ਵੱਲੋਂ ਕੀਤੀ ਗਈ ਜਵਾਬੀ ਫ਼ਾਇਰਿੰਗ ਵਿਚ ਇਸ ਗਰੋਹ ਦੇ ਦੋ ਖ਼ਾੜਕੂ ਪ੍ਰਗਟਪ੍ਰੀਤ ਸਿੰਘ ਪ੍ਰੀਤ ਅਤੇ ਬਲਬੀਰ ਸਿੰਘ ਬਿੱਲੂ ਮਾਰੇ ਗਏ ਸਨ। ਐਨ ਮੌਕੇ 'ਤੇ ਬਾਹਰੋਂ ਪੁੱਜੀ ਭਾਰੀ ਫ਼ੋਰਸ ਉਪਰੋਕਤ ਦੋਨਾਂ ਖ਼ਾੜਕੂਆਂ ਨੂੰ ਹਿਰਾਸਤ ਵਿਚ ਲੈਣ ਲਈ ਸਫ਼ਲ ਰਹੀ ਸੀ।

-ਅਖੀਰ ਤਿੰਨ ਕੁ ਘੰਟੇ ਬਾਅਦ ਪੰਜਾਬ ਦੇ ਪੁਲੀਸ ਮੁਖੀ ਘਟਨਾ ਸਥਾਨ 'ਤੇ ਪੁੱਜੇ ਅਤੇ ਆਉਣਸਾਰ ਉਹਨਾਂ ਨੇ ਸ਼ਹਿਰ

ਵਿਚ ਕਰਫ਼ਿਊ ਲਾ ਦਿੱਤਾ। ਉਹਨਾਂ ਮਾਰੇ ਗਏ ਪੁਲੀਸ ਮਲਾਜ਼ਮਾਂ ਦੇ ਪ੍ਰੀਵਾਰਾਂ ਨੂੰ ਦੋ-ਦੋ ਲੱਖ ਰੁਪਏ ਮੁਆਵਜ਼ਾ ਅਤੇ ਹਰ ਪ੍ਰੀਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਦਾ ਐਲਾਨ ਕੀਤਾ। ਉਹਨਾਂ ਇਹ ਵੀ ਦਾਅਵਾ ਕੀਤਾ ਕਿ ਸਰਕਾਰ ਅੱਤਿਵਾਦੀਆਂ ਦੀ ਕੋਈ ਵੀ ਸ਼ਰਤ ਨਹੀਂ ਮੰਨੇਗੀ ਅਤੇ ਉਹਨਾਂ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ। ਉਹਨਾਂ ਸਹਿਮੇਂ ਹੋਏ ਲੋਕਾਂ ਨੂੰ ਦਿਲਾਸਾ ਦਿੱਤਾ ਅਤੇ ਆਮ ਜਨਤਾ ਨੂੰ, ਪੁਲੀਸ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਲਈ ਅਪੀਲ ਕੀਤੀ। ਇਸ ਤੋਂ ਇਲਾਵਾ ਉਹਨਾਂ ਨੇ ਪੁਲੀਸ ਦੇ ਮਾਰੇ ਗਏ ਕਰਮਚਾਰੀਆਂ ਦੇ ਪ੍ਰੀਵਾਰਾਂ ਨਾਲ ਡੂੰਘੀ ਹਮਦਰਦੀ ਪ੍ਰਗਟ ਕੀਤੀ। ਮਾਰੇ ਗਏ ਅੱਠ ਪੁਲੀਸ ਕਰਮਚਾਰੀਆਂ ਦਾ ਅੰਤਮ-ਸੰਸਕਾਰ ਅੱਜ ਸ਼ਾਮ ਚਾਰ ਵਜੇ ਮੋਗਾ ਸ਼ਮਸ਼ਾਨਘਾਟ ਵਿਖੇ ਸਰਕਾਰੀ ਸਨਮਾਨਾਂ ਨਾਲ ਕੀਤਾ ਜਾਵੇਗਾ, ਜਿੱਥੇ ਪੰਜਾਬ ਦੇ ਮੁੱਖ ਮੰਤਰੀ ਅਤੇ ਪੁਲੀਸ ਮੁਖੀ ਸਮੇਤ ਪੰਜਾਬ ਦੇ ਹੋਰ ਪਤਵੰਤੇ ਸੱਜਣ ਵੀ ਪਹੁੰਚਣਗੇ। ਪੰਜਾਬ ਦੇ ਗਵਰਨਰ ਵੱਲੋਂ ਮਾਰੇ ਗਏ ਪੁਲੀਸ ਕਰਮਚਾਰੀਆਂ ਦੇ ਪ੍ਰੀਵਾਰਾਂ ਨੂੰ ਸ਼ਹੀਦੀ ਸਰਟੀਫ਼ਿਕੇਟ ਦੇ ਕੇ ਸਨਮਾਨਿਆਂ ਜਾਵੇਗਾ। ਇਹ ਗੱਲ ਇੱਥੇ ਵਰਨਣਯੋਗ ਹੈ ਕਿ ਖ਼ਾੜਕੂਆਂ ਵੱਲੋਂ ਇਤਨਾ ਵੱਡਾ ਐਕਸ਼ਨ ਪੰਜਾਬ ਪੱਧਰ 'ਤੇ ਪਹਿਲੀ ਵਾਰ ਕੀਤਾ ਗਿਆ। ਇਸ ਤੋਂ ਕਰੀਬ ਦੋ ਮਹੀਨੇ ਪਹਿਲਾਂ ਦੁਵੱਲੀ ਫ਼ਾਇਰਿੰਗ ਵਿਚ ਪੁਲ 'ਤੇ ਲੱਗੇ ਇੱਕ ਨਾਕੇ 'ਤੇ ਇੱਕ ਪੁਲੀਸ ਕਰਮਚਾਰੀ ਹਲਾਕ ਅਤੇ ਇੱਕ ਸਖ਼ਤ ਫ਼ੱਟੜ ਹੋ ਗਿਆ ਸੀ। ਇਸ ਮੁਕਾਬਲੇ ਵਿਚ ਇੱਕ ਖ਼ਾੜਕੂ ਵੀ ਮਾਰਿਆ ਗਿਆ ਸੀ। ਸਬੰਧਿਤ ਠਾਣੇ ਵਿਚ ਪੁਲੀਸ ਦੇ ਨਵੇਂ ਕਰਮਚਾਰੀਆਂ ਦੀ ਨਿਯੁਕਤੀ ਬਾਰੇ ਕੱਲ੍ਹ ਐਲਾਨ ਕੀਤਾ ਜਾਵੇਗਾ। ਫ਼ਿਲਹਾਲ ਇਲਾਕੇ ਦੇ ਆਸੇ ਪਾਸੇ ਦੇ ਠਾਣਿਆਂ ਵਿਚੋਂ ਕਰਮਚਾਰੀਆਂ ਨੂੰ ਲਿਆ ਕੇ ਕਾਰਜਕਾਰੀ ਅਹੁਦੇ ਸੌਂਪੇ ਗਏ ਹਨ, ਤਾਂ ਕਿ ਠਾਣੇ ਦੇ ਕਾਰਜਕਾਲ ਵਿਚ ਕੋਈ ਵਿਘਨ ਨਾ ਪਵੇ।

-ਵੱਖੋ-ਵੱਖਰੀਆਂ ਅਖ਼ਬਾਰਾਂ ਦੇ ਦਫ਼ਤਰਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਭੇਜੇ ਗਏ ਲਿਖਤੀ ਬਿਆਨਾਂ ਵਿਚ ਇਹ ਦਾਅਵਾ ਕੀਤਾ ਗਿਆ ਹੈ ਕਿ ਅੱਤਿਵਾਦੀਆਂ ਦਾ ਕੋਈ ਵੀ ਮਨਸੂਬਾ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਉਹਨਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਉਹ ਅੱਤਿਵਾਦੀਆਂ ਨਾਲ ਬੜੀ ਸਖ਼ਤੀ ਨਾਲ ਨਿਪਟਣਗੇ ਅਤੇ ਹਰ ਹਾਲਤ ਵਿਚ ਸੂਬੇ ਦੀ ਸ਼ਾਂਤੀ ਕਾਇਮ ਰੱਖੀ ਜਾਵੇਗੀ। ਉਹਨਾਂ ਇਹ ਵੀ ਬਿਆਨ ਲਿਖਿਆ ਹੈ ਕਿ ਉਹ ਪੰਜਾਬ ਲਈ ਆਪਣੇ ਖ਼ੂਨ ਦਾ ਕਤਰਾ-ਕਤਰਾ ਵਹਾ ਦੇਣਗੇ, ਪਰ ਦੇਸ਼ ਨੂੰ ਕਦਾਚਿੱਤ ਟੁਕੜੇ-ਟੁਕੜੇ ਨਹੀਂ ਹੋਣ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਗੁਆਂਢੀ ਮੁਲਕ 'ਤੇ ਵਰ੍ਹਦਿਆਂ ਆਖਿਆ ਕਿ ਖ਼ੁਫ਼ੀਆ ਏਜੰਸੀਆਂ ਆਈ. ਐਸ. ਆਈ. ਆਪਣੀਆਂ ਘਿਨੌਣੀਆਂ ਘੁਣਤਰਾਂ ਤੋਂ ਬਾਜ਼ ਆ ਜਾਣ ਅਤੇ ਅੱਤਿਵਾਦੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਤੁਰੰਤ ਬੰਦ ਕਰਨ, ਨਹੀਂ ਭਾਰਤ ਕੋਈ ਅਗਲਾ ਕਦਮ ਚੁੱਕਣ ਲਈ ਮਜ਼ਬੂਰ ਹੋਵੇਗਾ। ਉਹਨਾਂ ਪੰਜਾਬ ਸੂਬੇ ਦੇ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਲੱਖਾਂ ਸ਼ਹੀਦੀਆਂ ਬਾਅਦ ਦੇਸ਼ ਅਜ਼ਾਦ ਹੋਇਆ ਸੀ ਅਤੇ ਹੁਣ ਅਜ਼ਾਦੀ ਨੂੰ ਬਰਕਰਾਰ ਰੱਖਣਾ ਲੋਕਾਂ ਦੀ ਹੀ ਜ਼ਿੰਮੇਵਾਰੀ ਹੈ। ਇਸ ਲਈ ਉਹਨਾਂ ਦਾ ਬੁਨਿਆਦੀ ਅਤੇ ਇਖ਼ਲਾਕੀ ਫ਼ਰਜ਼ ਬਣਦਾ ਹੈ ਕਿ ਉਹ ਗੌਰਮਿੰਟ ਅਤੇ ਪੁਲੀਸ ਦੀ ਲੋੜੀਂਦੀ ਮੱਦਦ ਕਰਨ ਅਤੇ ਦੇਸ਼ ਨੂੰ ਟੋਟੇ-ਟੋਟੇ ਕਰਨ ਵਾਲੇ ਅਨਸਰਾਂ ਨੂੰ ਮੂੰਹ ਨਾ ਲਾਉਣ। ਇਸ ਵਿਚ ਸਮੁੱਚੇ ਦੇਸ਼ ਅਤੇ ਦੇਸ਼ ਵਾਸੀਆਂ ਦਾ ਭਲਾ ਅਤੇ ਭਵਿੱਖ ਹੈ। ਵੱਖੋ-ਵੱਖ ਅਖ਼ਬਾਰਾਂ ਦੀਆਂ ਸੁਰਖੀਆਂ ਲਾਟਾਂ ਛੱਡ ਰਹੀਆਂ ਸਨ। ਕੋਈ ਮੌਜੂਦਾ ਲਹਿਰ ਦੇ ਖ਼ਿਲਾਫ਼ ਲਿਖ ਰਿਹਾ ਸੀ ਅਤੇ ਕੋਈ ਖ਼ਾੜਕੂਆਂ ਦੇ ਹੱਕ ਵਿਚ ਵੋਟ ਭੁਗਤਾ ਰਿਹਾ ਸੀ। ਅਜ਼ੀਬ ਅਕਾਸ਼ਬਾਣੀ ਹੋ ਰਹੀ ਸੀ। ਜਿਤਨੇ ਮੂੰਹ ਉਤਨੀਆਂ ਗੱਲਾਂ ਕਰੀਆਂ ਜਾ ਰਹੀਆਂ ਸਨ। ਕੀ ਬਣੂੰਗਾ ਪੰਜਾਬ ਦਾ? ਲੋਕ ਤਰ੍ਹਾਂ-ਤਰ੍ਹਾਂ ਦੇ ਲੱਖਣ ਲਾ ਰਹੇ ਸਨ। ਇੱਕ ਤਰ੍ਹਾਂ ਨਾਲ ਹਨ੍ਹੇਰੇ ਵਿਚ ਹੱਥ-ਪੈਰ ਮਾਰ ਰਹੇ ਸਨ। ਅੰਨ੍ਹੇ ਖ਼ੂਹ ਵਿਚ ਹਾਕਾਂ ਮਾਰ ਰਹੇ ਸਨ। ਅੰਤ ਉਹਨਾਂ ਦੀ ਅਵਾਜ਼ ਉਹਨਾਂ ਦੇ ਮੱਥੇ ਹੀ ਆ ਵੱਜਦੀ ਸੀ। ਕੌਮਿਊਨਿਸਟ ਪਾਰਟੀਆਂ ਵੱਲੋਂ ਲਹਿਰ ਦੇ ਖ਼ਿਲਾਫ਼ "ਤੱਤੇ" ਬਿਆਨ ਆਉਣ
ਲੱਗ ਪਏ ਸਨ। ਖ਼ਾਲਿਸਤਾਨੀਆਂ ਅਤੇ ਕੌਮਿਊਨਿਸਟਾਂ ਦਾ ਇੱਟ ਕੁੱਤੇ ਵਾਲਾ ਵੈਰ ਸ਼ੁਰੂ ਹੋ ਚੁੱਕਾ ਸੀ। ਕੌਮਿਊਨਿਸਟ ਪਾਰਟੀਆਂ ਦੇ ਆਗੂਆਂ ਨੂੰ ਖ਼ਾਲਿਸਤਾਨੀਆਂ ਵੱਲੋਂ ਧਮਕੀ ਪੱਤਰ ਆਉਣੇ ਸ਼ੁਰੂ ਹੋ ਗਏ ਸਨ। "ਸੁਰਖ਼-ਰੇਖਾ" ਵਾਲੇ ਖ਼ਾਲਿਸਤਾਨੀਆਂ ਖ਼ਿਲਾਫ਼ ਸ਼ਰੇਆਮ ਧੂੰਆਂਧਾਰ ਆਰਟੀਕਲ ਲਿਖ ਰਹੇ ਸਨ। ਗੌਰਮਿੰਟ ਹਾਲਾਤਾਂ 'ਤੇ ਕਾਬੂ ਪਾਉਣਾ ਚਾਹੁੰਦੀ ਸੀ, ਪਰ ਹਾਲਾਤ ਦਿਨੋਂ ਦਿਨ ਵਿਗੜਦੇ ਤੁਰੇ ਜਾ ਰਹੇ ਸਨ। ਸਥਿਤੀ ਹੋਰ ਗੰਭੀਰ ਹੁੰਦੀ ਜਾ ਰਹੀ ਸੀ।

ਪੁਲੀਸ ਕਰਮਚਾਰੀਆਂ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ ਕਰ ਦਿੱਤਾ ਗਿਆ। ਨਿਹੱਥੇ ਟਾਈਪਿਸਟ ਮਰੇ ਦਾ ਕਿਸੇ ਨੂੰ ਕੋਈ ਰੋਸ ਨਹੀਂ ਸੀ। ਕਰਮਚਾਰੀਆਂ ਦੇ ਸਸਕਾਰ ਤੋਂ ਪਹਿਲਾਂ ਲੀਡਰਾਂ ਨੇ ਅੰਗ-ਰੱਖਿਅਕਾਂ ਦੇ ਸਖ਼ਤ ਘੇਰੇ ਵਿਚ ਬੜੀ ਅੱਗ ਉੱਗਲੀ ਸੀ। ਦੇਸ਼-ਧਰੋਹੀਆਂ ਨੂੰ ਕੁਚਲ ਦੇਣ ਦਾ ਪ੍ਰਣ ਲਿਆ ਸੀ। ਕਿਸੇ ਹਾਲਤ ਵਿਚ ਵੀ ਅੱਤਿਵਾਦੀਆਂ ਅਤੇ ਦੇਸ਼-ਧਰੋਹੀਆਂ ਅੱਗੇ ਨਾ ਝੁਕਣ ਦੀ ਕਸਮ ਖਾਧੀ ਸੀ। ਸੂਬੇ ਪੰਜਾਬ ਦੀ ਸ਼ਾਂਤੀ ਬਹਾਲ ਰੱਖਣ ਦੇ ਡੰਕੇ ਵਜਾਏ ਸਨ ਅਤੇ ਫਿਰ ਝੰਡੀ ਵਾਲੀਆਂ ਕਾਰਾਂ ਵਿਚ ਬੈਠ ਰਫ਼ੂ-ਚੱਕਰ ਹੋ ਗਏ ਸਨ। ਬੁਲਿਟ ਪਰੂਫ਼ ਕਾਰਾਂ ਨੇ ਪੈਰ ਤੋਂ ਹੀ ਸਪੀਡ ਫੜੀ ਸੀ। ਹੂਟਰ ਕੰਨ ਪਾੜ ਰਹੇ ਸਨ।

ਅਗਲੇ ਦਿਨ ਸਦਰ ਠਾਣੇ ਵਿਚ ਅਹੁਦਿਆਂ ਦੀ ਨਿਯੁਕਤੀ ਦਾ ਐਲਾਨ ਹੋ ਗਿਆ। ਵੱਖੋ-ਵੱਖਰੇ ਠਾਣਿਆਂ ਵਿਚੋਂ ਛੇ ਸਿਪਾਹੀ ਅਤੇ ਇੱਕ ਹੌਲਦਾਰ ਇੱਧਰ ਟਰਾਂਸਫ਼ਰ ਕਰ ਦਿੱਤੇ ਗਏ ਅਤੇ ਸੰਗਰੂਰ ਠਾਣੇ ਵਿਚੋਂ ਠਾਣੇਦਾਰ ਗੜਗੱਜ ਸਿੰਘ ਨੂੰ ਲਿਆ ਕੇ ਇਸ ਠਾਣੇ ਵਿਚ ਨਿਯੁਕਤ ਕਰ ਦਿੱਤਾ ਗਿਆ।

ਠਾਣੇਦਾਰ ਗੜਗੱਜ ਸਿੰਘ ਇੱਕ ਬੜਾ ਹੀ ਕੁਰੱਖਤ ਸੁਭਾਅ ਦਾ ਬੰਦਾ ਸੀ। ਛੋਟੀ ਉਮਰ ਵਿਚ ਮਤਰੇਈ ਮਾਂ ਦੇ "ਛਾਂਟੇ" ਹੇਠ ਪਲਿਆ ਠਾਣੇਦਾਰ ਹਮੇਸ਼ਾਂ ਖਿਝਿਆ-ਖਿਝਿਆ ਜਿਹਾ ਰਹਿੰਦਾ। ਦੋਸ਼ੀ ਚਾਹੇ ਨਿਰਦੋਸ਼, ਆਦਮੀ ਦੀ ਦਾਹੜ੍ਹੀ ਫੜਨਾ ਉਸ ਦਾ ਪਹਿਲਾ ਕਰਮ ਸੀ। ਗਾਲ੍ਹ ਤਾਂ ਜਿਵੇਂ ਉਸ ਨੂੰ ਗੁੜ੍ਹਤੀ ਵਿਚ ਮਿਲੀ ਹੋਈ ਸੀ। ਕਿਸੇ ਮੋਹਤਬਰ ਬੰਦੇ ਨੂੰ ਵੀ ਗਾਲ੍ਹ ਕੱਢਣ ਲੱਗਿਆ ਉਹ ਅੱਗਾ ਪਿੱਛਾ ਨਾ ਦੇਖਦਾ। ਰਾਤ ਨੂੰ ਰੱਜ ਕੇ ਸ਼ਰਾਬ ਪੀਣੀ ਅਤੇ ਸਵੇਰੇ ਮੋਟੀ ਅਫ਼ੀਮ ਖਾ ਕੇ ਉਠਣਾ ਉਸ ਦੀ ਆਦਤ ਸੀ। ਉਹ ਹਰ ਆਦਮੀ ਨਾਲ ਜਾੜ੍ਹ ਘੁੱਟ ਕੇ ਗੱਲ ਕਰਦਾ ਅਤੇ ਅੱਖਾਂ ਰਾਹੀਂ ਬੰਦਾ ਘੂਰਨ ਦੀ ਉਸ ਨੂੰ ਬੁਰੀ ਬਾਣ ਸੀ। ਉਸ ਦੇ ਹੀ ਕਰਮਚਾਰੀ ਉਸ ਤੋਂ ਬੜੇ ਦੁਖੀ ਰਹਿੰਦੇ ਸਨ। ਠਾਣੇਦਾਰ "ਕੌਡੀਆਂ ਆਲਾ" ਕਰਕੇ ਮਸ਼ਹੂਰ ਸੀ। ਪੁਲੀਸ ਠਾਣੇ ਵਿਚ ਨਿਯੁਕਤੀ ਸਮੇਂ ਉਹ ਕੋਹੜ੍ਹ ਕਿਰਲੇ ਵਾਂਗ ਸਾਹਿਬ ਨਾਲ ਆਕੜਿਆ ਬੈਠਾ, ਨੂੰਹੇਂ ਦੀ ਪੂਛ ਵਰਗੀਆਂ ਮੁੱਛਾਂ ਨੂੰ ਠੋਲ੍ਹੇ ਮਾਰ ਰਿਹਾ ਸੀ। ਉਸ ਦਾ ਮੂੰਹ ਆਦਤ ਮੂਜਬ ਘੁੱਟਿਆ ਹੋਇਆ ਸੀ ਅਤੇ ਭਿਆਨਕ ਅੱਖਾਂ ਤਖਤੇ ਦੀ ਚੂਲ ਵਾਂਗ ਘੁਕ ਰਹੀਆਂ ਸਨ। ਕਲਫ਼ ਲੱਗੀ ਦਾਹੜੀ ਮੋਰ ਦੀ ਧੌਣ ਵਾਂਗ ਲਿਸ਼ਕ ਰਹੀ

ਸੀ।

-"ਸਾਹਬ ਬਹਾਦਰ ਫ਼ਿਕਰ ਕਾਹਦਾ ਕਰਦੇ ਓਂ-ਇਹਨਾਂ ਲਗਾੜਿਆਂ ਨੂੰ ਤਾਂ ਮੈਂ ਦਿਨਾਂ 'ਚ ਈ ਚੁਗ ਦਿਆਂਗਾ-ਜਿਹੜਾ ਇਹਨਾਂ ਨੇ ਲੰਗੜਾ ਪਹਾੜੀਂ ਚਾਹੜਨਾ ਲਿਐ-ਦਿਨਾਂ 'ਚ ਈ ਉੜਦੇ ਦੇਖਿਓ! ਇਹ ਕੱਲ੍ਹ ਦੇ ਜੰਮੇਂ ਸਾਡੇ ਮੂਹਰੇ ਕਿਵੇਂ ਖੜ੍ਹ ਜਾਣਗੇ?" ਉਸ ਨੇ ਨਿਯੁਕਤੀ ਤੋਂ ਬਾਅਦ ਐਸ. ਪੀ. ਸਾਹਮਣੇ ਬੜ੍ਹਕ ਮਾਰੀ। ਪਤਲੀਆਂ ਮੁੱਛਾਂ ਉਸ ਦੀਆਂ ਤਰਛੂਲ ਵਾਂਗ ਹਿੱਲ ਰਹੀਆਂ ਸਨ।

-"ਸ਼ਾਬਾਸ਼ ਗੜਗੱਜ ਸਿੰਘ..! ਮੈਨੂੰ ਪੂਰੀ ਉਮੀਦ ਸੀ ਕਿ ਤੂੰ ਮੇਰੇ ਅੰਦਾਜ਼ੇ ਮੁਤਾਬਿਕ ਬਹਾਦਰ ਹੀ ਨਿਕਲੇਂਗਾ-ਮੈਨੂੰ ਤੇਰੇ ਅਰਗੇ ਅਫ਼ਸਰ ਦੀ ਸਖ਼ਤ ਜ਼ਰੂਰਤ ਸੀ-ਸੁਣ ਤਾਂ ਮੈਂ ਤੇਰੇ ਬਾਰੇ ਬਹੁਤ ਕੁਛ ਰੱਖਿਆ ਸੀ ਕਿ ਤੂੰ ਬੜਾ ਨਿਧੜਕ ਅਫ਼ਸਰ ਹੈਂ-ਪਰ ਅੱਜ ਦੇਖ ਵੀ ਲਿਆ-ਪ੍ਰਤੱਖ ਨੂੰ ਪ੍ਰਮਾਣ ਕੀ? ਆਈ ਐਮ ਵੈਰੀ ਪਰਾਊਡ ਆਫ਼ ਯੂ! ਮੈਂ ਹਰ ਤਰ੍ਹਾਂ ਤੇਰੇ ਨਾਲ ਐਂ-ਜੋ ਮਰਜ਼ੀ ਕਰ-ਪਰ ਆਪਣੇ ਇਲਾਕੇ ਵਿਚੋਂ ਅੱਤਿਵਾਦੀ ਖ਼ਤਮ ਕਰ ਦੇਹ-ਪਰਮੋਸ਼ਨ ਤੇਰੀ ਪੱਕੀ!" ਅਫ਼ਸਰ "ਕੌਡੀਆਂ ਆਲੇ" ਨੂੰ ਥਾਪੜਾ ਦੇਈ ਜਾ ਰਿਹਾ ਸੀ। ਠਾਣੇਦਾਰ ਦੇ ਜਿਵੇਂ ਪਹੀਏ ਲੱਗਦੇ ਜਾ ਰਹੇ ਸਨ। ਉਹ
'ਸ਼ਤਾਬਦੀ-ਐਕਸਪ੍ਰੈਸ' ਬਣਿਆਂ ਖੜ੍ਹਾ ਸੀ।

-"ਥੈਂਕਯੂ ਸਰ...!"

-"ਹਰ ਖ਼ਬਰ ਮੈਨੂੰ ਨਾਲ ਦੀ ਨਾਲ ਪੁੱਜਦੀ ਕਰਨੀ ਐਂ-ਔਰ ਹਾਂ! ਪ੍ਰੈਸ ਨੂੰ ਖ਼ਬਰ ਕੋਈ ਨਹੀਂ ਦੇਣੀ-ਮੇਰੀ ਸਲਾਹ ਬਿਨਾ ਕਿਸੇ ਅਖ਼ਬਾਰ ਨੂੰ ਬਿਆਨ ਨਹੀਂ ਦੇਣਾ।" ਐਸ. ਪੀ. ਨੇ ਹਦਾਇਤ ਜਾਰੀ ਕੀਤੀ। ਉਹ ਅਗਾਊਂ ਸਾਵਧਾਨ ਸੀ।

-"ਸਾਹਬ ਬਹਾਦਰ-ਮੈਂ ਗਰੇਵਾਲ ਅਰਗਾ ਬੇਵਕੂਫ਼ ਅਫ਼ਸਰ ਨਹੀਂ-ਜਨਾਬ ਦੀ ਇਜ਼ਾਜ਼ਤ ਬਿਨਾ ਇੱਥੇ ਪੱਤਾ ਨਹੀਂ ਝੁੱਲੂਗਾ!" ਕੌਡੀਆਂ ਆਲੇ ਨੇ ਸਾਹਿਬ ਨੂੰ ਸਲੂਟ ਮਾਰਿਆ।

ਸਾਹਿਬ ਵਿਦਾ ਹੋ ਗਿਆ।

ਦੁਪਿਹਰੇ ਇੱਕ ਵਜੇ ਠਾਣੇਦਾਰ ਨੇ ਸਾਰੇ ਸਟਾਫ਼ ਨੂੰ ਕੋਲ ਸੱਦ ਲਿਆ। ਸਾਰੇ ਫ਼ੌਰਨ ਇਕੱਤਰ ਹੋ ਗਏ ਸਨ।

-"ਲਓ ਬਈ ਮਿੱਤਰੋ! ਤੁਹਾਡੀਆਂ ਤੀਆਂ ਦੇ ਦਿਨ ਹੋ ਗਏ ਖ਼ਤਮ...!" ਕੌਡੀਆਂ ਆਲੇ ਨੇ ਕਹਿਣਾ ਸ਼ੁਰੂ ਕੀਤਾ ਤਾਂ ਸਿਪਾਹੀ ਦੰਗ ਹੋਏ ਇੱਕ ਦੂਜੇ ਵੱਲ ਝਾਕੇ। ਪਰ ਚੁੱਪ ਰਹੇ। ਉਹਨਾਂ ਨੇ ਇਸ ਠਾਣੇਦਾਰ ਬਾਰੇ ਬਹੁਤ ਕੁਝ ਸੁਣ ਅਤੇ ਅਖ਼ਬਾਰਾਂ ਵਿਚ ਪੜ੍ਹ ਰੱਖਿਆ ਸੀ।

-"ਗਰੇਵਾਲ ਦੇ ਹੁੰਦਿਆਂ ਜਿਹੜੀ ਐਸ਼ ਤੁਸੀਂ ਕਰ ਲਈ-ਉਹ ਤੁਹਾਨੂੰ ਮੁਬਾਰਕ! ਪਰ ਧਿਆਨ ਦੇ ਕੇ ਸੁਣ ਲਓ ਕਿ ਅੱਜ ਤੋਂ ਇਸ ਇਲਾਕੇ ਵਿਚ, ਇਸ ਠਾਣੇ ਵਿਚ ਮੇਰਾ ਰਾਜ ਸ਼ੁਰੂ ਹੁੰਦੈ! ਮੇਰੀ ਜ਼ਿੰਦਗੀ ਦਾ ਸਿਰਫ਼ ਇੱਕੋ ਇੱਕ ਹੀ ਸਿਧਾਂਤ ਹੈ: ਡੂ ਔਰ ਡਾਈ..! ਕਰੋ ਜਾਂ ਮਰੋ..! ਇਸ ਹੀ ਸਿਧਾਂਤ ਦੇ ਦੂਜੇ ਪਾਸੇ ਲਿਖਿਆ ਹੋਇਐ ਕਿ ਮਰੋ ਜਾਂ ਕਰੋ! ਮੈਂ ਮਰਨੋਂ ਡਰਦਾ ਨਹੀਂ ਅਤੇ ਆਪਣੇ ਸਟਾਫ਼ ਵਿਚੋਂ ਕਿਸੇ ਨੂੰ ਡਰਨ ਦੇਣਾ ਨਹੀਂ! ਦੂਜੀ ਗੱਲ, ਠਾਣੇ ਦੀ ਸੀਕਰੇਸੀ ਇਹਨਾਂ ਕੰਧਾਂ ਦੇ ਅੰਦਰ ਹੀ ਰਹਿਣੀ ਲਾਜ਼ਮੀਂ ਹੈ-।" ਠਾਣੇਦਾਰ ਨੇ ਚਾਰੇ ਪਾਸੇ ਰੂਲ ਘੁਮਾਇਆ। ਰੂਲ ਮੁੜ ਮੇਜ਼ 'ਤੇ ਆ ਖੜਕਿਆ।

-"ਮਤਲਬ ਕਿਸੇ ਮਾਸੀ, ਮਾਮੀ, ਤਾਈ, ਬੇਬੇ, ਭੂਆ, ਫ਼ੁੱਫ਼ੜ ਦੇ ਕੰਨਾਂ ਤੱਕ ਵੀ ਪਹੁੰਚਣੀ ਨਹੀਂ ਚਾਹੀਦੀ-ਜਦੋਂ ਕਿਸੇ ਨੇ ਆਪਣੇ ਪਿਆਰੇ ਬੱਚੇ ਨੂੰ ਵੀ ਲੋਰੀ ਦੇਣੀ ਹੋਵੇ-ਠਾਣੇ ਦੀ ਪ੍ਰਾਈਵੇਸੀ ਤੋਂ ਦੂਰ ਰਹਿ ਕੇ ਹੀ ਦੇਣੀ ਐਂ-ਕਈ ਲੋਕ ਮੈਂ ਜੁਆਕਾਂ ਨੂੰ "ਸੌਂ ਜਾਹ ਅੱਤਵਾਦੀ ਆ ਜਾਣਗੇ" ਆਖ ਕੇ 'ਲੋਰੀਆਂ' ਤੇ 'ਡਰਾਵੇ' ਦਿੰਦੇ ਦੇਖਿਐ-ਅੱਤਵਾਦੀਆਂ ਨੂੰ ਨਲੂਏ ਮੈਂ ਬਣਨ ਨਹੀਂ ਦੇਣਾ!"

-".......।" ਸਿਪਾਹੀ ਉਸ ਦੀ ਗੱਲ 'ਤੇ ਹੱਸ ਪਏ।

-"ਗਰੇਵਾਲ ਮੇਰੀ ਨਜ਼ਰ ਵਿਚ ਮਹਾਂ ਮੂਰਖ ਬੰਦਾ ਸੀ-ਅੰਤਾਂ ਦਾ ਬੇਵਕੂਫ਼! ਆਪ ਤਾਂ ਮਰਿਆ ਤੇ ਸੱਤ ਨਾਲ ਦੇ ਵੀ ਮਰਵਾ ਧਰੇ-ਕਹਾਵਤ ਐ ਅਖੇ ਆਪ ਤਾਂ ਮਰਨਾ ਸੀ ਬਾਹਮਣਾ ਜਜਮਾਨ ਵੀ ਡੋਬੇ-ਪਹਿਲੀ ਗੱਲ ਤਾਂ ਇਹ ਹੈ ਕਿ ਬਈ ਛੇਤੀ ਕੀਤੇ ਮੈਂ ਆਬਦਾ ਬੰਦਾ ਕੋਈ ਮਰਨ ਨਹੀਂ ਦਿੰਦਾ-ਤੇ ਜੇ ਵਕਤ ਦੀ ਲੋੜ ਮੁਤਾਬਿਕ ਲੋੜ ਪੈ ਜਾਵੇ ਤਾਂ ਫਿਰ ਮੈਂ ਕਿਧਰੇ ਭੱਜਣ ਵੀ ਨਹੀਂ ਦਿੰਦਾ-ਅਗਰ ਕਿਸੇ ਨੇ ਮੈਦਾਨੋਂ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਯਾਦ ਰੱਖਿਓ ਉਸ ਸਖਸ਼ ਦਾ ਸੁਆਗਤ ਸਭ ਤੋਂ ਪਹਿਲਾਂ ਖੁਦ ਮੇਰੀ ਆਪਣੀ ਗੋਲੀ ਕਰੇਗੀ।"

-"........।"

-"ਡਿਊਟੀ ਦੀ ਕੁਤਾਹੀ ਮੈਥੋਂ ਬਿਲਕੁਲ ਬਰਦਾਸ਼ਤ ਨਹੀਂ ਹੋਣੀ ਅਤੇ ਟਾਈਮ ਦੀ ਪਾਬੰਦੀ ਮੇਰਾ ਪਹਿਲਾ ਦਸਤੂਰ ਐ-ਉਪਰ ਸ਼ਕਾਇਤ ਕਰਨੀ ਮੇਰੀ ਫ਼ਿਤਰਤ ਨਹੀਂ ਅਤੇ ਮੁਆਫ਼ ਕਰਨਾ ਮੈਨੂੰ ਆਉਂਦਾ ਨਹੀਂ-ਫ਼ਜ਼ੂਲ ਗੱਲਾਂ ਸੁਣਨ ਦਾ ਮੈਂ ਆਦੀ ਨਹੀਂ ਅਤੇ ਖੁਸ਼ਾਮਦ ਕਰਨੀ ਜਾਂ ਕਰਵਾਉਣੀ ਮੇਰੀ ਡਾਇਰੀ ਵਿਚ ਕਿਤੇ ਨਹੀਂ ਲਿਖਿਆ-ਅੱਤਵਾਦੀਆਂ ਨੂੰ ਪਾਰ ਬੁਲਾਉਣਾ ਮੇਰਾ ਅਸੂਲ ਹੈ ਅਤੇ ਟੰਗ-ਅੜਾਊ ਬੰਦਾ ਮੇਰੀ ਕਮਜ਼ੋਰੀ-ਕੋਈ ਵੀ ਬਹਾਨਾ ਮੈਨੂੰ ਪਸੰਦ ਨਹੀਂ ਤੇ ਘੁਸਰ ਮੁਸਰ ਕਰਨ ਵਾਲਿਆਂ ਦਾ ਮੈਂ ਪੱਕਾ ਦੁਸ਼ਮਣ।"

-"........।"

-"ਤੁਸੀਂ ਬੱਚੇ ਤਾਂ ਹੈ ਨਹੀਂ-ਮੈਨੂੰ ਉਮੀਦ ਹੈ ਤੁਸੀਂ ਮੇਰੀਆਂ ਸਾਰੀਆਂ ਗੱਲਾਂ ਸਮਝ ਹੀ ਗਏ ਹੋਵੋਂਗੇ-ਅਗਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਹੁਣੇ ਈ ਦੱਸ ਦਿਓ!" ਆਖ ਕੇ ਕੌਡੀਆਂ ਆਲੇ ਨੇ ਸਾਰਿਆਂ ਦਾ ਪ੍ਰਤੀਕਰਮ ਜਾਂਚਿਆ। ਉਸ ਦੀ ਸੱਪ ਨਜ਼ਰ ਸਾਰਿਆਂ ਦੇ ਚਿਹਰੇ 'ਤੇ ਫਿਰ ਗਈ।

-".........।"

-"ਕੋਈ ਇਤਰਾਜ਼?" ਉਸ ਨੇ ਮੁੱਛਾਂ ਪਿੱਛੇ ਹਟਾ ਕੇ ਬੁੱਲ੍ਹਾਂ 'ਤੇ ਜੀਭ ਮਾਰੀ। ਸੱਪ ਦੀ ਜੀਭ ਵਾਂਗ ਉਸ ਦੀ ਜੀਭ ਬੜੀ ਫੁਰਤੀ ਨਾਲ ਅੰਦਰ ਚਲੀ ਗਈ।

-"ਨਹੀਂ ਜੀ....!" ਸਾਂਝੀ ਅਵਾਜ਼ ਆਈ।

ਸਾਰੇ ਤੁਰ ਗਏ।

ਠਾਣੇਦਾਰ ਰੋਟੀ ਖਾਣ ਅਲਾਟ ਹੋਏ ਕੁਆਟਰ ਚਲਾ ਗਿਆ। ਸਰਕਾਰੀ ਕੋਠੀ ਅਜੇ ਉਸ ਨੂੰ ਅਗਲੇ ਹਫ਼ਤੇ ਮਿਲਣੀ ਸੀ।

ਅਜੇ ਤੱਕ ਕੋਠੀ ਵਿਚ ਗਰੇਵਾਲ ਦਾ ਪ੍ਰੀਵਾਰ ਹੀ ਬੈਠਾ ਸੀ। ਠਾਣੇ ਦੇ ਚੁਬਾਰੇ ਉਪਰ ਗਰੇਵਾਲ ਨੇ ਆਰਜ਼ੀ ਤੌਰ 'ਤੇ ਕਬਜ਼ਾ ਕੀਤਾ ਹੋਇਆ ਸੀ। ਜਿੱਥੇ ਉਹ "ਸੌਦੇ" ਕਰਿਆ ਕਰਦਾ ਸੀ।

ਦੁਖੀ ਹੋਏ ਸਿਪਾਹੀ ਬਚਨ-ਬਿਲਾਸ ਕਰ ਰਹੇ ਸਨ।

-"ਮੱਲੋ ਇੱਕ ਗੱਲ ਜਰੂਰ ਐ-ਕੌਡੀਆਂ ਆਲਾ ਨਾਲੇ ਮਰੂ ਨਾਲੇ ਮਰਵਾਊ।" ਇੱਕ ਸਿਪਾਹੀ ਨੇ ਕਿਹਾ।

-"ਇਹ ਤਾਂ ਕੋਈ ਬਲਾਅ ਆ ਵੜੀ ਠਾਣੇ 'ਚ।"

-"ਨਿਰੀ ਤਬਾਹੀ।"

-"ਕਿੰਨਾ ਕੁ ਚਿਰ?"

-"ਜੇ ਬਾਹਲਾ 'ਤਾਂਹਾਂ ਨੂੰ ਗਿਆ-ਅੱਤਵਾਦੀ ਕਿੱਲ ਮਾਂਗੂੰ ਠੋਕ ਦੇਣਗੇ।"

-"ਪਰ ਬਾਹਲਾ ਸਿਰ ਚੜ੍ਹਿਆ ਤਾਂ ਅੱਤਵਾਦੀਆਂ ਨਾਲ ਯਾਰੀ ਪਾਲਾਂਗੇ-ਪਰ ਇਹਨੂੰ ਚੁਕਾਵਾਂਗੇ ਸਾਲੇ ਨੂੰ-ਯੱਧਾ ਹੋਇਐ ਅਸੂਲਾਂ ਦਾ।" ਇੱਕ ਸਿਪਾਹੀ ਨੇ ਆਪਣੇ ਦੋਸਤ ਸਿਪਾਹੀ ਨੂੰ ਕੰਨ 'ਚ ਕਿਹਾ।

-"ਮਰਦੇ ਕੋਈ ਤਾਂ ਅੱਕ ਚੱਬਾਂਗੇ ਈ?"

-"ਪਰ ਕਿਤੇ ਪਹਿਲਾਂ ਉਹ ਨਾ ਕੌਡੇ ਆਲੀ ਥਾਂ 'ਤੇ ਮਾਰਨ-ਹੁਣ ਤਾਂ ਮੇਰੇ ਸਹੁਰੇ ਠਾਣਿਆਂ 'ਚ ਬੈਠਿਆਂ ਨੂੰ ਈ ਗੋਲੀ ਦਾਗਣ ਲੱਗ ਪਏ।"

-"ਇਉਂ ਯਾਰ ਕਿਤੇ ਸਾਲੇ ਹਲਕੇ ਵੇ ਤਾਂ ਨਹੀਂ-ਉਹਨਾਂ ਨੂੰ ਵੀ ਸਹਿਯੋਗ ਦੀ ਲੋੜ ਐ-ਇੱਕ ਹੱਥ ਦੂਜੇ ਨੂੰ ਧੋਂਦੈ-'ਕੱਲਾ ਕੋਈ ਵੱਡਾ ਨਹੀਂ ਹੁੰਦਾ।"

-"ਪਰ ਇਹ ਤਾਂ ਕਹਿੰਦਾ ਠਾਣੇ ਦੀ ਗੱਲ ਠਾਣੇ 'ਚ ਈ ਰਹੇ।"

-"ਇਹਨੂੰ....ਦਾ ਪਤੈ? ਖਾ ਕੇ ਫ਼ੀਮ ਕੁੱਤੇ ਮਾਂਗੂੰ ਭੌਂਕੀ ਜਾਂਦੈ-ਜੇ ਕਾਵਾਂ ਦੇ....ਹੋਣ ਉਹ ਬਨੇਰੇ ਨਾ ਢਾਹ ਦੇਣ?"

-"ਇੱਕ ਗੱਲ ਲੋਹੇ 'ਤੇ ਲਕੀਰ ਐ-ਇਹਨੇ ਕੋਈ ਨਾ ਕੋਈ ਪੰਗਾ ਲੈਣੋਂ ਹਟਣਾ ਨਹੀਂ ਤੇ ਉਹਨਾਂ ਨੇ ਫਿਰ ਠਾਣੇ ਨੂੰ ਆ ਪੈਣੈ-ਐਤਕੀਂ ਅਗਲੇ ਆਉਣਗੇ ਵੀ ਪੂਰੀ ਤਿਆਰੀ ਕਰਕੇ-।"

ਠਾਣੇਦਾਰ ਰੋਟੀ ਖਾ ਕੇ ਆ ਗਿਆ।

ਤਮਾਮ ਗੱਲਾਂ ਬੰਦ ਹੋ ਗਈਆਂ।

ਸਿਪਾਹੀਆਂ ਨੇ ਆਪਣੀ-ਆਪਣੀ ਡਿਊਟੀ ਸੰਭਾਲ ਲਈ। ਡਿਊਟੀ ਤੋਂ ਫ਼ਾਰਗ ਹੋਏ ਕੁਆਟਰਾਂ ਜਾਂ ਘਰਾਂ ਨੂੰ ਤੁਰ ਪਏ।

ਮੁਣਸ਼ੀ ਜੱਕੋ-ਤੱਕੀ ਵਿਚ ਦੁਖੀ ਜਿਹਾ ਹੋਇਆ ਦਫ਼ਤਰ ਵਿਚ ਬੈਠਾ ਸੀ। ਹੁਣ ਉਸ ਨੂੰ ਨੌਕਰੀ ਕਰਨੀ ਦੁੱਭਰ ਹੋ ਗਈ ਸੀ।

ਠਾਣੇਦਾਰ ਨੇ ਠਾਣੇ ਅੰਦਰ ਭਲਵਾਨੀ ਗੇੜਾ ਦਿੱਤਾ। ਹਰ ਪਾਸਾ ਗਹੁ ਨਾਲ ਨਿਰਖਿਆ ਅਤੇ ਫਿਰ ਚੁਬਾਰੇ ਚੜ੍ਹ ਗਿਆ।

ਚੁਬਾਰੇ ਵਿਚ ਇੱਕ ਬੈੱਡ, ਤਿੰਨ ਕੁਰਸੀਆਂ ਅਤੇ ਮੇਜ਼ ਪਿਆ ਸੀ। ਫਿਰ ਉਸ ਨੇ ਅਲਮਾਰੀ ਖੋਲ੍ਹ ਕੇ ਦੇਖੀ। ਰੈੱਡ-ਨਾਈਟ ਦੀਆਂ ਚਾਰ ਬੋਤਲਾਂ ਅਤੇ ਗਰੇਵਾਲ ਦੇ ਮੁੰਡੇ ਦੀ ਫ਼ੋਟੋ ਫ਼ਰੇਮ ਵਿਚ ਜੜਾ ਕੇ ਰੱਖੀ ਹੋਈ ਸੀ। ਉਸ ਨੇ ਫ਼ੋਟੋ ਚੁੱਕੀ ਤਾਂ ਫ਼ੋਟੋ ਪਿੱਛੇ ਪੰਜ-ਪੰਜ ਹਜ਼ਾਰ ਰੁਪਏ ਦੀਆਂ ਦੋ ਗੁੱਟੀਆਂ ਪਈਆਂ ਸਨ।

ਠਾਣੇਦਾਰ ਹੇਠਾਂ ਉਤਰ ਆਇਆ।

ਦਸ ਹਜ਼ਾਰ ਰੁਪਏ ਅਤੇ ਫ਼ੋਟੋ ਉਸ ਨੇ ਗਰੇਵਾਲ ਦੀ ਪਤਨੀ ਨੂੰ ਪਹੁੰਚਾ ਦਿੱਤੇ। ਬੋਤਲਾਂ ਆਪਣੇ ਲਈ ਰੱਖ ਲਈਆਂ। ਰਾਤ ਨੂੰ ਮੁਫ਼ਤੀ ਦੀ ਪੀ ਕੇ ਕੌਡੀਆਂ ਆਲਾ ਮੁਣਸ਼ੀ ਦੁਆਲੇ ਹੋ ਗਿਆ।

-"ਆਹ ਹਵਾਲਾਤ ਬੰਦਿਆਂ ਨਾਲ ਕਿਵੇਂ ਤੂੜੀ ਪਈ ਐ?"

-"ਜੀ ਮਾਮੂਲੀ ਝਗੜਿਆਂ ਆਲੇ ਐ।"

-"ਕਿਸੇ 'ਤੇ ਪਰਚਾ ਤਾਂ ਨਹੀਂ ਕੱਟਿਆ?"

-"ਪਰਚਾ ਤਾਂ ਇੱਕ ਦੋਂ 'ਤੇ ਈ ਕੱਟਿਐ ਹਜ਼ੂਰ!" ਮੁਣਸ਼ੀ ਅਜ਼ੀਜ਼ ਬਣਿਆਂ ਖੜ੍ਹਾ ਸੀ।

-"ਇਹ ਅੱਤਵਾਦੀਆਂ ਜਾਂ ਉਹਨਾਂ ਦੇ ਪ੍ਰੀਵਾਰਾਂ ਦੀ ਗ੍ਰਿਫ਼ਤਾਰੀ ਵੇਲੇ ਰਾਹ 'ਚ ਰੋੜਾ ਬਣਨਗੇ-ਲਿਆ ਇਹਨਾਂ ਦਾ ਕਰੀਏ ਨਿਬੇੜਾ-'ਤੇ ਜਿੰਨ੍ਹਾਂ 'ਤੇ ਪਰਚਾ ਕੱਟਿਆ ਗਿਐ-ਜਾਂ ਤਾਂ ਉਹਨਾਂ ਨੂੰ ਲੌਕ-ਅੱਪ ਤੋਰੋ-ਤੇ ਜਾਂ ਜ਼ਮਾਨਤਾਂ ਕਰਵਾ ਕੇ ਛੱਡ ਦਿਓ! ਮਾਤਾ ਦਾ ਮਾਲ 'ਕੱਠਾ ਕਰਕੇ ਆਪਾਂ ਏਥੇ ਮਾਘੀ ਦਾ ਮੇਲਾ ਨਹੀਂ ਲਾਉਣਾ-ਸਿਪਾਹੀ ਨੂੰ ਆਖ 'ਕੱਲੇ 'ਕੱਲੇ ਨੂੰ ਅੰਦਰ ਭੇਜੇ ਤੇ ਤੂੰ ਬੈਠ ਮੇਰੇ ਕੋਲ...!"

ਹੁਕਮ ਅਨੁਸਾਰ ਵਾਰੀ ਸਿਰ ਹਵਾਲਾਤੀਏ ਇਕੱਲੇ-ਇਕੱਲੇ ਅੰਦਰ ਆਉਣੇ ਸ਼ੁਰੂ ਹੋ ਗਏ। ਡਰ ਨਾਲ ਉਹਨਾਂ ਦੇ ਚਿਹਰੇ ਧੁਆਂਖੇ ਹੋਏ ਸਨ। ਪਹਿਲਾਂ ਪਾਲਾ ਸਿੰਘ ਅੰਦਰ ਆਇਆ। ਉਸ ਦੇ ਹੱਥ ਜੋੜੇ ਹੋਏ ਸਨ।

-"ਤੂੰ ਕੀ ਕੀਤੈ ਉਏ ਭੈਣ ਚੋਦਾ...?" ਪੈਂਦੀ ਸੱਟੇ ਠਾਣੇਦਾਰ ਨੇ ਕੋਰੜਾ ਛੰਦ ਪੜ੍ਹਿਆ।

-"ਮਾਈ ਬਾਪ ਕੱਸੀ ਦੇ ਪਾਣੀ 'ਤੇ ਮਾੜੀ ਜੀ ਲੜਾਈ ਹੋਗੀ ਸੀ।"

-"ਹੁਣ ਰੌਲਾ ਨਾ ਕਰੀਂ-ਜਾਹ ਭੱਜ ਜਾਹ ਘਰ ਨੂੰ-।" ਠਾਣੇਦਾਰ ਦੇ ਤੁਰੰਤ ਫ਼ੈਸਲੇ 'ਤੇ ਮੁਣਸ਼ੀ ਹੈਰਾਨ ਸੀ।

-"ਮਿਹਰਬਾਨੀ ਸਰਕਾਰ!"

-"ਤੇ ਗੱਲ ਸੁਣ...! ਜੇ ਹੁਣ ਕੋਈ ਸਿੰਗੜੀ ਛੇੜੀ ਐ-ਅਸੀਂ ਅੰਦਰ ਦੇ ਕੇ ਪਤਾ ਈ ਨਹੀਂ ਕਰਨਾ ਫੇਰ ਨਾ ਆਖੀਂ-ਤੇ ਨਾਲੇ ਜੇ ਕੋਈ ਅੱਤਵਾਦੀ ਦਿਸੇ ਖ਼ਬਰ ਕਰੀਂ!"

-"ਮਾਪਿਓ ਅੱਗੇ ਵੀ ਇੱਕ ਮੁੰਡੇ ਦੀ ਸ਼ਨਾਖ਼ਤ ਮੈਂ ਈ ਕੀਤੀ ਸੀ ਜੀ-ਮੁਣਸ਼ੀ ਜੀ ਨੂੰ ਪੁੱਛਲੋ!"

-"ਚੰਗਾ ਜਾਹ ਦਫ਼ਾ ਹੋ...!" ਤੇ ਪਾਲਾ ਚਲਾ ਗਿਆ।

ਇੱਕ ਪੈਂਹਟ-ਸੱਤਰ ਸਾਲ ਦਾ ਬਾਬਾ ਪੇਸ਼ ਕੀਤਾ ਗਿਆ। ਠਾਣੇਦਾਰ ਦੇ ਕੁਣੱਖਾ ਤੱਕਣ 'ਤੇ ਸਿਪਾਹੀ ਬਾਹਰ ਨਿਕਲ ਗਿਆ।

ਬਾਬਾ ਠਾਣੇਦਾਰ ਦੇ ਸਾਹਮਣੇ ਹੱਥ ਜੋੜੀ ਖੜ੍ਹਾ ਸੀ।

-"ਮੁਣਸ਼ੀ...! ਇਹ ਬਜ਼ੁਰਗ ਕਿਵੇਂ ਅੰਦਰ ਕੀਤੈ?"

-"ਇਹ ਸਰਦਾਰ ਜੀ ਨੂੰਹ ਨਾਲ ਚਖ਼ਮਖ਼ੀ ਕਰਦਾ ਸੀ-ਮੁੰਡੇ ਤੋਂ ਜਰ ਨਹੀਂ ਹੋਇਆ-ਕੰਜਰ ਨੇ ਨੂੰਹ ਫੜਲੀ।"

-"ਕਿਉਂ ਉਏ ਧੀ ਆਬਦੀ ਦਿਆ ਖਸਮਾਂ..? ਦਾਹੜ੍ਹੀ ਕੱਢੀ ਐ ਚਿੱਟੀ ਤੇ ਕੰਮ ਕੰਜਰਾਂ ਆਲੇ..? ਚੌਰਿਆ...! ਤੈਨੂੰ ਦੀਨ ਦੁਨੀਆਂ ਦੀ ਕੋਈ ਸ਼ਰਮ ਨਹੀਂ ਉਏ..? ਕਬਰਾਂ 'ਚ ਤੇਰੀਆਂ ਲੱਤੈਂ...? ਜੇ ਮੁੜ ਕੇ ਕੋਈ ਇਲਤ ਕੀਤੀ ਬਲਦ ਮਾਂਗੂੰ ਖੱਸੀ ਕਰ ਦਿਆਂਗੇ-ਜਾਹ ਭੱਜ ਜਾਹ ਏਥੋਂ...!"

ਬਾਬਾ ਬੇਸ਼ਰਮ ਹੋਇਆ ਤਿੱਤਰ ਹੋ ਗਿਆ।

ਆਪਣੀ ਕਰਤੂਤ 'ਤੇ ਉਹ ਸ਼ਰਮਿੰਦਾ ਸੀ।

ਤਿੰਨ ਪਰਚਾ ਕੱਟੇ ਹੋਏ ਦੋਸ਼ੀਆਂ ਤੋਂ ਬਗੈਰ ਠਾਣੇਦਾਰ ਨੇ ਸਾਰੇ ਘਰੋ-ਘਰੀ ਤੋਰ ਦਿੱਤੇ। ਹਵਾਲਾਤ ਵਿਹਲੀ ਕਰ ਲਈ। ਸਿਪਾਹੀ ਨਵੀਂ ਕਿਆਮਤ ਲਈ ਉਡੀਕ ਕਰ ਰਹੇ ਸਨ।

ਅਗਲੇ ਦਿਨ ਤਿੰਨੇ ਦੋਸ਼ੀ ਲੌਕ-ਅੱਪ ਲਈ ਭੇਜ ਦਿੱਤੇ ਗਏ। ਮੁਣਸ਼ੀ ਨੂੰ ਮਾਮੂਲੀ ਝਗੜਿਆਂ ਦਾ ਤੁਰੰਤ ਨਿਬੇੜਾ ਕਰਨ ਲਈ ਹੁਕਮ ਚਾੜ੍ਹ ਦਿੱਤਾ। ਪਿੰਡਾਂ ਦੇ ਸਰਪੰਚਾਂ ਨੂੰ ਛੋਟੇ ਮੋਟੇ ਕੇਸ ਪਿੰਡਾਂ ਵਿਚ ਹੀ ਨਜਿੱਠਣ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ। ਹੁਣ ਠਾਣੇਦਾਰ ਅੱਗੇ ਸਿਰਫ਼ ਅਤੇ ਸਿਰਫ਼ ਅੱਤਿਵਾਦ ਨਾਲ ਦੋ ਹੱਥ ਕਰਨ ਦਾ ਮਸਲਾ ਹੀ ਰਹਿ ਗਿਆ ਸੀ। ਉਸ ਨੇ ਇਸ ਇਲਾਕੇ ਨਾਲ ਸਬੰਧਿਤ ਖ਼ਾੜਕੂਆਂ ਬਾਰੇ ਜਾਣਕਾਰੀ ਇਕੱਤਰ ਕਰਨੀ ਸ਼ੁਰੂ ਕਰ ਦਿੱਤੀ।

ਉਹਨਾਂ ਦੀਆਂ ਕਮਜ਼ੋਰੀਆਂ ਦੀ ਤਹਿ ਤੱਕ ਪਹੁੰਚਣਾ ਠਾਣੇਦਾਰ ਦੀ ਵੱਡੀ ਕਾਮਯਾਬੀ ਹੋ ਸਕਦੀ ਸੀ। ਉਸ ਨੇ ਉਹਨਾਂ ਦੀਆਂ ਸੂਖ਼ਮ ਕਮਜ਼ੋਰੀਆਂ ਦੇ ਸੁਰਾਗ ਲੱਭਣ ਲਈ ਸੂਹੀਏ ਛੱਡ ਦਿੱਤੇ। ਉਹ ਤਰੱਕੀ ਲਈ 'ਸਾਹਿਬ' ਸਾਹਮਣੇ ਆਪਣੇ ਆਪ ਨੂੰ ਪੂਰਨ ਤੌਰ 'ਤੇ ਵਫ਼ਾਦਾਰ ਸਾਬਤ ਕਰਨਾ ਚਾਹੁੰਦਾ ਸੀ। ਉਹ ਕਿਵੇਂ ਨਾ ਕਿਵੇਂ ਪੱਕੇ ਪੈਰੀਂ ਖ਼ਾੜਕੂਆਂ ਦੀ 'ਸ਼ਾਹ-ਰਗ' ਨੂੰ ਪੈਣਾ ਚਾਹੁੰਦਾ ਸੀ। ਗਰੇਵਾਲ ਵਾਂਗ ਕੌਡੀਆਂ ਆਲ਼ਾ ਕੱਚਾ ਖਿਡਾਰੀ ਨਹੀਂ ਸੀ। ਉਹ ਸੱਤਾਂ ਪੱਤਣਾਂ ਦਾ ਤਾਰੂ, ਤਜ਼ਰਬੇਕਾਰ ਬੰਦਾ ਸੀ। ਇਸ ਲਈ ਐਸ. ਪੀ. ਨੇ ਉਸ ਨੂੰ ਉਚੇਚੇ ਤੌਰ 'ਤੇ ਇੱਥੇ ਲਾਇਆ ਸੀ। ਅਜਿਹੇ ਦਲੇਰ ਅਤੇ ਮਾਰਖੋਰੇ ਅਫ਼ਸਰਾਂ ਨੂੰ ਗੌਰਮਿੰਟ ਦਿਨੇ ਦੀਵਾ ਲੈ-ਲੈ ਕੇ ਲੱਭ ਰਹੀ ਸੀ।

ਇੱਕ ਸੂਹੀਆ ਗੜਗੱਜ ਸਿੰਘ ਲਈ ਇੱਕ ਖ਼ਬਰ ਲੈ ਕੇ ਆਇਆ। ਖ਼ਬਰ ਕੀ, ਇੱਕ ਖ਼ੁਸ਼ਖ਼ਬਰੀ ਹੀ ਸੀ। ਠਾਣੇਦਾਰ ਨੇ ਮੁਣਸ਼ੀ ਨੂੰ ਬਾਹਰ ਕੱਢ ਦਿੱਤਾ। ਸੂਹੀਏ ਨੂੰ ਆਪਣੇ ਕੋਲ ਬਿਠਾ ਲਿਆ। ਠਾਣੇਦਾਰ ਦੀ ਵੱਡੀ ਕਮਜ਼ੋਰੀ ਇਹ ਸੀ ਕਿ ਉਹ ਛੇਤੀ ਕੀਤੇ ਕਿਸੇ 'ਤੇ ਇਤਬਾਰ ਨਹੀਂ ਕਰਦਾ ਸੀ।

ਸੂਹੀਏ ਨੇ ਖ਼ਬਰ ਵਿਸਥਾਰ ਸਮੇਤ ਸੁਣਾਈ।

ਪਿੰਡ ਡਾਲੇ ਅਤੇ ਬੁੱਘੀਪੁਰੇ ਵਿਚਕਾਰ ਇੱਕ ਖੇਤ ਵਿਚ ਸ਼ਾਨਦਾਰ ਕੋਠੀ ਉਸਰੀ ਹੋਈ ਸੀ। ਜਿਸ ਵਿਚ ਸਿਰਫ਼ ਇੱਕ ਬੁੱਢੀ ਮਾਈ ਸੰਤ ਕੌਰ ਅਤੇ ਨੌਕਰ ਹੀ ਰਹਿੰਦੇ ਸਨ। ਮਾਈ ਸੰਤ ਕੌਰ ਦਾ ਅੱਧਾ ਪ੍ਰੀਵਾਰ ਕੈਨੇਡਾ ਅਤੇ ਅੱਧਾ ਇੰਗਲੈਂਡ ਵਿਚ ਵਸਿਆ ਹੋਇਆ ਸੀ। ਮਾਈ ਸੰਤ ਕੌਰ ਵੀ ਕਦੇ ਕਦਾਈਂ ਪੁੱਤਾਂ ਨੂੰਹਾਂ ਦੇ ਸੱਦੇ ਉਪਰ ਇੰਗਲੈਂਡ, ਕੈਨੇਡਾ ਗੇੜਾ ਮਾਰ ਆਉਂਦੀ। ਪਰ ਜਦ ਮਾਈ ਦਾ ਦਿਲ ਭਰ ਜਾਂਦਾ ਤਾਂ ਸੰਤ ਕੌਰ ਫਿਰ ਵਾਪਿਸ ਪਰਤ ਆਉਂਦੀ।

ਮਾਈ ਦੇ ਸਾਰੇ ਪੁੱਤਰ ਕੱਟੜ ਖ਼ਾਲਿਸਤਾਨ ਪੱਖੀ ਸਨ। ਹਰ ਵਕਤ ਲਹਿਰ ਪੱਖੀ ਗੱਲਾਂ ਸੁਣ ਸੁਣ ਕੇ ਮਾਈ ਦਾ ਇੱਧਰ ਝੁਕਾਅ ਹੋਣਾ ਕੁਦਰਤੀ ਹੀ ਸੀ। ਉਧਰੋਂ ਬਾਹਰ ਵਸਦੇ ਖ਼ਾੜਕੂ ਜੱਥੇਬੰਦੀਆਂ ਦੇ ਸਹਿਯੋਗੀਆਂ ਨੇ ਮਾਈ ਸੰਤ ਕੌਰ ਅਤੇ ਮੁੰਡਿਆਂ 'ਤੇ ਪਨਾਂਹ ਦੇਣ ਲਈ ਜੋਰ ਪਾਉਣਾ ਸ਼ੁਰੂ ਕਰ ਦਿੱਤਾ। ਇਕੱਲੀ ਇਕੱਲੀ ਬਿਰਧ ਮਾਈ 'ਤੇ ਕੀ ਕਿਸੇ ਨੂੰ ਸ਼ੱਕ ਹੋਣਾ ਸੀ? ਨਾਲੇ ਖ਼ਾੜਕੂਆਂ ਨੇ ਰਾਤ ਨੂੰ ਬਾਹਰ ਨਿਕਲਣਾ ਸੀ ਅਤੇ ਪਹੁ ਫ਼ਟਣ ਤੋਂ ਪਹਿਲਾਂ ਹੀ ਕੋਠੀ ਆ ਛੁਪਣਾ ਸੀ।

ਮੁੰਡਿਆਂ ਨੇ ਵਿਸ਼ਵਾਸ ਦੁਆਇਆ। ਖ਼ਾੜਕੂ ਸਹਿਯੋਗੀਆਂ ਨੇ ਦਲੀਲਾਂ ਦਿੱਤੀਆਂ ਅਤੇ ਸੰਤ ਕੌਰ ਨੂੰ ਮਨਾ ਲਿਆ। ਮਾਈ ਸੰਤ ਕੌਰ ਦਾ ਵਿਸ਼ਾਲ ਘਰ ਜਾਂ ਕਹੋ ਆਲੀਸ਼ਾਨ ਕੋਠੀ ਖ਼ਾੜਕੂਆਂ ਦੀ ਪਨਾਂਹਗਾਹ ਬਣ ਗਈ। ਖ਼ਾੜਕੂ ਸੰਤ ਕੌਰ ਨੂੰ ਆਪਣੀ ਮਾਂ-ਦਾਦੀ ਵਾਂਗ ਸਤਿਕਾਰ ਦਿੰਦੇ। ਮਾਈ ਦੇ ਨੌਕਰ ਨੂੰ ਵੇਲੇ ਕੁਵੇਲੇ ਸੌ ਦੋ ਸੌ ਰੁਪਏ ਦੇ ਛੱਡਦੇ। ਪਰ ਪੂਰਬੀਆ ਨੌਕਰ ਉਹਨਾਂ 'ਤੇ ਇਤਬਾਰ ਨਾ ਕਰਦਾ। ਉਹ ਦਿਨ ਰਾਤ ਉਹਨਾਂ ਤੋਂ ਡਰਦਾ, ਭੈਅ ਖਾਂਦਾ ਰਹਿੰਦਾ। ਸਭ ਤੋਂ ਵੱਡਾ ਡਰ ਉਸ ਨੂੰ ਪੁਲਸ ਤੋਂ ਸੀ। ਇਹ ਤਾਂ ਮਰਨ ਮਾਰਨ 'ਤੇ ਤੁਲੇ ਹੋਏ ਐ - ਪੱਤੇ ਤੋੜ ਜਾਣਗੇ, ਪਰ ਸੋਭਾ ਰਾਮਾਂ ਤੂੰ ਕਿਹੜੀ ਮੋਰੀ ਨਿਕਲੇਂਗਾ? ਉਹ ਸੋਚਦਾ ਰਹਿੰਦਾ। ਅੰਦਰੇ ਅੰਦਰ ਖੁਰਦਾ ਰਹਿੰਦਾ। ਕਈ ਵਾਰ ਉਸ ਨੇ ਇੱਥੋਂ ਰਾਤ ਬਰਾਤੇ ਤੁਰ ਜਾਣ ਦਾ ਵਿਚਾਰ ਬਣਾਇਆ। ਪਰ ਪਿੱਛੇ ਛੱਡੇ ਹੋਏ ਅੱਧੀ ਦਰਜਣ ਬੱਚੇ ਉਸ ਨੂੰ ਵਿਲਕਦੇ ਦਿਖਾਈ ਦਿੰਦੇ ਤਾਂ ਉਹ ਹਰ ਸਕੀਮ ਬਦਲ ਲੈਂਦਾ। ਇੱਕ ਉਸ ਦੀ ਸਾਰਿਆਂ ਤੋਂ ਵੱਡੀ ਮਜ਼ਬੂਰੀ ਹੋਰ ਸੀ - ਮਾਈ ਸੰਤ ਕੌਰ ਨੇ ਉਸ ਨੂੰ, ਉਸ ਦੀਆਂ ਦੋ ਵੱਡੀਆਂ ਲੜਕੀਆਂ ਦੀ ਸ਼ਾਦੀ ਕਰਨ ਦਾ ਵਾਅਦਾ ਦੇ ਰੱਖਿਆ ਸੀ। ਕਬੀਲਦਾਰੀ ਦੇ ਬੋਝ ਹੇਠ ਦੱਬਿਆ ਉਹ ਫ਼ਸਿਆ-ਫ਼ਸਿਆ ਦਿਨ ਕਟੀ ਕਰ ਰਿਹਾ ਸੀ। ਨਿੱਤ ਨਵੇਂ ਨਵੇਂ ਖ਼ਾੜਕੂ ਅਤੇ ਮਾਰੂ ਹਥਿਆਰ ਦੇਖ ਕੇ ਸੋਭਾ ਰਾਮ ਨੂੰ ਹੌਲ ਪੈਂਦੇ ਰਹਿੰਦੇ। ਇਕ ਦਿਨ ਦੁਪਿਹਰੇ ਮਾਈ ਸੰਤ ਕੌਰ ਦੇ ਹੁਕਮ 'ਤੇ ਸੋਭਾ ਰਾਮ ਚੁਬਾਰੇ ਦੀ ਸਫ਼ਾਈ ਕਰਨ ਚੜ੍ਹਿਆ ਤਾਂ ਉਸ ਦੇ ਸਾਹ ਮਗਜ ਨੂੰ ਚੜ੍ਹ ਗਏ। ਦਿਮਾਗ ਅੰਦਰ ਘੜ੍ਹਿਆਲ ਖੜਕ ਰਹੇ ਸਨ। ਉਹ ਅੱਡੀਆਂ ਅੱਖਾਂ ਨਾਲ ਚੁਬਾਰਾ ਦੇਖ ਰਿਹਾ ਸੀ। ਕਿਧਰੇ ਰਾਕਟ ਲਾਂਚਰ, ਕਿਧਰੇ ਹੈਂਡ ਗਰਨੇਡ, ਕਿਧਰੇ ਸਟੇਨਗੰਨਾਂ, ਕਿਧਰੇ ਏ. ਕੇ. ਸੰਤਾਲੀ, ਗੱਲ ਕੀ ਚੁਬਾਰੇ ਵਿਚ ਹਰ ਤਰ੍ਹਾਂ ਦਾ ਹਥਿਆਰ ਮੌਜੂਦ ਸੀ। ਇਹ ਇੱਕ ਤਰ੍ਹਾਂ ਨਾਲ ਮਾਈ ਸੰਤ ਕੌਰ ਦਾ ਚੁਬਾਰਾ ਨਹੀਂ, ਕੋਈ "ਐਮੂਨੀਸ਼ਨ-ਸਟੋਰ" ਲੱਗਦਾ ਸੀ। ਬਣਿਆਂ ਤਣਿਆਂ ਤੋਪਖਾਨਾ।

ਸੋਭਾ ਰਾਮ ਬਿਨਾ ਸਫ਼ਾਈ ਕੀਤੀ ਦੇ ਹੀ ਥੱਲੇ ਉੱਤਰ ਆਇਆ। ਉਸ ਦੇ ਦਿਲ ਵਿਚ ਸੀ ਕਿ ਇਨ੍ਹਾਂ ਵਿਚੋਂ ਜੇ ਇੱਕ ਹਥਿਆਰ ਚੱਲ ਗਿਆ ਤਾਂ ਮੇਰੇ ਹੱਡ ਵੀ ਘਰੇ ਨਹੀਂ ਪੁੱਜਣੇ। ਉਹ ਰਾਤ ਨੂੰ ਵੀ ਹੁਣ ਚੁਬਾਰੇ ਦੇ ਨੇੜੇ ਨਾ ਸੌਂਦਾ। ਬਾਹਰਲੇ ਗੇਟ ਕੋਲ ਬਣੇ ਕਮਰੇ ਕਮਰੇ ਵਿਚ ਪੈ ਛੱਡਦਾ। ਸਾਰੀ ਸਾਰੀ ਰਾਤ ਉਸ ਨੂੰ ਨੀਂਦ ਨਾ ਪੈਂਦੀ। ਤ੍ਰਬਕ ਤ੍ਰਬਕ ਕੇ ਉਠਦਾ। ਮਾਈ ਸੰਤ ਕੌਰ ਹੈਰਾਨ ਸੀ ਕਿ ਉਸ ਨੇ ਇੱਕ ਦਿਨ ਸੋਭਾ ਰਾਮ ਨੂੰ ਪੁੱਛ ਹੀ ਲਿਆ, "ਵੇ ਸੋਭਾ ਰਾਮਾਂ ਤੂੰ ਵਰਾਂਡੇ ਵਿਚ ਕਿਉਂ ਨਹੀਂ ਸੌਂਦਾ?" ਤਾਂ ਸੋਭਾ ਰਾਮ ਨੇ ਬੜਾ ਨੇੜੇ ਹੋ ਕੇ ਦੱਸਿਆ, "ਮਾਤਾ ਜੀ ਊਪਰ ਚੁਬਾਰੇ ਮੇਂ ਤੋ ਜਾਕਰ ਦੇਖੀਏ-ਜੱਬਲਪੁਰ ਕਾ ਤੋਸ਼ਾਖਾਨਾ ਮਾਲੁਮ ਹੋਤਾ ਹੈ-ਅਗਰ ਏਕ ਚਲ ਗਯਾ ਤੋ ਹਮਰਾ ਤੋ ਰਾਮ ਰਖਵਾਲਾ ਹੈ ਮਾਤਾ ਜੀ!"

ਮਾਈ ਹੱਸ ਪਈ। ਸੋਭਾ ਰਾਮ ਨੂੰ ਮਾਈ ਮੂਰਖ ਜਾਪੀ, ਜਿਹੜੀ ਆਪਣਾ ਹੀ ਘਰ ਫੂਕਣ 'ਤੇ ਤੁਲੀ ਹੋਈ ਸੀ। ਕੋਈ ਮੌਤ ਦਾ ਡਰ ਨਹੀਂ ਸੀ। ਕੋਈ ਪੁਲੀਸ ਦਾ ਭੈਅ ਨਹੀਂ ਸੀ। ਕਿਸੇ ਉਗਰਵਾਦੀ ਤੋਂ ਖ਼ਤਰਾ ਨਹੀਂ ਸੀ।

....ਪਰ ਸੋਭਾ ਰਾਮਾਂ ਬੁੜ੍ਹੀ ਤਾਂ ਆਪਦੀ ਸਾਰੀ ਉਮਰ ਖਾਈ ਹੰਢਾਈ ਬੈਠੀ ਐ। ਘਰ ਦੇ ਸਾਰੇ ਜੀਅ ਵਿਦੇਸ਼ਾਂ 'ਚ ਐਸ਼ਾਂ ਕਰਦੇ ਐ-ਇਹਦਾ ਕੀ ਜਾਊ? ਮਰੇਂਗਾ ਤੂੰ, ਤੇ ਭੁੱਖਾ ਮਰੂ ਤੇਰਾ ਟੱਬਰ! ਤੂੰ ਆਪਦਾ ਕੋਈ ਹੀਲਾ-ਵਸੀਲਾ ਦੇਖ - ਜਾਨ ਬਚੀ ਲਾਖੋਂ ਪਾਏ! ਜੇ ਅੱਤਿਵਾਦੀਆਂ ਨੂੰ ਤੇਰੀ ਖਿਸਕਣ ਦੀ ਸਕੀਮ ਬਾਰੇ ਪਤਾ ਚੱਲ ਗਿਆ, ਖੜ੍ਹੇ ਪੈਰ ਗੋਲੀ ਨਾਲ ਉੜਾ ਦੇਣਗੇ। ਆਪਣਾ ਭੇਦ ਛੁਪਾਉਣ ਲਈ ਉਹ ਇੱਕ ਤਾਂ ਕੀ? ਕਈ ਕਤਲ ਕਰ ਸਕਦੇ ਐ। ਇਹ ਤਾਂ ਕੋਈ ਸਕੀਮ ਸੋਚ!

ਉਹ ਸੋਚਾਂ ਦੀਆਂ ਟਿੰਡਾਂ ਵਿਚ ਬੁਰੀ ਤਰ੍ਹਾਂ ਗਿੜੀ ਜਾ ਰਿਹਾ ਸੀ। ਉਸ ਦਿਨ ਤੋਂ ਸੋਭਾ ਰਾਮ ਨੇ ਦਿਮਾਗ ਫ਼ਿਰਿਆਂ ਵਾਂਗ ਗੁਆਂਢੀ ਖੇਤਾਂ ਵਾਲਿਆਂ ਕੋਲ ਗੁੱਝੀਆਂ ਗੁੱਝੀਆਂ, ਗੋਲ ਗੱਲਾਂ ਸੁਰੂ ਕਰ ਦਿੱਤੀਆਂ। ਹੌਲੀ ਹੌਲੀ ਗੱਲ ਦੇ ਪੈਰ ਲੱਗ ਗਏ ਅਤੇ ਤੁਰਦੀ-ਤੁਰਦੀ ਗੱਲ "ਕੌਡੀਆਂ ਆਲੇ" ਦੇ ਸੂਹੀਆਂ ਦੇ ਕੰਨਾਂ ਨਾਲ ਆ ਟਕਰਾਈ....!!

ਠਾਣੇਦਾਰ ਨੇ ਮਾਈ ਸੰਤ ਕੌਰ ਦੀ ਕੋਠੀ ਦੇ ਆਸ ਪਾਸ ਖੁਫ਼ੀਆ ਤੌਰ 'ਤੇ ਚਾਰ ਸਿਪਾਹੀ ਛੱਡ ਦਿੱਤੇ।

ਦੋ ਦਿਨ ਅਤੇ ਦੋ ਰਾਤਾਂ ਕਾਰਵਾਈ ਜਾਰੀ ਰਹੀ। ਖ਼ਾੜਕੂਆਂ ਦੇ ਆਉਣ ਅਤੇ ਜਾਣ ਦਾ ਸਮਾਂ ਨੋਟ ਹੋ ਗਿਆ। ਮੋਟੀ ਜਿਹੀ ਗਿਣਤੀ ਲਿਸਟ ਉਪਰ ਦਰਜ ਕਰ ਲਈ ਗਈ। ਗੱਲ ਕੀ ਖ਼ਾੜਕੂਆਂ ਦਾ ਹਰ ਪ੍ਰਤੀਕਰਮ ਠਾਣੇਦਾਰ ਦੇ ਰਿਕਾਰਡ ਵਿਚ ਆ ਗਿਆ। ਰਿਕਾਰਡ ਅਨੁਸਾਰ, ਯੋਗ ਸਮੇਂ ਠਾਣੇਦਾਰ ਨੇ ਸਿਪਾਹੀਆਂ ਸਮੇਤ ਭੇਸ ਬਦਲ ਕੇ ਇਸ ਖ਼ਾੜਕੂ-ਗਰੋਹ ਨੂੰ ਜਿੰਦਾ ਗ੍ਰਿਫ਼ਤਾਰ ਕਰਨ ਦਾ ਮਤਾ ਪਾਸ ਕਰ ਲਿਆ। ਐਕਸ਼ਨ ਕਰਨ ਲਈ ਐੱਸ ਪੀ ਤੋਂ ਇਜ਼ਾਜ਼ਤ ਲੈ ਕੇ ਠਾਣੇਦਾਰ ਨੇ ਹੋਰ ਫ਼ੋਰਸ ਮੰਗ ਲਈ ਤਾਂ ਜੋ ਕੋਠੀ ਦੇ ਚਾਰੇ ਪਾਸਿਓਂ, ਖੇਤਾਂ ਵਿਚੋਂ ਧਾਵਾ ਬੋਲਿਆ ਜਾ ਸਕੇ।

ਐੱਸ ਪੀ ਨੇ ਹੱਸ ਕੇ ਫ਼ੋਰਸ 'ਆਫ਼ਰ' ਕਰ ਦਿੱਤੀ। ਉਸ ਨੂੰ ਕੌਡੀਆਂ ਆਲੇ 'ਤੇ ਅਥਾਹ ਵਿਸ਼ਵਾਸ ਸੀ ਅਤੇ ਮਾਣ ਸੀ।

ਅਗਲੇ ਦਿਨ ਰਾਤ ਨੂੰ ਪੌਣੇ ਕੁ ਦਸ ਵਜੇ ਠਾਣੇਦਾਰ ਨੇ ਸਿੰਘਾਂ ਦਾ ਬਾਣਾਂ ਪਾ ਕੇ ਚਾਰ ਸਿਪਾਹੀਆਂ ਸਮੇਤ, ਮਾਈ ਸੰਤ ਕੌਰ ਦੀ ਸਥਿੱਤ ਕੋਠੀ ਜਾ ਦਸਤਕ ਦਿੱਤੀ। ਕਾਫ਼ੀ ਦੇਰ ਬਾਅਦ ਸੋਭਾ ਰਾਮ ਨੇ ਛੋਟਾ ਗੇਟ ਖੋਲ੍ਹਿਆ।

-"ਸੁਣਾਈਏ....?" ਸੋਭਾ ਰਾਮ ਰਾਤਾਂ ਨੂੰ ਦਰਵਾਜਾ ਖੋਲ੍ਹਣ ਦਾ ਆਦੀ ਹੋ ਚੁੱਕਾ ਸੀ। ਉਸ ਨੂੰ ਪ੍ਰੱਪਕ ਪਤਾ ਸੀ ਕਿ ਇਸ ਕੋਠੀ ਵਿਚ ਅੱਤਿਵਾਦੀਆਂ ਤੋਂ ਬਗੈਰ ਕੋਈ ਆ ਹੀ ਨਹੀਂ ਸਕਦਾ ਸੀ। ਬਾਬੇ ਦੇ ਯਾਰ, ਗਿੱਦੜ ਤੇ ਬਘਿਆੜ - ਅੱਤਿਵਾਦੀਆਂ ਕੋਲ ਅੱਤਿਵਾਦੀ ਹੀ ਆਉਣੇ ਸਨ।

-"ਮਾਤਾ ਜੀ ਘਰੇ ਈ ਨੇ?" ਠਾਣੇਦਾਰ ਨੇ ਬਾਹਰ ਖੜ੍ਹਿਆਂ ਹੀ ਧੀਮੀ ਅਵਾਜ਼ ਵਿਚ ਪੁੱਛਿਆ।

-"ਆਰਾਮ ਕਰ ਰਹੇ ਹੈਂ-ਮਗਰ ਉਨ ਕੋ ਜ਼ਿਆਦਾ ਨੀਂਦਰ ਨਹੀਂ ਪੜਤੀ-ਮੈਂ ਅਭੀ ਜਗਾ ਦੇਤਾ ਹੂੰ-ਮਗਰ ਆਪ ਕੌਨ ਹੈਂ-ਯੇਹ ਤੋ ਬਤਾਈਏ?"

ਠਾਣੇਦਾਰ ਨੂੰ ਸਮਝ ਆ ਗਈ ਕਿ ਇਹ ਆਦਮੀ 'ਭਈਆ' ਹੈ।

-"ਭਈਆ! ਹਮ ਖ਼ਾੜਕੂ ਸੀਂਘ ਹੈਂ-ਮਾਤਾ ਜੀ ਸੇ ਜ਼ਰੂਰੀ ਬਾਤੇਂ ਕਰਨੀ ਹੈਂ।"

-"ਆਈਏ ਸੀਂਘ ਸਾਅਬ...!" ਤੇ ਸੋਭਾ ਰਾਮ ਉਹਨਾਂ ਨੂੰ ਅਗਵਾਈ ਦਿੰਦਾ ਮਾਈ ਸੰਤ ਕੌਰ ਕੋਲ ਲੈ ਗਿਆ। ਮਾਈ ਜਾਗਦੀ ਹੀ ਪਈ ਸੀ।

-"ਮਾਤਾ ਜੀ ਸੀਂਘ ਸਾਅਬ ਆਏ ਹੈਂ।"

-"ਜੀਅ ਆਇਆਂ ਦੇ ਭਾਈ!" ਮਾਈ ਉਠ ਕੇ ਬੈਠ ਗਈ। ਪੰਝੱਤਰ ਸਾਲ ਦੀ ਬਿਰਧ ਮਾਤਾ ਸੰਤ ਕੌਰ ਦੇ ਚਿਹਰੇ 'ਤੇ ਕੋਈ ਘਬਰਾਹਟ ਨਹੀਂ ਸੀ। ਉਸ ਨੇ ਉਠ ਕੇ ਵਰਾਂਡੇ ਦੀ ਬੱਤੀ ਜਗਾ ਲਈ। ਲਾਈਟ 'ਡਿੰਮ੍ਹ' ਹੋਣ ਕਾਰਨ ਬੱਲਬ ਦਾ ਚਾਨਣ ਸਿਫ਼ਰ, ਸਿਰਫ਼ ਗੁਜ਼ਾਰੇ ਜੋਗਾ ਸੀ। ਉਸ ਨੇ ਪੁਲਸੀਆਂ ਨੂੰ ਮੰਜੇ 'ਤੇ ਬਿਠਾ ਲਿਆ। ਚਿੱਟੇ ਕੱਪੜਿਆਂ ਵਿਚ ਸੰਤ ਕੌਰ ਕੋਈ ਦੇਵੀ ਜਾਪਦੀ ਸੀ। ਉਸ ਨੇ ਸੋਭਾ ਰਾਮ ਨੂੰ ਚਾਹ ਧਰਨ ਦਾ ਹੁਕਮ ਦੇ ਦਿੱਤਾ। ਸੋਭਾ ਰਾਮ ਰਸੋਈ ਵਿਚ ਰੁੱਝ ਗਿਆ।

-"ਹਾਂ ਭਾਈ ਕਿਹੜੇ ਪਾਸਿਓਂ ਆਏ ਐਂ?"

-"ਅਸੀਂ ਤਾਂ ਮਾਤਾ ਬੱਸ ਇਉਂ ਹੀ ਕਹਿ ਲਈਏ ਬਈ ਖੂਹ 'ਚੋਂ ਆਏ ਤੇ ਖਾਤੇ 'ਚ ਜਾਣੈਂ।"

-"ਕੀ ਭੀੜ ਪੈ ਗਈ ਸ਼ੇਰੋ?" ਭੋਲੀ ਸੰਤ ਕੌਰ ਠਾਣੇਦਾਰ ਦੀ ਪਿੱਠ ਪਲੋਸਣ ਲੱਗ ਪਈ।

-"ਮਾਤਾ ਪਹਿਲੇ ਠਾਣੇਦਾਰ ਨੇ ਮੇਰਾ ਭਰਾ ਮਾਰਤਾ ਮੁਕਾਬਲਾ ਬਣਾ ਕੇ-ਤੇ ਹੁਣ ਆਲਾ ਠਾਣੇਦਾਰ ਮੈਨੂੰ ਨਹੀਂ ਟਿਕਣ ਦਿੰਦਾ-।"

-"ਇਹੇ ਤਾਂ ਮੈਂ ਵੀ ਸੁਣਿਐਂ ਬਈ ਬੜਾ ਬੁੱਚੜ ਐ ਖੇਹ ਹੋਣਾ।"

-"ਤੇ ਮਾਤਾ ਆਹ ਮੁੰਡੇ ਦੇ ਬੁੜ੍ਹੇ ਮਾਂ-ਪਿਉ ਨੂੰ ਪੰਜ ਦਿਨ ਹੋਗੇ ਠਾਣੇ 'ਚ ਕੁੱਟਣ ਡਹੇ ਐ।"

-"ਹੈਅ ਤੇਰੀ ਬੇੜੀ ਬਹਿਜੇ ਨਿਪੁੱਤੇ ਦਿਆ!"

-"ਤੇ ਐਹਦੀ ਘਰਾਂਆਲੀ ਨਾਲ ਸਿਪਾਹੀਆਂ ਨੇ ਠਾਣੇ ਲਿਜਾ ਕੇ ਖੇਹ ਖਰਾਬੀ ਕੀਤੀ।"

-"ਬਾਘਰੂ - ਬਾਘਰੂ...!"

-"ਤੇ ਆਹ ਮਾਈ ਸਕੇ ਚਾਚੇ-ਤਾਏ ਦੇ ਪੁੱਤ ਐ-ਇਹਨਾਂ ਦੀਆਂ ਫ਼ਸਲਾਂ ਨੂੰ ਅੱਗ ਲਾਅਤੀ ਤੇ ਜੁਆਕਾਂ ਸਣੇਂ ਸਾਰਾ ਟੱਬਰ ਕੁੱਟਿਆ।"

-"ਥੋਡੇ ਕੀੜੇ ਪੈ ਜਾਣ ਔਤਾਂ ਦਿਓ! ਅੰਨ ਦੇਬਤੇ ਨਾਲ ਥੋਡਾ ਕੀ ਬੈਰ ਸੀ?"

-"ਮਾਤਾ ਅਸੀਂ ਮਾਰ ਖਾਨੇਂ ਐਂ ਅਸਲੇ ਖੁਣੋਂ-ਨਹੀਂ ਤਾਂ ਹੁਣ ਨੂੰ ਬੁੱਚੜ ਠਾਣੇਦਾਰ ਦੀਆਂ ਢਿੰਬਰੀਆਂ ਟੈਟ ਕਰ ਦਿੰਦੇ।"

-"ਪੁੱਤ-ਤੁਸੀਂ ਬਾਹਲਾ ਨਾ ਕਲਪੋ! ਮੁੰਡੇ ਗਏ ਵੇ ਐ-ਤੜਕਿਓਂ ਚਾਰ ਕੁ ਵਜੇ ਆ ਜਾਣਗੇ-ਤੁਸੀਂ ਸਾਰੀ ਗੱਲ ਉਹਨਾਂ ਨੂੰ ਦੱਸਿਓ-ਉਹਨਾਂ ਨੂੰ ਵੀ ਬੰਦਿਆਂ ਦੀ ਲੋੜ ਐ-ਨਵੀਂ ਭਰਤੀ ਕਰਦੇ ਫਿਰਦੇ ਐ-ਅਸਲਾ ਥੋਨੂੰ ਦੇ ਦੇਣਗੇ-ਅਸਲਾ ਤਾਂ ਭਾਈ ਉਹਨਾਂ ਕੋਲੇ ਐਨਾ ਐਂ-ਮੁਕਾਇਆ ਨੀ ਮੁਕਦਾ-ਜਿੰਨਾ ਮਰਜੀ ਐ ਲੈ ਲਇਓ।"

ਮਾਈ ਦੇ ਬੋਲਾਂ 'ਤੇ ਸਾਰਿਆਂ ਨੂੰ ਮੁੜ੍ਹਕਾ ਆ ਗਿਆ।

ਪਰ ਠਾਣੇਦਾਰ ਸੰਭਲਿਆ।

-"ਮਾਈ ਅਜੇ ਤਾਂ ਵੱਜੇ ਈ ਦਸ ਐ-ਸਾਡਾ ਕੋਈ ਚਾਰ ਵਜੇ ਤੱਕ ਪ੍ਰਬੰਧ?"

-"ਪਹਿਲਾਂ ਭਾਈ ਤੁਸੀਂ ਚਾਹ ਪੀਓ!"

ਚਾਹ ਆਉਣ 'ਤੇ ਸੰਤ ਕੌਰ ਨੇ ਕਿਹਾ।

ਸਾਰਿਆਂ ਨੇ ਚਾਹ ਦੇ ਸੜ੍ਹਾਕੇ ਮਾਰਨੇ ਸ਼ੁਰੂ ਕਰ ਦਿੱਤੇ। ਭਈਆ ਪਾਸੇ ਖੜ੍ਹਾ ਸੀ।

-"ਵੇ ਸੋਭਾ ਰਾਮਾਂ ਭਾਂਡੇ ਤੜਕਿਓਂ ਮਾਂਜ ਲਈਂ-ਹੁਣ ਤੂੰ ਜਾ ਕੇ ਪੈ ਜਾਹ-'ਰਾਮ ਕਰਲਾ ਮੇਰਾ ਸ਼ੇਰ।" ਮਾਈ ਦੇ ਹੁਕਮ 'ਤੇ ਭਈਆ ਗੋਲੀ ਬਣ ਗਿਆ।

ਸਾਰਿਆਂ ਨੇ ਚਾਹ ਪੀ ਕੇ ਗਿਲਾਸ ਮੇਜ਼ 'ਤੇ ਰੱਖ ਦਿੱਤੇ ਤਾਂ ਮਾਈ ਬੋਲੀ:

-"ਉਪਰ ਚੁਬਾਰੇ 'ਚ ਇੱਕ ਮੁੰਡਾ ਪਿਆ ਐ ਭਾਈ-।"

ਸਾਰੇ ਵਕਤ ਨੂੰ ਫੜੇ ਗਏ। ਪਰ ਸੰਤ ਕੌਰ ਦੇ ਅਗਲੇ ਬਿਆਨਾਂ ਔਂ ਉਹਨਾਂ ਦਾ ਸਾਹ ਥਾਂ ਸਿਰ ਆਇਆ।

-"ਉਹਦੇ ਸ਼ੇਰੋ ਦੋਹਵੇਂ ਬਾਹਾਂ 'ਚ ਗੋਲੀਆਂ ਲੱਗੀਐਂ-ਉਹਦੇ ਕੋਲੇ ਜਾ ਕੇ ਪੈਜੋ-ਜਦੋਂ ਦੂਜੇ ਮੁੰਡੇ ਆਏ ਸਵੇਰੇ ਆਏ-ਮੈਂ ਥੋਨੂੰ ਜਗਾ ਦਿਊਂਗੀ।"

-"ਮਾਈ-ਮਾਤਾ ਬਣਕੇ ਸਾਨੂੰ ਚੁਬਾਰੇ 'ਚ ਛੱਡ ਆ-ਹੋਰ ਨਾ ਉਹ ਸਾਨੂੰ ਓਪਰਾ ਜਿਆ ਦੇਖ ਕੇ ਗੋਲੀ ਚਲਾ ਦੇਵੇ?"

-"ਵੇ ਕਾਹਨੂੰ ਉਹ ਗੋਲੀ ਚਲਾਉਣ ਜੋਕਰੈ ਵਿਚਾਰਾ-ਉਹਤੋਂ ਤਾਂ ਹਿੱਲਿਆ ਵੀ ਨਹੀਂ ਜਾਂਦਾ-ਆਬਦੀ ਕਿਰਿਆ ਵੀ ਮਸਾਂ ਸੋਧਦੈ ਮਾੜੇ ਕਰਮਾਂ ਆਲਾ।"

-"ਕਿਹੜੇ ਪਿੰਡ ਦਾ ਐ ਮਾਤਾ?"

-"ਵੇ ਸਮਾਧ ਦਾ ਐ ਭਾਈ।"

-"ਤੇ ਗੋਲੀ ਕਿਵੇਂ ਲੱਗੀ?"

-"ਕਿਹੜਾ ਇੱਕ ਗੋਲੀ ਲੱਗੀ ਐ ਸ਼ੇਰਾ? ਉਹ ਤਾਂ ਬਿਚਾਰਾ ਥਾਂ ਥਾਂ ਤੋਂ ਪੁਣਿਆਂ ਪਿਐ-ਕਹਿੰਡੇ ਸੀ. ਆਰ. ਪੀ. ਨਾਲ ਮੁੱਠਭੇੜ੍ਹ ਹੋ ਗਈ-ਇਹ ਤਾਂ ਦੂਜੇ ਮੁੰਡੇ ਈ ਤਕੜੇ ਨਿਕਲੇ ਜਿਹੜੇ ਇਹਨੂੰ ਵਰ੍ਹਦੀ ਅੱਗ 'ਚੋਂ ਚੁੱਕ ਲਿਆਏ-ਨਹੀਂ ਤਾਂ ਬਿਚਾਰਾ ਉਥੇ ਈ ਮਰ ਖਪ ਜਾਂਦਾ।"

-"ਤੇ ਮਾਈ ਇਹਦੇ 'ਲਾਜ ਲੂਜ ਦਾ ਪ੍ਰਬੰਧ ਨਹੀਂ ਕੀਤਾ?"

-"ਵੇ ਭਾਈ ਤੀਜੇ ਕੁ ਦਿਨ ਮੁੰਡੇ ਇੱਕ ਡਾਕਦਾਰ ਨੂੰ ਅੱਖਾਂ 'ਤੇ ਪੱਟੀ ਜੀ ਬੰਨ੍ਹ ਕੇ ਲਿਆਉਂਦੇ ਐ-ਉਹ ਇਹਦੇ ਟੀਕੇ ਟਾਕੇ ਲਾਉਂਦੈ-ਗੋਲੀਆਂ ਕੈਪਸੂਲ ਦਿੰਦੈ-ਉਸ ਡਾਕਦਾਰ ਨੇ ਭਾਈ ਇਹਦੀਆਂ ਬਾਹਾਂ 'ਚੋਂ ਪੂਰੀਆਂ ਸੱਤ ਗੋਲੀਆਂ ਕੱਢੀਆਂ-।"

-"ਵਾਹਿਗੁਰੂ-!" ਠਾਣੇਦਾਰ ਨੇ ਲੰਬਾ ਸਾਹ ਲਿਆ।

-"ਚਲੋ ਭਾਈ ਥੋਨੂੰ ਚੁਬਾਰੇ 'ਚ ਛੱਡ ਆਵਾਂ-ਤੇ ਪੁੱਤ ਔਹ ਦੂਜੇ ਚੁਬਾਰੇ 'ਚ ਜਮਾਂ ਨਾ ਵੜਿਓ-ਇਹਦੇ 'ਚ ਤਾਂ ਮੁੰਡੇ ਸਾਨੂੰ ਵੀ ਨੀ ਜਾਣ ਦਿੰਦੇ-ਕੁੰਜੀ ਆਬਦੇ ਕੋਲੇ ਈ ਰੱਖਦੇ ਐ-ਤੇ ਇਹਦੇ 'ਚ ਭਾਈ ਕੀ ਰੱਖਿਐ ਰੱਬ ਜਾਣੇਂ-।" ਕਹਿੰਦੀ ਮਾਈ ਅੱਗੇ ਲੱਗ ਤੁਰੀ।

ਠਾਣੇਦਾਰ ਅਤੇ ਸਿਪਾਹੀਆਂ ਨੇ ਆਪਣੇ ਰਿਵਾਲਵਰ ਪਰਖੇ। ਹੈਂਡ-ਗਰਨੇਡ ਅਤੇ ਰੱਸੀਆਂ ਨਿਰਖ ਲਈਆਂ।

ਸਾਰੇ ਪੌੜੀਆਂ ਚੜ੍ਹ ਗਏ।

-"ਬੰਟੀ...!" ਸੰਤ ਕੌਰ ਨੇ ਅਵਾਜ਼ ਦਿੱਤੀ ਤਾਂ ਕੋਈ ਉੱਤਰ ਨਾ ਆਇਆ। ਸ਼ਾਇਦ ਬੰਟੀ ਸੁੱਤਾ ਹੋਇਆ ਸੀ ਜਾਂ ਫਿਰ ਨਿਢਾਲ ਸੀ?

-"ਬੰਟੀ ਪੁੱਤ...! ਇਹਨੂੰ ਭਾਈ ਨੀਂਦ ਆਲੀਆਂ ਗੋਲੀਆਂ ਦੇ ਕੇ ਜਾਂਦੇ ਐ ਮੁੰਡੇ ਜਾਂਦੇ ਹੋਏ-।" ਮਾਈ ਨੇ ਜਦੋਂ ਆਖਿਆ ਤਾਂ ਠਾਣੇਦਾਰ ਸਮੇਤ ਸਿਪਾਹੀ ਦਰਵਾਜੇ ਨੂੰ ਧੱਕਾ ਦੇ ਕੇ ਅੰਦਰ ਚਲੇ ਗਏ। ਹਥਿਆਰ ਉਹਨਾਂ ਨੇ ਕੱਢ ਲਏ ਸਨ। ਪਹਿਲਾਂ ਬੰਟੀ ਅਤੇ ਫਿਰ ਸੰਤ ਕੌਰ ਨੂੰ ਨਰੜ ਲਿਆ ਗਿਆ। ਮੂੰਹ ਬੰਦ ਕਰਕੇ ਬੇਕਿਰਕੀ ਨਾਲ ਬੰਨ੍ਹ ਦਿੱਤੇ।

-"ਭਈਏ ਨੂੰ ਕਾਬੂ ਕਰੋ...!" ਠਾਣੇਦਾਰ ਚੀਕਿਆ ਤਾਂ ਦੋ ਸਿਪਾਹੀ ਪੈਰ ਤੋਂ ਹੀ ਚਾਲ ਫੜ ਗਏ। ਕਮਰੇ ਵਿਚ ਜਾ ਕੇ ਉਹਨਾਂ ਨੇ ਭਈਆ ਮੁਰਗੀ ਵਾਂਗ ਮਰੋੜ ਲਿਆ। ਉਸ ਦੇ ਹੱਥ ਪੈਰ ਬੰਨ੍ਹ ਉਪਰ ਚੁਬਾਰੇ ਵਿਚ ਲਿਆ ਸੁੱਟਿਆ।

ਚੁਬਾਰੇ ਵਿਚ ਪਿਆ ਥੋਕ ਵਿਚ ਅਸਲਾ ਦੇਖ-ਦੇਖ ਠਾਣੇਦਾਰ ਅਤੇ ਸਿਪਾਹੀਆਂ ਦੇ ਦੰਦ ਜੁੜਦੇ ਜਾ ਰਹੇ ਸਨ। ਬੰਦ ਕੀਤੀ ਹੋਈ ਵਾਇਰਲੈੱਸ ਠਾਣੇਦਾਰ ਨੇ ਚਾਲੂ ਕਰ ਲਈ।

ਸੰਤ ਕੌਰ ਡੁੱਬੀਆਂ ਅੱਖਾਂ ਨਾਲ ਠਾਣੇਦਾਰ ਅਤੇ ਸਿਪਾਹੀਆਂ ਵੱਲ ਦੇਖ ਰਹੀ ਸੀ। ਇਸ ਅਚਨਚੇਤ ਪਈ ਧਾੜ ਤੋਂ ਉਹ ਬੁਰੀ

ਤਰ੍ਹਾਂ ਬਿੜਕ ਗਈ ਸੀ। ਉਸ ਨੇ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ ਕਿ ਇਹ ਭੇਦ ਵੀ ਕਦੇ ਬਾਹਰ ਨਿਕਲ ਸਕਦਾ ਹੈ। ਤੜਕਿਓਂ ਆਉਣ ਵਾਲੇ ਖ਼ਾੜਕੂਆਂ ਦੇ ਹਸ਼ਰ ਬਾਰੇ ਸੋਚ ਸੋਚ ਕੇ ਸੰਤ ਕੌਰ ਨੂੰ ਕਾਂਬਾ ਛਿੜ ਛਿੜ ਜਾਂਦਾ ਸੀ। ਉਹ ਉਸ ਨੂੰ ਪੁੱਤਾਂ-ਪੋਤਰਿਆਂ ਵਰਗੇ ਹੀ ਤਾਂ ਲੱਗਦੇ ਸਨ।

ਠਾਣੇਦਾਰ ਨੇ ਵਾਇਰਲੈੱਸ 'ਤੇ ਫ਼ੋਰਸ ਨੂੰ ਆਰਡਰ ਦੇਣੇ ਸੁਰੂ ਕਰ ਦਿੱਤੇ।

-"ਇੱਕ ਮੋਰਚਾ ਤਾਂ ਸਰ ਕਰ ਲਿਆ...!" ਠਾਣੇਦਾਰ ਆਖ ਰਿਹਾ ਸੀ।

-"ਹੁਣ ਸਾਨੂੰ ਕੋਈ ਹੁਕਮ ਹਜੂਰ?" ਖੇਤਾਂ ਵਿਚ ਲੱਗੀ ਪੈਦਲ-ਫ਼ੋਰਸ ਵਿਚੋਂ ਕੋਈ ਪੁੱਛ ਰਿਹਾ ਸੀ। ਪੈਦਲ ਫ਼ੋਰਸ ਕੋਠੀ ਦੇ ਆਸ ਪਾਸ ਫ਼ਸਲਾਂ ਵਿਚ ਬਘਿਆੜਾਂ ਵਾਂਗ ਸ਼ਹਿ ਲਾਈ ਬੈਠੀ ਸੀ।

-"ਕੋਠੀ ਦੀ ਛੱਤ ਉਪਰ ਦੋਨੀਂ ਪਾਸੀਂ ਮੋਰਚੇ ਲਾ ਲਓ-ਬੁੜ੍ਹੀ ਤੇ ਅੱਤਵਾਦੀ ਨੂੰ ਠਾਣੇ ਪਹੁੰਚਾਓ-ਤੁਹਾਡੀ ਜੀਪ ਕੋਠੀ ਦੇ ਅੱਗੇ ਇੱਕ ਮਿੰਟ ਤੋਂ ਵੀ ਵੱਧ ਨਹੀਂ ਰੁਕਣੀ ਚਾਹੀਦੀ-ਇਹ ਮੇਰੀ ਸਖ਼ਤ ਹਦਾਇਤ ਹੈ! ਅਠਾਰਾਂ ਜਾਣੇ ਛੱਤ 'ਤੇ ਚੜ੍ਹਨ ਅਤੇ ਬਾਕੀ ਦੇ ਖੇਤਾਂ ਵਿਚ ਹੀ ਤਿਆਰ-ਬਰ-ਤਿਆਰ ਰਹਿਣ-ਵਾਹ ਜਾਂਦੀ ਬੰਦੇ ਜਿਉਂਦੇ ਹੱਥ ਆਉਣੇ ਚਾਹੀਦੇ ਐ-ਤੁਹਾਨੂੰ ਮੈਂ ਸਿਰਫ਼ ਪੰਦਰਾਂ ਮਿੰਟ ਦਿੰਦਾ ਹਾਂ-ਜਲਦੀ ਕਰੋ ਛੱਤ 'ਤੇ ਚੜ੍ਹ ਜਾਓ!"

ਪੰਦਰਾਂ ਮਿੰਟਾਂ ਵਿਚ ਸਾਰੀ ਕਾਰਵਾਈ ਹੋ ਗਈ।

ਬੰਟੀ ਅਤੇ ਸੰਤ ਕੌਰ ਨੂੰ ਜੀਪ ਲੱਦ ਕੇ ਠਾਣੇ ਨੂੰ ਤੁਰ ਪਈ ਅਤੇ ਅਠਾਰਾਂ ਬੰਦੇ ਛੱਤ 'ਤੇ ਚੜ੍ਹ ਗਏ। ਬਾਕੀ ਫ਼ੋਰਸ ਨੇ ਖੁਫ਼ੀਆ ਤੌਰ 'ਤੇ ਕੋਠੀ ਨੂੰ ਚਾਰੇ ਪਾਸਿਓਂ ਘੇਰਾ ਪਾ ਰੱਖਿਆ ਸੀ।

ਠਾਣੇਦਾਰ ਕੋਠੀ ਦੀ ਛੱਤ 'ਤੇ ਚੜ੍ਹ ਕੇ ਫ਼ੋਰਸ ਨੂੰ ਕੁਝ ਜਰੂਰੀ ਹਦਾਇਤਾਂ ਦੇ ਕੇ ਹੇਠਾਂ ਆ ਗਿਆ।

-"ਸਾਹਬ ਬਹਾਦਰ ਐਹਦਾ ਕੀ ਕਰਨੈਂ?" ਇਕ ਸਿਪਾਹੀ ਨੇ ਭਈਏ ਵੱਲ ਇਸ਼ਾਰਾ ਕਰਦਿਆਂ ਪੁੱਛਿਆ।

-"ਇਹ ਤਾਂ ਆਪਣੇ ਕੰਮ ਦਾ ਬੰਦਾ ਐ-ਇਹਨੂੰ ਖੋਹਲ ਦਿਓ!" ਠਾਣੇਦਾਰ ਨੇ ਕਿਹਾ ਤਾਂ ਨੂੜਿਆ ਭਈਆ ਖੋਲ੍ਹ ਦਿੱਤਾ ਗਿਆ। ਉਸ ਨੇ ਹੱਥ ਜੋੜ ਲਏ।

-"ਸਾਅਬ ਮੇਰਾ ਤੋ ਕੋਈ ਦੋਸ਼ ਨਹੀਂ ਹੈ।" ਉਸ ਨੇ ਠਾਣੇਦਾਰ ਦੇ ਪੈਰ ਫੜ ਲਏ।

-"ਹਮ ਕਬ ਕਹਤੇ ਹੈਂ ਕੀ ਆਪ ਕਾ ਦੋਸ਼ ਹੈ?" ਉਸ ਨੇ ਸੋਭਾ ਰਾਮ ਨੂੰ ਫੜ ਕੇ ਖੜ੍ਹਾ ਕਰ ਲਿਆ, "ਉਠੀਏ!"

-"ਸਾਅਬ ਜੀ, ਮੈਨੇ ਹੀ ਤੋ ਯੇਹ ਖ਼ਬਰ ਆਗੇ ਪਹੁੰਚਾਈ ਥੀ-ਮਗਰ ਸਾਅਬ ਜੀ ਹਮਰਾ ਨਾਮ ਮਤ ਲੇਨਾ-ਵੋ ਲੋਗ ਮੁਝੇ ਮਾਰ ਡਾਲੇਗਾ-ਹਮਰੇ ਤੋ ਬੱਚੇ ਬੀ ਛੋਟੇ ਛੋਟੇ ਹੈਂ ਸਾਅਬ ਜੀ-।"

-"ਦੇਖੋ! ਘਬਰਾਈਏ ਮਤ-ਹਮ ਆਪ ਕੇ ਸਾਥ ਹੈਂ-ਉਗਰਵਾਦੀਓਂ ਕੀ ਸਾਰੀ ਕਾਰਵਾਈਓਂ ਕੀ ਹਮੇਂ ਜਾਨਕਾਰੀ ਦੇਂ-ਵੋ ਕੌਨ ਕੌਨ ਹੈਂ-ਕਹਾਂ ਕੇ ਰਹਨੇ ਵਾਲੇ ਹੈਂ-ਕਿਆ ਕਰਤੇ ਹੈਂ? ਕਹਾਂ ਜਾਤੇ ਹੈਂ? ਕਬ ਆਤੇ ਹੈਂ ਔਰ ਕਬ ਜਾਤੇ ਹੈਂ? ਇਸ ਬੁੜ੍ਹੀਆ ਕਾ ਉਨ ਸੇ ਕਿਆ ਨਾਤਾ ਹੈ?"

-"ਸਾਅਬ ਜੀ ਬੁੜ੍ਹੀਆ ਕਾ ਉਨਸੇ ਕੋਈ ਨਾਤਾ ਨਹੀਂ ਹੈ-ਵੋ ਤੋ ਵੈਸੇ ਹੀ ਉਨਕੀ ਮੱਦਦ ਕਰਤੀ ਹੈ-ਬੁੜ੍ਹੀਆ ਕੇ ਲੜਕੇ ਬਾਹਰ ਰਹਤੇ ਹੈਂ-ਉਨਹੋਂ ਨੇ ਇਸ ਕੋ ਬੋਲ ਰੱਖਾ ਥਾ ਕਿ ਇਨ ਉਗਰਵਾਦੀਓਂ ਕੋ ਪਨਾਂਹ ਦੋ-।"

-"ਉਨ ਕੇ ਆਨੇ ਜਾਨੇ ਕਾ ਸਮਾਂ?"

-"ਸਮਾਂ ਕੋਈ ਨੀਯਤ ਨਹੀਂ ਹੈ ਸਾਅਬ ਜੀ-ਵੋ ਆਠ ਨੌਂ ਵਜੇ ਜਾਤੇ ਹੈਂ-ਔਰ ਤੀਨ ਚਾਰ ਵਜੇ ਵਾਪਿਸ ਆ ਜਾਤੇ ਹੈਂ-ਕਬੀ-ਕਬੀ ਤੀਨ-ਤੀਨ ਦਿਨ ਜਾਤੇ ਹੀ ਨਹੀਂ-ਊਪਰ ਹੀ ਪੜੇ ਰਹਤੇ ਹੈਂ-ਔਰ ਕਬੀ-ਕਬੀ ਦੋ-ਦੋ ਦਿਨ ਆਤੇ ਹੀ ਨਹੀਂ-"

-"ਨਾਮ ਕਿਆ ਹੈਂ ਉਨਕੇ?"

-"ਨਾਮ ਤੋ ਸਾਅਬ ਜੀ ਉਨਕੇ ਛੋਟੇ ਛੋਟੇ ਹੀ ਹੈਂ-ਕਿਸੀ ਕਾ ਬੰਟੀ, ਕਿਸੀ ਕਾ ਟੈਨੀ ਔਰ ਕਿਸੀ ਕਾ ਟੋਨੀ-ਔਰ ਹਾਂ ਏਕ ਸੀਂਘ ਕੋ ਸਬੀ ਜੱਥੇਦਾਰ ਬੋਲਤਾ ਹੈ।"

-"ਕਿਸੀ ਕਾ ਗਾਓਂ ਮਾਲੂਮ ਹੈ?"

-"ਸਾਅਬ ਜੀ-ਗਾਓਂ ਕੇ ਬਾਰੇ ਮੇਂ ਤੋ ਮੁਝੇ ਮਾਲੂਮ ਨਹੀਂ ਹੈ।" ਉਸ ਨੇ ਫਿਰ ਹੱਥ ਜੋੜੇ।

-"ਕਿਆ ਨਾਮ ਹੈ ਆਪਕਾ?"

-"ਸੋਭਾ ਰਾਮ ਹੈ ਜੀ।"

-"ਸੋਭਾ ਰਾਮ! ਆਪ ਨੇ ਸੱਚ ਬੋਲਾ ਹੈ-ਹਮ ਆਪ ਪਰ ਬਹੁਤ ਖੁਸ਼ ਹੈਂ-ਹਮ ਸੱਚੇ ਇਨਸਾਨ ਕੀ ਕਦਰ ਕਰਤੇ ਹੈਂ-ਅਬ ਧਿਆਨ ਸੇ ਸੁਨੀਏਂ-ਜਬ ਵੋਹ ਆਏਂ ਉਨ ਕੋ ਕਿਸੀ ਤਰਹ ਕਾ ਸ਼ੱਕ ਨਹੀਂ ਹੋਨਾ ਚਾਹੀਏ-ਆਪ ਦਰਵਾਜਾ ਖੋਲ੍ਹ ਕਰ ਤੁਰੰਤ ਅਪਨੇ ਕਮਰੇ ਮੇਂ ਚਲੇ ਜਾਨਾ-ਮਗਰ ਘਬਰਾਨਾ ਨਹੀਂ-ਬਾਹਰ ਭੀ ਨਹੀਂ ਆਨਾ-ਔਰ ਹਾਂ! ਉਨ ਕੇ ਅੰਦਰ ਆਨੇ ਕੇ ਬਾਅਦ ਗੇਟ ਬੰਦ ਨਹੀਂ ਕਰਨਾ-ਆਪ ਕੋ ਏਕ ਬਾਤ ਹਮ ਅਭੀ ਬਤਾ ਦੇਤੇ ਹੈਂ-ਕਿ ਹੋ ਸਕਤਾ ਹੈ ਗੋਲੀ ਚਲੇ ਲੇਕਿਨ ਜ਼ਰੂਰੀ ਨਹੀਂ-ਇਸ ਲੀਏ ਆਪ ਤੁਰੰਤ ਅਪਨੇ ਕਮਰੇ ਮੇਂ ਜਾ ਕਰ ਅੰਦਰ ਸੇ ਦਰਵਾਜਾ ਬੰਦ ਕਰ ਲੇਨਾ-ਜਬ ਤੱਕ ਮੈਂ ਆਵਾਜ਼ ਨਾ ਦੂੰ ਦਰਵਾਜ਼ਾ ਨਹੀਂ ਖੋਲ੍ਹਨਾ-ਸਮਝ ਗਏ...?"

-"ਜੀ ਸਾਅਬ...!"

-"ਅਪਨੇ ਕਮਰੇ ਮੇਂ ਜਾਓ!"

ਸੋਭਾ ਰਾਮ ਚਲਾ ਗਿਆ।

ਠਾਣੇਦਾਰ ਨੇ ਸੰਤ ਕੌਰ ਦੇ ਮੰਜੇ ਕੋਲ ਜਾ ਕੇ ਰਜਾਈ ਹੇਠ ਦੋ ਸਿਰਹਾਣੇਂ ਰੱਖ, ਰਜਾਈ ਸਿੱਧੀ ਕਰ ਦਿੱਤੀ। ਮੰਜੇ ਉੱਪਰ ਸੰਤ ਕੌਰ ਸੁੱਤੀ

ਹੋਈ ਦਾ ਭੁਲੇਖਾ ਪੈਣ ਲੱਗ ਪਿਆ।
ਸਵੇਰ ਦੇ ਤਿੰਨ ਵੱਜ ਗਏ ਸਨ।
ਠਾਣੇਦਾਰ ਫ਼ੋਰਸ ਕੋਲ ਛੱਤ 'ਤੇ ਚਲਾ ਗਿਆ।
ਉਹ ਕਾਹਲੀ-ਕਾਹਲੀ ਲੋੜੀਂਦੀਆਂ ਹਦਾਇਤਾਂ ਦੇ ਰਿਹਾ ਸੀ। ਫਿਰ ਉਸ ਨੇ ਅਫ਼ੀਮ ਦਾ ਗੋਲਾ ਅੰਦਰ ਸੁੱਟਿਆ।
ਟਾਵੇਂ-ਟਾਵੇਂ ਗੁਰਦੁਆਰੇ ਵਿਚੋਂ ਪਵਿੱਤਰ ਬਾਣੀ ਦਾ ਝਰਨਾ ਫੁੱਟ ਪਿਆ ਸੀ। ਪਰ ਇੱਧਰ ਪੁਲੀਸ ਸਿੰਘਾਂ ਦਾ ਸ਼ਿਕਾਰ ਕਰਨ ਲਈ ਮੁੱਠੀਆਂ ਵਿਚ ਥੁੱਕੀ ਬੈਠੀ ਸੀ।
ਕੋਈ ਸਾਢੇ ਕੁ ਤਿੰਨ ਵਜੇ ਗੇਟ ਖੜਕਿਆ!
ਸੋਭਾ ਰਾਮ ਨੂੰ ਚੱਕਰ ਆਇਆ!!
ਫ਼ੋਰਸ ਚੌਕਸ ਹੋ ਗਈ!!!
ਦਰਵਾਜਾ ਫਿਰ ਖੜਕਿਆ ਤਾਂ ਸੋਭਾ ਰਾਮ ਨੇ ਸਾਰੀ ਤਾਕਤ ਇਕੱਠੀ ਕਰਕੇ ਦਰਵਾਜਾ ਖੋਲ੍ਹਿਆ।
ਛੇ ਖਾੜਕੂ ਅੰਦਰ ਲੰਘ ਆਏ। ਅਸਾਲਟਾਂ ਉਹਨਾਂ ਦੇ ਕੋਲ ਸਨ। ਉਹ ਕਾਫ਼ੀ ਥੱਕੇ-ਥੱਕੇ ਜਾਪਦੇ ਸਨ। ਸ਼ਾਇਦ ਕਾਫ਼ੀ ਵਾਟ ਤੁਰ ਕੇ ਆਏ ਸਨ।
ਵਿਹੜੇ ਦੇ ਅੱਧ ਵਿਚ ਪਹੁੰਚ ਕੇ ਉਹਨਾਂ ਨੇ ਹਥਿਆਰ ਮੰਜੇ ਉਪਰ ਰੱਖ ਦਿੱਤੇ ਅਤੇ ਗੁਸਲਖਾਨੇ ਕੋਲ ਲੱਗੇ ਨਲਕੇ ਤੋਂ ਹੱਥ ਧੋਣ ਲੱਗ ਪਏ। ਕੋਈ ਕਿਸੇ ਨਾਲ ਬਹੁਤੀ ਗੱਲ ਨਹੀਂ ਕਰ ਰਿਹਾ ਸੀ। ਸੋਭਾ ਰਾਮ ਹਦਾਇਤ ਅਨੁਸਾਰ ਆਪਣੇ ਕਮਰੇ ਵਿਚ ਚਲਾ ਗਿਆ ਸੀ। ਅਜੇ ਉਹ ਹੱਥ-ਮੂੰਹ ਹੀ ਧੋ ਰਹੇ ਸਨ ਕਿ ਦੋਵੇਂ ਪਾਸਿਓਂ, ਛੱਤ ਤੋਂ ਫ਼ੋਰਸ ਗੰਨਿਆਂ ਵਾਂਗ ਖੜ੍ਹੀ ਹੋ ਗਈ। ਸਾਰਿਆਂ ਦੇ ਹਰਾਸ ਮਾਰੇ ਗਏ। ਅਸਾਲਟਾਂ ਦੋ ਕਦਮਾਂ ਦੂਰ ਮੰਜੇ 'ਤੇ ਪਈਆਂ ਸਨ। ਉਹਨਾਂ ਨੇ ਆਪਣੇ ਆਪ ਨੂੰ ਪੂਰੀ ਫ਼ੋਰਸ ਦੇ ਘੇਰੇ ਵਿਚ ਆਇਆਂ ਦੇਖ ਕੇ ਇੱਕ ਦੂਜੇ ਵੱਲ ਤੱਕਿਆ। ਟੋਨੀ ਦੌੜ ਕੇ ਏ. ਕੇ. ਸੰਤਾਲੀ ਚੁੱਕਣ ਲੱਗਾ ਤਾਂ ਗੋਲੀਆਂ ਦੀ ਬੁਛਾੜ ਨੇ ਉਸ ਦੀਆਂ ਦੋਵੇਂ ਲੱਤਾਂ ਬੁਰੀ ਤਰ੍ਹਾਂ ਜ਼ਖ਼ਮੀਂ ਕਰ ਦਿੱਤੀਆਂ ਅਤੇ ਉਹ ਕਰਾਹੁੰਦਾ ਧਰਤੀ 'ਤੇ ਜਾ ਡਿੱਗਿਆ।

ਲਹੂ ਕੱਸੀ ਦੇ ਪਾਣੀ ਵਾਂਗ ਵਹਿਣਾ ਸੁਰੂ ਹੋ ਗਿਆ।

ਬਾਕੀ ਸਾਥੀ ਨਿਹੱਥੇ ਖੜ੍ਹੇ ਸਨ।

-"ਜੇ ਹੁਣ ਕਿਸੇ ਨੇ ਹਰਕਤ ਕੀਤੀ ਤਾਂ ਇਹੀ ਹਸ਼ਰ ਹੋਊਗਾ-ਬਿਹਤਰ ਇਹ ਹੀ ਹੈ ਕਿ ਹੱਥ ਖੜ੍ਹੇ ਕਰ ਕੇ ਕੰਧ ਨਾਲ ਲੱਗ ਜਾਓ...!" ਤੇ ਵਾਇਰਲੈੱਸ 'ਤੇ ਠਾਣੇਦਾਰ ਨੇ ਬਾਹਰ ਲੱਗੀ ਫ਼ੋਰਸ ਅੰਦਰ ਬੁਲਾ ਲਈ। ਅੰਦਰ ਆਉਣਸਾਰ ਫ਼ੋਰਸ ਨੇ ਅੱਤਿਵਾਦੀਆਂ ਦੇ ਹਥਿਆਰ ਹੱਥ ਹੇਠ ਕਰ ਲਏ ਅਤੇ ਹੱਥਕੜੀਆਂ ਲਾ ਲਈਆਂ। ਖੂਨ ਦੇ ਧੱਬੇ ਸਾਫ਼ ਕਰ ਦਿੱਤੇ।
ਠਾਣੇਦਾਰ ਦਾ ਦੂਜਾ ਮੋਰਚਾ ਵੀ ਸਫ਼ਲ ਹੋ ਗਿਆ।
ਟੋਨੀ ਨੂੰ ਭਾਰੀ ਫ਼ੋਰਸ ਦੀ ਨਿਗਰਾਨੀ ਹੇਠ ਸਰਕਾਰੀ ਹਸਪਤਾਲ ਤੋਰ ਦਿੱਤਾ। ਬਾਕੀਆਂ ਨੂੰ ਧੂਹ-ਘੜੀਸ ਕੇ ਠਾਣੇ ਲਿਆ ਸੁੱਟਿਆ। ਵੱਡੀ ਲਟਾਇਣ ਵਿਚ ਉਹਨਾਂ ਦੇ ਗਿੱਟੇ ਅੜਾ ਕੇ ਨੱਟ ਕਸ ਦਿੱਤੇ ਗਏ। ਸਾਰੇ ਪੁਲੀਸ ਕਰਮਚਾਰੀਆਂ ਨੂੰ ਮੂੰਹ ਬੰਦ ਰੱਖਣ ਦੀ ਸਖ਼ਤ ਹਦਾਇਤ ਸੀ। ਕੋਈ ਸਿਪਾਹੀ ਠਾਣੇ ਤੋਂ ਬਾਹਰ ਨਹੀਂ ਜਾ ਸਕਦਾ ਸੀ। ਕੋਈ ਬਾਹਰੋਂ ਸਿਪਾਹੀਆਂ ਨੂੰ ਮਿਲਣ ਨਹੀਂ ਆ ਸਕਦਾ ਸੀ। ਗੱਲ ਕੀ? ਹਰ ਕਰਮਚਾਰੀ ਅਤੇ ਹਰ ਹਰਕਤ ਦਾ ਗਲਾ ਘੁੱਟ ਦਿੱਤਾ ਗਿਆ ਸੀ।
ਠਾਣੇ ਦੇ ਵਰਾਂਡੇ ਵਿਚ ਮੇਜ਼ ਕੁਰਸੀ ਡਾਹੀ ਠਾਣੇਦਾਰ ਖੜੱਪਾ ਸੱਪ ਬਣਿਆ, ਫ਼ਣ ਚੁੱਕੀ ਬੈਠਾ ਸੀ। ਉਸ ਦੀ ਡੇਮੂੰ ਨਜ਼ਰ ਸਿਪਾਹੀਆਂ ਨੂੰ ਤਾੜ ਰਹੀ ਸੀ। ਫਿਰ ਉਹ ਟੈਲੀਫ਼ੋਨ ਨੂੰ ਚਿੰਬੜ ਗਿਆ ਅਤੇ ਸਾਰੀ ਕਾਰਵਾਈ ਦੀ ਖ਼ਬਰ ਐੱਸ ਪੀ ਨੂੰ ਦੇ ਦਿੱਤੀ।
-"ਸ਼ਾਬਾਸ਼..! ਸ਼ਾਬਾਸ਼..!! ਗੜਗੱਜ ਸਿੰਘ ਵੈਰੀ ਗੁੱਡ - ਵੈੱਲ ਡਨ...!!! ਆਈ ਐੱਮ ਵੈਰੀ ਪਰਾਊਡ ਆਫ਼ ਯੂ, ਮਾਈ ਸੰਨ! ਯੂ ਆਰ ਦਾ ਬੈੱਸਟ ਆਫ਼ੀਸਰ ਇਨ ਮਾਈ ਸਟਾਫ਼! ਯੂ ਆਰ ਰੀਅਲੀ ਗੜਗੱਜ ਸਿੰਘ...!" ਉਹ ਖੁਸ਼ੀ ਵਿਚ ਬੁੜ੍ਹਕਿਆ।
-"ਥੈਂਕਯੂ ਸਰ..! ਥੈਂਕਯੂ ਵੈਰੀ ਮੱਚ..!! ਇਟ'ਜ਼ ਓਨਲੀ ਬੀਕਾਜ਼ ਆਫ਼ ਯੂਅਰ ਕਾਈਂਡਨੈੱਸ ਸਰ...!!!" ਠਾਣੇਦਾਰ ਹੋਰ ਆਕੜ ਗਿਆ। ਉਸ ਦੇ ਧਰਤੀ 'ਤੇ ਪੈਰ ਨਹੀਂ ਲੱਗਦੇ ਸਨ।
-"ਗੜਗੱਜ ਸਿੰਘ! ਇਟ'ਜ਼ ਅਵਰ ਗਰੇਟ ਵਿਕਟਰੀ! ਯੂਅਰ ਐਫ਼ਰਟਸ ਆਰ ਅਨਫ਼ੌਰਗਿੱਟਏਬਲ! ਯੂਅਰ ਨੇਮ ਵਿੱਲ ਬੀ ਨੋਅਨ ਐਜ਼ ਏ ਰਿਸਪੌਂਸੀਬਲ ਔਫ਼ੀਸਰ - ਯੂ ਆਰ ਰੀਅਲੀ ਏ ਫ਼ੀਅਰਲੈੱਸ ਪਰਸਨ!" ਐੱਸ. ਪੀ. ਖੁਸ਼ ਹੋਇਆ ਸਿਫ਼ਤਾਂ ਦੇ ਪੜੁੱਲ ਬੰਨ੍ਹੀ ਜਾ ਰਿਹਾ ਸੀ।
-"ਥੈਂਕਸ...! ਮੈਨੀਂ ਥੈਂਕਸ ਸਰ...!!" ਖੁਸ਼ੀ ਠਾਣੇਦਾਰ ਦੀਆਂ ਕੱਛਾਂ ਵਿਚੋਂ ਦੀ ਡੁੱਲ੍ਹ ਰਹੀ ਸੀ। ਉਸ ਨੂੰ ਕਹਿਣ ਲਈ ਕੁਝ ਸੁੱਝ ਨਹੀਂ ਰਿਹਾ ਸੀ। ਉਹ ਲਾਲਾ ਰੱਤਾ ਹੋਇਆ, ਰਿਸੀਵਰ ਘੁੱਟੀ ਖੜ੍ਹਾ ਸੀ।
-"ਪਰ ਜਨਾਬ ਅੱਗੇ ਦਾਸ ਨੂੰ ਕੀ ਹੁਕਮ ਐਂ?" ਠਾਣੇਦਾਰ ਨੇ ਆਪਣੇ 'ਆਕਾ' ਨੂੰ ਪੁੱਛਿਆ।
-"ਗੜਗੱਜ ਸਿੰਘ..! ਪੁੱਤਰਾ ਇਹ ਤੂੰ ਮੈਥੋਂ ਪੁੱਛ ਰਿਹੈਂ...? ਵਾਹ ਬਈ ਵਾਹ...! ਯੂ ਨੋਅ ਬੈਟਰ ਦੈਨ ਮੀ...!! ਜੋ ਜੀਅ ਆਵੇ ਸੋ ਰਾਜੀ ਜਾਵੇ....!" ਐੱਸ. ਪੀ. ਹੱਸ ਪਿਆ।
ਇੱਧਰੋਂ ਠਾਣੇਦਾਰ ਵੀ ਹੱਸਿਆ।
-"ਗੜਗੱਜ ਸਿੰਘ! ਮੈਂ ਹਰ ਤਰ੍ਹਾਂ ਤੇਰੇ ਨਾਲ ਐਂ - ਜੋ ਚਿੱਤ ਆਵੇ ਕਰ - ਪਰ ਅਗਲੇ ਪਿਛਲੇ ਭੇਦ ਕੱਢ ਇਹਨਾਂ ਅੰਦਰੋਂ! ਇਹ ਤੇਰੇ ਫ਼ਿਊਚਰ ਦਾ ਖ਼ਜ਼ਾਨਾ ਨੇ...!!"
-"ਤੇ ਜਨਾਬ ਬੁੱਢੀ ਦਾ ਕੀ ਕਰੀਏ?"
-"ਉਹਨੂੰ ਅਜੇ ਹੱਥ ਹੇਠ ਰੱਖੋ-ਬਾਅਦ ਵਿਚ ਪਨਾਂਹ ਦੇਣ ਦੇ ਦੋਸ਼ ਅਧੀਨ ਕੇਸ ਦਰਜ਼ ਕਰੋ ਤੇ ਭਈਏ ਨੂੰ ਵਾਅਦਾ ਮੁਆਫ਼ ਗਵਾਹ ਬਣਾਓ....!"

-"ਜੋ ਹੁਕਮ ਜਨਾਬ!"
-"ਮੈਂ ਪਰਸੋਂ ਤੇਰੇ ਕੋਲ ਪਹੁੰਚਾਂਗਾ-ਅਗਰ ਜ਼ਰੂਰਤ ਪਵੇ ਤਾਂ ਮੈਨੂੰ ਜਦੋਂ ਵੀ ਮਰਜ਼ੀ ਫ਼ੋਨ ਕਰ ਲੈਣਾ-ਪਰ ਪਰਸੋਂ ਕੋਈ ਨਾ ਕੋਈ ਖੁਸ਼ਖ਼ਬਰੀ ਤੈਥੋਂ ਜਰੂਰ ਸੁਣਨੀ ਐਂ ਗੜਗੱਜ ਸਿੰਘ!"
-"ਮੈਂ ਤੁਹਾਡੇ ਬੋਲਾਂ 'ਤੇ ਖਰਾ ਉਤਰਨ ਦੀ ਕੋਸ਼ਿਸ਼ ਕਰਾਂਗਾ ਸਰ!"
-"ਕੋਸ਼ਿਸ਼ ਨਹੀਂ! ਖ਼ਰਾ ਉਤਰਨੈਂ!! ਮੈਨੂੰ ਤੇਰੇ 'ਤੇ ਅਟੁੱਟ ਵਿਸ਼ਵਾਸ਼ ਐ ਗੜਗੱਜ ਸਿੰਘ!"
ਗੱਲਬਾਤ ਬੰਦ ਹੋ ਗਈ।
ਫ਼ੋਨ ਕੱਟੇ ਗਏ।
ਦਿਨ ਛੁਪਦੇ ਨਾਲ ਹੀ ਕਸਾਖਾਨਾ ਸੂਰੂ ਹੋ ਗਿਆ। ਤਰ੍ਹਾਂ-ਤਰ੍ਹਾਂ ਦੇ ਤਰੀਕੇ ਵਰਤੇ ਜਾ ਰਹੇ ਸਨ। ਟੈਣੀ ਦੇ ਗੁਪਤ ਅੰਗਾਂ 'ਤੇ ਬਿਜਲੀ ਦੇ ਕਰੰਟ ਲਾਏ ਜਾ ਰਹੇ ਸਨ। ਬੰਟੀ ਦੀ ਗੁਦਾ ਅੰਦਰ ਪੈਟਰੋਲ ਦੀ ਬੋਤਲ ਡੋਹਲ ਕੇ ਪਿੱਛੋਂ ਤੀਲੀ ਬਾਲ ਕੇ, ਅੱਗ ਲਾ ਦਿੱਤੀ ਗਈ - ਅਜ਼ੀਬ ਪਟਾਕਾ ਪਿਆ ਅਤੇ ਅਤੇ ਬੰਟੀ ਬੇਹੋਸ਼ ਹੋ ਗਿਆ। ਉਸ ਦੀ ਗੁਦਾ 'ਚੋਂ ਖ਼ੂਨ ਪ੍ਰਨਾਲੇ ਵਾਂਗ ਵਹਿ ਰਿਹਾ ਸੀ, ਮਿੱਝ ਵਗ ਰਹੀ ਸੀ। ਉਸ ਦੀਆਂ ਅੰਤੜੀਆਂ ਅੰਦਰੋਂ ਲੂਹੀਆਂ ਜਾ ਚੁੱਕੀਆਂ ਸਨ।
ਉਹਨਾਂ ਤੋਂ ਉਹਨਾਂ ਦੇ ਨਾਵਾਂ ਅਤੇ ਵਾਰਦਾਤਾਂ ਬਾਰੇ ਪੁੱਛਿਆ ਜਾ ਰਿਹਾ ਸੀ। ਅਸਲਾ ਕਿਥੋਂ ਆਉਂਦਾ ਸੀ ਅਤੇ ਉਹਨਾਂ ਦੇ ਨਾਲ ਦੇ ਸਾਥੀਆਂ ਦੇ ਅੱਡਿਆਂ ਬਾਰੇ ਪੁੱਛ ਪੜਤਾਲ ਹੋ ਰਹੀ ਸੀ। ਪਰ ਕੋਈ ਦੱਸ ਨਹੀਂ ਰਿਹਾ ਸੀ। ਤਰੀਕੇ ਜਾਰੀ ਸਨ। ਕਿਸੇ ਦੇ ਮਗਰ ਦੀ ਮਿਰਚਾਂ ਪਾਈਆਂ ਹੋਈਆਂ ਸਨ, ਕੋਈ ਸਿਕੰਜੇ ਵਿਚ ਅੜਾਇਆ ਹੋਇਆ ਸੀ। ਕਿਸੇ ਦੇ ਕਰੰਟ ਲਾਏ ਜਾ ਰਹੇ ਸਨ ਅਤੇ ਕੋਈ ਪੁੱਠਾ ਟੰਗਿਆ ਹੋਇਆ ਸੀ। ਸਾਰੇ ਬੱਕਰੇ ਵਾਂਗ 'ਹਲਾਲ' ਕੀਤੇ ਜਾ ਰਹੇ ਸਨ।
ਟੈਣੀ ਅਤੇ ਬੰਟੀ ਬੇਹੋਸ਼ ਪਏ ਸਨ।
ਠਾਣੇਦਾਰ ਸਾਹਣ ਵਾਂਗ ਫੁੰਕਾਰੇ ਮਾਰ ਰਿਹਾ ਸੀ। ਮੁਣਸ਼ੀ ਸਮੇਤ ਸਾਰੇ, ਸਿਪਾਹੀ ਉਸ ਅੱਗੇ ਕੱਠਪੁਤਲੀ ਵਾਂਗ ਨੱਚ ਰਹੇ ਸਨ।
ਠਾਣੇਦਾਰ ਨੇ ਇਸ਼ਾਰੇ ਨਾਲ ਪੁੱਠੇ ਲਟਕਾਏ ਇੱਕ ਨਰਮ ਜਿਹੀ ਉਮਰ ਦੇ ਖ਼ਾੜਕੂ ਨੂੰ ਹੇਠਾਂ ਲੁਹਾ ਲਿਆ ਅਤੇ ਦਫ਼ਤਰ ਵਿਚ ਲੈ ਗਿਆ। ਮੁੰਡਾ ਕੁਝ ਡਰਿਆ ਹੋਇਆ ਸੀ।
-"ਹਾਂ ਬਈ-ਕੀ ਨਾਂ ਐਂ ਤੇਰਾ?" ਪੈਂਦੀ ਸੱਟੇ ਠਾਣੇਦਾਰ ਨੇ ਸੁਆਲ ਸੁੱਟਿਆ। ਦਫ਼ਤਰ ਵਿਚ ਉਹ ਦੋਨੋਂ ਹੀ ਸਨ।
-"………।" ਮੁੰਡਾ ਚੁੱਪ ਸੀ।
ਠਾਣੇਦਾਰ ਨੇ ਦੋ ਰੂਲ ਉਸ ਦੇ ਮੌਰਾਂ ਵਿਚ ਜੜ ਦਿੱਤੇ।
-"ਮੇਰਾ ਨਾਂ ਗੜਗੱਜ ਸਿੰਘ ਐ - ਮੇਰੇ ਨਾਂ ਤੋਂ ਬੁੰਗੇ ਡਰਦੇ ਐ - ਦੂਜਿਆਂ ਦੀ ਹਾਲਤ ਤੂੰ ਦੇਖ ਹੀ ਚੁੱਕਿਐਂ-ਇਹੀ ਵਾਰੀ ਵੱਖੋ ਵੱਖ ਸਾਰਿਆਂ 'ਤੇ ਈ ਆਉਣੀ ਐਂ-ਮੁਆਫ਼ ਮੈਨੂੰ ਕਰਨਾ ਨਹੀਂ ਆਉਂਦਾ-ਹਾਂ, ਤੇਰੀ ਨਰਮ ਉਮਰ ਦੇਖ ਕੇ ਤੇਰੇ ਨਾਲ ਨਰਮੀਂ ਜਰੂਰ ਵਰਤ ਸਕਦੈਂ-ਪਰ ਉਹ ਵੀ ਤਾਂ, ਜੇਕਰ ਮੇਰੇ ਸੁਆਲਾਂ ਦਾ ਸਹੀ ਸਹੀ ਉੱਤਰ ਦੇਵੇਂਗਾ-ਚਲਾਕ ਮੁਜਰਮ ਦਾ ਮੈਂ ਕੱਟੜ ਦੁਸ਼ਮਣ ਐਂ-ਮਨਾ ਅਸੀਂ ਲੈਣਾ ਈ ਐ-ਸਾਡੇ ਕੋਲ ਬਹੁਤ ਤਰੀਕੇ ਐ-ਸਾਡੇ ਹੱਥ ਰਾਜ ਐ।"
ਠਾਣੇਦਾਰ ਨੇ ਮੁੰਡਾ ਜਰਕਾ ਲਿਆ।
ਉਸ ਨੇ ਅੱਖਾਂ ਉਪਰ ਉਠਾਈਆਂ।
ਠਾਣੇਦਾਰ ਝੱਟ ਤਾੜ ਗਿਆ।
-"ਹੁਣ ਦੱਸ ਕੀ ਨਾਂ ਐਂ ਤੇਰਾ?" ਉਸ ਨੇ ਡੰਡਾ ਮੇਜ਼ 'ਤੇ ਠੋਹਕਰਿਆ।
-"ਜੀ ਮੇਰਾ ਨਾਂ ਸਿਮਰਜੀਤ ਐ।"
ਠਾਣੇਦਾਰ ਦੀਆਂ ਤਿਊੜੀਆਂ ਦਾ ਕਸਾਅ ਮੱਥੇ ਤੋਂ ਹੱਟ ਗਿਆ। ਉਸ ਸੋਚਿਆ ਕਿ ਗੱਲ ਦਾ ਸਿਰਾ ਹੱਥ ਲੱਗ ਗਿਆ ਸੀ। ਕੰਮ ਦਾ ਮੁੰਡਾ ਹੱਥ ਲੱਗ ਗਿਆ, ਗੁੱਸੇ ਹੋਣ ਨਾਲੋਂ ਬੁਸ਼ਕਾਰ ਕੇ ਪੁੱਛ ਲਿਆ ਜਾਵੇ। ਅਸਲ ਵਿਚ ਲਵੀ ਜਿਹੀ ਉਮਰ ਦਾ ਸਿਮਰਜੀਤ ਠਾਣੇ ਦਾ ਬੁੱਚੜਖਾਨਾ ਦੇਖ ਕੇ ਅੰਦਰੋਂ ਬੁਰੀ ਤਰ੍ਹਾਂ ਥਿੜਕ ਚੁੱਕਾ ਸੀ। ਦਸਵੀਂ ਵਿਚ ਪੜ੍ਹਦਾ ਉਹ ਸਕੂਲੋਂ ਭੱਜ ਖ਼ਾੜਕੂ ਸਫ਼ਾਂ ਵਿਚ ਆ ਰਲਿਆ ਸੀ। ਚੜ੍ਹਦੀ ਜੁਆਨੀ ਅਤੇ ਗਲ ਪਾਈ ਏ ਕੇ ਸੰਤਾਲੀ ਨੇ ਉਸ ਦਾ ਦਿਮਾਗ ਅਸਮਾਨੀਂ ਚਾੜ੍ਹ ਦਿੱਤਾ ਸੀ। ਉਸ ਦੀ ਸੋਚ ਅਨੁਸਾਰ ਖ਼ਾਲਿਸਤਾਨ ਅੱਜ-ਕੱਲ੍ਹ 'ਚ ਬਣਿਆ ਕਿ ਬਣਿਆ।
ਠਾਣੇ ਦਾ ਕਸਾਖ਼ਾਨਾ ਅਤੇ ਹਿੱਕ ਵਿਚ ਵੱਜਣ ਵਾਲੀ ਗੋਲੀ ਬਾਰੇ ਉਸ ਨੇ ਕਦੇ ਸੋਚਿਆ ਨਹੀਂ ਸੀ। ਅੱਜ ਅੱਖਾਂ ਅੱਗੇ ਸਾਹਮਣੇਂ ਬੀਤਿਆ ਹਿਰਦੇਵੇਧਕ ਦ੍ਰਿਸ਼ ਉਸ ਨੂੰ ਅੰਦਰੋਂ ਕੰਬਣੀਂ ਚਾਹੜਦਾ ਸੀ। ਆਪਣੀ ਵਾਰੀ ਉਡੀਕਦਾ ਉਹ ਦਿਲੋਂ ਬੁਰੀ ਤਰ੍ਹਾਂ ਕਿਰ ਗਿਆ ਸੀ।
-"ਕਿਹੜਾ ਪਿੰਡ ਐ?"
-"ਜੀ ਰਣੀਆਂ।"
-"ਕੀਹਦਾ ਮੁੰਡਾ ਐਂ?"
-"ਜੀ ਕਰਮ ਸਿੰਘ ਮਿਸਤਰੀ ਦਾ।"
-"ਕੁਰਸੀ 'ਤੇ ਬਹਿ ਜਾ।"
ਸਿਮਰਜੀਤ ਕੁਸਰੀ 'ਤੇ ਬੈਠ ਗਿਆ।
ਹੁਣ ਉਸ ਦਾ ਦਿਲ ਕੁਝ ਕੁ ਥਾਵੇਂ ਸੀ।
-"ਇਹ ਤੁਹਾਡੀ ਕਿਹੜੀ ਜੱਥੇਬੰਦੀ ਐ?"
-"ਜੀ ਖ਼ਾਲਿਸਤਾਨ ਕਮਾਂਡੋ ਫ਼ੋਰਸ-।"
-"ਜੀਹਨੂੰ ਤੁਸੀਂ ਜੱਥੇਦਾਰ ਆਖਦੇ ਹੋ-ਉਹ ਕੌਣ ਐਂ?" ਮੁੰਡਾ 'ਜੱਥੇਦਾਰ' ਦੇ ਪੁੱਛਣ 'ਤੇ ਹੈਰਾਨ ਸੀ।

-"ਜੀ ਉਹ ਬਖ਼ਸ਼ੀਸ਼ ਸਿੰਘ ਦੀਸ਼ਾ - ਜੱਥੇਬੰਦੀ ਦਾ ਲੈਫ਼ਟੀਨੈਂਟ ਜਨਰਲ ਹੈ।"
-"ਗੁੱਅਡ...! ਵੈਰੀ ਗੁੱਡ....!!" ਠਾਣੇਦਾਰ ਛਾਲ ਮਾਰ ਕੇ ਕੁਰਸੀ ਤੋਂ ਉਠਿਆ। ਬਖਸ਼ੀਸ਼ ਸਿੰਘ ਦੀਸ਼ਾ ਪੁਲੀਸ ਨੂੰ ਕਈ ਕੇਸਾਂ ਵਿਚ ਲੋੜੀਦਾ ਸੀ ਅਤੇ ਉਸ ਦੇ ਸਿਰ ਦਾ ਇਨਾਮ ਸਰਕਾਰ ਨੇ ਦਸ ਲੱਖ ਰੁਪਏ ਰੱਖਿਆ ਸੀ। ਉਸ ਦਾ ਅਤਾ-ਪਤਾ ਪੁੱਛਣ ਦੀ ਲੋੜ ਹੀ ਨਹੀਂ ਸੀ ਕਿਉਂਕਿ ਹਰ ਠਾਣੇ ਵਿਚ ਉਸ ਦਾ ਰਿਕਾਰਡ ਸੀ। ਠਾਣੇਦਾਰ ਦਾ ਤਾਂ ਸੁਤੇ-ਸਿੱਧ ਹੀ ਕਾਰਜ ਰਾਸ ਆ ਗਿਆ ਸੀ। ਠਾਣੇਦਾਰ ਨੇ ਬਾਕੀਆਂ ਦੇ ਨਾਂ ਅਤੇ ਅਤੇ-ਪਤੇ ਪੁੱਛ ਲਏ ਅਤੇ ਸਿਮਰਜੀਤ ਨੂੰ ਇਕ ਵੱਖ ਕਮਰੇ ਵਿਚ ਨਜ਼ਰਬੰਦ ਕਰ ਦਿੱਤਾ।
ਇੱਕ ਕਰੜਾ ਪੈੱਗ ਲਾ ਕੇ ਉਸ ਨੇ ਬਖਸ਼ੀਸ਼ ਸਿੰਘ ਦੀਸ਼ਾ ਵੱਖ ਕਰ ਲਿਆ। ਕਈ ਘੰਟੇ ਦੇ ਤਸ਼ੱਦਦ ਨੇ ਉਸ ਦਾ ਸਰੀਰ ਪੀੜ ਦਿੱਤਾ ਸੀ।
-"ਤੂੰ ਤਾਂ ਬੋਲਦਾ ਨਹੀਂ ਸੀ ਉਏ! ਹੁਣ ਦੱਸ?" ਰੱਸਿਆਂ ਨਾਲ ਨਰੜੇ ਦੀਸ਼ੇ 'ਤੇ ਠਾਣੇਦਾਰ ਸ਼ੇਰ ਬਣਿਆ ਖੜ੍ਹਾ ਸੀ।
-"ਕੱਲ੍ਹ ਦੀ ਭੂਤਨੀ ਸਿਵਿਆਂ 'ਚ ਅੱਧ-ਸਾਲੇ ਘਰ ਦੀਆਂ ਫ਼ੋਰਸਾਂ ਬਣਾਈ ਫਿਰਦੇ ਐ-ਤੇ ਇਹ ਬਣਿਆਂ ਵਿਐ ਲੈਫ਼ਟੀਨੈਂਟ ਜਨਰਲ ਬਖਸ਼ੀਸ਼ ਸਿੰਘ ਦੀਸ਼ਾ!"
ਦੀਸ਼ੇ ਨੇ ਸੋਚਿਆ ਕਿ ਕੋਈ ਸਾਥੀ ਗੱਦਾਰੀ ਕਰ ਗਿਆ ਹੈ ਅਤੇ ਸਾਰੇ ਭੇਦ ਪੁਲੀਸ ਹੱਥ ਆ ਚੁੱਕੇ ਹਨ। ਜਿਸ ਕਰਕੇ ਉਸ ਨੇ ਅੰਦਰੋਂ ਆਪਣੇ ਆਪ ਨੂੰ ਜੋਹਿਆ, ਕਰੜਾ ਕੀਤਾ। ਜੋ ਹੋ ਗਿਆ, ਸੋ ਹੋ ਗਿਆ। ਹੁਣ ਇਸ ਬੁੱਚੜ ਸਾਹਮਣੇ ਝੁਕਣਾ ਨਹੀਂ। ਸੂਰਮਿਆਂ ਦਾ ਅੰਤ ਆਖ਼ਰ ਸ਼ਹੀਦੀ ਨਾਲ ਹੀ ਹੁੰਦਾ ਹੈ। ਦੀਸ਼ਿਆ! ਕਲਗੀਧਰ ਦੇ ਲਾਲ ਔਰੰਗੇ ਅੱਗੇ ਨਹੀਂ ਝੁਕੇ ਸਨ, ਤੇ ਇਹੇ ਠਾਣੇਦਾਰ ਤਾਂ ਕਿਹੜੇ ਬਾਗ ਦੀ ਮੂਲੀ ਹੈ? ਮੈਂ ਗੁਰੂ ਦਾ ਸਿੰਘ ਹੱਸ ਕੇ ਮੌਤ ਨੂੰ ਬੁੱਕਲ 'ਚ ਲਵਾਂਗਾ! ਦੀਸ਼ੇ ਨੇ ਅੱਖਾਂ ਮੀਟ ਕੇ ਕਲਗੀਧਰ ਦੇ ਚਰਨ ਫੜ ਲਏ, ਆਸਰਾ ਮੰਗਿਆ।
-"ਹਾਂ ਬਈ ਦੀਸ਼ਿਆ-ਹੁਣ ਦੱਸ ਬਈ ਕੀ ਵਿਚਾਰ ਐ?" ਠਾਣੇਦਾਰ ਆਪਣੀ ਹਥੇਲੀ 'ਤੇ ਰੂਲ ਮਾਰ ਰਿਹਾ ਸੀ।
-"ਮੈਂ ਖ਼ਾਲਸਾਈ ਫ਼ੌਜ ਦਾ ਜਰਨੈਲ ਹਾਂ-ਅਦਬ ਨਾਲ ਗੱਲ ਕਰ ਬੁੱਚੜਾ...!" ਦੀਸ਼ੇ ਦੇ ਕਹਿਣ 'ਤੇ ਠਾਣੇਦਾਰ ਦੰਗ ਰਹਿ ਗਿਆ। ਪਰ ਉਸ ਨੇ ਕਰੋਧ ਵਿਚ ਦੀਸ਼ੇ ਦੇ ਸਿਰ ਵਿਚ ਕਈ ਰੂਲ ਜੜ ਦਿੱਤੇ।
-"ਅਹੁਦੇ ਤਾਂ ਥੋਨੂੰ ਅਸੀਂ ਦੇਣੇ ਐਂ-ਨਾਲੇ ਤੇਰੇ ਤਾਂ ਸਟਾਰ ਅਸੀਂ ਅੱਜ ਰਾਤ ਨੂੰ ਈ ਲਾ ਦਿਆਂਗੇ।" ਠਾਣੇਦਾਰ ਨੇ ਗੱਲ ਰੜਕਾਈ, ਸੰਕੇਤ ਦਿੱਤਾ।
-"ਸਾਡੇ ਹਸ਼ਰ ਦਾ ਤਾਂ ਸਾਨੂੰ ਪਤਾ ਈ ਐ-ਪਰ ਆਬਦਾ ਹਸ਼ਰ ਵੀ ਯਾਦ ਰੱਖੀਂ।" ਦੀਸ਼ੇ ਨੇ ਉਸ ਦੇ ਮੂੰਹ 'ਤੇ ਥੁੱਕ ਦਿੱਤਾ।
ਠਾਣੇਦਾਰ ਹੋਰ ਭੂਸਰ ਗਿਆ।
-ਇਹਨੂੰ ਹਰਾਮ ਦੇ ਨੂੰ ਮੂਧਾ ਪਾਓ!"
ਸਿਪਾਹੀਆਂ ਨੇ ਉਸ ਨੂੰ ਫ਼ਰਸ਼ 'ਤੇ ਸੁੱਟ ਲਿਆ ਅਤੇ ਠਾਣੇਦਾਰ ਨੇ ਇੱਕ ਖੂੰਜਿਓਂ ਕੁਹਾੜਾ ਚੁੱਕ ਕੇ ਦੀਸ਼ੇ ਦੇ ਗੋਡੇ 'ਤੇ ਵਾਰ ਕੀਤਾ। ਗੋਡਾ ਤਿੰਨ ਵਾਰਾਂ ਨਾਲ ਲੱਤ ਨਾਲੋਂ ਵੱਖ ਹੋ ਗਿਆ। ਠਾਣੇਦਾਰ ਦਾ ਮੂੰਹ ਖ਼ੂਨ ਨਾਲ ਲਿੱਬੜ ਗਿਆ, ਉਹ ਕੋਈ ਜੱਲਾਦ ਨਜ਼ਰ ਆਉਂਦਾ ਸੀ। ਸਿਪਾਹੀ ਪੱਥਰ ਹੋਏ ਖੜ੍ਹੇ ਸਨ। ਇਤਨੀ ਬੇਰਹਿਮੀ ਉਹਨਾਂ ਨੇ ਕਦੇ ਨਹੀਂ ਦੇਖੀ ਸੀ। ਚਾਹੇ ਉਹ ਮੁਜ਼ਰਮਾਂ 'ਤੇ ਘੋਰ ਤਸ਼ੱਦਦ ਕਰਦੇ ਸਨ, ਪਰ ਗਾਜਰ-ਮੂਲੀ ਵਾਂਗ ਵੱਢੀਦਾ ਬੰਦਾ ਉਹਨਾਂ ਨੇ ਪਹਿਲੀ ਵਾਰ ਤੱਕਿਆ ਸੀ।
-"ਇਹਨੂੰ ਹਰਾਮਜ਼ਾਦੇ ਨੂੰ ਅੰਦਰ ਸਿੱਟ ਦਿਓ....!!" ਠਾਣੇਦਾਰ ਕੁਹਾੜਾ ਸੁੱਟ ਕੇ ਨਲਕੇ ਤੋਂ ਮੂੰਹ ਧੋਣ ਚਲਾ ਗਿਆ।
ਦੀਸ਼ਾ ਬੁਰੀ ਤਰ੍ਹਾਂ ਕਰਾਹ ਰਿਹਾ ਸੀ।
ਪਰ ਉਸ ਨੇ ਪਾਣੀ ਤੱਕ ਨਾ ਮੰਗਿਆ।
ਸਿਪਾਹੀ ਉਸ ਨੂੰ ਅਤੇ ਕੱਟੀ ਲੱਤ ਨੂੰ ਖਿੱਚ ਕੇ ਅੰਦਰ ਸੁੱਟ ਗਏ। ਕੱਟੀ ਲੱਤ ਤੜਫ਼ੀ ਜਾ ਰਹੀ ਸੀ। ਲਹੂ ਅਥਾਹ ਵਗੀ ਜਾ ਰਿਹਾ ਸੀ ਅਤੇ ਦੀਸ਼ੇ ਦੀਆਂ ਅੱਖਾਂ ਅੱਗੇ ਪਲ-ਪਲ ਹਨ੍ਹੇਰਾ ਛਾ ਰਿਹਾ ਸੀ। ਬੇਹੋਸ਼ ਹੋ ਰਹੇ ਦੀਸ਼ੇ ਨੂੰ ਭਾਈ ਮਤੀ ਦਾਸ ਅਤੇ ਬਲੀ ਬਾਬਾ ਦੀਪ ਸਿੰਘ ਥਾਪੜੀ ਜਾ ਰਹੇ ਸਨ। ਅਥਾਹ ਪੀੜਾਂ ਦੀ ਪੰਡ ਹਿੱਕ 'ਤੇ ਰੱਖੀ ਸਿੰਘ ਸੂਰਮਾਂ ਅਹਿਲ, ਫ਼ਰਸ਼ 'ਤੇ ਅੱਖਾਂ ਮੀਟੀ ਪਿਆ ਸੀ।
ਠਾਣੇਦਾਰ ਨੇ ਸਿਮਰਜੀਤ ਨੂੰ ਫਿਰ ਦਫ਼ਤਰ ਅੰਦਰ ਬੁਲਾ ਲਿਆ। ਹੁਣ ਉਹ ਕੁਝ ਵੱਤ ਵਿਚ ਸੀ। ਦੀਸ਼ੇ 'ਤੇ ਹੋਏ ਕਹਿਰ ਬਾਰੇ ਉਸ ਨੂੰ ਕੁਝ ਪਤਾ ਨਹੀਂ ਸੀ।
-"ਹਾਂ ਬਈ ਸਿਮਰਜੀਤ-ਕਿਸੇ ਹੋਰ ਅੱਤਵਾਦੀ ਬਾਰੇ ਜਾਂ ਉਸ ਦੇ ਅੱਡੇ ਬਾਰੇ ਪਤਾ ਹੈ?"
-"ਜੀ ਹੋਰ ਮੈਨੂੰ ਕਿਸੇ ਬਾਰੇ ਨਹੀਂ ਪਤਾ-ਜਿੰਨਾ ਕੁ ਪਤਾ ਸੀ ਜੀ-ਮੈਂ ਸਾਰਾ ਕੁਛ ਦੱਸ ਦਿੱਤੈ-ਸਹੁੰ ਖਾ ਕੇ ਆਖਦੈਂ।"
-"ਇਹਨੂੰ ਲੈ ਜਾਓ...!"
ਸਿਮਰਜੀਤ ਦੇ ਜਾਣ ਤੋਂ ਬਾਅਦ ਠਾਣੇਦਾਰ ਨੇ ਮੁਕਾਬਲੇ ਦਾ ਨਕਸ਼ਾ ਤਿਆਰ ਕੀਤਾ। ਮੁਕਾਬਲਾ ਮਾਈ ਸੰਤ ਕੌਰ ਦੀ ਕੋਠੀ ਵਿਚ ਹੀ ਬਣਾਇਆ ਜਾਣਾ ਸੀ। ਮਾਈ ਸੰਤ ਕੌਰ ਅਤੇ ਭਈਏ ਸੋਭਾ ਰਾਮ ਦੀ ਗ੍ਰਿਫ਼ਤਾਰੀ ਵੀ ਕੋਠੀ 'ਚੋਂ ਹੀ ਪਾਉਣੀ ਸੀ।
ਰਾਤ ਦੇ ਦਸ ਕੁ ਵਜੇ ਟੋਨੀ ਨੂੰ ਹਸਪਤਾਲੋਂ ਮੰਗਵਾ ਲਿਆ। ਠਾਣੇਦਾਰ ਨੇ ਮੀਟਿੰਗ ਕਰਕੇ ਮੁਕਾਬਲੇ ਬਾਰੇ ਸਾਰਾ ਨਕਸ਼ਾ ਹੌਲਦਾਰ, ਮੁਣਸ਼ੀ ਅਤੇ ਸਿਪਾਹੀਆਂ ਅੱਗੇ ਵਾਹ ਦਿੱਤਾ। ਇੱਕ ਵਜੇ ਦਾ ਸਮਾਂ ਮੁਕੱਰਰ ਕੀਤਾ ਗਿਆ।
ਪੂਰੇ ਇੱਕ ਵਜੇ ਕੁਝ ਸੁਰਤ-ਸਿਰ ਅਤੇ ਕੁਝ ਬੇਸੁਰਤ, ਸੱਤਾਂ ਮੁੰਡਿਆਂ ਨੂੰ ਟਰੱਕਾਂ ਵਿਚ ਬੋਰੀਆਂ ਵਾਂਗ ਲੱਦ, ਟਰੱਕ ਤੁਰ ਪਏ। ਠੰਢ ਕਾਫ਼ੀ ਹੋ ਗਈ ਸੀ। ਕੱਟੇ ਨਹੁੰ ਵਰਗਾ ਚੰਦ ਅਸਮਾਨ ਵਿਚ ਸਾਹ ਰੋਕੀ ਖੜ੍ਹਾ ਸੀ। ਤਾਰੇ ਅੱਖਾਂ ਮੀਟੀ ਬਿਲਕੀ ਜਾ ਰਹੇ ਸਨ। ਤਕਰੀਬਨ ਰਾਤ ਦੇ ਦੋ ਕੁ ਵਜੇ ਟਰੱਕ ਮਾਈ ਸੰਤ ਕੌਰ ਦੀ ਕੋਠੀ ਜਾ ਖੜ੍ਹੇ ਸਨ। ਕੋਠੀ ਦਾ ਦਰਵਾਜਾ ਖੁਲਵਾ ਕੇ ਠਾਣੇਦਾਰ ਨੇ ਅੱਧਮਰੇ ਮੁੰਡੇ ਭਈਏ ਦੇ ਕਮਰੇ ਵਿਚ ਲਿਆ ਸੁੱਟਵਾਏ। ਖਾਲੀ ਹਥਿਆਰ ਵੀ ਕਮਰੇ ਅੰਦਰ ਸੁੱਟ ਦਿੱਤੇ ਗਏ। ਜਦ ਸਿਮਰਜੀਤ ਨੂੰ ਕਮਰੇ ਅੰਦਰ ਵੜਨ ਲਈ ਕਿਹਾ ਤਾਂ ਉਸ ਨੇ ਠਾਣੇਦਾਰ ਦੇ ਪੈਰ ਫੜ ਲਏ।
-"ਸਰਦਾਰ ਜੀ ਤੁਸੀਂ ਤਾਂ ਆਖਦੇ ਸੀ-!"

ਠਾਣੇਦਾਰ ਦੀ ਇੱਕੋ ਗੋਲੀ ਨੇ ਹੀ ਉਸ ਦੀ ਜੁਬਾਨ ਬੰਦ ਕਰ ਦਿੱਤੀ। ਉਹ 'ਦਾਅੜ' ਕਰਦਾ ਕਮਰੇ ਅੰਦਰ ਢੇਰੀ ਹੋ ਗਿਆ। ਠਾਣੇਦਾਰ ਨੇ ਕਮਰੇ ਨੂੰ ਬਾਹਰੋਂ ਕੁੰਡਾ ਮਾਰ ਦਿੱਤਾ ਅਤੇ ਬੈਟਰੀ ਦੇ ਇਸ਼ਾਰੇ 'ਤੇ ਬੇਥਾਹ ਗੋਲੀ ਚੱਲਣੀ ਸੁਰੂ ਹੋ ਗਈ। ਲੋਕਾਂ ਨੇ ਮੋਟਰਾਂ ਦੀਆਂ ਬੱਤੀਆਂ ਬੰਦ ਕਰ ਦਿੱਤੀਆਂ ਅਤੇ ਸਾਹ ਘੁੱਟ ਲਏ। ਖੇਤਾਂ ਵਿਚ ਪੰਛੀਆਂ ਅਤੇ ਮੋਰਾਂ ਨੇ ਹਾਲ ਦੁਹਾਈ ਮਚਾ ਦਿੱਤੀ। ਪੁਲੀਸ ਦੀਆਂ ਗੋਲੀਆਂ ਨੇ ਕੋਠੀ ਦੀਆਂ ਬਾਹਰਲੀਆਂ ਕੰਧਾਂ ਅਤੇ ਦਰਵਾਜੇ ਖੱਖੜੀਆਂ ਕਰ ਦਿੱਤੇ।
ਫਿਰ ਬਾਹਰੋਂ ਕਮਰੇ ਅੰਦਰ ਗਰਨੇਡ ਡਿੱਗਣੇ ਸੁਰੂ ਹੋ ਗਏ। ਕਮਰਾ ਅੱਗ ਦੀਆਂ ਲਾਟਾਂ ਦੀ ਬੁਰੀ ਤਰ੍ਹਾਂ ਲਪੇਟ ਵਿਚ ਆ ਗਿਆ ਸੀ। ਸੱਤੇ ਖ਼ਾੜਕੂ ਅੰਦਰ ਸੜ ਰਹੇ ਸਨ, ਜਾਂ ਕਹੋ ਸੜ ਚੁੱਕੇ ਸਨ।
ਕੁਝ ਪਲਾਂ ਵਿਚ ਸ਼ਾਂਤੀ ਪਸਰ ਗਈ।
ਠਾਣੇਦਾਰ ਨੇ ਟਰੱਕ ਅੱਗੇ ਬੈਠੇ ਭਈਏ ਸੋਭਾ ਰਾਮ ਨੂੰ ਉਤਾਰ ਲਿਆ। ਉਹ ਬੁਰੀ ਤਰ੍ਹਾਂ ਨਾਲ ਕੰਬੀ ਜਾ ਰਿਹਾ ਸੀ। ਉਸ ਦੇ ਮੂੰਹੋਂ ਅਵਾਜ਼ ਨਹੀਂ ਨਿਕਲ ਰਹੀ ਸੀ। ਅਜਿਹਾ ਅਨਰਥ ਉਸ ਨੇ ਕਦੇ ਦੇਖਿਆ ਨਾ ਚਿਤਵਿਆ ਸੀ। ਸੱਤ ਬੰਦੇ ਮਿੰਟਾਂ ਵਿਚ ਹੀ 'ਕੋਲੇ' ਕਰ ਦਿੱਤੇ ਸਨ। ਉਸ ਦੀ ਆਤਮਾ ਕਰਾਹੀ ਜਾ ਰਹੀ ਸੀ। ਉਹ ਕੁੜਿਕੀ ਵਿਚ ਆਏ ਚੂਹੇ ਵਾਂਗ ਤੜਪੀ ਜਾ ਰਿਹਾ ਸੀ।
-"ਉਏ ਭਈਆ! ਇਧਰ ਆਓ!!" ਠਾਣੇਦਾਰ ਦੇ ਸਿਰ ਨੂੰ ਸੱਤ ਖੂਨ ਚੜ੍ਹੇ ਹੋਏ ਸਨ। ਉਸ ਦਾ ਭਿਆਨਕ ਚਿਹਰਾ ਦੇਖ ਕੇ ਭਈਏ ਨੂੰ ਭੈਅ ਆ ਰਿਹਾ ਸੀ।
ਠਾਣੇਦਾਰ ਉਸ ਨੂੰ ਕੋਠੀ ਦੇ ਵਿਹੜੇ ਵਿਚ ਲੈ ਗਿਆ। ਲਾਈਟਾਂ ਜਗਾ ਲਈਆਂ ਸਨ। ਪਰ ਕਮਰੇ ਦੀ ਅੱਗ ਦਾ ਚਾਨਣ ਉਹਨਾਂ ਦੇ ਚਿਹਰਿਆਂ 'ਤੇ ਖੂਨ ਬਣ ਬਲ ਰਿਹਾ ਸੀ।
-"ਮੁਕਾਬਲਾ ਆਪ ਨੇ ਦੇਖ ਹੀ ਲੀਆ ਹੈ-ਅਬ ਏਕ ਦੋ ਘੰਟੇ ਮੇਂ ਅਖ਼ਬਾਰਾਂ ਵਾਲੇ ਆਏਂਗੇ-ਉਨਕੋ ਯਹੀ ਬਤਾਨਾ ਹੈ ਕਿ ਮੁਕਾਬਲਾ ਅਸਲੀ ਥਾ-ਪੁਲੀਸ ਨੇ ਅੱਤਵਾਦੀਓਂ ਕੋ ਹਥੀਆਰ ਫ਼ੈਂਕ ਕਰ ਬਾਹਰ ਆਨੇ ਕੋ ਬੋਲਾ ਔਰ ਉਨਹੋਂ ਨੇ ਕਮਰੇ ਸੇ ਪੁਲੀਸ ਪਰ ਫ਼ਾਇਰਿੰਗ ਸੁਰੂ ਕਰ ਦੀ-ਔਰ ਜਵਾਬੀ ਫ਼ਾਇਰਿੰਗ ਮੇਂ ਸਭੀ ਉਗਰਵਾਦੀ ਮਾਰੇ ਗਏ-ਉਸ ਬੁੜ੍ਹੀਆ ਸੰਤ ਕੌਰ ਕੋ ਪੁਲੀਸ ਨੇ ਜਹਾਂ ਸੇ ਹਿਰਾਸਤ ਮੇਂ ਲੀਆ-ਅਗਰ ਵੋ ਪੂਛੇਂ ਕਿ ਉਗਰਵਾਦੀ ਕਬ ਸੇ ਯਹਾਂ ਥੇ ਤੋ ਕਹਨਾ ਕਰੀਬ ਤੀਨ ਮਹੀਨੇ ਸੇ ਆ ਕਰ ਯਹਾਂ ਛੁਪਤੇ ਥੇ-ਬੁੜ੍ਹੀਆ ਸੰਤ ਕੌਰ ਉਨਕੋ ਖਾਨੇ ਪੀਨੇ ਕੋ ਦੇਤੀ ਥੀ-ਆਪ
ਕੋ ਹਮਨੇ ਵਾਅਦਾ ਮੁਆਫ਼ ਗਵਾਹ ਬਨਾਨਾ ਹੈ ਬੁੜ੍ਹੀਆ ਕੇ ਕੇਸ ਮੇ-ਆਪ ਘਬਰਾਈਏ ਮੱਤ-ਅਗਰ ਆਪ ਨੇ ਹਮਾਰੇ ਕਹਨੇ ਕੇ ਅਨੁਸਾਰ ਬਿਆਨ ਨਹੀਂ ਦੀਏ ਤੋ ਆਪ ਕੋ ਉਗਰਵਾਦੀ ਤੋ ਮਾਰੇਂਗੇ ਹੀ-ਹਮ ਭੀ ਨਹੀਂ ਛੋੜੇਂਗੇ-ਸਮਝੇ...?" ਠਾਣੇਦਾਰ ਨੇ ਮਿੱਟੀ ਬਣੇ ਭਈਏ ਨੂੰ ਕਈ ਵਾਰੀ ਹਲੂਣਿਆਂ ਅਤੇ ਕਸੂਤੇ ਫ਼ਸੇ ਭਈਏ ਨੇ 'ਹਾਂ' ਵਿਚ ਸਿਰ ਹਿਲਾ ਦਿੱਤਾ।
ਪਹੁ ਫ਼ਟਣ ਵਾਲੀ ਸੀ।
ਠਾਣੇਦਾਰ ਨੇ ਉੱਚ-ਅਫ਼ਸਰਾਂ ਨੂੰ 'ਮੁਕਾਬਲੇ' ਦੀ ਖ਼ਬਰ ਦੇ ਦਿੱਤੀ। ਠਾਣੇ ਵਾਇਰਲੈੱਸ ਕਰਕੇ ਪ੍ਰੈਸ ਨੂੰ ਫ਼ੋਨ ਕਰਵਾ ਦਿੱਤਾ ਗਿਆ। ਸਾਰੀ ਕਾਰਵਾਈ ਤੋਂ ਫ਼ਾਰਗ ਹੋ ਕੇ ਠਾਣੇਦਾਰ ਭਈਏ ਨੂੰ ਲੈ ਕੇ ਚੁਬਾਰੇ ਚੜ੍ਹ ਗਿਆ ਅਤੇ ਉਸ ਨੂੰ ਇਹ ਪੱਕਾ ਕਰ ਦਿੱਤਾ ਕਿ ਇਹ ਅੱਤਿਵਾਦੀ ਗਰੋਹ 'ਖ਼ਾਲਿਸਤਾਨ ਕਮਾਂਡੋ ਫ਼ੋਰਸ' ਦੇ ਮੁਖੀ ਬਖਸ਼ੀਸ਼ ਸਿੰਘ ਦੀਸ਼ਾ ਉਰਫ਼ 'ਜੱਥੇਦਾਰ' ਦਾ ਸੀ। ਬਾਕੀ ਖ਼ਾੜਕੂਆਂ ਦੇ ਨਾਵਾਂ ਦੀ ਲਿਸਟ ਠਾਣੇਦਾਰ ਦੀ ਆਪਣੀ ਜੇਬ ਵਿਚ ਸੀ। ਉਹ ਪ੍ਰੈੱਸ ਵਾਲਿਆਂ ਵੱਲੋਂ ਕੀਤੇ ਜਾਣ ਵਾਲੇ ਸੁਆਲਾਂ ਦੇ ਜਵਾਬ ਗੁੰਦੀ ਜਾ ਰਿਹਾ ਸੀ।
ਦਿਨ ਚੜ੍ਹਦੇ ਸਾਰ ਹੀ ਮੁਕਾਬਲੇ ਵਾਲੀ ਥਾਂ 'ਤੇ ਪ੍ਰੈੱਸ ਵਾਲੇ, ਪੁਲੀਸ ਅਫ਼ਸਰ ਅਤੇ ਆਮ ਲੋਕ ਇਕੱਠੇ ਹੋਣੇ ਸੁਰੂ ਹੋ ਗਏ।
ਸੱਤ ਅੱਧ-ਸੜੀਆਂ ਲਾਸ਼ਾਂ ਪੁਲੀਸ ਵਾਲਿਆਂ ਨੇ ਪਹਿਲਾਂ ਹੀ ਕਮਰੇ ਵਿਚੋਂ ਬਾਹਰ ਕੱਢ ਕੇ ਵਿਹੜੇ ਵਿਚ ਲਿਆ ਟਿਕਾਈਆਂ ਸਨ। ਅੱਗ ਨਾਲ ਨਸ਼ਟ ਹੋਏ ਉਹਨਾਂ ਦੇ ਹਥਿਆਰ ਉਹਨਾਂ ਦੇ ਕੋਲ ਰੱਖ ਦਿੱਤੇ ਸਨ।
ਡੀ ਐੱਸ ਪੀ, ਐੱਸ ਪੀ ਅਤੇ ਪੁਲੀਸ ਮੁਖੀ ਨੇ ਮੁਕਾਬਲੇ ਦਾ ਰਵਾਇਤੀ ਜਿਹਾ ਜਾਇਜਾ ਲਿਆ। ਪ੍ਰੈੱਸ ਵਾਲਿਆਂ ਨੇ ਭਈਏ ਦੇ ਬਿਆਨ ਨੋਟ ਕਰ ਲਏ। ਠਾਣੇਦਾਰ ਅਤੇ ਪੁਲਸ ਅਫ਼ਸਰਾਂ ਨੇ ਚੁਬਾਰੇ ਵਾਲੇ ਹਥਿਆਰਾਂ 'ਤੇ ਪ੍ਰੈੱਸ ਵਾਲਿਆਂ ਦੀ ਨਜ਼ਰ ਪੁਆ ਦਿੱਤੀ। ਪ੍ਰੈੱਸ ਵਾਲਿਆਂ ਦੇ ਕੈਮਰੇ 'ਕਲਿੱਕ-ਕਲਿੱਕ' ਕਰ ਕੇ ਹੱਟ ਗਏ। ਦੁਪਿਹਰ ਤੱਕ ਲਾਸ਼ਾਂ ਹਟਾ ਲਈਆਂ ਗਈਆਂ। ਵਾਰਸਾਂ ਨੂੰ ਮੁਹਤਬਰ ਬੰਦਿਆਂ ਦੀ ਜ਼ਿੰਮੇਵਾਰੀ 'ਤੇ ਲਾਸ਼ਾਂ ਦੇਣ ਦਾ ਐਲਾਨ ਕਰ ਦਿੱਤਾ ਗਿਆ। ਮੁਰਦਾ ਘਰ ਵਿਚੋਂ ਲਾਸ਼ ਲੈਣ ਲਈ ਠਾਣਿਓਂ ਇਜਾਜ਼ਤ-ਪੱਤਰ ਬਿਨਾ ਕੋਈ ਵੀ ਲਾਸ਼ ਨਾ ਦੇਣ ਦੀ ਸਖ਼ਤ ਹਦਾਇਤ ਸੀ।
ਅਗਲੇ ਦਿਨ ਅਖ਼ਬਾਰਾਂ ਦੀਆਂ ਸੁਰਖੀਆਂ ਫਿਰ ਜਵਾਰਭਾਟਾ ਬਣ ਗਈਆਂ:
- ਪਿੰਡ ਡਾਲੇ ਅਤੇ ਬੁੱਘੀਪੁਰੇ ਵਿਚਕਾਰ ਪੁਲੀਸ ਅਤੇ ਖ਼ਾੜਕੂਆਂ ਵਿਚਕਾਰ ਹੋਏ ਜ਼ਬਰਦਸਤ ਮੁਕਾਬਲੇ ਵਿਚ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਸੱਤ ਖ਼ਾੜਕੂ ਹਲਾਕ!
- ਪੁਲੀਸ ਵੱਲੋਂ ਹੈਂਡ ਗਰਨੇਡਾਂ ਦੀ ਵਰਤੋਂ
- ਇਸ ਮੁਕਾਬਲੇ ਵਿਚ ਖ਼ਾਲਿਸਤਾਨ ਕਮਾਂਡੋ ਫ਼ੋਰਸ ਦਾ ਮੁਖੀ ਬਖਸ਼ੀਸ਼ ਸਿੰਘ ਦੀਸ਼ਾ ਉਰਫ਼ ਜੱਥੇਦਾਰ ਵੀ ਮਾਰਿਆ ਗਿਆ
- ਮੁਕਾਬਲੇ ਵਾਲੀ ਕੋਠੀ ਵਿਚੋਂ ਭਾਰੀ ਮਾਤਰਾ ਵਿਚ ਅਸਲਾ ਬਰਾਮਦ
- ਪਨਾਂਹ ਦੇਣ ਦੇ ਦੋਸ਼ ਵਿਚ ਕੋਠੀ ਦੀ ਮਾਲਕ ਮਾਈ ਸੰਤ ਕੌਰ ਗ੍ਰਿਫ਼ਤਾਰ
- ਪੁਲੀਸ ਵੱਲੋਂ ਵੱਡੀ ਪ੍ਰਾਪਤੀ ਦਾ ਦਾਅਵਾ
- "ਬੀਤੀ ਰਾਤ ਡਾਲੇ ਅਤੇ ਬੁੱਘੀਪੁਰੇ ਦੇ ਵਿਚਕਾਰ ਇੱਕ ਕੋਠੀ ਵਿਚ ਪੁਲੀਸ ਅਤੇ ਖ਼ਾੜਕੂਆਂ ਵਿਚਕਾਰ ਹੋਏ ਗਹਿ-ਗੱਡ ਮੁਕਾਬਲੇ ਵਿਚ ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਮੁਖੀ ਬਖਸ਼ੀਸ਼ ਸਿੰਘ ਦੀਸ਼ਾ ਉਰਫ਼ ਜੱਥੇਦਾਰ ਸਮੇਤ ਸੱਤ ਖ਼ਾੜਕੂ ਮਾਰੇ ਗਏ। ਇਹ ਮੁਕਾਬਲਾ ਸਵੇਰੇ ਤਿੰਨ ਵਜੇ ਦੇ ਕਰੀਬ ਸੁਰੂ ਹੋਇਆ। ਪੁਲੀਸ ਨੇ ਗੋਲੀਆਂ ਤੋਂ ਇਲਾਵਾ ਹੈਂਡ ਗਰਨੇਡਾਂ ਦੀ ਵੀ ਵਰਤੋਂ ਕੀਤੀ। ਨਤੀਜੇ ਵਜੋਂ ਸੱਤ ਖ਼ਾੜਕੂ ਅੰਦਰ ਹੀ ਝੁਲਸ ਗਏ।
ਭਰੋਸੇਯੋਗ ਸੂਤਰਾਂ ਅਨੁਸਾਰ ਪੁਲੀਸ ਨੂੰ ਸੂਹ ਮਿਲੀ ਸੀ ਕਿ ਕਥਿੱਤ ਕੋਠੀ ਅੰਦਰ ਖ਼ਾੜਕੂ ਛੁਪੇ ਹੋਏ ਹਨ। ਜਦ ਪੁਲੀਸ ਨੇ ਸਵੇਰੇ ਕੋਠੀ

ਨੂੰ ਘੇਰਾ ਪਾ ਕੇ ਉਕਤ ਖ਼ਾੜਕੂਆਂ ਨੂੰ ਹਥਿਆਰ ਸੁੱਟ ਕੇ ਬਾਹਰ ਆਉਣ ਲਈ ਹਦਇਤ ਕੀਤੀ ਤਾਂ ਖ਼ਾੜਕੂਆਂ ਨੇ ਅੰਦਰੋਂ ਫ਼ਾਇਰਿੰਗ ਸੁਰੂ ਕਰ ਦਿੱਤੀ। ਇੱਧਰੋਂ ਪੁਲੀਸ ਨੂੰ ਵੀ ਜਵਾਬੀ ਫ਼ਾਇਰਿੰਗ ਕਰਨੀ ਪਈ। ਸਥਿਤੀ ਨੂੰ ਕਾਬੂ ਤੋਂ ਬਾਹਰ ਦੇਖ ਕੇ ਪੁਲੀਸ ਨੂੰ ਗਰਨੇਡਾਂ ਦੀ ਵਰਤੋਂ ਕਰਨੀ ਪਈ। ਜਿਸ ਕਾਰਨ ਸਾਰਾ ਕਮਰਾ ਅੱਗ ਦੀ ਲਪੇਟ ਵਿਚ ਆ ਗਿਆ ਅਤੇ ਸੱਤ ਖ਼ਾੜਕੂ ਅੰਦਰ ਹੀ ਮਾਰੇ ਗਏ। ਮਰਨ ਵਾਲੇ ਖ਼ਾੜਕੂਆਂ ਵਿਚ ਖ਼ਾਲਿਸਤਾਨ ਕਮਾਂਡੋ

ਫ਼ੋਰਸ ਦੇ ਮੁਖੀ ਤੋਂ ਇਲਾਵਾ ਬੰਟੀ ਗਿੱਲ, ਸੁਮੇਰ ਸਿੰਘ ਟੈਣੀ, ਟੋਨੀ ਬਾਠ, ਗਿੰਦਰ ਬਰਾੜ, ਗੁਰਤੇਜ ਤੇਜੀ ਅਤੇ ਸਿਮਰਜੀਤ ਸਿੰਘ ਰਣੀਆ ਸ਼ਾਮਿਲ ਹਨ। ਪੁਲੀਸ ਨੇ ਇਸ ਨੂੰ ਆਪਣੀ ਇੱਕ ਵੱਡੀ ਪ੍ਰਾਪਤੀ ਦੱਸਿਆ ਹੈ।

ਇਸ ਕੋਠੀ ਦੀ ਮਾਲਕ ਮਾਈ ਸੰਤ ਕੌਰ ਨੂੰ ਪਨਾਂਹ ਦੇਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੂੰ ਇਸ ਕੋਠੀ ਵਿਚੋਂ ਭਾਰੀ ਮਾਤਰਾ ਵਿਚ ਸੂਖ਼ਮ ਹਥਿਆਰ ਵੀ ਮਿਲੇ ਹਨ। ਪੁਲੀਸ ਮੁਖੀ ਅਨੁਸਾਰ ਬਖਸ਼ੀਸ਼ ਸਿੰਘ ਦੀਸ਼ਾ ਪੁਲੀਸ ਨੂੰ ਕਈ ਕਤਲਾਂ ਅਤੇ ਡਕੈਤੀਆਂ ਦੇ ਦੋਸ਼ਾਂ ਹੇਠ ਲੋੜੀਦਾ ਸੀ ਅਤੇ ਉਸ ਦੇ ਸਿਰ ਦਾ ਮੁੱਲ ਗੌਰਮਿੰਟ ਨੇ ਦਸ ਲੱਖ ਰੁਪਏ ਰੱਖਿਆ ਹੋਇਆ ਸੀ। ਇਸ ਮੁਕਾਬਲੇ ਦੀ ਇਲਾਕੇ ਵਿਚ ਭਾਰੀ ਚਰਚਾ ਹੈ।"

ਉਪਰੋਕਤ ਖ਼ਬਰਾਂ ਪੜ੍ਹ ਕੇ ਖ਼ਾੜਕੂ ਜੱਥੇਬੰਦੀਆਂ ਦੇ ਥੰਮ੍ਹ ਹਿੱਲ ਗਏ। ਉਹਨਾਂ ਨੂੰ ਇੱਕ ਨਾ ਪੂਰਾ ਘਾਟਾ ਪਿਆ ਸੀ। ਖ਼ਾੜਕੂਆਂ ਵੱਲੋਂ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਬਦਲਾ ਲੈਣ ਦਾ ਪ੍ਰਣ ਵੀ ਲਿਆ ਗਿਆ। ਜੱਥੇਦਾਰ ਦੀਸ਼ੇ ਦੀ ਥਾਂ ਏਰੀਆ ਕਮਾਂਡਰ ਬਲਤੇਜ ਸਿੰਘ ਬਾਲੀ ਦੀ ਨਿਯੁਕਤੀ ਸਰਬ-ਸੰਮਤੀ ਨਾਲ ਕਰ ਦਿੱਤੀ ਗਈ ਅਤੇ ਪ੍ਰੈੱਸ-ਨੋਟ ਵੱਖ-ਵੱਖ ਅਖ਼ਬਾਰਾਂ ਨੂੰ ਤੋਰ ਦਿੱਤੇ ਗਏ। ਪ੍ਰੈੱਸ ਨੋਟ ਤੇਜਿੰਦਰ ਅਤੇ ਰਾਜਵਿੰਦਰ ਲੈ ਕੇ ਤੁਰ ਗਏ।

# ਕਾਂਡ 12

ਇੱਕ ਸੰਖੇਪ ਮੀਟਿੰਗ ਵਿਚ ਭੜਕੇ ਹੋਏ ਖ਼ਾੜਕੂਆਂ ਵੱਲੋਂ ਇਹ ਤਿੰਨ ਮਤੇ ਸਰਬ-ਸੰਮਤੀ ਨਾਲ ਪਾਸ ਹੋਏ: ਠਾਣੇਦਾਰ ਗੜਗੱਜ ਸਿੰਘ ਦਾ ਕਤਲ, ਮੁਖ਼ਬਰ ਰਣਬੀਰ ਨੂੰ ਪ੍ਰੀਵਾਰ ਸਮੇਤ ਸੋਧਾ, ਲੁਧਿਆਣੇ ਦੀ ਇੱਕ ਬੈਂਕ ਵਿਚ ਡਕੈਤੀ, ਜਿਸ ਵਿਚ ਇਸ ਹਫ਼ਤੇ ਤਕਰੀਬਨ ਸੱਤ ਕਰੋੜ ਰੁਪਏ ਪੁੱਜਣ ਵਾਲੇ ਸਨ। ਇਹਨਾਂ ਅੱਡੋ-ਅੱਡੀ ਐਕਸ਼ਨਾਂ ਲਈ ਵੱਖੋ -ਵੱਖ ਖ਼ਾੜਕੂਆਂ ਨੇ ਜ਼ਿੰਮੇਵਾਰੀ ਸੰਭਾਲੀ।

ਉਲੀਕੀ ਸਕੀਮ ਮੁਤਾਬਿਕ ਕਾਕਾ ਅਤੇ ਜੈਲਦਾਰ ਰਣਬੀਰ ਦੇ ਪਿੰਡ ਨੂੰ ਤੁਰ ਪਏ। ਰਾਤ ਕਾਫ਼ੀ ਗੂਹੜ੍ਹੀ ਹੋ ਚੁੱਕੀ ਸੀ।

ਰਣਬੀਰ ਦੇ ਘਰ ਕੋਲ ਜਾ ਕੇ ਉਹਨਾਂ ਨੇ ਕੰਨ ਬੜਿੱਕੇ ਜਿਹੇ ਭੰਨੇ। ਬੈਠਕ ਅੰਦਰ ਸ਼ਰਾਬੀ ਨੰਬਰਦਾਰ ਦੇ ਘੁਰਾੜ੍ਹੇ ਘਰਾਟ-ਰਾਗ਼ ਛੱਡ ਰਹੇ ਸਨ। ਇੱਕੋ ਧੱਕੇ ਨਾਲ ਬੈਠਕ ਦੇ ਦਰਵਾਜੇ ਦੇ ਕਬਜੇ ਹਿੱਲ ਗਏ ਅਤੇ ਦੂਜੇ ਧੱਕੇ ਨਾਲ ਦਰਵਾਜਾ ਇੱਕ ਪਾਸਿਓਂ ਬੋਤੇ ਦੇ ਬੁੱਲ੍ਹ ਵਾਂਗ ਲਟਕਣ ਲੱਗ ਪਿਆ। ਬੈਠਕ ਦੀ ਲਾਈਟ ਜਗਾ ਕੇ ਕਾਕੇ ਨੇ ਦਰਵਾਜਾ ਗੁਜ਼ਾਰੇ ਜੋਗਾ ਭੇੜ੍ਹ ਦਿੱਤਾ ਅਤੇ ਘੁਰਾੜ੍ਹੇ ਮਾਰਦੇ ਨੰਬਰਦਾਰ ਦੇ ਮੂੰਹ 'ਤੇ ਲੱਤ ਮਾਰੀ। ਨੰਬਰਦਾਰ ਡਰਿਆਂ ਵਾਂਗ ਭੜੱਕ ਕੇ ਉਠਿਆ। ਉਸ ਦੀਆਂ ਜਟੂਰੀਆਂ ਸਪੋਲੀਆਂ ਵਾਂਗ ਖੜ੍ਹੀਆਂ ਸਨ ਅਤੇ ਸ਼ਰਾਬੀ ਅੱਖਾਂ ਦਾ ਰੰਗ ਜੋਗੀਆ ਸੀ।

ਉਹ ਪਰੋਲੇ 'ਚ ਡਿੱਗੇ ਕਤੂਰੇ ਵਾਂਗ ਨਸ਼ੇ ਦਾ ਮਧੋਲਿਆ ਜਿਹਾ ਪਿਆ ਸੀ। ਜੈਲਦਾਰ ਨੇ ਏ. ਕੇ. ਸੰਤਾਲੀ ਦੀ ਬਾਇਰਲ ਉਸ ਦੀ ਹਿੱਕ ਵਿਚ ਸੱਬਲ ਵਾਂਗ ਮਾਰੀ। ਗੁੱਝੀ ਸੱਟ ਨਾਲ ਨੰਬਰਦਾਰ ਦਾ ਸਾਹ ਬੰਦ ਹੋ ਗਿਆ ਅਤੇ ਉਸ ਨੇ ਹਿੱਕ ਦੋਹਾਂ ਬਾਹਾਂ ਵਿਚ ਘੁੱਟ ਲਈ। ਉਸ ਵਿਚ "ਹਾਏ" ਕਹਿਣ ਦਾ ਵੀ ਸਾਹ-ਸਤ ਨਹੀਂ ਰਿਹਾ ਸੀ।

-"ਕਿਉਂ ਉਏ ਕੁੱਤੇ ਦਿਆ ਹੱਡਾ! ਸਿੰਘਾਂ ਨਾਲ ਸਿੰਗ ਪਸਾ ਕੇ ਕਿਹੜੇ ਰਾਹ ਭੱਜੇਂਗਾ? ਧੀਅ ਦਿਆ ਖ਼ਸਮਾਂ ਗੁਰੂ ਦੇ ਬੀਰਾਂ ਦੀ ਮੁਖ਼ਬਰੀ ਕਰਦੈਂ-?" ਜੈਲਦਾਰ ਨੇ ਨੰਬਰਦਾਰ ਦੇ ਮੂੰਹ 'ਤੇ ਚੁਪੇੜ ਮਾਰੀ। ਉਸ ਦਾ ਮੂੰਹ ਪਲੰਘ ਦੇ ਪਾਵੇ 'ਤੇ ਵੱਜ ਕੇ ਸੁੰਨ ਹੋ ਗਿਆ। ਨੰਬਰਦਾਰ ਨੂੰ ਸੁੱਝ ਨਹੀਂ ਰਿਹਾ ਸੀ ਕਿ ਉਹ ਕੀ ਕਰੇ? ਜੈਲਦਾਰ ਨੇ ਉਸ ਨੂੰ ਉਸ ਦੇ ਸਣ ਵਰਗੇ ਵਾਲਾਂ ਤੋਂ ਫੜ ਕੇ ਵਿਹੜੇ ਵੱਲ ਨੂੰ ਘੜ੍ਹੀਸਿਆ। ਕਾਕੇ ਨੇ ਰਣਬੀਰ ਸਮੇਤ ਸਾਰਾ ਟੱਬਰ ਜਗਾ ਕੇ ਰਸੋਈ ਕੋਲ ਇਕੱਠਾ ਕਰ ਲਿਆ ਸੀ।

-"ਕਿਉਂ ਉਏ ਹਰਾਮ ਦਿਆ ਤੁਖਮਾਂ-ਲੋਕਾਂ ਦੀ ....ਉਂਗਲ ਦੇ ਕੇ ਫ਼ਸਾਦ ਕਰਾਉਂਦਾ ਸੀ-ਹੁਣ ਦੱਸ?" ਕਾਕੇ ਨੇ ਬੰਦੂਕ ਰਣਬੀਰ ਦੀ ਸੰਘੀ 'ਚ ਦਿੰਦਿਆਂ ਕਿਹਾ। ਡਰੇ ਰਣਬੀਰ ਦੀਆਂ ਅੱਖਾਂ ਗੇੜੀਂ ਪਈਆਂ ਹੋਈਆਂ ਸਨ। ਉਹ ਕਾਕੇ ਨੂੰ ਕਿਹੜਾ ਭੁੱਲਿਆ ਹੋਇਆ ਸੀ? ਚੋਰ ਬੰਦਾ ਕਿਹੜੇ ਮੂੰਹ ਨਾਲ ਮੁਆਫ਼ੀ ਮੰਗੇ? ਕਾਕੇ ਨੂੰ ਉਸ ਦੀ ਰਗ-ਰਗ ਦਾ ਤਾਂ ਪਤਾ ਸੀ। ਨੰਬਰਦਾਰਨੀ ਕਾਕੇ ਅਤੇ ਜੈਲਦਾਰ ਦੇ ਪੈਰੀਂ ਡਿੱਗ ਪਈ।

-"ਹਾੜ੍ਹੇ ਵੇ ਪੁੱਤ! ਦੋਨੋਂ ਹੱਥ ਜੁੜਾ ਲਓ-ਪੈਰੀਂ ਚੁੰਨੀ ਧਰਦੀ ਐਂ ਮੈਂ ਥੋਡੇ-ਪਰ ਸ਼ੇਰ ਬਣਕੇ ਇੱਕ ਆਰੀ ਬਖਸ਼ ਦਿਓ -ਨਾ ਮੇਰੇ ਪੁੱਤ...!"

-"ਨੰਬਰਦਾਰਨੀਏਂ! ਜਿਹੜੇ ਘਰ ਇਹਨਾਂ ਕਰਕੇ ਉੱਜੜੇ ਐ-ਉਹਨਾਂ ਬਾਰੇ ਕੀ ਕਹੇਂਗੀ?" ਜੈਲਦਾਰ ਨੇ ਪੈਰਾਂ 'ਚ ਪਈ ਚੁੰਨੀ ਦੂਰ ਵਗਾਹ ਮਾਰੀ। ਨੰਬਰਦਾਰ ਦਾ ਵੱਡਾ ਮੁੰਡਾ ਕਾਕੇ ਨਾਲ ਹੱਥੋਪਾਈ ਹੋਣ ਲੱਗਿਆ ਤਾਂ ਜੈਲਦਾਰ ਨੇ "ਪਰਲੋ" ਦਾ ਮੂੰਹ ਖੋਲ੍ਹ ਦਿੱਤਾ। ਤਿੰਨ ਮੁੰਡੇ, ਨੰਬਰਦਾਰ ਅਤੇ ਨੰਬਰਦਾਰਨੀ ਲਾਸ਼ਾਂ ਵਿਚ ਬਦਲ ਗਏ। ਛਲਣੀਂ ਹੋਈਆਂ ਲਾਸ਼ਾਂ ਸਰੋਂ ਦੀਆਂ ਪੂਲੀਆਂ ਵਾਂਗ ਵਿਹੜੇ ਵਿਚ ਪਈਆਂ ਸਨ।

-"ਖ਼ਾਲਿਸਤਾਨ - ਜ਼ਿੰਦਾਬਾਦ!" ਦੇ ਨਾਅਰੇ ਲਾਉਂਦੇ ਉਹ ਜ਼ਿੰਮੇਵਾਰੀ ਵਾਲਾ ਲੈਟੱਰ-ਪੈਡ ਸੁੱਟ ਰਸਤੇ ਪੈ ਗਏ।

ਲਗਾਤਾਰ ਚੱਲੀਆਂ ਗੋਲੀਆਂ ਕਾਰਨ ਪਿੰਡ ਵਿਚ ਸਹਿਮ ਛਾ ਗਿਆ ਸੀ। ਲੋਕ ਜਾਗਦੇ ਹੀ ਸੌਂ ਗਏ ਸਨ।

ਅੱਧੀ ਰਾਤ ਬਾਅਦ ਕਾਕੇ ਹੁਰੀਂ ਆਪਣੇ ਟਿਕਾਣੇ 'ਤੇ ਆ ਪਹੁੰਚੇ। ਬਾਲੀ ਅਜੇ ਜਾਗਦਾ ਹੀ ਪਿਆ ਸੀ। ਬਾਕੀ ਘੂਕ ਸੁੱਤੇ ਪਏ ਸਨ।

-"ਕਿਉਂ - ਕਿਵੇਂ ਬਣੀਂ?" ਬਾਲੀ ਨੇ ਪੁੱਛਿਆ। ਉਹ ਰਜਾਈ ਵਿਚੋਂ ਅੱਧ-ਅਨੀਂਦਰਾ ਬੋਲ ਰਿਹਾ ਸੀ।

-"ਨੰਬਰਦਾਰ ਨੂੰ ਤਾਂ ਲਾ ਆਏ ਸ਼ਿਸ਼ਨ ਜੱਜ।" ਜੈਲਦਾਰ ਨੇ ਕਿਹਾ। ਉਹ ਜੁੱਤੀ ਵਿਚੋਂ ਠੋਹਕਰ-ਠੋਹਕਰ ਕੇ ਰੇਤਾ ਕੱਢ ਰਿਹਾ ਸੀ। ਕਾਕਾ ਕੰਬਲ ਲਾਹ ਕੇ ਬਾਲੀ ਨਾਲ ਹੀ ਰਜਾਈ ਵਿਚ ਘੁਸੜ ਗਿਆ।

-"ਤੇ ਰਣਬੀਰ?"

-"ਮੈਖਿਆ ਬਾਲੀ ਕੀ ਗੱਲ ਕਰਦੈਂ-ਸਾਰੇ ਪ੍ਰੀਵਾਰ ਵੱਲੋਂ ਤੈਨੂੰ ਕੋਈ ਉਲਾਂਭਾ ਨਹੀਂ ਆਊ-ਸਾਰੇ ਈ ਅਹੁਦਿਆਂ 'ਤੇ ਬਿਰਾਜਮਾਨ ਐਂ-ਨੰਬਰਦਾਰ ਸਮੇਤ ਸਾਰਾ ਟੱਬਰ ਬਾਗੋਬਾਗ੍ਹ।" ਜੈਲਦਾਰ ਦਿਲਰਾਜ ਨਾਲ ਲੇਟਦਾ ਹੋਇਆ ਬੋਲਿਆ।

ਦਿਲਰਾਜ ਨੇ ਰਜਾਈ ਮੂੰਹ ਤੋਂ ਹਟਾ ਕੇ ਗੌਰ ਨਾਲ ਦੇਖਿਆ ਤਾਂ ਜੈਲਦਾਰ ਆਪਣੀ ਜਗਾਹ ਮੰਜੇ 'ਤੇ ਬਣਾਈ ਪਿਆ ਸੀ। ਉਸ ਦੇ ਠੰਡੇ ਪੈਰ ਦਿਲਰਾਜ ਦੇ ਰੋੜੇ ਵਾਂਗ ਵੱਜੇ ਸਨ।

-"ਉਏ ਤੂੰ ਮੇਰੇ ਨਾਲ ਆ ਘੁਸੜਿਐਂ?"

-"ਕਿਉਂ ਮੈਂ ਰੰਡੀ ਦਾ ਜਮਾਈ ਐਂ?"

-"ਸਾਲੇ 'ਚੋਂ ਬੋਕ ਮਾਂਗੂੰ ਮੁਸ਼ਕ ਮਾਰਦੈ-ਨਹਾਉਣਾ ਨਹੀਂ ਚਗਲ ਨੇ ਧੋਣਾ ਨਹੀਂ-ਸਾਲੀ ਨੌ ਮਣ ਜੂਠ...!"

-"ਕਿਉਂ ਤੂੰ ਮੇਰੀ ਰੰਨ ਬਣਨੈ ਕਿ ਕਿਤੇ ਰਿਸ਼ਤਾ ਕਰਵਾਉਣੈਂ?"

-"ਤੈਨੂੰ ਰਿਸ਼ਤਾ ਕਰਵਾਉਣ ਨਾਲੋਂ ਮੈਂ ਅਗਲੀ ਦੇ ਪਹਿਲਾਂ ਗੋਲੀ ਨਾ ਮਾਰੂੰ?"
-"ਉਏ ਮੇਰੇ ਅਰਗਾ ਦਿਲ ਦਰਿਆ ਬੰਦਾ ਅਗਲੀ ਨੂੰ ਸਾਰੇ ਜਹਾਨ 'ਚ ਨਹੀਂ ਮਿਲਣਾ।"
-"ਰਜਾਈ 'ਚੋਂ ਪੈਰ ਬਾਹਰ ਕੱਢਲਾ-ਭੈਣ ਦੇਣੀਂ ਡਾਡ ਮਾਰਨ ਲਾਅਤੀ।" ਦਿਲਰਾਜ ਨੇ ਰਜਾਈ 'ਚੋਂ ਮੂੰਹ ਕੱਢ, ਬਾਹਰੋਂ ਸਾਹ ਲੈਣਾ ਸੁਰੂ ਕਰ ਦਿੱਤਾ। ਉਸ ਦਾ ਦਮ ਘੁੱਟਿਆ ਗਿਆ ਸੀ।
-"ਯਾਰ ਭੁੱਖ ਜੀ ਲੱਗੀ ਪਈ ਐ।" ਦਿਲਰਾਜ ਦੀ ਗੱਲ ਵੱਲੋਂ ਬੇਧਿਆਨਾ ਹੋ ਕੇ ਜੈਲਦਾਰ ਬੋਲਿਆ।
-"ਲਓ...! ਹੋਰ ਕਰਲੋ ਘਿਉ ਨੂੰ ਭਾਂਡਾ-ਮੁਰਦਾ ਬੋਲੂ ਖੱਫ਼ਣ ਪਾੜੂ-ਇਹਦੇ ਕੋਲੇ ਦੋ ਈ ਗੱਲਾਂ ਐਂ-ਇੱਕ ਤੀਮੀਂ ਦੂਜੀ ਰੋਟੀ-ਹੋਰ ਤੀਜੀ ਗੱਲ ਇਹਨੂੰ ਮੈਨੂੰ ਮੈਦ ਐ ਆਉਂਦੀ ਈ ਨਹੀਂ-ਭਾਲਦੈ ਪੂੜੇ।"
-"ਉਏ ਮਰਜੋ ਪੈਜੋ ਹੁਣ! ਕਿਉਂ ਡੰਡ ਪਾਈ ਐ? ਸਾਲੇ ਸੌਣ ਵੀ ਨਹੀਂ ਦਿੰਦੇ।" ਕਾਕਾ ਖਿਝਿਆ ਬੋਲਿਆ।
-"ਤੂੰ ਕਿਸੇ ਦਾ ਸੁਪਨਾ ਲੈਣਾ ਹੋਊ? ਸਾਨੂੰ ਤਾਂ ਸਾਲਾ ਕਿਸੇ ਦਾ ਸੁਪਨਾ ਵੀ ਨਹੀਂ ਆਉਂਦਾ।"
-"ਟੋਕਰਾ ਲੰਗਰ ਦਾ ਖਾ ਕੇ ਤੈਨੂੰ ਸੁਪਨਾ ਕਿਹੜੇ ਪਾਸਿਓਂ ਆਊ? ਸੁਪਨੇ ਤਾਂ ਧੜੀ ਅੰਨ ਥੱਲੇ ਪ੍ਰੈੱਸ ਹੋ ਜਾਂਦੇ ਐ ਸਾਲੇ।"
-"ਥੋਡੀ ਦੰਦ ਕਥਾ ਮੈਨੂੰ ਇੱਕ ਨਾ ਇੱਕ ਦਿਨ ਲੈ ਕੇ ਹਟੂ-ਮੈਥੋਂ ਬਿਨਾ ਸਾਲਿਓ ਤੁਸੀਂ ਡੱਕੇ ਦੇ ਨਹੀਂ।"
-"ਟਟੀਰ੍ਹੀ ਨੂੰ ਵਹਿਮ ਐਂ ਬਈ ਅਸਮਾਨ ਮੇਰੀਆਂ ਟੰਗਾਂ 'ਤੇ ਈ ਖੜ੍ਹੈ।"
-"ਤੁਸੀਂ ਕੁੱਤਿਓ ਮੈਨੂੰ ਟਟੀਰ੍ਹੀ ਨਾਲ ਰਲਾਤਾ? ਉਏ ਮੈਂ ਤਾਂ ਬੱਬਰ ਸ਼ੇਰ ਐਂ ਬੱਬਰ ਸ਼ੇਰ!"
-"ਚੰਗਾ ਬੱਬਰ ਸ਼ੇਰ ਜੀ ਹੁਣ ਸੌਣ ਦੀ ਕਿਰਪਾਲਤਾ ਕਰੋ!" ਦਿਲਰਾਜ ਨੇ ਜੈਲਦਾਰ ਅੱਗੇ ਹੱਥ ਜੋੜ ਦਿੱਤੇ।
-"ਆਹ ਹੋਈ ਨਾ ਗੱਲ-ਜੇ ਪਹਿਲਾਂ ਈ ਬੇਨਤੀ ਕਰ ਦਿੰਦਾ ਕਿ ਸਰਦਾਰ ਪ੍ਰੀਤਮ ਸਿੰਘ ਜੈਲਦਾਰ ਜੀ ਕਿਰਪਾ ਕਰਕੇ ਆਰਾਮ ਫ਼ਰਮਾਓ-ਸਿੰਘ ਸਾਹਿਬ ਪਹਿਲਾਂ ਈ ਬਿਰਾਜਮਾਨ ਹੋ ਜਾਂਦੇ-।"
ਪਰ ਹੁਣ ਕੋਈ ਨਾ ਬੋਲਿਆ।
ਬਾਲੀ ਹੋਰਾਂ ਦੇ ਟਿਕਾਣੇ 'ਤੇ ਤੜਕੇ ਪੰਜ ਵਜੇ ਟਰੱਕ ਆ ਖੜ੍ਹਾ ਹੋਇਆ। ਬਾਲੀ ਤੋਂ ਬਗੈਰ ਸਾਰੇ ਹੀ ਸੁੱਤੇ ਹੋਏ ਸਨ।
ਜੈਲਦਾਰ ਸੁੱਤਾ ਪਿਆ ਦੰਦ ਕਿਰਚੀ ਜਾ ਰਿਹਾ ਸੀ।
-"ਦਿਲਰਾਜ! ਉਏ ਦਿਲਰਾਜ!!"
-".......!"
-"ਉਏ ਦਿਲਰਾਜ....!" ਬਾਲੀ ਨੇ ਉਸ ਨੂੰ ਹਲੂਣਿਆਂ।
-"ਹਾਂ.....?"
-"ਉੱਠ-ਤਾਰੀ ਹੋਣੀਂ ਆ ਗਏ।"
-"ਕੀ ਟੈਮ ਹੋਇਐ?" ਦਿਲਰਾਜ ਦੀ ਊਂਘ ਲੱਦੀ ਅਵਾਜ਼ ਆਈ।
-"ਪੰਜ ਵੱਜ ਗਏ।"
ਦਿਲਰਾਜ ਊਧ-ਮਧੂਣਾ ਜਿਹਾ ਹੋਇਆ ਉੱਠ ਕੇ ਬੈਠ ਗਿਆ। ਅਜੇ ਵੀ ਉਹ ਬੈਠਾ ਹੀ ਸੌਂਦਾ ਜਾ ਰਿਹਾ ਸੀ। ਅੱਖਾਂ ਮਿਚ ਰਹੀਆਂ ਸਨ।
-"ਉੱਠ ਕੇਰਾਂ - ਸ਼ੇਰ ਬਣ!"
ਦਿਲਰਾਜ ਉੱਠ ਕੇ ਮੂੰਹ ਧੋਣ ਚਲਾ ਗਿਆ।
-"ਚਾਹ ਚੂਹ ਨਹੀਂ ਬਣਾਈ?" ਟਰੱਕ 'ਚੋਂ ਉੱਤਰ ਕੇ ਆਉਂਦਾ ਬਲਿਹਾਰ ਬੋਲਿਆ।
-"ਬੱਕਰੀ ਨਹੀਂ ਚੋਈ ਅਜੇ।" ਬਾਲੀ ਦੇ ਨਾਲ ਬਲਿਹਾਰ ਵੀ ਹੱਸ ਪਿਆ। ਉਹ ਬਾਹਰ-ਬਾਹਰ ਕਿਸੇ ਫ਼ਾਰਮ ਹਾਊਸ 'ਤੇ ਪਏ ਸਨ। ਬਾਹਰ ਧੁੰਦ ਅੱਖਾਂ ਚੁੰਧਿਆ ਰਹੀ ਸੀ।
-"ਆਹ ਕਿਹੜਾ ਪਿਐ?"
-"ਜੈਲਦਾਰ ਐ।"
-"ਘਰਾੜ੍ਹਿਆਂ ਦੇ ਫੱਟੇ ਈ ਚੱਕੀ ਜਾਂਦੈ।"
-"........।"
-"ਕੰਜਰ ਨੇ ਸਾਰੀ ਰਾਤ ਸੌਣ ਨਹੀਂ ਦਿੱਤਾ-ਚੱਕੇ ਗੋਡਾ ਵੱਖੀ 'ਚ ਮਾਰਿਆ ਕਰੇ-ਕਿਤੇ ਸਾਲਾ ਲੱਤ ਉੱਤੇ ਧਰ ਲਿਆ ਕਰੇ-ਮਸਾਂ ਚੱਕਿਆ ਕਰਾਂ-ਮਾਂ ਚੋਦ ਹੋਊ ਜਿਹੜਾ ਮੁੜ ਕੇ ਇਹਦੇ ਨਾਲ ਪਊ-ਭੁੰਜੇ ਪੈਣਾ ਮਨਜੂਰ ਐ।" ਮੂੰਹ ਹੱਥ ਧੋ ਕੇ ਆਇਆ ਦਿਲਰਾਜ, ਮੂੰਹ ਪੂੰਝਦਾ ਹੋਇਆ ਬੋਲਿਆ।
-"ਰਣਬੀਰ ਸੋਧਤਾ ਰਾਤ ਇਹਨਾਂ ਨੇ।" ਬਾਲੀ ਨੇ ਬਲਿਹਾਰ ਨੂੰ ਦੱਸਿਆ।
-"ਫੇਰ ਆ ਕੇ ਇਹਨੇ ਪਾਡੀਆਂ ਨਹੀਂ ਮਾਰੀਆਂ?" ਬਲਿਹਾਰ ਹੱਸ ਪਿਆ।
-"ਇਹ ਤਾਂ ਇਹਦੀ ਪਹਿਲੀ ਗੱਲ ਐ।"
-"ਚੱਲੀਏ ਫੇਰ?"
-"ਚਲੋ-।" ਦੋਹਾਂ ਨੇ ਹਥਿਆਰ ਚੁੱਕ ਲਏ।
-"ਉਏ ਜੈਲਦਾਰਾ!"
-"ਹਾਂ...?"
-"ਕਿਤੇ ਜਾਇਓ ਨਾ-ਸਾਡੇ ਆਉਣ ਤੱਕ ਇੱਥੇ ਈ ਰਹਿਓ!" ਬਾਲੀ ਨੇ ਕਿਹਾ।
ਜੈਲਦਾਰ ਉੱਠ ਕੇ ਬੈਠ ਗਿਆ।

-"ਕਦੋਂ ਕੁ ਆਉਂਗੇ?"
-"ਪੰਜ ਕੁ ਵਜੇ ਮੁੜ ਆਵਾਂਗੇ।"
-"ਤੇ ਸਾਡੀਆਂ ਰੋਟੀਆਂ ਦਾ ਪ੍ਰਬੰਧ?" ਜੈਲਦਾਰ ਨੇ ਫ਼ਿਕਰ ਜ਼ਾਹਿਰ ਕੀਤਾ।
-"ਲਓ ਬਈ-ਇਹਨੂੰ ਤਾਂ ਮਿਲੋ ਪਹਿਲਾਂ।" ਦਿਲਰਾਜ ਫਿਰ ਖਿਝ ਗਿਆ, "ਇਹਨੂੰ ਅੰਨ ਤੋਂ ਬਿਨਾ ਕੋਈ ਗੱਲ ਈ ਨਹੀਂ ਆਉਂਦੀ-ਬਹੁੜੀ ਉਏ! ਅੰਨ ਨਾਲ ਕੋਈ ਵੈਰ ਐ?"
-"ਮੇਰੀਆਂ ਰਾਤ ਦੀਆਂ ਕੋਕੜਾਂ ਹੋਈਆਂ ਪਈਐਂ-ਸਾਲੀ ਭੁੱਖੇ ਨੂੰ ਨੀਂਦ ਈ ਨਹੀਂ ਆਈ।" ਜੈਲਦਾਰ ਨੇ ਸ਼ਿਕਵਾ ਦਿਖਾਇਆ।
-"ਘੁਰਾੜ੍ਹੇ ਸਾਲੇ ਦੇ ਚੱਕ-ਤਾਰੇਵਾਲ ਤੋਂ ਹੋ-ਹੋ ਕੇ ਮੁੜਦੇ ਸੀ-ਕਾਂ ਵੜ-ਵੜ ਨਿਕਲਦੇ ਸੀ-ਕਹਿੰਦਾ ਅਖੇ ਨੀਂਦ ਨਹੀਂ ਆਈ।"
-"ਜਿੱਦੇਂ ਸੋਧਾ ਲਾਇਆ ਤੈਨੂੰ ਮੈਂ ਈ ਲਾਊਂ।"
-"ਥੋਡੀ ਰੋਟੀ ਦਸ ਕੁ ਵਜੇ ਆਜੂ-ਫ਼ਿਕਰ ਨਾ ਕਰ।" ਬਲਹਿਾਰ ਬੋਲਿਆ।
-"ਉਦੋਂ ਤੱਕ ਤਾਂ ਖੱਸੀ ਹੋਜਾਂਗੇ।"
-"ਤੇਰੇ ਆਸਤੇ ਪੂਰੀਆਂ ਪੈਂਤੀ ਰੋਟੀਆਂ ਆਉਣਗੀਆਂ-।"
-"ਜੇ ਸਾਡੇ ਹਿੱਸੇ ਦੀਆਂ ਖਾਧੀਆਂ ਤਾਂ ਸਾਲਿਆ ਬੋਰੀ 'ਚ ਪਾ ਕੇ ਭੰਨਾਂਗੇ।"
ਉਹ ਹੱਸਦੇ ਬਾਹਰ ਨਿੱਕਲ ਗਏ।
-"ਕੰਮ ਟੰਚ ਕਰਕੇ ਮੁੜਿਓ! ਕਹੋਂ ਤਾਂ ਮੈਂ ਨਾਲ ਚੱਲਾਂ?" ਜੈਲਦਾਰ ਨੇ ਪਿੱਛੋਂ ਕਿਹਾ।
-"ਉਏ ਬਹਿਜਾ ਸਾਲਾ ਨਲੀ ਚੋਚਲ-ਰੋਟੀਆਂ ਦਾ ਖੌਅ!" ਟਰੱਕ ਵਿਚ ਚੜ੍ਹਦਾ ਦਿਲਰਾਜ ਬੋਲਿਆ।
ਟਰੱਕ ਵਿਚ ਬੈਠੇ ਸਾਰੇ ਹੱਸ ਪਏ।
-"ਕਿਸੇ ਦਿਨ ਤੇਰੀ ਵੀ ਅਖ਼ਬਾਰ 'ਚ ਖ਼ਬਰ ਆਊਗੀ - ਅੱਤਵਾਦੀ ਦਿਲਰਾਜ ਸਾਥੀ ਖ਼ਾੜਕੂ ਸਰਦਾਰ ਪ੍ਰੀਤਮ ਸਿੰਘ ਜੈਲਦਾਰ ਹੱਥੋਂ ਹਲਾਕ-।"
ਫਿਰ ਸਾਰੇ ਹੱਸ ਪਏ।
ਟਰੱਕ ਤੁਰ ਗਿਆ।
ਜੈਲਦਾਰ ਨੇ ਨਾਸਾਂ ਚਾਹੜ ਕੇ ਕੌੜਾ ਧੂੰਆਂ ਸੁੰਘਿਆ ਅਤੇ ਰਜਾਈ ਨੱਪ ਕੇ ਫਿਰ ਸੌਂ ਗਿਆ।

0 0 0 0 0

ਤਲਵੰਡੀ ਪਿੰਡ ਪੁਲੀਸ ਛਾਉਣੀ ਵਿਚ ਬਦਲਿਆ ਪਿਆ ਸੀ। ਰਣਬੀਰ ਅਤੇ ਨੰਬਰਦਾਰ ਸਮੇਤ ਲਾਸ਼ਾਂ ਧਰਮਸਾਲਾ ਵਿਚ ਪਈਆਂ ਸਨ। ਠਾਣੇਦਾਰ ਗੜਗੱਜ ਸਿੰਘ ਨੇ ਸਾਰੇ ਪਿੰਡ ਨੂੰ ਵੰਝ 'ਤੇ ਚੜ੍ਹਾਇਆ ਹੋਇਆ ਸੀ। ਸਾਰਾ ਪਿੰਡ ਨਾ-ਮੰਨਤ ਸੀ ਕਿ ਕਿਸੇ ਨੇ ਗੋਲੀਆਂ ਦੀ ਅਵਾਜ਼ ਸੁਣੀ ਸੀ। ਕੋਈ ਕੁਝ ਦੱਸਣ ਨੂੰ ਤਿਆਰ ਨਹੀਂ ਸੀ। ਠਾਣੇਦਾਰ ਕੰਧਾਂ ਵਿਚ ਡੰਡੇ ਮਾਰਦਾ ਫਿਰਦਾ ਸੀ।
-"ਥੋਡੇ ਪਿੰਡ 'ਚ ਪੰਜ ਕਤਲ ਹੋ ਗਏ - ਸਾਰਾ ਪਿੰਡ ਈ ਬੋਲ਼ਾ ਸੀ?"
-".......।" ਪਿੰਡ ਵਾਲੇ ਖ਼ਾਮੋਸ਼ ਸਨ।
-"ਹੌਲਦਾਰ....! ਸਰਪੰਚ ਅਜੇ ਤੱਕ ਕਿਉਂ ਨਹੀਂ ਆਇਆ?"
-"ਜਨਾਬ ਚੌਂਕੀਦਾਰ ਲੈਣ ਗਿਐ।"
ਅੱਧੇ ਕੁ ਘੰਟੇ ਬਾਅਦ ਸਰਪੰਚ ਪੁੱਜ ਗਿਆ। ਆਉਣਸਾਰ ਉਸ ਨੇ "ਫ਼ਤਹਿ" ਬੁਲਾਈ। ਪਰ ਫ਼ਤਹਿ ਦਾ ਜਵਾਬ ਦੇਣ ਤੋਂ ਪਹਿਲਾਂ ਹੀ ਠਾਣੇਦਾਰ ਸਰਪੰਚ 'ਤੇ ਵਰ੍ਹ ਪਿਆ।
-"ਸਰਪੈਂਚਾ-ਤੇਰੇ ਪਿੰਡ 'ਚ ਆ ਕੇ ਅੱਤਵਾਦੀ ਪੰਜ ਕਤਲ ਕਰ ਜਾਣ ਤੇ ਤੂੰ ਠਾਣੇ ਵੀ ਨਾ ਪਹੁੰਚੇਂ? ਆਪਣੀ ਜ਼ਿੰਮੇਵਾਰੀ ਦਾ ਤੈਨੂੰ ਕੋਈ ਅਹਿਸਾਸ ਹੈ ਕਿ ਨਹੀਂ?"
-"ਸਰਦਾਰ ਮੈਨੂੰ ਤਾਂ ਮੁੰਡਾ ਹੁਣੇਂ ਈ ਲੈ ਕੇ ਆਇਐ-ਮੈਂ ਤਾਂ ਕੱਲ੍ਹ ਦਾ ਜਲਾਲਾਬਾਦ ਗਿਆ ਹੋਇਆ ਸੀ।"
-"ਨੰਬਰਦਾਰ ਦੇ ਗੁਆਂਢੀ ਕਿਹੜੇ ਕਿਹੜੇ ਐ-ਐਧਰ ਆ ਜਾਓ!"
ਡਰੇ ਗੁਆਂਢੀ ਹਾਜ਼ਰ ਹੋ ਗਏ।
ਠਾਣੇਦਾਰ ਇੱਕ ਬਜੁਰਗ ਦੁਆਲੇ ਹੋ ਗਿਆ।
-"ਦੇਖ ਬਾਬਾ! ਤੇਰੀ ਤਾਂ ਦਾਹੜ੍ਹੀ ਫੜਦਿਆਂ ਵੀ ਸ਼ਰਮ ਆਉਂਦੀ ਐ-ਤੂੰ ਈ ਸੱਚੋ ਸੱਚ ਦੱਸ?"
_"ਸਰਦਾਰ ਜੀ ਸੌ ਹੱਥ ਰੱਸਾ ਤੇ ਸਿਰੇ 'ਤੇ ਗੰਢ-ਅਸੀਂ ਪਹਿਲਾਂ ਰਾਲ-ਬੋਲ ਜੀ ਜਰੂਰ ਸੁਣੀ ਸੀ-ਪਰ ਅਸੀਂ ਕੁਛ ਗੌਲਿਆ ਨਾ-ਕਿਉਂਕਿ ਨੰਬਰਦਾਰ ਪੀ ਕੇ ਨਿੱਤ ਈ ਰੌਲਾ ਕਰਦਾ ਰਹਿੰਦਾ ਸੀ-ਪਰ ਫੇਰ ਇੱਕ ਦਮ ਗੋਲੀਆਂ ਚੱਲੀਆਂ ਤੇ ਫੇਰ ਸਰਦਾਰ ਜੀ ਸ਼ਾਂਤੀ ਹੋ ਗਈ।"
-"ਸ਼ਾਂਤੀ ਤਾਂ ਹੋਣੀ ਸੀ ਜਦੋਂ ਸਾਰੇ ਰਾੜ੍ਹ ਕੇ ਪਰ੍ਹਾਂ ਮਾਰੇ-ਬੰਦੇ ਕਿੰਨੇ ਸੀ?"
-"ਜੀ ਇਹ ਨਹੀਂ ਪਤਾ।"
-"ਤੁਸੀਂ ਉੱਠ ਕੇ ਕਿਉਂ ਨਾ ਦੇਖਿਆ?"
-"ਸਰਦਾਰ ਜੀ ਸ਼ੇਰ ਦੇ ਮੂੰਹ ਕੌਣ ਹੱਥ ਦਿੰਦੈ?" ਬਜੁਰਗ ਨੇ ਸੱਚੀ ਸੁਣਾਈ ਤਾਂ ਠਾਣੇਦਾਰ ਮੁੱਠੀਆਂ ਮੀਟ ਗਿਆ।
-"ਨਾਲੇ ਸਰਦਾਰ ਜੀ ਆਹ ਜਿਹੜਾ ਚਿੱਠਾ ਜਿਆ ਉਹ ਸਿੱਟ ਕੇ ਗਏ ਐ-ਏਹਦੇ ਤੇ ਲਿਖਿਆ ਈ ਹੋਣੈਂ ਬਈ ਉਹ ਕੌਣ ਸੀ? ਨਾਲੇ

ਸਰਦਾਰ ਜੀ ਹਥਿਆਰ ਲੈ ਕੇ ਤਾਂ ਚਾਹੇ ਉਹ ਸਾਰਾ ਪਿੰਡ ਮੂਹਰੇ ਲਾ ਲੈਣ, ਕੋਈ ਨਹੀਂ ਕੂੰਦਾ-ਗੱਲੀਂ ਬਾਤੀਂ ਸੂਰਮਾਂ ਕੋਈ ਬਣਿਆਂ ਫਿਰੇ-ਉਹਨਾਂ ਮੂਹਰੇ ਸਾਹ ਨਹੀਂ ਕੱਢਦਾ।"
ਠਾਣੇਦਾਰ ਆਪਣੀ ਫ਼ੋਰਸ ਲੈ ਕੇ ਤੁਰ ਗਿਆ।
ਬਜੁਰਗ ਨੇ ਉਸ ਦਾ ਫੁਕਾੜਪੁਣਾ ਲਾਹ ਦਿੱਤਾ ਸੀ।
-"ਸਰਦਾਰ ਲਾਸ਼ਾਂ ਦਾ ਪੋਸਟ ਮਾਰਟਮ ਨਹੀਂ ਕਰਵਾਉਣਾ?" ਹੌਲਦਾਰ ਨੇ ਠਾਣੇਦਾਰ ਨੂੰ ਪੁੱਛਿਆ ਸੀ।
-"ਵਿਚੋਂ ਨਿਕਲੂ ਕੀ, ਵੜੇਵਾਂ...?" ਮਾਰਨ ਆਲੇ ਮਾਰ ਕੇ ਪਰ੍ਹੇ ਹੋਏ।"
-"ਤੇ ਸਸਕਾਰ?"
-"ਤੇਰਾ ਠੇਕਾ ਲਿਐ...? ਸਾਰਾ ਪਿੰਡ ਮਰ ਗਿਆ-ਪੁਲਸ ਹੁਣ ਸਸਕਾਰਾਂ ਜੋਗੀ ਈ ਰਹਿਗੀ?" ਠਾਣੇਦਾਰ ਗੜਗੱਜ ਸਿੰਘ ਗੱਜਿਆ ਤਾਂ ਹੌਲਦਾਰ ਖ਼ਾਮੋਸ਼ ਹੋ ਗਿਆ।

ਦਿਲਰਾਜ ਹੋਰਾਂ ਦਾ ਟਰੱਕ ਜਾ ਕੇ ਬੈਂਕ ਦੇ ਦਰਵਾਜੇ ਦੇ ਐਨ੍ਹ ਸਾਹਮਣੇ ਰੁਕ ਗਿਆ। ਬੈਂਕ ਦੇ ਸਾਰੇ ਸਟਾਫ਼ ਨੇ ਆ ਕੇ ਅਜੇ ਡਿਊਟੀਆਂ ਸੰਭਾਲੀਆਂ ਹੀ ਸਨ। ਦਿਲਰਾਜ ਨੇ ਟਰੱਕ ਚੋਂ ਉੱਤਰ ਕੇ ਬੈਂਕ ਦੇ ਦਰਵਾਜੇ 'ਤੇ ਖੜ੍ਹੇ ਗੰਨਮੈਨ ਦੇ ਕੰਨ ਵਿਚ ਕੁਝ ਕਿਹਾ ਤਾਂ ਸਾਬਕਾ ਫ਼ੌਜੀ ਗੰਨਮੈਨ ਪੱਥਰ ਦਾ ਬੁੱਤ ਬਣ ਗਿਆ। ਚਿਹਰੇ ਦਾ ਫੂਸ ਉੱਡ ਗਿਆ ਸੀ। ਉਹ ਹੱਥ ਜੋੜ-ਜੋੜ ਕੇ ਦਿਲਰਾਜ ਨੂੰ ਕੁਝ ਆਖ ਰਿਹਾ ਸੀ।
ਦਿਲਰਾਜ ਦੇ ਇਸ਼ਾਰੇ 'ਤੇ ਟਰੱਕ ਵਿਚੋਂ ਬਲਿਹਾਰ, ਸੁਖਜਿੰਦਰ ਅਤੇ ਜਗਤਾਰ ਹੇਠਾਂ ਉੱਤਰ ਆਏ ਅਤੇ ਫੁਰਤੀ ਨਾਲ ਬੈਂਕ ਅੰਦਰ ਚਲੇ ਗਏ। ਦਿਲਰਾਜ ਗੰਨਮੈਨ ਕੋਲ ਹੀ ਖੜ੍ਹ ਗਿਆ ਅਤੇ ਬਾਲੀ ਟਰੱਕ ਦੇ ਸਟੇਅਰਿੰਗ 'ਤੇ ਬੈਠ ਗਿਆ।
ਤਾਰੀ ਬਾਂਦਰ ਵਾਂਗ ਟੂਲ 'ਤੇ ਚੜ੍ਹਿਆ ਬੈਠਾ ਸੀ।
ਬੈਂਕ ਅੰਦਰ ਭੂਚਾਲ ਆ ਗਿਆ।
ਫ਼ੋਨ ਦੀਆਂ ਤਾਰਾਂ ਕੱਟ ਦਿੱਤੀਆਂ ਗਈਆਂ।
ਤਿੰਨ ਕੈਸ਼ੀਅਰਾਂ ਤੋਂ ਇਲਾਵਾ ਸਾਰਾ ਸਟਾਫ਼ ਕੰਧ ਨਾਲ ਲਾ ਲਿਆ। ਖਲ ਵਾਲੀਆਂ ਖਾਲੀ ਬੋਰੀਆਂ ਕੈਸ਼ੀਅਰਾਂ ਅੱਗੇ ਉੱਪਰੋਂ ਦੀ ਸੁੱਟ ਦਿੱਤੀਆਂ ਗਈਆਂ ਅਤੇ ਸਾਰੀਆਂ 'ਸੇਫ਼ਾਂ' ਖਾਲੀ ਕਰਨ ਦਾ ਹੁਕਮ ਹੋ ਗਿਆ। ਹੁਕਮ ਬੜੀ ਤੇਜ਼ੀ ਨਾਲ ਵਜਾਇਆ ਜਾ ਰਿਹਾ ਸੀ। ਖਲ ਵਾਲੀਆਂ ਖਾਲੀ ਬੋਰੀਆਂ ਨੋਟਾਂ ਨਾਲ ਤੂੜੀਆਂ ਜਾ ਰਹੀਆਂ ਸਨ। ਜਿੰਨ੍ਹਾਂ ਨੂੰ ਫ਼ੌਜੀ ਗੰਨਮੈਨ ਟਰੱਕ ਵਿਚ ਲੱਦੀ ਜਾ ਰਿਹਾ ਸੀ। ਦਿਨ ਦਿਹਾੜੇ ਲੁੱਟੀ ਜਾ ਰਹੀ ਬੈਂਕ ਨੂੰ ਦੇਖ-ਦੇਖ ਕੇ ਮੈਨੇਜਰ ਬੇਹੋਸ਼ ਹੋਣ ਵਾਲਾ ਹੋਇਆ ਪਿਆ ਸੀ।
ਤਕਰੀਬਨ ਅੱਧੇ ਘੰਟੇ ਵਿਚ ਸਾਰੀ ਬੈਂਕ ਨੂੰ ਹੂੰਝਾ ਫਿਰ ਗਿਆ। ਗੰਨਮੈਨ ਸਮੇਤ ਸਾਰੇ ਸਟਾਫ਼ ਨੂੰ ਅੰਦਰ ਬੰਦ ਕਰ ਦਿੱਤਾ। ਮੁੱਖ ਦਰਵਾਜੇ ਦੇ ਸ਼ਟਰ ਸੁੱਟ ਕੇ 'ਕਲੈਪ-ਡੋਰ' ਖਿੱਚ ਕੇ ਬਾਹਰ "ਅੱਜ ਬੈਂਕ ਬੰਦ ਹੈ" ਦਾ ਬੋਰਡ ਲਟਕਾ ਦਿੱਤਾ।
-"ਬਹੁਤ ਬਹੁਤ ਮਿਹਰਬਾਨੀ ਮੈਨੇਜਰ ਸਾਹਿਬ-ਤੁਸੀਂ ਸਾਰਾ ਸਟਾਫ਼ ਹੀ ਬੜੇ ਸਾਊ ਹੋ-ਕਿਰਪਾ ਕਰਕੇ ਆਹ ਸਾਡਾ ਪ੍ਰੇਮ ਪੱਤਰ ਆਪਣੀ ਪਰਮ ਪਿਆਰੀ ਪੁਲਸ ਨੂੰ ਦੇ ਦੇਣਾ-ਤੁਹਾਨੂੰ ਸਾਰੇ ਸਟਾਫ਼ ਨੂੰ ਇੱਕੋ ਇੱਕ ਬੇਨਤੀ ਹੈ ਕਿ ਪੂਰਾ ਇੱਕ ਘੰਟਾ ਤੁਸੀਂ ਬਾਹਰ ਨਿਕਲਣ ਦੀ ਖੇਚਲ ਨਾ ਕਰਿਓ-ਤੇ ਨਹੀਂ ਤਾਂ ਸਾਥੋਂ ਤੁਹਾਡੀ ਬੈਂਕ ਭੁੱਲੀ ਨਹੀਂ-ਅਸੀਂ ਫੇਰ ਗੇੜਾ ਮਾਰ ਲਵਾਂਗੇ-ਪਰ ਜੇ ਤੁਸੀਂ ਸਾਡੀ ਇਹ ਬੇਨਤੀ ਪ੍ਰਵਾਨ ਕਰ ਲਈ-ਫਿਰ ਅਸੀਂ ਤੁਹਾਨੂੰ ਕਦੇ ਕੋਈ ਤਕਲੀਫ਼ ਨਹੀਂ ਦਿਆਂਗੇ-ਇਹ ਮੇਰਾ ਵਾਅਦਾ ਰਿਹਾ।" ਤੁਰਦੇ ਬਲਿਹਾਰ ਨੇ ਵਿਅੰਗ ਭਰੇ ਲਹਿਜੇ ਨਾਲ ਲੈੱਟਰ-ਪੈਡ ਮੈਨੇਜਰ
ਦੇ ਹੱਥ ਥਮਾਉਂਦਿਆਂ ਕਿਹਾ ਸੀ। ਗੁੱਟ 'ਤੇ ਬੰਨ੍ਹੀ ਘੜੀ ਵੱਲ ਅੱਡੀਆਂ ਅੱਖਾਂ ਨਾਲ ਤੱਕ ਕੇ ਮੈਨੇਜਰ ਨੇ ਸਹਿਮਤੀ ਵਿਚ ਸਿਰ ਹਿਲਾਇਆ ਸੀ ਅਤੇ ਫਿਰ ਸਾਰੇ ਸਟਾਫ਼ ਨੇ ਤੁਰਦੇ ਟਰੱਕ ਦਾ ਖੜਕਾ ਸੁਣਿਆ ਸੀ। ਪਰ ਕੋਈ ਬੋਲ ਨਹੀਂ ਰਿਹਾ ਸੀ। ਸਾਰੇ ਬੈਂਕ ਕਰਮਚਾਰੀ ਗੂੰਗੇ-ਬੋਲਿਆਂ ਵਾਂਗ ਇੱਕ ਦੂਜੇ ਵੱਲ ਪਾਗ਼ਲ-ਝਾਕਣੀ ਝਾਕ ਰਹੇ ਸਨ। ਬੈਂਕ ਮੈਨੇਜਰ ਮੱਖੀ ਵਾਂਗ ਕੰਧ ਨਾਲ ਲੱਗਿਆ, ਘੋਰ ਨਿਰਾਸ਼ਾ ਵਿਚ ਸਿਰ ਫ਼ੇਰੀ ਜਾ ਰਿਹਾ ਸੀ।
ਬੈਂਕ ਵਿਚੋਂ ਪੂਰੇ ਛੇ ਕਰੋੜ, ਪੱਚਾਸੀ ਲੱਖ ਰੁਪਏ ਲੁੱਟੇ ਜਾ ਚੁੱਕੇ ਸਨ!!!
ਡੇਢ੍ਹ ਘੰਟੇ ਬਾਅਦ ਮੈਨੇਜਰ ਨੇ ਬੈਂਕ ਅੰਦਰਲੀਆਂ ਪੌੜੀਆਂ ਚੜ੍ਹ, ਚੁਬਾਰੇ ਵਾਲੀ ਖਿੜਕੀ ਰਾਹੀਂ ਪਿੱਟਣਾ ਸ਼ੁਰੂ ਕਰ ਦਿੱਤਾ। ਉਹ ਘਰਵਾਲੀ ਦੇ ਰੋਕਿਆਂ ਵੀ ਚੁੱਪ ਨਹੀਂ ਹੋ ਰਿਹਾ ਸੀ। ਪਾਗਲਾਂ ਵਾਂਗ ਰੋ ਅਤੇ ਕੁਰਲਾ ਰਿਹਾ ਸੀ।
ਇਸ ਦਿਨ-ਦਿਹਾੜੇ ਪਏ ਸਭ ਤੋਂ ਵੱਡੇ ਡਾਕੇ ਨੇ ਪੰਜਾਬ ਸਰਕਾਰ ਸਮੇਤ ਸਾਰਾ ਪੰਜਾਬ ਹਿਲਾ ਕੇ ਰੱਖ ਦਿੱਤਾ। ਘਰ-ਘਰ ਇਸ ਡਾਕੇ ਦੀ ਚਰਚਾ ਹੋ ਰਹੀ ਸੀ। ਇਸ ਡਾਕੇ ਦੇ ਮਾਲ ਨੇ ਖ਼ਾੜਕੂ-ਜੱਥੇਬੰਦੀਆਂ ਨੂੰ ਪੱਕੇ ਪੈਰੀਂ ਕਰ ਦਿੱਤਾ।
-"ਨਿੱਤ ਕੁੱਤੀ ਰੌਲਾ ਸੁਣਦੇ ਸੀ: ਅੱਤਵਾਦੀਆਂ ਨੇ ਬੈਂਕ ਲੁੱਟ ਲਈ ਜੀ-ਅੱਤਵਾਦੀਆਂ ਨੇ ਬੈਂਕ ਲੁੱਟ ਲਈ ਜੀ-ਲਓ, ਹੁਣ ਲੁੱਟ ਲਈ, ਫੜਲੋ ਬੈਂਗਣ...! ਸਾਲੇ ਨੰਬਰਦਾਰੀ ਦੇ...!" ਰੁਪਈਆਂ ਵਾਲੀਆਂ ਬੋਰੀਆਂ ਢੋਂਦਾ ਜੈਲਦਾਰ ਆਖ ਰਿਹਾ ਸੀ।
ਰਾਤ ਨੂੰ ਸਾਰੇ ਰੋਟੀ ਖਾ ਕੇ ਹਟੇ ਸਨ ਕਿ ਕਿਸੇ ਪਾਸਿਓਂ ਤੁਰਦਾ ਫਿਰਦਾ ਕਰਮਜੀਤ ਆ ਗਿਆ। ਕਰਮਜੀਤ ਖਾਂਦੇ ਪੀਂਦੇ ਘਰਾਣੇ ਦਾ ਮੁੰਡਾ ਸੀ। ਪਲੱਸ-ਟੂ ਦੇ ਵਿਦਿਆਰਥੀ ਕਰਮਜੀਤ ਨੂੰ ਪੁਲਸ ਨੇ ਕਾਲਜ ਨਾ ਟਿਕਣ ਦਿੱਤਾ ਤਾਂ ਉਹ ਪੜ੍ਹਾਈ ਵਿਚੇ ਛੱਡ ਕੇ ਅੰਡਰ-ਗਰਾਊਂਡ ਹੋ ਗਿਆ। ਚਾਹੇ ਉਸ ਨੇ ਅਜੇ ਤੱਕ ਕੋਈ ਜੁਰਮ ਨਹੀ ਕੀਤਾ ਸੀ, ਪਰ ਫਿਰ ਵੀ ਪਤਾ ਨਹੀਂ ਪੁਲਸ ਕਿਉਂ ਉਸ ਦੇ ਮਗਰ ਹੱਥ ਧੋ ਕੇ ਪਈ ਹੋਈ ਸੀ। ਕਾਲਜ ਛੁਡਾਉਣ ਦੇ ਦੁੱਖ ਨੇ ਉਸ ਨੂੰ ਪੁਲੀਸ ਦਾ ਕੱਟੜ ਦੁਸ਼ਮਣ ਬਣਾ ਦਿੱਤਾ।
-"ਉਏ ਆ ਬਈ ਨਾਰਦਮੁਨਾਂ-ਕਿਹੜੇ ਪਹਾੜ੍ਹੀਂ ਚੜ੍ਹ ਗਿਆ ਸੀ?" ਜੈਲਦਾਰ ਕਰਮਜੀਤ ਨੂੰ "ਨਾਰਦਮੁਨ" ਹੀ ਆਖਦਾ।
-"ਤੈਨੂੰ ਪਤਾ ਈ ਐ-ਮੁੱਲਾਂ ਦੀ ਦੌੜ ਮਸੀਤਾਂ ਤਾਈਂ-ਤੂੰ ਸੁਣਾ...?"
-"ਪੁੱਛਣ ਦੀ ਲੋੜ ਈ ਨਹੀਂ-ਜਿਉਂਦੇ ਰਹਿਣ ਨੰਗ ਲੁੰਗਲਾਣੇਂ-ਕਦੇ ਰਹਿਣ ਠੇਕੇ ਤੇ ਕਦੇ ਠਾਣੇਂ!"
-"ਇਹ ਗੱਲ ਸਹੀ ਐ!"

-"ਰੇਸ਼ਮ ਤੇ ਗੁਰਪਾਲ ਨਹੀਂ ਦਿਸੇ ਕਿਤੇ ਤੇਰੇ ਯਾਰ-ਕਿਤੇ ਸ਼ਹੀਦ ਤਾਂ ਨਹੀਂ ਹੋ ਗਏ?"
-"ਜਿੱਦੇਂ ਉਹ ਸ਼ਹੀਦ ਹੋ ਗਏ-ਅੱਧਾ ਪੰਜਾਬ ਨਾ ਫੂਕ ਦਿਆਂਗੇ?"
-"ਕੀ ਸੁਨੇਹਾਂ ਲੈ ਕੇ ਆਇਐਂ?"
-"ਸੁਨੇਹਾਂ ਕਾਹਦੈ-ਮੈਂ ਸੋਚਿਆ ਮਾਰ ਮਰਾਈ ਤਾਂ ਤੁਸੀਂ ਨਿੱਤ ਈ ਕਰੀ ਜਾਨੇਂ ਐਂ-ਕਦੇ ਥੋਨੂੰ ਵਿਆਹ ਵੂਹ ਦਿਖਾ ਦੇਈਏ।"
-"ਤੂੰ ਵਿਆਹ ਕਰਵਾਉਣ ਲੱਗਿਐਂ?" ਵਿਆਹ ਦੇ ਨਾਂ ਨੂੰ ਜੈਲਦਾਰ ਉਠ ਕੇ ਬੈਠ ਗਿਆ। ਕਿਸੇ ਅਹਿਸਾਸ ਨੇ ਉਸ ਅੰਦਰ ਕੁਤਕੁਤੀ ਕੀਤੀ।
-"ਉਏ ਇਹਨੂੰ ਕੌਣ ਸਾਕ ਕਰਦੂ? ਅਗਲਾ ਇਹਦੇ ਨਾਲ ਕੁੜੀ ਵਿਆਹੁਣ ਨਾਲੋਂ ਕੁੜੀ ਨੂੰ ਖੂਹ 'ਚ ਧੱਕਾ ਨਾ ਦੇਦੂ?" ਬਲਿਹਾਰ ਬੋਲਿਆ।
-"ਲੈ! ਆਹ ਬੋਲ ਪਿਆ ਪਹਾੜੀ ਕਾਂ-ਸਾਲੇ ਨੇ ਕਦੇ ਆਬਦਾ ਮੂੰਹ ਦੇਖਿਆ ਨਹੀਂ ਹੋਣਾ-ਬਿੱਜੜੇ ਦੇ ਆਹਲਣੇਂ ਅਰਗੀ ਇਹਦੀ ਦਾਹੜ੍ਹੀ ਐ-ਤੁਰੂ ਸਾਲਾ ਇਉਂ ਜਿਵੇਂ ਸੂਲਾਂ 'ਤੇ ਕੁੱਕੜ ਤੁਰਦਾ ਹੁੰਦੈ-ਨਿਘੋਚਾਂ ਬਿਗਾਨਿਆਂ 'ਚ ਕੱਢੂ।"
-"ਤੇ ਤੇਰੇ ਮਗਰ ਤਾਂ ਮੈਂ ਕਹਿੰਨੈ ਡੋਲੇ ਤੁਰੇ ਫਿਰਦੇ ਹੋਣੇ ਐਂ?"
-"ਉਏ ਚੱਲ ਛੱਡ-ਵਿਆਹ ਦੱਸ ਕੀਹਦੈ?"
-"ਸਮਾਲਸਰੀਏ ਕੈਪਟਣ ਦੀ ਕੁੜੀ ਦਾ ਕੱਲ੍ਹ ਨੂੰ ਵਿਆਹ ਐ-ਮੁੰਡਾ ਕੈਨੇਡਾ ਤੋਂ ਆਇਐ-ਦਾਜ ਉਹਨਾਂ ਨੇ ਰੱਜ ਕੇ ਮੰਗਿਐ-ਤੇ ਬੰਬ ਦਾ ਹੁਕਮ ਐਂ ਬਈ ਪਾ ਦਿਓ ਖਿਲਾਰੇ-।"
-"ਲਓ ਜੀ-ਪੱਟਿਆ ਪਹਾੜ੍ਹ ਤੇ ਨਿਕਲਿਆ ਚੂਹਾ।" ਜੈਲਦਾਰ ਨੇ ਮਾਯੂਸੀ ਵਿਚ ਰਜਾਈ ਮੂੰਹ 'ਤੇ ਲੈ ਲਈ ਅਤੇ ਦਿਲਰਾਜ ਉਚੀ-ਉਚੀ ਹੱਸ ਪਿਆ।
-"ਇਹਦੇ ਚਿੱਤ 'ਚ ਤਾਂ ਇਹ ਸੀ ਬਈ ਨਾੜਾਂ ਖੁਸ਼ਕ ਹੋਈਆਂ ਪਈਐਂ-ਵਿਆਹ 'ਚ ਈ ਤਰ ਕਰਾਂਗੇ।"
-"ਯਾਰ ਜ਼ਿੰਦਗੀ ਸਾਲੀ ਇਉਂ ਈ ਲੰਘ ਜਾਣੀ ਐਂ-ਮੈਂ ਤਾਂ ਮੋਰਨੀ ਸੀਬੋ ਦੇ ਦਰਸ਼ਣ ਵੀ ਨਹੀਂ ਕੀਤੇ-ਬੈਂਕ 'ਚੋਂ ਜਮਦੂਤ ਪੈਂਤੀ ਬੋਰੀਆਂ ਨੋਟਾਂ ਦੀਆਂ ਲੁੱਟ ਲਿਆਏ ਐ-ਇਉਂ ਨਹੀਂ ਬਈ ਪੰਜ ਸੱਤ ਹਜ਼ਾਰ ਰੁਪਈਆ ਐਧਰ ਈ ਸਿੱਟ ਦੇਣ-ਮੈਂ ਤਾਂ ਸੀਬੋ ਸ਼ੇਰਨੀ ਨੂੰ ਤਪੀਤੀ ਕਰਾ ਕੇ ਦੇਣੀ ਸੀ।"
-"ਉਹਨੂੰ ਤਾਂ ਕੌਡੀਆਂ ਆਲਾ ਈ ਕਰਾ ਕੇ ਦਿਊ ਸਿੰਘ-ਤਬੀਤ ਤੇਰੇ ਵੰਡੇ ਦੇ-।"
-"ਕੌਡੀਆਂ ਆਲੇ ਦੀ ਮਾਂ ਦੀ...! ਮੇਰੀ ਸੀਬੋ ਤਾਂ ਸ਼ੀਹਣੀ ਐਂ ਸ਼ੀਹਣੀ-ਜੇ ਗਲ ਨੂੰ ਜਬਾੜ੍ਹਾ ਪਾ ਲਿਆ-ਸੀਰਮੇਂ ਪੀ ਕੇ ਈ ਦਮ ਲਊ।"
-"ਬੱਲੇ....!"
-"ਤੇ ਤੇਰੇ ਲੋਟ ਕਿਵੇਂ ਆ ਗਈ?"
-"ਜੇ ਸ਼ੀਹਣੀ ਬੱਬਰ ਸ਼ੇਰ 'ਤੇ ਨਾ ਮਰੂ-ਹੋਰ ਤੇਰੇ ਅਰਗੇ ਚਿਰੜਘੁੱਗ 'ਤੇ ਮਰੂ?"
-"ਕਦੇ ਦਰਸ਼ਣ ਈ ਪੁਆ ਦੇ ਮੋਰਨੀ ਦੇ।" ਬਲਿਹਾਰ ਨੇ ਕਿਹਾ।
-"ਉਏ ਇਹ ਗਲਤੀ ਨਾ ਕਰੀਂ! ਮੁੜ ਕੇ ਫੇਰ ਤੇਰੇ ਕੋਲੇ ਨਹੀਂ ਆਉਂਦੀ-ਇਹਦੇ ਈ ਵਸੂ।"
-"ਰੰਗ ਤਾਂ ਦੇਖ ਮੁੰਡੇ ਦਾ ਸੰਧੂਰੀ ਐ - ਤੇ ਤੂੰ ਸਾਲਿਆ ਘੋਗੜ ਕਾਂ।"
-"ਬਾਰੇਸ਼ਾਹ ਐਮੇਂ ਨੀ ਕਹਿ ਗਿਆ-ਮੈਂ ਕਾਲੀ ਤੇ ਮੇਰਾ ਯਾਰ ਵੀ ਕਾਲਾ ਤੇ ਅਸੀਂ ਕਾਲੇ ਲੋਕ ਸਦੀਂਦੇ-ਕੁਰਾਨ ਸ਼ਰੀਫ਼ ਦੇ ਹਰਫ਼ ਵੀ ਕਾਲੇ ਜਿਹੜੇ ਵਿਚ ਮਸੀਤ ਪੜ੍ਹੀਂਦੇ-ਥੋਨੂੰ ਕੱਬਤਾ ਦਾ ਕੀ ਪਤੈ? ਤੁਸੀਂ ਤਾਂ ਹੱਗ ਲਿਆ, ਖਾ ਲਿਆ-ਹੱਗ ਲਿਆ, ਖਾ ਲਿਆ...।"
-"ਬਾਈ ਤਾਅ 'ਚ ਲਫ਼ਜ਼ ਪੁੱਠੇ ਵਰਤ ਗਿਆ।" ਕਰਮਜੀਤ ਨੇ ਕਿਹਾ।
-"ਨਾਲੇ ਬਾਈ ਬਾਰੇਸ਼ਾਹ ਨਹੀਂ-ਵਾਰਿਸ ਸ਼ਾਹ ਕਿਹਾ ਕਰ!"
-"ਬਾਈ ਨਾਰਦਮੁਨਾਂ ਇਹਨਾਂ ਜਮਦੂਤਾਂ ਤੋਂ ਇੱਕ ਅੱਧਾ ਦਿਨ ਮੇਰਾ ਖਹਿੜ੍ਹਾ ਛੁਡਾ।"
-"ਐਡਾ ਕੀ ਕੰਮ ਪੈ ਗਿਆ?"
ਕਰਮਜੀਤ ਹੱਸ ਪਿਆ।
-"ਯਾਰ ਸੀਬੋ ਨੂੰ ਮਿਲਣ ਨੂੰ ਬਹੁਤ ਦਿਲ ਕਰਦੈ-ਮਿਲਿਆਂ ਨੂੰ ਯਾਰ ਜੁੱਗੜੇ ਬੀਤ ਗਏ-ਉਹ ਤਾਂ ਯਾਰ ਰੋ-ਰੋ ਕੇ ਕਮਲੀ ਹੋ ਗਈ ਹੋਊ-ਹਿੱਕ 'ਤੇ ਔਂਸੀਆਂ ਪਾਉਂਦੀ ਹੋਊ ਜਿਉਣ ਜੋਕਰੀ।"
-"ਉਹ ਅਜੇ ਤੇਰੇ 'ਤੇ ਈ ਬੈਠੀ ਹੋਊ? ਉਹਨੇ ਕੋਈ ਹੋਰ ਲੱਭ ਲਿਆ ਹੋਣੈਂ?"
-"ਨਾਂਅ - ਨਾ...! ਸੋਹਣੀ ਵਿਆਹੀ ਵਰੀ ਵੀ ਘਰ ਆਲੇ ਦੀ ਨਹੀਂ ਹੋਈ ਸੀ-ਮਹੀਂਵਾਲ ਦੀ ਈ ਰਹੀ ਸੀ-ਇਹੀ ਘਾਣੀਂ ਹੀਰ ਦੀ ਐ-ਤੇ ਮਿੱਤਰੋ ਸੋਹਣੀ ਜਾਂ ਹੀਰ ਨਾਲੋਂ ਮੇਰੀ ਸੀਬੋ ਕਿਮੇਂ ਵੀ ਘੱਟ ਨਹੀਂ-ਲੋਕ ਤਾਂ ਸਾਡੇ ਕਿੱਸੇ ਗਾਇਆ ਕਰਨਗੇ-।"
ਸਾਰੇ ਹੱਸ ਪਏ।
-"ਕੱਠਿਆਂ ਨੂੰ ਚੱਕ ਲਈਂ ਰੱਬਾ ਜੋੜੀ ਵਿਚ ਭੰਗਣਾਂ ਨਾ ਪਾਈਂ।" ਜੈਲਦਾਰ ਨੇ ਕਵੀਸ਼ਰੀ ਕੀਤੀ।
-"ਇਹਨਾਂ ਨੂੰ ਦੋਹਾਂ ਨੂੰ 'ਕੱਠੇ ਕਰਕੇ ਗੋਲੀ ਮਾਰੋ।"
-"ਯਾਰ ਸਿਰਫ਼ ਇੱਕ ਦਿਨ ਦੀ ਮੋਹਲਤ ਦੇ ਦਿਓ-ਮੁੜ ਕੇ ਜਮਾਂ ਨਹੀਂ ਆਖਦਾ-ਮਿੰਨਤ ਐ, ਤਰਲਾ ਐ, ਚਾਹੇ ਬਾਪੂ ਕਹਾ ਲਓ!"
-"ਜੇ ਓਸ ਕੁੱਤੀ ਨੂੰ ਮਿਲਣ ਗਿਐਂ-ਅਸੀਂ ਤੇਰਾ ਪਰਾਗਾ ਪਾ ਲੈਣੈ-ਫੇਰ ਨਾ ਆਖੀਂ।"
-"ਨਾਲੇ ਬੰਬ ਤੇ ਗੁਰਪਾਲ ਦਾ ਹੁਕਮ ਐਂ ਬਈ ਤੂੰ ਓਸ ਏਰੀਏ ਵਿਚ ਜਮਾਂ ਨਹੀਂ ਜਾਣਾ-ਕੌਡੀਆਂ ਆਲਾ ਤੇਰੀ ਭਾਲ 'ਚ ਹਲਕਿਆ ਫਿਰਦੈ-ਇਹ ਮੇਰਾ ਨਹੀਂ ਉਪਰਲਾ ਹੁਕਮ ਐਂ।" ਕਰਮਜੀਤ ਨੇ ਕਿਹਾ।
-"ਥੋਡਾ ਕੱਖ ਨਾ ਰਹੇ ਕਾਲੇ ਮੂੰਹ ਆਲਿਓ-ਤੁਸੀਂ ਆਸ਼ਕਾਂ 'ਚ ਚਾਚੇ ਕੈਦੋਂ ਬਣਦੇ ਓਂ-ਸਿੱਧੇ ਨਰਕਾਂ ਨੂੰ ਜਾਓਗੇ-ਮੇਰੀ ਹਾਅ ਥੋਨੂੰ ਜਰੂਰ

ਲੱਗੂ। ਖੁਰਕ ਪੈ ਕੇ ਮਰੋਂਗੇ ਸਾਰੇ..!"
-"ਕਿੱਥੇ ਭਰੇਂਗੀ ਪਤਲੀਏ ਨਾਰੇ-ਭਾਈ ਜੀ ਦੀ ਹਾਅ ਲੱਗਜੂ।" ਦਿਲਰਾਜ ਨੇ ਉਸ ਨੂੰ ਚਿੜਾਇਆ।
-"ਨਾਲੇ ਸ਼ੀਸ਼ੇ 'ਚ ਮੂੰਹ ਦੇਖਲਾ ਕੀਹਦਾ ਕਾਲੈ।" ਬਲਿਹਾਰ ਨੇ ਵੀ ਧਾਈ 'ਤੇ ਧਾਈ ਪਾਈ।
-"ਦਿਲ ਕਰੜਾ ਕਰਕੇ ਕੱਟ ਲੈ ਲਿਖੀਆਂ ਲੇਖ ਦੀਆਂ-ਸੀਬੋ ਦੇ ਸੁਪਨੇ ਨਾ ਲੈ।" ਬਾਲੀ ਤੋਂ ਵੀ ਰਿਹਾ ਨਾ ਗਿਆ।
-"ਤੈਥੋਂ ਬਾਅਦ ਮੁਖੀ ਮੈਂ ਈ ਬਣਨੈ-ਫੇਰ ਕਰਿਆ ਕਰੂੰ ਮਨ ਆਈਆਂ-ਸੀਬੋ ਮੋਰਨੀ ਨੂੰ ਪੁਆ ਕੇ ਏ. ਕੇ. 56 ਗਲ 'ਚ, ਨਾਲ ਈ ਰੱਖਿਆ ਕਰੂੰ-ਹਿੱਕ ਦਾ ਤਬੀਤ ਬਣਾ ਕੇ।"
-"ਮੈਂ ਮਰਨ ਲੱਗਿਆ ਤੈਨੂੰ ਨਾਲ ਈ ਲੈ ਕੇ ਮਰੂੰ-ਬੇਫ਼ਿਕਰ ਰਹਿ।"
-"ਜੇ ਕਾਵਾਂ ਦੇ ਆਖੇ ਢੱਗੇ ਮਰਨ ਲੱਗਣ-ਫੇਰ ਗੱਲ ਕਾਹਦੀ ਐ? ਉਏ ਮੈਂ ਤਾਂ ਅਜੇ ਖ਼ਾਲਿਸਤਾਨ ਦਾ ਮੁੱਖ ਮੰਤਰੀ ਬਣਨੈਂ।" ਜੈਲਦਾਰ ਦੀ ਗੱਲ 'ਤੇ ਹਾਸੜ ਪੈ ਗਈ।
ਅਗਲੇ ਦਿਨ ਰੋਟੀ ਕੁ ਵੇਲੇ ਉਹ ਸਮਾਲਸਰ ਪਹੁੰਚ ਗਏ। ਛੋਟੇ ਜਿਹੇ ਪਿੰਡ ਸਮਾਲਸਰ ਦੀਆਂ ਤਮਾਮ ਗਲੀਆਂ ਰੰਗ-ਬਿਰੰਗੀਆਂ ਝੰਡੀਆਂ ਨਾਲ ਸਜਾਈਆਂ ਹੋਈਆਂ ਸਨ। ਵੀਹੀਆਂ ਦੀ ਸਫ਼ਾਈ ਕਰਵਾ ਕੇ ਕੈਪਟਨ ਨੇ, ਪਾਣੀ ਛਿੜਕਾ ਕੇ ਕਲੀ ਧੂੜੀ ਸੀ। ਕੈਪਟਨ ਦਾ ਸਾਰਾ ਪ੍ਰੀਵਾਰ ਅਮਰੀਕਾ ਵਿਚ ਘੁੱਗ ਵਸਦਾ ਸੀ। ਪਿੰਡ ਦੋ ਆਲੀਸ਼ਾਨ ਕੋਠੀਆਂ ਪਾਈਆਂ ਹੋਈਆਂ ਸਨ। ਵੱਡੇ ਤਿੰਨ ਮੁੰਡੇ ਅਮੀਰ ਘਰਾਣਿਆਂ ਵਿਚ ਵਿਆਹੇ ਹੋਏ ਸਨ ਅਤੇ ਅੱਜ ਸਾਰਿਆਂ ਤੋਂ ਛੋਟੀ ਅਤੇ ਇਕਲੌਤੀ ਲੜਕੀ ਸੁਭਕਰਮਨਪ੍ਰੀਤ ਕੌਰ ਦੀ ਸ਼ਾਦੀ ਸੀ। ਸੁਭਕਰਮਨਪ੍ਰੀਤ ਕੌਰ ਅਮਰੀਕਾ ਵਿਚ ਮੈਡੀਕਲ
ਕਰਕੇ ਡਾਕਟਰ ਲੱਗੀ ਹੋਈ ਸੀ ਅਤੇ ਉਸ ਦਾ ਹੋਣ ਵਾਲਾ ਪਤੀ ਕੈਨੇਡਾ ਵਿਚ ਇੱਕ ਚੰਗਾ ਬਿਜਨਸਮੈਨ ਸੀ।
ਇਕੱਲੇ-ਇਕੱਲੇ ਪੁੱਤਰ ਹਰਮਨਜੀਤ ਦੇ ਮਾਪੇ ਅਰਬਾਂ ਦੀ ਸਾਮੀਂ ਸਨ। ਲਿਮੋਸਿਨ ਕਾਰਾਂ ਤੋਂ ਇਲਾਵਾ ਉਹਨਾਂ ਦਾ ਇੱਕ ਪ੍ਰਾਈਵੇਟ-ਜੈੱਟ ਵੀ ਰੱਖਿਆ ਹੋਇਆ ਸੀ।
-"ਮੇਰੇ ਸਹੁਰੇ ਜੱਟ ਕੀ ਘਤਿੱਤਾਂ ਕਰਦੇ ਐ-ਪੈਸਾ ਆਮ ਐਂ ਕਲੋਲਾਂ ਕਰਦੇ ਐ-ਸਫ਼ਾਈ ਇਉਂ ਕਰਵਾਈ ਪਈ ਐ ਜਿਵੇਂ ਕਿਸੇ ਮਹਾਂਪੁਰਸ਼ ਨੇ ਆਉਣਾ ਹੁੰਦੈ-।" ਜੈਲਦਾਰ ਨੂੰ ਤਪਾੜ ਵਿਚ ਕੀਤੀਆਂ ਕਣਕ ਦੀਆਂ ਵਾਢੀਆਂ ਅਤੇ ਪੋਹ ਮਾਘ ਵਿਚ ਲਾਏ ਕੱਸੀ ਦੇ ਪਾਣੀ ਯਾਦ ਆ ਰਹੇ ਸਨ। ਉਸ ਨੂੰ ਯਾਦ ਕਰ-ਕਰ ਗਰਮੀ ਲੱਗ ਰਹੀ ਸੀ, ਪਤਾ ਨਹੀਂ ਠੰਢ? ਪਰ ਜੱਟਾਂ ਨਾਲ ਕਮਾਏ ਸੀਰ ਅਤੇ ਕੁਟਾਏ ਪੁੜੇ ਚਸਕਣ ਲੱਗ ਪਏ ਸਨ। ਹਾੜ੍ਹ ਮਹੀਨੇ ਖੇਤਾਂ ਵਿਚ ਪਾਇਆ ਰੂੜੀ ਦਾ ਰੇਹ ਉਸ ਦੇ ਲੂੰ-ਕੰਡੇ ਖੜ੍ਹੇ ਕਰ ਗਿਆ ਸੀ।
-"ਜੈਲਦਾਰਾ ਤੇਰੇ ਬਿਨਾ ਕਦੇ ਖੁੰਭੀ ਨਹੀਂ ਨਿਕਲ਼ੀ।" ਕੁਝ ਸੋਚ ਕੇ ਦਿਲਰਾਜ ਨੇ ਉਸ ਨੂੰ ਪਾਣ ਦਿੱਤੀ।
-"ਹੁਣ ਫੂਕ ਦੇ ਕੇ ਮੈਨੂੰ ਕਿਹੜੇ ਵੇਲਣੇਂ 'ਚ ਦੇਣ ਲੱਗੇ ਓਂ, ਗੋਲੀ ਪੈਣਿਓਂ?" ਜੈਲਦਾਰ ਨੂੰ ਪ੍ਰਪੱਕ ਪਤਾ ਸੀ ਕਿ ਮੇਰੇ ਸਿਰ ਕੋਈ ਕਰੜੀ ਡਿਊਟੀ ਲਾਉਣਗੇ। ਉਸ ਦੀ ਸੋਚ ਮੁਤਾਬਿਕ ਉਹ ਉਸ ਨਾਲ ਉਦੋਂ ਹੀ ਮਿੱਠੇ ਹੁੰਦੇ ਸਨ, ਜਦੋਂ ਕੋਈ ਕੰਮ ਅੜਦਾ ਦਿਸਦਾ ਸੀ।
-"ਜਦੋਂ ਗਾਹਲ੍ਹ ਕੱਢੂ, ਸਾਲਾ ਚੂਹੜ੍ਹੀਆਂ ਆਲੀ ਕੱਢੂ।" ਬਲਿਹਾਰ ਨੇ ਕਿਹਾ।
-"ਚੁੱਪ ਕਰ ਉਏ!" ਦਿਲਰਾਜ ਨੇ ਉਸ ਨੂੰ ਗੁੱਝੀ ਅੱਖ ਮਾਰੀ। ਬਲਿਹਾਰ ਝੱਟ ਰਮਜ਼ ਸਮਝ ਗਿਆ।
-"ਸ਼ਿਵ ਜੀ ਮਹਾਰਾਜ ਮਾਂਗੂੰ ਮੇਰੀ ਤੀਜੀ ਅੱਖ ਵੀ ਦੇਖਦੀ ਐ-ਤੁਸੀਂ ਚਤਰਾਈਆਂ ਜੀਆਂ ਨਾ ਕਰੋ ਤੇ ਖ਼ਾਲਸਾ ਫ਼ੌਜ ਦੇ ਜਰਨੈਲ ਪ੍ਰੀਤਮ ਸਿੰਘ ਖ਼ਾਲਸਾ ਨੂੰ ਕੰਮ ਦੱਸੋ।" ਜੈਲਦਾਰ ਗੰਧਾਲ਼ੇ ਵਾਂਗ ਆਕੜ ਗਿਆ ਸੀ।
-"ਤੂੰ ਪੱਗ ਅੱਘੜ ਦੁਘੜੀ ਜਿਹੀ ਬੰਨ੍ਹ ਲੈ ਤੇ ਰੋਟੀਆਂ ਮੰਗਣ ਦੇ ਬਹਾਨੇ ਵਿਆਹ ਆਲੇ ਘਰੋਂ ਪੁਲ਼ਸ ਦੀ ਬਿੜਕ ਲੈ ਕੇ ਆ!"
-"ਨਾ ਬਈ-ਇਹ ਗੱਲ ਬਿਲਕੁਲ ਈ ਝੂਠੀ ਐ-ਮੈਂ ਮੰਗਤਾ ਜਮਾਂ ਈ ਨਹੀਂ ਬਣ ਸਕਦਾ-ਭੁੱਖ ਜਰੂਰ ਕੱਟੀ ਐ-ਪਰ ਕਿਸੇ ਅੱਗੇ ਹੱਥ ਨਹੀਂ ਅੱਡਿਆ-ਇਹ ਕੰਮ ਮੈਥੋਂ ਨਹੀਂ ਹੋਣਾ।" ਜੈਲਦਾਰ ਸੰਜੀਦਾ ਹੋ ਗਿਆ।
-"ਦੇਖ ਵੱਡੇ ਭਾਈ! ਲਹਿਰਾਂ ਸਿਰੇ ਲਾਉਣ ਨੂੰ ਬਹੁਤ ਕੁਛ ਬਣਨਾ ਪੈਂਦੈ-ਨਾਲੇ ਤੂੰ ਕਿਹੜਾ ਸੱਚੀਂ ਹੱਥ ਅੱਡਣੈਂ?"
-"ਨਾਲੇ ਤੇਰਾ ਮੂੰਹ ਵੀ ਤਾਂ ਮੰਗਤਿਆਂ ਅਰਗਾ ਲੱਗਦੈ।" ਬਲਿਹਾਰ ਨੇ ਚੋਟ ਕੀਤੀ।
-"ਚੰਗਾ ਤੁਸੀਂ ਆਬਦਾ ਕੰਮ ਕਰੋ-ਬਣਾਓ ਖਾਲਸਤਾਨ-ਤੇ ਮੈਂ ਸੀਬੋ ਨੂੰ ਮਿਲਣ ਚੱਲਿਐਂ।"
-"ਕਿਉਂ ਵੱਡੇ ਭਾਈ ਗੁੱਸਾ ਕਰਦੈਂ?"
-"ਆਹ ਛਿੱਤਰ ਮੂੰਹਾਂ ਦੇਖ ਲੈ ਕਿਮੇਂ ਭੌਂਕਦੈ।"
-"ਇਹ ਤਾਂ ਇਹਨੂੰ ਬੁਰੀ ਬਾਣ ਐਂ-ਰੱਸੇ ਚੱਬਣ ਆਲੀ!"
-"ਸਾਲਾ ਗਡੋਡੂ ਜਿਆ!" ਜੈਲਦਾਰ ਬਲਿਹਾਰ ਵੱਲ ਕੁਣੱਖਾ ਝਾਕਿਆ, "ਮੂੰਹ ਦੇਖ ਸਾਲੇ ਨੇ ਕਿਮੇਂ ਘਿਆਕੋ ਅਰਗਾ ਬਣਾਇਐ!" ਜੈਲਦਾਰ ਹੁਣ ਆਪਣਾ ਹੱਥ ਉਪਰ ਸਮਝਦਾ ਸੀ। ਗੁੱਝਾ ਹਾਸਾ ਹੱਸਦਾ ਬਲਿਹਾਰ ਪਰ੍ਹੇ ਜਾ ਕੇ ਨੱਕ ਸੁਣਕਣ ਲੱਗ ਪਿਆ।
ਦੂਰੋਂ ਗਲੀ ਵਿਚ ਉਹਨਾਂ ਨੂੰ ਪੰਦਰਾਂ ਵੀਹ ਬੰਦੇ ਆਉਂਦੇ ਦਿਸੇ। ਉਹ ਟੇਢ ਦੇ ਕੇ ਦੂਜੀ ਗਲੀ ਪੈ ਗਏ।
-"ਮੈਨੂੰ ਮੈਦ ਐ ਜੰਨ ਆਉਣ ਆਲੀ ਐ-ਇਹ ਤਾਂ ਚੱਲੇ ਐ।"
-"ਅਸੀਂ ਜੰਨ ਦੇ ਰੰਗ ਢੰਗ ਦੇਹਨੇਂ ਐਂ ਤੇ ਤੂੰ ਬਾਈ ਬਣਕੇ ਆਬਦਾ ਕੰਮ ਕਰ।"
-"ਖਾਣ ਪੀਣ ਨੂੰ ਬਾਂਦਰੀ ਤੇ ਡੰਡੇ ਖਾਣ ਨੂੰ ਰਿੱਛ?"
-"ਉਏ ਵੱਡੇ ਭਾਈ ਪੰਜਾਂ ਦਸਾਂ ਮਿੰਟਾਂ ਦੀ ਤਾਂ ਸਾਰੀ ਘਾਣੀ ਐਂ-ਤੂੰ ਮੋਟੀ ਜੀ ਨਜ਼ਰ ਮਾਰ ਕੇ ਆਜੀਂ।"
-"ਨਾਲੇ ਆਬਦੇ ਆਸਤੇ ਦਸ ਪੰਦਰਾਂ ਰੋਟੀਆਂ ਫੜੀ ਆਈਂ-ਸਾਡਾ ਤਾਂ ਸਰਜੂ।"
-"ਜੱਥੇਦਾਰਾ ਦੇਖ ਲੈ ਹੱਟਦਾ ਨਹੀ ਮੇਰੇ ਨਾਲ ਖਹਿਣੋਂ-ਮੈਂ ਤੇਰੇ ਮੂੰਹ ਨੂੰ ਚੁੱਪ ਕਰ ਜਾਨੈਂ-ਨਹੀਂ ਤਾਂ ਹੁਣ ਨੂੰ ਕਦੋਂ ਦਾ ਇਹਦਾ ਮੁਕਾਬਲਾ ਬਣਾ ਧਰਦਾ।"
-"ਤੈਨੂੰ ਕਿਹਾ ਨਾ ਬਈ ਟਊਂ-ਟਊਂ ਕਰਨ ਦੀ ਤਾਂ ਇਹਨੂੰ ਬਾਣ ਐਂ-ਤੂੰ ਇਹਦੀ ਗੱਲ ਬਾਈ ਬਾਹਲੀ ਦਿਲ 'ਤੇ ਨਾ ਲਾਇਆ ਕਰ।"

-"ਸਾਲਾ ਲੂੰਬੜ ਜਿਆ-ਜਦੋਂ ਝਾਕੂ ਸਾਲਾ ਕਮੰਡਲ਼ਿਆਂ ਮਾਂਗੂੰ ਝਾਕੂ।" ਜੈਲਦਾਰ ਨੇ ਸਿਰੋਂ ਪੱਗ ਲਾਹ ਕੇ ਵਟੇ ਦੇ ਲਏ।
-"ਮੈਂ ਕਹਿੰਨੈਂ ਜਮਾਂ ਈ ਕਸਰ ਨਹੀਂ ਰਹੀ।" ਆਖ ਕੇ ਬਲਿਹਾਰ ਦੂਰ ਭੱਜ ਗਿਆ। ਮਾਰੀ ਬੁੱਕਲ ਉਸ ਦੀ ਖੁੱਲ੍ਹ ਗਈ। ਪਰ ਹਥਿਆਰ ਨੰਗਾ ਹੋਣ ਦੇ ਡਰੋਂ ਉਸ ਨੇ ਫਿਰ ਜਲਦੀ ਨਾਲ ਕਸ ਕੇ ਬੁੱਕਲ ਮਾਰ ਲਈ।
ਦਿਲਰਾਜ ਨੇ ਜੈਲਦਾਰ ਦਾ ਮੋਢਾ ਘੁੱਟਿਆ ਤਾਂ ਉਹ ਤੁਰ ਗਿਆ ਅਤੇ ਬਾਕੀ ਬਾਹਰਲੀ ਫ਼ਿਰਨੀ ਪੈ ਗਏ।
-"ਘਿਆਕੋ...! ਮੋਰ ਮੱਚ ਗਿਆ...!!" ਦੂਰ ਜਾਂਦੇ ਜੈਲਦਾਰ ਦੇ ਪਿੱਛੋਂ ਬਲਿਹਾਰ ਫਿਰ ਨਾ ਰਹਿ ਸਕਿਆ। ਪਰ ਜੈਲਦਾਰ ਮੋੜ ਕੱਟ ਚੁੱਕਿਆ ਸੀ।
ਪੰਦਰਾਂ ਵੀਹਾਂ ਮਿੰਟਾਂ ਵਿਚ ਹੀ ਜੈਲਦਾਰ ਸਾਥੀਆਂ ਕੋਲ ਪਹੁੰਚ ਗਿਆ। ਉਹ ਕੰਬਲਾਂ ਦੀਆਂ ਬੁੱਕਲਾਂ ਵਿਚ ਮੂੰਹ ਘੁੱਟੀ ਉੱਚੀ ਥਾਂ ਖੜ੍ਹੇ ਸਨ। ਕੁੜੀ ਵਾਲਿਆਂ ਵੱਲੋਂ ਬੜੀ ਹੀ ਉੱਤਸੁਕਤਾ ਨਾਲ ਬਰਾਤ ਦੀ ਉਡੀਕ ਕੀਤੀ ਜਾ ਰਹੀ ਸੀ।
-"ਪੁਲ਼ਸ ਪਲ਼ਸ ਤਾਂ ਮੈਨੂੰ ਕਿਤੇ ਦਿਸੀ ਨੀ-ਪਰ ਮਿੱਤਰਾ ਮਸਾਲਿਆਂ ਦੀ ਖੁਸ਼ਬੋ ਨੇ ਤਾਂ ਮੈਨੂੰ ਪਾਗਲ ਕਰਤਾ।"
-"ਹੁਣ ਤੂੰ ਤਾਂ ਨਹੀਂ ਦੋ ਰਾਤਾਂ ਸੌਂਦਾ-ਮਸਾਲੇ ਯਾਦ ਕਰ ਕਰ, ਬੁੜ੍ਹਕ ਬੁੜ੍ਹਕ ਉਠਿਆ ਕਰੇਂਗਾ।"
ਜੈਲਦਾਰ ਨੇ ਬਲਿਹਾਰ ਦੀ ਵੱਖੀ ਵਿਚ ਕੂਹਣੀ ਮਾਰ ਕੇ ਉਸ ਨੂੰ ਇਕੱਠਾ ਕਰ ਦਿੱਤਾ। ਉਹ ਕਮਾਨੀ ਵਾਂਗ ਦੂਹਰਾ ਹੋਇਆ, "ਮਾਰਤਾ ਉਏ ਢੇਡੇ!" ਕਹੀ ਜਾ ਰਿਹਾ ਸੀ।
ਬਰਾਤ ਆ ਗਈ।
ਇੱਕ ਭੂਚਾਲ ਆ ਗਿਆ ਸੀ।
ਕੁੜੀ ਵਾਲਿਆਂ ਨੂੰ ਵਖ਼ਤ ਪਿਆ ਹੋਇਆ ਸੀ। ਉਹ "ਆਓ ਭਗਤ" ਵਿਚ ਜੁਟੇ, ਇੱਕ ਦੂਜੇ ਵਿਚ ਵਜਦੇ ਫਿਰਦੇ ਸਨ।
ਘੁੱਗੀ ਰੰਗੀਆਂ ਕਾਰਾਂ ਵਿਚ ਕੋਈ ਦੋ ਸੌ ਬੰਦਾ ਬਰਾਤੀ ਸੀ। ਸਾਰੀਆਂ ਇੱਕੋ ਹੀ ਰੰਗ ਦੀਆਂ ਵੰਨ-ਸੁਵੰਨੇ ਤਾਜ਼ੇ ਫੁੱਲਾਂ ਨਾਲ ਸ਼ਿੰਗਾਰੀਆਂ ਹੋਈਆਂ ਸਨ। ਵਾਜੇ ਵੱਜ ਰਹੇ ਸਨ।
ਅਜ਼ੀਬ ਸ਼ੋਰ ਸੀ।
ਹਫ਼ੜਾ ਦਫ਼ੜੀ ਸੀ।
ਮਰਸਰੀ ਕਾਰ 'ਚੋਂ ਲਾੜਾ ਬੜੇ ਅੰਦਾਜ਼ ਨਾਲ ਉਤਰਿਆ।
-"ਚੜ੍ਹਾਈ ਐ ਬਈ ਜੁਆਨ ਦੀ।" ਇੱਕ ਨਾਲ ਆ ਕੇ ਖੜ੍ਹੇ ਬੰਦੇ ਨੂੰ ਦੇਖ ਕੇ ਜੈਲਦਾਰ ਬੋਲਿਆ।
ਬੰਦਾ ਚੁੱਪ ਸੀ।
-"ਕਿਹੜੇ ਪਿੰਡੋਂ ਜੰਨ ਆਈ ਐ ਬਾਈ ਇਹੇ?"
-"ਕਨੇਡੇ ਤੋਂ ਈ ਕਹਿਲੋ।"
-"ਤਾਂ ਵੀ?"
-"ਬਰਨਾਲੇ ਤੋਂ।"
-"ਕੀ ਸ਼ਾਨ ਐਂ!"
-"ਆਪਣਾ ਕਿਹੜਾ ਪਿੰਡ ਐ?"
-"ਦਾਨ ਸਿੰਘ ਆਲਾ।" ਜੈਲਦਾਰ ਨੇ ਮੌਕਾ ਬੋਚਿਆ।
-"ਐਥੇ ਰਿਸ਼ਤੇਦਾਰੀ ਐ ਕੋਈ?"
-"ਨਹੀਂ, ਮੈਂ ਕੱਟਿਆਂ ਦਾ ਵਪਾਰ ਕਰਦੈਂ।" ਜੈਲਦਾਰ ਦੇ ਆਖਣ 'ਤੇ ਸਾਰਿਆਂ ਨੇ ਆਪਣਾ ਹਾਸਾ ਮਸਾਂ ਰੋਕਿਆ।
ਬੰਦਾ ਤੁਰ ਗਿਆ।
ਸਾਰੇ ਖੁੱਲ੍ਹ ਕੇ ਹੱਸੇ।
-"ਉਏ ਕੱਟਿਆਂ ਆਲਿਆ...! ਕੋਈ ਰੋਟੀ ਰੂਟੀ ਨਹੀਂ ਮੰਗ ਕੇ ਲਿਆਇਆ?"
-"ਤੂੰ ਯਾਰ ਦਾ ਡਮਾਕ ਦੇਖ ਗੱਲ ਕਿਮੇਂ ਫੁਰੀ।"
ਜੰਨ ਕੈਪਟਨ ਦੀ ਦੂਜੀ ਕੋਠੀ ਨੂੰ ਹੋ ਤੁਰੀ।
ਬਾਲੀ ਹੋਰਾਂ ਨੇ ਮਸਾਂ ਤੁਰ ਫਿਰ ਕੇ ਵਕਤ ਟਪਾਇਆ ਅਤੇ ਸ਼ਾਮ ਚਾਰ ਕੁ ਵਜੇ ਉਹ ਪਿੰਡੋਂ ਬਾਹਰ-ਬਾਹਰ ਅੱਧਾ ਕੁ ਕਿਲੋਮੀਟਰ ਦੂਰ ਸੂਏ ਦੇ ਪੁਲ 'ਤੇ ਆ ਗਏ। ਵਾਪਿਸੀ ਵੇਲੇ ਬਰਾਤ ਨੇ ਇਸ ਪੁਲ ਉਪਰੋਂ ਦੀ ਗੁਜ਼ਰਨਾ ਸੀ।
-"ਮਾਰਤੇ ਭੁੱਖੇ-ਮੇਰਾ ਤਾਂ ਦਿਲ ਘਟੀ ਜਾਂਦੈ।"
-"ਦਮ ਰੱਖ ਅੱਜ ਤੈਨੂੰ ਬਦਾਮ ਖੁਆਵਾਂਗੇ।"
-"ਲੈ ਬਈ ਹੋ ਜਾਓ ਕੈਮ - ਆਉਂਦੇ ਐ ਪੱਟ ਹੋਣੇਂ ਨੱਢੀ ਨੂੰ ਲੱਦੀ।"
ਸਾਰੇ ਕਾਇਮ ਹੋ ਕੇ ਪੁਲ 'ਤੇ ਖੜ੍ਹ ਗਏ।
ਬਰਾਤੀਆਂ ਦੀਆਂ ਕਾਰਾਂ ਪੁਲ ਦੀ ਸੰਘੀ ਲਤਾੜਦੀਆਂ, ਲੰਘਣੀਆਂ ਸੂਰੂ ਹੋ ਗਈਆਂ। ਸ਼ਰਾਬੀ ਹੋਏ ਜੱਟ ਕਾਰਾਂ ਵਿਚ ਬੱਕਰੇ ਬੁਲਾ ਰਹੇ ਸਨ। ਡੈੱਕ ਉਚੀ-ਉਚੀ ਵੱਜ ਰਹੇ ਸਨ। ਅਸ਼ਲੀਲ ਗੀਤਾਂ ਨਾਲ ਕਈ ਤਾੜੀਆਂ ਮਾਰਦੇ ਸਨ ਅਤੇ ਕਈ ਨਾਲ ਗਾ ਰਹੇ ਸਨ। ਪਰ ਵਿਆਹ ਵਾਲੇ ਮੁੰਡੇ ਦੀ ਕਾਰ ਕਿਤੇ ਨਜ਼ਰ ਨਹੀਂ ਆ ਰਹੀ ਸੀ।
-"ਸਾਲੇ ਕਿੱਧਰ ਮਰਗੇ?"
-"ਬੁਰਾ ਨਾ ਬੋਲ ਉਏ-ਅਗਲੇ ਦਾ ਅੱਜ ਵਿਆਹ ਐ।"
-"ਤੇ ਤੂੰ ਤਾਂ ਉਹਨੂੰ ਸਲਾਮੀ ਪਾਉਣ ਨੂੰ ਖੜ੍ਹਾ ਹੋਵੇਂਗਾ?"

ਕਾਰਾਂ ਲੰਘ ਗਈਆਂ।
ਸ਼ਾਂਤੀ ਵਰਤ ਗਈ। ਉਹ ਝੂਠੇ ਜਿਹੇ ਹੋਏ ਅਜੇ ਪੁਲ 'ਤੇ ਹੀ ਖੜ੍ਹੇ ਸਨ। ਜੈਲਦਾਰ ਪੁਲ 'ਤੇ ਬੈਠ ਗਿਆ।
-''ਕਿਤੇ ਹੋਰ ਰਾਹ ਤਾਂ ਨਹੀਂ ਲੰਘ ਗਏ?''
-''ਸਿੱਧਾ ਰਾਹ ਤਾਂ ਆਹੀ ਐ-ਉਹ ਵਲ਼ ਪਾ ਕੇ ਕਿਉਂ ਜਾਣਗੇ?''
-''ਯਾਰ ਬੁੜ੍ਹੀਆਂ ਕਿਹੜਾ ਛੇਤੀ ਕੀਤੇ ਕਿਤੇ ਤੋਰਨ ਦਾ ਨਾਂ ਲੈਂਦੀਐਂ? ਨਾਲੇ ਤਾਂ ਬਿੰਦੇ ਬਿੰਦੇ ਸਿਰ ਜਿਆ ਪਲ਼ੋਸੀ ਜਾਣਗੀਆਂ ਨਾਲੇ ਨਲ਼ੀ ਸੁਣਕੀ ਜਾਣਗੀਆਂ-ਤੇ ਨਾਲੇ ਕਹੀ ਜਾਣਗੀਆਂ: ਪੁੱਤ ਸਾਡੀ ਕੁੜੀ ਨੂੰ ਖੁਸ਼ ਰੱਖੀਂ! ਨਾਲੇ ਕੁੜੀ ਚੋਦ ਦੀਆਂ ਨੂੰ ਚੰਗਾ ਭਲਾ ਪਤਾ ਹੁੰਦੈ ਬਈ ਖੁਸ਼ ਤਾਂ ਅਗਲੇ ਨੇ ਕਰ ਈ ਦੇਣੀ ਹੁੰਦੀ ਐ।''
ਸਾਰੇ ਚੁੱਪ ਸਨ।
-''ਬੱਸ ਇੱਕ ਤਰ੍ਹਾਂ ਸਿੱਧਾ ਈ ਨਹੀਂ ਕਹਿੰਦੀਆਂ ਬਈ.....! ਪਰ ਊਂ ਗੱਲੀਂ ਬਾਤੀਂ ਕੋਈ ਕਸਰ ਨਹੀਂ ਛੱਡਦੀਆਂ..! ਫੇਰ ਸਾਰੀਆਂ ਮੁਕਲਾਵਿਓਂ ਆਈ ਨੂੰ ਪੁੱਛੀ ਜਾਣਗੀਆਂ: ਨੀ ਪ੍ਰਾਹੁਣਾ ਕਿਵੇਂ ਐਂ? ਬਈ ਤੁਸੀਂ ਸਿੱਧਾ ਈ ਪੁੱਛਲੋ ਬਈ ਦੇਤਾ ਤੇਲ ਕਿ ਨਹੀਂ? ਬਾਧੂ ਗੱਲਾਂ 'ਚ ਕੀ ਫਾਇਦਾ?'' ਜੈਲਦਾਰ ਬੱਕੜਵਾਹ ਕਰ ਕਰ ਸੁਆਦ ਲਈ ਜਾ ਰਿਹਾ ਸੀ।
-''ਲੈ ਬਈ ਦੋ ਕਾਰਾਂ ਆਉਂਦੀਐਂ।'' ਬਲਿਹਾਰ ਨੇ ਲੁਕਣ ਦੀ ਤਿਆਰੀ ਕਰਦੇ ਸੂਰਜ ਦੀ ਟਿੱਕੀ ਵੱਲ ਦੇਖ ਕੇ ਕਿਹਾ।
-''ਆ ਉਏ ਜਿਉਣ ਜੋਕਰਿਆ-ਸਾਡਾ ਆਸ਼ੀਰਬਾਦ ਕਿਤੇ ਵਿਚੇ ਈ ਨਾ ਰਹਿਜੇ।'' ਜੈਲਦਾਰ ਨੇ ਬੁੱਕਲ ਖੋਲ੍ਹ ਕੇ ਫਿਰ ਮਾਰ ਲਈ, ''ਸਾਡੇ ਆਸ਼ੀਰਬਾਦ ਬਿਨਾਂ ਤੇਰਾ ਕਾਰਜ ਅਧੂਰਾ।''
ਕਾਰਾਂ ਪੁਲ 'ਤੇ ਪੁੱਜੀਆਂ ਹੀ ਸਨ ਕਿ ਬਲਿਹਾਰ ਅਤੇ ਦਿਲਰਾਜ ਵਿਚਕਾਰ ਖੜ੍ਹੇ ਹੋ ਗਏ। ਬਾਲੀ ਅਤੇ ਜੈਲਦਾਰ ਪਾਸੇ ਖੜ੍ਹੇ ਸਨ। ਮਜ਼ਬੂਰਨ ਕਾਰਾਂ ਰੁਕ ਗਈਆਂ।
-''ਕੀ ਗੱਲ ਐ ਬਈ...?'' ਇੱਕ ਸ਼ਰਾਬੀ ਸਰਦਾਰ ਨੇ ਲੈਚੀਆਂ ਵਾਲਾ ਮੂੰਹ ਖੋਲ੍ਹ ਕੇ ਪੁੱਛਿਆ। ਦੁਧੀਆ ਚਿੱਟੇ ਕੁੜਤੇ-ਪਜਾਮੇਂ ਉਪਰ ਉਸ ਨੇ ਨੀਲੀ ਲੀਡਰਾਂ ਵਾਲੀ ''ਝੱਗੀ'' ਪਾਈ ਹੋਈ ਸੀ। ਸੱਜੇ ਹੱਥ ਦੀਆਂ ਉਂਗਲੀਆਂ ਵਿਚ ਪਾਈਆਂ ਮੁੰਦਰੀਆਂ ਦੀਵੇ ਦੀ ਲਾਟ ਵਾਂਗ ਦਗ ਰਹੀਆਂ ਸਨ। ਬੜੇ ਸਲੀਕੇ ਨਾਲ ਬੰਨ੍ਹੀ ਪੱਗ ਨਸ਼ੇ ਕਾਰਨ ਢਲ਼ੀ-ਢਲ਼ੀ ਜਿਹੀ ਲੱਗਦੀ ਸੀ।
-''ਇਹ ਸਾਲਾ ਬਚੋਲਾ ਹੋਊ।''
-''ਤਾਂ ਹੀ ਤਾਂ ਮੂਹਰੇ ਕਿਰਲੇ ਮਾਂਗੂੰ ਆਕੜਿਆ ਬੈਠੈ-ਬਚੋਲਿਆਂ ਦੀ ਟਹੁਰ ਵੀ ਦੋ ਚਾਰ ਦਿਨ ਈ ਹੁੰਦੀ ਐ-ਪਿੱਛੋਂ ਹਲਵਾਈ ਦੇ ਕੁੱਤੇ ਮਾਂਗੂੰ ਡੰਡੇ ਈ ਪੈਂਦੇ ਐ।''
-''ਉਏ ਤੁਸੀਂ ਪਰ੍ਹੇ ਕਿਉਂ ਨਹੀਂ ਹੁੰਦੇ?'' ਉਹ ਹੀਂਜਰ ਕੇ ਪਿਆ।
-''ਘਬਰਾ ਨਾ ਸਰਦਾਰਾ-ਅਸੀਂ ਵੀ ਕੁੜੀ ਬੀਬੀ ਦਾ ਸਿਰ ਪਲੋਸਣੈਂ।'' ਜੈਲਦਾਰ ਸਮੇਤ ਸਾਰਿਆਂ ਨੇ ਬੁੱਕਲਾਂ ਲਾਹ ਕੇ ਹਥਿਆਰਾਂ ਦੇ ਦਰਸ਼ਣ ਪੁਆ ਦਿੱਤੇ। ਸਾਰਿਆਂ ਦੇ ਸਾਹ ਮਗਜ਼ ਨੂੰ ਚੜ੍ਹ ਗਏ। ਵਿਚੋਲੇ ਦਾ ਨਸ਼ਾ ''ਗਰਨ'' ਦੇ ਕੇ ਲਹਿ ਗਿਆ। ਉਹ ਮਜੌਰਾਂ ਦੀ ਮਾਂ ਵਾਂਗ ਘੁੱਟਾਂਬਾਟੀ ਝਾਕ ਰਿਹਾ ਸੀ।
-''ਗੱਡੀਆਂ ਪਾਸੇ ਲਾ ਦਿਓ ਤੇ ਸਾਰੇ ਬਾਹਰ ਆ ਜਾਓ!'' ਹੁਕਮ ਹੋ ਗਿਆ। ਹੁਕਮ ਤੁਰੰਤ ਮੰਨਿਆ ਗਿਆ। ਸਾਰੇ ਮੱਕੀ ਦੇ ਗੁੱਲਾਂ ਵਾਂਗ ਬਾਹਰ ਆ ਡਿੱਗੇ। ਵਿਚੋਲਾ ਦਬਾ ਦਬ ਲੈਚੀਆਂ ਚੱਬੀ ਜਾ ਰਿਹਾ ਸੀ। ਸ਼ਾਇਦ ਵਿਸਕੀ ਦੇ ਵਰੋਲ਼ੇ ਨੂੰ ਖ਼ਾੜਕੂਆਂ ਤੋਂ ਲੁਕਾਣ ਵਾਸਤੇ।
-''ਸਰਦਾਰਾ ਆਹ ਕੀ ਬਲਦ ਮਾਂਗੂੰ ਉਗਾਲ਼ਾ ਜਿਆ ਕਰੀ ਜਾਨੈਂ?'' ਭੁੱਖੇ ਜੈਲਦਾਰ ਦੇ ਕੜੱਲਾਂ ਪਈ ਜਾ ਰਹੀਆਂ ਸਨ।
-''ਲੈਅ...! ...ਲੈਚੀਐਂ ਜੁਆਨਾਂ।''
-''ਕੜਬ ਮਾਂਗੂੰ ਚੱਬੀ ਜਾਨੈਂ ਸਰਦਾਰਾ-।''
-''ਚੱਲ ਛੱਡ-ਤੂੰ ਬਚੋਲੈਂ?'' ਬਲਿਹਾਰ ਨੇੜੇ ਹੋ ਗਿਆ।
-''ਹਾਂ ਜੀ।''
-''ਕੀ-ਕੀ ਲਿਐ ਕੁੜੀ ਆਲਿਆਂ ਤੋਂ?''
-''ਕੁਛ ਨੀਂ ਲਿਆ ਜੀ...! ਕੁਛ ਨ੍ਹੀ ਲਿਆ..!''
ਜੈਲਦਾਰ ਨੇ ਉਸ ਦੇ ਚੁਪੇੜ ਮਾਰੀ। ਉਸ ਦੀ ਪੱਗ ਲਹਿ ਕੇ ਦੂਰ ਡਿੱਗ ਪਈ। ਕਰੁੱਤੀ ਰੁੱਤ ਦੇ ਗੰਢੇ ਵਰਗੀ ਜੂੜੀ ਖੁੱਲ੍ਹ ਕੇ ਖਿੱਲਰ ਗਈ। ਉਹ ਨਿਰਾ ਟੈਗੋਰ ਵਰਗਾ ਲੱਗਦਾ ਸੀ।
-''ਕਿਉਂ ਕੁੜੀਏ..! ਤੂੰ ਸਾਡੀ ਭੈਣ ਐਂ ਡਰ ਨਾ-ਪਰ ਲੈਣ ਦੇਣ ਬਾਰੇ ਜਰੂਰ ਦੱਸਣਾ ਪਊ।''
ਕੁੜੀ ਨੇ ਮੋਟਾ ਜਿਹਾ ਵੇਰਵਾ ਦੱਸ ਦਿੱਤਾ।
ਤੇਰ੍ਹਾਂ ਲੱਖ ਰੁਪਏ ਲੜਕੇ ਦੀ ਝੋਲੀ ਵਿਚ ਸ਼ਗਨ ਪਾਇਆ ਗਿਆ ਸੀ। ਪੱਚੀ ਲੱਖ ਦਾਜ ਵਜੋਂ ਅਤੇ ਹੇਠਾਂ ਤੋਂ ਲੈ ਕੇ ਉਪਰ ਤੱਕ ਸਾਰੇ ਰਿਸ਼ਤੇਦਾਰਾਂ ਨੂੰ ਮੁੰਦਰੀਆਂ ਪਾ ਕੇ ਨਿਵਾਜਿਆ ਗਿਆ ਸੀ।
-''ਜੰਨ ਕਿੰਨੀ ਕੁ ਸੀ ਉਏ ਬਘਿਆੜਾ?''
-''ਜੀ ਹੋਊ ਕੋਈ ਡੇਢ੍ਹ ਕੁ ਸੌ ਬੰਦਾ।''
-''ਤੁਸੀਂ ਸਾਡੇ ਕਾਨੂੰਨ ਨਹੀਂ ਜਾਣਦੇ? ਕੋਈ ਦਾਜ ਦਹੇਜ ਨਹੀਂ ਲੈਣਾ-ਗਿਆਰ੍ਹਾਂ ਤੋਂ ਵੱਧ ਜੰਨ ਨਾ ਜਾਵੇ ਐਰਾ ਬਗੈਰਾ-ਲਟਰਮ ਪਟਰਮ?''
ਵਿਚੋਲੇ ਨੇ ਸਿਰ ਸੁੱਟ ਲਿਆ।
-''ਸਾਨੂੰ ਜੀ ਮੁਆਫ਼ੀ ਬਖਸ਼ੋ-ਬੜੀ ਭਾਰੀ ਗਲਤੀ ਹੋ ਗਈ-ਨਾਲੇ ਜੀ ਅਸੀਂ ਤਾਂ ਕੈਨੇਡਾ ਤੋਂ ਆਏ ਐਂ-ਸਾਨੂੰ ਕੁਛ ਪਤਾ ਨਹੀਂ ਸੀ।'' ਇੱਕ ਮੁੰਨੇ ਮੂੰਹ ਵਾਲਾ ਬੰਦਾ ਹੱਥ ਜੋੜੀ ਪੇਸ਼ ਹੋਇਆ।

-"ਉਰ੍ਹੇ ਆ ਕੁੜੀਏ...!"
ਕੁੜੀ ਨੇੜੇ ਆ ਗਈ।
-"ਪਹਿਲਾਂ ਐਹਦੇ ਬਿੱਜੂ ਦੇ ਮਾਰ ਚਾਰ ਲਪੜੇ।"
ਕੁੜੀ ਨੇ ਸਿਰ ਉਪਰ ਚੁੱਕਿਆ।
-"ਕੀ ਗੱਲ ਐ-ਡਰਦੀ ਕਿਉਂ ਐਂ?"
-"ਜੀ ਇਹ ਮੇਰੇ ਸਤਿਕਾਰਯੋਗ ਸਹੁਰਾ ਸਾਹਿਬ ਨੇ।" ਕੁੜੀ ਨੇ ਸੁਹਾਗ ਦੀ ਚੁੰਨੀ ਉਂਗਲ 'ਤੇ ਲਪੇਟਦਿਆਂ ਆਖਿਆ।
-"ਚੱਲ ਇਹਨੂੰ ਸਾਡੇ ਹਵਾਲੇ ਕਰ-ਤੇ ਐਹਦੇ ਬਘਿਆੜ ਦੇ ਸਿਰ 'ਚ ਲਾਹ ਕੇ ਛਿੱਤਰ ਮਾਰ!"
ਕੁੜੀ ਜਕ ਰਹੀ ਸੀ।
-"ਕੁੜੀਏ ਅਜੇ ਤਾਂ ਸਿਰਫ਼ ਤੇਰੇ ਲਫ਼ੇੜਿਆਂ ਨਾਲ ਈ ਸਰਦੈ-ਨਹੀਂ ਤਾਂ ਆਹ ਬੋਲੂਗੀ।" ਜੈਲਦਾਰ ਨੇ ਅਸਾਲਟ ਦਿਖਾਈ ਤਾਂ ਕੁੜੀ ਬੌਂਦਲ ਗਈ। ਕਹਿਣ ਅਨੁਸਾਰ ਉਸ ਨੇ ਵਿਚੋਲੇ ਦੇ, ਪੈਰੀਂ ਪਾਈ ਜੁੱਤੀ ਲਾਹ ਕੇ "ਸੇਵਾ" ਸੁਰੂ ਕਰ ਦਿੱਤੀ। ਵਿਚੋਲਾ ਸੀਲ ਬਲਦ ਵਾਂਗ ਖੜ੍ਹਾ ਖਾਈ ਜਾ ਰਿਹਾ ਸੀ। ਫਿਰ ਵਾਰੀ ਸਹੁਰੇ ਦੀ ਆਈ। ਸਾਰਿਆਂ ਦੀ 'ਸੇਵਾ' ਕਰਵਾਉਣ ਤੋਂ ਬਾਅਦ ਸਾਰੇ ਸੂਏ ਵਿਚ ਵਾੜ ਲਏ ਗਏ। ਠੰਢੇ ਪਾਣੀ ਨਾਲ ਸਾਰਿਆਂ ਦੇ ਸਾਹ ਸਿਰ ਨੂੰ ਚੜ੍ਹਦੇ ਸਨ। ਅੱਧਾ ਘੰਟਾ ਕਾਰਵਾਈ ਜਾਰੀ ਰਹੀ। ਸਾਰੇ ਮਿੰਨਤਾਂ ਤਰਲੇ ਕਰ ਰਹੇ ਸਨ। ਫ਼ਰਿਆਦਾਂ ਕਰ ਰਹੇ ਸਨ।
ਫ਼ਰਿਆਦ ਮਨਜੂਰ ਹੋ ਗਈ ਅਤੇ ਸਾਰੇ ਬਾਹਰ ਕੱਢ ਲਏ ਗਏ। ਉਹ ਭਿੱਜੇ ਚੂਹੇ ਵਾਂਗ "ਠੁਰ-ਠੁਰ" ਕਰ ਰਹੇ ਸਨ।
-"ਗੱਲ ਸੁਣ ਉਏ ਬਘਿਆੜਾ..! ਅਸੀਂ ਖ਼ੂਨ ਖ਼ਰਾਬਾ ਨੀ ਚਾਹੁੰਦੇ-ਕੱਲ੍ਹ ਨੂੰ ਸਾਰੇ ਪੈਸੇ ਕੁੜੀ ਆਲਿਆਂ ਨੂੰ ਵਾਪਿਸ ਕਰਨੇ ਐਂ..!"
-"ਸਤਿ ਬਚਨ ਜੀ।"
-"ਜੇ ਸਾਨੂੰ ਪਤਾ ਲੱਗ ਗਿਆ ਕਿ ਪੈਸੇ ਨਹੀਂ ਮੋੜੇ-ਤਾਂ ਬਘਿਆੜਾ ਤੇਰੇ ਆਲਾ ਬੁਘਤੂ ਵਜਾ ਦਿਆਂਗੇ।"
-"ਮੈਂ ਦੋਨੀਂ ਹੱਥੀਂ ਮੋੜ ਕੇ ਆਊਂ ਜੀ..!"
ਵਿਚੋਲਾ ਡਰ ਨਾਲ ਕੰਬੀ ਜਾ ਰਿਹਾ ਸੀ।
-"ਜਾਓ ਭੱਜੋ ਏਥੋਂ...!" ਜੈਲਦਾਰ ਨੇ ਕਾਰ ਵਿਚੋਂ ਲੱਡੂਆਂ ਵਾਲੀ ਪੇਟੀ ਚੁੱਕਦਿਆਂ ਕਿਹਾ।
ਸਾਰੇ ਸਿਰਤੋੜ ਕਾਰਾਂ ਨੂੰ ਦੌੜੇ।
-"ਹੋਰ ਗੱਲ ਸੁਣੋ...! ਕੁੜੀ ਨੇ ਸਾਡੇ ਕਹਿਣ 'ਤੇ ਥੱਪੜ ਮਾਰੇ ਐ-ਜੇ ਇਹਨੂੰ ਤੰਗ ਫੰਗ ਕੀਤੈ ਤਾਂ...!" ਉਸ ਨੇ ਉਂਗਲ਼ ਦਾ ਘੋੜ੍ਹਾ ਹਿਲਾ ਕੇ 'ਤਬਾਹੀ' ਦਾ ਇਸ਼ਾਰਾ ਕੀਤਾ।
-"ਮੈਂ ਕਹਿੰਨੈਂ ਵਾਹਿਗੁਰੂ ਬੋਲੋ ਜੀ-ਕੋਈ ਸ਼ਕਾਇਤ ਈ ਨਹੀਂ ਆਊਗੀ।" ਵਿਚੋਲਾ ਸਿਰ 'ਤੇ ਪੱਗ ਰੱਖਦਾ ਹੋਇਆ ਕਹਿ ਰਿਹਾ ਸੀ।
ਕਾਰਾਂ ਪੈਰ ਤੋਂ ਹੀ ਛਾਲਾਂ ਮਾਰ ਗਈਆਂ।
ਧੂੜ ਫ਼ੈਲ ਗਈ।
ਜੈਲਦਾਰ ਲੱਡੂਆਂ ਨੂੰ ਵਾਢਾ ਧਰੀ ਬੈਠਾ ਸੀ। ਅੱਖ ਬਚਾ ਕੇ ਤਿੰਨ ਚਾਰ ਉਸ ਨੇ ਗੀਝੇ ਵਿਚ ਪਾ ਲਏ ਸਨ। ਬਾਕੀ ਸਾਰੇ ਟੁੱਟ ਕੇ ਜੈਲਦਾਰ ਨੂੰ ਪੈ ਗਏ ਅਤੇ ਪੇਟੀ ਖੋਹ ਲਈ। ਪਰ ਫਿਰ ਵੀ ਉਹ ਧੂਹ-ਘੜ੍ਹੀਸ ਵਿਚ ਤਿੰਨ-ਚਾਰ ਲੱਡੂ ਹੱਥ ਹੇਠ ਕਰ ਗਿਆ ਸੀ।
-"ਥੋਡੀ ਬੇੜੀ ਬਹਿਜੇ ਜੱਟੋ...! ਤੁਸੀਂ ਹਲ਼ਕ ਕੇ ਮਰੋਂ..!"
-"ਸਾਲਿਆ, ਗਪਲ਼ ਗਪਲ਼ ਖਾਈ ਜਾਨੈਂ-ਮੋਕ ਜਾਊਗੀ ਲੱਗ।"
-"ਖਾਂਦੇ ਪੀਂਦੇ ਸੌ ਆਰੀ ਮਰਜੀਏ-ਪ੍ਰਵਾਹ ਨਹੀਂ-ਪਰ ਭੁੱਖੇ ਨਾ ਮਰੀਏ-ਮੇਰੇ ਤਾਂ ਭੁੱਖੇ ਦੇ ਪਈ ਜਾਂਦੇ ਐ ਮਰੋੜ।"
-"ਤੇ ਸਾਡੇ ਸਾਲਿਆ ਪਿਸਤੇ ਖਾਧੇ ਵੇ ਐ? ਤੇਰੇ ਨਾਲ ਈ ਅਸੀਂ ਐਂ ਸਵੇਰ ਦੇ।"
-"ਥੋਡਾ ਕੀ ਨਾਂ ਲੈਣੈਂ? ਤੁਸੀਂ ਤਾਂ ਲੱਕੜ ਐਂ।"
ਸਾਰੇ ਹੱਸਦੇ ਖੇਡਦੇ, ਖਾਂਦੇ ਸੂਏ ਦੇ ਰਾਹ ਪੈ ਗਏ।
ਸੂਰਜ ਦੀ ਟਿੱਕੀ ਸੂਏ ਦੇ ਪਾਣੀ ਵਿਚ ਮੂੰਹ ਡਬੋ ਗਈ। ਸੂਏ ਦੇ ਪਾਣੀ ਵਿਚ ਗਾੜ੍ਹੀ ਲਾਲੀ ਡੁੱਲ੍ਹ ਗਈ। ਸਾਰਿਆਂ ਦੇ ਮੂੰਹ ਸੂਹੀ ਦੁਮੇਲ ਨਾਲ ਰੰਗੇ ਗਏ।
ਕਈ ਦਿਨਾਂ ਬਾਅਦ ਕਾਕਾ ਮੁੜਿਆ। ਉਸ ਨਾਲ ਇੱਕ ਸੋਹਣੀ-ਸੁਨੱਖੀ ਕੁੜੀ ਸੀ। ਸਾਰੇ ਤੱਕ ਕੇ ਅਵਾਕ ਰਹਿ ਗਏ।
ਕਾਕਾ ਬਿਨਾ ਦੱਸੇ ਹੀ ਕੋਈ 'ਬਲਾਅ' ਸਹੇੜ ਲਿਆਇਆ ਸੀ। ਹਥਿਆਰਬੰਦ ਲੜਾਈ ਲੜਦੇ ਗੁਰੀਲੇ ਲਈ ਇੱਕ ਕੁੜੀ ਕਦੇ ਵੀ ਵਫ਼ਾ ਨਹੀਂ ਕਰ ਸਕਦੀ ਸੀ। ਜੱਥੇਬੰਦੀ ਦੀ ਸਲਾਹ ਬਿਨਾ ਅਜਿਹਾ ਕਦਮ ਚੁੱਕਣਾ ਇੱਕ ਗਲਤੀ ਹੀ ਨਹੀਂ, ਗੁਨਾਂਹ ਵੀ ਸੀ। ਔਰਤ ਦਾ ਮੋਹ ਇੱਕ ਗੁਰੀਲੇ ਲਈ ਘਾਤਕ ਸਿੱਧ ਹੋ ਸਕਦਾ ਸੀ। ਚਾਹੇ ਕਾਕਾ ਕੋਈ ਬਹੁਤੀ ਉਮਰ ਦਾ ਨਹੀਂ ਸੀ, ਪਰ ਤਜ਼ਰਬਿਆਂ ਵਿਚ ਰਵਾਂ ਹੋਇਆ ਉਹ ਇਤਨਾ ਅਨਾੜੀ ਵੀ ਨਹੀਂ ਸੀ। ਇਸ ਕੁੜੀ ਨੂੰ ਲਿਆਉਣਾ ਉਸ ਦੀ ਕੋਈ ਮਜਬੂਰੀ ਸੀ ਜਾਂ ਕੋਈ ਹੋਰ ਰਾਜ਼? ਬਾਲੀ ਦੇ ਦਿਮਾਗ ਅੰਦਰ ਸੋਚਾਂ ਦੇ ਬਿੱਛੂ ਡੰਗ ਮਾਰੀ ਜਾ ਰਹੇ ਸਨ।
ਬਾਲੀ ਕਾਕੇ ਦਾ ਮੋਢਾ ਫੜ ਕੇ ਇੱਕ ਪਾਸੇ ਲੈ ਗਿਆ।
-"ਇਹ ਕੁੜੀ ਕਿਧਰੋਂ ਧੂਹ ਲਿਆਇਆ?"
-"ਬਾਈ ਇਹ ਤਾਂ ਮੇਰੀ ਮੰਗੇਤਰ ਐ।"
-"ਹਥਿਆਰਬੰਦ ਲੜਾਈ ਵਿਚ ਤੂੰ ਗ੍ਰਹਿਸਥੀ ਜੀਵਨ ਕਿਵੇਂ ਵੀ ਬਤੀਤ ਨਹੀਂ ਕਰ ਸਕਦਾ-।"
-"ਬਾਈ ਮੈਂ ਕਰਕੇ ਦਿਖਾਊਂ।"
-"ਤੂੰ ਤਾਂ ਮਰਨਾ ਈ ਐਂ-ਇਹਦਾ ਕਿਉਂ ਦੁਸ਼ਮਣ ਬਣਿਐਂ?"

-"ਬਾਈ ਮੈਂ ਤਾਂ ਬਥੇਰ੍ਹੇ ਫਰ ਛੁਡਾਏ-ਪਰ ਇਹ ਹੀ ਨਹੀਂ ਪੱਟੀ ਬੱਨ੍ਹਣ ਦਿੰਦੀ-ਕਹਿੰਦੀ ਨਾਲ ਈ ਸ਼ਹੀਦ ਹੋਊਂ।"
ਬਾਲੀ ਸੋਚੀਂ ਪੈ ਗਿਆ। ਉਸ ਨੂੰ ਆਪਣੇ ਬਾਬਾ ਜੀ ਦੀ ਕਹੀ ਗੱਲ ਯਾਦ ਆਈ, "ਗੱਭਰੂ ਦੇਸ਼ ਪੰਜਾਬ ਦੇ ਤੇ ਮਰਦ ਪੰਜਾਬੀ ਨਾਰ!" ਹਰ ਮੁਸੀਬਤ ਵਿਚ ਪੰਜਾਬ ਦੀ ਨਾਰ ਮਰਦ ਦੇ ਮੋਢੇ ਨਾਲ ਮੋਢਾ ਡਾਹ ਕੇ ਖੜ੍ਹੀ ਹੈ। ਇਸ ਲਈ ਪੰਜਾਬ ਦੀ ਔਰਤ ਨੂੰ 'ਮਰਦ' ਦਾ ਖ਼ਿਤਾਬ ਮਿਲਿਆ ਹੋਇਆ ਹੈ।
ਅਸਲ ਵਿਚ ਕਾਕਾ ਲਹਿਰ ਵਿਚ ਆਉਣ ਤੋਂ ਪਹਿਲਾਂ ਮੰਗਿਆ ਹੋਇਆ ਸੀ। ਪੂਰੇ ਦੋ ਸਾਲ ਉਸ ਨੇ ਲਹਿਰ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਲੈ ਰਿਹਾ ਸੀ। ਇਸ ਦੌਰਾਨ ਉਸ ਨੂੰ ਪਿੰਡ ਜਾਣ ਦਾ ਮੌਕਾ ਵੀ ਨਾ ਮਿਲਿਆ। ਹਫ਼ਤਾ ਕੁ ਪਹਿਲਾਂ ਤੁਰਦੇ ਫਿਰਦੇ ਕਾਕੇ ਨੂੰ ਉਸ ਦਾ ਮਾਮਾ ਮਿਲ ਗਿਆ। ਸਕਾ ਮਾਮਾ ਕਾਕੇ ਦਾ ਵਿਚੋਲਾ ਸੀ। ਕਾਕੇ ਦੀ ਮੰਗੇਤਰ ਕੁੜੀ, ਮਾਮੇ ਦੇ ਸਾਲੇ ਦੀ ਸਕੀ ਧੀ ਸੀ। ਕਾਕਾ ਮਾਮੇ ਨੂੰ ਬੜੇ ਤਪਾਕ ਨਾਲ ਮਿਲਿਆ। ਪਰ ਮਾਮਾ ਕੁਝ ਖ਼ਫ਼ਾ ਲੱਗ ਰਿਹਾ ਸੀ। ਉਹ ਇੱਕ ਹੋਟਲ 'ਤੇ ਚਾਹ ਪੀਣ ਬੈਠ ਗਏ। ਚਾਹ ਪੀਂਦਾ ਮਾਮਾ ਕੋਈ ਗੱਲ ਨਹੀਂ ਕਰ ਰਿਹਾ ਸੀ।
-"ਕੀ ਗੱਲ ਐ ਮਾਮਾ ਜੀ-ਬੜੇ ਖੁਸ਼ਕ ਜਿਹੇ ਲੱਗਦੇ ਹੋ?" ਕਾਕੇ ਨੇ ਗੱਲ ਤੋਰੀ।
-"ਤੇਰੀਆਂ ਭਦਰਕਾਰੀਆਂ ਦਾ ਤੈਨੂੰ ਪਤਾ ਈ ਐ-ਤੂੰ ਕਿਹੜਾ ਨਿਆਣੈਂ?" ਮਾਮੇ ਦਾ ਗੁੱਸਾ ਫ਼ਟ ਤੁਰਿਆ।
-"........।"
-"ਤੈਨੂੰ ਕੀ ਪਤੈ, ਅਗਲੇ ਮੇਰੇ ਮੂੰਹ ਨਾਲ ਕੀ ਕਰਦੇ ਐ?"
-"........।"
-"ਬੱਸ ਸੁਣ ਕੇ ਚੁੱਪ ਕਰ ਰਹੀਦੈ-ਚੋਰ ਦੀ ਮਾਂ ਕੋਠੀ 'ਚ ਮੂੰਹ-ਤੇਰੇ ਵਿਚੋਲਪੁਣੇ ਨੇ ਤਾਂ ਮੈਨੂੰ ਥੱਲੇ ਲਾਹਤਾ-ਨਾ ਰਿਸ਼ਤੇਦਾਰਾਂ ਨੂੰ ਕੁਛ ਆਖਣ ਜੋਗੇ-ਉਹ ਵੀ ਭਾਈ ਕੀ ਕਰਨ? ਬਰਾਬਰ ਦੀ ਧੀ ਦਰਵਾਜੇ ਬੈਠੀ ਐ।"
-"ਮਾਮਾ ਜੀ ਥੋਨੂੰ ਪਤਾ ਈ ਐ ਬਈ...।"
-"ਮੈਨੂੰ ਸਾਰਾ ਈ ਪਤੈ..! ਮੈਂ ਜੁਆਕ ਨਹੀਂ..! ਪਰ ਤੂੰ ਇੱਕ ਪਾਸਾ ਕਰ-ਜਾਂ ਤਾਂ ਅਗਲਿਆਂ ਨੂੰ ਜਵਾਬ ਦੇਹ-ਅਗਲੇ ਕੋਈ ਹੋਰ ਬੰਨ੍ਹ ਸੁੱਬ ਕਰਨ-ਤੇ ਜਾਂ ਆਬਦੀ ਪਾਲਟੀ ਨੂੰ ਹਥਿਆਰ ਫੜਾ ਕੇ ਆ ਜਾਹ-ਤੈਨੂੰ ਫੁੱਲ ਦੀ ਨਹੀਂ ਲੱਗਣ ਦਿੰਦਾ-ਡੀ. ਐੱਸ. ਪੀ. ਮੈਨੂੰ ਵੀਹ ਆਰੀ ਆਪ ਕਹਿ ਚੁੱਕਿਐ-।"
-"ਮਾਮਾ ਜੀ ਆਹ ਤਾਂ ਗੱਲ ਈ ਦਿਲ ਚੋਂ ਕੱਢ ਦਿਓ ਬਈ ਮੈਂ ਜੱਥੇਬੰਦੀ ਛੱਡ ਕੇ ਆ ਜਾਊਂਗਾ।"
-"ਫੇਰ ਅਗਲਿਆਂ ਨੂੰ ਮੈਂ ਆਖ ਦਿੰਨੈਂ, ਬਈ ਭਾਈ ਕੁੜੀ ਦਾ ਕਿਤੇ ਹੋਰ ਢਾਣਸ ਕਰੋ-ਉਹ ਤਾਂ ਤੇਰੀ ਆਸ 'ਤੇ ਕੁੜੀ ਪਰੁੰਨ੍ਹੀਂ ਬੈਠੇ ਐ-ਤੇ ਤੂੰ ਬਣਿਆਂ ਫਿਰਦੈਂ ਦੇਸ਼ ਭਗਤ! ਕੱਚੀ ਛੋਹ੍ਰ ਤੇ ਆਟਾ ਖਰਾਬ।" ਮਾਮਾ ਗਰਮੀ ਵਿਚ ਲਾਟਾਂ ਛੱਡੀ ਜਾ ਰਿਹਾ ਸੀ।
-"ਮਾਮਾ ਜੀ ਮੇਰਾ ਇੱਕ ਕੰਮ ਕਰੋ।"
-"ਬੋਲ?"
-"ਤੁਸੀਂ ਇੱਕ ਵਾਰ ਮੈਨੂੰ ਗਗਨਦੀਪ ਮਿਲਾ ਦਿਓ!"
-"ਕਿਉਂ - ਕਾਹਤੋਂ?"
-"ਮੈਂ ਸਿਰਫ਼ ਉਹਦੇ ਨਾਲ ਦੋ ਗੱਲਾਂ ਕਰਨੀਐਂ - ਬੱਸ..!"
-"ਕੀ ਗੱਲਾਂ ਕਰਨੀਐਂ? ਦੁਨੀਆਂ ਦੇਖੂ ਕੀ ਕਹੂ? ਉਹ ਤਾਂ ਅੱਗੇ ਮੇਰੀ ਦਾਹੜ੍ਹੀ ਗੂੰਹ ਮਲਦੇ ਐ-ਤੇਰੀ ਮਾਮੀ ਓਦੂੰ ਨਿੱਤ ਸੂਹਣ ਖੜ੍ਹੀ ਰੱਖਦੀ ਐ-ਮੈਂ ਕਸੂਤਾ ਫਸਿਆ ਕਿਸੇ ਪਾਸੇ ਬੋਲਣ ਜੋਗਾ ਨਹੀਂ।"
-"ਮਾਮਾ ਜੀ ਮੇਰੀ ਇਹ ਗੱਲ ਮੰਨ ਲਓ-ਮੈਨੂੰ ਇੱਕ ਵਾਰ ਗਗਨਦੀਪ ਮਿਲਾ ਦਿਓ-ਤੁਹਾਨੂੰ ਮੈਂ ਉਦੋਂ ਈ ਹਾਂ ਜਾਂ ਨਾਂਹ ਦੱਸ ਦਿਆਂਗਾ।"
-"ਤੂੰ ਪਰਸੋਂ ਰਾਤ ਨੂੰ ਮੇਰੇ ਕੋਲੇ ਪਹੁੰਚ-ਮੈਂ ਬੁੱਟਰੋਂ ਗਗਨਦੀਪ ਨੂੰ ਲੈ ਆਊਂ-ਮੈਂ ਚੱਲਦੈਂ ਮੈਨੂੰ ਆੜ੍ਹਤੀਆਂ ਦੇ ਕੰਮ ਐਂ।" ਚਾਹ ਦੇ ਪੈਸੇ ਦੇ ਕੇ ਮਾਮਾ ਰਾਹ ਪੈ ਗਿਆ।
ਕਾਕਾ ਆਈ. ਟੀ. ਆਈ. ਕੋਲੋਂ ਬੱਸ ਚੜ੍ਹ ਗਿਆ।
ਤੀਜੇ ਦਿਨ ਵਾਅਦੇ ਅਨੁਸਾਰ ਕਾਕਾ ਚੂਹੜਚੱਕ ਪਹੁੰਚ ਗਿਆ। ਮੂੰਹ ਹਨ੍ਹੇਰਾ ਸੀ। ਮਾਮੇ ਦੇ ਘਰੋਂ ਸਰ੍ਹੋਂ ਦੇ ਸਾਗ ਦੀ ਮਹਿਕ ਆ ਰਹੀ ਸੀ। ਮਾਮੀ ਚੁਰ 'ਤੇ ਰੋਟੀਆਂ ਲਾਹ ਰਹੀ ਸੀ। ਚੁਰ ਦੇ ਅੱਗੇ ਗਗਨਦੀਪ ਬੈਠੀ ਕਪਾਹ ਦੀਆਂ ਛਿਟੀਆਂ ਡਾਹ ਰਹੀ ਸੀ। ਚੁਰ ਦੀ ਸੰਧੂਰੀ ਅੱਗ ਵਿਚ ਉਸ ਦਾ ਚਿਹਰਾ ਨਗ ਵਾਂਗ ਦਗ ਰਿਹਾ ਸੀ। ਕਾਕੇ ਦਾ ਦਿਲ ਡੋਲ ਗਿਆ। ਹੁਸਨ ਦੀ ਅੱਗ ਨੇ ਉਸ ਦਾ ਦਿਲ ਪਿਘਲਾ ਕੇ ਰੱਖ ਦਿੱਤਾ ਸੀ। ਇੱਕ ਪਲ ਉਸ ਨੂੰ ਸਮੁੱਚਾ ਸੰਘਰਸ਼ ਭੁੱਲ ਗਿਆ।
-"ਮਾਮੀ ਜੀ ਸਾਸਰੀਕਾਲ..!" ਵਰਾਂਡਾ ਲੰਘ ਕੇ ਕਾਕੇ ਨੇ ਕਿਹਾ। ਮਾਮੀ ਨੇ ਤੁਰੰਤ ਪਿੱਛੇ ਮੁੜ ਕੇ ਦੇਖਿਆ।
-"ਆ ਜਾਹ ਨਲੈਕੜਿਆ-ਸੇਕਾਂ ਤੇਰੇ ਪਾਸੇ ਟੁੱਟ ਪੈਣਿਆਂ...! ਦੀਪ...! ਦਰਵਾਜਾ ਬੰਦ ਕਰਕੇ ਆ।" ਮਾਮੀਂ ਨੇ ਗੁੱਝਾ ਕਿਹਾ ਤਾਂ ਗਗਨਦੀਪ ਸ਼ਰਮਾਉਂਦੀ ਦਰਵਾਜਾ ਬੰਦ ਕਰਨ ਚਲੀ ਗਈ।
-"ਮਾਮਾ ਜੀ ਕਿੱਥੇ ਐ?"
-"ਘੁੱਟ ਲਾਉਣ ਗਿਆ ਹੋਊ-।"
-"ਮਾਮਾ ਜੀ ਨੂੰ ਵੀ ਕਦੇ ਸੋਧਾ ਲਾਉਣਾ ਪਊ।"
-"ਵੇ ਹੋਰ ਤੂੰ ਕੀ ਕਰਨੈਂ? ਅਖੇ ਬਾਪੂ ਜੇ ਮੈਂ ਠਾਣੇਦਾਰ ਬਣ ਗਿਆ-ਪਹਿਲਾਂ ਤੇਰੇ ਚਿੱਤੜ ਕੁੱਟੂੰ।" ਮਾਮੀਂ ਦੀ ਗੱਲ ਸੁਣ ਕੇ ਕਾਕਾ ਦਬ ਗਿਆ। ਗਗਨਦੀਪ ਨੇ ਮੂੰਹ 'ਤੇ ਚੁੰਨੀ ਲੈ ਲਈ। ਉਹ ਦਿਲੋਂ ਭੂਆ ਨੂੰ ਬੇਸ਼ਰਮ ਗਰਦਾਨ ਰਹੀ ਸੀ।
-"ਬਹਿਜਾ...! ਮੁਤਰ ਮੁਤਰ ਕੀ ਝਾਕੀ ਜਾਨੈਂ? ਤੱਤੀ ਤੱਤੀ ਰੋਟੀ ਖਾ ਲੈ..!"
ਕਾਕਾ ਗਗਨਦੀਪ ਦੇ ਬਰਾਬਰ ਬੈਠ ਗਿਆ।

ਗਗਨਦੀਪ ਭੂਆ ਵੱਲ ਖਿਸਕ ਗਈ।
-"ਪਾ ਕੁੜੇ ਰੋਟੀ ਇਹਨੂੰ-ਬੈਠਾ ਆਨੇਂ ਜੇ ਕੱਢੀ ਜਾਂਦੈ।"
ਗਗਨਦੀਪ ਗੁੱਝੀ ਹੱਸ ਪਈ।
ਕਾਕੇ ਨੇ ਬੁੱਕਲ 'ਚ ਰੱਖੀ ਅਸਾਲਟ ਰਸੋਈ ਦੇ ਖੂੰਜੇ ਟਿਕਾ ਦਿੱਤੀ।
-"ਵੇ ਨਿੱਜ ਨੂੰ ਜਾਣਿਆਂ ਇਹ ਆਬਦਾ ਘੁੱਗੂ ਘੋੜਾ ਜਿਆ ਕਿਤੇ ਅੰਦਰ ਰੱਖ ਕੇ ਆ-ਮੈਨੂੰ ਤਾਂ ਇਹਦੇ ਤੋਂ ਡਰ ਲੱਗਦੈ-ਕਿਤੇ ਸਾਡੀ ਨਾ ਜਾਹ ਜਾਂਦੀ ਕਰਦੀਂ।"
ਕਾਕਾ ਹੱਸ ਪਿਆ।
-"ਮਾਮੀਂ ਜੀ, ਆਪਦੇ ਆਪ ਇਹ ਜਮਾਂ ਈ ਨਹੀਂ ਚੱਲਦੀ-ਬੇਫ਼ਿਕਰ ਰਹਿ।"
ਬਾਹਰੋਂ ਮਾਮਾ ਆ ਗਿਆ। ਅੰਦਰ ਆਉਣਸਾਰ ਉਸ ਨੇ ਦਰਵਾਜਾ ਬੰਦ ਕਰਕੇ ਅਰਲ ਚਾਹੜ੍ਹ ਦਿੱਤੀ। ਉਹ ਵਾਕਿਆ ਹੀ ਪੀ ਕੇ ਆਇਆ ਸੀ, ਜਿਸ ਕਰਕੇ ਸੁੱਕੇ ਖੰਘੂਰੇ ਜਿਹੇ ਮਾਰਦਾ ਸੀ।
-"ਖਾਈ ਜਾਨੈਂ ਰੋਟੀ?"
-"ਆਓ ਤੁਸੀਂ ਵੀ ਖਾਓ!"
-"ਨਹੀਂ ਮੈਂ ਅਜੇ ਲੋਟ ਜਿਆ ਨਹੀਂ ਹੋਇਆ।" ਉਸ ਨੇ ਡੱਬ ਵਿਚੋਂ ਅਧੀਆ ਕੱਢ ਕੇ ਕੰਧੋਲੀ 'ਤੇ ਰੱਖ ਦਿੱਤਾ।
-"ਐਹਥੋਂ ਪਾਣੀ ਤੇ ਗਿਲਾਸ ਫੜਾਈਂ ਕੇਰਾਂ-ਇਹ ਲੋਕਾਂ ਨੂੰ ਸੂਤ ਕਰਦੇ ਐ-ਮੈਂ ਅੱਜ ਇਹਦੇ ਵਲ਼ ਕੱਢਣੇਂ ਐਂ-ਤੱਕਲ਼ਾ ਬਣਾਉਣੈਂ ਤੱਕਲ਼ਾ ਅੱਜ ਮੈਂ।" ਮਾਮੇ ਨੇ ਆਖਿਆ।
ਸਾਰੇ ਹੱਸ ਪਏ।
ਮਾਮੇ ਦਾ ਘਰ ਖੇਤ ਵਿਚ ਪਾਇਆ ਹੋਣ ਕਰਕੇ ਇੱਥੇ ਕਿਸੇ ਗੁਆਂਢੀ ਜਾਂ ਕਿਸੇ ਓਪਰੇ ਆਦਮੀ ਦਾ ਡਰ ਨਹੀਂ ਸੀ। ਖੁੱਲ੍ਹੀ ਖੇਡ ਸੀ। ਪੱਕੀ ਸੜਕ ਤੋਂ ਥੋੜਾ ਹਟ ਕੇ ਪਾਇਆ ਘਰ ਚੂਹੜਚੱਕ ਤੋਂ ਤਕਰੀਬਨ ਇੱਕ ਕਿਲੋਮੀਟਰ ਦੂਰ ਸੀ।
ਸਾਰੇ ਰੋਟੀਆਂ ਖਾ ਕੇ ਵਿਹਲੇ ਹੋ ਗਏ।
ਰੋਟੀ ਖਾ ਕੇ ਮਾਮੀਂ ਨੇ ਦੁੱਧ ਨੂੰ ਜਾਗ ਲਾਇਆ ਅਤੇ ਮੰਜੇ ਵਿਛਾਅ ਦਿੱਤੇ।
-"ਮਾਮਾ ਜਗਜੀਤ ਹੋਰੀਂ-?"
-"ਲੁੱਦੇਆਣੇਂ ਕਾਲਜ 'ਚ ਪੜ੍ਹਦੇ ਐ-ਉਥੇ ਈ ਹੋਸ਼ਟਲ 'ਚ ਰਹਿੰਦੇ ਐ-ਹਫ਼ਤੇ ਬੀਹਾਂ ਦਿਨਾਂ ਬਾਅਦ ਦੋਨੋਂ ਗੇੜਾ ਮਾਰ ਜਾਂਦੇ ਐ।"
-"ਚਲੋ-!"
-"ਮੈਨੂੰ ਤਾਂ ਆਉਂਦੀ ਐ ਨੀਂਦ-ਤੇ ਤੂੰ ਕੁੜੀ ਨਾਲ ਗੱਲਾਂ ਬਾਤਾਂ ਕਰ-ਤੇਰੀ ਮਾਮੀਂ ਨੂੰ ਸਾਰਾ ਪਤੈ-ਚੁਬਾਰਾ ਵਿਹਲਾ ਪਿਐ-ਜਾਹ ਭੱਜ ਜਾਹ, ਦੇਬੋ....!"
ਮਾਮੀਂ ਅੰਦਰ ਆ ਗਈ।
-"ਚੁਬਾਰਾ ਖੁੱਲ੍ਹਾ ਈ ਐ?"
-"ਆਹੋ-।"
-"ਦੀਪ ਨੂੰ ਕਹਿ ਉਪਰ ਜਾ ਵੜੂਗੀ।"
ਮਾਮੀ ਨੇ ਗਗਨਦੀਪ ਨੂੰ ਚੁਬਾਰੇ ਚਾੜ੍ਹ ਦਿੱਤਾ।
ਕਾਕਾ ਵੀ ਚਲਾ ਗਿਆ।
ਕਾਕੇ ਨੇ ਅਜੇ ਚੁਬਾਰੇ ਦਾ ਦਰਵਾਜਾ ਭੇੜਿਆ ਹੀ ਸੀ ਕਿ ਜਜ਼ਬਾਤਾਂ ਵਿਚ ਰੁੜ੍ਹੀ ਕੁੜੀ ਨੇ ਹਾਣੀ-ਮਹਿਰਮ ਨੂੰ ਗਲ਼ਵਕੜੀ ਪਾ ਲਈ। ਉਹ ਕਾਕੇ ਦੇ ਗਲ਼ ਹਾਰ ਵਾਂਗ ਲਟਕ ਗਈ ਸੀ। ਚਾਹੇ ਉਹ ਕਦੀ ਬਹੁਤਾ ਮਿਲੇ ਨਹੀਂ ਸਨ। ਪਰ ਸਧਰਾਂ ਦੇ ਫੁੱਲ ਖਿੜਦੇ-ਖਿੜਦੇ ਜੋਬਨ 'ਤੇ ਆ, ਫੁੱਲਵਾੜੀ ਬਣ ਗਏ ਸਨ। ਦੋਨੋਂ ਮਦਹੋਸ਼, ਇੱਕ-ਮਿੱਕ ਹੋਏ ਖੜ੍ਹੇ ਸਨ। ਦੋਨਾਂ ਲਈ ਇਹ ਗਲਵਕੜੀ ਕਿਸੇ ਸਵਰਗੀ ਝੂਟੇ ਨਾਲੋਂ ਘੱਟ ਨਹੀਂ ਸੀ।
ਕਾਫ਼ੀ ਦੇਰ ਬਾਅਦ ਗਲਵਕੜੀ ਖੁੱਲ੍ਹੀ। ਸ਼ਾਇਦ ਕਿਸੇ ਨੂੰ ਗਲਵਕੜੀ ਛੱਡਣ ਦਾ ਚੇਤਾ ਹੀ ਨਹੀਂ ਰਿਹਾ ਸੀ। ਫਿਰ ਉਹ ਬੇਸੁਰਤਾਂ ਵਾਂਗ ਪਲੰਘ 'ਤੇ ਇੱਕ ਤਰ੍ਹਾਂ ਨਾਲ ਡਿੱਗ ਹੀ ਪਏ। ਗਗਨਦੀਪ ਦੀਆਂ ਅੱਖਾਂ ਲਾਲ ਰੱਤੀਆਂ ਸਨ। ਜਿਵੇਂ ਸੂਰਜ ਦੀ ਲਾਲੀ ਉਸ ਦੀਆਂ ਅੱਖਾਂ ਵਿਚ ਉੱਤਰ ਆਈ ਸੀ। ਉਹ ਕਿਸੇ ਗ਼ੈਬੀ ਵਹਿਣ ਵਿਚ ਵਹਿੰਦੀ ਭਾਰੇ-ਭਾਰੇ ਸਾਹ ਲੈ ਰਹੀ ਸੀ। ਉਸ ਦਾ ਦਿਲ ਭਾਰੀ ਸੀਨਿਆਂ ਵਿਚ "ਫ਼ੜ੍ਹੱਕ-ਫ਼ੜ੍ਹੱਕ" ਵੱਜ ਰਿਹਾ ਸੀ। ਸਿਰੋਂ ਉਸ ਦੀ ਚੁੰਨੀ ਲਹਿ ਕੇ ਹੇਠਾਂ ਡਿੱਗ ਪਈ ਸੀ ਅਤੇ ਮੱਥੇ 'ਤੇ ਮੁੜ੍ਹਕੇ ਦੇ ਕਣ ਮਣਕਿਆਂ ਵਾਂਗ ਚਮਕ ਰਹੇ ਸਨ। ਕਾਲੀਆਂ ਘਟਾਵਾਂ ਵਰਗੇ ਕੇਸ ਮੱਥੇ ਦੇ ਪਸੀਨੇ ਨਾਲ ਭਿੱਜ ਚਿਪਕ ਗਏ ਸਨ। ਉਸ ਦਾ ਹੁਸੀਨ ਚਿਹਰਾ ਹੋਰ ਵੀ ਕਾਲ਼ਜਾ ਕੱਢਣ ਲੱਗ ਪਿਆ ਸੀ। ਕਾਕਾ ਰੱਬ ਦੀ ਇਸ ਘੜੀ ਮੂਰਤ ਨੂੰ ਗਹੁ ਨਾਲ ਤੱਕ ਰਿਹਾ ਸੀ। ਉਸ ਦੀ ਪਿਆਸ ਨਹੀਂ ਮਿਟ ਰਹੀ ਸੀ।
-"ਦੀਪ...!" ਕਾਫ਼ੀ ਦੇਰ ਬਾਅਦ ਕਾਕੇ ਨੇ ਚੁੱਪ ਤੋੜੀ।
-"ਜੀ...?" ਉਹ ਕਿਸੇ ਸੁਪਨੇ ਵਿਚੋਂ ਪਰਤੀ।
-"ਬੀ. ਏ. ਤਾਂ ਤੂੰ ਕਰ ਈ ਲਈ ਐ-ਅਜੇ ਹੋਰ ਕਿੰਨਾ ਕੁ ਪੜ੍ਹਨ ਦਾ ਇਰਾਦੈ?"
-"ਮੇਰੇ ਇਰਾਦੇ ਦੇ ਹੋਣ ਜਾਂ ਨਾ ਹੋਣ ਨਾਲ ਕੀ ਫ਼ਰਕ ਪੈਂਦੈ?"
-"ਮਤਲਬ?"
-"ਬਾਪੂ ਜੀ ਤਾਂ ਕੁਛ ਨਹੀਂ ਆਖਦੇ ਪਰ ਬੇਜੀ ਨਹੀਂ ਮੰਨਦੇ।"

ਉਹਨਾਂ ਫੁੱਟਕਲ ਗੱਲਾਂ ਸੁਰੂ ਕਰ ਦਿੱਤੀਆਂ ਸਨ ਕਿ ਹੇਠੋਂ ਖੰਘਦੀ ਮਾਮੀਂ ਉਪਰ ਆ ਗਈ। ਗਗਨਦੀਪ ਅਤੇ ਕਾਕਾ ਸੰਭਲ ਚੁੱਕੇ ਸਨ। ਗਗਨਦੀਪ ਨੇ ਚੁੰਨੀ ਸਿਰ 'ਤੇ ਲੈ ਲਈ ਸੀ ਅਤੇ ਜੁਆਨ ਛਾਤੀਆਂ ਢਕ ਲਈਆਂ ਸਨ।
-"ਵੇ ਤੂੰ ਸਿਰੇ ਲਾਈ ਕੋਈ ਗੱਲ ਕਿ ਨਹੀਂ ਮਰਾਸੀਆ? ਜਾਂ ਸਾਨੂੰ ਮਾਰ ਮਾਰ ਲੂੱਲੇ ਉਤਲੇ ਗੇੜੇ ਈ ਲਈ ਫਿਰੇਂਗਾ?"
-"ਮਾਮੀਂ ਜੀ ਗੱਲ ਸਿਰੇ ਲਾਉਣ ਨੂੰ ਕੀ ਐ? ਤੁਸੀਂ ਹਾਂ ਕਹੋ ਮੈਂ ਇਉਂ ਈ ਨਾਲ ਲੈ ਜਾਨੈਂ-ਹਿੰਗ ਲੱਗੇ ਨਾ ਫਟਕੜੀ-ਬੱਸ ਥੋਡੀ ਤੇ ਦੀਪ ਦੀ ਹਾਂ ਹੋਣੀ ਚਾਹੀਦੀ ਐ।"
-"ਇਹ ਤਾਂ ਦੋਵੇਂ ਹੱਥ ਜੋੜ ਕੇ ਜਾਊ-ਜਾਹ ਲੈ ਜਾਹ! ਇਹ ਤਾਂ ਓਸ ਗੱਲ ਦੇ ਆਖਣ ਮਾਂਗੂੰ ਕਦੋਂ ਦੀ ਰੱਸੇ ਤੁੜਾਉਂਦੀ ਐ।"
-"ਤੇ ਪਿਛਲਿਆਂ ਨੂੰ ਕੀ ਉੱਤਰ ਦਿਉਂਗੇ?"
-"ਇਹ ਮੇਰੀ ਸਿਰਦਰਦੀ ਐ-ਤੂੰ ਲਿਜਾਣ ਆਲਾ ਬਣ।"
ਕਾਕਾ ਗੰਭੀਰ ਹੋ ਗਿਆ।
-"ਮਾਮੀਂ ਜੀ ਲਿਜਾਣ ਨੂੰ ਤਾਂ ਬਥੇਰ੍ਹਾ ਦਿਲ ਕਰਦੈ-।"
-"ਤੇ ਹੋਰ ਕੀ ਗੋਲੀ ਵੱਜਗੀ-ਕੀ ਕੱਚ ਐ?"
-"ਮਾਮੀਂ ਜੀ ਜਿਹੜੀ ਮੋਰੀ ਮੈਂ ਤੁਰ ਪਿਐਂ-ਉਹ ਮਗਰੋਂ ਬੰਦ ਹੁੰਦੀ ਆਉਂਦੀ ਐ ਤੇ ਮੂਹਰੇ ਐ ਗੋਲ਼ੀ।"
-"ਵੇ ਕੁਛ ਨਹੀਂ ਹੁੰਦਾ-ਰੱਬ ਰੱਬ ਕਰੀਏ!"
-"ਮੈਂ ਤੁਹਾਡੇ ਨਾਲ ਸ਼ਹੀਦ ਹੋਣ ਨੂੰ ਤਿਆਰ ਹਾਂ-ਪਰ ਮੈਂ ਹੋਰ ਕਿਸੇ ਨਾਲ ਆਨੰਦ ਕਾਰਜ ਨਹੀਂ ਕਰਵਾ ਸਕਦੀ-ਦਸਮ ਪਿਤਾ ਦੀ ਕਸਮ ਖਾ ਕੇ ਆਖਦੀ ਹਾਂ ਕਦੇ ਪਿੱਛਾ ਨਹੀਂ ਦਿਆਂਗੀ-ਮੈਂ ਤੁਹਾਨੂੰ ਆਪਣਾ ਸਭ ਕੁਛ ਮੰਨ ਚੁੱਕੀ ਹਾਂ-ਹੁਣ ਪਲੀਜ਼ ਠੋਹਕਰ ਨਾ ਮਾਰੋ-!" ਕੁੜੀ ਅੱਖਾਂ ਭਰ ਆਈ। ਕਾਕੇ ਦਾ ਮਨ ਪਸੀਜ ਗਿਆ। ਮਾਮੀਂ ਕੋਲ ਝੂਠੀ ਜਿਹੀ ਹੋਈ ਬੈਠੀ ਸੀ।
-"ਦੀਪ...! ਮੂਵਮੈਂਟਾਂ ਵਿਚ ਜਜ਼ਬਾਤ ਕੁਝ ਵੀ ਅਰਥ ਨਹੀਂ ਰੱਖਦੇ।"
-"ਮੈਂ ਕਦੋਂ ਕਹਿੰਨੀ ਆਂ ਕਿ ਅਰਥ ਰੱਖਦੇ ਐ? ਮੈਂ ਤਾਂ ਤੁਹਾਡੇ ਬਰਾਬਰ ਖੜ੍ਹਕੇ ਦੁਸ਼ਮਣ ਨਾਲ ਲੋਹਾ ਲੈਣ ਲਈ ਆਪਣੇ ਆਪ ਨੂੰ ਤਿਆਰ ਕਰੀ ਬੈਠੀ ਹਾਂ-ਅੱਠਵੀਂ ਤੋਂ ਲੈ ਕੇ ਗਿਆਰਵੀਂ ਤੱਕ ਮੈਂ ਐੱਨ. ਸੀ. ਸੀ. ਮਤਲਬ ਨੈਸ਼ਨਲ ਕੈਡਿਟ ਕੈਂਪਸ ਵਿਚ ਹਿੱਸਾ ਲੈਂਦੀ ਆਈ ਆਂ-ਮੈਨੂੰ ਲੋੜੀਂਦੀ ਟਰੇਨਿੰਗ ਜ਼ਰੂਰ ਦੇਣਾ-ਗੁਰੂ ਮਹਾਰਾਜ ਕਿਰਪਾ ਕਰਨ ਇੱਕੀਆਂ ਦੀ 'ਕੱਤੀ 'ਕੱਲੀ ਪਾਵਾਂਗੀ-ਪੁਰਾਤਨ ਹੀ ਨਹੀਂ, ਅਜੋਕੇ ਸੰਘਰਸ਼ ਵਿਚ ਵੀ ਸਿੰਘਾਂ ਨੂੰ ਸਿੰਘਣੀਆਂ ਦੀ ਜ਼ਰੂਰਤ ਹੈ।"
ਕਾਕਾ ਅਡੋਲ ਗਗਨਦੀਪ ਦੇ ਵਿਚਾਰ ਸੁਣ ਕੇ ਨਿਰੁੱਤਰ ਹੋ ਗਿਆ।
-"ਹੁਣ ਬੋਲ ਵੱਡਿਆ ਭੜ੍ਹਾਕੂਆ-ਕਰਤਾ ਨਾ ਕੁੜੀ ਨੇ ਚਿੱਤ?" ਮਾਮੀਂ ਬੋਲੀ।
ਕਾਕਾ ਚੁੱਪ ਸੀ।
-"ਭੂਆ ਜੀ ਕੋਲ ਬੈਠੇ ਐ-ਮੈਂ ਤੁਹਾਨੂੰ ਸਿਰਫ਼ ਇੱਕ ਆਖਰੀ ਗੱਲ ਜ਼ਰੂਰ ਕਹਿਣੀ ਐਂ।" ਗਗਨਦੀਪ ਦੇ ਕਹਿਣ ਤੇ ਕਾਕੇ ਨੇ ਸਿਰ ਉਪਰ ਚੁੱਕਿਆ। ਅਗਲੀ ਗੱਲ ਲਈ ਕੰਨ ਖੋਲ੍ਹੇ।
-"ਬੋਲ?"
-"ਕਿਤੇ ਵੀ ਮੈਂ ਤੁਹਾਡੀ ਕਮਜ਼ੋਰੀ ਬਣਦੀ ਦਿਸਾਂ, ਤਾਂ ਨਿਸੰਗ ਗੋਲੀ ਨਾਲ ਉਡਾ ਦੇਇਓ-ਪਰ ਮੇਰੀ ਖ਼ਾਹਿਸ਼ ਤੁਹਾਡੇ ਨਾਲ ਸ਼ਹੀਦ ਹੋਣ ਦੀ ਹੈ-ਕਲਗੀਧਰ ਪਾਤਸ਼ਾਹ ਦੇ ਚਰਨਾਂ ਵਿਚ ਇਹ ਹੀ ਬੇਨਤੀ ਹੈ ਕਿ ਮੇਰੀ ਖ਼ਾਹਿਸ਼ ਪੂਰੀ ਕਰਨ।"
ਸੁਣ ਕੇ ਕਾਕਾ ਜਮਾਂ ਹੀ ਬੇਹੇ ਪਾਣੀ ਵਿਚ ਬੈਠ ਗਿਆ।
-"ਹੁਣ ਦੱਸ ਕੀ ਬਾਕੀ ਰਹਿ ਗਿਆ ਕੋਹੜ੍ਹੀਆ? ਮੂੰਹੋਂ ਤਾਂ ਫੁੱਟ, ਘੁੱਗੂ ਈ ਹੋ ਗਿਆ?" ਮਾਮੀਂ ਨੇ ਫੜ ਕੇ ਕਾਕੇ ਨੂੰ ਹਿਲਾਇਆ। ਉਹ ਕਿਸੇ ਸੋਚਾਂ ਦੇ ਸਾਗਰ 'ਚੋਂ ਮੁੜਿਆ।
-"ਪਰ ਮਾਮੀਂ ਜੀ ਮੈਨੂੰ ਆਪਣੀ ਜੱਥੇਬੰਦੀ ਨਾਲ ਵੀ ਸਲਾਹ ਕਰਨੀ ਪਊ।" ਉਸ ਨੇ ਵੱਡੀ ਸਮੱਸਿਆ ਦੱਸੀ।
-"ਵੇ ਤੂੰ ਮਾਰ ਗੋਲੀ ਜੱਥੇਬੰਦੀ ਨੂੰ-ਜੱਥੇਬੰਦੀ ਕਿਤੇ ਰੱਬ ਤਾਂ ਨਹੀਂ? ਬੰਦੇ ਈ ਉਹ ਐ-ਫੈਂਟਰ ਤੈਨੂੰ ਬਥੇਰੇ ਆਉਂਦੇ ਐ-ਮੈਨੂੰ ਪਤੈ ਤੂੰ ਆਪੇ ਸਾਰਾ ਕੁਛ ਠੀਕ ਕਰ ਲੈਣੈਂ-ਜੇ ਤੇਰੇ ਵੱਸੋਂ ਬਾਹਰ ਗੱਲ ਹੁੰਦੀ ਹੋਈ, ਦੀਪ ਨੂੰ ਅੱਗੇ ਕਰਦੀਂ -ਇਹਦਾ ਡਮਾਕ ਵਕੀਲਾਂ ਅਰਗੈ-ਆਪੇ ਸੰਭਾਲ ਲਊਗੀ।" ਮਾਮੀਂ ਨੇ ਕੋਕੇ ਜੜ ਦਿੱਤੇ।
ਕਾਕੇ ਨੂੰ ਭੱਜਣ ਦਾ ਰਾਹ ਨਹੀਂ ਲੱਭਦਾ ਸੀ। ਉਸ ਨੇ ਭੱਜਣ ਦੀ ਬਥੇਰੀ ਕੋਸ਼ਿਸ਼ ਕੀਤੀ। ਪਰ ਮਾਮੀਂ ਦੇ "ਡੰਡੇ" ਅਤੇ ਗਗਨਦੀਪ ਦੀਆਂ ਦਲੀਲਾਂ ਨੇ ਉਸ ਦੀਆਂ ਵਾਗਾਂ ਖਿੱਚੀ ਰੱਖੀਆਂ। ਉਹ ਇੱਕ ਤਰ੍ਹਾਂ ਨਾਲ ਨਿੱਸਲ ਹੋ ਗਿਆ ਸੀ।
-"ਪਰ ਮਾਮਾ ਜੀ ਨੂੰ ਤਾਂ ਪੁੱਛ ਲਈਏ-ਪਿੱਛੋਂ ਉਹ ਨਾ ਡਾਂਗ ਲਈ ਮਗਰ ਭੱਜਿਆ ਫਿਰੇ?" ਕਾਕੇ ਨੇ ਆਖਰੀ ਹਥਿਆਰ ਵੀ ਵਰਤ ਕੇ ਦੇਖਣਾ ਚਾਹਿਆ।
-"ਵੇ ਉਹ ਤਾਂ ਧੱਫੇ ਦਾ ਢੋਲ ਐ-ਜਿਵੇਂ ਮਰਜੀ ਐ ਵਜਾਈ ਚੱਲ-ਨਾਲੇ ਇਸ ਰਿਸ਼ਤੇ ਕਰਕੇ ਸਾਰਿਆਂ ਨਾਲੋਂ ਜਿਆਦਾ ਛਿੱਤਰ ਉਹਦੇ ਈ ਪਏ ਐ-ਜੇ ਤੂੰ ਇਹਨੂੰ ਨਾਲ ਲੈ ਗਿਆ-ਉਹ ਤਾਂ ਸੱਤ ਆਰੀ ਧਰਤੀ ਨਮਸਕਾਰੂ!"
-"ਪਰ ਦੀਪ ਦੇ ਪਾਪਾ ਜੀ ਤੇ ਬੀਜੀ ਕੀ ਕਹਿਣਗੇ?"
-"ਮੈਂ ਛਿੱਤਰਾਂ ਨਾਲ ਸਿਰ ਨਾ ਗੰਜਾ ਕਰਦੂੰ? ਹੈ ਕਮਲਾ! ਉਹ ਤਾਂ ਮੇਰੇ ਮੂਹਰੇ ਸਾਹ ਨਹੀਂ ਕੱਢਦੇ-ਤੂੰ ਬੋਲ ਬਾਖਰੂ ਤੇ ਇਹਨੂੰ ਨਾਲ ਲੈ ਜਾਹ-ਉਥੇ ਈ ਕਿਤੇ ਨੰਦ ਕਾਜ ਕਰ ਲਇਓ-ਵਸੋ ਰਸੋ ਬਾਕੀ ਮੇਰੇ 'ਤੇ ਛੱਡ ਦਿਓ!"
-"ਤੇ ਮੈਂ ਵੀ ਆਪਣੇ ਮਾਈ ਬਾਪ ਤੋਂ ਪੁੱਛ ਲਵਾਂ?"
-"ਵੇ ਤੂੰ ਬੰਦਾ ਐਂ ਕਿ ਕੀ ਐਂ ਹਰਾਮੀਆਂ? ਸਾਰੇ ਪੰਜਾਬ ਨੂੰ ਮੂਹਰੇ ਲਾਈ ਫਿਰਦੇ ਓਂ-ਐਨਾ ਕੰਮ ਨਹੀਂ ਕਰ ਸਕਦਾ? ਦੁਰ੍ਹ ਫਿੱਟੇ ਮੂੰਹ ਤੇਰੇ..! ਕੁੜੀ ਤੂੰ ਐਂ ਕਿ ਇਹੇ ਐ..? ਉਹ ਹਿੱਕ ਥਾਪੜੀ ਜਾਂਦੀ ਐ ਤੇ ਤੂੰ ਲੇਡੇ ਕਰੀ ਜਾਨੈਂ-ਵੇ ਵਾਹ ਵੇ ਤੇਰੇ ਮਾਰੇਂਗਾ ਸ਼ੇਰ! ਊਂਈਂ

ਬੈਠਾ ਈ ਨੀਕਰ ਲਬੇੜੀ ਜਾਂਦੈ-ਲਿਆ ਕੁੜ੍ਹੇ ਕੁੜੀਏ ਪਾਣੀ, ਮੈਂ ਇਹਦੇ ਹੱਥ ਧੋ ਦਿਆਂ-ਕੱਛ ਲਬੇੜ ਲਈ ਹੋਊ ਹੱਗ ਹੱਗ ਕੇ ਇਹਨੇ।"
ਗਗਨਦੀਪ ਹੱਸ ਪਈ।
ਕਾਕਾ ਛਿੱਥਾ ਪੈ ਗਿਆ।
-"ਪਰ ਮਾਮੀਂ ਜੀ ਜੇ ਮੈਨੂੰ ਜੱਥੇਬੰਦੀ ਆਲਿਆਂ ਨੇ ਜੱਥੇਬੰਦੀ 'ਚੋਂ ਕੱਢਤਾ ਫੇਰ?"
-"ਫੇਰ ਖਾਣ ਖਸਮਾਂ ਨੂੰ-ਤੂੰ ਅੱਖਾਂ ਮੀਚ ਕੇ ਐਥੇ ਆਜੀਂ-ਆਪਣੇ ਘਰੇ ਕਿਤੇ ਕੁਛ ਹੈਨੀ? ਕੀ ਗੱਲਾਂ ਕਰੀ ਜਾਂਦੈ ਜੁਆਕਾਂ ਆਲੀਆਂ-ਵੇ ਕਿਤੇ ਰਾਤ ਨੂੰ ਅੱਧੀ ਰਾਤੋਂ ਉੱਠ ਕੇ ਰੋਣ ਤਾਂ ਨਹੀਂ ਲੱਗ ਜਾਂਦਾ-ਬੇਬੇ ਦੁੱਧੂ ਮੀਨਾ ਐਂ?" ਮਾਮੀ ਨੇ ਟਿੱਚਰ ਕੀਤੀ।
ਗਗਨਦੀਪ ਦਾ ਹਾਸਾ ਨਿਕਲ ਗਿਆ।
ਕਾਕੇ ਦੀ ਤਹਿ ਲੱਗ ਗਈ। ਗਗਨਦੀਪ ਨੂੰ ਲਿਜਾਣ ਤੋਂ ਬਿਨਾ ਉਸ ਅੱਗੇ ਕੋਈ ਰਾਹ ਨਹੀਂ ਰਹਿ ਗਿਆ ਸੀ। ਉਸ ਨੇ ਬਥੇਰੇ ਹੱਥ ਪੈਰ ਮਾਰੇ ਸਨ, ਪਰ ਸਾਰੇ ਹੀ ਬੇ-ਅਰਥ ਰਹੇ!
ਤੜਕੇ ਪੰਜ ਵਜੇ ਉਹ ਗਗਨਦੀਪ ਨੂੰ ਨਾਲ ਲੈ ਕੇ ਤੁਰ ਪਿਆ। ਮਾਮੇ ਅਤੇ ਮਾਮੀਂ ਨੇ ਉਹਨਾਂ ਨੂੰ ਸ਼ਗਨ ਦਿੱਤਾ ਸੀ। ਆਨੰਦ ਕਾਰਜ ਕਰਵਾਉਣ ਬਾਰੇ ਮਾਮੀਂ ਨੇ ਫਿਰ ਕਿਹਾ ਸੀ। ਮਾਮਾ, ਮਾਮੀਂ ਅਤੇ ਗਗਨਦੀਪ ਖੁਸ਼ ਸਨ, ਪਰ ਕਾਕਾ ਦੁਬਿਧਾ ਵਿਚ ਫ਼ਸਿਆ ਹੋਇਆ ਸੀ। ਉਹ ਜੱਥੇਬੰਦੀ ਵੱਲੋਂ ਪੁੱਛੇ ਜਾਣ ਵਾਲੇ ਸੁਆਲਾਂ ਬਾਰੇ ਸੋਚ ਰਿਹਾ ਸੀ। ਉਸ ਨੇ ਬਗੈਰ ਪੁੱਛੇ ਇਹ ਕਦਮ ਚੁੱਕਿਆ ਸੀ। ਮੇਰੇ ਮੂੰਹ ਨਾਲ ਉਹ ਕੀ ਕਰਨਗੇ? ਮੈਂ ਕਾਹਨੂੰ ਮਾਮੇ ਦੇ ਆਖੇ ਲੱਗ ਕੇ ਇੱਧਰ ਆਇਆ? ਨਾ ਸੈਹਾ ਨਿਕਲਦਾ ਨਾ ਕੁੱਤੀ ਭੌਂਕਦੀ। ਖ਼ੈਰ ਕਾਕਿਆ ਹੁਣ ਜੇ ਤੂੰ ਇਹਨੂੰ ਜੀਵਨ ਸਾਥਣ ਬਣਾ ਕੇ ਲੈ ਹੀ ਤੁਰਿਐਂ ਤਾਂ ਸਿਰ ਨਾਲ ਨਿਭਾਈਂ! ਕਹਿ ਕਰਕੇ ਮੈਦਾਨੋਂ ਨੱਠਣਾ ਸੂਰਮੇਂ ਦਾ ਕੰਮ ਨਹੀਂ! ਜੋ ਹੋਊ ਦੇਖੀ ਜਾਊ! ਸੋਚਾਂ ਦੇ ਵਾਹਣਾਂ ਵਿਚ ਡਿੱਗਦਾ-ਢਹਿੰਦਾ ਉਹ ਆਪਣੇ ਟਿਕਾਣੇ ਪਹੁੰਚ ਗਿਆ ਸੀ।
ਰਲ ਮਿਲ ਕੇ ਸਾਥੀਆਂ ਨੇ ਗਗਨਦੀਪ ਅਤੇ ਕਾਕੇ ਦਾ ਆਨੰਦ ਕਾਰਜ ਰਚਾ ਦਿੱਤਾ। ਸਾਰੇ ਖੁਸ਼ ਸਨ।
ਪਰ ਜੈਲਦਾਰ ਪੈਰਾਂ ਹੇਠੋਂ ਮਿੱਟੀ ਕੱਢਣ ਲੱਗ ਪਿਆ।
-"ਜੱਟ ਜੱਟਾਂ ਦੇ ਤੇ ਫੋਗੂ ਨਰਾਇਣ ਦਾ-ਇਹਦਾ ਨੰਦ ਕਾਜ ਤਾਂ ਕਰਤਾ-ਮੇਰੇ ਤੇ ਸੀਬੋ ਵੇਲੇ ਥੋਨੂੰ ਕਿਉਂ ਪਲੇਗ ਪੈ ਜਾਂਦੀ ਐ?" ਉਸ ਨੇ ਆਪਣੀ ਜੱਥੇਬੰਦੀ ਦੇ ਮੁਖੀ ਨੂੰ ਕਿਹਾ।
-"ਜੈਲਦਾਰਾ ਆਪਣੇ ਅੱਗੇ ਕੋਈ ਰਾਹ ਨਹੀਂ ਸੀ-ਜਦੋਂ ਉਹ ਕੁੜੀ ਨੂੰ ਲੈ ਈ ਆਇਆ-।"
-"ਕੁੜੀ ਨੂੰ ਲਿਆਉਣ ਦਾ ਕੀ ਐ? ਮੈਂ ਸੀਬੋ ਨੂੰ ਕੱਲ੍ਹ ਨੂੰ ਈ ਲੈ ਆਉਨੈਂ-ਨਾਲੇ ਛਾਲ਼ੀਂ ਆਊ।"
-"ਆਪਾਂ ਬੰਬ ਹੋਰਾਂ ਨਾਲ ਰੈਅ ਕਰਦੇ ਐਂ-ਜਿਵੇਂ ਕਹਿਣਗੇ ਕਰਲਾਂਗੇ।"
-"ਮੇਰੇ ਬਾਰੇ ਰੈਅ ਦੀ ਲੋੜ ਕਿਉਂ ਪੈਂਦੀ ਐ? ਕਾਕੇ ਬਾਰੇ ਕਿਉਂ ਨਹੀਂ ਪਈ?"
-"ਉਏ ਬਾਬਾ ਗੁਰੂ ਉਹ ਤਾਂ ਪਾਣੀ ਸਿਰ ਤੋਂ ਦੀ ਲੰਘ ਗਿਆ ਸੀ-ਸਾਰੀ ਜੱਥੇਬੰਦੀ ਦੀ ਇੱਜ਼ਤ ਦਾ ਸੁਆਲ ਸੀ।"
-"ਜਿਹੜਾ ਕੋਈ ਪੁੱਛ ਕੇ ਨਹੀਂ ਕੁਛ ਕਰਦਾ-ਉਹਦੇ ਵਾਰੀ ਇੱਜਤ ਦਾ ਸੁਆਲ ਐ-ਤੇ ਜਿਹੜਾ-।"
-"ਤੂੰ ਦੋ ਚਾਰ ਦਿਨ ਵੀ ਜਰੈਂਦ ਨਹੀਂ ਕਰ ਸਕਦਾ?"
-"ਨਹੀਂ ਕਰ ਸਕਦਾ-ਆਹ ਪਈ ਐ ਥੋਡੀ ਏ. ਕੇ. ਸੰਤਾਲੀ ਤੇ ਆਹ ਪਏ ਐ ਰੌਂਦ-ਤੇ ਮੇਰਾ ਪਾਰਟੀ ਨੂੰ ਅਸਤੀਫਾ ਐ।"
ਸਾਰਿਆਂ ਦੇ ਔਸਾਣ ਮਾਰੇ ਗਏ। ਦਿਲਰਾਜ, ਬਲਿਹਾਰ ਅਤੇ ਬਾਲੀ ਹੋਰੀਂ ਅਤੀਅੰਤ ਦੁਖੀ ਸਨ। ਪ੍ਰੀਤਮ ਸਿੰਘ ਜੈਲਦਾਰ, ਇੱਕ ਸਿਰਲੱਥ ਯੋਧਾ ਉਹਨਾਂ ਦਾ ਸਾਥ ਛੱਡ ਰਿਹਾ ਸੀ। ਚਾਹੇ ਉਹ ਕਿੰਨਾ ਵੀ ਗਾਲੀ ਗਲੋਚ ਕਰਦੇ ਸਨ, ਚਾਹੇ ਕਿਤਨਾ ਵੀ ਲੱਤੋ-ਲੱਤੀ ਹੁੰਦੇ ਸਨ, ਪਰ ਆਪਣੀ ਆਪਣੀ ਜੱਥੇਬੰਦੀ ਦੀਆਂ ਜ਼ਿੰਮੇਵਾਰੀਆਂ ਪ੍ਰਤੀ ਪੂਰੇ ਸੁਚੇਤ ਸਨ।
-"ਜਿਵੇਂ ਕਹਿੰਦੈ ਕਰ ਲਓ-ਇਹਦੇ ਵਿਆਹ ਕਰਵਾਉਣ ਨਾਲ ਕਿਹੜਾ ਪਰਲੋਂ ਆ ਜਾਊ ਯਾਰ?" ਬਲਿਹਾਰ ਕਿਸੇ ਹਾਲਤ ਵਿਚ ਵੀ ਜੈਲਦਾਰ ਨੂੰ ਗੁਆਉਣਾ ਨਹੀਂ ਚਾਹੁੰਦਾ ਸੀ।
-"ਪਰ ਬਾਕੀ ਜੱਥੇਬੰਦੀਆਂ ਨਾਲ ਸਲਾਹ ਤਾਂ ਕਰਨੀ ਪਊ।"
-"ਆਪੇ ਵਿਚ ਘੈਂਸ ਘੈਂਸ ਹੁੰਦੀ ਫਿਰੂ-ਪਿੱਛੋਂ ਸਾਂਭ ਲਾਂਗੇ।"
-"ਤੂੰ ਜੈਲਦਾਰਾ ਫਿਰ ਇਉਂ ਕਰ-ਤੂੰ ਆਪ ਨਾ ਜਾਹ-ਸੀਬੋ ਨੂੰ ਸੁਨੇਹਾਂ ਦੇ ਕੇ ਐਧਰ ਮੰਗਵਾ ਲੈ-ਉਧਰਲੇ ਇਲਾਕੇ 'ਚ ਤੇਰੇ ਮਗਰ ਕੌਡੀਆਂ ਆਲਾ ਭੂਸਰਿਆ ਫਿਰਦੈ।" ਲੈਫਟੀਨੈਂਟ ਜਨਰਲ ਨੇ ਕਿਹਾ। ਜੈਲਦਾਰ ਮੰਨ ਗਿਆ।
ਸਾਰੇ ਸੰਤੁਸ਼ਟ ਹੋ ਗਏ।
ਰਾਤ ਹੋ ਚੁੱਕੀ ਸੀ।
ਕਾਕਾ ਅਤੇ ਗਗਨਦੀਪ ਰੇਸ਼ਮ ਸਿੰਘ ਬੰਬ ਅਤੇ ਗੁਰਪਾਲ ਹੁਰਾਂ ਨੂੰ ਮਿਲਣ ਜਾਂ ਕਹੋ ਆਸ਼ੀਰਵਾਦ ਲੈਣ ਚਲੇ ਗਏ।
ਬਾਲੀ, ਜੈਲਦਾਰ, ਬਲਿਹਾਰ ਅਤੇ ਦਿਲਰਾਜ ਇਕ ਫ਼ਾਰਮ ਹਾਊਸ 'ਤੇ ਪਏ ਗੱਲਾਂ ਕਰ ਰਹੇ ਸਨ।
-"ਯਾਰ ਮੇਰੇ ਤਾਂ ਦੋ ਗੱਲਾਂ ਦਿਲ 'ਚ ਈ ਰਹਿ ਗਈਆਂ।" ਬਲਿਹਾਰ ਬੋਲਿਆ।
-"ਕਿਤੇ ਹੁਣ ਤੈਨੂੰ ਤਾਂ ਨਹੀਂ ਵਿਆਹ ਆਲਾ ਹੀਂਗਣਾਂ ਛੁੱਟ ਪਿਆ?" ਬਾਲੀ ਨੇ ਕਿਹਾ।
-"ਉਏ ਨਹੀਂ....।" ਉਹ ਹੱਸ ਪਿਆ, "ਮੈਂ ਤਾਂ ਜੈਲਦਾਰ ਆਲੀ ਸੀਬੋ ਨਾਲ ਈ ਡੰਗ ਲਾਹ ਲਿਆ ਕਰੂੰ।"
ਜੈਲਦਾਰ ਨੇ ਜੁੱਤੀ ਚੁੱਕ ਕੇ ਉਸ ਦੇ ਸਿਰ 'ਚ ਦੇ ਮਾਰੀ।
-"ਸਾਲਿਆ ਸੀਬੋ ਕੁੱਤਿਆਂ ਬਿੱਲਿਆਂ ਆਸਤੇ ਐ? ਉਹ ਤਾਂ ਤੇਰੇ ਅਰਗੇ ਦੇ ਮੂੰਹ 'ਤੇ ਮੂਤਦੀ ਨ੍ਹੀਂ-ਪੂਰੀ ਨਖਰੇ ਆਲੀ ਸਰਦਾਰਨੀ ਐਂ।"
-"ਬੱਲੇ....!"
-"ਜਦੋਂ ਖਾਲਿਸਤਾਨ ਬਣ ਗਿਆ-ਮੈਂ ਤਾਂ ਆਬਦੀ ਸੀਬੋ ਨੂੰ ਇੰਸਪੈੱਕਟਰਨੀ ਬਣਾਊਂਗਾ-ਫੇਰ ਤੇਰੇ ਅਰਗਿਆਂ ਦੇ ਸੇਕਿਆ ਕਰੂ ਪੁੜੇ।"

ਜੈਲਦਾਰ ਦੇ ਕਹਿਣ 'ਤੇ ਸਾਰੇ ਵਿਅੰਗਮਈ ਹੱਸ ਪਏ।
-''ਤੇਰੀ ਗੱਲ ਵਿੱਚੇ ਈ ਰਹਿ ਗਈ?'' ਦਿਲਰਾਜ ਨੇ ਬਲਿਹਾਰ ਨੂੰ ਯਾਦ ਕਰਵਾਇਆ।
-''ਯਾਰ ਮੇਰੀਆਂ ਦੋ ਖ਼ਾਹਿਸ਼ਾਂ ਪੂਰੀਆਂ ਨਹੀਂ ਹੋਈਆਂ।''
-''ਕਿਹੜੀਆਂ?''
-''ਇੱਕ ਤਾਂ ਕਿਸੇ ਦੀ ਜੰਨ ਨਹੀਂ ਦੇਖੀ ਤੇ ਦੂਜਾ ਕੌਡੀਆਂ ਆਲ਼ਾ ਨਹੀਂ ਸੋਧਿਆ ਗਿਆ।''
-''ਇਹ ਤਾਂ ਕੰਜਰ ਵਿਆਹ ਕਰਨ ਤੁਰਪੇ-ਕੌਡੀਆਂ ਆਲੇ ਨੂੰ ਕੌਣ ਸੋਧੂ-ਬਾਬਾ ਬਖਤੌਰਾ?''
-''ਉਏ ਪੈਜੋ ਹੁਣ ਤੁਸੀਂ-ਫੇਰ ਪਹਿਰਾ ਬਦਲੀ ਵੇਲੇ ਕਿਸੇ ਕੰਜਰ ਨੇ ਉਠਣਾ ਨਹੀਂ।'' ਛੱਤ ਉਪਰ ਪਹਿਰਾ ਦੇ ਰਹੇ 'ਮਾਸਟਰ' ਨੇ ਕਿਹਾ। ਮਾਸਟਰ ਦਾ ਨਾਂ ਅਸਲ ਵਿਚ ਕੁਲਵੰਤ ਸਿੰਘ ਸੀ। ਪਰ ਪਹਿਲਾਂ ਅਧਿਆਪਕ ਰਿਹਾ ਹੋਣ ਕਰਕੇ ਸਾਰੇ ਉਸ ਨੂੰ ''ਮਾਸਟਰ ਜੀ'' ਆਖਦੇ ਸਨ।
-''ਅਸੀਂ ਤਾਂ ਉਠ ਖੜਾਂਗੇ ਮਾਸਟਰ ਜੀ-ਪਰ ਥੋਨੂੰ ਜਰੂਰ ਕਰੇਨ ਨਾਲ ਉਠਾਉਣਾ ਪਊ।'' ਜੈਲਦਾਰ ਨੇ ਕਿਹਾ।
ਮਾਸਟਰ ਜੀ ਦੀ ਨੀਂਦ ਬੜੀ ਭੈੜੀ ਸੀ। ਕਦੇ ਕਦੇ ਉਹ ਮੀਟਿੰਗ ਵਿਚ ਬੈਠਾ ਹੀ ਘੁਰਾੜ੍ਹੇ ਮਾਰਨ ਲੱਗ ਪੈਂਦਾ ਸੀ।
ਮਧਰੇ ਕੱਦ ਵਾਲੇ ਮਾਸਟਰ ਦਾ ਢਿੱਡ ਕਸੇ ਮਛਕ ਵਾਂਗ ਭਰਦਾ ਅਤੇ ਕਦੇ ਖਾਲੀ ਹੁੰਦਾ ਰਹਿੰਦਾ ਸੀ। ਕੋਈ ਉਸ ਕੋਲ ਪੈ ਕੇ ਖੁਸ਼ ਨਹੀਂ ਸੀ। ਉਸ ਦਾ ਸਾਥੀ ਚਰਨਜੀਤ ਖ਼ਾਲਸਾ ਕਦੇ ਕਦੇ ਉਸ ਦੇ ਘੁਰਾੜਿਆਂ ਤੋਂ ਅੱਕ ਕੇ ਆਖਦਾ:
-''ਸੁੱਤੇ ਪਏ ਮਾਸਟਰ ਦੇ ਨੱਕ ਕੋਲ ਚਮਚਾ ਰੱਖ ਦਿਓ-ਇਹ ਘੁਰਾੜਾ ਮਾਰਦਾ ਚਮਚਾ ਕਿਉਂ ਨਾ ਨੱਕ ਰਾਹੀਂ ਅੰਦਰ ਖਿੱਚ ਲਵੇ!'' ਹਾਸੜ ਪੈ ਜਾਂਦੀ।
ਤੜਕੇ ਪਹੁ ਫੁਟਾਲੇ ਨਾਲ ਹੀ ਗੋਲੀਆਂ ਚੱਲੀਆਂ ਤਾਂ ਪਹਿਰਾ ਦੇ ਰਿਹਾ ਮਾਸਟਰ ਕੋਠੇ ਤੋਂ ਇੱਟ ਵਾਂਗ ਥੱਲੇ ਡਿੱਗਿਆ।
ਹੇਠਾਂ ਡਿੱਗਦਾ ਹੀ ਮਾਸਟਰ ਚੜ੍ਹਾਈ ਕਰ ਗਿਆ।
ਗੋਲੀਆਂ ਦੀ ਅਵਾਜ਼ ਅਤੇ ਡਿੱਗਦੇ ਮਾਸਟਰ ਦਾ ਖੜਕਾ ਸੁਣ ਕੇ ਬਾਲੀ ਦੀ ਅੱਖ ਖੁੱਲ੍ਹ ਗਈ। ਜਦੋਂ ਉਸ ਨੇ ਬਾਰੀ ਰਾਹੀਂ ਬਾਹਰ ਤੱਕਿਆ ਤਾਂ ਸੀ. ਆਰ. ਪੀ. ਅਤੇ ਪੰਜਾਬ ਪੁਲੀਸ 'ਆਹਣ' ਵਾਂਗ ਉੱਤਰੀ ਹੋਈ ਸੀ। ਬਾਲੀ ਨੇ ਸੋਚਿਆ ਕਿ ਜਾਂ ਤਾਂ ਕੋਈ ਠੋਸ ਮੁਖ਼ਬਰੀ ਸੀ ਅਤੇ ਜਾਂ ਫਿਰ ਕੋਈ ਸਾਥੀ ਫੜਿਆ ਗਿਆ ਹੈ। ਤਸ਼ੱਦਦ ਆਦਮੀ ਨੂੰ ਬਹੁਤ ਪਾਸਿਆਂ ਤੋਂ ਥਿੜਕਾ ਧਰਦਾ ਹੈ। ਬਾਲੀ ਨੇ ਦਰਵਾਜਾ ਬੰਦ ਕਰਕੇ ਮੰਜਿਆਂ ਨੂੰ ਲੱਤਾਂ ਮਾਰਨੀਆਂ ਸੁਰੂ ਕਰ ਦਿੱਤੀਆਂ।
-''ਉਠੋ ਉਏ-ਆਪਾਂ ਨੂੰ ਘੇਰਾ ਪੈ ਗਿਆ....!''
ਸਾਰਿਆਂ ਨੇ ਰਜਾਈਆਂ ਪਰ੍ਹੇ ਵਗਾਹ ਮਾਰੀਆਂ ਅਤੇ ਹਥਿਆਰ ਸਾਂਭ ਲਏ।
ਘੇਰਾ ਬਹੁਤ ਸਖ਼ਤ ਪਿਆ ਹੋਇਆ ਸੀ। ਫ਼ੋਰਸ ਪਲ-ਪਲ ਘੇਰਾ ਤੰਗ ਕਰਦੀ ਆ ਰਹੀ ਸੀ। ਸਾਰੇ ਬੜੀ ਕਸੂਤੀ ਸਥਿਤੀ ਵਿਚ ਫ਼ਸੇ ਹੋਏ ਸਨ। ਉਹਨਾਂ ਸੁੱਤੇ ਪਿਆਂ 'ਤੇ ਧਾੜ ਪਈ ਸੀ। ਇੱਧਰ ਚਾਰ ਜਣੇਂ ਸਨ ਅਤੇ ਬਾਹਰ ਖੇਤਾਂ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਫ਼ੋਰਸ!
ਜੈਲਦਾਰ ਨੇ ਅਸਲੇ ਵਾਲੇ ਦੋ ਟਰੰਕ ਮੰਜੇ 'ਤੇ ਰੱਖ ਲਏ। ਰਾਕਟ ਲਾਂਚਰ ਜੋੜ ਲਏ ਗਏ।
-''ਤੁਸੀਂ ਘੇਰਾ ਤੋੜ ਕੇ ਨਿਕਲ ਜਾਓ ਤੇ ਮੈਂ ਇਹਨਾਂ ਨਾਲ ਨਿੱਬੜਦੈਂ!'' ਜੈਲਦਾਰ ਨੇ ਹੁਕਮੀਆ ਕਿਹਾ।
-''ਐਡੇ ਸਾਊ ਤੇ ਗੁੱਦਾਰ ਮਿੱਤਰਾ ਅਸੀਂ ਵੀ ਨਹੀਂ।'' ਬਲਿਹਾਰ ਨੇ ਜਵਾਬ ਮੋੜਿਆ।
-''ਜੇ ਸਾਰਿਆਂ ਨੇ ਮਰਨੈਂ ਤਾਂ ਬੜੀ ਖੁਸ਼ੀ ਨਾਲ ਮਰੋ-ਬਾਹਰ ਤਾਂ ਦੇਖ ਲੈ ਕੀ ਕੁਛ ਆਇਆ ਖੜ੍ਹੈ! ਸੂਰਜ ਚੜ੍ਹਨ ਤੋਂ ਪਹਿਲਾਂ ਪਿੱਛੋਂ ਦੀ ਪਾੜ ਪਾ ਕੇ ਨਿੱਕਲ ਜਾਓ-ਜਲਦੀ ਕਰੋ...!''
-''ਇਹ ਆਪਾਂ ਨੂੰ ਨਿਔਂਦਾ ਪਾਉਣ ਤਾਂ ਆਏ ਈ ਨਹੀਂ-ਹੁਣ ਨਹੀਂ ਤਾਂ ਘੰਟੇ ਨੂੰ ਮੁਕਾਬਲਾ ਸੁਰੂ ਹੋਣਾ ਈ ਹੋਣੈਂ-ਜਿਉਂਦੇ ਜੀਅ ਮੈਂ ਇਹਨਾਂ ਦੇ ਹੱਥ ਨਹੀਂ ਆਉਂਦਾ-ਪਰ ਦਸ ਪੰਦਰਾਂ ਲੈ ਕੇ ਮਰੂੰ-ਇਹਨਾਂ ਨੇ ਆਪਾਂ ਨੂੰ ਜਿਉਂਦੇ ਫੜਨ ਦੀ ਕੋਸ਼ਿਸ਼ ਕਰਨੀ ਐਂ-ਬਾਲੀ ਇਹ ਟੈਮ ਸੋਚਣ ਦਾ ਨਹੀਂ-ਇਹਨਾਂ ਨੂੰ ਭਜਾ...!'' ਜੈਲਦਾਰ ਨੇ ਬਾਹਰ, ਬਾਰੀ ਦੀ ਝੀਥ ਰਾਹੀਂ ਦੇਖਦਿਆਂ ਕਿਹਾ। ਤਾਂ ਬਾਲੀ ਬੋਲਿਆ:
-''ਇਹ ਤਾਂ ਪੂਰੀ ਦੀ ਪੂਰੀ ਬਟਾਲੀਅਨ ਆ ਲੱਗੀ ਬਾਈ...!''
-''ਮੁਕਾਬਲਾ ਹਰ ਹਾਲਤ ਵਿਚ ਹੋਣਾ ਈ ਹੋਣੈਂ-ਬਲਿਹਾਰ! ਤੂੰ ਤੇ ਦਿਲਰਾਜ ਦੂਜੀਆਂ ਜੱਥੇਬੰਦੀਆਂ ਨੂੰ ਖ਼ਬਰ ਕਰੋ-ਅਸੀਂ ਇਹਨਾਂ ਨੂੰ ਐਧਰੋਂ ਭਾਜੜਾਂ ਪਾਵਾਂਗੇ ਤੇ ਤੁਸੀਂ ਸਾਰੇ ਰਲ ਕੇ ਪਿੱਛਿਓਂ ਹੱਲਾ ਮਾਰਿਓ-ਸੋਚਣ ਦਾ ਟਾਈਮ ਬਿਲਕੁਲ ਨਹੀਂ-ਤੁਸੀਂ ਜਾਓ...!''
ਬਲਿਹਾਰ ਹੋਰੀਂ ਬੇਵੱਸ ਹੋ ਗਏ।
ਬਲਿਹਾਰ ਅਤੇ ਦਿਲਰਾਜ ਨੇ ਪਿਛਲੀ ਕੰਧ ਤੋੜ ਲਈ। ਪਰ ਉਹ ਤੁਰ ਨਹੀਂ ਰਹੇ ਸਨ।
-''ਉਏ ਤੁਸੀ ਜਾਂਦੇ ਨਹੀਂ?'' ਜੈਲਦਾਰ ਬਲਿਹਾਰ ਨੂੰ ਟੁੱਟ ਕੇ ਪੈ ਗਿਆ। ਬਲਿਹਾਰ ਅੱਖਾਂ ਭਰ ਆਇਆ।
-''ਕੀ ਗੱਲ ਐ ਬੁੜ੍ਹੀਆਂ ਮਾਂਗੂੰ ਬੂਹਕਣ ਲੱਗ ਪਿਐਂ?''
-''ਬਾਈ ਜੈਲਦਾਰਾ..! ਅਗਲਾ ਪਿਛਲਾ ਬੋਲਿਆ ਚੱਲਿਆ ਮੁਆਫ਼ ਕਰੀਂ।'' ਬਲਿਹਾਰ ਉੱਚੀ ਉੱਚੀ ਰੋ ਰਿਹਾ ਸੀ।
ਜੈਲਦਾਰ ਨੇ ਉਸ ਨੂੰ ਗਲ਼ਵੱਕੜੀ ਵਿਚ ਲੈ ਲਿਆ।
-''ਤੂੰ ਤਾਂ ਜਮਾਂ ਈ ਕਮਲੈਂ..! ਐਹੋ ਜਿਹੀਆਂ ਗੱਲਾਂ ਦਿਲ 'ਤੇ ਨਹੀਂ ਲਿਆਈਦੀਆਂ-ਜਾਹ...!'' ਜੈਲਦਾਰ ਦਾ ਮਨ ਵੀ ਭਾਰਾ ਹੋ ਗਿਆ ਸੀ। ਸੰਘ ਰੁਕ ਗਿਆ ਸੀ।
ਬਲਿਹਾਰ ਹੋਰੀਂ ਤੁਰਨ ਲੱਗੇ ਤਾਂ ਜੈਲਦਾਰ ਨੇ ਉਸ ਨੂੰ, ''ਹੋਰ ਗੱਲ ਸੁਣੀਂ ਬਲਿਹਾਰ!'' ਕਹਿ ਕੇ ਰੋਕ ਲਿਆ।
-''ਦੱਸ ਬਾਈ...?''
-''ਸੀਬੋ ਨੂੰ ਮੇਰੀ ਸਾਸਰੀਕਾਲ ਬੁਲਾਈਂ!''

-"ਹਾਏ ਬਾਈ ਜੈਲਦਾਰਾ...!" ਬਲਿਹਾਰ ਦੀ ਭੁੱਬ ਨਿਕਲ ਗਈ। ਪਰ ਜੈਲਦਾਰ ਦੇ ਧੱਕਾ ਦੇਣ 'ਤੇ ਉਹ ਬਾਹਰ ਨਿਕਲ ਗਏ। ਦੋ ਏ. ਕੇ. ਸੰਤਾਲੀ ਉਹਨਾਂ ਦੇ ਕੋਲ ਸਨ।
ਬੱਲੀਆਂ 'ਤੇ ਖੜ੍ਹੀ ਕਣਕ ਦੇ ਓਹਲੇ ਉਹ ਕੋਡੇ ਕੋਡੇ, ਕੱਸੀ-ਕੱਸੀ ਭੱਜੇ ਜਾ ਰਹੇ ਸਨ। ਸੜਕ ਅਜੇ ਦੂਰ ਸੀ। ਨਾਲੇ ਮੀਟਿੰਗਾਂ ਵਿਚ ਸੜਕੇ ਸੜਕ ਭੱਜਣਾ ਉਹਨਾਂ ਨੂੰ ਮਨ੍ਹਾਂ ਕੀਤਾ ਹੋਇਆ ਸੀ।
ਸੂਰਜ ਚੜ੍ਹਨ ਵਾਲਾ ਸੀ।
ਉਹ ਪੁਲੀ ਕੋਲ ਦਮ ਮਾਰਨ ਲਈ ਰੁਕੇ ਤਾਂ ਪਹਿਲਾਂ ਹੀ ਵਿਛਾਈ ਫ਼ੋਰਸ ਨੇ ਉਹਨਾਂ ਨੂੰ ਬੁਰੀ ਤਰ੍ਹਾਂ ਘੇਰ ਲਿਆ। ਬਲਿਹਾਰ ਫ਼ਾਇਰਿੰਗ ਕਰਨ ਲੱਗਿਆ ਤਾਂ ਚੱਲੀ ਗੋਲੀ ਨੇ ਉਸ ਦੀ ਬਾਂਹ ਜ਼ਖਮੀ ਕਰ ਦਿੱਤੀ। ਰਾਈਫ਼ਲ ਉਸ ਹੱਥੋਂ ਹੇਠਾਂ ਡਿੱਗ ਪਈ। ਦਿਲਰਾਜ ਉਸ ਨੂੰ ਸੰਭਾਲਣ ਲੱਗਾ ਤਾਂ ਫ਼ੋਰਸ ਨੇ ਪਿੱਛੋਂ ਉਹਨਾਂ ਨੂੰ ਆ ਦੱਬਿਆ। ਬੜੀ ਬੇਰਹਿਮੀ ਨਾਲ ਬੰਨ੍ਹ ਕੇ ਉਹਨਾਂ ਨੂੰ ਟਰੱਕ ਵਿਚ ਸੁੱਟਿਆ ਅਤੇ ਦੋ ਟਰੱਕ ਤੁਰ ਗਏ ਅਤੇ ਬਾਕੀ ਮੁਕਾਬਲੇ ਵਾਲੀ ਜਗਾਹ ਵੱਲ ਰਵਾਨਾ ਹੋ ਗਏ।
ਉਦਾਸੀ ਮਾਰਿਆ ਸੂਰਜ ਕਣਕਾਂ ਵਿੱਚੋਂ ਰੱਸਾ ਭਰ ਉਚਾ ਉਠ ਖੜ੍ਹਿਆ ਸੀ। ਜੈਲਦਾਰ ਹੁਰਾਂ ਨੂੰ ਬਲਿਹਾਰ ਹੁਰਾਂ ਦੀ ਗ੍ਰਿਫ਼ਤਾਰੀ ਬਾਰੇ ਕਿੱਥੋਂ ਪਤਾ ਲੱਗਣਾ ਸੀ? ਉਹ ਤਾਂ ਸੋਚ ਰਹੇ ਸਨ ਕਿ ਘੰਟੇ, ਡੇਢ੍ਹ ਘੰਟੇ ਬਾਅਦ ਸਾਥੀ ਫ਼ੋਰਸ 'ਤੇ ਪਿੱਛੋਂ ਹਮਲਾ ਕਰਨਗੇ ਅਤੇ ਅਸੀਂ ਘੇਰਾ ਤੋੜ ਕੇ ਨਿਕਲਣ ਵਿਚ ਸਫ਼ਲ ਹੋ ਜਾਵਾਂਗੇ। ਇਸ ਲਈ ਉਹਨਾਂ ਨੇ ਜਾਣ-ਬੁੱਝ ਕੇ ਗੋਲੀ ਨਹੀਂ ਚਲਾਈ ਸੀ।
ਬਾਕੀ ਟਰੱਕਾਂ ਵਾਲੀ ਫ਼ੋਰਸ ਨੇ ਇਧਰਲੀ ਫ਼ੋਰਸ ਨੂੰ ਆ ਖ਼ਬਰ ਦਿੱਤੀ ਕਿ ਅੰਦਰਲੇ ਅੱਤਿਵਾਦੀਆਂ ਦੇ ਦੋ ਸਾਥੀ ਜ਼ਿੰਦਾ ਪਕੜੇ ਜਾ ਚੁੱਕੇ ਸਨ। ਇੱਧਰਲੀ ਫ਼ੋਰਸ ਦੀ ਜਾਣਕਾਰੀ ਮੁਤਾਬਿਕ ਅੰਦਰ ਪੰਜ ਜਣੇਂ ਸਨ, ਇੱਕ ਮਾਰਿਆ ਜਾ ਚੁੱਕਾ ਸੀ, ਦੋ ਪਕੜੇ ਜਾ ਚੁੱਕੇ ਸਨ, ਇਸ ਦਾ ਮਤਲਬ ਅੰਦਰ ਦੋ ਹੀ ਅੱਤਿਵਾਦੀ ਸਨ।
ਬੁਲਿਟ-ਪਰੂਫ਼ ਟਰੈਕਟਰਾਂ ਨੇ ਅੱਗੇ ਵਧਣਾ ਸ਼ੁਰੂ ਕਰ ਦਿੱਤਾ। ਬਾਲੀ ਅਤੇ ਜੈਲਦਾਰ ਵੀ ਪੂਰਨ ਤੌਰ 'ਤੇ ਖ਼ਬਰਦਾਰ ਸਨ।
ਜੈਲਦਾਰ ਨੇ ਵਾਹਿਗੁਰੂ ਨੂੰ ਧਿਆ ਕੇ ਇੱਕ ਰਾਕਟ ਲਾਂਚਰ ਦਾਗ ਦਿੱਤਾ! ਬੁਲਿਟ-ਪਰੂਫ਼ ਟਰੈਕਟਰਾਂ ਨਾਲ ਤੁਰਦੀ ਹੋਈ ਫ਼ੋਰਸ ਵਿਚੋਂ ਕਈ ਢੇਰੀ ਹੋ ਗਏ! ਭਾਜੜ ਪੈ ਗਈ। ਐਂਬੂਲੈਂਸਾਂ ਮਰਿਆਂ ਅਤੇ ਜ਼ਖਮੀਆਂ ਨੂੰ ਚੁੱਕ ਦੌੜ ਤੁਰੀਆਂ।
ਵਕਤੀ ਤੌਰ 'ਤੇ ਟਰੈਕਟਰ ਰੁਕ ਗਏ। ਦੋ ਮੁੰਡਿਆਂ ਵੱਲੋਂ ਐਡਾ ਮੂੰਹ ਤੋੜ ਜਵਾਬ? ਉਹਨਾਂ ਸੋਚਿਆ ਵੀ ਨਹੀਂ ਸੀ!
-"ਦੂਜਾ ਅਜੇ ਨਾ ਚਲਾਈਂ...!" ਬਾਲੀ ਨੇ ਕਿਹਾ।
-"ਬਾਈ ਬਾਲੀ..! ਹੁਣ ਜੰਗ ਹੋ ਚੁੱਕੀ ਐ ਸੁਰੂ-ਤੂੰ ਹੁਣ ਨਾ ਬੋਲੀਂ-ਜੇ ਇਹ ਨੇੜੇ ਆ ਗਏ-ਇਹਨਾਂ ਨੇ ਮਾਰ ਮਾਰ ਕੇ ਹੈਂਡ ਗਰਨੇਟ ਆਪਾਂ ਨੂੰ ਉੜਾ ਧਰਨੈਂ-ਮੈਥੋਂ ਜਿੰਨੇ ਲਏ ਜਾਂਦੇ ਐ, ਲੈ ਲੈਣਦੇ ਬਾਈ ਬਣਕੇ-ਸੀਬੋ ਵੀ ਕੀ ਸੋਚੂ ਬਈ ਮੇਰਾ ਰਾਂਝਾ ਕਿੰਨਿਆਂ ਨੂੰ ਲੈ ਕੇ ਸ਼ਹੀਦ ਹੋਇਐ-ਲੈ ਮੇਰੀਏ ਸੀਬੋ ਮੋਰਨੀਏਂ ਆਹ ਤੇਰੇ ਨਾਂ ਦਾ...!" ਉਸ ਨੇ ਇੱਕ ਹੋਰ ਦਾਗ ਦਿੱਤਾ।
ਫਿਰ ਘਮਸਾਨ ਮੱਚ ਗਿਆ।
"ਟੂੰਅ-ਟਾਂਅ" ਫਿਰ ਸੁਰੂ ਹੋ ਗਈ।
-"ਹਰਾਮਜ਼ਾਦਿਓ, ਅੱਗੇ ਕਿਉਂ ਨਹੀਂ ਤੁਰਦੇ....!" ਫ਼ੋਰਸ ਨੂੰ ਕਿਸੇ ਅਫ਼ਸਰ ਨੇ ਕਿਹਾ।
-"ਬਿਗਾਨੇ ਪੁੱਤਾਂ ਨੂੰ ਅੱਗੇ ਧੱਕਦੈਂ? ਤੂੰ ਆ ਖਾਂ ਸਾਹਮਣੇਂ-ਲਾਈਏ ਤੇਰੇ ਮੋਢੇ 'ਤੇ ਸਟਾਰ...!" ਪੁਜ਼ੀਸ਼ਨ ਲਈ ਪਏ ਬਾਲੀ ਨੇ ਕਿਹਾ।
ਗੋਲੀਆਂ ਦੀ ਬੁਛਾੜ ਸੁਰੂ ਹੋ ਗਈ।
ਲਗਾਤਾਰ ਵੱਜੇ ਬਰੱਸਟਾਂ ਨੇ ਜੈਲਦਾਰ ਹੁਰਾਂ ਦੀ ਖਿੜਕੀ ਖਿਲਾਰ ਦਿੱਤੀ। ਉਹ ਗੋਲੀਆਂ ਦੀ ਮਾਰ ਤੋਂ ਬਚਦੇ ਇਕ ਖੂੰਜੇ ਹੋ ਗਏ। ਗੋਲੀ ਅੰਨ੍ਹੇਵਾਹ ਚੱਲ ਰਹੀ ਸੀ। ਜੈਲਦਾਰ ਨੂੰ ਰਾਕਟ ਲਾਂਚਰ ਚਲਾਉਣ ਦਾ ਮੌਕਾ ਨਹੀਂ ਲੱਗ ਰਿਹਾ ਸੀ।
ਬੁਲਿਟ-ਪਰੂਫ਼ ਟਰੈਕਟਰ ਤਕਰੀਬਨ ਉਪਰ ਆ ਚੜ੍ਹੇ। ਟਰੈਕਟਰਾਂ ਦੀ ਗੂੰਜ ਪਲ-ਪਲ ਨੇੜੇ ਆ ਰਹੀ ਸੀ।
-"ਇਉਂ ਤਾਂ ਆਪਾਂ ਨੂੰ ਅੰਦਰੇ ਈ ਆ ਨੱਪਣਗੇ-ਆਪਾਂ ਬਾਹਰ ਨਿਕਲੀਏ!"
-"ਜਲਦੀ ਕਰ...! ਟਰੈਕਟਰ ਉਪਰ ਆ ਚੜ੍ਹੇ...!!"
ਦੋਹਾਂ ਨੇ ਏ. ਕੇ. 56 ਚੁੱਕ ਲਈਆਂ ਅਤੇ ਇੱਕ-ਇੱਕ ਗਲ਼ ਪਾ ਲਈ।
ਜਦੋਂ ਹੀ ਉਹ ਇੱਕ ਦਮ ਬਾਹਰ ਨਿਕਲੇ ਤਾਂ ਬਰੱਸਟ ਬਾਲੀ ਦੀ ਛਾਤੀ ਵਿਚ ਆ ਵੱਜਿਆ। ਬਾਲੀ ਉਥੇ ਹੀ ਲੁੜਕ ਗਿਆ। ਉਸ ਦਾ ਸੀਨਾ ਲੀਰਾਂ ਹੋ ਗਿਆ ਸੀ। ਜੈਲਦਾਰ ਨੇ ਛਾਲ ਮਾਰ ਕੇ ਪਾਣੀ ਵਾਲੇ ਚਲ੍ਹੇ ਦੀ ਆੜ ਲੈ ਲਈ। ਪਰ ਗੋਲੀ ਚਲਾਉਣ ਦਾ ਸਬੱਬ ਨਹੀਂ ਬਣ ਰਿਹਾ ਸੀ।
-"ਜੈਲਦਾਰਾ...! ਨਿੱਤ ਸ਼ਹੀਦੀ-ਸ਼ਹੀਦੀ ਕਰਦਾ ਸੀ-ਅੱਜ ਉਹ ਸਮਾਂ ਆ ਗਿਐ-ਹਿੱਕ ਡਾਹ ਕੇ ਸ਼ਹੀਦੀ ਪਾ ਤੇ ਸੁਰਖ਼ਰੂ ਹੋ! ਮੈਦਾਨੋਂ ਭੱਜਣਾ ਸੂਰਮੇਂ ਦਾ ਕੰਮ ਨਹੀਂ! ਤੇਰੀਆਂ ਰਗਾਂ ਅੰਦਰ ਰੰਘਰੇਟੇ ਗੁਰ ਕੇ ਬੇਟੇ ਸਰਦਾਰ ਜੀਵਨ ਸਿੰਘ ਦਾ ਖ਼ੂਨ ਦੌੜ ਰਿਹੈ! ਪੁਰਜਾ ਪੁਰਜਾ ਕਟਿ ਮਰੈ ਕਬਹੂੰ ਨ ਛਾਡੈ ਖੇਤੁ...!" ਤੇ ਜੈਲਦਾਰ ਨੇ "ਬੋਲੇ ਸੋ ਨਿਹਾਲ...!" ਆਖ ਕੇ ਚਲ੍ਹੇ ਕੋਲੋਂ ਉਠ, ਨੱਕ ਦੀ ਸੇਧ ਨੂੰ ਅੰਨ੍ਹੇਵਾਹ ਫ਼ਾਇਰਿੰਗ ਸੁਰੂ ਕਰ ਦਿੱਤੀ। ਫ਼ੋਰਸ ਦੇ ਛੇ-ਸੱਤ ਬੰਦੇ ਹੋਰ ਨੁਕਸਾਨੇ ਗਏ। ਜੈਲਦਾਰ ਜੈਕਾਰੇ ਛੱਡਦਾ ਅਤੇ ਫ਼ਾਇਰਿੰਗ ਕਰਦਾ ਅੱਗੇ ਵਧਣ ਲੱਗਾ ਤਾਂ ਸਾਹਮਣਿਓਂ ਗੋਲੀਆਂ ਦਾ ਮੀਂਹ ਵਰ੍ਹ ਪਿਆ। ਜੈਲਦਾਰ ਹੱਥੋਂ ਰਾਈਫ਼ਲ ਛੁੱਟ ਗਈ। ਪਰ ਉਹ ਸਿੱਧਾ ਸਲੋਟ ਖੜ੍ਹਾ ਦੁਸ਼ਮਣ ਨੂੰ ਘੂਰ ਰਿਹਾ ਸੀ। ਉਹ ਅੱਖ ਵੀ ਝਪਕ ਨਹੀਂ ਰਿਹਾ ਸੀ। ਖੜ੍ਹੇ ਜੈਲਦਾਰ ਦੇ ਮੂੰਹੋਂ ਖ਼ੂਨ ਪ੍ਰਨਾਲਾ ਬਣ ਵਹਿਣ ਲੱਗ ਪਿਆ। ਉਸ ਨੇ ਮੁੱਠੀ ਮੀਟ ਕੇ ਕੁਝ ਕਹਿਣਾ ਚਾਹਿਆ, ਪਰ ਕਹਿ ਨਾ ਸਕਿਆ ਅਤੇ ਸੁੱਕੀ ਲੱਕੜ ਵਾਂਗ ਤੂਤ ਹੇਠ ਡਿੱਗ ਪਿਆ। ਅਣਖੀ ਗੁਰੀਲੇ ਨੂੰ ਆਖਰ ਸ਼ਹਾਦਤ ਪ੍ਰਾਪਤ ਹੋ ਗਈ। ਹਿੱਕ ਵਿਚ ਗੋਲੀਆਂ ਖਾ ਸੂਰਮਾਂ ਧਰਤੀ ਮਾਂ ਦੀ ਮਿੱਟੀ ਮੁੱਠੀ ਵਿਚ ਘੁੱਟੀ, ਨਿਰਭੈ ਪਿਆ ਸੀ।
ਕਾਫ਼ੀ ਦੇਰ ਫ਼ੋਰਸ ਲਾਸ਼ਾਂ ਦੇ ਨੇੜੇ ਨਾ ਆਈ।
ਬੁਲਿਟ-ਪਰੂਫ਼ ਟਰੈਕਟਰ ਮਾਰ-ਮਾਰ ਕੇ ਫ਼ੋਰਸ ਨੇ ਫ਼ਾਰਮ-ਹਾਊਸ ਨੂੰ ਮਲਬੇ ਵਿਚ ਬਦਲ ਦਿੱਤਾ। ਮੂਲੋਂ ਜ਼ਿਆਦਾ ਫ਼ੋਰਸ ਦਾ ਜਾਨੀ

ਨੁਕਸਾਨ ਹੋਇਆ ਕਰਕੇ ਪੁਲੀਸ ਨੇ ਪ੍ਰੈੱਸ ਨੂੰ ਬਹੁਤੀ ਖ਼ਬਰ ਨਸ਼ਰ ਨਾ ਕੀਤੀ। ਸਿਰਫ਼ ਇਕ ਸਧਾਰਨ ਜਿਹੇ ਮੁਕਾਬਲੇ ਦਾ ਵੇਰਵਾ ਦੱਸਿਆ ਸੀ। ਜਿਸ ਵਿਚ ਤਿੰਨ ਖ਼ਤਰਨਾਕ ਅੱਤਿਵਾਦੀ ਹਲਾਕ ਹੋਏ ਦਿਖਾਏ ਗਏ ਸਨ ਅਤੇ ਦੋ ਜ਼ਿੰਦਾ ਪਕੜੇ ਗਏ ਸਨ।
ਵਾਰਿਸਾਂ ਨੂੰ ਸ਼ਨਾਖ਼ਤ ਲਈ ਬੁਲਾ ਲਿਆ ਗਿਆ।
ਸਾਰਿਆਂ ਤੋਂ ਪਹਿਲਾਂ ਜੈਲਦਾਰ ਦੇ ਮਾਂ-ਪਿਉ ਪਹੁੰਚੇ। ਸੂਰਮੇਂ ਪੁੱਤ ਦੀ ਖਿੱਲਰੀ ਲਾਸ਼ ਦੇਖ ਕੇ ਬੇਬੇ ਨੇ ਮੁਰਦਈ ਜਿਹੀ ਧਾਹ ਮਾਰੀ।
-"ਵੇ ਤੂੰ ਸਾਡਾ ਬੁੜ੍ਹਾਪਾ ਰੋਲ ਗਿਐਂ ਵੇ ਮੇਰਿਆ ਸੂਰਮਿਆਂ ਪੁੱਤਾ....!!"
-"ਵੇ ਮੈਂ ਤੈਨੂੰ ਬਥੇਰਾ ਵਰਜਿਆ ਵੇ ਮੇਰਿਆ ਸਿਉਨਿਆਂ ਸ਼ੇਰਾ...!!"
ਬੇਬੇ ਦੀਆਂ ਜੋਤਹੀਣ ਅੱਖਾਂ ਟੱਪ ਵਾਂਗ ਚੋਈ ਜਾ ਰਹੀਆਂ ਸਨ। ਲਾਅਸ਼ ਕੋਲ ਬੈਠਾ ਪਿੰਜਰ ਸਰੀਰ ਬਾਪੂ ਵੀ ਧਰਾਲੀਂ ਰੋ ਰਿਹਾ ਸੀ। ਹੱਥੀਂ ਪਾਲ ਕੇ ਜੁਆਨ ਕੀਤਾ ਪੁੱਤ ਸਾਹਮਣੇਂ ਮਿੱਟੀ ਹੋਇਆ ਪਿਆ ਸੀ। ਸਾਰੀ ਉਮਰ ਦੀ ਇੱਕੋ ਇੱਕ ਪੂੰਜੀ ਹੱਥੋਂ ਖੁੱਸ ਗਈ ਸੀ।
-"ਪੀਤੂ ਦੇ ਬਾਪੂ ਚਲ੍ਹੇ 'ਚੋਂ ਪਾਣੀ ਦਾ ਡੱਬਾ ਭਰ ਕੇ ਲਿਆ-ਮੈਂ ਆਪਣੇ ਸ਼ੇਰ ਸੂਰਮੇਂ ਦਾ ਮੂੰਹ ਧੋਵਾਂ-ਕਿਵੇਂ ਲਹੂ ਨਾਲ ਲਿੱਬੜਿਆ ਪਿਐ।" ਬੇਬੇ ਨੇ ਪਾਗਲਾਂ ਵਾਂਗ ਬਾਪੂ ਨੂੰ ਕਿਹਾ ਤਾਂ ਬਾਪੂ ਸਾਹ ਜਿਹੇ ਵਰੋਲਦਾ, ਪਾਣੀ ਵਾਲਾ ਲੀਟਰ ਭਰ ਲਿਆਇਆ।
-"ਡੁੱਬੜੇ ਨੇ ਕਦੇ ਲੀੜੇ ਨੂੰ ਚਹੁ ਨਹੀਂ ਪੈਣ ਦਿੱਤਾ ਸੀ-ਦੇਖ ਕਿਹੜੇ ਹਾਲੀਂ ਪਿਐ।" ਪੁੱਤ ਦਾ ਮੂੰਹ ਧੋਂਦੀ ਬੇਬੇ ਬਾਂਵਰਿਆਂ ਵਾਂਗ ਬੋਲੀ ਜਾ ਰਹੀ ਸੀ। ਕੋਲੇ ਬੈਠਾ ਬਾਪੂ ਹੁਬਕੀਂ-ਹੁਬਕੀਂ ਰੋਈ ਜਾ ਰਿਹਾ ਸੀ।
-"ਲਿਆ ਆਹ ਇਹਦੀ ਪੱਗ ਵੀ ਫੜਾ-ਬੰਨ੍ਹਾਂ ਇਹਦੇ ਸਿਰ 'ਤੇ-ਨਿੱਤ ਕੜ੍ਹੀ ਕਲੇਸ਼ ਕਰਦਾ ਸੀ-ਬੇਬੇ ਮੇਰੀ ਪੱਗ ਨਹੀਂ ਧੋਤੀ-ਬੇਬੇ ਮੇਰਾ ਝੱਗਾ ਨਹੀਂ ਧੋਤਾ-ਇਹਦੇ ਮੂੰਹ 'ਤੇ ਤਾਂ ਕੁਛ ਵੱਜਿਆ ਨਹੀਂ ਲੱਗਦਾ-ਫਿਰ ਲਹੂ ਕਾਹਤੋਂ ਨਿਕਲਿਆ...?"
-"........।"
-"ਤੂੰ ਸੁੰਨ ਜਿਆ ਹੋਇਆ ਕਾਹਨੂੰ ਬੈਠੈਂ..? ਲਿਆ ਜੁੱਤੀ ਪਾ ਇਹਦੇ..!"
ਕਿੱਧਰੋਂ ਬੁਰੇ ਹਾਲੀਂ ਸੀਬੋ ਸਾਰੀਆਂ ਸ਼ਰਮਾਂ ਪਰ੍ਹੇ ਸੁੱਟ ਜੈਲਦਾਰ ਦੀ ਲਾਸ਼ 'ਤੇ ਆ ਡਿੱਗੀ।
-"ਵੇ ਤੂੰ ਮੈਨੂੰ ਕਿਹੜੇ ਆਸਰੇ ਛੱਡ ਕੇ ਤੁਰ ਗਿਆ ਵੇ ਮੇਰਿਆ ਸੂਰਮਿਆਂ ਮਿਰਜਿਆ....!!" ਕੁੜੀ ਨੇ ਦਿਲਾਂ ਦੇ ਦਰਦੀ ਦਾ ਸਿਰ ਹਿੱਕ ਨਾਲ ਘੁੱਟ ਲਿਆ। ਜੈਲਦਾਰ ਦੇ ਸਿਰੋਂ ਪੱਗ ਲਹਿ ਕੇ ਪਿੱਛੇ ਡਿੱਗ ਪਈ।
ਸਿਰਹਾਣੇ ਖੜ੍ਹੀ ਬੇਬੇ ਨੇ ਫ਼ੜ ਕੇ ਪੱਗ ਬੋਚ ਲਈ।
-"ਪੱਗ ਤਾਂ ਮਰਦ ਦੀ ਸ਼ਾਨ ਐਂ ਸੀਬੋ...! ਰੱਖ ਪੱਗ ਇਹਦੇ ਸਿਰ 'ਤੇ, ਤੇ ਚੱਲ ਉਠ ਇਹਨੂੰ ਘਰੇ ਲੈ ਕੇ ਚੱਲੀਏ-ਬਥੇਰੀ ਦੁਨੀਆਂ ਕੱਛ ਲਈ ਇਹਨੇ।"
-"ਬੇਬੇ...! ਪੀਤੂ ਨੇ ਹੁਣ ਨਹੀਂ ਮੁੜਨਾ...!" ਕੁੜੀ ਨੇ ਪੀਤੂ ਦਾ ਸਿਰ ਫਿਰ ਬੁੱਕਲ ਵਿਚ ਘੁੱਟ ਲਿਆ।
-"ਕਿਉਂ..? ਕਿਉਂ ਨਹੀਂ ਮੁੜਨਾ..? ਨੀ ਕੀ ਤੂੰ ਚੰਦਰੀਆਂ ਜੀਆਂ ਗੱਲਾਂ ਮਾਰੀ ਜਾਨੀ ਐਂ ਕਾਲੇ ਮੂੰਹ ਆਲ਼ੀਏ...?"
-"ਬੇਬੇ..! ਆਪਣਾ ਪੀਤੂ ਸ਼ਹੀਦ ਹੋ ਗਿਆ..!"
ਬੇਬੇ "ਪਟਾਕ" ਕਰਦੀ ਧਰਤੀ 'ਤੇ ਡਿੱਗ ਪਈ।
ਬਾਪੂ ਨੇ ਆਪਣੇ ਨਿਰਬਲ ਹੱਥਾਂ ਵਿਚ ਬੋਚਣਾ ਚਾਹਿਆ। ਪਰ ਬੇਬੇ ਪੂਰੀ ਹੋ ਚੁੱਕੀ ਸੀ।
ਮਾਸਟਰ ਅਤੇ ਬਾਲੀ ਦੇ ਵਾਰਿਸ ਵੀ ਪੁੱਜ ਗਏ। ਹਿਰਦੇਵੇਧਕ ਵੈਣ ਪੈ ਰਹੇ ਸਨ। ਸ਼ਨਾਖ਼ਤਾਂ ਤੋਂ ਬਾਅਦ ਪੋਸਟ ਮਾਰਟਮ ਕਰਵਾ ਕੇ ਲਾਸ਼ਾਂ ਵਾਰਿਸਾਂ ਦੇ ਹਵਾਲੇ ਕਰ ਦਿੱਤੀਆਂ।
ਜਿਉਂ-ਜਿਉਂ ਖ਼ਬਰ ਫੈਲਦੀ ਗਈ, ਇਲਾਕੇ ਵਿਚ ਹਨ੍ਹੇਰ ਛਾਉਂਦਾ ਗਿਆ। ਕਿਸੇ ਨੇ ਚੁੱਲ੍ਹੇ ਅੱਗ ਨਹੀਂ ਪਾਈ ਸੀ। ਖ਼ਾੜਕੂ-ਜੱਥੇਬੰਦੀਆਂ ਵਿਚ ਗੁੱਸੇ ਅਤੇ ਦੁੱਖ ਦੀ ਲਹਿਰ ਛਾ ਗਈ। ਪੰਜ ਸਿਰਲੱਥ ਖ਼ਾੜਕੂ ਉਹਨਾਂ ਹੱਥੋਂ ਚਲੇ ਗਏ ਸਨ। ਇਹਨਾਂ ਸ਼ਹੀਦੀਆਂ ਨੇ ਮੂਵਮੈਂਟ ਨੂੰ ਕਾਫ਼ੀ ਪਿੱਛੇ ਧੱਕ ਦਿੱਤਾ ਸੀ। ਇਹ ਪਾੜ ਇੱਕ ਵੱਡੀ ਭਰਤੀ ਨਾਲ ਵੀ ਪੂਰਿਆ ਨਹੀਂ ਜਾਣਾ ਸੀ।
ਰੇਸ਼ਮ ਸਿੰਘ ਬੰਬ, ਗੁਰਪਾਲ, ਕੁਲਬੀਰ ਅਤੇ ਕਾਕੇ ਹੋਰਾਂ ਨੇ ਸ਼ਹੀਦ ਹੋਏ ਸਾਥੀਆਂ ਨਮਿੱਤ ਅਰਦਾਸ ਕੀਤੀ। ਕੁਲਬੀਰੇ ਨੂੰ ਬਾਲੀ ਦੀ ਥਾਂ 'ਤੇ ਲੈਫ਼ਟੀਨੈਂਟ ਜਨਰਲ ਥਾਪ ਦਿੱਤਾ ਗਿਆ। ਜੱਥੇਬੰਦੀਆਂ ਦੇ ਅਸੂਲਾਂ ਦੀ ਲਕੀਰ ਨਾ ਟੱਪਣ ਲਈ ਉਸ ਨੂੰ ਸਖ਼ਤ ਹਦਾਇਤ ਕੀਤੀ ਗਈ ਸੀ। ਜੋ ਕੁਝ ਕਰਨਾ ਸੀ, ਜੱਥੇਬੰਦੀਆਂ ਦੀ ਸਲਾਹ ਨਾਲ ਹੀ ਕਰਨਾ ਸੀ। ਕਈ ਉੱਘੇ ਸਾਥੀ ਨੁਕਸਾਨੇ ਗਏ ਹੋਣ ਕਰਕੇ ਹੁਣ ਕੁਲਬੀਰਾ ਵੀ ਸੀਰੀਅਸ ਰਹਿਣ ਲੱਗ ਪਿਆ ਸੀ।
ਅਗਲੀ ਮੀਟਿੰਗ ਵਿਚ ਜੱਥੇਬੰਦੀਆਂ ਨੇ ਬਲਿਹਾਰ ਅਤੇ ਦਿਲਰਾਜ ਨੂੰ ਛੁਡਾਉਣ ਬਾਰੇ ਘਾੜਤਾਂ ਘੜਨੀਆਂ ਸ਼ੁਰੂ ਕਰ ਦਿੱਤੀਆਂ। ਪਰ ਉਹ ਕਿੱਥੇ ਰੱਖੇ ਹੋਏ ਸਨ? ਇਸ ਬਾਰੇ ਕਿਸੇ ਨੂੰ ਰਤੀ ਭਰ ਵੀ ਇਲਮ ਨਹੀਂ ਸੀ। ਕਾਰਵਾਈ ਕਰਦੇ ਤਾਂ ਕੀ ਕਰਦੇ? ਕੋਈ ਸਕੀਮ ਸਿਰੇ ਨਹੀਂ ਚੜ੍ਹ ਰਹੀ ਸੀ।
ਗੁਰਪਾਲ ਨੇ ਇੱਕ ਸਕੀਮ ਉਲੀਕੀ ਕਿ ਕਾਕੇ ਨੇ ਨਵੀਂ ਸ਼ਾਦੀ ਕੀਤੀ ਹੈ। ਇਹ ਪਤੀ-ਪਤਨੀ ਆਪਣੇ ਪਿੰਡ ਨਹੀਂ, ਆਪਣੇ ਮਾਮੇ ਕੋਲ ਰਹਿਣ। ਪਿੰਡਾਂ ਵਿਚੋਂ ਨਵੀਂ ਭਰਤੀ ਕੀਤੀ ਜਾਵੇ ਅਤੇ ਨਾਲੇ ਇਹ ਮੀਆਂ-ਬੀਵੀ ਮਹੀਨਾ ਖੰਡ ਚੂਹੜਚੱਕ ਰਹਿ ਕੇ ਆਪਣਾ ਗ੍ਰਿਹਿਸਤੀ ਜੀਵਨ ਬਸਰ ਕਰਨ। ਇਸ ਤੋਂ ਇਲਾਵਾ ਕਾਕੇ ਜਿੰਮੇਂ ਇਹ ਜ਼ਿੰਮੇਵਾਰੀ ਲਾਈ ਗਈ ਕਿ ਉਹ ਕਿਵੇਂ ਨਾ ਕਿਵੇਂ ਬਲਿਹਾਰ ਅਤੇ ਦਿਲਰਾਜ ਦਾ ਸੁਰਾਗ ਲਾਵੇ। ਇਸ ਤੋਂ ਪਹਿਲਾਂ ਪੁਲੀਸ ਉਹਨਾਂ ਨੂੰ ਮੁਕਾਬਲੇ ਵਿਚ ਖਤਮ ਕਰੇ, ਉਹਨਾਂ ਨੂੰ ਛੁਡਾਉਣਾ ਲਾਜ਼ਮੀ ਹੈ।
ਕਾਕਾ ਅਤੇ ਗਗਨਦੀਪ ਇਕ ਏ. ਕੇ. ਸੰਤਾਲੀ, ਪੰਜ ਸੌ ਰੌਂਦ, ਇੱਕ ਰਿਵਾਲਵਰ ਅਤੇ ਦੋ ਮੈਗਜ਼ੀਨ ਲੈ ਕੇ ਚੂਹੜਚੱਕ ਨੂੰ ਬੱਸ ਚੜ੍ਹ ਗਏ। ਇੱਕ ਰਿਵਾਲਵਰ ਕਾਕੇ ਕੋਲ ਪਹਿਲਾਂ ਹੀ ਸੀ।

## ਕਾਂਡ 13

ਬਲਿਹਾਰ ਅਤੇ ਦਿਲਰਾਜ ਨੂੰ ਸਹਿਣੇਂ ਠਾਣੇ ਵਿਚੋਂ ਤਬਦੀਲ ਕਰਕੇ ਠਾਣੇਦਾਰ ਗੜਗੱਜ ਸਿੰਘ "ਕੌਡੀਆਂ ਆਲੇ" ਦੇ ਸਪੁਰਦ ਕਰ ਦਿੱਤਾ। ਐੱਸ. ਪੀ. ਦੀ ਕੌਡੀਆਂ ਆਲੇ ਨੂੰ ਸਖ਼ਤ ਹਦਾਇਤ ਸੀ ਕਿ ਇਹਨਾਂ ਦੋਵੇਂ ਮੁੰਡਿਆਂ ਵਿਚੋਂ ਬੈਂਕ ਡਕੈਤੀ ਅਤੇ ਨੰਬਰਦਾਰ ਦੇ ਪ੍ਰੀਵਾਰ ਦੇ ਕਤਲ ਕੱਢਣੇ ਸਨ। ਇਸ ਕਾਮਯਾਬੀ ਤੋਂ ਬਾਅਦ ਐੱਸ. ਪੀ. ਨੇ ਪੁਲੀਸ ਮੁਖੀ ਕੋਲ ਕੌਡੀਆਂ ਆਲੇ ਦੀ ਪ੍ਰਮੋਸ਼ਨ ਲਈ ਸ਼ਿਫ਼ਾਰਸ਼ ਕਰਨੀ ਸੀ। ਕੌਡੀਆਂ ਵਾਲੇ ਲਈ ਇਹ ਇਕ ਚੈਲਿੰਜ ਸੀ। ਉਸ ਦੀ ਤਰੱਕੀ ਅਤੇ ਅਣਖ਼-ਇੱਜ਼ਤ ਦਾ ਸੁਆਲ ਸੀ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਠਾਣੇਦਾਰ ਕੁਝ ਵੀ ਕਰ ਸਕਦਾ ਸੀ।

ਇਧਰ ਖ਼ਾੜਕੂਆਂ ਨੇ ਅਖ਼ਬਾਰਾਂ ਵਿਚ ਬਿਆਨ ਲੁਆ ਦਿੱਤੇ ਸਨ ਕਿ ਅਗਰ ਦਿਲਰਾਜ ਅਤੇ ਬਲਿਹਾਰ 'ਤੇ ਅਣ-ਮਾਨੁੱਖੀ ਤਸ਼ੱਦਦ ਕੀਤਾ ਤਾਂ ਢੁਕਵਾਂ ਉੱਤਰ ਦਿੱਤਾ ਜਾਵੇਗਾ ਅਤੇ ਇਸ ਦੀ ਜ਼ਿੰਮੇਵਾਰੀ ਪੰਜਾਬ ਪੁਲੀਸ ਦੀ ਹੋਵੇਗੀ। ਇਸ ਲਈ ਬਲਿਹਾਰ ਅਤੇ ਦਿਲਰਾਜ ਨੂੰ ਕਿਸੇ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇ।

ਬਲਿਹਾਰ ਅਤੇ ਦਿਲਰਾਜ ਦੇ ਮਾਪਿਆਂ ਅਤੇ ਰਿਸ਼ਤੇਦਾਰਾਂ ਨੂੰ ਚੈਨ ਨਹੀਂ ਸੀ। ਉਹਨਾਂ ਮੁਹਤਬਰ ਆਦਮੀਆਂ ਨੂੰ ਨਾਲ ਲੈ ਕੇ ਠਾਣਿਆਂ ਵਿਚ ਗੇੜੇ ਮਾਰਨੇ ਸ਼ੁਰੂ ਕਰ ਦਿੱਤੇ। ਪਰ ਪੁਲੀਸ ਬਲਿਹਾਰ ਅਤੇ ਦਿਲਰਾਜ ਦੀ ਗ੍ਰਿਫ਼ਤਾਰੀ ਪ੍ਰਤੀ ਮੁਨੱਕਰ ਸੀ। ਜਦੋਂ ਦਿਲਰਾਜ ਦਾ ਬਿਰਧ ਬਾਪ ਕੌਡੀਆਂ ਆਲੇ ਕੋਲ ਫ਼ਰਿਆਦ ਲੈ ਕੇ ਪਹੁੰਚਿਆ ਤਾਂ ਕੌਡੀਆਂ ਆਲੇ ਨੇ ਉਸ ਦੀ ਦਾਹੜ੍ਹੀ ਪੁੱਟ ਦਿੱਤੀ ਅਤੇ ਬੁੱਢੇ ਹੱਡ ਕੁੱਟ-ਕੁੱਟ ਕੇ ਘਰ ਤੋਰ ਦਿੱਤਾ। ਬਜੁਰਗ ਸਰੀਰਕ ਅਤੇ ਮਾਨਸਿਕ ਪੀੜ ਹਿਰਦੇ ਵਿਚ ਲੁਕਾਈ, ਔਂਟਲਿਆ ਫਿਰਦਾ ਸੀ। ਕਿਤੇ ਸੁਣਵਾਈ ਨਹੀਂ ਸੀ। ਕੋਈ ਅਪੀਲ, ਦਲੀਲ ਨਹੀਂ ਸੁਣਦਾ ਸੀ। ਵਕੀਲ ਅਜਿਹੇ ਕੇਸਾਂ ਨੂੰ ਹੱਥ ਪਾਉਣੋਂ ਡਰਦੇ ਸਨ। ਜਦੋਂ ਦਾ ਪੁਲੀਸ ਨੇ ਇੱਕ ਵਕੀਲ, ਪ੍ਰੀਵਾਰ ਸਮੇਤ ਗੁੰਮ ਕੀਤਾ ਸੀ। ਉਦੋਂ ਤੋਂ ਵਕੀਲ ਅੱਤਿਵਾਦ ਦੇ ਕੇਸਾਂ ਨੂੰ ਹੱਥ ਪਾਉਣੋਂ ਗੁਰੇਜ਼ ਕਰਦੇ ਸਨ।

ਕੌਡੀਆਂ ਵਾਲਾ ਤਿੰਨ ਦਿਨ ਤੋਂ ਬਲਿਹਾਰ ਅਤੇ ਦਿਲਰਾਜ 'ਤੇ ਤਸ਼ੱਦਦ ਢਾਹ ਰਿਹਾ ਸੀ। ਦਿਲਰਾਜ ਦੇ ਹੱਥਾਂ ਪੈਰਾਂ ਦੇ ਨਹੁੰ ਜਮੂਰਾਂ ਨਾਲ ਖਿੱਚ ਦਿੱਤੇ ਗਏ ਸਨ। ਲੱਤਾਂ ਬਾਹਾਂ ਚੀਰ ਕੇ ਲੂਣ-ਮਿਰਚਾਂ ਪਾਈਆਂ ਹੋਈਆਂ ਸਨ। ਇਸ ਤੋਂ ਬੁਰਾ ਹਾਲ ਬਲਿਹਾਰ ਦਾ ਸੀ। ਉਸ ਦੇ ਹੱਥ ਪੈਰ ਪੱਥਰ ਦੀ ਸਿਲ਼ ਉਪਰ ਰੱਖ ਕੇ, ਹਥੌੜੇ ਨਾਲ ਫ਼ੇਹੇ ਗਏ ਸਨ ਅਤੇ ਪੱਟਾਂ ਡੌਲਿਆਂ ਵਿਚੋਂ ਦੀ ਗਰਮ ਸਰੀਏ ਲੰਘਾਏ ਗਏ ਸਨ। ਮੁੰਡਾ ਗਰਮ ਸਲਾਖਾਂ ਨਾਲ ਥਾਂ-ਥਾਂ ਤੋਂ ਪਰੋਇਆ ਪਿਆ ਸੀ। ਸਾਰੀ ਸਾਰੀ ਰਾਤ ਉਹਨਾਂ ਦੇ ਪੀਕ ਪਏ ਜ਼ਖਮਾਂ 'ਤੇ ਡੰਡੇ ਵਰ੍ਹਦੇ ਰਹਿੰਦੇ ਅਤੇ ਪੀਣ ਲਈ ਪਾਣੀ ਤੱਕ ਨਾ ਦਿੱਤਾ ਜਾਂਦਾ। ਪਰ ਕੌਡੀਆਂ ਵਾਲੇ ਦੇ ਕੱਖ ਪੱਲੇ ਨਹੀ ਪਿਆ ਸੀ। ਦੋ ਰਾਤਾਂ ਅਤੇ ਤਿੰਨ ਦਿਨਾਂ ਵਿਚ ਉਹ ਮੁੰਡਿਆਂ ਦੇ ਮੂੰਹੋਂ ਇੱਕ ਲਫ਼ਜ਼ ਵੀ ਨਹੀਂ ਕਢਵਾ ਸਕਿਆ ਸੀ। ਇਹ ਉਸ ਲਈ ਡੁੱਬ ਮਰਨ ਵਾਲੀ ਗੱਲ ਸੀ। ਉਹ ਮਾਯੂਸੀ ਨਾਲ ਕੰਧਾਂ ਵਿਚ ਟੱਕਰਾਂ ਮਾਰਦਾ ਫਿਰਦਾ ਸੀ। ਐੱਸ. ਪੀ. ਵਾਰ-ਵਾਰ ਉਸ ਨੂੰ ਫ਼ੋਨ ਤੇ ਫ਼ੋਨ ਕਰ ਰਿਹਾ ਸੀ। ਪਰ ਕੌਡੀਆਂ ਵਾਲੇ ਕੋਲ ਦੱਸਣ ਲਈ ਕੁਝ ਵੀ ਨਹੀਂ ਸੀ। ਉਹ ਸਾਰੇ ਤਸ਼ੱਦਦ ਦਾ ਵੇਰਵਾ ਵਿਸਥਾਰ ਸਹਿਤ ਐੱਸ. ਪੀ. ਨੂੰ ਦੱਸਦਾ। ਪਰ ਉਹ ਅੱਗਿਓਂ ਕੋਈ "ਰਾਜ" ਜਾਨਣ ਦਾ ਇੱਛੁਕ ਸੀ। ਕੀਤਾ ਜਾ ਰਿਹਾ ਤਸ਼ੱਦਦ ਉਸ ਲਈ ਕੋਈ ਵੀ ਮਾਹਨਾ ਨਹੀਂ ਰੱਖਦਾ
ਸੀ। ਉਹ ਪੇਡ ਗਿਣਨ ਦਾ ਨਹੀਂ, ਅੰਬ ਖਾਣ ਦਾ ਆਦੀ ਸੀ। ਉਸ ਅਨੁਸਾਰ ਕੱਟੇ ਨੂੰ ਮਣ ਦੁੱਧ ਦਾ ਕੋਈ ਫ਼ਾਇਦਾ ਨਹੀਂ ਸੀ। ਕੱਟਾ ਤਾਂ ਮੱਝ ਪਸਮਾਉਣ ਦਾ ਇੱਕ ਹਥਿਆਰ ਸੀ।

ਰਾਤ ਨੂੰ ਫਿਰ ਦੋਨੋਂ ਮੁੰਡੇ ਕੁਤਰਾ-ਕੁਤਰਾ ਕਰਕੇ, ਹਲਾਲ ਕਰਨੇ ਸ਼ੁਰੂ ਕਰ ਦਿੱਤੇ। ਪਰ ਬਲਹਿਾਰ ਨੇ ਬੇਹੋਸ਼ ਹੋਣ ਤੋਂ ਪਹਿਲਾਂ ਸਿਰਫ਼ ਇਤਨਾ ਹੀ ਆਖਿਆ;

-"ਬੁੱਚੜ ਠਾਣੇਦਾਰਾ..! ਤੂੰ ਆਬਦਾ ਜੋਰ ਲਾ ਕੇ ਹਟੀਂ..! ਸਾਡੇ ਮੂੰਹੋਂ ਇੱਕ ਲਫ਼ਜ਼ ਨਹੀਂ ਨਿਕਲੂਗਾ..।" ਤੇ ਦਿਲਰਾਜ ਨੇ ਆਖਿਆ ਸੀ;

-"ਮਰਿਆਂ 'ਚੋਂ ਜੋ ਕੁਛ ਮਰਜ਼ੀ ਐ ਕੱਢੀ ਜਾਈਂ ਕੁੱਤੇ ਦਿਆ ਬੀਆ! ਪਰ ਜਿਉਂਦੇ ਜੀਅ ਤੂੰ ਸਾਡੇ 'ਚੋਂ ਕੋਈ ਭੇਦ ਨਹੀਂ ਕੱਢ ਸਕਦਾ।"

ਸੁਣ ਕੇ ਠਾਣੇਦਾਰ ਨੇ ਕੰਧ 'ਚ ਟੱਕਰ ਮਾਰੀ!

ਇਸ ਤਸ਼ੱਦਦ ਦੀ ਤੁਰਦੀ ਤੁਰਦੀ ਗੱਲ ਕੁਲਬੀਰ ਦੇ ਕੰਨਾਂ ਨਾਲ ਜਾ ਟਕਰਾਈ। ਉਹ ਕਰੋਧ ਵਿਚ ਪਾਗਲ ਹੋ ਉਠਿਆ। ਉਸ ਨੇ ਰਾਤ ਨੂੰ ਸਾਥੀ ਇਕੱਠੇ ਕਰ ਲਏ।

-"ਸਾਥੀਓ! ਜੇ ਆਪਾਂ ਪੁਲਸ ਨੂੰ ਮੂੰਹ ਤੋੜਵਾਂ ਉੱਤਰ ਨਾ ਮੋੜਿਆ ਤਾਂ ਪੁਲਸ ਆਪਾਂ ਨੂੰ ਘੋਗਲਕੰਨਾ ਸਮਝ ਕੇ ਹੋਰ ਨੁਕਸਾਨ ਕਰੇਗੀ...!"

-".........!" ਸਾਰੇ ਸੁਣ ਰਹੇ ਸਨ।

-"ਤੁਹਾਨੂੰ ਪਤਾ ਈ ਐ ਕਿ ਪੁਲਸ ਨੇ ਆਪਣੇ ਤਿੰਨ ਏ ਕਲਾਸ ਖ਼ਾੜਕੂ ਪ੍ਰੀਤਮ, ਮਾਸਟਰ ਜੀ ਅਤੇ ਬਾਲੀ ਹੋਰਾਂ ਦਾ ਸ਼ਿਕਾਰ ਖੇਡਿਆ ਅਤੇ ਦੋ ਫੜੇ ਗਏ ਖ਼ਾੜਕੂਆਂ ਬਲਿਹਾਰ ਅਤੇ ਦਿਲਰਾਜ 'ਤੇ ਕੌਡੀਆਂ ਆਲੇ ਵੱਲੋਂ ਅਣ-ਮਨੁੱਖੀ ਤਸ਼ੱਦਦ ਢਾਹਿਆ ਜਾ ਰਿਹਾ ਹੈ-ਇਸ ਲਈ ਭਰਾਵੋ! ਜਿੰਨਾ ਚਿਰ ਆਪਾਂ ਇਹਨਾਂ 'ਤੇ ਡੰਡਾ ਨਹੀਂ ਫੇਰਦੇ-ਇਹਨਾਂ ਨੇ ਖੁਰਕ ਕਰਨੋਂ ਨਹੀਂ ਹਟਣਾ-ਆਪਾਂ ਨੂੰ ਪੁਲਸ ਨੂੰ ਵੰਡਣ ਲਈ ਇੱਕ ਵੱਡਾ ਐਕਸ਼ਨ ਕਰਨਾ ਹੋਊਗਾ।"

-"ਪਰ ਐਕਸ਼ਨ ਹੋਊ ਕਿਹੋ ਜਿਆ ਪ੍ਰਧਾਨਾ?"

-"ਇਹ ਕੱਲ੍ਹ ਨੂੰ ਪਤਾ ਲੱਗੂ-ਪਰ ਇੱਕ ਗੱਲ ਅੱਜ ਮੈਂ ਹੋਰ ਸਹੀ-ਸਪੱਸ਼ਟ ਕਰ ਦੇਣਾ ਚਾਹੁੰਨੈਂ! ਬਈ ਜੋ ਐਕਸ਼ਨ ਮੈਂ ਕਹਾਂਗਾ, ਉਹ ਹੀ ਕਰਨਾ ਪੈਣੈਂ! ਅਗਰ ਕਿਸੇ ਨੂੰ ਨਹੀਂ ਮਨਜ਼ੂਰ, ਬੇਸ਼ੱਕ ਜੱਥੇਬੰਦੀ ਛੱਡ ਕੇ ਦੂਜੀ ਜੱਥੇਬੰਦੀ ਨਾਲ ਜਾ ਰਲੇ-ਖੁੱਲ੍ਹੀ ਛੁੱਟੀ ਐ।"
-"ਪਰ ਪ੍ਰਧਾਨਾ ਜਦੋਂ ਤੈਨੂੰ ਲੈਫ਼ਟੀਨੈਂਟ ਜਨਰਲ ਥਾਪਿਆ ਸੀ ਤਾਂ ਜੱਥੇਦਾਰ ਹੋਰਾਂ ਦਾ ਹੁਕਮ ਸੀ ਕਿ ਹਰ ਵੱਡਾ ਛੋਟਾ ਐਕਸ਼ਨ ਜੱਥੇਬੰਦੀਆਂ ਦੀ ਸਲਾਹ ਨਾਲ ਕੀਤਾ ਜਾਵੇ।" ਰੈਂਸੀ ਨੇ ਕਿਹਾ। ਉਹ ਕਦੋਂ ਦਾ ਕੁਲਬੀਰ ਨੂੰ ਗਹੁ ਨਾਲ ਸੁਣ ਰਿਹਾ ਸੀ। ਪਲੱਸ-ਟੂ ਦਾ ਵਿਦਿਆਰਥੀ ਰਬਿੰਦਰ ਰੈਂਸੀ ਭੰਗੜੇ ਵਿਚ ਪੰਜਾਬ ਪੱਧਰ 'ਤੇ ਅਵਾਰਡ ਹਾਸਲ ਕਰ ਚੁੱਕਾ ਸੀ। ਪਰ ਲਗਾਤਾਰ ਵੱਜਦੇ ਛਾਪਿਆਂ ਨੇ ਉਸ ਨੂੰ ਸਟੇਜ਼ੀ ਮਸਤੀ ਮਾਨਣ ਨਾ ਦਿੱਤੀ ਤਾਂ ਉਹ ਸਭ ਕਾਸੇ ਨੂੰ ਲੱਤ ਮਾਰ ਖ਼ਾੜਕੂ ਸਫ਼ਾਂ ਵਿਚ ਆ ਰਲਿਆ। ਸਟੇਜਾਂ 'ਤੇ ਧੁੰਮਾਂ ਪਾਉਣ ਵਾਲਾ ਰੈਂਸੀ ਹੁਣ ਮਾਰੂ ਹਥਿਆਰ ਚੁੱਕ ਰਾਤਾਂ ਨੂੰ ਸੱਪਾਂ ਦੀਆਂ ਸਿਰੀਆਂ ਮਿੱਧਦਾ ਫਿਰਦਾ ਸੀ। ਉਸ ਨੇ ਆਪਣਾ ਕੋਮਲ ਕਲਾਕਾਰ ਦਿਲ ਪੱਥਰ ਵਰਗਾ ਕਠੋਰ ਬਣਾ ਲਿਆ ਸੀ। ਵਕਤ ਦੇ ਖਦੇੜੇ ਮੁੰਡੇ ਸਾਹਮਣੇ ਹਥਿਆਰ ਚੁੱਕਣ ਤੋਂ ਸਿਵਾਏ ਕੋਈ ਰਸਤਾ ਹੀ ਨਹੀਂ ਰਹਿ ਗਿਆ ਸੀ।
-"ਅਗਰ ਆਪਾਂ ਹਰ ਐਕਸ਼ਨ ਜੱਥੇਦਾਰ ਹੋਰਾਂ ਦੀ ਸਲਾਹ ਨਾਲ ਕਰਨ ਲੱਗੇ ਤਾਂ ਆਪਾਂ ਆਪਣੇ ਨਿਸ਼ਾਨੇ 'ਤੇ ਕਦੇ ਵੀ ਪੁੱਜ ਨਹੀਂ ਸਕਾਂਗੇ-ਸੋ ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ ਬਈ ਜਿਸ ਨੂੰ ਮੇਰਾ ਫ਼ੈਸਲਾ ਮਨਜ਼ੂਰ ਨਹੀਂ, ਉਹ ਬੇਧੜਕ ਚਲਾ ਜਾਵੇ-।"
-"ਬੇਕਸੂਰਾਂ ਦੇ ਕਤਲ ਕਦੀ ਵੀ ਆਪਣੇ ਹੱਕ ਵਿਚ ਨਹੀਂ ਤੁਰਨਗੇ-ਲੋਕਾਂ ਦੀ ਨਜ਼ਰ ਵਿਚ ਲਹਿਰ ਬਦਨਾਮ ਹੀ ਹੋਵੇਗੀ-ਲੋਕਾਂ ਦੇ ਸਹਿਯੋਗ ਤੋਂ ਬਿਨਾ ਆਪਾਂ ਕੱਖ ਦੇ ਨਹੀਂ-ਅਗਰ ਆਪਾਂ ਬੇਕਸੂਰ ਬੰਦੇ ਮਾਰਾਂਗੇ-ਲੋਕ ਆਪਣੇ ਨਾਲ ਜੁੜਨੇ ਨਹੀਂ ਸਗੋਂ ਟੁੱਟਣਗੇ-ਜੇ ਲੋਕ ਹੀ ਆਪਣੇ ਨਾਲੋਂ ਟੁੱਟ ਗਏ-ਲਹਿਰ ਗਈ ਫਿਰ ਖੂਹ 'ਚ-ਮੈਂ ਤਾਂ ਇਹੀ ਕਹੂੰਗਾ ਪ੍ਰਧਾਨਾ ਕਿ ਆਪਾਂ ਕਦਮ ਸੋਚ ਸਮਝ ਕੇ ਚੱਕੀਏ-ਆਪਣਾ ਅੱਗੇ ਈ ਬਹੁਤ ਨੁਕਸਾਨ ਹੋ ਚੁੱਕਾ ਹੈ।" ਤੇਜਇੰਦਰ ਨੇ ਆਪਣਾ ਪੱਖ ਪੇਸ਼ ਕੀਤਾ।
-"ਤੁਸੀਂ ਮੈਨੂੰ ਗਾਂਧੀ ਬਣ ਬਣ ਨਾ ਦਿਖਾਓ! ਜੀਹਨੇ ਜਾਣੈਂ ਜੀ ਸਦਕੇ ਜਾਵੇ!" ਕੁਲਬੀਰ ਨੇ ਆਖਰੀ ਬਚਨ ਸੁਣਾ ਦਿੱਤਾ। ਤੇਜਇੰਦਰ ਅਤੇ ਰਾਜਵਿੰਦਰ 'ਵਾਕ-ਆਊਟ' ਕਰ ਗਏ।
-"ਹੁਣ ਕਿਸੇ ਨੇ ਹੋਰ ਜਾਣੈਂ ਤਾਂ ਦੇਖ ਲਓ!"
-"..........।" ਸਾਰੇ ਖ਼ਾਮੋਸ਼ ਸਨ।
ਕੁਲਬੀਰ ਸਾਰਿਆਂ ਦੀ ਖ਼ਾਮੋਸ਼ੀ ਦੇਖ ਚੁੱਪ ਹੋ ਗਿਆ।

0 0 0 0 0

ਸੂਬੇਦਾਰ ਕਰਤਾਰ ਸਿੰਘ ਦਾ ਕੰਮ ਸ਼ਾਹੀ ਠਾਠ ਵਿਚ ਸੀ। ਅਠਾਈ ਏਕੜ ਉਪਜਾਊ ਜ਼ਮੀਨ ਦੀ ਖੇਤੀ ਤਿੰਨ ਜੁਆਨ ਪੁੱਤਰਾਂ ਨੇ ਬੜੇ ਸਲੀਕੇ ਨਾਲ ਸੰਭਾਲੀ ਹੋਈ ਸੀ। ਤਿੰਨੇ ਪੁੱਤ ਚੰਗੇ ਘਰੀਂ ਵਿਆਹੇ ਹੋਏ ਸਨ। ਤਿੰਨੇ ਨੂੰਹਾਂ ਸੂਬੇਦਾਰ ਦੀਆਂ ਸਤਿ-ਬਚਨ ਦੀਆਂ ਭਾਗੀ ਸਨ। ਚਾਹੇ ਸੂਬੇਦਾਰ ਉਹਨਾਂ ਨੂੰ ਮੂੰਹ ਨਹੀਂ ਬੋਲਦਾ ਸੀ, ਪਰ ਨੂੰਹਾਂ ਸਤਜੁਗੀ ਸੁਭਾਅ ਦੀਆਂ ਸਨ। ਉਸ ਅੱਗੇ ਸਾਹ ਤੱਕ ਨਾ ਕੱਢਦੀਆਂ। ਸੂਬੇਦਾਰ ਨਿੱਕੀ-ਨਿੱਕੀ ਗੱਲ ਤੋਂ ਨੂੰਹਾਂ ਨਾਲ ਖਹਿਬੜ ਪੈਂਦਾ। ਅਗਰ ਸੂਬੇਦਾਰ ਦੀ ਦਾਲ ਵਿਚ ਘਿਉ ਘੱਟ ਪੈ ਜਾਂਦਾ ਤਾਂ ਸੂਬੇਦਾਰ ਹਿਣਕ ਕੇ ਪੈਂਦਾ, "ਲੇਕਿਨ ਕੁੜੀਏ..! ਮੇਰੀ ਦਾਲ਼ ਵਿਚ ਘਿਉ ਘੱਟ ਕਿਉਂ ਹੈ?" ਤਾਂ ਨੂੰਹ ਚਮਚਾ ਘਿਉ ਦਾ ਹੋਰ ਪਾ ਜਾਂਦੀ। ਅਗਰ ਸੂਬੇਦਾਰ ਦੀ ਦਾਲ਼ ਵਿਚ ਘਿਉ ਭੋਰਾ ਜ਼ਿਆਦਾ ਪੈ ਜਾਂਦਾ, ਤਾਂ ਵੀ ਉਹ ਪਿੱਟ ਉਠਦਾ, "ਲੇਕਿਨ ਘਰ ਨੂੰ ਤੰਗਲ਼ੀ ਕਿਉਂ ਲਾਉਣੀ ਲਈ ਹੈ? ਲੇਕਿਨ ਹਰ ਚੀਜ਼ ਸੋਚ ਸਮਝ ਕੇ ਵਰਤਿਆ ਕਰੋ!" ਉਹ ਨੂੰਹਾਂ ਨੂੰ ਕਿਸੇ ਪਾਸੇ ਵੀ ਨਾ ਛੱਡਦਾ।
ਹਰ ਗੱਲ ਨਾਲ 'ਲੇਕਿਨ' ਕਹਿਣਾ ਉਸ ਦੀ ਆਮ ਆਦਤ ਸੀ। ਜਿਸ ਕਰਕੇ ਲੋਕਾਂ ਨੇ ਉਸ ਦਾ ਨਾਂ ਹੀ "ਲੇਕਿਨ ਸੂਬੇਦਾਰ" ਹੀ ਪਕਾ ਲਿਆ ਸੀ। ਆਪਣੀ ਰਟਾਇਰਮੈਂਟ ਤੋਂ ਬਾਅਦ ਕੰਮ ਨੂੰ ਤਾਂ ਉਹ ਹੱਥ ਨਹੀਂ ਲਾਉਂਦਾ ਸੀ। ਪਰ ਘਰ ਦੇ ਹਰ ਕੰਮ ਵਿਚ 'ਘੜੰਮ ਚੌਧਰੀ' ਬਣਨਾ ਉਸ ਦੀ ਬੁਰੀ ਆਦਤ ਸੀ। ਤਿੰਨੇ ਮੁੰਡੇ ਉਸ ਦੇ ਬੱਤੀ ਸੁਲੱਖਣੇ ਸਨ। ਕਦੇ ਉੱਚਾ ਨਾ ਬੋਲਦੇ।
ਸੂਬੇਦਾਰ ਦੇ ਸਾਰਿਆਂ ਤੋਂ ਛੋਟੇ ਮੁੰਡੇ ਨੇ ਇੱਕ ਵੱਡੀ ਆਟਾ ਪੀਸਣ ਵਾਲੀ ਚੱਕੀ ਲਾਈ ਹੋਈ ਸੀ। ਜਿੱਥੋਂ ਉਸ ਨੂੰ ਵਾਹਵਾ ਆਮਦਨ ਹੋ ਜਾਂਦੀ ਸੀ। ਚੱਕੀ ਦੇ ਕੰਮ ਲਈ ਉਸ ਨੇ ਤਿੰਨ ਭਈਏ ਰੱਖੇ ਹੋਏ ਸਨ ਅਤੇ ਭਈਆਂ ਦੀ ਕਮਾਂਡ ਸੰਭਾਲਣ ਲਈ ਪਿੰਡ ਵਿਚੋਂ ਇੱਕ ਅਮਲੀ ਪੱਟਿਆ ਹੋਇਆ ਸੀ, ਜਿਸ ਦਾ ਕੋਈ ਅੱਗਾ ਪਿੱਛਾ ਨਹੀਂ ਸੀ। ਮਾੜੀ ਮੋਟੀ ਤਨਖਾਹ ਭਈਆਂ ਨੂੰ ਦੇ ਦਿੱਤੀ ਜਾਂਦੀ। ਪਰ ਅਮਲੀ ਇੱਕ ਤਰ੍ਹਾਂ ਨਾਲ ਡੋਡਿਆਂ ਅਤੇ ਰੋਟੀ 'ਤੇ ਹੀ ਕੰਮ ਕਰਦਾ ਸੀ। ਕੰਮ ਵੀ ਉਹ ਕਾਹਦਾ ਕਰਦਾ ਸੀ? ਬੱਸ! ਭਈਆਂ ਨੂੰ ਗਾਹਲਾਂ ਕੱਢਣੀਆਂ ਅਤੇ ਕੰਮ 'ਤੇ ਲਾਈ ਰੱਖਣਾ। ਆਪ ਉਹ ਘੱਟ ਵੱਧ ਹੀ ਸੌਂਦਾ ਸੀ ਅਤੇ ਨਾਲ ਹੀ ਭਈਆਂ ਨੂੰ ਗੇੜੀਂ ਪਾਈ ਰੱਖਦਾ। ਚੱਕੀ ਦਿਨ ਰਾਤ ਚੱਲਦੀ ਰਹਿੰਦੀ। ਅਗਰ ਬਿਜਲੀ ਚਲੀ ਜਾਂਦੀ ਤਾਂ ਤੇਈ-ਪੱਚੀ ਦਾ ਵਲਾਇਤੀ ਇੰਜਣ ਦੁਹਾਈ ਪਾਉਂਦਾ ਰਹਿੰਦਾ। ਸੂਬੇਦਾਰ ਅਤੇ ਉਸ ਦੇ ਮੁੰਡੇ ਅਮਲੀ 'ਤੇ ਬਹੁਤ ਖ਼ੁਸ਼ ਸਨ। ਅਮਲੀ ਦੇ ਸਿਰ 'ਤੇ ਉਹਨਾਂ ਨੂੰ ਕੋਈ ਬਹੁਤਾ ਫ਼ਿਕਰ ਨਹੀਂ ਰਹਿੰਦਾ ਸੀ। ਕਿਉਂਕਿ ਅਮਲੀ ਕੰਮ ਨਹੀਂ ਖੜ੍ਹਨ ਦਿੰਦਾ ਸੀ। ਚੱਕੀ ਦੇ ਨਾਲ ਲੱਗਦੀ ਇੱਕ ਕੋਠੜੀ ਸੂਬੇਦਾਰ ਦੇ ਮੁੰਡੇ ਨੇ ਕਈ ਹੋਰ ਭਈਆਂ ਨੂੰ ਕਿਰਾਏ 'ਤੇ ਦੇ ਰੱਖੀ ਸੀ, ਜਿੱਥੇ ਬਾਰਾਂ ਭਈਏ ਰਲ ਮਿਲ ਕੇ ਰਹਿੰਦੇ ਸਨ ਅਤੇ ਉਹ ਰਲ ਕੇ ਇਸ ਕੋਠੜੀ ਦਾ ਡੇਢ੍ਹ ਸੌ ਰੁਪਏ ਕਿਰਾਇਆ ਭਰਦੇ ਸਨ। ਸੂਬੇਦਾਰ ਦੇ ਮੁੰਡੇ ਨੇ ਰੰਗਦਾਰ ਟੈਲੀਵੀਯਨ ਖਰੀਦ ਲਿਆ ਅਤੇ ਬਲੈਕ ਐਂਡ ਵਾਈਟ ਟੈਲੀਵੀਯਨ ਉਸ ਨੇ ਅਮਲੀ ਸਾਹਮਣੇ ਲਿਆ ਰੱਖਿਆ।
-"ਲੈ ਅਮਲੀਆ..! ਆਹ ਚੱਕ ਟੈਲੀਵੀਯਨ! ਫਿਲਮਾਂ ਦੇਖ ਚਾਹੇ ਗਾਣੇਂ ਸੁਣ-ਹੁਣ ਇਹਦਾ ਤੂੰ ਮਾਲਕ ਐਂ!" ਮੁੰਡੇ ਨੇ ਅਮਲੀ ਨੂੰ ਰੇਤਿਆ ਤਾਂ ਅਮਲੀ ਨੇ ਸ਼ਿਸ਼ਤ ਬੰਨ੍ਹ ਕੇ ਟੀ. ਵੀ. ਵੱਲ ਦੇਖਿਆ।
-"ਮੈਂ ਇਹ ਕੀ ਕਰਨੈ ਸਰਦਾਰਾ-ਬਾਧੂ ਮੂਰਤਾਂ ਦੇਖ ਕੇ ਚਿੱਤ ਭੈੜਾ ਹੋਊ-ਨਾਲੇ ਹੁਣ ਤਾਂ ਦੱਸਦੇ ਐ ਬਈ ਫਿਲਮਾਂ ਆਲੇ ਵੀ ਸਿੱਧੇ ਈ ਫੱਟੇ ਚੱਕਣ ਲੱਗਪੇ?" ਅਮਲੀ ਬੋਲਿਆ।

-"ਕੋਈ ਬਾਤ ਨਹੀਂ ਅਮਲੀ-ਤੁਮ ਨਹੀਂ ਤੋ ਹਮ ਦੇਖ ਲੀਆ ਕਰੇਂਗੇ।" ਇੱਕ ਭਈਆ ਬੋਲਿਆ। ਟੈਲੀਵੀਯਨ ਦੇਖ ਕੇ ਉਸ ਨੂੰ ਚਾਅ ਚੜ੍ਹ ਗਿਆ ਸੀ।
-"ਕੂਤੇ ਕਿਆ ਸਾਲਿਆ! ਕਾਮ ਤੁਮਾਰ੍ਹਾ ਬੂੜ੍ਹਾ ਕਰੇਗਾ? ਮੰਨੋਂ ਦੇ ਜਾਣੇਂ ਨੇ ਕੱਛੇਂ ਵਜਾਉਣੀਂ ਸ਼ੁਰੂ ਕਰ ਦੀਂ।"
-"ਕਾਮ ਭੀ ਕਰੇਂਗੇ ਅਮਲੀ! ਕਾਮ ਭੀ ਕਰੇਂਗੇ! ਤੁਮ ਕੋ ਕੋਈ ਸ਼ਕਾਇਤ ਕਾ ਸਮਾਂ ਨਹੀਂ ਦੇਂਗੇ-ਲੇਕਿਨ ਟੀ. ਵੀ. ਮਤ ਵਾਪਿਸ ਕਰੀਏ।"
-"ਕਾਮ ਸਾਲਿਆ ਤੂੰ ਕੈਸੇ ਨਹੀਂ ਕਰੇਗਾ? ਕਾਮ ਤੋ ਮੈਂ ਛਿੱਤਰੋਂ ਸੇ ਕਰਵਾ ਲਊਂਗਾ।"
-"ਅਮਲੀ ਇਸ ਕੀ ਜ਼ਰੂਰਤ ਹੀ ਨਹੀਂ ਪੜੇਗੀ।"
ਸੂਬੇਦਾਰ ਦਾ ਮੁੰਡਾ ਅਮਲੀ ਦੀ ਹਿੰਦੀ 'ਤੇ ਹੱਸਦਾ ਤੁਰ ਗਿਆ। ਚੱਕੀ ਵਾਲੇ ਭਈਆਂ ਨੇ ਗੁਆਂਢੀ ਭਈਆਂ ਨੂੰ ਟੈਲੀਵੀਯਨ ਬਾਰੇ ਦੱਸ ਦਿੱਤਾ। ਕੁਦਰਤੀਂ ਦੁਪਿਹਰੋਂ ਬਾਅਦ ਚੱਕੀ ਦਾ ਪੁੜ ਟੁੱਟ ਗਿਆ। ਕੰਮ ਠੱਪ ਹੋ ਗਿਆ।
ਭਈਆਂ ਨੇ ਕੱਛਾਂ ਵਜਾਈਆਂ। ਅੱਜ ਉਹ ਮਸਾਂ ਵਿਹਲੇ ਹੋਏ ਸਨ। ਨਹੀਂ ਤਾਂ ਅਮਲੀ ਉਹਨਾਂ ਨੂੰ ਸਾਹ ਨਹੀਂ ਲੈਣ ਦਿੰਦਾ ਸੀ। ਕੰਮ ਵਿਚ ਹੀ ਦਬੱਲੀ ਰੱਖਦਾ ਸੀ।
ਸ਼ਾਮ ਨੂੰ ਸਾਰੇ ਭਈਏ ਰਲ ਕੇ ਟੈਲੀਵੀਯਨ 'ਤੇ ਫਿਲਮ ਦੇਖ ਰਹੇ ਸਨ। ਨਾਮਵਰ ਪੰਜਾਬੀ ਐਕਟਰਾਂ ਨੂੰ ਲੈ ਕੇ ਬਣਾਈ ਹਿੰਦੀ ਫ਼ਿਲਮ "ਸਮਗਲਰ" ਦਿਖਾਈ ਜਾ ਰਹੀ ਸੀ। ਬਿਜਲੀ "ਫ਼ੁੱਲ" ਸੀ। ਸਾਰੇ ਫ਼ਿਲਮ ਵਿਚ ਖੁੱਭੇ ਹੋਏ ਸਨ। ਪਰ ਅਮਲੀ ਦੇ ਪੇਟ ਵਿਚ ਕੜੱਲ ਉਠੀ ਜਾ ਰਹੇ ਸਨ। ਉਸ ਦੇ ਢਿੱਡ ਵਿਚ ਮਿੰਨ੍ਹਾ-ਮਿੰਨ੍ਹਾ ਦਰਦ ਹੋ ਰਿਹਾ ਸੀ। ਉਸ ਨੇ ਉਠ ਕੇ ਕੋਸੇ ਪਾਣੀ ਨਾਲ ਚੂਰਨ ਲਿਆ। ਕੁਝ ਪਲਾਂ ਵਿਚ ਹਵਾ ਖ਼ਲਾਸ ਹੋਈ ਤਾਂ ਅਮਲੀ ਦਾ ਪੇਟ ਹੌਲਾ ਫੁੱਲ ਵਰਗਾ ਹੋ ਗਿਆ। ਸਾਰੇ ਭਈਏ ਇੱਕ ਦਮ ਅਮਲੀ ਵੱਲ ਝਾਕੇ।
-"ਅਮਲੀ ਇਤਨਾ ਬੜਾ ਪਾਅਦ...?" ਅਮਲੀ ਦੀ ਵਰ੍ਹਾਈ ਧੂਹ 'ਤੇ ਭਈਏ ਹੱਸ ਰਹੇ ਸਨ।
-"ਸਾਲਿਓ ਤੁਮ ਮੇਰੇ ਪੱਦ 'ਤੇ ਹੱਸ ਰਹੇ ਓਂ?"
-"ਅਮਲੀ ਪਾਅਦ ਤੋ ਹਮਨੇ ਬਹੁਤ ਸੇ ਸੁਨੇ ਹੈਂ-ਮਗਰ ਇਤਨਾ ਬੜਾ ਕਭੀ ਨਹੀਂ ਸੁਨਾ-ਯੇਹ ਤੋ ਆਪ ਨੇ ਰਿਕਾਰਡ ਕਾਇਮ ਕਰ ਦੀਆ।" ਇੱਕ ਭਈਆ ਦਾਲ਼-ਚੌਲ਼ ਖਾ ਰਿਹਾ ਸੀ। ਉਹ ਆਪਣੀ ਥਾਲੀ ਚੁੱਕ, ਅਮਲੀ ਤੋਂ ਦੂਰ ਹੋ ਕੇ ਬੈਠ ਗਿਆ। ਉਸ ਦੇ ਦਿਲ ਵਿਚ ਡਰ ਸੀ ਕਿ ਅਮਲੀ ਫਿਰ ਨਾ ਲਾਹੌਰ ਵਾਲੀ ਤੋਪ ਦਾ ਮੂੰਹ ਖੋਹਲ ਦੇਵੇ?
-"ਸਾਲਿਓ ਤੁਸੀਂ ਕੁਛ ਖਾਣਾ ਨਹੀਂ ਪੀਣਾ ਨਹੀਂ-ਗੱਲਾਂ ਕੀ ਕਰਦੇ ਐ ਸਾਲੀ ਚੌਲ਼ ਖਾਣੀ ਜਾਅਤ!" ਐਤਕੀਂ ਅਮਲੀ ਸਿੱਧੀ ਸਲੋਟ ਪੰਜਾਬੀ ਵਿਚ ਹੀ ਪਿਆ। ਭਈਏ ਹੱਸ ਪਏ।
ਫ਼ਿਲਮ ਖਤਮ ਹੋ ਗਈ।
ਪਰ ਅਗਲਾ ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ ਸਾਰੇ ਭਈਏ ਦਾਲ਼-ਚੌਲ਼ ਥਾਲੀਆਂ ਵਿਚ ਪਾ, ਫਿਰ ਟੀ. ਵੀ. ਮੂਹਰੇ ਆ ਡਟੇ। ਅਮਲੀ ਖਿਝਿਆ ਪਿਆ ਸੀ।
-"ਉਏ ਭਈਆ! ਕਿਤਨੀ ਦੇਰ ਚੱਲੇਗਾ ਯੇਹ ਤੁਮਾਰਾ ਠਕਠਕਾ?"
-"ਬੱਸ ਅਮਲੀ ਏਕ ਘੰਟਾ ਔਰ ਚੱਲੇਗਾ।"
-"ਜਲਦੀ ਸੌਂ ਜਾਨਾ ਹੈ-ਕੱਲ੍ਹ ਨੂੰ ਤੁਮਨੇ ਪੁੜ ਲੱਦਣਾ ਹੈ-ਯੇਹ ਕੰਮ ਤੁਮਨੇ ਕਰਨਾ ਹੈ ਤੁਮਾਰੇ ਬਾਪੂ ਨੇ ਨਹੀਂ।"
-"ਕੋਈ ਬਾਤ ਨਹੀਂ ਅਮਲੀ ਫ਼ਿਕਰ ਮਤ ਕਰੀਏ-ਆਪ ਸੋ ਜਾਈਏ।"
-"ਮੈਂ ਤੋ ਸੂਅ ਜਾਤਾ ਹੂੰ-ਤੁਮ ਬੀ ਸੌਂ ਲਓ!" ਅਮਲੀ ਘੁਰਾੜ੍ਹੇ ਮਾਰਨ ਲੱਗ ਪਿਆ।
ਅਜੇ ਉਹ ਸੁੱਤਾ ਹੀ ਸੀ ਕਿ ਕੁਲਬੀਰੇ ਹੋਰੀਂ ਆ ਗਏ। ਉਹ ਛੇ ਜਣੇਂ ਸਨ। ਬਾਹਰਲਾ ਲੱਕੜ ਦਾ ਦਰਵਾਜ਼ਾ ਉਹਨਾਂ ਨੇ ਬੰਦ ਕਰ ਦਿੱਤਾ ਅਤੇ ਭਈਆਂ ਦੀ ਘੇਰਾਬੰਦੀ ਕਰ ਲਈ। ਉਹ ਚੌਲ ਖਾਂਦੇ,
ਟੀ. ਵੀ. ਦੇਖ ਰਹੇ ਸਨ। ਕੁਲਬੀਰੇ ਨੇ ਟੀ. ਵੀ. ਬੰਦ ਕਰ ਦਿੱਤਾ। ਛੇ ਹਥਿਆਰਬੰਦ ਬੰਦੇ ਦੇਖ ਕੇ ਭਈਆਂ ਦੇ ਤੌਰ ਉਡ ਗਏ। ਧਰਤੀ ਉਹਨਾਂ ਨੂੰ ਘੁਕਦੀ ਨਜ਼ਰ ਆ ਰਹੀ ਸੀ। ਸਾਰਿਆਂ ਦੇ ਮੂੰਹ ਨੂੰ ਤਾਲੇ ਵੱਜ ਗਏ ਸਨ।
ਕੁਲਬੀਰ ਨੇ ਅਮਲੀ ਦੇ ਮੰਜੇ ਨੂੰ ਲੱਤ ਮਾਰੀ।
ਅਮਲੀ ਦਹਿਲ ਕੇ ਉਠਿਆ। ਛੇ ਹਥਿਆਰਬੰਦ ਖ਼ਾੜਕੂ ਦੇਖ ਕੇ ਅਮਲੀ ਦੇ ਵੀ ਰਿੰਗ ਬੈਠ ਗਏ। ਉਸ ਨੇ ਹੱਥ ਜੋੜ ਲਏ।
-"ਸਾਸਰੀਕਾਲ ਜੀ...!" ਅਮਲੀ ਨੇ ਕਿਹਾ।
-"ਕੀ ਨਾਂ ਐ ਉਏ ਤੇਰਾ?"
-"ਮੇਰਾ ਨਾਂ ਬੋਘਾ ਅਮਲੀ ਐ ਜੀ, ਬਾਈ ਜੀ।"
-"ਤੇ ਐਹਨਾਂ ਦਾ ਐਥੇ ਮੇਲਾ ਲਾਇਐ?"
-"ਇਹ ਤਾਂ ਜੀ ਲੇਕਿਨ ਸੂਬੇਦਾਰ ਦੇ ਰੱਖੇ ਵੇ ਐ-ਮੈਂ ਵੀ ਏਥੇ ਈ ਕੰਮ ਕਰਦੈਂ ਜੀ।" ਡਰਿਆ ਅਮਲੀ ਦੱਸ ਰਿਹਾ ਸੀ।
ਕੁਲਬੀਰ ਅਸਾਲਟ ਸਿੱਧੀ ਕਰ ਕੇ ਭਈਆਂ ਵੱਲ ਮੁੜਿਆ। ਉਹਨਾਂ ਨੇ ਤਰਲੇ ਸ਼ੁਰੂ ਕਰ ਦਿੱਤੇ:
-"ਨਾ ਸਰਦਾਰ ਜੀ ਹਮੇਂ ਮਤ ਮਾਰੀਏ-ਹਮਾਰੇ ਤੋ ਛੋਟੇ ਛੋਟੇ ਬੱਚੇ ਹੈਂ-ਭੂਖੇ ਮਰ ਜਾਏਂਗੇ ਸਰਦਾਰ ਜੀ-ਹਮ ਬੀ ਆਪ ਜੈਸੇ ਸਰਦਾਰੋਂ ਕੇ ਸਿਰ ਪਰ ਬੱਚੇ ਪਾਲ ਰਹੇ ਹੈਂ ਸਰਦਾਰ ਜੀ-ਬਾਬਾ ਨਾਨਕ ਆਪ ਕਾ ਭਲਾ ਕਰੇ-ਹਮ ਨੇ ਤੋ ਕੋਈ ਗਲਤੀ ਨਹੀਂ ਕੀ ਸਰਦਾਰ ਜੀ-ਹਮੇਂ ਬਖ਼ਸ਼ ਲੀਜੀਏ ਮਤ ਮਾਰੀਏ ਸਰਦਾਰ ਜੀ-ਆਪ ਬੋਲੇਂਗੇ ਤੋ ਹਮ ਅਬੀ ਪੰਜਾਬ ਛੋੜ ਕਰ ਚਲੇ ਜਾਏਂਗੇ ਜੀ-ਏਕ ਬਾਰ ਹਮਾਰੀ ਜਾਨ ਬਖ਼ਸ਼ ਦੋ-ਫਿਰ ਕਭੀ ਇਧਰ ਨਹੀਂ ਆਏਂਗੇ ਜੀ-ਹਮ ਆਪ ਕੇ ਪਾਓਂ ਪਕੜਤੇ ਹੈਂ ਜੀ ਸਰਦਾਰ ਜੀ-ਹਮਾਰੇ ਬੱਚੋਂ ਕੇ ਲੀਏ ਹਮੇਂ ਛੋੜ ਦੀਜੀਏ ਜੀ-ਆਪ ਹਮਾਰੇ ਮਾਈ ਬਾਪ ਸਰਦਾਰ ਹੈਂ ਜੀ-ਹਮ ਤੋ ਆਪ ਕੀ ਦੀ ਹੂਈ ਰੋਟੀ ਖਾਨੇ ਵਾਲੇ ਗਰੀਬ ਇਨਸਾਨ ਹੈਂ ਜੀ-ਹਮਾਰੇ ਬੱਚੇ ਭੂਖੇ ਮਰ ਜਾਏਂਗੇ...!"

ਪਰ ਕੁਲਬੀਰੇ ਨੇ ਇੱਕ ਨਾ ਸੁਣੀ। ਅੱਧਾਧੁੰਦ ਫ਼ਾਇਰ ਦਾ ਮੂੰਹ ਖੋਹਲ ਦਿੱਤਾ। ਬਾਰਾਂ ਦੇ ਬਾਰਾਂ ਭਈਏ ਮਾਰੇ ਗਏ।
ਇੱਕ ਭਈਏ ਦਾ ਮੂੰਹ ਚੌਲਾਂ ਨਾਲ ਭਰੀ ਥਾਲੀ ਵਿਚ ਪਿਆ ਸੀ ਅਤੇ ਉਸ ਦੇ ਸਿਰ 'ਚੋਂ ਖ਼ੂਨ ਵਗ ਕੇ ਚੌਲਾਂ 'ਤੇ ਚੋਅ ਰਿਹਾ ਸੀ। ਦੇਖ ਕੇ ਰੈਂਸੀ ਦਾ ਮਨ ਕਿਰਕ ਗਿਆ। ਉਸ ਦਾ ਦਿਲ ਉਸ ਨੂੰ ਲਾਹਣਤਾਂ ਪਾ ਰਿਹਾ ਸੀ ਅਤੇ ਆਤਮਾ ਕੁਰਲਾਈ ਜਾ ਰਹੀ ਸੀ। ਉਸ ਨੇ ਭਈਏ ਦਾ ਸਿਰ ਚੌਲਾਂ ਤੋਂ ਚੁੱਕ ਕੇ ਉਸ ਨੂੰ ਸਿੱਧਾ ਲਿਟਾ ਦਿੱਤਾ। ਖੁੱਲ੍ਹੀਆਂ ਖੜ੍ਹੀਆਂ ਅੱਖਾਂ "ਵਾਹਿਗੁਰੂ" ਕਹਿ ਕੇ ਬੰਦ ਕਰ ਦਿੱਤੀਆਂ। ਸਾਰੇ, ਰੱਤੀਆਂ ਅੱਖਾਂ ਕਰੀ ਖੜ੍ਹੇ ਰੈਂਸੀ ਵੱਲ ਤੱਕ ਰਹੇ ਸਨ। ਰੈਂਸੀ ਨੇ ਗੁੱਸੇ ਨਾਲ ਏ. ਕੇ. ਸੰਤਾਲੀ ਵਿਹੜੇ ਵਿਚ ਚਲਾ ਕੇ ਮਾਰੀ ਅਤੇ ਭਰੇ ਮਨ ਨਾਲ ਬਾਹਰ ਨਿਕਲ ਗਿਆ। ਕੁਲਬੀਰੇ ਨੇ ਚੁੱਪ ਚਾਪ ਬੰਦੂਕ ਚੁੱਕ ਲਈ। ਉਸ ਦੇ ਮਨ 'ਤੇ ਕੋਈ ਬਹੁਤਾ ਕੋਈ ਅਸਰ ਨਹੀਂ ਹੋਇਆ ਸੀ।
-"ਲੈ ਅਮਲੀਆ...! ਤੈਨੂੰ ਪੰਜਾਬੀ ਬਾਈ ਕਰਕੇ ਬਖਸ਼ ਦਿੱਤਾ-ਹੁਣ ਘੰਟਾ ਐਥੋਂ ਨਾ ਹਿੱਲੀਂ।" ਕੁਲਬੀਰੇ ਨੇ ਕਿਹਾ।
-"ਮੈਂ ਬਾਈ ਜੀ ਸਾਰੀ ਰਾਤ ਨਹੀਂ ਹਿੱਲਦਾ-ਗੁਰੂ ਮਹਾਰਾਜ ਥੋਡਾ ਭਲਾ ਕਰੇ।" ਹੱਥ ਜੋੜੀ ਖੜ੍ਹੇ ਅਮਲੀ ਦੇ ਮੂੰਹ 'ਤੇ ਹਵਾਈਆਂ ਉਡ ਰਹੀਆਂ ਸਨ।
ਕੁਲਬੀਰੇ ਹੋਰੀਂ ਤੁਰ ਗਏ।
ਅਮਲੀ ਮੰਜੇ 'ਤੇ ਡਿੱਗ ਪਿਆ। ਫਿਰ ਪਤਾ ਨਹੀਂ ਕੀ ਹੋਇਆ, ਉਸ ਨੇ ਉਚੀ-ਉਚੀ ਰੋਣਾ ਸ਼ੁਰੂ ਕਰ ਦਿੱਤਾ। ਦਿਨ-ਰਾਤ ਨਾਲ ਰਹਿਣ ਵਾਲੇ ਜੋੜੀਦਾਰ ਮਿੱਟੀ ਬਣੇ ਸਾਹਮਣੇਂ ਪਏ ਸਨ। ਉਸ ਨੇ ਲਾਸ਼ਾਂ ਉਪਰ ਦੀ ਗੇੜਾ ਦਿੱਤਾ। ਸਾਰਿਆਂ ਨੂੰ ਸਿੱਧੇ ਕਰ-ਕਰ ਦੇਖਿਆ। ਕੋਈ ਸਾਹ ਨਹੀਂ ਲੈ ਰਿਹਾ ਸੀ।
ਕੁਲਬੀਰ ਦੇ ਹੁਕਮ ਨੂੰ ਲੱਤ ਮਾਰ, ਧਾਹਾਂ ਮਾਰਦਾ ਅਮਲੀ ਪਿੰਡ ਵੱਲ ਨੂੰ ਦੌੜ ਪਿਆ ਅਤੇ ਪਿੰਡ ਜਾ ਦੁਹਾਈ ਦਿੱਤੀ।
ਸਾਰੇ ਪਿੰਡ ਨੂੰ ਕਾਠ ਮਾਰ ਗਿਆ। ਲੋਕ ਵਾਹੋ-ਦਾਹੀ ਬਾਹਰ ਚੱਕੀ ਵੱਲ ਨੂੰ ਭੱਜ ਤੁਰੇ।
ਘੰਟੇ ਕੁ ਬਾਅਦ ਪੁਲੀਸ ਪਹੁੰਚੀ।
ਕੌਡੀਆਂ ਵਾਲੇ ਨੇ ਅਮਲੀ ਨੂੰ ਕੋਲ ਬਿਠਾ ਲਿਆ ਅਤੇ ਵਾਕੇ ਬਾਰੇ ਕਨਸੋਅ ਲੈਣੀ ਸ਼ੁਰੂ ਕਰ ਦਿੱਤੀ। ਹੁਲੀਏ ਪੁੱਛੇ।
-"ਹੁਲੀਏ ਕੀ ਦੱਸਾਂ ਜੀ...? ਮੇਰੀ ਤਾਂ ਮੱਤ ਈ ਮਾਰੀ ਗਈ...।" ਅਮਲੀ ਰੋ ਪਿਆ।
-"ਨਲ਼ੀਆਂ ਸਿੱਟ ਸਿੱਟ ਕੀਹਨੂੰ ਦਿਖਾਉਨੈਂ? ਮੈਂ ਹੁਲੀਏ ਪੁੱਛੇ ਐ...!" ਠਾਣੇਦਾਰ ਕੜਕਿਆ।
-"ਹੁਲੀਏ ਜੀ ਮੁੰਡੇ ਖੁੰਡੇ ਈ ਸੀ-ਮਾੜੀਆਂ ਮਾੜੀਆਂ ਦਾਹੜੀਆਂ ਰੱਖੀਆਂ ਹੋਈਆਂ ਸੀ-ਤੇ ਇੱਕ ਜੀ ਉਹਨਾਂ 'ਚੋਂ ਰਫਲ ਸਿੱਟ ਕੇ ਭੱਜ ਗਿਆ-ਉਹ ਗੁੱਸੇ 'ਚ ਲੱਗਦਾ ਸੀ-ਜਾਣ ਤੋਂ ਪਹਿਲਾਂ ਜੀ ਉਹਨੇ ਔਸ ਭਈਏ ਦਾ ਸਿਰ ਥਾਲੀ 'ਚੋਂ ਚੱਕ ਕੇ ਸਿੱਧਾ ਲਿਟਾਇਆ ਸੀ ਤੇ ਉਹਦੀਆਂ ਅੱਖਾਂ ਵੀ ਬੰਦ ਕੀਤੀਆਂ ਸੀ।" ਠਾਣੇਦਾਰ ਨੇ ਸੋਚਿਆ ਕਿ ਇਹੋ ਜਿਹਾ ਜਜ਼ਬਾਤੀ ਖ਼ਾੜਕੂ ਹੱਥ ਲੱਗ ਜਾਵੇ ਤਾਂ ਇੱਕ ਅੱਧਾ ਗਰੋਹ ਤਾਂ ਜ਼ਰੂਰ ਫੜਾ ਸਕਦਾ ਹੈ। ਜਦ ਬੰਦਾ ਜਜ਼ਬਾਤਾਂ ਤੋਂ ਮਾਰ ਖਾ ਕੇ ਪਛਤਾਵਾ ਕਰ ਲਵੇ ਤਾਂ ਸਾਧ ਬਣ ਜਾਂਦੈ!
-"ਕੀ ਨਾਂ ਸੀ ਉਹਦਾ?"
-"ਜੀ ਨਾਂ ਤਾਂ ਕਿਸੇ ਨੇ ਕਿਸੇ ਦਾ ਲਿਆ ਈ ਨ੍ਹੀਂ-ਇਹਨਾਂ ਵਿਚਾਰਿਆਂ ਦੀਆਂ ਮਿੰਨਤਾਂ ਮੁਨੱਤਰਾਂ ਵੀ ਨਹੀਂ ਸੁਣੀਆਂ-ਆਉਣ ਸਾਰ ਈ ਭੁੰਨਤੇ ਵਿਚਾਰੇ।"
-"ਤੇ ਤੈਨੂੰ ਕਿਵੇਂ ਛੱਡ ਗਏ?"
-"ਪਤਾ ਨਹੀਂ ਕੀ ਮਨ ਮਿਹਰ ਪੈ ਗਈ ਜੀ? ਪਰ ਜਾਂਦੇ ਹੋਏ ਇਹ ਕਹਿ ਗਏ ਜੀ ਅਖੇ ਤੂੰ ਪੰਜਾਬੀ ਬਾਈ ਐਂ-ਤਾਂ ਬਖਸ਼ਤਾ-ਪਰ ਘੰਟਾ ਐਥੋਂ ਨਾ ਹਿੱਲੀਂ-ਪਰ ਜੀ ਮੈਥੋਂ ਨਿੱਤ ਨਾਲ ਰਹਿੰਦੇ ਬੰਦੇ ਮਾਰੇ ਦੇਖ ਕੇ ਰਿਹਾ ਨਾ ਗਿਆ-ਤੇ ਮੈਂ ਤਾਂ ਪਿੰਡ ਆ ਕੇ ਡੌਂਡੀ ਪਿੱਟਤੀ।"
ਠਾਣੇਦਾਰ ਮੁੱਠੀਆਂ ਮੀਟ ਕੇ ਰਹਿ ਗਿਆ।
ਪੁਲੀਸ ਤੁਰ ਗਈ।
ਇਸ ਵਾਰਦਾਤ ਨੇ ਦੁਨੀਆਂ ਹਿਲਾ ਧਰੀ।
ਅਖ਼ਬਾਰਾਂ ਨੇ ਇਸ ਧੂੰਆਂਧਾਰ ਖ਼ਬਰ ਨੂੰ ਬੜੇ ਮਸਾਲੇ ਲਾ ਲਾ ਕੇ ਪੇਸ਼ ਕੀਤਾ ਸੀ। ਸਮੁੱਚੇ ਪੰਜਾਬ ਵਿਚੋਂ ਭਈਆਂ ਨੇ ਆਪਣੇ ਜੁੱਲੀ ਬਿਸਤਰੇ ਕਸ ਲਏ ਅਤੇ ਧੜਾ ਧੜ ਰੇਲੀਂ ਜਾ ਚੜ੍ਹੇ। ਅਗਰ ਕੋਈ ਉਹਨਾਂ ਨੂੰ ਰੋਕਣ ਦੀ ਕੋਸ਼ਿਸ਼ ਕਰਦਾ ਤਾਂ ਉਹ ਇੱਕੋ ਇੱਕ ਘੜ੍ਹਿਆ ਘੜ੍ਹਾਇਆ ਉਤਰ ਦਿੰਦੇ:
-"ਸਰਦਾਰ ਜੀ ਹਮ ਏਕ ਰੋਟੀ ਕੀ ਜਗਹ ਆਧੀ ਖਾ ਕਰ ਗੁਜ਼ਾਰਾ ਕਰ ਲੇਂਗੇ-ਮਗਰ ਅਪਨੇ ਬਾਲ ਬੱਚੋਂ ਮੇਂ ਤੋ ਰਹੇਂਗੇ-ਆਜ ਅੱਤਵਾਦੀਓਂ ਨੇ ਉਧਰ ਮਾਰ ਮਰਾਈ ਕੀ ਹੈ-ਕੱਲ੍ਹ ਇਧਰ ਭੀ ਕਰ ਸਕਤੇ ਹੈਂ-ਇਸੀ ਲੀਏ ਹਮ ਜਾਏਂਗੇ ਹੀ ਜਾਏਂਗੇ ਸਰਦਾਰ ਜੀ-ਫਿਰ ਕਭੀ ਹਾਲਾਤ ਸੁਧਰ ਗਏ ਤੋ ਹਮ ਫਿਰ ਆ ਜਾਏਂਗੇ ਜੀ-ਹਮਾਰਾ ਗੁਜ਼ਾਰਾ ਭੀ ਪੰਜਾਬ ਕੇ ਬਗੈਰ ਮੁਸ਼ਕਿਲ ਹੈ।"
ਜ਼ਿੰਮੀਦਾਰ ਘੋਰ ਨਿਰਾਸ਼ ਹੋ ਗਏ।
ਅੜੇ-ਥੁੜੇ ਹੱਥ ਵਟਾਉਣ ਵਾਲੇ ਹਿਜ਼ਰਤ ਕਰ ਤੁਰ ਗਏ ਸਨ। ਖ਼ਬਰਾਂ ਪੜ੍ਹ ਪੜ੍ਹ ਕੇ ਰੇਸ਼ਮ ਅਤੇ ਗੁਰਪਾਲ ਦਿਲੋਂ ਹਿੱਲ ਗਏ। ਉਹਨਾਂ ਤਾਰੀ ਹੱਥ ਖ਼ਬਰ ਭੇਜੀ ਅਤੇ ਕੁਲਬੀਰੇ ਨੂੰ ਤੁਰੰਤ ਹਾਜ਼ਰ ਹੋਣ ਲਈ ਕਿਹਾ।
ਤੇਜਇੰਦਰ ਅਤੇ ਰਾਜਵਿੰਦਰ, ਰੇਸ਼ਮ ਅਤੇ ਗੁਰਪਾਲ ਕੋਲ ਘੋਰ ਨਿਰਾਸ਼ ਬੈਠੇ ਸਨ।
-"ਭਈਆਂ ਦੇ ਕਤਲਾਂ ਨੇ ਆਪਾਂ ਨੂੰ ਲੋਕਾਂ ਨਾਲੋਂ ਤੋੜਿਐ, ਜੋੜਿਆ ਨਹੀਂ-ਖ਼ਾਸ ਕਰਕੇ ਜੱਟ ਆਪਣੇ 'ਤੇ ਬਾਹਲੇ ਦੁਖੀ ਐ।" ਤੇਜਇੰਦਰ ਨੇ ਚੁੱਪ ਤੋੜੀ ਸੀ।
-"ਜਿਹੜੀ ਦਿਹਾੜੀ ਆਮ ਦਿਹਾੜੀਆ ਚਾਲੀ ਰੁਪਈਆਂ 'ਚ ਕਰਦੈ-ਉਹੀ ਦਿਹਾੜੀ ਇਕ ਭਈਆ ਤੀਹ ਰੁਪਈਆਂ 'ਚ ਕਰ ਦਿੰਦਾ ਸੀ-ਜੱਟ ਨੂੰ ਦਿਹਾੜੀ ਮਗਰ ਦਸ ਰੁਪਈਏ ਬਚਦੇ ਐ-ਉਹ ਭਈਏ ਨੂੰ ਭਜਾਉਣ 'ਚ ਕਿਵੇਂ ਖੁਸ਼ ਹੋਊ?" ਗੁਰਪਾਲ ਨੇ ਗੱਲ ਦੀ ਪ੍ਰੋੜਤਾ ਕੀਤੀ।

-"ਜੋ ਹੋ ਗਿਆ ਉਸ ਨੂੰ ਘੋੜੇ ਨਹੀਂ ਮਿਲਣੇਂ-ਕੁਲਬੀਰੇ ਨੂੰ ਅੱਗੇ ਤੋਂ ਅਜਿਹੀਆਂ ਆਪਹੁਦਰੀਆਂ ਤੋਂ ਸਖ਼ਤੀ ਨਾਲ ਰੋਕਿਆ ਜਾਵੇ-ਨਹੀਂ ਤਾਂ ਐਹੋ ਜਿਹੇ ਐਕਸ਼ਨ ਆਪਾਂ ਨੂੰ ਕਿਸੇ ਪਾਸੇ ਜੋਗਾ ਨਹੀਂ ਛੱਡਣਗੇ।" ਰਾਜਵਿੰਦਰ ਨੇ ਆਖਿਆ।
-"ਤਾਰੀ ਗਿਆ ਵਿਐ-ਦੇਖੋ ਕੀ ਖ਼ਬਰ ਦਿੰਦੈ?" ਰੇਸ਼ਮ ਨੇ ਕਿਹਾ। ਲੋਕਾਂ ਵਿਚ ਡਿੱਗਦੀ ਸ਼ਾਖ ਉਹ ਕਿਸੇ ਹਾਲਤ ਵਿਚ ਵੀ ਬਰਦਾਸ਼ਤ ਨਹੀਂ ਕਰ ਸਕਦਾ ਸੀ। ਜਿਹੜੀ ਲਹਿਰ ਨੂੰ ਉਹਨਾਂ ਨੇ ਇੱਕ ਇੱਕ ਇੱਟ ਲਾ ਕੇ ਚੁਬਾਰੇ ਚਾੜ੍ਹਿਆ ਸੀ, ਕੁਲਬੀਰਾ ਉਸੇ ਦੀਆਂ ਨੀਹਾਂ ਖੋਦਣ ਲੱਗ ਪਿਆ ਸੀ। ਜਿਸ ਬੂਟੇ ਨੂੰ ਖ਼ਾੜਕੂਆਂ ਨੇ ਖ਼ੂਨ ਪਾ ਕੇ, ਸਿੰਜ ਕੇ ਜੋਬਨ 'ਤੇ ਕੀਤਾ ਸੀ, ਕੁਲਬੀਰਾ ਉਸ ਬੂਟੇ ਦੇ ਹੀ ਜੜ੍ਹੀਂ ਤੇਲ ਦੇਈ ਜਾ ਰਿਹਾ ਸੀ।
ਉਹ ਅਜੇ ਗੱਲਾਂ ਹੀ ਕਰ ਰਹੇ ਸਨ ਕਿ ਰੈਂਸੀ ਪੁੱਜ ਗਿਆ। ਉਸ ਦਾ ਮੂੰਹ ਲਟਕਿਆ ਹੋਇਆ ਸੀ। ਸੁੱਜੀਆਂ ਅੱਖਾਂ ਤੋਂ ਲੱਗਦਾ ਸੀ ਕਿ ਉਹ ਕਾਫ਼ੀ ਅਨੀਂਦਰਾ ਸੀ। ਉਸ ਨੇ ਆਉਣਸਾਰ ਆਪਣਾ ਰਿਵਾਲਵਰ ਮੇਜ਼ 'ਤੇ ਲਿਆ ਰੱਖਿਆ।
-"ਬਾਈ ਜੀ ਸਾਸਰੀਕਾਲ!"
-"ਬਾਹਲਾ ਈ ਹੰਭਿਆ ਜਿਆ ਲੱਗਦੈਂ?"
-"ਬਹੁਤ ਬੁਰੀ ਖਬਰ ਐ ਬਾਈ!"
-"......।" ਸਾਰਿਆਂ ਨੇ ਅਗਲੀ ਖ਼ਬਰ ਲਈ ਕੰਨ ਚੁੱਕ ਲਏ। ਪਰ ਗੁਰਪਾਲ ਬੋਲਿਆ, "ਬੋਲ ਤਾਂ ਸਹੀ-ਗੁਰੀਲੇ ਲਈ ਜਜ਼ਬਾਤੀ ਹੋਣਾ ਕਦੇ ਵੀ ਵਾਰਾ ਨਹੀਂ ਖਾਂਦਾ।"
-"ਅੱਜ ਤੜਕੇ ਕੌਡੀਆਂ ਆਲੇ ਨੇ ਬਲਿਹਾਰ ਤੇ ਦਿਲਰਾਜ ਮੁਕਾਬਲੇ 'ਚ ਸ਼ਹੀਦ ਕਰ ਦਿੱਤੇ।"
ਇੱਕ ਸੁੰਨ ਵਰਤ ਗਈ।
ਦੋ ਸਾਥੀ ਹੋਰ ਵਿਛੜ ਗਏ ਸਨ।
ਉਹਨਾਂ ਦੀ ਸੱਜੀ ਬਾਂਹ ਟੁੱਟ ਗਈ ਸੀ।
-"ਇੱਕ ਗੱਲ ਹੋਰ ਐ!" ਰੈਂਸੀ ਨੇ ਕਿਹਾ।
-"ਬੋਲ....?"
-"ਮੈਂ ਕੁਲਬੀਰੇ ਆਲੀ ਜੱਥੇਬੰਦੀ ਨੂੰ ਫ਼ਤਹਿ ਬੁਲਾ ਆਇਐਂ-ਮੈਥੋਂ ਮਜ਼ਲੂਮਾਂ ਦਾ ਖ਼ੂਨ ਨਹੀਂ ਬਹਾਇਆ ਜਾਂਦਾ ਬਾਈ!" ਉਸ ਨੇ ਮੂੰਹ ਹੱਥਾਂ ਵਿਚ ਲਕੋ ਲਿਆ। ਸ਼ਾਇਦ ਉਹ ਰੋ ਰਿਹਾ ਸੀ।
-"ਤੂੰ ਸਾਡੇ ਨਾਲ ਆ ਜਾਹ-ਤੇਰੇ ਲਈ ਹਮੇਸ਼ਾ ਦਰਵਾਜੇ ਖੁੱਲ੍ਹੇ ਐ!" ਗੁਰਪਾਲ ਨੇ ਕਿਹਾ।
-"ਪਰ ਇੱਕ ਸ਼ਰਤ 'ਤੇ!"
-"ਉਹ ਕਿਹੜੀ?"
-"ਮੇਰੇ ਅੱਗੇ ਸਿਰਫ਼ ਅਤੇ ਸਿਰਫ਼ ਇੱਕੋ ਹੀ ਕਾਰਜ ਐ-ਬੁੱਚੜ ਕੌਡੀਆਂ ਆਲੇ ਨੂੰ ਸੋਧਣਾ।"
-"ਦੇਖ ਰੈਂਸੀ...! ਆਪਣਾ ਅੱਗੇ ਈ ਬਹੁਤ ਨੁਕਸਾਨ ਹੋ ਚੁੱਕਿਐ-।"
-"ਏਸੇ ਲਈ ਤਾਂ ਮੈਂ ਪਿੱਟਦੈਂ! ਜੇ ਇਹ ਬੁੱਚੜ ਹੋਰ ਕੁਛ ਚਿਰ ਜਿਉਂਦਾ ਰਹਿ ਗਿਆ-ਏਹਨੇ ਹੋਰ ਖਾੜਕੂ ਨੁਕਸਾਨ ਦੇਣੇਂ ਐਂ-ਇਸ ਕਰਕੇ ਇਸ ਨੂੰ ਜਿੰਨੀ ਜਲਦੀ ਹੋ ਸਕੇ ਧੁਰ ਦੀ ਟਿਕਟ ਕੱਟ ਦਿੱਤੀ ਜਾਵੇ।"
-"ਪਰ ਇਹ ਕੰਮ ਤੇਰੇ 'ਕੱਲੇ ਦੇ ਕਰਨ ਦਾ ਨਹੀਂ ਰੈਂਸੀ! ਕੌਡੀਆਂ ਆਲਾ ਬਹੁਤ ਚਤਰ ਅਫ਼ਸਰ ਐ-ਉਹ ਨਾ ਹੋਵੇ ਕਿਤੇ-।" ਰੇਸ਼ਮ ਨੇ ਗੱਲ ਆਪਣੇ ਹੱਥ ਲੈਣੀ ਚਾਹੀ।
-"ਇੱਕ ਕੁਰਬਾਨੀ ਨਾਲ ਅਗਰ ਬੁੱਚੜ ਗੱਡੀ ਚੜ੍ਹਦੈ ਤਾਂ ਆਪਾਂ ਫਿਰ ਵੀ ਘਾਟੇ 'ਚ ਨਹੀਂ ਬਾਈ ਜੀ!" ਰੈਂਸੀ ਮਰਨ ਮਾਰਨ 'ਤੇ ਤੁਲਿਆ ਹੋਇਆ ਸੀ।
-".......।" ਸਾਰੇ ਸੋਚੀਂ ਪੈ ਗਏ।
-"ਤੁਹਾਡੀ ਇਜਾਜ਼ਤ ਬਿਨਾ ਮੈਂ ਇੱਕ ਇੰਚ ਨਹੀਂ ਤੁਰਦਾ-ਪਰ ਜੇ ਮਗਰਮੱਛ ਮੇਰੇ ਸਾਹਮਣੇ ਆ ਗਿਆ-ਮੈਥੋਂ ਰਹਿ ਨਹੀਂ ਹੋਣਾ-ਬਲਿਹਾਰ ਤੇ ਦਿਲਰਾਜ ਮੇਰੀ ਹਿੱਕ 'ਤੇ ਚੜ੍ਹੇ ਬੈਠੇ ਐ ਬਾਈ!"
-"ਰੈਂਸੀ ਦੇਖ ਲੈ! ਤੇਰੀ ਮਰਜ਼ੀ ਐ-ਖਤਰਾ ਈ ਖਤਰੈ।"
-"ਬਾਈ ਜੀ! ਮੇਰੀ ਆਖਰੀ ਈ ਸੁਣ ਲਓ-ਜਿੰਨਾ ਚਿਰ ਮੈਂ ਠਾਣੇਦਾਰ ਨੂੰ ਹੱਥੀਂ ਨਹੀਂ ਸੋਧਦਾ ਮੈਨੂੰ ਚੈਨ ਨਹੀਂ ਆਉਣੀ-ਬੁੱਚੜ ਨੇ ਉਹਨਾਂ 'ਤੇ ਉਹ ਜ਼ੁਲਮ ਢਾਹਿਐ-ਜਿਹੜਾ ਕਿਸੇ ਤੋਂ ਸੁਣਿਆਂ ਨਾ ਜਾ ਸਕੇ-ਪਰ ਮੈਂ ਸੁਣਿਐਂ ਸੂਰਮਿਆਂ ਨੇ ਮੁੱਖੋਂ 'ਸੀ' ਨਹੀਂ ਉਚਾਰੀ-ਕੌਡੀਆਂ ਆਲਾ ਆਬਦਾ ਜੋਰ ਲਾ ਹਟਿਆ।"
-"ਧੰਨ ਐਂ ਗੁਰੂ ਦੇ ਸਿੰਘ..!"
-"ਬੱਸ ਬਾਈ ਮੈਨੂੰ ਆਹ ਕੰਮ ਕਰ ਲੈਣ ਦਿਓ-ਮੈਂ ਚਾਹੇ ਜਿਉਂਦਾ ਮੁੜਾਂ ਨਾ ਮੁੜਾਂ-ਇਹ ਫਿਕਰ ਨਾ ਕਰੋ।"
ਸਾਰਿਆਂ ਨੇ ਸੋਚਿਆ ਗੁੱਸਾ ਮੁੰਡੇ ਦੇ ਸਿਰ ਨੂੰ ਚੜ੍ਹਿਆ ਹੋਇਆ ਹੈ। ਇਸ ਨੇ ਰੋਕਿਆਂ ਕਿਵੇਂ ਵੀ ਨਹੀਂ ਰੁਕਣਾ, ਸਗੋਂ ਬਾਗੀ ਹੀ ਹੋਵੇਗਾ।
-"ਖ਼ੈਰ! ਤੇਰੀ ਗੱਲ ਮੰਨੀ-ਪਰ ਇੱਕ ਤੈਨੂੰ ਸਾਡੀ ਵੀ ਮੰਨਣੀ ਪਊ!"
-"ਮਨਜੂਰ ਐ।"
-"ਤੂੰ ਤਾਰੀ ਆਉਣ ਤੱਕ ਜਰੂਰ ਰੁਕ-ਉਹ ਅੱਜ ਕੱਲ੍ਹ 'ਚ ਕੁਲਬੀਰੇ ਨੂੰ ਲੈ ਕੇ ਮੁੜਨ ਆਲੈ।"
-"ਠੀਕ ਐ।"
ਸਾਰਿਆਂ ਨੇ ਬਲਿਹਾਰ ਅਤੇ ਦਿਲਰਾਜ ਦੀ ਆਤਮਾ ਦੀ ਸ਼ਾਂਤੀ ਲਈ ਕਲਗੀਧਰ ਪਿਤਾ ਦੇ ਚਰਨਾਂ ਵਿਚ ਅਰਦਾਸ ਕੀਤੀ:
-"ਹੇ ਕਲਗੀਧਰ ਪਿਤਾ! ਖ਼ਾਲਸਾ ਪੰਥ ਦੇ ਬਾਨੀ! ਪੁੱਤਰਾਂ ਦੇ ਦਾਨੀ ਪਾਤਸ਼ਾਹ! ਤੇਰੇ ਸਾਜੇ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਜੂਝਦੇ

ਤੇਰੇ ਸਿੰਘ ਬਲਿਹਾਰ ਸਿੰਘ ਅਤੇ ਦਿਲਰਾਜ ਸਿੰਘ ਮੈਦਾਨ-ਏ-ਜੰਗ ਸ਼ਹੀਦੀਆਂ ਪਾ ਗਏ ਹਨ-ਆਪਣੇ ਸਿੰਘਾਂ ਨੂੰ ਗਲ ਲਾਉਣਾ ਜੀ ਅਤੇ ਜੂਝ ਰਹੇ ਸਿੰਘਾਂ ਨੂੰ ਚੜ੍ਹਦੀ ਕਲਾ ਬਖਸ਼ਣੀ ਜੀ।"

ਅਰਦਾਸ ਉਪਰੰਤ ਉਹਨਾਂ ਨੇ ਮਾੜੀ ਮੋਟੀ ਰੋਟੀ ਖਾਧੀ ਅਤੇ ਗੱਲਾਂ ਕਰਦੇ ਕਰਦੇ ਸੌਂ ਗਏ। ਪਰ ਰੈਂਸੀ ਨੂੰ ਅੱਚਵੀ ਲੱਗੀ ਹੋਈ ਸੀ। ਕਿਤੇ ਅੱਧੀ ਰਾਤੋਂ ਬਾਅਦ ਜਾ ਕੇ ਉਸ ਨੂੰ ਕਿਤੇ ਨੀਂਦ ਆਈ।

ਸੂਰਜ ਚੜ੍ਹਦੇ ਸਾਰ ਹੀ ਤਾਰੀ ਪਹੁੰਚ ਗਿਆ। ਜਦ ਆ ਕੇ ਉਸ ਨੇ ਨਵੀਂ ਮਨਹੂਸ ਖ਼ਬਰ ਸੁਣਾਈ ਤਾਂ ਸਾਰਿਆਂ ਦੇ ਦਿਮਾਗ ਅੰਦਰ ਬੰਬ ਫ਼ਟ ਗਿਆ। ਉਹ ਝੂਠੇ ਜਿਹੇ ਹੋ ਗਏ।

-"ਕੁਲਬੀਰੇ ਨੇ ਤਾਂ ਇੱਕ ਗਰੀਬ ਰੇਹੜ੍ਹੀ ਆਲਾ ਅਗਵਾਹ ਕਰ ਲਿਆ-ਉਹਤੋਂ ਤਿੰਨ ਲੱਖ ਰੁਪਈਆ ਫਿਰੌਤੀ ਮੰਗਦੈ।" ਤਾਰੀ ਨੇ ਦੱਸਿਆ ਸੀ।

-"ਐਨਾ ਨੁਕਸਾਨ ਜੱਥੇਬੰਦੀਆਂ ਦਾ ਜਾਂ ਕਹੋ ਮੂਵਮੈਂਟ ਦਾ ਕੌਡੀਆਂ ਆਲੇ ਨੇ ਨਹੀਂ ਕੀਤਾ-ਜਿੰਨਾ ਇਹ ਹਰਾਮਜ਼ਾਦਾ ਕਰੀ ਜਾਂਦੈ-ਠਾਣੇਦਾਰ ਨੇ ਤਾਂ ਆਪਣੇ ਸਿੰਘ ਸ਼ਹੀਦ ਕੀਤੇ ਐ-ਤੇ ਇਹੇ ਲਹਿਰ ਨੂੰ ਈ ਮਾਰਨ 'ਤੇ ਤੁਲਿਐ।"

-"ਕਿਤੇ ਪਹਿਲਾਂ ਇਹਨੂੰ ਨਾ ਗੱਡੀ ਚਾਹੜ੍ਹਨਾ ਪਵੇ?"

-"ਰੈਂਸੀ ਤੂੰ ਕੱਲ੍ਹ ਨੂੰ ਕਾਕੇ ਕੋਲ ਚੂਹੜਚੱਕ ਜਾਹ ਤੇ ਉਹਨੂੰ ਆਖ ਕੁਲਬੀਰੇ ਨੂੰ ਸਮਝਾ ਬੁਝਾ ਕੇ ਕਿਵੇਂ ਨਾ ਕਿਵੇਂ ਰੇਹੜੀ ਵਾਲੇ ਦਾ ਖਹਿੜਾ ਛੁਡਾਵੇ।" ਗੁਰਪਾਲ ਨੇ ਕਿਹਾ।

-"ਬਾਈ..! ਮੇਰੀ ਨਜ਼ਰ ਵਿਚ ਉਹ ਸਮਝਣ ਵਾਲਾ ਬੰਦਾ ਈ ਨਹੀਂ-ਪਤਾ ਨਹੀਂ ਕੀ ਹੋ ਗਿਆ-ਉਹਦਾ ਤਾਂ ਦਿਮਾਗ ਫਿਰ ਗਿਆ ਲੱਗਦੈ-ਉਹਨੂੰ ਜੱਥੇਬੰਦੀ ਤੋਂ ਸੇਵਾ ਮੁਕਤ ਕਰਕੇ ਨਵੀਂ ਨਿਯੁਕਤੀ ਕਰੋ!"

-"ਕੀ ਐ ਕਾਕੇ ਦੀ ਈ ਗੱਲ ਮੰਨ ਲਵੇ?"

-"ਚਲਿਆ ਮੈਂ ਜਾਨੈਂ-ਪਰ ਮੈਨੂੰ ਕੋਈ ਫ਼ਾਇਦਾ ਨਹੀਂ ਲੱਗਦਾ-ਜੇ ਉਹਨੂੰ ਕੁਛ ਕਹਿੰਨੇ ਐਂ ਤਾਂ ਹਲਕਿਆਂ ਮਾਂਗੂੰ ਵੱਢਣ ਨੂੰ ਆਉਂਦੈ-।"

-"ਕਾਕੇ ਨੂੰ ਕਹਿ ਬਈ ਕਹਿ ਕੇ ਤਾਂ ਦੇਖੇ?"

-"ਤੇ ਮੇਰਾ ਕੰਮ?" ਰੈਂਸੀ ਨੇ ਕੌਡੀਆਂ ਵਾਲੇ ਦੀ ਗੱਲ ਫਿਰ ਯਾਦ ਕਰਵਾਈ। ਠਾਣੇਦਾਰ ਉਸ ਦੇ ਦਿਲ 'ਤੇ ਰੋੜ ਵਾਂਗ ਰੜਕ ਰਿਹਾ ਸੀ।

-"ਤੂੰ ਤੇ ਕਾਕਾ ਰਲ ਕੇ ਸਾਂਭ ਲਇਓ!"

-"ਚੰਗਾ।"

-"ਘਰਾਟਾਂ ਵੱਲ ਦੀ ਨਾ ਜਾਈਂ-ਸੂਏ ਦੀ ਪਟੜੀ ਪੈ ਕੇ ਜਾਈਂ-ਘਰਾਟਾਂ 'ਤੇ ਸਾਲੇ ਦਿਨ ਰਾਤ ਨਾਕਾ ਲਾਈ ਰੱਖਦੇ ਐ।" ਤਾਰੀ ਨੇ ਖ਼ਬਰਦਾਰ ਕੀਤਾ।

ਰੈਂਸੀ ਤੁਰ ਗਿਆ।

ਗਰੀਬ ਰੇਹੜ੍ਹੀ ਵਾਲੇ ਬਾਰੇ ਅਖ਼ਬਾਰਾਂ ਵਿਚ ਖ਼ਬਰਾਂ ਆਉਣ ਲੱਗ ਪਈਆਂ। ਕਈ ਅਖ਼ਬਾਰਾਂ ਵਿਚ ਪੰਚਾਇਤਾਂ ਨੇ ਰੇਹੜ੍ਹੀ ਵਾਲੇ ਨੂੰ ਸਹੀ ਸਲਾਮਤ ਰਿਹਾਅ ਕਰ ਦੇਣ ਦੀ ਬੇਨਤੀ ਕੀਤੀ ਸੀ। ਉਸ ਦੀ ਘਰਵਾਲੀ ਨੇ ਵੀ ਇਹ ਹੀ ਬੇਨਤੀ ਕੀਤੀ ਸੀ ਕਿ ਖ਼ਾੜਕੂ ਵੀਰੋ! ਤੁਸੀਂ ਤਾਂ ਤਿੰਨ ਲੱਖ ਰੁਪਏ ਦੀ ਫਿਰੌਤੀ ਮੰਗਦੇ ਹੋ, ਪਰ ਸਾਡੇ ਪਾਸ ਤਾਂ ਤਿੰਨ ਰੁਪਏ ਵੀ ਨਹੀਂ। ਅਸੀਂ ਤਾਂ ਦਿਨੇਂ ਮਜ਼ਦੂਰੀ ਕਰਦੇ ਹਾਂ ਅਤੇ ਰਾਤ ਨੂੰ ਉਹ ਹੀ ਖਾ ਲੈਂਦੇ ਹਾਂ। ਤੁਹਾਨੂੰ ਕੋਈ ਭੁਲੇਖਾ ਲੱਗਿਆ ਹੈ। ਮੇਰਾ ਪਤੀ ਸਿਰਫ਼ ਆਲੂਆਂ ਦੀ ਰੇਹੜ੍ਹੀ ਲਾਉਂਦਾ ਹੈ। ਉਹ ਕੋਈ ਵੱਡਾ ਵਪਾਰੀ ਨਹੀਂ। ਤੁਸੀਂ ਚਾਹੇ ਆ ਕੇ ਸਾਡਾ ਮਕਾਨ ਦੇਖ ਲਓ। ਸਾਡੇ ਪਾਸ ਤਾਂ ਚਾਰ ਪੁਰਾਣੇ ਭਾਂਡਿਆਂ ਤੋਂ ਬਗੈਰ ਕੁਛ ਨਹੀਂ। ਇਸ ਲਈ ਕ੍ਰਿਪਾ ਕਰਕੇ ਮੇਰੇ ਪਤੀ ਨੂੰ ਛੱਡ ਦਿੱਤਾ ਜਾਵੇ। ਮੇਰੇ ਬੱਚੇ ਛੋਟੇ ਛੋਟੇ ਹਨ ਅਤੇ ਪਤੀ ਤੋਂ ਇਲਾਵਾ ਸਾਡੇ ਪ੍ਰੀਵਾਰ ਵਿਚ ਕਰ ਕੇ ਖੁਆਉਣ ਵਾਲਾ ਕੋਈ ਨਹੀਂ।

ਰੈਂਸੀ ਕਾਕੇ ਕੋਲ ਬੈਠਾ ਘੋਰ ਨਿਰਾਸ਼ਾ ਵਿਚ ਬੈਠਾ ਸਿਰ ਫੇਰ ਰਿਹਾ ਸੀ। ਕਾਕਾ ਵੀ ਕਿਸੇ ਗੱਲੋਂ ਗੰਭੀਰ ਹੋਇਆ ਬੈਠਾ ਸੀ।

-"ਕਾਕਿਆ..! ਮੈਨੂੰ ਇੱਕ ਗੱਲ ਅੰਦਰੋ ਅੰਦਰੀ ਹੋਰ ਖਾਈ ਜਾਂਦੀ ਐ।"

-"ਕੀ....?"

-"ਬਈ ਜੇ ਕੁਲਬੀਰਾ ਐਹੋ ਜਿਹੀਆਂ ਬੇਹੂਦਾ ਕਾਰਵਾਈਆਂ ਕਰਨੋਂ ਨਾ ਟਲਿਆ ਤਾਂ ਐਸ ਏਰੀਏ 'ਚੋਂ ਆਪਾਂ ਨੂੰ ਬਿਸਤਰੇ ਬੰਨ੍ਹਣੇ ਪੈਣਗੇ।"

-"........।"

-"ਨਵੀਂ ਭਰਤੀ ਬਾਰੇ ਕੁਛ ਕੀਤਾ?" ਅਚਾਨਕ ਰੈਂਸੀ ਨੇ ਪੁੱਛਿਆ।

-"ਦੋ ਮੁੰਡੇ ਭਰਤੀ ਕੀਤੇ ਐ-।"

-"ਵਿਸ਼ਵਾਸ਼ੀ ਬੰਦੇ ਐ?"

-"ਅਜੇ ਤਾਂ ਦੇਖਦੈਂ ਟੋਹ ਕੇ।"

-"ਗੁਰਪਾਲ ਹੋਰੀਂ ਫ਼ਿਕਰ ਕਰਦੇ ਸੀ ਬਈ ਪੁਲੀਸ ਆਬਦੇ ਕੈਟ ਸਾਡੇ 'ਚ ਘਸੋੜਨ ਨੂੰ ਫਿਰਦੀ ਐ।"

-"ਦੇਖ ਰੈਂਸੀ...! ਉਹ ਤਾਂ ਸਿਆਣੇ ਕਹਿੰਦੇ ਹੁੰਦੇ ਐ ਬਈ ਬੰਦੇ ਦੇ ਅੰਦਰ ਤਾਂ ਕੋਈ ਵੜਿਆ ਨਹੀਂ ਹੁੰਦਾ-ਪਰ ਇੰਦਰਜੀਤ ਤੇ ਦਿਲਜੀਤ ਐਹੋ ਜਿਹੇ ਲੱਗਦੇ ਨਹੀਂ।"

-"ਕਿੱਥੋਂ ਦੇ ਐ?"

-"ਇੰਦਰਜੀਤ ਤਖਤੂਪੁਰੇ ਦਾ ਐ ਤੇ ਦਿਲਜੀਤ ਧੂੜਕੋਟ ਦਾ।"

-"ਕਿਹੜੇ ਦੁੱਖੋਂ ਲਹਿਰ 'ਚ ਪੈਂਦੇ ਐ?"

-"ਜਿਹੜੇ ਰੋਗ ਨਾਲ ਮਰ ਗਈ ਬੱਕਰੀ ਉਹੀ ਰੋਗ ਪਠੋਰੇ ਨੂੰ-ਜਿਹੜੀ ਗੱਲੋਂ ਆਪਾਂ ਪਏ ਐਂ-ਪੁਲੀਸ ਤਸ਼ੱਦਦ, ਖੱਜਲ ਖੁਆਰੀ ਤੇ

ਬੇਰੁਜ਼ਗਾਰੀ।"
ਉਹਨਾਂ ਨੂੰ ਗੱਲਾਂ ਕਰਦਿਆਂ ਸ਼ਾਮ ਹੋ ਗਈ।
ਗਗਨਦੀਪ ਰੋਟੀ ਲੈ ਕੇ ਚੁਬਾਰੇ ਵਿਚ ਹੀ ਆ ਗਈ।
ਕਾਕੇ ਅਤੇ ਰੈਂਸੀ ਨੇ ਰੋਟੀ ਖਾਧੀ ਅਤੇ ਰੈਂਸੀ ਜਾਣ ਲਈ ਤਿਆਰ ਹੋ ਗਿਆ।
-"ਸਵੇਰੇ ਚਲਾ ਜਾਈਂ-ਅਰਾਮ ਕਰ ਲੈ।"
-"ਨਹੀਂ ਬਾਈ ਮੇਰਾ ਜਾਣਾ ਜਰੂਰੀ ਐ-ਮੈਂ ਕਿਵੇਂ ਨਾ ਕਿਵੇਂ ਬੁੱਚੜ ਦਾ ਪ੍ਰਬੰਧ ਵੀ ਕਰਨੈ।"
-"ਪਹਿਲਾਂ ਪੂਰੀ ਪਲੈਨਿੰਗ ਬਣਾ ਕੇ-ਪੂਰਾ ਭੇਦ ਲੈ ਕੇ ਮਾਰ ਮਾਰੀਂ-ਐਮੇਂ ਜੁਆਕਾਂ ਆਲੀ ਗੱਲ ਨਾ ਕਰੀਂ-ਬੰਦੇ ਅੱਗੇ ਈ ਬਹੁਤ ਸ਼ਹੀਦੀਆਂ ਪਾ ਗਏ ਐ।"
-"ਕਾਕਿਆ...! ਤੂੰ ਮੇਰਾ ਦੋਸਤ ਐਂ-ਭਰਾ ਐਂ-ਮੈਂ ਜਿਉਂਦਾ ਮੁੜਾਂ ਨਾ ਮੁੜਾਂ-ਪਰ ਕੌਡੀਆਂ ਆਲੇ ਬੁੱਚੜ ਨੂੰ ਨਰਕਾਂ ਨੂੰ ਜ਼ਰੂਰ ਤੋਰਨੈਂ।"
-"ਮੈਂ ਇੱਕ ਗੱਲ ਹੋਰ ਦੱਸਣੀ ਭੁੱਲ ਗਿਆ-।" ਕਾਕੇ ਨੇ ਦੱਸਿਆ ਤਾਂ ਰੈਂਸੀ ਮੁੜ ਕੇ ਇੱਕ ਦਮ ਝਾਕਿਆ।
-"ਤੇਰੀ ਭਾਬੀ ਦਾ ਪੈਰ ਭਾਰਾ ਐ।"
-"ਉਹ ਬੱਲੇ ਬਾਈ...! ਬਣਾ ਦਿੱਤਾ ਗਰਾਰੀ ਦਾ ਗਰਾਰਾ...!" ਉਸ ਨੇ ਬੱਕਰਾ ਬੁਲਾ ਕੇ ਕਾਕੇ ਨੂੰ ਲੱਕੋਂ ਚੁੱਕ ਲਿਆ।
-"ਪਾਰਟੀ ਕਦੋਂ ਦੇਣੀ ਐਂ?"
-"ਜਦੋਂ ਮਰਜ਼ੀ...! ਪਰ ਪਾਰਟੀ ਕਾਹਦੀ ਯਾਰ? ਨਾ ਸ਼ਰਾਬ ਤੂੰ ਪੀਨੈਂ ਤੇ ਨਾ ਈ ਮੈਂ ਪੀਨੈਂ।"
-"ਯਾਰ ਸ਼ਰਾਬ ਨਾਲ ਕੋਈ ਬਾਹਲੀ ਪਾਰਟੀ ਹੁੰਦੀ ਐ? ਹੋਰ ਖਾਣ ਪੀਣ ਦੀਆਂ ਚੀਜ਼ਾਂ ਥੋੜ੍ਹੀਐਂ?"
-"ਹੋਰ ਦੱਸ ਕੀ ਖਾਣਾ ਪੀਣੈਂ?"
-"ਨਹੀਂ ਯਾਰ ਹੁਣ ਤਾਂ ਰੋਟੀ ਖਾ ਲਈ ਕਿਤੇ ਫੇਰ ਸਹੀ-ਕਾਕਿਆ ਮੇਰਾ ਇੱਕ ਚਿੱਤ ਹੋਰ ਕਰਦੈ।"
-"ਕੀ...?"
-"ਬਈ ਜੇ ਮੈਂ ਬੁੱਚੜ ਨੂੰ ਸੋਧਦਾ ਚੜ੍ਹਾਈ ਕਰ ਗਿਆ-ਤਾਂ ਮੈਂ ਪੁੱਤ ਬਣ ਕੇ ਤੇਰੇ ਘਰ ਜਨਮ ਲਵਾਂ।" ਰੈਂਸੀ ਕਾਕੇ ਦੇ ਗਲ ਲੱਗ ਗਿਆ। ਕਾਕੇ ਨੇ ਬਰਾਬਰ ਦੇ ਰੈਂਸੀ ਨੂੰ ਬੱਚੇ ਵਾਂਗ ਘੁੱਟ ਕੇ ਥਾਪੜਿਆ।
-"ਹਮੇਸ਼ਾ ਪਾਜ਼ੇਟਿਵ ਸਾਈਡ ਸੋਚੀਏ।" ਗਗਨਦੀਪ ਅੰਦਰ ਆ ਗਈ।
-"ਭਾਬੀ ਜੀ ਵਧਾਈਆਂ...!"
-"ਤੁਹਾਨੂੰ ਵੀ-ਹਾਂ ਦੱਸ ਦਿਉਰਾ ਦੁੱਧ ਪੀਏਂਗਾ?"
-"ਨਹੀਂ ਕਾਸੇ ਦੀ ਲੋੜ ਨਹੀਂ-ਹੁਣ ਤਾਂ ਸਾਧੂ ਚੱਲਦੇ ਭਲੇ ਤੇ ਨਗਰੀ ਵਸਦੀ ਭਲੀ।" ਉਸ ਨੇ ਕੰਡਕਟਰਾਂ ਵਾਲਾ ਬੈਗ ਚੁੱਕ ਲਿਆ।
-"ਤੂੰ ਕੁਲਬੀਰੇ ਕੋਲ ਕਦੋਂ ਜਾਏਂਗਾ?"
-"ਕੱਲ੍ਹ ਨੂੰ ਇੰਦਰਜੀਤ ਹੁਰਾਂ ਨੇ ਆਉਣੈਂ-ਤੇ ਜਦੋਂ ਈ ਉਹ ਆ ਗਏ-ਫ਼ੌਜਾਂ ਕੂਚ ਕਰ ਜਾਣਗੀਆਂ।"
-"ਉਹਨੂੰ ਇੱਕ ਗੱਲ ਤਾੜ ਕੇ ਕਹਿਦੀਂ ਬਈ ਗੁਰਪਾਲ ਹੋਰਾਂ ਦਾ ਹੁਕਮ ਐਂ-ਉਹਨਾਂ ਕੋਲ ਤੁਰੰਤ ਪਹੁੰਚੇ-ਉਹ ਬਹੁਤ ਗੁੱਸੇ 'ਚ ਐ-ਤੇ ਦੁਖੀ ਵੀ ਐ ਉਹਦੀਆਂ ਕਰਤੂਤਾਂ ਤੋਂ।"
ਕਾਕੇ ਨੇ ਸਿਰ ਹਿਲਾਇਆ।
ਰੈਂਸੀ ਰਸਤੇ ਪੈ ਗਿਆ।
ਤੜਕੇ ਕਾਕਾ ਅਜੇ ਸੁੱਤਾ ਹੀ ਪਿਆ ਸੀ ਕਿ ਮਾਮਾ ਅਖ਼ਬਾਰ ਲੈ ਕੇ ਆ ਗਿਆ। ਮਾਮਾ ਹਰ ਰੋਜ਼ ਸ਼ਹਿਰ ਚਾਰਾ ਲੈ ਕੇ ਜਾਂਦਾ ਸੀ ਅਤੇ ਕਾਕੇ ਦੇ ਕਹਿਣ 'ਤੇ ਆਉਣ ਲੱਗਾ ਅਖ਼ਬਾਰ ਲਈ ਆਉਂਦਾ ਸੀ। ਮਾਮਾ ਸੀਰੀ ਸਮੇਤ ਸਵੇਰੇ ਚਾਰ ਵਜੇ ਜਾਂਦਾ ਅਤੇ ਸੱਤ, ਸਾਢੇ ਸੱਤ ਵਜੇ ਟਰੈਕਟਰ ਟਰਾਲੀ ਲੈ ਕੇ ਮੁੜ ਆਉਂਦਾ।
-"ਅੱਜ ਮੈਨੂੰ ਡੀ. ਐੱਸ. ਪੀ. ਫੇਰ ਮਿਲਿਆ ਸੀ-।" ਮਾਮੇ ਨੇ ਅਖ਼ਬਾਰ ਕਾਕੇ ਅੱਗੇ ਸੁੱਟਦਿਆਂ ਕਿਹਾ।
-"ਉਹ ਕਹਿੰਦਾ ਸੀ ਬਈ ਜੇ ਕਾਕੇ ਨੂੰ ਮੇਰੇ ਅੱਗੇ ਪੇਸ਼ ਕਰ ਦਿਓਂ ਤਾਂ ਕੱਖ ਨਹੀਂ ਹੋਣ ਦਿੰਦਾ।" ਕਹਿ ਕੇ ਮਾਮੇ ਨੇ ਭਾਣਜੇ ਦਾ ਚਿਹਰਾ ਨਿਹਾਰਿਆ।
-"ਮਾਮਾ ਜੀ ਮੈਂ ਥੋਨੂੰ ਕਿੰਨੇ ਵਾਰੀ ਸਪੱਸ਼ਟ ਕਰ ਦਿੱਤੈ ਬਈ ਮੈਨੂੰ ਕਦੇ ਵੀ ਪੇਸ਼ ਹੋਣ ਵਾਸਤੇ ਨਾ ਕਹਿਓ-ਮੈਂ ਗੱਦਾਰੀ ਕਦੇ ਵੀ ਨਹੀਂ ਕਰ ਸਕਦਾ।"
-"ਇਹ ਗੱਦਾਰੀ ਕਾਹਦੀ ਐ? ਜੇ ਡੀ. ਐੱਸ. ਪੀ. ਦੇ ਪੇਸ਼ ਹੋ ਗਿਆ-ਉਹ ਮਾੜਾ ਮੋਟਾ ਕੇਸ ਪਾ ਕੇ ਤੈਨੂੰ ਅਦਾਲਤ ਹਵਾਲੇ ਕਰ ਦਿਊ-ਮਾੜੀ ਮੋਟੀ ਸਜ਼ਾ ਬੋਲੂ-ਬੱਸ ਤੂੰ ਦੋ ਚਾਰ ਮਹੀਨਿਆਂ 'ਚ ਬਾਹਰ ਆਜੇਂਗਾ।"
-"ਮਾਮਾ ਜੀ ਤੁਸੀਂ ਹੈਗੇ ਓ ਭੋਲੇ ਬੰਦੇ-ਤੁਹਾਨੂੰ ਪੁਲੀਸ ਦੇ ਚਲਿੱਤਰਾਂ ਦਾ ਕੋਈ ਪਤਾ ਨਹੀਂ-ਉਹਨਾਂ ਨੇ ਮੈਥੋਂ ਨਾਲ ਦੇ ਖ਼ਾੜਕੂਆਂ ਬਾਰੇ ਪੁੱਛਣੈਂ-ਉਹ ਮੈਂ ਦੱਸਣਾ ਨਹੀਂ-ਮਾਮਾ ਜੀ ਮੇਰੀ ਜਾਨ ਜਾ ਸਕਦੀ ਐ ਪਰ ਮੈਂ ਤੁਹਾਡੇ ਕਹਿਣ ਵਾਲੇ ਰਸਤੇ 'ਤੇ ਕਿਸੇ ਹਾਲਤ ਵਿਚ ਵੀ ਨਹੀਂ ਚੱਲ ਸਕਦਾ।"
-"ਚੰਗਾ..! ਮਰੋ ਕੁੱਤੇ ਦੀ ਮੌਤ...!! ਸਾਲੇ ਪਤਾ ਨਹੀਂ ਇਹਨਾਂ ਨੂੰ ਕੀ ਘੋਲ ਕੇ ਪਿਆਉਂਦੇ ਐ-ਮੌਤ ਨੂੰ ਮਾਊਂ ਈ ਸਮਝਦੇ ਐ-ਤੁਸੀਂ ਢਾਈ ਟੋਟਰੂ ਗੌਰਮਿਲਟ ਦਾ ਕੀ ਵਿਗਾੜ ਲਓਗੇ? ਤੁਸੀਂ ਦੋ ਮਾਰੋਂਗੇ ਪੰਦਰਾਂ ਹੋਰ ਆ ਜਾਣਗੇ-ਹਿੰਦੋਸਤਾਨ ਅੱਗੇ ਪਾਕਸਤਾਨ ਚੰਘਿਆੜਾਂ ਮਾਰਦੈ ਨਾਲੇ ਆਬਦੀ ਮਲੱਟਰੀ ਐ-ਤੁਸੀਂ ਉਹਨਾਂ ਅੱਗੇ ਕਿਹੜੇ ਬਾਗ ਦੀ ਮੂਲੀ ਐਂ?"
-"ਮਾਮਾ ਜੀ...! ਕੱਚੀ ਗੜ੍ਹੀ ਵਿਚ ਬਾਜਾਂ ਵਾਲੇ ਪਿਤਾ ਨੇ ਸਵਾ ਲੱਖ ਨਾਲ ਇੱਕ ਇੱਕ ਲੜਾਇਆ ਸੀ-ਆਪਣੇ ਪਿਤਾ ਦਾ ਹੁਕਮ ਐਂ ਕਿ ਸਵਾ ਲਾਖ ਸੇ ਏਕ ਲੜਾਊਂ-ਤਬੈ ਗੋਬਿੰਦ ਸਿੰਘ ਨਾਮ ਕਹਾਊਂ-ਇਹ ਸਿਰਫ਼ ਕਥਿਆ ਈ ਨਹੀਂ-ਕਰ ਕੇ ਦਿਖਾਇਐ-ਕਥਨੀ 'ਤੇ

ਯਕੀਨ ਨਹੀਂ ਕੀਤਾ ਗੁਰੂ ਸਾਹਿਬ ਨੇ, ਕਰਨੀ 'ਤੇ ਯਕੀਨ ਕੀਤੈ-ਵੱਡੇ ਸਾਹਿਬਜਾਦਾ ਬਾਬਾ ਅਜੀਤ ਸਿੰਘ ਜੀ ਜੋ ਕੇਵਲ ਸਾਢੇ ਸਤਾਰਾਂ ਸਾਲ ਦੇ ਸਨ ਅਤੇ ਪੰਜਾਂ ਪਿਆਰਿਆਂ ਵਿੱਚੋਂ ਭਾਈ ਹਿੰਮਤ ਸਿੰਘ ਜੀ-ਜਿਹਨਾਂ ਦੋਹਾਂ ਦੁਆਰਾ ਚੋਜੀ ਪ੍ਰੀਤਮ ਨੇ ਸਵਾ ਲੱਖ ਦਾ ਬਚਨ ਪੂਰਾ ਕਰਵਾਇਆ-।"

-"ਤੁਸੀਂ ਦਸਵੇਂ ਪਾਤਸ਼ਾਹ ਐਂ...?" ਮਾਮਾ ਭਾਫ਼ਾਂ ਛੱਡੀ ਜਾ ਰਿਹਾ ਸੀ।

-"ਨਹੀਂ ਅਸੀਂ ਦਸਵੇਂ ਪਿਤਾ ਦੀ ਲਾਡਲੀ ਫ਼ੌਜ ਐਂ-ਗੁਰੂ ਕ੍ਰਿਪਾ ਕਰਨ ਕਿਤੇ ਸਮਾਂ ਆਉਣ ਦਿਓ-ਮੈਂ ਨਹੀਂ ਕਹਿੰਦਾ ਬਈ ਮੈਂ ਮਰ ਨਹੀਂ ਸਕਦਾ-ਜਾਂ ਮੇਰੇ ਨਾਲ ਦੇ ਨਹੀਂ ਮਰ ਸਕਦੇ-ਮਰ ਸਾਰੇ ਸਕਦੇ ਐ-ਪਰ ਜਿਹੜੇ ਸਾਹਮਣੇਂ ਆਉਣਗੇ -ਉਹਨਾਂ ਨੂੰ ਲੱਦ ਕੇ ਟਰੱਕ 'ਤੇ ਲੈ ਕੇ ਜਾਣਗੇ-ਸੁੱਕੇ ਉਹ ਵੀ ਨਹੀਂ ਮੁੜਦੇ।"

-"ਮਰੋ..! ਮਰੋ ਸਾਲ਼ਿਓ..!!" ਗੁੱਸੇ ਵਿਚ ਫੁੰਕਾਰੇ ਮਾਰਦਾ ਮਾਮਾ ਬਾਹਰ ਨਿਕਲ ਗਿਆ। ਉਹ ਹਰ ਤਰ੍ਹਾਂ ਨਾਲ ਕਾਕੇ ਨੂੰ ਹੱਸਦਾ, ਖੇਡਦਾ ਦੇਖਣਾ ਚਾਹੁੰਦਾ ਸੀ। ਪਰ ਕਾਕਾ ਹੀ ਸੀ ਕਿ ਉਸ ਦੀ ਗੱਲ ਨਹੀਂ ਸੁਣਦਾ ਸੀ।

ਮਾਮੇਂ ਦੇ ਹੇਠਾਂ ਉਤਰਨ ਤੋਂ ਬਾਅਦ ਕਾਕੇ ਨੇ ਅਖ਼ਬਾਰ ਖੋਲ੍ਹ ਕੇ ਮੋਟੀ ਸੁਰਖੀ ਪੜ੍ਹੀ ਤਾਂ ਉਸ ਦੇ ਤਨ-ਮਨ 'ਤੇ ਜਿਵੇਂ ਬਿਜਲੀ ਡਿੱਗ ਪਈ। ਰਜਾਈ ਵਿਚ ਪਏ ਕਾਕੇ ਦਾ ਸਰੀਰ "ਝਰਨ-ਝਰਨ" ਕਰੀ ਜਾ ਰਿਹਾ ਸੀ। ਕੁਲਬੀਰੇ ਨੇ ਰੇਹੜ੍ਹੀ ਵਾਲਾ ਗਰੀਬ ਬਾਣੀਆਂ ਗੋਲੀਆਂ ਮਾਰ ਕੇ ਸ਼ਹਿਰ ਨੇੜੇ ਖੇਤਾਂ ਵਿਚ ਸੁੱਟ ਦਿੱਤਾ ਸੀ। ਉਸ ਦੀ ਗੋਲੀਆਂ ਨਾਲ ਵਿੰਨ੍ਹੀ ਲਾਸ਼ ਪੁਲੀਸ ਨੇ ਕਬਜ਼ੇ ਵਿਚ ਕਰ ਲਈ ਸੀ ਅਤੇ ਕੇਸ ਦਰਜ਼ ਕਰਕੇ ਘਰਦਿਆਂ ਨੂੰ ਸੌਂਪ ਦਿੱਤੀ ਸੀ। ਖ਼ਬਰ ਅਨੁਸਾਰ ਰੇਹੜ੍ਹੀ ਵਾਲੇ ਦੀ ਪਤਨੀ ਨੇ ਖ਼ਾੜਕੂਆਂ ਨੂੰ ਬਦ-ਅਸੀਸਾਂ ਦਿੱਤੀਆਂ ਸਨ ਅਤੇ ਇਹ ਵੀ ਕਿਹਾ ਸੀ ਕਿ ਜੇ ਉਹਨਾਂ ਨੂੰ ਹੋਰ ਖ਼ੂਨ ਦੀ ਪਿਆਸ ਹੈ ਤਾਂ ਉਹ ਆਪਣੇ ਨਿੱਕੇ-ਨਿੱਕੇ ਬੱਚੇ ਲੈ ਕੇ ਖ਼ਾੜਕੂਆਂ ਕੋਲ ਆਉਣ ਲਈ ਤਿਆਰ ਹੈ। ਉਹ ਆਪਣੀ ਰਹਿੰਦੀ ਪਿਆਸ ਬੜੀ ਖੁਸ਼ੀ ਨਾਲ ਬੁਝਾ ਸਕਦੇ ਹਨ। ਉਹ ਬਿਲਕੁਲ ਨਿਆਸਰੀ ਹੋ ਗਈ ਸੀ। ਉਹ ਲੁੱਟੀ-ਪੁੱਟੀ ਜਾ ਚੁੱਕੀ ਸੀ। ਘਰ ਦਾ ਇੱਕੋ ਇੱਕ ਕਮਾਊ ਬੰਦਾ ਖ਼ਾੜਕੂਆਂ ਨੇ ਮਾਰ ਧਰਿਆ ਸੀ। ਗੁਜ਼ਾਰਾ ਹੁਣ ਕਿਸ ਦੇ ਸਿਰ 'ਤੇ ਤੁਰਨਾ ਸੀ? ਉਸ ਨੇ ਖ਼ਾੜਕੂਆਂ ਨੂੰ ਇਹ ਵੀ ਸੁਆਲ ਪੁੱਛਿਆ ਸੀ ਕਿ ਉਹ ਕਿਹੜੇ ਗੁਰੂ ਦੀ ਬਾਣੀ ਤੋਂ ਸੇਧ ਲੈ ਰਹੇ ਸਨ? ਕੀ ਛੋਟੇ-ਛੋਟੇ ਬੱਚਿਆਂ ਦੇ ਬਾਪ ਨੂੰ ਮਾਰ ਕੇ ਉਹਨਾਂ ਦੇ ਦਿਲੀਂ ਠੰਢ ਪੈ ਗਈ ਹੈ? ਕੀ ਗਰੀਬ ਮਾਰ ਕਰਕੇ ਉਹਨਾਂ ਦਾ ਖ਼ਾਲਿਸਤਾਨ ਬਣ ਗਿਆ? ਕੀ ਹੁਣ ਇੱਕ ਗਰੀਬ ਆਦਮੀ ਦੀ ਜਾਨ ਲੈ ਕੇ ਉਹਨਾਂ ਨੂੰ ਤਿੰਨ ਲੱਖ ਰੁਪਏ ਮਿਲ ਗਏ ਹਨ? ਲੋਕ ਇਸ ਵਾਰਦਾਤ ਦੀ ਨਿਖੇਧੀ ਕਰ ਰਹੇ ਸਨ।

ਵਿਸਥਾਰ ਵਿਚ ਦਿੱਤੀ ਖ਼ਬਰ ਪੜ੍ਹਦਾ ਕਾਕਾ ਸੁੰਨ ਹੁੰਦਾ ਜਾ ਰਿਹਾ ਸੀ। ਉਪਰੋਕਤ ਖ਼ਬਰ ਦੇ ਬਿਲਕੁਲ ਹੇਠਾਂ ਕੁਲਬੀਰ ਵੱਲੋਂ ਜ਼ਿੰਮੇਵਾਰੀ ਕਬੂਲੀ ਹੋਈ ਸੀ। ਕਾਕੇ ਦੇ ਬਦਨ ਨੂੰ ਅੱਗ ਲੱਗ ਗਈ। ਇੱਕ ਨਿਹੱਥਾ ਮਜ਼ਲੂਮ ਮਾਰ ਕੇ ਕੁਲਬੀਰਾ ਸਾਹਣ ਬਣਿਆਂ ਫਿਰਦਾ ਸੀ। ਇੱਕ ਮੱਛੀ ਸਾਰੇ ਜਲ ਨੂੰ ਗੰਦਾ ਕਰਦੀ ਹੈ ਅਤੇ ਕੁਲਬੀਰੇ ਨੇ ਇਸ ਇਲਾਕੇ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਸੀ। ਲੋਕਾਂ ਵਿਚ ਖ਼ਾੜਕੂ ਲਹਿਰ ਬਦਨਾਮ ਕਰ ਮਾਰੀ ਸੀ।

ਦੁਪਿਹਰ ਨੂੰ ਇੰਦਰਜੀਤ ਅਤੇ ਦਿਲਜੀਤ ਪਹੁੰਚ ਗਏ।

ਕਾਕੇ ਨੇ ਸਵੇਰ ਦਾ ਕੁਝ ਖਾਧਾ ਨਾ ਪੀਤਾ ਸੀ।

-"ਖ਼ਬਰ ਪੜ੍ਹ ਈ ਲਈ ਹੋਣੀ ਐਂ?"

-"ਹਾਂ ਪੜ੍ਹ ਲਈ।"

-"ਚਾਹ ਪਾਣੀ ਪੀਣਾ ਐਂ ਤਾਂ ਪੀ ਲਵੋ-ਆਪਾਂ ਚੱਲਣੈਂ!"

-"ਕਿੱਥੇ?"

-"ਕੁਲਬੀਰੇ ਕੋਲੇ।"

-"ਪਹਿਲਾਂ ਆਪਾਂ ਗੁਰਪਾਲ ਹੋਰਾਂ ਨਾਲ ਰਾਇ ਕਰ ਲਈਏ? ਨਾਲੇ ਅਸੀਂ ਉਹਨਾਂ ਨੂੰ ਮਿਲ ਲਵਾਂਗੇ-।"

-"ਨਹੀਂ-ਅਜੇ ਨਹੀਂ।"

-"ਬਾਈ ਕਦੇ ਉਹਨਾਂ ਦੇ ਦਰਸ਼ਣ ਤਾਂ ਕਰਵਾ ਦੇਹ-ਜਦੋਂ ਅਸੀਂ ਕਹਿੰਦੇ ਆਂ-ਤੂੰ ਕੰਨ ਮੁੱਢ ਮਾਰ ਛੱਡਦੈਂ-ਪਤਾ ਨਹੀਂ ਜ਼ਿੰਦਗੀ ਸਾਲੀ ਕਿੰਨੇ ਕੁ ਦਿਨ ਐਂ।"

-"ਅਜੇ ਜੱਥੇਬੰਦੀ ਵੱਲੋਂ ਇਜਾਜ਼ਤ ਨਹੀਂ-ਜਿੱਦੇਂ ਇਜਾਜ਼ਤ ਮਿਲ ਗਈ-ਮਿਲਾ ਦਿਆਂਗੇ।"

ਇੰਦਰਜੀਤ ਅਤੇ ਦਿਲਜੀਤ ਸਾਹ ਖਿੱਚ ਕੇ ਰਹਿ ਗਏ।

ਅਸਲ ਵਿਚ ਇੰਦਰਜੀਤ ਅਤੇ ਦਿਲਜੀਤ ਪੁਲੀਸ ਦੇ "ਕੈਟ" ਸਨ। ਐੱਸ. ਪੀ. ਦੀ ਸਹਿਮਤੀ ਨਾਲ ਕੌਡੀਆਂ ਆਲੇ ਨੇ ਉਹਨਾਂ ਨੂੰ ਬੜੇ ਢੰਗ ਨਾਲ ਖ਼ਾੜਕੂਆਂ ਵਿਚ ਘੁੱਸਪੈਠ ਲਈ ਕਾਕੇ ਕੋਲ ਤੋਰਿਆ ਸੀ। ਕੌਡੀਆਂ ਵਾਲਾ ਇਕੱਲੇ ਕਾਕੇ ਨੂੰ ਹੀ ਗ੍ਰਿਫ਼ਤਾਰ ਨਹੀਂ ਕਰਨਾ ਚਾਹੁੰਦਾ ਸੀ, ਸਗੋਂ ਖ਼ਾੜਕੂਆਂ ਦੇ ਸਾਰੇ ਅੱਡਿਆਂ ਅਤੇ ਗਤੀਵਿਧੀਆਂ ਬਾਰੇ ਸੂਹ ਲੈ ਕੇ ਗੁਰਪਾਲ ਹੋਰਾਂ ਨੂੰ ਫੜਨਾ ਚਾਹੁੰਦਾ ਸੀ। ਮੋਟੀ ਰਕਮ ਤਾਂ ਉਸ ਦੇ ਹੱਥ ਲੱਗਣੀ ਹੀ ਸੀ, ਪਰ ਪ੍ਰਮੋਸ਼ਨ ਵੀ ਪੱਕੀ ਵੱਟ 'ਤੇ ਪਈ ਸੀ। ਜਿਸ ਕਾਰਣ ਠਾਣੇਦਾਰ ਆਪਣੇ ਸਬਰ ਦਾ ਰਸਤਾ ਲੰਬਾ ਕਰਦਾ ਆ ਰਿਹਾ ਸੀ। ਇੰਦਰਜੀਤ ਅਤੇ

ਦਿਲਜੀਤ ਉਸ ਦੇ ਹਿੱਕ ਦਾ ਵਾਲ਼ ਬਣ ਚੁੱਕੇ ਸਨ। ਉਸ ਨੇ ਇਨਾਮੀ ਖ਼ਾੜਕੂ ਫੜਾਉਣ ਲਈ ਹਦਾਇਤਾਂ ਕਰਦਿਆਂ ਇਨਾਮ ਦਾ ਅੱਧਾ ਹਿੱਸਾ ਅਤੇ ਠੁੱਕਦਾਰ ਨੌਕਰੀ ਦੇਣ ਦਾ ਵਾਅਦਾ ਕੀਤਾ ਸੀ। ਇਸ ਤੋਂ ਇਲਾਵਾ ਕੁਲਬੀਰੇ ਵਰਗੇ ਨਿਸ਼ਾਨੇ ਤੋਂ ਥਿੜਕੇ ਖ਼ਾੜਕੂ ਨੂੰ ਬਚਾਉਣ ਲਈ ਵੀ ਉਹਨਾਂ ਨੂੰ ਆਖਿਆ ਸੀ। ਕਿਉਂਕਿ ਬੇਦੋਸ਼ਿਆਂ ਦੇ ਕਤਲ ਲਹਿਰ ਦੇ ਸਿੱਧੇ ਹੀ ਖ਼ਿਲਾਫ਼ ਅਤੇ ਪੁਲੀਸ ਦੇ ਹੱਕ ਵਿਚ ਜਾਂਦੇ ਸਨ। ਜਿਹੜਾ ਕੁਝ ਪੁਲੀਸ ਕਰਵਾਉਣਾ ਚਾਹੁੰਦੀ ਸੀ, ਉਹ ਤਾਂ ਕੁਲਬੀਰਾ ਆਪ ਕਰ ਰਿਹਾ ਸੀ। ਚਾਹੇ ਕੁਲਬੀਰਾ ਪੁਲੀਸ ਦਾ ਆਦਮੀ, ਕੈਟ ਜਾਂ ਕੋਈ ਟਾਊਟ ਨਹੀਂ ਸੀ, ਪਰ ਫਿਰ ਵੀ ਉਹ ਲਹਿਰ ਨੂੰ ਖੋਰਾ ਲਾ ਰਿਹਾ ਸੀ।

ਪਰ ਇੰਦਰਜੀਤ ਹੁਰਾਂ ਦੇ ਹੱਥ ਅਜੇ ਤੱਕ ਕਾਕੇ ਤੋਂ ਬਗੈਰ ਕੋਈ ਸਫ਼ਲਤਾ ਪੱਲੇ ਨਹੀਂ ਪਈ ਸੀ। ਠਾਣੇਦਾਰ ਨੇ ਉਹਨਾਂ 'ਤੇ ਕਾਕੇ ਦਾ

ਵਿਸ਼ਵਾਸ਼ ਜਿੱਤਣ ਲਈ ਜੋਰ ਪਾਇਆ ਸੀ। ਉਸ ਨੇ ਉਹਨਾਂ ਨੂੰ ਇੱਕ ਹੋਟਲ ਵਿਚ ਬੈਠ ਕੇ ਆਖਿਆ ਸੀ:
-"ਚਾਹੇ ਇਹਨਾਂ ਨਾਲ ਰਲ ਕੇ ਵੀਹ ਬੰਦੇ ਮਾਰ ਦਿਓ-ਥੋਡੇ ਸਿਰ ਗੱਲ ਨਹੀਂ ਆਊਗੀ-ਪਰ ਇਸ ਮੂਵਮੈਂਟ ਦੇ ਗਲ ਆਰੀ ਫੇਰ ਦਿਓ-ਔਰ ਹਾਂ..! ਕੁਲਬੀਰੇ ਅਰਗੇ ਵਿਗੜੇ ਸਾਹਣ ਨੂੰ ਕੈਟ ਬਣਾਉਣ ਦੀ ਕੋਸ਼ਿਸ਼ ਕਰੋ-!"
-"ਪਰ ਜੀ ਕਿਵੇਂ? ਜੇ ਉਹਨਾਂ ਨੂੰ ਪਤਾ ਲੱਗ ਗਿਆ ਕਿ ਅਸੀਂ ਪੁਲਸ ਦੇ ਕੈਟ ਆਂ-ਉਹ ਤਾਂ ਸਾਡੀ ਜਿਉਂਦਿਆਂ ਦੀ ਖੱਲ ਲਾਹ ਦੇਣਗੇ-ਪਤਾ ਨਹੀਂ ਭਿੰਡਰਾਂ ਆਲੇ ਨੇ ਇਹਨਾਂ ਨੂੰ ਕਿਹੜੀ ਗੁੜ੍ਹਤੀ ਦਿੱਤੀ ਐ? ਆਪ ਮਰਨੋਂ ਬੇਪ੍ਰਵਾਹ ਐ ਤੇ ਗੱਦਾਰ ਨੂੰ ਗੱਡੀ ਚਾੜ੍ਹਨ ਲੱਗੇ ਅੱਖ ਨਹੀਂ ਫ਼ਰਕਦੇ।" ਦਿਲਜੀਤ ਨੇ ਕਿਹਾ ਸੀ।
-"ਹਰ ਬੰਦੇ ਦੀਆਂ ਕਮਜ਼ੋਰੀਆਂ ਹੁੰਦੀਐਂ-ਉਹ ਕੋਈ ਰੱਬ ਤਾਂ ਹੈ ਨਹੀਂ-ਆਪਣੇ ਅਰਗੇ ਬੰਦੇ ਐ-ਕਾਕੇ ਵਰਗਿਆਂ ਦੀ ਪੂਛ ਮਰੋੜੀ ਰੱਖੋ ਬਈ ਕੁਲਬੀਰਾ ਬਿਲਕੁਲ ਈ ਗਲਤ ਰਸਤੇ 'ਤੇ ਤੁਰ ਰਿਹੈ-ਤੇ ਉਧਰੋਂ ਕੁਲਬੀਰੇ ਨੂੰ ਡਰ ਪਾ ਦਿਓ ਬਈ ਖ਼ਾੜਕੂ ਤੇਰੇ ਐਕਸ਼ਨਾਂ ਤੋਂ ਅਤੀਅੰਤ ਦੁਖੀ ਹਨ ਅਤੇ ਤੈਨੂੰ ਸੋਧਣ ਨੂੰ ਫਿਰਦੇ ਐ-ਬੱਸ ਫਿਰ ਕੀ..? ਦੁਸ਼ਮਣ ਦਾ ਦੁਸ਼ਮਣ ਆਪਣਾ ਮਿੱਤਰ-ਜਦੋਂ ਉਹਨੂੰ ਕਿਸੇ ਪਾਸੇ ਭੱਜਣ ਦਾ ਰਾਹ ਨਾ ਮਿਲਿਆ ਤਾਂ ਉਹ ਸਿੱਧਾ ਈ ਆਪਣੀ ਝੋਲੀ ਆ ਡਿੱਗੂ-ਬਾਕੀ ਸਾਰਾ ਕੁਛ ਫਿਰ ਮੈਂ ਆਪੇ ਸਾਂਭ ਲਊਂ-ਤੁਸੀਂ ਆਬਦਾ ਕੰਮ ਕਰੋ-।" ਕਹਿ ਕੇ ਉਹਨਾਂ ਨੂੰ ਠਾਣੇਦਾਰ ਨੇ ਤੋਰ ਦਿੱਤਾ ਸੀ।
ਕਾਕੇ ਨੇ ਕੱਪੜੇ ਪਾ ਲਏ ਸਨ।
ਖੇਤੋ-ਖੇਤੀ ਤੁਰਦੇ ਉਹ ਡੱਲੇ ਦੇ ਪੁਲ 'ਤੇ ਆ ਗਏ।
ਬੱਸ ਆਉਣ ਵਿਚ ਅਜੇ ਟਾਈਮ ਸੀ। ਇੰਦਰਜੀਤ ਨੇ ਢਾਬੇ 'ਤੇ ਚਾਹ ਧਰਾ ਲਈ। ਦਿਲਜੀਤ ਨੇ ਦੂਰੋਂ ਪੁਲੀਸ ਨਾਲ ਭਰੀ ਆਉਂਦੀ ਜੀਪ ਦੇਖੀ। ਉਹ ਬੋਚਵੇਂ ਪੈਰੀਂ ਕਾਕੇ ਕੋਲ ਆ ਗਿਆ।
-"ਬਾਈ ਤੂੰ ਮੱਲਕ ਦੇਣੇਂ ਅੰਦਰ ਵੜ ਜਾਹ-ਪੁਲਸ ਆਉਂਦੀ ਐ।" ਉਸ ਨੇ ਕਾਕੇ ਦੇ ਕੰਨ 'ਚ ਕਿਹਾ। ਕਾਕਾ ਪਰਦੇ ਨਾਲ ਅੰਦਰ ਵੜ ਗਿਆ।
ਜੀਪ ਲੰਘ ਗਈ। ਕੌਡੀਆਂ ਵਾਲਾ ਅਗਲੀ ਸੀਟ 'ਤੇ ਕੋਹੜ ਕਿਰਲੇ ਵਾਂਗ ਆਕੜਿਆ ਬੈਠਾ ਸੀ। ਇੰਦਰਜੀਤ ਅਤੇ ਦਿਲਜੀਤ ਨੂੰ ਦੇਖ ਕੇ ਉਸ ਦੇ ਚਿਹਰੇ 'ਤੇ ਕੋਈ ਹਾਵ ਭਾਵ ਨਾ ਆਇਆ। ਉਹ ਕੱਚ ਖਾ ਕੇ ਹਜ਼ਮ ਕਰਨ ਵਾਲਾ, ਹੱਦੋਂ ਵੱਧ ਚਲਾਕ ਅਫ਼ਸਰ ਸੀ।
-"ਬਾਈ ਇਹ ਜਿਹੜਾ ਐਧਰ ਗਿਆ ਐ-ਮੁੜੂ ਵੀ ਲਾਜ਼ਮੀ-ਇਹਨੂੰ ਗੱਡੀ ਨਾ ਚਾੜ੍ਹ ਦੇਈਏ?" ਇੰਦਰਜੀਤ ਨੇ ਚਾਹ ਪੀਂਦਿਆਂ ਕਾਕੇ ਦੀ ਰਾਇ ਪੁੱਛੀ।
-"ਹਰ ਕੰਮ ਕਰਨ ਦਾ ਕੋਈ ਢੁਕਵਾਂ ਵਕਤ ਹੁੰਦੈ-ਕਾਹਲੀ ਅਤੇ ਹੋਸ਼ੇਪਣ ਵਿਚ ਆ ਕੇ ਕੀਤਾ ਐਕਸ਼ਨ ਮਾਰੂ ਸਿੱਧ ਹੋ ਸਕਦੈ।" ਕਾਕੇ ਨੇ ਸਿਰਫ਼ ਇਤਨਾ ਹੀ ਕਿਹਾ ਸੀ।
-"ਭਰੋ ਘੁੱਟ-ਬੱਸ ਆਉਂਦੀ ਐ।"
ਚਾਹ ਦੇ ਪੈਸੇ ਦੇ ਕੇ ਉਹ ਬਾਹਰ ਆ ਗਏ।
ਬੱਸ ਫੜ ਕੇ ਉਹ ਕੁਲਬੀਰੇ ਦੇ ਟਿਕਾਣੇ 'ਤੇ ਪੁੱਜ ਗਏ। ਕੁਲਬੀਰਾ ਉਥੇ ਨਹੀਂ ਸੀ। ਬਾਹਰ-ਬਾਹਰ ਉਜਾੜ ਜਿਹੇ ਵਿਚ ਪਾਏ ਘਰ ਵਿਚ ਸਿਰਫ਼ ਕੁਲਦੀਪ ਹੀ ਸੀ। ਕੁਲਦੀਪ ਨੂੰ ਕਾਕੇ ਨੇ ਪਹਿਲੀ ਵਾਰ ਦੇਖਿਆ ਸੀ। ਕਾਕੇ ਨੇ ਮਕਾਨ ਵਿਚ ਭਲਵਾਨੀ ਗੇੜਾ ਦਿੱਤਾ। ਇਤਨੇ ਨੂੰ ਇੰਦਰਜੀਤ ਨੇ ਕੁਲਦੀਪ ਨੂੰ ਕੋਈ "ਗੁੱਝੀ" ਗੱਲ ਸਮਝਾ ਦਿੱਤੀ ਸੀ। ਪੱਕੀਆਂ ਪੌੜੀਆਂ ਰਾਹੀਂ ਛੱਤ ਉਪਰ ਗੇੜਾ ਦੇ ਕੇ ਕਾਕਾ ਹੇਠਾਂ ਆ ਗਿਆ। ਇੰਦਰਜੀਤ ਅਤੇ ਦਿਲਜੀਤ ਦੂਰ ਦਰਵਾਜੇ ਵਿਚ ਹੋ ਕੇ ਖੜ੍ਹ ਗਏ ਸਨ।
-"ਕੀ ਨਾਂ ਐਂ ਬਾਈ ਤੇਰਾ?"
-"ਕੁਲਦੀਪ ਐ ਬਾਈ ਜੀ।"
-"ਕਿਹੜਾ ਪਿੰਡ ਐ?"
-"ਝੰਡੇਆਣਾ।"
-"ਕਿੰਨਾ ਕੁ ਚਿਰ ਹੋ ਗਿਆ ਭਰਤੀ ਹੋਏ ਨੂੰ?"
-"ਥੋੜੇ ਦਿਨ ਈ ਹੋਏ ਐ।"
-"ਥੋਡਾ ਹੈਰਕੂਲੈੱਸ ਕਿੱਥੇ ਐ?"
-"ਬਾਈ ਕੁਲਬੀਰੇ ਦੀ ਗੱਲ ਕਰਦੇ ਐਂ?"
-"ਹਾਂ...!"
-"ਬਾਈ ਹੁਰੀਂ ਤਾਂ ਕਿਤੇ ਕੰਮ ਗਏ ਹੋਏ ਐ।"
ਕਾਕੇ ਨੇ ਸੋਚਿਆ ਕੰਜਰ ਹੁਣ ਕੋਈ ਹੋਰ ਕੰਗ ਖੜ੍ਹੀ ਕਰੂਗਾ। ਭਦਰਕਾਰੀ ਦੀ ਆਸ ਉਸ ਤੋਂ ਰੱਖੀ ਹੀ ਨਹੀਂ ਜਾ ਸਕਦੀ ਸੀ।
-"ਦੱਸ ਕੇ ਨਹੀਂ ਗਿਆ?"
-"ਮੈਨੂੰ ਤਾਂ ਬਾਈ ਜੀ ਨਵਾਂ ਜਿਆ ਬੰਦਾ ਸਮਝ ਕੇ ਘੱਟ ਵੱਧ ਈ ਦੱਸਦੇ ਐ।"
-"ਮੁੜੂ ਕਦੋਂ ਕੁ?"
-"ਰੱਬ ਜਾਣੇਂ!"
-"ਜਦੋਂ ਆਇਆ ਮੇਰਾ ਸੁਨੇਹਾਂ ਦੇ ਦੇਈਂ ਬਈ ਕਾਕਾ ਆਇਆ ਸੀ ਤੇ ਉਹ ਮੈਨੂੰ ਜ਼ਰੂਰ ਮਿਲੇ।"
-"ਆਖਦੂੰਗਾ ਬਾਈ-ਪਰ ਆਉਣਾ ਨਾ ਆਉਣਾ ਉਹਦਾ ਕੰਮ ਐਂ।"
ਸਾਰੇ ਮੁੜ ਆਏ।
ਮੁੜਦੇ ਇੰਦਰਜੀਤ ਨੇ ਕੁਲਦੀਪ ਵੱਲ ਬੜੇ ਰਹੱਸਮਈ ਤਰੀਕੇ ਨਾਲ ਤੱਕਿਆ ਸੀ। ਜਿਸ ਨੂੰ "ਕੈਟ" ਕੁਲਦੀਪ ਨੇ ਅੰਦਰ ਤੱਕ ਸਮਝ

ਲਿਆ ਸੀ।
ਝੱਖੜਵਾਲੇ ਤੋਂ ਉਹਨਾਂ ਨੇ ਅੱਡੋ-ਅੱਡੀ ਬੱਸਾਂ ਫੜ ਲਈਆਂ। ਕਾਕਾ ਚੂਹੜਚੱਕ ਨੂੰ ਤੁਰ ਗਿਆ ਸੀ ਅਤੇ ਇੰਦਰਜੀਤ ਹੁਰੀਂ ਸ਼ਹਿਰ ਆ ਉਤਰੇ ਸਨ। ਉਤਰਨ ਸਾਰ ਹੀ ਇੰਦਰਜੀਤ ਨੇ ਠਾਣੇਦਾਰ ਨੂੰ ਟੈਲੀਫ਼ੋਨ ਕਰਕੇ ਹੋਟਲ ਬੁਲਾ ਲਿਆ।
ਸਦਰ ਠਾਣੇ ਨਾ ਆਉਣ ਦੀ ਉਹਨਾਂ ਨੂੰ ਸਖ਼ਤ ਤਾਕੀਦ ਕੀਤੀ ਹੋਈ ਸੀ। ਸਿਰਫ਼ ਹੋਟਲ ਹੀ ਮਿਲਣ ਦੀ ਹਦਾਇਤ ਸੀ।
ਸਰਕਾਰੀ ਜਿਪਸੀ ਲੈ ਕੇ ਕੌਡੀਆਂ ਆਲਾ ਬਿੱਜ ਵਾਂਗ ਆ ਵੱਜਿਆ। ਆਉਣਸਾਰ ਉਸ ਨੇ ਹੋਟਲ ਦਾ ਉਪਰਲਾ ਅਪਾਰਟਮੈਂਟ ਖੁਲ੍ਹਵਾ ਲਿਆ ਅਤੇ ਦੋਹਾਂ ਨੂੰ ਲੈ ਉਪਰ ਜਾ ਚੜ੍ਹਿਆ।
ਦਰਵਾਜਾ ਬੰਦ ਕਰ ਲਿਆ ਗਿਆ।
-"ਹਾਂ ਬਈ ਕੀ ਖ਼ਬਰ ਐ? ਕੋਈ ਪਾਈ ਪੂਰੀ ਕਿ ਨਹੀਂ?" ਉਹ ਰੂਲ ਸਾਹਮਣੇ ਮੇਜ਼ 'ਤੇ ਰੱਖ, ਕੁਰਸੀ 'ਤੇ ਡਟ ਕੇ ਬੈਠ ਗਿਆ।
-"ਸਰਦਾਰ ਜੀ-ਸੌ ਹੱਥ ਰੱਸਾ ਸਿਰੇ 'ਤੇ ਗੰਢ-ਸਾਨੂੰ ਭੇਦ ਕਾਕਾ ਕੋਈ ਦਿੰਦਾ ਨਹੀਂ-ਨਾ ਹੀ ਟਿਕਾਣਿਆਂ ਬਾਰੇ ਦੱਸਦੈ -ਜੇ ਮੇਰੀ ਗੱਲ ਮੰਨੋਂ-?" ਇੰਦਰਜੀਤ ਨੇ ਗੱਲ ਤੋਰੀ।
-"ਕੀ...?"
-"ਜੇ ਥੋਤੋਂ ਕਾਕਾ ਮਾਰਿਆ ਜਾਂਦੈ, ਮਾਰ ਲਵੋ-ਤੇ ਨਹੀਂ ਤਾਂ ਮੇਰੇ ਦਿਮਾਗ ਮੁਤਾਬਿਕ ਇਹ ਮੌਕਾ ਵੀ ਹੱਥੋਂ ਚਲਿਆ ਜਾਊ-।"
ਇੰਦਰਜੀਤ ਕਾਕੇ ਦੇ ਸਿਰ 'ਤੇ ਰੱਖੇ ਦਸ ਲੱਖ ਰੁਪਏ ਨੂੰ ਜਲਦੀ ਹੱਥ ਮਾਰ ਲੈਣਾ ਚਾਹੁੰਦਾ ਸੀ। ਉਹ ਤਾਂ ਬੱਸ ਇਹ ਹੀ ਸੋਚ ਰਿਹਾ ਸੀ ਕਿ ਵਿਆਹ ਵਿਚ ਫਿਰ ਮਰਾਸਣ ਨੂੰ ਕਿਸੇ ਨੇ ਪੁੱਛਣਾ ਨਹੀਂ ਸੀ।
-"ਤੇ ਕੁਲਬੀਰੇ ਬਾਰੇ ਕੀ ਖਿਆਲ ਐ?"
-"ਕੁਲਬੀਰੇ 'ਤੇ ਇਹ ਸਾਰੇ ਈ ਔਖੇ ਐ-ਜੇ ਉਸ ਨੇ ਇਕ ਅੱਧੀ ਘਤਿੱਤ ਹੋਰ ਕਰ ਦਿੱਤੀ-ਇਹਨਾਂ ਨੇ ਉਹਨੂੰ ਗੱਡੀ ਚਾੜ੍ਹ ਦੇਣੈਂ-ਜੱਥੇਬੰਦੀ 'ਚੋਂ ਉਹਨੂੰ ਛੇਕ ਦਿੱਤੈ-ਹੁਣ ਉਹ ਅਜ਼ਾਦ ਐ।"
-"ਕੁਲਬੀਰਾ ਚਾਹੇ ਆਪਣਾ ਬੰਦਾ ਨਹੀਂ-ਪਰ ਉਹ ਕਿਸੇ ਹਾਲਤ ਵਿਚ ਵੀ ਮਰਨਾ ਨਹੀਂ ਚਾਹੀਦਾ-ਜੇ ਕੁਲਬੀਰੇ ਅਰਗੇ ਜਿਉਂਦੇ ਰਹਿਣਗੇ ਆਪਣੀ ਜਿੱਤ ਯਕੀਨੀ ਐਂ-ਕੁਲਦੀਪ ਨੇ ਕੋਈ ਸੁਰਾਗ ਕੱਢਿਐ?"
-"ਅਜੇ ਤੱਕ ਕੋਈ ਵੀ ਨਹੀਂ-ਪਰ ਮੈਂ ਕੁਲਦੀਪ ਨੂੰ ਪਰਦੇ ਨਾਲ ਆਖ ਦਿੱਤਾ ਸੀ ਕਿ ਉਹ ਕੁਲਬੀਰੇ ਨੂੰ ਡਰਾਵੇ ਕਿ ਗੁਰਪਾਲ ਤੇ ਕਾਕੇ ਹੋਰੀਂ ਤੈਨੂੰ ਮਾਰਨ ਨੂੰ ਫਿਰਦੇ ਐ।"
-"ਕਾਕੇ ਕੋਲ ਅਸਲਾ ਕਿੰਨਾ ਕੁ ਐ?"
-"ਉਹਦੇ ਕੋਲ ਸਰਦਾਰ ਜੀ ਇਕ ਸੰਤਾਲੀ ਐ ਤੇ ਪੂਰਾ ਪੰਜ ਸੌ ਰੌਂਦ ਐ-ਇੱਕ ਰਿਵਾਲਵਰ ਤੇ ਤਿੰਨ ਮੈਗਜ਼ੀਨ ਐ।"
-"ਕੋਈ ਰਾਕਟ ਲਾਂਚਰ ਜਾਂ ਗਰਨੇਡ?"
-"ਹੋਰ ਉਹਦੇ ਕੋਲੇ ਕੱਖ ਨਹੀਂ-।"
-"ਉਹਦੇ ਮਾਮੇਂ ਹੋਰੀਂ ਉਸ ਨੂੰ ਕਿੰਨਾ ਕੁ ਸਹਿਯੋਗ ਦਿੰਦੇ ਐ?"
-"ਕੋਈ ਸਹਿਯੋਗ ਨਹੀਂ ਦਿੰਦੇ ਸਰਦਾਰ ਜੀ-ਉਹ ਤਾਂ ਦੋਵੇਂ ਹੱਥੀਂ ਪਿੱਟਦੈ ਬਈ ਤੂੰ ਪੇਸ਼ ਹੋ ਜਾਹ-ਪਰ ਕਾਕਾ ਕਿਸੇ ਹਾਲਤ ਵਿਚ ਨਹੀਂ ਮੰਨਦਾ।"
-"ਜੇ ਅਸੀਂ ਘੇਰਾ ਪਾਈਏ-ਤੁਸੀਂ ਪਹਿਲਾਂ ਉਹਦੀ ਏ. ਕੇ. ਸੰਤਾਲੀ ਉਖਾੜ ਸਕਦੇ ਐਂ?"
-"ਉਹ ਤਾਂ ਉਖਾੜ ਦਿਆਂਗੇ ਜੀ-ਪਰ ਸਾਡੇ ਆਲੀਆਂ ਸੰਤਾਲੀਆਂ ਦਾ ਕੀ ਕਰਾਂਗੇ?"
-"ਥੋਨੂੰ ਵੀ ਦੇ ਦਿੱਤੀਆਂ?"
-"ਅਗਲੇ ਦਿਨ ਈ।"
-"ਕਿੱਥੋਂ?"
-"ਪਤਾ ਨਹੀਂ ਇੱਕ ਰੈਂਸੀ ਨਾਂ ਦਾ ਮੁੰਡਾ ਦੇ ਕੇ ਗਿਆ ਸੀ-ਪੂਰਾ ਨਾਂ ਉਹਦਾ ਪਤਾ ਨਹੀਂ ਅਤੇ ਨਾ ਹੀ ਪਿੰਡ ਦਾ ਪਤੈ।"
-"ਤੁਸੀਂ ਤਿੰਨੇ ਹਥਿਆਰ ਸਾਡੇ ਘੇਰਾ ਪਾਉਣ ਤੋਂ ਪਹਿਲਾਂ ਉਖੇੜਨੇ ਐਂ-ਹੋ ਸਕੇ ਤਾਂ ਰਿਵਾਲਵਰ ਵੀ।"
-"ਰਿਵਾਲਵਰ ਤਾਂ ਸਰਦਾਰ ਜੀ ਉਹ ਡੱਬ 'ਚੋਂ ਨਹੀਂ ਕੱਢਦਾ-।"
-"ਖ਼ੈਰ! ਰਿਵਾਲਵਰ ਦੀ ਮਾਰ ਵੀ ਕਿੰਨੀ ਕੁ ਹੁੰਦੀ ਐ-ਤੁਸੀਂ ਸੰਤਾਲੀਆਂ ਜ਼ਰੂਰ ਉਖੇੜ ਧਰਿਓ-ਰੌਂਦ ਪੱਕਾ ਪਤਾ ਐ ਬਈ ਪੰਜ ਸੌ ਈ ਐ?"
-"ਪੱਕਾ ਪਤੈ ਜੀ।"
-"ਤੁਸੀਂ ਮੈਨੂੰ ਇੱਕ ਦੋ ਦਿਨਾਂ ਤੱਕ ਪੂਰਾ ਨਕਸ਼ਾ ਬਣਾ ਕੇ ਦਿਓ-ਪੱਕੇ ਪੈਰੀਂ ਘੇਰਾ ਪਾਵਾਂਗੇ-ਤੇ ਉਸ ਦਿਨ ਤੁਸੀਂ ਉਹਨੂੰ ਕਿਤੇ ਜਾਣ ਨਹੀਂ ਦੇਣਾ।"
-"ਠੀਕ ਐ ਜੀ।"
-"ਮੈਂ ਉਦੋਂ ਤੱਕ ਘੇਰਾਬੰਦੀ ਦਾ ਪ੍ਰਬੰਧ ਕਰਦੈਂ-ਤੇ ਇਕ ਦੋ ਦਿਨਾਂ 'ਚ ਪਾ ਦਿਆਂਗੇ ਭੜ੍ਹਾਕੇ!" ਤੇ ਠਾਣੇਦਾਰ ਤੁਰ ਗਿਆ।
ਇੰਦਰਜੀਤ ਹੁਰੀਂ ਅਗਲੇ ਦਿਨ ਸਵੇਰੇ ਦਸ ਕੁ ਵਜੇ ਕਾਕੇ ਕੋਲ ਪਹੁੰਚ ਗਏ। ਕਾਕਾ ਸਿਰ ਸੁੱਟੀ ਬੈਠਾ ਸੀ। ਇਕ ਪਾਸੇ ਅਖ਼ਬਾਰ ਪਿਆ ਸੀ। ਉਹ ਮੂੰਹੋਂ ਕੁਝ ਵੀ ਬੋਲ ਨਹੀਂ ਰਿਹਾ ਸੀ। ਬੱਸ! ਸਿਲ-ਪੱਥਰ ਹੋਇਆ, ਜਾੜ੍ਹ ਘੁੱਟੀ ਬੈਠਾ ਸੀ।
-"ਹੁਣ ਕੀ ਹੋ ਗਿਆ ਬਾਈ?" ਇੰਦਰਜੀਤ ਨੇ ਕਾਕੇ ਬਰਾਬਰ ਬੈਠਦਿਆਂ ਪੁੱਛਿਆ। ਉਸ ਨੂੰ ਪ੍ਰਪੱਕ ਪਤਾ ਸੀ ਕਿ ਕੁਲਬੀਰੇ ਨੇ ਹੋਰ ਕੋਈ 'ਕਾਰਾ' ਕਰ ਦਿੱਤਾ ਸੀ।
-"ਆਪੇ ਈ ਪੜ੍ਹ ਲੈ!" ਕਾਕੇ ਨੇ ਅਖ਼ਬਾਰ ਉਸ ਦੇ ਹੱਥ ਦੇ ਦਿੱਤਾ। ਇੰਦਰਜੀਤ ਪੜ੍ਹਨ ਲੱਗ ਪਿਆ। ਮੋਟੀ ਸੁਰਖੀ ਸੀ:

-"ਖ਼ਾੜਕੂਆਂ ਵੱਲੋਂ ਇਕ ਕਾਲਜੀਏਟ ਲੜਕੀ ਅਗਵਾਹ!"
ਇਕ ਲੰਬੀ ਖ਼ਬਰ ਸੀ।
ਖ਼ਬਰ ਅਨੁਸਾਰ ਕੁਲਬੀਰੇ ਸਮੇਤ ਪੰਜ ਹੋਰ ਖ਼ਾੜਕੂ ਰਾਤ ਨੂੰ ਇਕ ਮੱਧ-ਵਰਗੀ ਕਿਸਾਨ ਦੇ ਘਰ ਵਿਚ ਦਾਖਲ ਹੋਏ ਅਤੇ ਉਹਨਾਂ ਨੇ ਘਰਦਿਆਂ ਨੂੰ ਲੜਕੀ ਆਪਣੇ ਨਾਲ ਭੇਜਣ ਲਈ ਕਿਹਾ। ਪੁੱਛਣ 'ਤੇ ਖ਼ਾੜਕੂਆਂ ਨੇ ਕਿਹਾ ਕਿ ਬਾਹਰ ਕਿਸੇ ਬਹਿਕ 'ਤੇ ਸਾਡੇ ਸਾਥੀ ਬੈਠੇ ਹਨ ਅਤੇ ਕੁੜੀ ਉਹਨਾਂ ਨੂੰ ਰੋਟੀਆਂ ਪਕਾਉਣ ਲਈ ਚਾਹੀਦੀ ਹੈ। ਪਰ ਜਦ ਕੁੜੀ ਦੀ ਮਾਂ ਨੇ ਮਿੰਨਤਾਂ-ਤਰਲੇ ਕੀਤੇ ਅਤੇ ਖ਼ੁਦ ਆਪ ਜਾ ਕੇ ਰੋਟੀਆਂ ਪਕਾਉਣ ਲਈ ਕਿਹਾ ਤਾਂ ਉਸ ਨੂੰ ਅਸਾਲਟਾਂ ਦੇ ਬੱਟ ਮਾਰੇ ਅਤੇ ਬੰਦੂਕ ਦੀ ਨੋਕ 'ਤੇ ਬੀ. ਐੱਡ. ਕਰਦੀ ਕੁੜੀ ਨੂੰ ਨਾਲ ਲੈ ਗਏ।
ਖ਼ਬਰ ਛਪਣ ਤੱਕ ਕੁੜੀ ਵਾਪਿਸ ਨਹੀਂ ਆਈ ਸੀ।
ਇੰਦਰਜੀਤ ਨੇ ਵਿੱਚੋਂ-ਵਿੱਚੋਂ ਮੋਟੀ-ਮੋਟੀ ਖ਼ਬਰ ਪੜ੍ਹ ਕੇ ਅਖ਼ਬਾਰ ਫਿਰ ਕੁਰਸੀ 'ਤੇ ਰੱਖ ਦਿੱਤਾ। ਅਖ਼ਬਾਰ ਦਿਲਜੀਤ ਨੇ ਚੁੱਕ ਲਿਆ।
-"ਕੀ ਸੋਚਿਐ?" ਦਿਲਜੀਤ ਨੇ ਪੜ੍ਹ ਕੇ ਅਖ਼ਬਾਰ ਇਕੱਠਾ ਕਰਦਿਆਂ ਪੁੱਛਿਆ।
-"ਮੈਂ ਗੁਰਪਾਲ ਹੁਰਾਂ ਕੋਲ ਰੈਂਸੀ ਨੂੰ ਭੇਜਿਐ-ਉਹ ਕੀ ਖ਼ਬਰ ਦਿੰਦੇ ਐ? ਫਿਰ ਦੇਖਾਂਗੇ।"
-"........।"
-"ਮੇਰਾ ਤਾਂ ਦਿਲ ਕਰਦੈ ਸਾਲੇ ਨੂੰ ਖੜ੍ਹੇ ਨੂੰ ਈ ਉੜਾ ਦਿਆਂ।"
-"ਦੇਖ ਬਾਈ...!" ਇੰਦਰਜੀਤ ਬੋਲਿਆ।
-"ਕੁਲਬੀਰੇ ਦਾ ਹੋ ਗਿਆ ਦਿਮਾਗ ਖ਼ਰਾਬ-ਇਸ ਲਈ ਇਹ ਨਹੀਂ ਪਤਾ ਬਈ ਉਹ ਤੇਰੇ 'ਤੇ ਈ ਗੋਲੀ ਚਲਾ ਦੇਵੇ-ਅਸੀਂ ਤੇਰੇ ਬਿਨਾਂ ਕੱਖ ਦੇ ਨਹੀਂ-ਜੇ ਗੁਰਪਾਲ ਹੋਰਾਂ ਨੇ ਹਰੀ ਝੰਡੀ ਦੇ ਦਿੱਤੀ ਤਾਂ ਤੂੰ ਰਹੀਂ ਪਿੱਛੇ ਤੇ ਕੁਲਬੀਰੇ ਆਲਾ ਕੀਰਤਨ ਸੋਹਿਲਾ ਅਸੀਂ ਪੜ੍ਹਾਂਗੇ।"
-"ਮੈਨੂੰ ਹੱਥੀਂ ਮਾਰੇ ਬਿਨਾ ਸਬਰ ਨਹੀਂ ਆਉਣਾ-।"
-"ਬਾਈ ਸਿਆਣੇ ਕਹਿੰਦੇ ਹੁੰਦੇ ਐ ਬਈ ਜੇ ਫ਼ੌਜਾਂ ਦਾ ਕਮਾਂਡਰ ਮਾਰਿਆ ਜਾਵੇ-ਬਾਕੀ ਸੈਨਾਂ ਡੱਕੇ ਦੀ ਨਹੀਂ ਰਹਿੰਦੀ-ਬੱਸ ਤੂੰ ਪਿੱਛੇ ਰਹੀਂ-ਅਸੀਂ ਸੋਧ ਕੇ ਤੇਰੇ ਮੂਹਰੇ ਲਿਆ ਸੁੱਟਾਂਗੇ।"
-"ਇੰਦਰਜੀਤ...! ਕੁਲਬੀਰਾ ਕੋਈ ਮਾੜਾ ਮੋਟਾ ਖ਼ਾੜਕੂ ਨਹੀਂ-ਪੂਰਾ ਟਰੇਂਡ ਗੁਰੀਲਾ ਐ-ਜੇ ਉਹ ਐਹਨਾਂ ਅਕ੍ਰਿਤਘਣ ਗੱਲਾਂ ਨੂੰ ਤਿਆਗ, ਐਨਾ ਕੰਮ ਲਹਿਰ ਲਈ ਕਰਦਾ ਤਾਂ ਅਸੀਂ ਮੰਜ਼ਿਲ ਦੇ ਕਾਫ਼ੀ ਨਜ਼ਦੀਕ ਹੁੰਦੇ-ਪਰ ਹਰਾਮਜ਼ਾਦੇ ਨੇ ਸਾਰੀ ਖੀਰ 'ਚ ਸੁਆਹ ਪਾਅਤੀ-ਜਿੰਨਾ ਕੁ ਅਸੀਂ ਲੋਕਾਂ ਦੇ ਚਹੇਤੇ ਸਾਲਾਂ 'ਚ ਹੋਏ ਸੀ-ਇਹਨੇ ਇਕ ਮਹੀਨੇ 'ਚ ਹੀ ਨੱਕੋਂ ਬੁੱਲ੍ਹੋਂ ਲੁਹਾ ਮਾਰਿਆ-ਜੱਥੇਬੰਦੀਆਂ ਨਾਲੋਂ ਚਾਹੇ ਛੇਕ ਹੀ ਦਿੱਤਾ-ਪਰ ਲੋਕਾਂ ਭਾਣੇਂ ਖ਼ਾੜਕੂ ਐ।"
-".........।" ਇੰਦਰਜੀਤ ਹੁਰੀਂ ਚੁੱਪ, ਸੁਣ ਰਹੇ ਸਨ।
-"ਤੁਸੀਂ ਵੀ ਇਤਿਹਾਸ ਪੜ੍ਹਿਆ ਹੀ ਹੈ-ਇਤਿਹਾਸ ਗਵਾਹ ਹੈ ਸਿੱਖ ਕੌਮ ਨੇ ਕਦੇ ਕਿਸੇ ਜਰਵਾਣੇਂ ਜਾਂ ਤਾਨਾਸ਼ਾਹ ਰਾਜ ਦੀ ਈਨ ਨਹੀਂ ਮੰਨੀ-ਇਹ ਗੱਲ ਸਪੱਸ਼ਟ ਹੈ ਕਿ ਸਿੱਖਾਂ ਨੇ ਜ਼ਾਲਮ ਨੂੰ ਸਜ਼ਾ ਦੇਣ ਦੇ ਨਾਲ ਨਾਲ ਆਪਣੇ ਸ਼ਾਨਾਮੱਤੇ ਅਤੇ ਕੁਰਬਾਨੀਆਂ ਭਰੇ ਇਤਿਹਾਸ ਨੂੰ ਮੁੜ-ਮੁੜ ਦੁਹਰਾਉਣ ਦੇ ਕਾਰਨਾਮੇਂ ਵੀ ਕੀਤੇ ਹਨ-ਗੁਰ ਇਤਿਹਾਸ ਤੋਂ ਲੈ ਕੇ ਸਿੱਖ ਇਤਿਹਾਸ ਦੀਆਂ ਘਟਨਾਵਾਂ ਨੂੰ ਭਾਵੇਂ ਸਿੱਖਾਂ ਵੱਲੋਂ ਬਹੁਤਾ ਯੋਜਨਾਬੱਧ ਢੰਗ ਨਾਲ ਇਤਿਹਾਸ ਦੇ ਰੂਪ ਵਿਚ ਇਕੱਤਰ ਨਹੀਂ ਕੀਤਾ ਜਾ ਸਕਿਆ-ਪਰ ਫਿਰ ਵੀ ਸੀਨਾਂ-ਬ-ਸੀਨਾਂ ਅਤੇ ਕੁਝ ਲਿਖਤੀ ਇਤਿਹਾਸਕ ਰਚਨਾਵਾਂ ਦੇ ਅਧਾਰ 'ਤੇ ਮੌਜੂਦਾ ਸਾਰਾ ਇਤਿਹਾਸ ਲਿਖ ਕੇ ਇਸ ਨੂੰ ਆਪਣੇ ਹਿਰਦੇ ਅੰਦਰ ਸਮੋਇਆ ਹੋਇਆ ਹੈ-ਇਹ ਹੀ ਕਾਰਨ ਹੈ ਕਿ ਭੰਗਾਣੀ ਦੇ ਯੁੱਧ ਤੋਂ ਲੈ ਕੇ ਚਮਕੌਰ ਦੀ ਜੰਗ-ਮਾਛੀਵਾੜੇ ਦੇ ਜੰਗਲਾਂ ਦੀ ਦਾਸਤਾਨ-ਸਰਹੰਦ ਦੀਆਂ ਕੰਧਾਂ-ਸਰਹਿੰਦ ਦੀ ਫ਼ਤਹਿ-ਦੁਰਾਨੀ ਦੁਆਰਾ ਹਰਿਮੰਦਰ ਸਾਹਿਬ ਨੂੰ ਢਾਹ ਕੇ ਪਵਿੱਤਰ ਸਰੋਵਰ ਦਾ ਪੂਰਿਆ ਜਾਣਾ ਅਤੇ ਦੋਵੇਂ ਵੱਡੇ ਘੱਲੂਘਾਰੇ-ਮਹਾਰਾਜਾ ਰਣਜੀਤ ਸਿੰਘ ਦੇ ਰਾਜ ਅਤੇ ਡੋਗਰਿਆਂ ਦੀ ਬੁਰਸ਼ਾ-ਗਰਦੀ ਸਦੀਆਂ ਬੀਤ ਜਾਣ ਦੇ ਬਾਅਦ ਵੀ ਹਰ ਇੱਕ ਸਿੱਖ ਦੀ ਜ਼ਬਾਨ ਅਤੇ ਜ਼ਿਹਨ ਵਿਚ ਇਉਂ ਉੱਕਰੇ ਪਏ ਹਨ, ਜਿਵੇਂ ਇਹ ਕੱਲ੍ਹ ਦੀ ਹੀ ਗੱਲ ਹੋਵੇ-ਇਹ ਉਸ ਪੌਣ-ਪਾਣੀ ਵਿਚ ਅਤੇ ਉਸ ਧਰਤੀ 'ਤੇ ਜੰਮਿਆਂ ਪਲਿਆਂ ਦੀ ਕਹਾਣੀ ਹੈ-ਜਿੱਥੋਂ ਦੇ ਗੱਭਰੂ ਪੁਸ਼ਤ-ਦਰ-ਪੁਸ਼ਤ ਆਪਣੇ ਵਡੇਰਿਆਂ ਨਾਲ ਬੀਤੀਆਂ ਗੱਲਾਂ ਨੂੰ ਕਈ-ਕਈ ਪੀੜ੍ਹੀਆਂ ਤੱਕ ਯਾਦ ਰੱਖਦੇ ਹਨ-ਫਿਰ ਉਹ ਅੱਜ ਦੀ ਗੱਲ ਕਿਵੇਂ ਭੁਲਾ ਸਕਣਗੇ? ਸਾਡੀ ਮੂਵਮੈਂਟ ਦੀਆਂ ਚੰਗਿਆਈਆਂ ਚਾਹੇ ਲੋਕ ਕਦਾਚਿੱਤ ਯਾਦ ਨਾ ਰੱਖਣ-ਪਰ ਬੁਰਾਈਆਂ ਉਹ ਕਦੇ ਵੀ ਨਹੀਂ ਭੁਲਾ ਸਕਦੇ-ਇਕ ਬੁਰਾਈ ਨੂੰ ਢਕਣ ਲਈ ਸੌ ਚੰਗਿਆਈਆਂ ਦੀ ਲੋੜ ਹੈ-ਮੈਨੂੰ ਇਹ ਦੱਸੋ ਬਈ ਕੁਲਬੀਰੇ ਦੀਆਂ ਕੀਤੀਆਂ ਘੋਰ ਖੁਨਾਮੀਆਂ ਦਾ ਖੱਤਾ ਅਸੀਂ ਕਿਹੜੀ ਸਦੀ ਪੂਰਾਂਗੇ?"
ਉਠ ਕੇ ਕਾਕੇ ਨੇ ਤਖਤੀ 'ਚ ਮੁੱਕੀ ਮਾਰੀ।
-"ਪਤੈ ਬਾਈ..! ਕੁਲਬੀਰੇ ਨੂੰ ਮਾਰ ਕੇ ਆਪਾਂ ਆਪਣਾ ਇਕ ਸਾਥੀ ਹੀ ਗੁਆਵਾਂਗੇ-ਨਾਲੇ ਤੁਸੀਂ ਹੀ ਆਖਦੇ ਹੋ ਕਿ ਕੁਲਬੀਰਾ ਕੋਈ ਮਾੜਾ ਮੋਟਾ ਖ਼ਾੜਕੂ ਨਹੀਂ-।" ਦਿਲਜੀਤ ਨੇ ਕਿਹਾ।
-"ਦਿਲਜੀਤ..! ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ-ਉਹ ਹੁਣ ਆਪਣਾ ਖ਼ਾੜਕੂ ਸਾਥੀ ਨਹੀਂ-ਜੱਥੇਬੰਦੀ ਵੱਲੋਂ ਛੇਕਿਆ ਗੱਦਾਰ ਹੈ।"
-"ਪਰ ਬਾਈ ਕੁਲਬੀਰੇ ਨੂੰ ਮਾਰ ਕੇ ਤਾਂ ਉਸ ਕੁੜੀ ਦੀ ਇੱਜ਼ਤ ਵਾਪਿਸ ਨਹੀਂ ਆਉਣੀ।"
-"ਕੁੜੀ ਦੇ ਮਾਂ-ਪਿਉ ਦੇ ਦਿਲ ਨੂੰ ਤਾਂ ਮਾੜੀ ਮੋਟੀ ਠੰਢ ਪਊ-ਜਦੋਂ ਦੁਸ਼ਮਣ ਮਰਦੈ-ਉਦੋਂ ਕੋਈ ਜਾਗੀਰ ਨਾਂ ਨਹੀਂ ਕਰ ਜਾਂਦਾ-ਪਰ ਬੰਦੇ ਦੀ ਮਾਨਸਿਕਤਾ ਜ਼ਰੂਰ ਸਾਂਅਵੀਂ ਹੋ ਤੁਰਦੀ ਹੈ।"
-"ਪਰ ਆਪਾਂ ਉਹਨੂੰ ਸਮਝਾ ਬੁਝਾ ਕੇ ਦੇਖ ਲਈਏ-ਕੀ ਐ ਸਿੱਧੀ ਲਾਈਨ 'ਤੇ ਆ ਜਾਵੇ?" ਇਦਰਜੀਤ ਬੋਲਿਆ।
-"ਘਰ ਦਾ ਕੁੱਤਾ ਜਦੋਂ ਹਲ਼ਕ ਜਾਂਦੈ ਤਾਂ ਘਰ ਦੇ ਉਹਨੂੰ ਗੋਲੀ ਨਾਲ ਮਰਵਾ ਦਿੰਦੇ ਐ-ਨਾਲੇ ਤਿੱਪ-ਤਿੱਪ ਦੁੱਧ ਪਿਆ ਕੇ ਪਾਲਿਆ ਹੁੰਦੈ-ਕਿਉਂ ਮਰਵਾ ਦਿੰਦੇ ਐ? ਬਈ ਘਰ ਦੇ ਕਿਸੇ ਬੰਦੇ ਦਾ ਘਾਣ ਨਾ ਕਰ ਦੇਵੇ-ਇਹੀ ਹਾਲ ਕੁਲਬੀਰੇ ਦਾ ਹੋਇਆ ਵਿਐ-ਉਹ

ਆਪਣੇ ਇਲਾਕੇ 'ਚ ਲਹਿਰ ਦਾ ਘਾਣ ਕਰੀ ਜਾਂਦੈ-ਰਿਹਾਅ ਹੋਏ ਹਾਥੀ ਦਾ ਇਲਾਜ ਸਿਰਫ਼ ਗੋਲੀ ਹੁੰਦੈ।"
ਉਹ ਸ਼ਾਮ ਹੋਣ ਤੱਕ ਗੱਲਾਂ ਕਰੀ ਗਏ।
ਟਿੱਕੀ ਛੁਪਦੀ ਨਾਲ ਹੀ ਰੈਂਸੀ ਆ ਗਿਆ।
ਉਸ ਨੇ ਆਉਣਸਾਰ ਹੀ ਜੁੱਤੀ ਲਾਹ ਦਿੱਤੀ।
-"ਯਾਰ ਤੁਰਦੇ ਫਿਰਦੇ ਦੇ ਮੇਰੇ ਭੌਰੀਆਂ ਹੋ ਗਈਆਂ-ਬੜਾ ਤੰਗ ਕਰਦੀਐਂ-ਤੁਰਿਆ ਨਹੀਂ ਜਾਂਦਾ।"
-"ਰੈਂਸੀ ਤੇਰਾ ਲਹਿਰ 'ਚ ਬਹੁਤ ਯੋਗਦਾਨ ਐਂ-ਧਰਮ ਨਾਲ ਦਿਲ ਕਰਦੈ ਤੇਰਾ ਮੂੰਹ ਚੁੰਮ ਲਵਾਂ।" ਕਾਕੇ ਨੇ ਕਿਹਾ।
-"ਬਾਈ ਕਾਕਿਆ! ਜਦੋਂ ਲਹਿਰ 'ਚ ਪਏ ਸੀ-ਆਪਾਂ ਕਿਹੜਾ ਕਿਸੇ ਤੋਂ ਸ਼ਾਬਾਸ਼ੇ ਲੈਣ ਲਈ ਪਏ ਸੀ? ਤੂੰ ਤੇ ਬਾਈ ਗੁਰਪਾਲ ਹੋਰੀਂ ਮੇਰੀ ਕਦਰ ਕਰਦੇ ਓ ਤੇ ਮੈਂ ਤੁਹਾਡਾ ਦਿਲੋਂ ਧੰਨਵਾਦੀ ਹਾਂ।"
-"ਰੈਂਸੀ ਮੇਰਾ ਤਾਂ ਵਾਲ ਵਾਲ ਤੇਰਾ ਰਿਣੀ ਐਂ।"
-"ਬਾਈ ਕਾਕਿਆ! ਮੈਂ ਜੋ ਕੁਝ ਵੀ ਹਾਂ-ਸਿਰਫ਼ ਤੇਰੀ ਤੇ ਬਾਈ ਗੁਰਪਾਲ ਹੋਰਾਂ ਦੀ ਹੀ ਬਦੌਲਤ ਹਾਂ-ਨਹੀਂ ਮੋਹੁ ਸੇ ਗਰੀਬ ਕਰੋਰੁ ਪਰਹੇ।"
-"ਆਹ ਕੁਲਬੀਰੇ ਗੰਦ ਆਲਾ ਕੇਸ ਨਿਪਟ ਲਈਏ-ਅਸੀਂ ਤੈਨੂੰ ਲੈਫ਼ਟੀਨੈਂਟ ਜਨਰਲ ਥਾਪ ਹੀ ਦੇਣੈਂ।"
-"ਬਾਈ ਮੈਂ ਲੈਫ਼ਟੀਨੈਂਟੀ ਕੀ ਕਰਨੀ ਐਂ? ਮੈਂ ਤਾਂ ਜਿੰਨੀ ਜਲਦੀ ਹੋ ਸਕੇ ਕੌਡੀਆਂ ਆਲੇ ਨੂੰ ਬਿਲੇ ਲਾਉਣੈਂ-ਇਹ ਅਹੁਦਾ ਇੰਦਰਜੀਤ ਹੋਰਾਂ ਨੂੰ ਬਖ਼ਸ਼ੋ-ਮੈਂ ਤਾਂ ਉਸ ਬੁੱਚੜ ਨੂੰ ਨਰਕੀਂ ਤੋਰ ਕੇ ਸੰਤ ਬਣ ਜਾਣੈਂ-ਜੇ ਬਚ ਗਿਆ ਤਾਂ।"
ਇੰਦਰਜੀਤ ਹੋਰੀਂ ਫੋਕੇ ਹੱਸ ਰਹੇ ਸਨ।
-"ਕੁਲਬੀਰੇ ਬਾਰੇ ਦਿੱਤਾ ਕੋਈ ਫ਼ੈਸਲਾ ਗੁਰਪਾਲ ਹੋਰਾਂ ਨੇ ਕਿ ਕਰਤੀਆਂ ਉਹ ਹੀ ਛਿੱਟੇ ਮਾਰ ਗੱਲਾਂ?" ਕਾਕੇ ਨੇ ਅਸਲ ਗੱਲ ਵੱਲ ਰੁੱਖ ਕੀਤਾ।
-"ਉਹਨਾਂ ਨੇ ਤਾਂ ਬਾਈ ਇੱਕੋ ਗੱਲ ਈ ਆਖਤੀ ਬਈ ਜਿੱਥੇ ਮਿਲਦੈ-ਫਰਲ੍ਹੋ ਉੜਾ ਦਿਓ-ਪਾਅਧਾ ਨਾ ਪੁੱਛੋ!"
ਕਾਕੇ ਦੇ ਦਿਲ ਦੀ ਗੱਲ ਹੋ ਗਈ।
-"ਲਓ..! ਅੱਜ ਈ ਲਓ ਫੇਰ..!"
ਕਾਕਾ ਛਾਲ਼ ਮਾਰ ਕੇ ਉਠਿਆ।
ਰਾਤ ਨੂੰ ਗਿਆਰਾਂ ਵਜੇ ਚਾਰਾਂ ਨੇ ਕੁਲਬੀਰੇ ਦੇ ਟਿਕਾਣੇਂ ਨੂੰ ਘੇਰ ਲਿਆ। ਅੰਦਰੋਂ ਕੋਈ ਅਵਾਜ਼ ਨਹੀਂ ਆ ਰਹੀ ਸੀ। ਸਿਰਫ਼ ਵਿਹੜੇ ਦੀ ਮੱਧਮ ਜਿਹੀ ਬੱਤੀ ਜਗ ਰਹੀ ਸੀ। ਬੈਠਕ ਦੀ ਬਾਰੀ ਦੇ ਬਿਲਕੁਲ ਨੇੜੇ ਹੋ ਕੇ ਕਾਕੇ ਨੇ ਬਿੜਕ ਲਈ। ਅੰਦਰੋਂ ਕਿਸੇ ਦੇ ਪਾਸਾ ਲੈਣ ਦੀ ਅਵਾਜ਼ ਆਈ। ਕਾਕਾ ਸਾਵਧਾਨ ਹੋ ਗਿਆ। ਉਸ ਨੇ ਸਾਥੀਆਂ ਨੂੰ ਕੰਧ ਉਪਰੋਂ ਦੀ ਅੰਦਰ ਉਤਰਨ ਦਾ ਇਸ਼ਾਰਾ ਕੀਤਾ। ਉਹ ਕੰਧ ਨਾਲ ਪਏ ਹਲ਼ 'ਤੇ ਪੈਰ ਰੱਖ ਕੇ ਅੰਦਰ ਖੁਰਲੀ 'ਚ ਛਾਲ਼ਾਂ ਮਾਰ ਗਏ। ਕਾਕਾ ਬਿੱਲੀ ਵਾਂਗ ਸ਼ਹਿ-ਸ਼ਹਿ ਕੇ ਵਰਾਂਡੇ ਵਿਚ ਪਹੁੰਚ ਗਿਆ। ਮਗਰੇ ਹੀ ਰੈਂਸੀ ਲਟਕਿਆ ਆ ਰਿਹਾ ਸੀ। ਇੰਦਰਜੀਤ ਹੁਰੀਂ ਵਿੱਥ ਪਾਈ ਖੜ੍ਹੇ ਸਨ।
ਕਾਕੇ ਨੇ ਵਰਾਂਡੇ ਵਿਚੋਂ ਸਾਰੀਆਂ ਬੱਤੀਆਂ ਬਾਲ ਕੇ ਕਮਰੇ ਦੇ ਦਰਵਾਜੇ ਨੂੰ ਠੁੱਡ ਮਾਰਿਆ ਤਾਂ ਕੁਲਦੀਪ ਭੜੱਕ ਕੇ ਉਠਿਆ। ਉਸ ਦੇ ਬਰਾਬਰ ਮੰਜੇ 'ਤੇ ਕੁੜੀ ਪਈ ਸੀ। ਉਸ ਨੇ ਕੁਲਦੀਪ ਦੇ ਨੱਕ 'ਤੇ ਅੱਡੀ ਮਾਰੀ। ਕੁਲਦੀਪ ਮੰਜੇ ਤੋਂ ਡਿੱਗਿਆ ਤਾਂ ਰੈਂਸੀ ਨੇ ਅਸਾਲਟ ਦੇ ਬੱਟਾਂ ਨਾਲ ਉਸ ਦਾ ਮੂੰਹ ਹੀ ਮੂੰਹ ਭੰਨਣਾ ਸੁਰੂ ਕਰ ਦਿੱਤਾ। ਇੰਦਰਜੀਤ ਹੁਰੀਂ ਸਾਥੀ "ਕੈਟ" ਦਾ ਹਾਲ ਦੇਖ ਦੇਖ ਅੰਦਰੋਂ ਕੰਬੀ ਜਾ ਰਹੇ ਸਨ। ਉਹਨਾਂ ਨੂੰ ਡਰ ਸੀ ਕਿ ਕਿਤੇ ਕੁਲਦੀਪ ਮੱਦਦ ਲਈ ਨਾ ਆਖ ਦੇਵੇ! ਫਿਰ ਉਹਨਾਂ ਦੀ ਖ਼ੈਰ ਨਹੀਂ ਸੀ।
ਕਾਕੇ ਨੇ ਰੈਂਸੀ ਨੂੰ ਰੋਕ ਦਿੱਤਾ।
ਰੈਂਸੀ ਨੇ ਕੁਲਦੀਪ ਨੂੰ ਇੱਕ ਖੂੰਜੇ ਲਾ ਲਿਆ। ਉਸ ਦੇ ਦਿਲ ਵਿਚ ਸੀ ਕਿ ਕੁਲਦੀਪ ਗੋਲੀ ਨਾ ਚਲਾ ਦੇਵੇ। ਉਸ ਨੇ ਉਸ ਦੀ ਤਲਾਸ਼ੀ ਲੈ ਕੇ ਦੂਰ ਖੜ੍ਹਾ ਕਰ ਲਿਆ। ਕਾਕਾ ਕੁੜੀ ਕੋਲ ਚਲਾ ਗਿਆ।
-"ਭੈਣ ਜੀ..! ਮੇਰਾ ਨਾਂ ਕਾਕਾ ਐ-ਮਨਪ੍ਰੀਤ ਸਿੰਘ ਕਾਕਾ-ਤੁਹਾਨੂੰ ਹੀ ਇਹ ਕੁੱਤੇ ਅਗਵਾਹ ਕਰਕੇ ਲਿਆਏ ਐ?"
-"ਹਾਂ ਵੀਰ ਜੀ..।" ਕੁੜੀ ਦੇ ਦਿਲ 'ਤੇ ਹਮਦਰਦੀ ਭਰੇ ਬੋਲ ਲਕੀਰ ਪਾ ਗਏ। ਉਹ ਧਰਾਲੀਂ ਰੋਣ ਲੱਗ ਪਈ।
ਕਾਕੇ ਨੇ ਉਸ ਦੇ ਸਿਰ 'ਤੇ ਚੁੰਨੀ ਦੇ ਕੇ ਸਿਰ 'ਤੇ ਹੱਥ ਰੱਖਿਆ।
-"ਭੈਣੇਂ! ਇਹਨਾਂ ਨੇ ਤੇਰੇ ਨਾਲ ਕੋਈ ਖੇਹ ਖਰਾਬੀ ਤਾਂ ਨਹੀਂ ਕੀਤੀ?"
-".......!" ਕੁੜੀ ਨੇ ਮੂੰਹ 'ਚ ਚੁੰਨੀ ਲੈ ਕੇ ਹੁਬਕੀਂ-ਹੁਬਕੀਂ ਰੋਣਾ ਸੁਰੂ ਕਰ ਦਿੱਤਾ। ਉਹ ਕੁਛ ਦੱਸਦੀ ਤਾਂ ਕਿਹੜੇ ਮੂੰਹ ਨਾਲ ਦੱਸਦੀ? ਕੀ ਦੱਸਦੀ? ਗੁੱਸੇ ਵਿਚ ਪਾਗਲ ਹੋਏ ਕਾਕੇ ਨੇ ਕੁਲਦੀਪ ਦੇ ਚੁਪੇੜ ਕੱਢ ਮਾਰੀ।
-"ਕਿੱਥੇ ਐ ਉਏ ਥੋਡਾ ਸੂਰਮਾਂ?"
-"ਬਾਈ ਜੀ ਮੈਂ ਤਾਂ ਅੱਗੇ ਈ ਬੇਨਤੀ ਕੀਤੀ ਸੀ ਬਈ ਮੈਨੂੰ ਕੁਛ ਦੱਸ ਕੇ ਨਹੀਂ ਜਾਂਦੇ।"
-"ਭੈਣੇਂ..! ਤੂੰ ਕੱਪੜੇ ਪਾ ਤੇ ਬਾਹਰ ਚੱਲ...!"
ਕੁੜੀ ਕੱਪੜੇ ਪਾ ਕੇ ਬਾਹਰ ਨਿਕਲ ਗਈ।
ਕਾਕੇ ਨੇ ਕੁਲਦੀਪ 'ਤੇ ਪੂਰੇ ਦਾ ਪੂਰਾ ਮੈਗਜ਼ੀਨ ਖਾਲੀ ਕਰ ਦਿੱਤਾ ਅਤੇ ਰਿਵਾਲਵਰ ਫਿਰ ਡੱਬ ਵਿਚ ਦੇ ਲਿਆ।
ਭਰਾੜ੍ਹ ਹੋਏ ਕੁਲਦੀਪ ਦੀ ਖੂੰਜੇ ਹੀ ਢੋਅ ਲੱਗ ਗਈ। ਇੰਦਰਜੀਤ ਹੁਰੀਂ ਠੱਗੇ ਜਿਹੇ ਖੜ੍ਹੇ ਸਨ। ਉਹਨਾਂ ਦਾ ਸਾਥੀ ਉਹਨਾਂ ਦੇ ਸਾਹਮਣੇਂ ਹੀ ਗੋਲੀਆਂ ਨਾਲ ਉੜਾ ਦਿੱਤਾ ਗਿਆ ਸੀ।
-"ਆ ਭੈਣੇਂ ਚੱਲੀਏ!" ਕਾਕੇ ਨੇ ਕੁੜੀ ਨੂੰ ਨਾਲ ਤੋਰ ਲਿਆ। ਬੱਤੀਆਂ ਪਹਿਲੀ ਤਰ੍ਹਾਂ ਵਾਂਗ ਹੀ ਬੰਦ ਕਰ ਦਿੱਤੀਆਂ। ਕੁੜੀ ਕਾਕੇ ਹੁਰਾਂ ਨਾਲ ਭੈਣ-ਭਰਾਵਾਂ ਵਾਂਗ ਹੀ ਤੁਰ ਪਈ।

ਪਹੁ ਫ਼ਟਦੀ ਨਾਲ ਹੀ ਉਹ ਕਾਕੇ ਦੇ ਟਿਕਾਣੇਂ 'ਤੇ ਚੂਹੜਚੱਕ ਆ ਗਏ। ਕੁੜੀ ਨੂੰ ਕਾਕੇ ਨੇ ਗਗਨਦੀਪ ਹਵਾਲੇ ਕਰ ਦਿੱਤਾ।
-"ਲੈ ਦੀਪ ਅੱਜ ਤੋਂ ਇਹ ਸਾਡੀ ਭੈਣ ਐਂ-ਇਹਨੂੰ ਪਹਿਲਾਂ ਚਾਹ ਜਾਂ ਦੁੱਧ ਪਿਆ ਤੇ ਫਿਰ ਗਰਮ ਪਾਣੀ ਕਰਕੇ ਨੁਹਾ।"
ਗਗਨਦੀਪ ਕੁੜੀ ਦੀ ਬਾਂਹ ਫੜ ਕੇ ਚੁਬਾਰਿਓਂ ਹੇਠਾਂ ਲੈ ਗਈ। ਰਸੋਈ ਵਿਚ ਗੈਸ ਬਾਲ ਕੇ ਉਸ ਨੇ ਚਾਹ ਧਰ ਦਿੱਤੀ।
-"ਕੀ ਨਾਂ ਐਂ ਭੈਣੇਂ ਤੇਰਾ?"
-"ਮੇਰਾ ਨਾਂ ਭੈਣ ਜੀ ਰਾਜਵੰਤ ਐ-ਵੈਸੇ ਘਰ ਦੇ ਮੈਨੂੰ ਡਾਲੀ ਕਹਿ ਦਿੰਦੇ ਐ-ਤੇ ਤੁਹਾਡਾ ਨਾਂ?"
-"ਮੇਰਾ ਨਾਂ ਗਗਨਦੀਪ ਐ-ਮੇਰੇ ਹਸਬੈਂਡ ਮੈਨੂੰ ਦੀਪ ਈ ਆਖਦੇ ਐ।"
-"ਵੈਸੇ ਤੁਸੀਂ ਹੈ ਵੀ ਇਕ ਤਰ੍ਹਾਂ ਦੇ ਦੀਪ।"
ਗਗਨਦੀਪ ਸ਼ਰਮਾ ਗਈ।
-"ਕਿਹੜੀ ਕਲਾਸ 'ਚ ਪੜ੍ਹਦੇ ਹੋ?"
-"ਮੈਂ ਬੀ. ਐੱਡ. ਕਰ ਰਹੀ ਹਾਂ।"
-"ਕਿਹੜੇ ਕਾਲਜ 'ਚ?"
-"ਲੋਪੋ ਕਾਲਜ 'ਚ।"
-"ਕਿਹੜਾ ਪਿੰਡ ਐ?"
-"ਦੌਧਰ-ਤੇ ਤੁਹਾਡਾ?"
-"ਬੁੱਟਰ-।"
-"ਫਿਰ ਆਪਾਂ ਤਾਂ ਗੁਆਂਢਣਾਂ ਹੀ ਨਿਕਲੀਆਂ।"
ਉਹ ਹੱਸ ਪਈਆਂ।
-"ਕਾਕਾ ਵੀਰ ਜੀ ਤੁਹਾਡੇ ਹਸਬੈਂਡ ਨੇ?"
-"ਹਾਂ।"
-"ਬੜੇ ਖੁਸ਼ਕਿਸਮਤ ਹੋ ਤੁਸੀਂ-ਐਹੋ ਜਿਹਾ ਹਸਬੈਂਡ ਤਾਂ ਕਿਸੇ ਨੂੰ ਦਿਨੇ ਦੀਵਾ ਲੈ ਕੇ ਵੀ ਭਾਲਿਆਂ ਨਹੀਂ ਮਿਲਦਾ।"
-"ਤੁਸੀਂ ਬੇਫ਼ਿਕਰ ਰਹੋ-ਤੁਹਾਨੂੰ ਐਦੂੰ ਵੀ ਚੜ੍ਹਦਾ ਚੰਦ ਹਸਬੈਂਡ ਲੱਭ ਕੇ ਦਿਆਂਗੀ।" ਗਗਨਦੀਪ ਨੇ ਰੈਂਸੀ ਬਾਰੇ ਸੋਚ ਲਿਆ ਸੀ। ਪਰ ਡਾਲੀ ਸੁਣ ਕੇ ਗੰਭੀਰ ਹੋ ਗਈ ਸੀ।
-"ਦੀਪ ਭੈਣ ਜੀ-ਮੇਰੇ ਤਾਂ ਅਰਮਾਨ ਈ ਹਾਉਕਾ ਭਰ ਕੇ ਝੱਖੜ 'ਚ ਰੁਲ ਗਏ-ਮੈਂ ਹੁਣ ਕਿਸੇ ਦੀ ਹੋਣ ਜੋਗੀ ਨਹੀਂ ਰਹਿ ਗਈ ਦੀਪ ਭੈਣ ਜੀ।" ਡਾਲੀ ਦੇ ਕੇਸੂਆਂ ਵਰਗੇ ਪਪੀਸੀਆਂ ਬੁੱਲ੍ਹ ਕੰਬੇ ਅਤੇ ਮਿਰਗ ਨੈਣ ਕਟੋਰਿਆਂ ਵਾਂਗ ਭਰ ਆਏ। ਦੀਪ ਨੇ ਉਸ ਨੂੰ ਮੋਢੇ ਨਾਲ ਲਾ ਲਿਆ।
-"ਜਿਤਨੀ ਦੇਰ ਔਰਤ ਖੁਦ ਆਪ ਲਛਮਣ ਰੇਖਾ ਪਾਰ ਨਾ ਕਰੇ-ਉਹ ਪਵਿੱਤਰ ਹੀ ਪਵਿੱਤਰ ਹੁੰਦੀ ਐ-ਮੈਂ ਅਜਿਹੀਆਂ ਦਿਲ ਢਾਹੂ ਗੱਲਾਂ ਇੱਕ ਬੀ. ਐੱਡ. ਦੀ ਵਿਦਿਆਰਥਣ ਦੇ ਮੂੰਹੋਂ ਕਹਿਣ ਦੀ ਆਸ ਹੀ ਨਹੀਂ ਰੱਖ ਸਕਦੀ।"
ਦੀਪ ਦੀ ਭੂਆ ਆ ਗਈ।
ਸਵੇਰ ਹੋ ਗਈ ਸੀ।
-"ਭੂਆ ਜੀ ਇਹ ਡਾਲੀ ਐ-ਕੁਲਬੀਰੇ ਹੋਰੀਂ ਇਹਨੂੰ ਅਗਵਾ ਕਰ ਕੇ ਲੈ ਗਏ ਸੀ ਤੇ ਰਾਤ ਆਪਣੇਂ ਵਾਲੇ ਇਹਨੂੰ ਛੁਡਾ ਲਿਆਏ।"
-"ਕੋਈ ਗੱਲ ਨਹੀਂ ਭਾਈ-ਜੀ ਆਈ ਦੇ! ਪਰ ਕੁਲਬੀਰਾ ਟੁੱਟੜਾ ਇਹਨੂੰ ਕਾਹਤੋਂ ਲੈ ਗਿਆ ਸੀ?"
-"ਬੱਸ ਭੂਆ ਜੀ ਦਿਮਾਗ ਖਰਾਬ!"
-"ਆ ਲੈਣ ਦੇ ਐਧਰ-ਮੈਂ ਮਾਰੂੰ ਲਿਵਤਰੇ ਪੰਜਾਹ ਸਿਰ 'ਚ-ਔਤਾਂ ਦੇ ਜਾਣੇਂ ਦੇ।" ਭੂਆ ਨਲਕੇ 'ਤੇ ਮੂੰਹ ਧੋਣ ਚਲੀ ਗਈ।
-"ਇਹ ਤੁਹਾਡੇ ਭੂਆ ਜੀ...?"
-"ਹਾਂ ਇਹ ਮੇਰੇ ਭੂਆ ਜੀ ਨੇ ਤੇ ਮੇਰੇ ਹਸਬੈਂਡ ਦੇ ਮਾਮੀ ਜੀ-ਸੁਭਾਅ ਦੇ ਕੁਝ ਅੱਖੜ ਐ-ਜੇ ਮੂੰਹੋਂ ਕੁਝ ਆਖ ਦੇਣ ਤਾਂ ਗੁੱਸਾ ਨਾ ਕਰਨਾ।" ਦੀਪ ਨੇ ਹੱਸ ਕੇ ਕਿਹਾ।
-"ਤੁਸੀਂ ਇਸ ਪਾਸਿਓਂ ਬੇਫ਼ਿਕਰ ਰਹੋ! ਮੇਰੇ ਭੂਆ ਜੀ ਵੀ ਇਹੋ ਜਿਹੇ ਹੀ ਹਨ-ਗੱਲ ਕਹਿਣ ਲੱਗੇ ਅੱਗਾ ਪਿੱਛਾ ਨਹੀਂ ਦੇਖਦੇ।"
ਭੂਆ ਮੂੰਹ-ਹੱਥ ਧੋ ਕੇ ਆ ਗਈ।
-"ਕੁੜੀਓ ਤੁਸੀਂ ਚਾਹ ਚੂਹ ਪੀਤੀ ਕਿ ਨਹੀਂ? ਘੰਟੇ ਦੀਆਂ ਜੱਭ-ਜੱਭ ਕਰੀ ਜਾਨੀਐਂ? ਲਿਆਓ ਘੁੱਟ ਚਾਹ ਦੀ ਮੈਨੂੰ ਵੀ ਦਿਓ-ਮੇਰੇ ਤਾਂ ਹੱਡ ਜੇ ਜੁੜੇ ਪਏ ਐ-ਰਾਤ ਇੱਕ ਤੇਰੇ ਫੁੱਫੜ ਨੇ ਸਾਰੀ ਰਾਤ ਸੌਣ ਨਹੀਂ ਦਿੱਤਾ।"
ਕੁੜੀਆਂ ਦੇ ਮੂੰਹ 'ਤੇ ਲੱਜ ਦੀ ਲਾਲੀ ਆ ਗਈ।
-"ਨੀ ਉਹ ਗੱਲ ਨਹੀਂ ਜਿਹੜੀ ਤੁਸੀਂ ਸੋਚ ਕੇ ਮੂੰਹ ਝਾਂਵੇਂ ਅਰਗਾ ਕਰ ਲਿਆ-।" ਭੂਆ ਕੁੜੀਆਂ ਦੇ ਚਿਹਰੇ ਪੜ੍ਹ ਗਈ ਸੀ।
-"ਉਹ ਤਾਂ ਦੇਹ ਘੁਰਾੜੇ ਤੇ ਘੁਰਾੜਾ..! ਦੇਹ ਘੁਰਾੜੇ ਤੇ ਘੁਰਾੜਾ..! ਕਦੇ ਬੋਤੇ ਮਾਂਗੂੰ ਮੂੰਹ ਨਾਲ ਟੁੱਚ-ਟੁੱਚ ਜੀ ਕਰਨ ਲੱਗ ਪਿਆ ਕਰੇ-ਤੇ ਕਦੇ ਓਸ ਗੱਲ ਦੇ ਆਖਣ ਮਾਂਗੂੰ ਭੈਣੇਂ ਦੰਦ ਜੇ ਕਿਰਚਣ ਲੱਗ ਪਿਆ ਕਰੇ-ਤੇ ਕਦੇ ਗਧੇ ਮਾਂਗੂੰ ਫਰਾਟੇ ਜੇ ਮਾਰਨ ਲੱਗ ਪਿਆ ਕਰੇ-ਮੈਂ ਪਾਵੇ ਨਾਲ ਬਥੇਰ੍ਹੇ ਡੰਡੇ ਖੜਕਾਏ-ਪਰ ਕਾਹਨੂੰ ਸੁਣਦੈ..? ਕਦੇ ਚੂੰ-ਚੂੰ ਜੀ ਕਰਕੇ ਕਿਸੇ ਨੂੰ ਗਾਹਲਾਂ ਕੱਢਣ ਲੱਗ ਪਿਆ ਕਰੇ।"
ਕੁੜੀਆਂ ਹੱਸੀ ਜਾ ਰਹੀਆਂ ਸਨ।
ਦਸ ਕੁ ਵਜੇ ਕਾਕੇ ਹੁਰੀਂ ਉਠੇ।

ਗਗਨਦੀਪ ਅਤੇ ਡਾਲੀ ਨਹਾ ਧੋ ਕੇ ਸਾਗ ਛਿੱਲ ਰਹੀਆਂ ਸਨ। ਕਾਕੇ ਨੇ ਚੁਬਾਰੇ ਵਿਚੋਂ ਚਾਹ ਲਈ ਆਖਿਆ ਤਾਂ ਡਾਲੀ ਉਠੀ।
-''ਅੱਜ ਕਾਕੇ ਵੀਰ ਨੂੰ ਚਾਹ ਮੈਂ ਆਪਦੇ ਹੱਥੀਂ ਬਣਾ ਕੇ ਪਿਆਊਂਗੀ।'' ਡਾਲੀ ਨੇ ਕਿਹਾ।
-''ਹੋਣ ਆਲੇ ਖਸਮ ਵਾਸਤੇ ਵੀ ਨਾਲ ਹੀ ਧਰ ਲਈਂ।'' ਦੀਪ ਨੇ ਵਿਅੰਗਮਈ ਕਿਹਾ ਤਾਂ ਡਾਲੀ ਉਸ ਵੱਲ ਮੁੜ ਕੇ ਝਾਕੀ।
-''ਨੀ ਤੁਸੀਂ ਕੀ ਕਮਲ ਜਿਆ ਮਾਰੀ ਜਾਨੀਐਂ? ਰੋਟੀ ਦਾ ਢਾਣਸ ਨਹੀਂ ਕਰਨਾ?'' ਭੂਆ ਨੇ ਆ ਕੇ ਰੌਲਾ ਪਾਇਆ ਤਾਂ ਦੀਪ ਮਸ਼ੀਨ ਨਾਲ ਸਾਗ ਕੁਤਰਨ ਲੱਗ ਪਈ।
ਡਾਲੀ ਚਾਹ ਧਰ ਕੇ ਆ ਗਈ।
-''ਭੂਆ ਜੀ ਐਥੇ ਬੈਠੋ-ਥੋਤੋਂ ਇੱਕ ਗੱਲ ਪੁੱਛਣੀਂ ਐਂ।'' ਦੀਪ ਨੇ ਕਿਹਾ।
-''ਨੀ ਕੋਈ ਚੱਜ ਦੀ ਪੁੱਛੀਂ-ਕਮਲ ਨਾ ਮਾਰੀਂ ਬੁਦਰੀਏ-ਮੈਂ ਦੋਹਾਂ ਦੇ ਬੂਥੇ ਭੰਨੂੰ!'' ਭੂਆ ਹੱਸਦੀ ਮੰਜੇ 'ਤੇ ਬੈਠ ਗਈ। ਉਸ ਦੇ ਭਾਰੇ ਗੱਦਰ ਸਰੀਰ ਨੇ ਮੰਜੇ ਦੀਆਂ ਚੂਲਾਂ ਹਿਲਾ ਧਰੀਆਂ।
-''ਕੁੜੀਏ ਤੂੰ ਕਿਮੇਂ ਬੋਤਾ ਜਿਆ ਮੂੰਹ ਕਰੀ ਖੜ੍ਹੀਂ ਐਂ? ਬਹਿਜਾ..!'' ਭੂਆ ਨੇ ਡਾਲੀ ਨੂੰ ਕਿਹਾ।
-''ਮੈਂ ਭੂਆ ਜੀ ਚਾਹ ਕਰਕੇ ਖੜ੍ਹੀ ਐਂ-ਕਿਤੇ ਉਬਲ਼ ਨਾ ਜਾਵੇ।''
-''ਲਿਆ ਕੁੜ੍ਹੇ ਚਾਹ ਲਿਆ-ਫੇਰ ਸੁਣੂੰਗੀ ਥੋਡੀ ਗੱਲ-ਕੁੜ੍ਹੇ ਮੇਰੇ ਤਾਂ ਗੋਡਿਆਂ 'ਚ ਚੀਸਾਂ ਪਈ ਜਾਂਦੀਐਂ।''
ਡਾਲੀ ਚਾਹ ਲੈ ਕੇ ਆ ਗਈ।
ਭੂਆ ਨੇ ਚਾਹ ਦਾ ਗਿਲਾਸ ਫੜ ਲਿਆ।
-''ਮਾਮੀਂ ਜੀ ਚਾਹ ਬਣੀਂ ਨਹੀਂ ਅਜੇ?'' ਉਪਰੋਂ ਕਾਕੇ ਦੀ ਅਵਾਜ਼ ਆਈ।
-''ਵੇ ਆਉਂਦੀ ਐ! ਐਡੀ ਛੇਤੀ ਨ੍ਹੇਰੀ ਆਉਂਦੀ ਐ ਕੁੱਤੇ ਦਿਆ ਵੱਢਿਆ?''
ਉਪਰੋਂ ਹੱਸਣ ਦੀ ਅਵਾਜ਼ ਆਈ।
-''ਜਾਹ ਕੁੜ੍ਹੇ ਕੁੜੀਏ-ਫੜਾ ਕੇ ਆ ਚਾਹ ਮੁੰਡਿਆਂ ਨੂੰ-ਕਿਵੇਂ ਅੱਗ ਮਚਾਈ ਐ।''
ਗਗਨਦੀਪ ਚਾਹ ਫੜਾ ਆਈ।
-''ਰੋਟੀਆਂ ਵੀ ਹੁਣੇਂ ਲਾਹ ਲਓ-ਬਾਧੂ ਫੇਰ ਕੁੱਤੀ ਚੀਕਾ ਪਾਈ ਫਿਰੂ।''
-''ਪਹਿਲਾਂ ਮੈਂ ਤਾਂ ਇੱਕ ਗੱਲ ਪੁੱਛਣੀਂ ਐਂ।''
-''ਲੈ..! ਮੈਂ ਤਾਂ ਭੁੱਲ ਈ ਗਈ ਸੀ-ਚੇਤਾ ਬਾਹਲਾ ਮਾੜਾ ਹੁੰਦਾ ਜਾਂਦੈ ਡੁੱਬੜਾ-ਹਾਂ ਪੁੱਛ!''
-''ਬੈਠ ਡਾਲੀ ਐਥੇ।''
ਡਾਲੀ ਬੈਠ ਗਈ।
-''ਭੂਆ ਜੀ ਰੈਂਸੀ ਤੇ ਡਾਲੀ ਦੀ ਜੋੜੀ ਕਿਵੇਂ ਰਹੂ?'' ਕਹਿ ਕੇ ਦੀਪ ਨੇ ਅੱਖਾਂ ਭੂਆ ਦੇ ਮੂੰਹ 'ਤੇ ਗੱਡ ਦਿੱਤੀਆਂ।
-''ਨੀ ਉਹ ਤਾਂ ਦਿਨ ਰਾਤ ਹਰਲ੍ਹ-ਹਰਲ੍ਹ ਕਰਦਾ ਫਿਰਦੈ-ਇਹਦੇ ਕੋਲੇ ਕਦੋਂ ਰਹੂ?''
-''ਭੂਆ ਜੀ ਜਦੋਂ ਸੰਗਲ ਗਲ ਪੈ ਗਿਆ ਆਪੇ ਟਿਕ ਕੇ ਖੜ੍ਹਜੂ।''
-''ਨੀ ਰੰਡੀਆਂ ਤਾਂ ਰੰਡ ਕੱਟ ਲੈਣ-ਪਰ ਉਂਗਲਾਂ ਆਲੇ ਨਹੀਂ ਕੱਟਣ ਦਿੰਦੇ-ਉਹ ਤਾਂ ਟਿਕ ਕੇ ਖੜ੍ਹਜੂ-ਪਰ ਐਨ੍ਹਾਂ ਜਮਦੂਤਾਂ ਨੇ ਨਹੀਂ ਖੜ੍ਹਨ ਦੇਣਾ-ਗਿੱਟੇ ਸੋਟੀ ਲਾਈ ਰੱਖਣਗੇ।'' ਕਾਕੇ ਨੂੰ ਪੌੜੀਆਂ ਉਤਰਦਾ ਦੇਖ ਭੂਆ ਨੇ ਉਸ ਵੱਲ ਹੱਥ ਕੱਢ ਕੇ ਕਿਹਾ।
-''ਮਾਮੀਂ ਜੀ ਕੀਹਦੇ 'ਤੇ ਸੂਈ ਧਰੀ ਐ?''
-''ਤੇਰੇ 'ਤੇ...!''
-''ਉਹ ਤਾਂ ਮੈਂ ਪਹਿਲਾਂ ਈ ਲੱਖਣ ਲਾ ਲਿਆ ਸੀ-ਬਈ ਮਾਮੀਂ ਦਾ ਘੋਰੜੂ ਮੇਰੇ 'ਤੇ ਈ ਵੱਜਦਾ ਹੋਊ।''
-''ਦੀਪ..! ਭੈਣ ਨੂੰ ਤਿਆਰ ਕਰਦੇ ਰੋਟੀ ਰੂਟੀ ਖੁਆ ਕੇ-ਇੰਦਰਜੀਤ ਤੇ ਦਿਲਜੀਤ ਇਹਨੂੰ ਇਹਦੇ ਪਿੰਡ ਛੱਡ ਆਉਣਗੇ।''
-''ਵੀਰ ਜੀ ਮੇਰਾ ਨਾਂ ਡਾਲੀ ਐ-ਤੁਸੀਂ ਮੈਨੂੰ ਡਾਲੀ ਈ ਆਖਿਆ ਕਰੋ।''
-''ਗੱਲ ਸੁਣੋਂ! ਰੈਂਸੀ ਤੇ ਡਾਲੀ ਦਾ ਰਿਸ਼ਤਾ ਕਿਵੇਂ ਰਹੂ?''
-''ਦੀਪ! ਤੂੰ ਕਦੇ ਕਦੇ ਨਿਆਣਿਆਂ ਆਲੀਆਂ ਗੱਲਾਂ ਕਰਨ ਲੱਗ ਪੈਨੀਂ ਐਂ-ਸੋਚ ਤਾਂ ਲੈ ਰੈਂਸੀ ਇਨਾਮੀ ਮਿਲੀਟੈਂਟ ਐ-ਪੁਲੀਸ ਉਹਦੇ ਮਗਰ ਨਸੂੜ੍ਹੇ ਦੀ ਗਿੜ੍ਹਕ ਵਾਂਗੂੰ ਲੱਗੀ ਐ-ਅਗਲਾ ਐਕਸ਼ਨ ਉਹਨੇ ਅੱਜ ਕੱਲ੍ਹ 'ਚ ਕਰ ਦੇਣੈਂ-ਉਥੋਂ ਪਤਾ ਨਹੀਂ ਉਹ ਜਿਉਂਦਾ ਮੁੜੇ ਨਾ ਮੁੜੇ-ਤੂੰ ਇੱਕ ਜੁਆਨ ਕੁੜੀ ਦੀ ਜ਼ਿੰਦਗੀ ਤਬਾਹ ਕਰਨ 'ਤੇ ਤੁਲੀ ਹੋਈ ਐਂ?'' ਕਾਕਾ ਗਗਨਦੀਪ ਦੀ ਸੋਚ 'ਤੇ ਹੈਰਾਨ ਸੀ।
ਦੀਪ ਦਬਕ ਗਈ। ਗੱਲ ਸੱਚੀ ਹੀ ਸੀ।
-''ਸਾਰਿਆਂ ਤੋਂ ਪਹਿਲਾਂ ਡਾਲੀ ਨੂੰ ਇਹਦੇ ਘਰ ਪਹੁੰਚਾਣਾ ਸਾਡਾ ਕੰਮ ਐਂ-ਬਾਕੀ ਰਿਸ਼ਤੇ ਨਾਤੇ ਦੀ ਗੱਲ ਘੱਟੋ ਘੱਟ ਇੱਕ ਹਫ਼ਤੇ ਤੋਂ ਪਹਿਲਾਂ ਨਾ ਕੀਤੀ ਜਾਵੇ-ਉਦੋਂ ਤੱਕ ਇੱਕ ਪਾਸਾ ਹੋ ਜਾਵੇਗਾ।'' ਕਾਕੇ ਨੇ ਦੀਪ ਦਾ ਉੱਤਰਿਆ ਮੂੰਹ ਦੇਖ ਕੇ ਕਿਹਾ। ਉਹ ਕਿਸੇ ਹਾਲਤ ਵਿਚ ਵੀ ਦੀਪ ਦਾ ਉਦਾਸ ਮੂੰਹ ਨਹੀਂ ਦੇਖ ਸਕਦਾ ਸੀ।
-''ਤੂੰ ਡਾਲੀ ਦਾ ਅਤਾ ਪਤਾ ਨੋਟ ਕਰ ਲੈ-ਕਦੇ ਆਉਂਦੇ ਜਾਂਦੇ ਤੈਨੂੰ ਇਹਦੇ ਪਿੰਡ ਉਤਾਰ ਦਿਆਂਗੇ-ਫੇਰ ਤੂੰ ਇਹਦੇ ਮਾਂ ਬਾਪ ਨਾਲ ਗੱਲ ਕਰ ਲਵੀਂ।''
-''ਵੀਰ ਜੀ! ਤੁਸੀਂ ਇਤਨਾ ਕਸ਼ਟ ਨਾ ਕਰੋ-ਮੈਂ ਬਾਪੂ ਜੀ ਤੇ ਬੇਜੀ ਨੂੰ ਲੈ ਕੇ ਦੀਪ ਕੋਲ ਆਪੇ ਆ ਜਾਵਾਂਗੀ।''
ਰੈਂਸੀ ਪੌੜੀਆਂ ਉਤਰਿਆ ਆ ਰਿਹਾ ਸੀ।
-''ਉਰ੍ਹੇ ਆ ਵੇ ਧੱਕ-ਮਕੌੜਿਆ! ਤੇਰੇ ਵਿਆਹ ਦੀ ਗੱਲ ਚੱਲਦੀ ਐ!'' ਮਾਮੀ ਬੋਲੀ।
ਰੈਂਸੀ ਪੌੜੀਆਂ ਵਿਚ ਹੀ ਖੜ੍ਹ ਗਿਆ। ਡਾਲੀ ਨੇ ਉਸ ਨੂੰ ਰੱਜ ਕੇ ਤੱਕਿਆ।

-"ਮੇਰੇ ਵਿਆਹ ਦੀ ਗੱਲ?" ਉਹ ਹੈਰਾਨ ਸੀ।
-"ਆਹੋ-ਤੇਰੇ ਵਿਆਹ ਦੀ ਗੱਲ!"
-"ਕਾਹਨੂੰ ਅਗਲੀ ਨੂੰ ਵਿਆਹ ਤੋਂ ਪਹਿਲਾਂ ਹੀ ਰੰਡੀ ਕਰਦੇ ਓਂ?"
-"ਲਹਿ ਜਾਣੇਂ ਪਤਾ ਨਹੀਂ ਕੀ ਭਰਿੰਡ ਖਾਂਦੇ ਐ-ਸਿੱਧੇ ਮੂੰਹ ਬੋਲਦੇ ਈ ਨਹੀਂ।"
-"ਮਾਮੀ ਜੀ ਤੁਸੀਂ ਗੱਲ ਈ ਇਹੋ ਜਿਹੀ ਕਰਦੇ ਓਂ-ਥੋਨੂੰ ਜਵਾਬ ਹੋਰ ਕੀ ਦੇਈਏ? ਅਸੀਂ ਆਥਣ ਸਵੇਰ ਗੋਲੀ ਖਾਣ ਨੂੰ ਤੁਰੇ ਫਿਰਦੇ ਐਂ-ਤੇ ਤੁਸੀਂ ਸਾਨੂੰ ਲੱਡੂ ਖੁਆਉਣ ਆਲੀ ਗੱਲ ਕਰਦੇਂ ਓਂ-ਆਪਣਾ ਸੰਨ੍ਹ ਕਿੱਥੇ ਰਲੂ?"
-"ਖਾਓ ਖਸਮਾਂ ਨੂੰ-ਮੈਂ ਚੱਲੀ..!" ਉਹ ਉਠ ਕੇ ਤੁਰ ਗਈ। ਮੰਜੇ ਦੀਆਂ ਚੂਲਾਂ ਨੇ ਫਿਰ ਦੁਹਾਈ ਮਚਾ ਦਿੱਤੀ ਸੀ।
ਕਾਕਾ ਦੀਪ ਕੋਲ ਬੈਠ ਗਿਆ।
-"ਦੇਖ ਦੀਪ! ਟਾਈਮ ਬਹੁਤ ਖ਼ਤਰਨਾਕ ਐ-ਇਸ ਲਈ ਥੋੜਾ ਬਹੁਤ ਸਬਰ ਜ਼ਰੂਰ ਕਰਨਾ ਪੈਣੈਂ-ਮੈਂ ਰੈਂਸੀ ਤੇ ਡਾਲੀ ਦੇ ਰਿਸ਼ਤੇ 'ਤੇ ਖੁਸ਼ ਐਂ-ਪਰ ਸਾਡੀ ਸੈਚੂਏਸ਼ਨ ਸਮਝਣ ਦੀ ਕੋਸ਼ਿਸ਼ ਕਰੋ-ਇਹ ਕੋਈ ਖੇਡ ਨਹੀਂ-ਡਾਲੀ ਦੀ ਸਾਰੀ ਜ਼ਿੰਦਗੀ ਦਾ ਸੁਆਲ ਐ।"
-"ਮੁਆਫ਼ ਕਰਨਾ-ਮੈਂ ਜਜ਼ਬਾਤੀ ਹੋ ਗਈ ਸੀ ਜੀ।"
-"ਕੋਈ ਗੱਲ ਨਹੀਂ! ਮੈਂ ਤੇਰੇ ਨਾਲ ਇਕ ਵਾਅਦਾ ਕਰਦੈਂ ਦੀਪ-ਅਗਰ ਗੁਰੂ ਮਹਾਰਾਜ ਨੇ ਇਸ ਭਵਸਾਗਰ 'ਚੋਂ ਰੈਂਸੀ ਨੂੰ ਸਹੀ ਸਲਾਮਤ ਕੱਢ ਲਿਆ ਤਾਂ ਰਿਸ਼ਤਾ ਡਾਲੀ ਦੇ ਬਾਪੂ ਤੇ ਬੀਜੀ ਤੋਂ ਆਪਾਂ ਖੁਦ ਮੰਗਣ ਚੱਲਾਂਗੇ-ਇਹ ਤੇਰੇ ਨਾਲ ਮੇਰਾ ਬਚਨ ਐਂ।"
ਗਗਨਦੀਪ ਖੁਸ਼ ਹੋ ਗਈ।
ਇੰਦਰਜੀਤ ਅਤੇ ਦਿਲਜੀਤ ਨਾਲ ਡਾਲੀ ਤੁਰ ਗਈ। ਥੋੜੀ ਦੇਰ ਬਾਅਦ ਰੈਂਸੀ ਵੀ ਚਲਿਆ ਗਿਆ।
ਡਾਲੀ ਨੂੰ ਦੌਧਰ ਛੱਡ ਇੰਦਰਜੀਤ ਹੁਰਾਂ ਨੇ ਲੋਪੋ ਤੋਂ ਬੱਸ ਫੜ ਲਈ ਅਤੇ ਸ਼ਹਿਰ ਪੁੱਜ ਗਏ। ਸ਼ਹਿਰ ਪਹੁੰਚਣ ਸਾਰ ਇੰਦਰਜੀਤ ਨੇ ਕੌਡੀਆਂ ਆਲੇ ਨੂੰ ਫ਼ੋਨ ਕੀਤਾ।
-"ਸਰਦਾਰ ਜੀ ਜਲਦੀ ਪਹੁੰਚੋ-ਕੰਮ ਬਹੁਤ ਖ਼ਰਾਬ ਹੋ ਗਿਆ..!" ਇੰਦਰਜੀਤ ਦੀ ਅਵਾਜ਼ ਥਿੜਕ ਰਹੀ ਸੀ।
-"ਮੂਤੀ ਕਿਉਂ ਜਾਨੈਂ..! ਕੁਛ ਬਕ ਨਾ ਦੇਈਂ ਟੈਲੀਫ਼ੋਨ 'ਤੇ-ਮੈਂ ਹੁਣੇਂ ਈ ਆਇਆ-ਤੁਸੀਂ ਹੋਟਲ ਪਹੁੰਚੋ!" ਕੌਡੀਆਂ ਵਾਲਾ ਕਾਫ਼ੀ ਖਿਝਿਆ ਲੱਗਦਾ ਸੀ।
ਕੁਝ ਦੇਰ ਬਾਅਦ ਹੀ ਕੌਡੀਆਂ ਆਲੇ ਦੀ ਜਿਪਸੀ ਹੋਟਲ ਮੂਹਰੇ ਆ ਰੁਕੀ। ਬਰੇਕਾਂ ਨਾਲ ਰੁਕਦੀ ਜਿਪਸੀ ਦੇ ਟਾਇਰ ਚੀਕੇ ਸਨ। ਉਹ ਪੱਬਾਂ ਭਾਰ ਪੌੜੀਆਂ ਚੜ੍ਹ ਅਪਾਰਟਮੈਂਟ ਵਿਚ ਵੜ ਗਿਆ। ਸਾਹਮਣੇਂ ਇੰਦਰਜੀਤ ਅਤੇ ਦਿਲਜੀਤ ਕੁਰਸੀਆਂ 'ਤੇ ਮੱਖੀਆਂ ਵਾਂਗ ਚੁੱਪ ਬੈਠੇ ਸਨ।
-"ਕੀ ਗੱਲ ਐ...? ਪੈਂਟਾਂ 'ਚ ਈ ਹੱਗਣ ਡਹਿ ਪਏ..?"
-"ਸਰਦਾਰ ਜੀ ਕਾਕੇ ਨੇ ਰਾਤ ਕੁਲਦੀਪ ਮਾਰਤਾ!"
-"ਹੈਂ...! ਕਾਹਤੋਂ...?" ਠਾਣੇਦਾਰ ਦੀਆਂ ਬਿੱਛੂ ਦੀ ਪੂਛ ਵਰਗੀਆਂ ਮੁੱਛਾਂ ਤਣਾਅ ਖਾ ਗਈਆਂ।
-"ਕੁਲਬੀਰਾ ਇੱਕ ਕੁੜੀ ਚੱਕ ਲਿਆਇਆ ਸੀ-।"
-"ਉਹ ਤਾਂ ਮੈਨੂੰ ਪਤੈ।"
-"ਗੁਰਪਾਲ ਹੋਰਾਂ ਨੇ ਕਾਕੇ ਨੂੰ ਕਿਹਾ ਕਿ ਕੁਲਬੀਰਾ ਸੋਧ ਦਿਓ-ਕੁਲਬੀਰਾ ਤਾਂ ਨਾ ਮਿਲਿਆ ਤੇ ਆਪਣੇ ਆਲਾ ਕੁਲਦੀਪ ਅੜਿੱਕੇ ਆ ਗਿਆ-।"
-"ਉਹਨਾਂ ਨੂੰ ਇਹ ਤਾਂ ਨਹੀਂ ਪਤਾ ਲੱਗਿਆ ਬਈ ਕੁਲਦੀਪ ਆਪਣਾ ਕੈਟ ਸੀ?" ਠਾਣੇਦਾਰ ਨੂੰ ਫ਼ਸਲ ਡਿੱਗਣ ਨਾਲੋਂ ਕਰੰਡ ਹੋਣ ਦਾ ਜ਼ਿਆਦਾ ਫ਼ਿਕਰ ਸੀ।
-"ਇਸ ਦਾ ਉਹਨਾਂ ਨੂੰ ਫ਼ਿਲਹਾਲ ਬਿਲਕੁਲ ਹੀ ਪਤਾ ਨਹੀਂ-ਪਰ ਸਰਦਾਰ ਸਾਡੀ ਇੱਕ ਬੇਨਤੀ ਐ ਬਈ ਕਾਕੇ ਨੂੰ ਕਿਵੇਂ ਨਾ ਕਿਵੇਂ ਗੱਡੀ ਚਾਹੜੋ! ਜੇ ਉਹ ਗੱਡੀ ਨਾ ਚੜ੍ਹਿਆ ਤਾਂ ਉਹ ਕੁਲਬੀਰੇ ਨੂੰ ਧੁਰ ਪਹੁੰਚਾ ਦਿਊ-।"
-"........।"
-"ਇਕ ਗੱਲ ਸਰਦਾਰ ਹੋਰ ਐ-ਤੁਸੀਂ ਕਾਕੇ ਆਲਾ ਕੰਮ ਕਰੋ-ਅਸੀਂ ਤੁਹਾਨੂੰ ਕਿਵੇਂ ਨਾ ਕਿਵੇਂ ਰੈਂਸੀ ਫੜਾ ਦਿਆਂਗੇ-ਉਹਨੂੰ ਸਾਰੇ ਅੱਡਿਆਂ ਦਾ ਹੀ ਪਤੈ-ਜੇ ਕੁਲਬੀਰਾ ਆਪਣੇਂ ਫਰਾਂ ਹੇਠ ਨਾ ਵੀ ਆਇਆ ਕੋਈ ਫਰਕ ਨਹੀਂ ਪੈਂਦਾ-ਨਾਲੇ ਕੁਲਬੀਰੇ ਦੇ ਪੱਕੇ ਅੱਡੇ ਦਾ ਸਾਨੂੰ ਪਤੈ-ਜਦੋਂ ਮਰਜ਼ੀ ਕੰਨੋਂ ਜਾ ਫੜੀਏ।" ਦਿਲਜੀਤ ਨੇ ਦੂਹਰ ਲਾ ਦਿੱਤੀ।
-"ਅੱਜ ਕਾਕਾ ਚੂਹੜਚੱਕ ਈ ਹੋਊ?"
-"ਅੱਜ ਜੀ ਉਹ ਕਿਤੇ ਨਹੀਂ ਜਾਂਦਾ-ਤੁਸੀਂ ਦਿਨ ਛਿਪਦੇ ਤੋਂ ਪਹਿਲਾਂ ਹੀ ਨਾਕਾਬੰਦੀਆਂ ਕਰਕੇ ਘੇਰੇ ਘੱਤ ਲਓ-ਅਸੀਂ ਸਾਰੇ ਹਥਿਆਰ ਹੱਥ ਹੇਠ ਕਰਦੇ ਐਂ।"
-"ਉਹਦੇ ਆਲੇ ਅਸਲੇ ਦਾ ਫੇਰ ਪਤਾ ਕੀਤੈ-ਬਈ ਕਿੰਨਾ ਕੁ ਐ?"
-"ਸਰਦਾਰ ਜੀ! ਮੈਂ ਪਹਿਲਾਂ ਵੀ ਦੱਸਿਆ ਸੀ ਬਈ ਉਹਦੇ ਕੋਲ ਇੱਕ ਅਸਾਲਟ ਐ ਤੇ ਪੰਜ ਸੌ ਗੋਲੀ ਐ-ਇੱਕ ਪਸਤੌਲ ਤੇ ਦੋ ਮੈਗਜ਼ੀਨ ਰਹਿ ਗਏ ਕਿਉਂਕਿ ਇਕ ਮੈਗਜ਼ੀਨ ਉਸ ਨੇ ਕੁਲਦੀਪ ਵਿਚ ਦੀ ਲੰਘਾ ਦਿੱਤਾ।"
-"ਕੀ ਟਾਈਮ ਹੋਇਐ?"
-"ਸਾਢੇ ਬਾਰਾਂ ਹੋਏ ਐ ਜੀ।"
-"ਪੂਰੇ ਸਾਢੇ ਪੰਜ ਵਜੇ ਸ਼ਾਮ ਨੂੰ ਅਸੀਂ ਘੇਰਾ ਪਾਵਾਂਗੇ-ਤੁਸੀਂ ਕਿਵੇਂ ਨਾ ਕਿਵੇਂ ਘੇਰਾ ਪੈਣ ਸਾਰ ਨਿਕਲਣ ਦੀ ਕਰਨੈਂ-ਅਸੀਂ ਉਸ ਨੂੰ ਜ਼ਿੰਦਾ ਫੜਨ ਦੀ ਕੋਸ਼ਿਸ਼ ਕਰਨੀ ਐਂ-ਹੋ ਸਕੇ ਤਾਂ ਤੁਸੀਂ ਉਹਨੂੰ ਬਾਹਰ ਕੱਢਣ ਦੀ ਸਕੀਮ ਸੋਚਿਓ-ਬਾਹਰੋਂ ਅਸੀਂ ਜੱਪ

ਲਵਾਂਗੇ-ਹੁਸ਼ਿਆਰ ਰਹਿਣੈਂ-ਉਹਨੂੰ ਕਿਸੇ ਗੱਲ 'ਤੇ ਸ਼ੱਕ ਨਹੀਂ ਪੈਣਾ ਚਾਹੀਦਾ-ਘਰੇ ਕੌਣ ਕੌਣ ਹੁੰਦੈ?"
-"ਘਰੇ ਤਾਂ ਸਰਦਾਰ ਜੀ ਇੱਕ ਉਹਨਾਂ ਦਾ ਸੀਰੀ ਐ-ਮਾਮਾ, ਮਾਮੀਂ ਅਤੇ ਕਾਕੇ ਦੀ ਘਰਵਾਲੀ-ਬੱਸ ਇਹੀ ਹੁੰਦੇ ਐ ਜੀ-ਮੁੰਡੇ ਇਹਨਾਂ ਦੇ ਲੁਧਿਆਣੇਂ ਕਾਲਜ 'ਚ ਪੜ੍ਹਦੇ ਐ ਤੇ ਉਥੇ ਈ ਰਹਿੰਦੇ ਐ।"
-"ਇਕ ਗੱਲ ਸਰਦਾਰ ਜੀ ਹੋਰ ਐ!" ਇੰਦਰਜੀਤ ਨੇ ਗੱਲ ਸ਼ੁਰੂ ਕੀਤੀ।
-"ਉਹ ਚੁਬਾਰੇ 'ਚੋਂ ਇਕ ਪਲ ਹੇਠਾਂ ਨਹੀਂ ਉਤਰਦਾ-ਬਾਹਰ ਉਸ ਨੇ ਕਿਸੇ ਹਾਲਤ ਵਿਚ ਵੀ ਨਹੀਂ ਆਉਣਾ-।"
-"ਤੁਸੀਂ ਇਉਂ ਕਰਿਓ..! ਜੇ ਉਹ ਚੁਬਾਰੇ 'ਚੋਂ ਹੇਠਾਂ ਨਾ ਉਤਰਦਾ ਦਿਸਿਆ ਤਾਂ ਸਾਨੂੰ ਗੋਲੀਆਂ ਚਲਾ ਕੇ ਖ਼ਬਰਦਾਰ ਕਰ ਦਿਓ-ਠੀਕ ਐ?"
-"ਅੱਛੀ ਬਾਤ ਜੀ!"
-"ਜਾਓ..! ਤੇ ਤਿਆਰੀ ਕਰੋ..! ਹਥਿਆਰ ਉਖੇੜੋ ਤੇ ਉਹਨੂੰ ਆਵੇਸਲ਼ਾ ਕਰ ਲਓ-ਅਸੀਂ ਪੂਰੇ ਸਾਢੇ ਪੰਜ ਵਜੇ ਆ ਪੈਣੈਂ-ਹੋ ਸਕੇ ਤਾਂ ਉਹਨੂੰ ਤਾਸ਼ ਤੂਸ਼ ਖੇਡਣ 'ਚ ਉਲਝਾ ਲਿਓ-।"
-"ਸਰਦਾਰ ਜੀ ਆਵੇਸਲ਼ਾ ਹੋਣ ਆਲਾ ਉਹ ਸਰੀਰ ਈ ਨਹੀਂ ਉਹ ਤਾਂ ਸੱਪ ਮਾਂਗੂੰ ਅੱਠੇ ਪਹਿਰ ਅੱਖਾਂ ਰਾਹੀਂ ਈ ਕਨਸੋਅ ਲੈਂਦਾ ਰਹਿੰਦੈ-ਤਾਸ਼ ਤੂਸ਼ ਦਾ ਉਹਨੂੰ ਕੋਈ ਸ਼ੌਕ ਨਹੀਂ-ਬੱਸ ਸਿੱਧਾ ਈ ਹਿਸਾਬ ਐ ਬਈ ਜੇ ਉਹਨੂੰ ਫੜਨੈਂ ਜਾਂ ਮਾਰਨੈਂ ਕੱਫ਼ਣ ਸਿਰ 'ਤੇ ਧਰ ਕੇ ਆਇਓ-।"
-"ਇੱਕ ਗੱਲ ਸਰਦਾਰ ਜੀ ਹੋਰ ਐ ਬਈ ਉਹਨੂੰ ਜਿਉਂਦਾ ਫੜਨ ਵਾਲੀ ਆਸ ਨੜ੍ਹਿੰਨਵੇਂ ਪਰਸਿੰਟ ਦਿਮਾਗ 'ਚੋਂ ਕੱਢ ਦਿਓ-ਉਹ ਉਡਣਾ ਸੱਪ ਐ-ਮਰਨੀਂ ਮਰ ਜਾਊ ਪਰ ਜਿਉਂਦਾ ਥੋਡੇ ਹੱਥ ਨਹੀਂ ਆਉਂਦਾ।"
-".........।" ਠਾਣੇਦਾਰ ਨਿਰੁੱਤਰ ਸੀ।
-"ਸਰਦਾਰ ਜੀ ਇੱਕ ਗੱਲ ਹੋਰ ਕਰ ਲਵਾਂ?"
-"ਜ਼ਰੂਰ ਕਰ।"
-"ਅਸੀਂ ਉਥੋਂ ਭੱਜਣ ਦੀ ਕੋਸ਼ਿਸ਼ ਜ਼ਰੂਰ ਕਰਾਂਗੇ-ਪਰ ਜੇ ਕਿਵੇਂ ਨਾ ਕਿਵੇਂ ਨਾ ਨਿਕਲ ਸਕੇ ਤਾਂ ਸਾਡੇ ਨਾ ਕੌਡੇ ਆਲੀ ਥਾਂ 'ਤੇ ਮਾਰਿਓ!"
-"ਤੁਸੀਂ ਬੇਫ਼ਿਕਰ ਰਹੋ-ਮੈਂ ਸਾਰੀਆਂ ਹਦਾਇਤਾਂ ਦੇ ਕੇ ਫ਼ੋਰਸ ਲਾਵਾਂਗਾ।"
-"ਸਰਦਾਰ ਜੀ ਅਸੀਂ ਥੋਡੇ ਕਰਕੇ ਭੱਠੀ 'ਚ ਛਾਲ ਮਾਰੀ ਐ-ਕਿਤੇ ਸਾਡੀ ਜਾਹ ਜਾਂਦੀ ਨਾ ਹੋਜੇ।" ਇੰਦਰਜੀਤ ਹੁਰੀਂ ਦਿਲੋਂ ਧਾਹ ਨਹੀਂ ਧਰ ਰਹੇ ਸਨ।
-"ਤੁਸੀਂ ਯਾਰ ਮੈਨੂੰ ਪਾਗਲ ਕਿਉਂ ਕਰੀ ਜਾਨੇਂ ਐਂ? ਮੈਂ ਇਹ ਕੋਈ ਪਹਿਲਾ ਮੁਕਾਬਲਾ ਕਰਨ ਲੱਗਿਐਂ?"
-".........।" ਦੋਨੋਂ ਚੁੱਪ ਕਰ ਗਏ।
-"ਤੁਸੀਂ ਮੈਨੂੰ ਨਕਸ਼ਾ ਵਾਹ ਕੇ ਦੱਸੋ।"
-"ਸਰਦਾਰ ਜੀ ਐਧਰ ਘਰਾਟ ਐ ਤੇ ਦੂਜੇ ਪਾਸੇ ਐਧਰ ਐ ਸੂਆ।" ਇੰਦਰਜੀਤ ਨੇ ਅਖ਼ਬਾਰ 'ਤੇ ਪੈੱਨ ਨਾਲ ਲਕੀਰਾਂ ਵਾਹੁਣੀਆਂ ਸ਼ੁਰੂ ਕਰ ਦਿੱਤੀਆਂ।
-"ਆਹ ਚੁਬਾਰਾ ਘਰਾਟਾਂ ਵਾਲੇ ਪਾਸੇ ਪੈਂਦੈ-ਐਧਰ ਦੂਰ ਜਾ ਕੇ ਹੱਡਾਂਰੋੜੀ ਪੈਂਦੀ ਐ-ਐਸ ਪਾਸੇ ਖੜ੍ਹੈ ਸਰਕੜ੍ਹਾ-ਚੁਬਾਰੇ ਦੀਆਂ ਪੌੜੀਆਂ ਵੀ ਘਰਾਟਾਂ ਆਲੇ ਪਾਸੇ ਈ ਐ ਤੇ ਇਹ ਪੌੜੀਆਂ ਵਰਾਂਡੇ 'ਚੋਂ ਚੜ੍ਹਦੀਐਂ-ਐਧਰ ਪਸ਼ੂਆਂ ਆਲਾ ਵਰਾਂਡੈ ਤੇ ਆਹ ਐ ਸਰਦਾਰ ਜੀ ਘਰ ਦੇ ਵੱਡੇ ਤਖਤੇ ਲੱਕੜ ਦੇ।"
ਉਸ ਨੇ ਨਕਸ਼ਾ ਤਿਆਰ ਕਰ ਦਿੱਤਾ।
-"ਜੇ ਉਹ ਖ਼ੁਦਾ-ਨਿਖ਼ਾਸਤਾ ਭੱਜਣ ਦੀ ਕੋਸ਼ਿਸ਼ ਕਰੇ ਵੀ-ਤਾਂ ਕਿਹੜੇ ਪਾਸਿਓਂ ਸੌਖੇ?"
-"ਜੇ ਉਹਨੇ ਕੋਸ਼ਿਸ਼ ਕਰੀ ਵੀ ਤਾਂ ਐਸ ਸਰਕੜ੍ਹੇ ਵਾਲੇ ਪਾਸੇ ਦੀ ਕਰੂਗਾ-ਇਧਰਲੇ ਪਾਸੇ ਟੀਪ ਕੀਤੀ ਕੰਧ ਮੋਢੇ ਮੋਢੇ ਆਉਂਦੀ ਐ-ਦੌੜ ਸਿਰਫ਼ ਉਹ ਇਸ ਪਾਸਿਓਂ ਈ ਸਕਦੈ।"
-"ਘਰ ਦੇ ਦਰਵਾਜੇ ਕਿੰਨੇ ਐਂ?"
-"ਇਕ ਵੱਡਾ ਦਰਵਾਜਾ ਐ ਜੀ ਤੇ ਇੱਕ ਦੂਜੇ ਸੂਏ ਆਲੇ ਪਾਸੇ ਦਰਵਾਜੀ ਜਿਹੀ ਐ।"
-"ਠੀਕ ਐ।" ਠਾਣੇਦਾਰ ਉਠ ਖੜ੍ਹਿਆ।
-"ਸਰਦਾਰ ਜੀ ਸਾਰਾ ਨਕਸ਼ਾ ਅਸੀਂ ਥੋਨੂੰ ਦੱਸ ਦਿੱਤੈ-ਘੇਰਾ ਪਾਉਣਾ ਥੋਡਾ ਕੰਮ ਐਂ-ਅਗਰ ਥੋਡਾ ਕੋਈ ਬੰਦਾ ਨੁਕਸਾਨ ਦਿੱਤਾ-ਸਾਨੂੰ ਦੋਸ਼ ਨਾ ਦੇਇਓ!" ਇੰਦਰਜੀਤ ਬਰੀ ਹੋਣਾ ਚਾਹੁੰਦਾ ਸੀ।
-"ਬੇਫਿਕਰ ਰਹੋ..!" ਠਾਣੇਦਾਰ ਤੁਰ ਗਿਆ।

# ਕਾਂਡ 14

ਇੰਦਰਜੀਤ ਅਤੇ ਦਿਲਜੀਤ ਸ਼ਾਮ ਨੂੰ ਚਾਰ ਕੁ ਵਜੇ ਚੂਹੜਚੱਕ ਆ ਗਏ। ਸ਼ਾਮ ਨਿੱਘੀ ਸੀ। ਪਰ ਮਿੱਠੀ ਮਿੱਠੀ ਹਵਾ ਵਗ ਰਹੀ ਸੀ। ਮਾਮੀ ਬੈਠੀ ਸੂਤ ਉਟੇਰ ਰਹੀ ਸੀ। ਗਗਨਦੀਪ ਰਸੋਈ ਵਿਚ ਚੁੱਲ੍ਹੇ 'ਤੇ ਸਾਗ ਧਰੀ ਬੈਠੀ ਸੀ। ਮਾਮਾ ਕਿਸੇ ਪਾਸੇ ਗਿਆ ਹੋਇਆ ਸੀ ਅਤੇ ਸੀਰੀ ਬਲਦਾਂ ਲਈ ਗੁਤਾਵਾ ਰਲਾ ਰਿਹਾ ਸੀ। ਬਲਦਾਂ ਦੀਆਂ ਟੱਲੀਆਂ ਅਜ਼ੀਬ ਨਾਦ ਛੇੜ ਰਹੀਆਂ ਸਨ।

-"ਸਾਸਰੀਕਾਲ ਜੀ ਮਾਮੀ ਜੀ!" ਦੋਹਾਂ ਨੇ ਕਿਹਾ।

-"ਸਾਸਰੀਕਾਲ ਭਾਈ-ਛੱਡ ਆਏ ਕੁੜੀ ਨੂੰ? ਉਹਦੇ ਘਰ ਦੇ ਤਾਂ ਨਹੀਂ ਬੋਲੇ ਕੁਛ?"

-"ਅਸੀਂ ਤਾਂ ਮਾਮੀਂ ਜੀ ਬੱਸ ਅੱਡੇ ਤੋਂ ਈ ਮੁੜ ਆਏ ਸੀ।"

-"ਵੇ ਦਾਦੇ ਮਗੌਣਿਓਂ ਘਰ ਤੱਕ ਤਾਂ ਜਾ ਵੜਦੇ।"

-"ਅਸੀਂ ਤਾਂ ਮਾਮੀ ਜੀ ਕਿਸੇ ਸ਼ੱਕ ਸੁਬਾਹ ਕਰਕੇ ਨਹੀਂ ਗਏ।"

-"ਚਲੋ ਚਾਹ ਪਾਣੀ ਪੀ ਲਓ-ਕਦੇ 'ਰਾਮ ਵੀ ਕਰ ਲਿਆ ਕਰੋ-ਡੱਪ ਡੱਪ ਕਰਦੇ ਫਿਰਦੇ ਰਹਿੰਨੇਂ ਐਂ-ਪਤਾ ਨਹੀਂ ਭਾਈ ਥੋਡੇ ਗੋਡੇ ਕਾਹਦੇ ਬਣੇਂ ਵੇ ਐ?"

-"ਚਾਹ ਤਾਂ ਮਾਮੀਂ ਜੀ ਪੀ ਲੈਨੇਂ ਐਂ-ਪਰ ਬਾਈ ਕਿੱਥੇ ਐ?"

-"ਹੁਣੇਂ ਐਥੇ ਹੱਥ ਕਰੋਲੇ ਜਿਹੇ ਦਿੰਦਾ ਫਿਰਦਾ ਸੀ-ਪਤਾ ਨਹੀਂ ਸਿਰ ਦੁਖਦੇ ਦੀ ਗੋਲੀ ਭਾਲਦਾ ਸੀ-ਕਹਿੰਦੈ ਸਿਰ ਦੁਖਦੈ-ਮੈਨੂੰ ਮੈਦ ਐ ਗੋਲੀ ਲੈ ਕੇ ਸੌਂ ਗਿਆ ਹੋਊ-ਭਾਈ ਸਿਰਾਂ ਨੂੰ ਵੀ ਕੀ ਦੋਸ਼ ਐ-ਕਿਹੜਾ ਦਿਨ ਰਾਤ ਟਿਕਦੈ? ਬਥੇਰਾ ਮੂਹਰੇ ਹੱਥ ਜੋੜੀਦੇ ਐ-ਪਤਾ ਨਹੀਂ ਕੀ ਪੁੱਠੀ ਭਮਾਲੀ ਆਈ ਐ-ਮਾਣਸ-ਬੂ ਮਾਣਸ-ਬੂ ਕਰਦੇ ਫਿਰਦੇ ਰਹਿੰਨੇ ਐਂ।"

ਗਗਨਦੀਪ ਚਾਹ ਫੜਾ ਗਈ।

ਉਹਨਾਂ ਚਾਹ ਪੀਂਦਿਆਂ ਪੰਜ ਵਜਾ ਦਿੱਤੇ।

-"ਚੱਲ ਦਿਲਜੀਤ ਜੇ ਬਾਈ ਸੁੱਤਾ ਪਿਐ ਤਾਂ ਆਪਾਂ ਅਸਾਲਟਾਂ ਈ ਸਾਫ਼ ਕਰ ਲਈਏ।" ਇੰਦਰਜੀਤ ਨੇ ਹੇਠਾਂ ਚਾਹ ਦਾ ਗਿਲਾਸ ਰੱਖਦਿਆਂ ਕਿਹਾ।

-"ਚੱਲ....!"

-"ਵੇ ਸਾਫ਼ ਕਰਨ ਨੂੰ ਕੀ ਉਹਨਾਂ ਨੂੰ ਗੋਹਾ ਲੱਗ ਗਿਆ? ਤੀਮੀਆਂ ਮਾਂਗੂੰ ਤਾਂ ਅੱਗ ਲੱਗੜੀਆਂ ਨੂੰ ਸਾਂਭ ਸਾਂਭ ਰੱਖਦੇ ਐਂ।"

-"ਮਾਮੀ ਜੀ ਸਿਆਣੇ ਕਹਿੰਦੇ ਐ ਬਈ ਹਥਿਆਰ ਤੇ ਵਰਤੋਂ ਵਾਲੇ ਸੰਦ ਨੂੰ ਸਤਿਕਾਰ ਪ੍ਰੇਮ ਨਾਲ ਰੱਖੀਦੈ।" ਦਿਲਜੀਤ ਨੇ ਅੱਗਾ ਵਲ਼ਿਆ।

-"ਵੇ ਥੋਡੇ ਨਾਲ ਕਿਹੜਾ ਮਗਜਮਾਰੀ ਕਰੇ ਭਾਈ? ਪਰ ਹਾੜ੍ਹੇ ਉਹਨੂੰ ਨਾ ਜਗਾ ਦਿਓ! ਉਠ ਕੇ ਹਾਲ ਹਾਲ ਕਰੂਗਾ।"

-"ਮਾਮੀਂ ਜੀ ਬੇਫਿਕਰ ਰਹੋ।"

ਉਹ ਪੌੜੀਆਂ ਚੜ੍ਹ ਗਏ।

ਜਦ ਉਹਨਾਂ ਨੇ ਚੁਬਾਰੇ ਵਿਚ ਜਾ ਕੇ ਦੇਖਿਆ ਤਾਂ ਕਾਕਾ ਮੁੜ੍ਹਕੋ ਮੁੜ੍ਹਕੀ ਹੋਇਆ ਘੁਰਾੜੇ ਮਾਰੀ ਜਾ ਰਿਹਾ ਸੀ।

ਸ਼ਾਇਦ ਉਸ ਨੂੰ ਬੁਖ਼ਾਰ ਸੀ। ਇੰਦਰਜੀਤ ਨੇ ਅਲਮਾਰੀ ਵਿਚੋਂ ਬੋਚ ਕੇ ਤਿੰਨੇ ਅਸਾਲਟਾਂ ਚੁੱਕ ਲਈਆਂ ਅਤੇ ਹੇਠਾਂ ਉਤਰ ਆਏ।

-"ਮਾਮੀ ਜੀ ਅਸੀਂ ਅਸਾਲਟਾਂ ਹੇਠਾਂ ਬੈਠਕ 'ਚ ਈ ਸਾਫ਼ ਕਰ ਲੈਨੇ ਐਂ-ਉਪਰ ਖੜਕਾ ਹੋਇਆ ਤਾਂ ਬਾਈ ਦੀ ਜਾਗ ਖੁੱਲ੍ਹ ਜਾਊਗੀ-ਘੂਕ ਸੁੱਤਾ ਪਿਐ।"

-"ਵੇ ਜੋ ਮਰਜੀ ਐ ਕਰੀ ਜਾਓ ਭਾਈ-ਤੁਸੀਂ ਕਿਹੜਾ ਕਿਸੇ ਦੇ ਆਖੇ ਲੱਗਣੈਂ।"

-"ਮਾਮਾ ਜੀ ਨਜ਼ਰ ਨਹੀਂ ਆਉਂਦੇ ਕਿਤੇ?"

-"ਵਿਹਲੀ ਰੰਨ ਪ੍ਰਾਹੁਣਿਆਂ ਜੋਗੀ-ਕਿਸੇ ਨਾਲ ਘਰਾਟਾਂ 'ਤੇ ਬੈਠਾ ਜਾਭਾਂ ਦਾ ਭੇੜ੍ਹ ਕਰਦਾ ਹੋਊ-ਹੋਰ ਉਹਨੂੰ ਕੋਈ ਕੰਮ ਐਂ? ਜੇ ਕੋਈ ਪਿਆਕੜ ਮਿਲ ਗਿਆ ਤਾਂ ਡੁੱਘੂ ਲਾਉਣ ਲੱਗ ਪਊ।"

ਉਹ ਅਸਾਲਟਾਂ ਲੈ ਕੇ ਬੈਠਕ ਵਿਚ ਵੜ ਗਏ।

ਸਮੁੱਚਾ ਘਰ ਖੁਸ਼ਹਾਲ ਸੀ। ਅੱਧੇ ਪੌਣੇਂ ਘੰਟੇ ਤੱਕ ਇੱਥੇ ਪਤਾ ਨਹੀਂ ਕਿਹੜਾ ਝੱਖੜ ਝੁੱਲ ਪੈਣਾ ਸੀ।

ਗਗਨਦੀਪ ਦਾ ਮੱਥਾ ਦੁਪਹਿਰ ਦਾ ਠਣਕੀ ਜਾ ਰਿਹਾ ਸੀ ਅਤੇ ਸੱਜੀ ਅੱਖ "ਫ਼ੜ੍ਹੱਕ-ਫ਼ੜ੍ਹੱਕ" ਫ਼ਰਕੀ ਜਾ ਰਹੀ ਸੀ।

ਉਹ ਰਸੋਈ ਵਿਚ ਬੈਠੀ "ਵਾਹਿਗੁਰੂ-ਵਾਹਿਗੁਰੂ" ਜਪੀ ਜਾ ਰਹੀ ਸੀ। ਕੁੜੀ ਦਾ ਮੂਡ੍ਹ ਇਤਨਾ ਖਰਾਬ ਸੀ ਕਿ ਪਤਾ ਨਹੀਂ ਕਿਹੜੀ ਗੱਲੋਂ ਉਸ ਦਾ ਰੋਣ ਨੂੰ ਦਿਲ ਕਰਦਾ ਸੀ। ਪਰ ਉਹ ਬਾਬੇ ਨਾਨਕ ਦੇ ਚਰਨਾਂ 'ਤੇ ਸਿਰ ਰੱਖੀ ਸਾਰਿਆਂ ਦੀ ਸੁੱਖ ਮੰਗ ਰਹੀ ਸੀ। ਗੁਰਬਾਣੀ ਪੜ੍ਹ ਰਹੀ ਸੀ।

-"ਨੀ ਦੀਪ...! ਤੂੰ ਅੱਜ ਚੁੱਪ ਜੀ ਕਿਉਂ ਐਂ?"

-"ਭੂਆ ਜੀ ਪਤਾ ਨਹੀਂ ਕਿਉਂ ਅੱਜ ਮੇਰਾ ਦਿਲ ਬਹੁਤ ਦੁਖੀ ਐ-ਦਿਲ ਜਿਹਾ ਨਹੀਂ ਲੱਗਦਾ।" ਉਸ ਦੀਆਂ ਆਪ ਮੁਹਾਰੇ ਅੱਖਾਂ ਭਰ ਆਈਆਂ।

-"ਨੀ ਸੁੱਖ ਮੰਗੀਦੀ ਐ-ਬੱਚਾ ਬੱਚੀ ਹੋਣ ਆਲਾ ਕਰਕੇ ਕਈ ਵਾਰ ਇਉਂ ਹੋ ਜਾਂਦੈ-ਜਾਹ ਨਹਾ ਲੈ ਤੱਤੇ ਤੱਤੇ ਪਾਣੀ ਨਾਲ-ਕੱਲ੍ਹ ਨੂੰ

ਆਪਾਂ ਬੁੱਟਰ ਚੱਲ ਆਵਾਂਗੀਆਂ-ਤੇਰਾ ਫੁੱਫੜ ਆਪਾਂ ਨੂੰ ਟਰੈਗਟ 'ਤੇ ਛੱਡ ਆਊ।"
ਗਗਨਦੀਪ ਨਹਾਉਣ ਚਲੀ ਗਈ।
ਇੰਦਰਜੀਤ ਹੋਰਾਂ ਨੇ ਤਿੰਨ ਏ. ਕੇ. ਸੰਤਾਲੀ ਉਖੇੜ ਲਈਆਂ ਸਨ। ਉਹ ਇੱਕ-ਇੱਕ ਕਰਕੇ ਬੜੇ ਅਰਾਮ ਨਾਲ ਬਾਇਰਲਾਂ ਵਿਚ "ਪੁਲ-ਥਰੂਅ" ਫੇਰ ਰਹੇ ਸਨ। ਜਿਉਂ ਜਿਉਂ ਘੜੀ ਦੀ ਸੂਈ ਸਾਢੇ ਪੰਜ 'ਤੇ ਪਹੁੰਚ ਰਹੀ ਸੀ, ਤਿਉਂ ਤਿਉਂ ਉਹਨਾਂ ਨੂੰ ਭੁਆਟਣੀਆਂ ਆ ਰਹੀਆਂ ਸਨ। ਉਹ ਸੋਚ ਰਹੇ ਸਨ ਕਿ ਪਤਾ ਨਹੀਂ ਸਾਡੇ ਵਿਚੋਂ ਕੋਈ ਬਚੇਗਾ ਵੀ ਜਾਂ ਨਹੀਂ? ਉਹ ਦੋ ਪੁੜਾਂ ਵਿਚ ਕਸੂਤੇ ਫ਼ਸੇ ਹੋਏ ਸਨ। ਇਧਰ ਖੂਹ ਸੀ ਅਤੇ ਪਰਲੇ ਪਾਸੇ ਖਾਤਾ! ਇਧਰ ਚੋਟੀ ਦਾ ਦਸ ਲੱਖੀਆ ਖ਼ਾੜਕੂ ਕਾਕਾ ਸੀ ਅਤੇ ਦੂਸਰੇ ਪਾਸੇ ਇੱਕ ਭੂਸਰਿਆ ਅਫ਼ਸਰ ਗੜਗੱਜ ਸਿੰਘ!! ਇੰਦਰਜੀਤ ਸੋਚ ਰਿਹਾ ਸੀ ਕਿ ਕਿਉਂ ਨਾ ਕਾਕੇ ਨੂੰ ਦੱਸ ਕੇ ਭਜਾ ਦਿੱਤਾ ਜਾਵੇ? ਪਰ ਹੁਣ ਤਾਂ ਫ਼ੋਰਸ ਆ ਲੱਗੀ ਹੋਣੀ ਐਂ! ਪਰ ਕਾਕੇ ਨੂੰ ਖਿਸਕਾ ਕੇ ਤੇਰੇ ਹੱਥ ਕੀ ਆਊ ਇੰਦਰਜੀਤ ਸਿਆਂ? ਦਸ ਲੱਖ ਰੁਪਏ 'ਚੋਂ ਹਿੱਸਾ ਜਾਊ ਅਤੇ ਕੌਡੀਆਂ ਵਾਲੇ ਨਾਲ ਵਾਧੂ ਦੀ ਦੁਸ਼ਮਣੀ ਪਊ! ਫਿਰ ਤਾਂ ਤੂੰ ਧੋਬੀ ਦਾ ਕੁੱਤਾ ਬਣ ਕੇ ਰਹਿ ਜਾਵੇਂਗਾ! ਨਾਲੇ ਕਾਕੇ ਨੇ ਤੇਰਾ ਪੱਗ-ਵੱਟ ਯਾਰ ਕੁਲਦੀਪ ਤੇਰੀਆਂ ਅੱਖਾਂ ਸਾਹਮਣੇਂ ਮਾਰਿਐ, ਤੂੰ ਇਹਨੂੰ ਕਿਵੇਂ ਬਖ਼ਸ਼ੇਂਗਾ? ਜੇ ਭਲਾ ਇੰਦਰਜੀਤ ਸਿਆਂ ਕਾਕੇ ਨੂੰ ਪਤਾ ਲੱਗ ਜਾਵੇ ਬਈ ਤੂੰ ਪੁਲੀਸ ਦਾ ਕੈਟ ਐਂ, ਉਹ ਤੈਨੂੰ ਬਖਸ਼ੂ..? ਕਦੇ ਵੀ ਨਹੀਂ..! ਖੜ੍ਹਾ ਖੜੋਤਾ ਹੀ ਗੋਲੀ ਨਾਲ ਉਡਾ ਦਿਊ! ਫੇਰ ਤੂੰ ਇਹਨੂੰ ਕਿਉਂ ਬਖਸ਼ੇਂ? ਜੇ ਕਾਕਾ ਜਿਉਂਦਾ ਰਹੂ ਮਿੱਤਰਾ, ਤੇਰੀ ਤੇ ਪ੍ਰੀਵਾਰ ਦੀ ਮੌਤ ਪੱਕੀ ਐ! ਮੁਆਫ਼ ਕਰਨਾ ਇਹਨਾਂ ਦੀ ਕਿਸੇ ਡਾਇਰੀ ਵਿਚ ਨਹੀਂ ਲਿਖਿਆ! ਜੇ ਘੋੜਾ ਘਾਹ ਨਾਲ ਮਿੱਤਰਤਾਈ ਕਰ ਲਵੇ ਤਾਂ ਖਾਊ ਕੀ, ਸੁਆਹ? ਜੇ ਪੁਲਸ ਦੇ ਕੈਟ ਕਾਕੇ ਵਰਗੇ ਕੱਟੜ ਅੱਤਿਵਾਦੀਆਂ ਦੇ ਵਫ਼ਾਦਾਰ ਬਣਨ ਲੱਗ ਪੈਣ, ਫਿਰ ਨੌਕਰੀ ਕਿੱਥੇ ਕਰਨੀ ਹੋਈ? ਤੂੰ ਹੁਣ ਇੰਦਰਜੀਤ ਸਿਆਂ ਮੋਕ ਮਾਰ ਗੱਲਾਂ ਤਿਆਗ ਅਤੇ ਠਾਣੇਦਾਰ ਦਾ ਵਫ਼ਾਦਾਰ ਹੀ ਬਣਿਆਂ ਰਹਿ! ਕੁਛ ਲੈ ਵੀ ਡਿੱਗੇਂਗਾ! ਇਹ ਤੈਨੂੰ ਕੀ ਲਈ ਬੈਠੇ ਐ? ਇਹ ਤਾਂ ਆਪ ਦਿਨ ਰਾਤ ਸੱਪਾਂ ਦੀਆਂ ਸਿਰੀਆਂ ਮਿੱਧਦੇ ਭੁੱਖੇ ਮਰਦੇ ਫਿਰਦੇ ਐ! ਨੰਗੀ ਕੀ ਨਹਾ ਲਊ, ਕੀ ਨਚੋੜ ਲਊ? ਇਹ ਤਾਂ ਬਾਰ ਦੇ ਦੀਵੇ ਐ, ਜਦੋਂ ਹਵਾ ਆਈ ਬੁਝ ਜਾਣਗੇ! ਤੂੰ ਆਪਦਾ ਇਹ ਕੰਮ ਈਮਾਨਦਾਰੀ ਨਾਲ ਸਿਰੇ ਲਾ ਅਤੇ ਠਾਣੇਦਾਰ ਦਾ ਥਾਪੜਾ ਖੱਟ ਮਿੱਤਰਾ! ਤੇ ਮੁੜ ਕੇ ਲਾ ਕੰਨਾਂ ਨੂੰ ਹੱਥ! ਤੂੰ ਵਾਧੂ ਸਾਹਨਾਂ ਦੇ ਭੇੜ੍ਹ 'ਚ ਕਤੂਰ੍ਹਾ ਮਾਰਿਆ ਜਾਵੇਂਗਾ! ਇਹ ਤਾਂ ਜਾਨੋਂ ਬੇਪ੍ਰਵਾਹ, ਮਰਨ ਮਾਰਨ 'ਤੇ ਤੁਲੇ ਹੋਏ ਐ। ਤੂੰ ਵਾਧੂ ਐਂਵੇਂ ਵਿਚ-ਵਿਚਾਲੇ ਕਾਹਨੂੰ ਬਲੀ ਦਾ ਬੱਕਰਾ ਬਣਦੈਂ? ਤੇਰੇ ਤਾਂ ਮਾਂ ਐਂ, ਪਿਉ ਐ, ਭੈਣ ਐਂ, ਭਰਾ ਐ, ਉਹ ਤਾਂ ਤੇਰੇ ਬਾਝੋਂ ਰੁਲ ਕੇ ਮਰ ਜਾਣਗੇ, 'ਕੱਲਾ ਤੂ ਕਮਾਊ ਐਂ!
ਇੰਦਰਜੀਤ ਸੋਚਾਂ ਦੇ ਝੱਖੜ ਵਿਚ ਮਧੋਲਿਆ ਦਬਾ-ਦਬ ਬਾਇਰਲ ਸਾਫ਼ ਕਰ ਰਿਹਾ ਸੀ। ਇਹੋ ਹੀ ਹਾਲ ਦਿਲਜੀਤ ਦਾ ਸੀ। ਕੋਈ ਕਿਸੇ ਨਾਲ ਬੋਲ ਨਹੀਂ ਰਿਹਾ ਸੀ। ਜਿਵੇਂ ਉਹ ਹੱਡ ਮਾਸ ਦੇ ਬੰਦੇ ਨਹੀਂ, ਮੋਮ ਦੇ ਬੁੱਤ ਸਨ। ਜਿਵੇਂ ਉਹ ਜਿਉਂਦੇ ਨਹੀਂ, ਅਜਾਨ ਸਨ! ਉਹਨਾਂ ਦੀ ਸੋਚ ਨੂੰ ਉਦੋਂ ਧੱਕਾ ਵੱਜਿਆ, ਜਦੋਂ ਬਾਹਰੋਂ ਸੀਰੀ ਚੀਕਦਾ-ਕੁਰਲਾਉਂਦਾ ਵਿਹੜੇ ਵਿਚ ਆ ਡਿੱਗਿਆ।
-"ਚਾਅਚੀ...! ਚਾਅਚੀ...!!" ਉਸ ਦੇ ਮੂੰਹੋਂ ਝੱਗ ਡਿੱਗ ਰਹੀ ਸੀ। ਉਸ ਤੋਂ ਬੋਲਿਆ ਨਹੀਂ ਜਾ ਰਿਹਾ ਸੀ।
-"ਵੇ ਤੈਨੂੰ ਕੀ ਸੱਪ ਲੜ ਗਿਆ ਉਤਾ?"
-"ਚਾਅਚੀ...!!" ਉਹ ਬਾਹਰ ਨੂੰ ਹੱਥ ਕਰ-ਕਰ ਕੁਝ ਦੱਸਣਾ ਚਾਹੁੰਦਾ ਸੀ, ਪਰ ਗੱਲ ਨਹੀਂ ਹੋ ਰਹੀ ਸੀ।
-"ਵੇ ਤੂੰ ਮਰ ਜਾਣਿਆਂ ਬੋਲ ਤਾਂ ਸਹੀ...!!" ਮਾਮੀ ਨੇ ਸੂਤ ਮੰਜੇ 'ਤੇ ਚਲਾ ਕੇ ਮਾਰਿਆ ਅਤੇ ਸੀਰੀ ਨੂੰ ਜਾ ਫੜਿਆ।
ਸੀਰੀ ਧਰਤੀ 'ਤੇ "ਧੱਪ-ਧੱਪ" ਹੱਥ ਮਾਰੀ ਜਾ ਰਿਹਾ ਸੀ।
-"ਚਾਅਚੀ..! ਬਾਹਰ ਪੁਲਸ ਨੇ ਚਾਰੇ ਪਾਸਿਓਂ ਘੇਰਾ ਪਾ ਲਿਆ-ਤੂੰ ਕਾਕੇ ਨੂੰ ਕਿਮੇਂ ਨਾ ਕਿਮੇਂ ਕੱਢ...!" ਆਖ ਕੇ ਸੀਰੀ ਨੇ ਸਾਰਿਆਂ ਦੇ ਹੱਥਾਂ ਦੇ ਤੋਤੇ ਉਡਾ ਦਿੱਤੇ। ਨਹਾ ਕੇ ਬਾਹਰ ਨਿਕਲੀ ਗਗਨਦੀਪ ਹੱਥੋਂ ਖਾਲੀ ਬਾਲਟੀ ਡਿੱਗ ਪਈ। ਅਚਾਨਕ ਪਈ ਧਾੜ੍ਹ 'ਤੇ ਸਾਰਿਆਂ ਦੇ ਦਿਲ ਨਿਕਲ ਗਏ। ਗਗਨਦੀਪ ਅਤੇ ਭੂਆ ਨਿਰਬਲ ਜਿਹੀਆਂ ਹੋਈਆਂ ਖੜ੍ਹੀਆਂ ਸਨ। ਉਹਨਾਂ ਨੂੰ ਕੁਝ ਸੁੱਝ ਨਹੀਂ ਰਿਹਾ ਸੀ। ਫਿਰ ਕਾਕੇ ਦੀ ਮਾਮੀਂ ਨੂੰ ਪਤਾ ਨਹੀਂ ਕੀ ਔੜਿਆ? ਉਹ ਸਿੰਧ ਦੇ ਘੋੜੇ ਵਾਂਗ ਚੁਬਾਰੇ ਦੀਆਂ ਪੌੜੀਆਂ ਚੜ੍ਹ ਗਈ।
ਕਾਕਾ ਘੂਕ ਸੁੱਤਾ ਪਿਆ ਸੀ।
-"ਕਾਕਿਆ ਪੁੱਤ...! ਵੇ ਮੇਰਿਆ ਸ਼ੇਰ ਕਾਕਿਆ...!! ਉਠ ਮੇਰਿਆ ਸੋਹਣਿਆਂ...!" ਮਾਮੀਂ ਨੇ ਉਸ ਨੂੰ ਹਲੂਣਿਆਂ। ਜੇ ਕੋਈ ਹੋਰ ਸਮਾਂ ਹੁੰਦਾ ਤਾਂ ਮਾਮੀਂ ਨੇ ਆਖਣਾ ਸੀ, "ਵੇ ਉਠ ਖੜ੍ਹ ਟੁੱਟੜਿਆ! ਕਿਮੇਂ ਮਗਰਮੱਛ ਮਾਂਗੂੰ ਲਿਟਿਆ ਪਿਐ-ਨੇਸਤੀ ਕਿਸੇ ਥਾਂ ਦਾ।"
ਕਾਕੇ ਨੇ ਪਾਸਾ ਪਰਤਿਆ।
ਉਹ ਬੇਖ਼ਬਰ ਸੀ, ਨਾਵਾਕਿਫ਼ ਸੀ ਕਿ ਫ਼ੌਜਾਂ ਦੇ ਕਟਕ ਦਰਵਾਜੇ 'ਤੇ ਆ ਢੁੱਕੇ ਸਨ।
-"ਕਾਕਿਆ...! ਵੇ ਸ਼ੇਰ ਬੱਗਿਆ...!"
-"ਕੀ ਗੱਲ ਐ ਮਾਮੀਂ ਜੀ...?"
-"ਉਠ ਸ਼ੇਰ ਪੁੱਤਾ-ਪੁਲਸ ਨੇ ਚਾਰੇ ਪਾਸਿਓਂ ਘੇਰਾ ਪਾ ਲਿਆ।" ਮਾਮੀਂ ਦੀ ਅਵਾਜ਼ ਘਗਿਆ ਗਈ।
-"ਹੈਂ...!!" ਕਾਕਾ ਪਲੰਘ ਤੋਂ ਭਮੱਤਰ ਕੇ ਉਠਿਆ ਅਤੇ ਉਸ ਨੇ ਚੁਬਾਰੇ ਦੀ ਬਾਰੀ ਥੋੜ੍ਹੀ ਜਿਹੀ ਖੋਲ੍ਹ ਕੇ ਤੱਕਿਆ ਤਾਂ ਫ਼ੋਰਸ ਖੇਤਾਂ ਵਿਚ ਦੂਰ-ਦੂਰ ਤੱਕ ਫ਼ੈਲੀ ਹੋਈ ਸੀ। ਰੰਗ-ਬਰੰਗੀਆਂ ਵਰਦੀਆਂ ਵਾਲੇ ਚੁਬਾਰੇ ਵਿਚੋਂ ਝੁੰਡ ਬਣਾਈ ਖੜ੍ਹੇ ਦਿਸਦੇ ਸਨ। ਕਾਕਾ ਇਕ ਦਮ ਪਿੱਛੇ ਮੁੜਿਆ ਅਤੇ ਅਲਮਾਰੀ ਖੋਲ੍ਹ ਲਈ। ਅਲਮਾਰੀ ਵਿਚ ਸੱਖਣੇ ਰੌਂਦ ਹੀ ਪਏ ਸਨ। ਰਾਈਫ਼ਲਾਂ ਗਾਇਬ ਸਨ।
ਕਾਕੇ ਨੂੰ ਚੱਕਰ ਆ ਗਿਆ।
-"ਮਾਮੀਂ ਜੀ-ਅਸਾਲਟਾਂ ਕਿੱਥੇ ਐ...?" ਉਹ ਚੀਕਿਆ।
-"ਉਹ ਤਾਂ ਇੰਦਰਜੀਤ ਹੋਰੀਂ ਬੈਠਕ 'ਚ ਸਾਫ਼ ਕਰਨ ਲੱਗੇ ਵੇ ਐ।" ਮਾਮੀਂ ਨੇ ਦੱਸਿਆ ਤਾਂ ਕਾਕਾ ਬਾਹਰ ਵਿਹੜੇ ਵੱਲ ਨੂੰ ਦੌੜਿਆ।
-"ਉਏ ਇੰਦਰਜੀਤ...!"
-"ਹਾਂ ਬਾਈ....?"

-"ਹਥਿਆਰ ਉਪਰ ਲਿਆਓ....!"
ਇੰਦਰਜੀਤ ਹੋਰੀਂ ਉਖੇੜੇ ਹਥਿਆਰ ਟੋਟੇ 'ਚ ਬੰਨ੍ਹ ਉਪਰ ਲੈ ਆਏ। ਦੇਖ ਕੇ ਕਾਕੇ ਨੂੰ ਚੇਹ ਚੜ੍ਹ ਗਈ।
-"ਥੋਨੂੰ ਭੈਣ ਦਿਓ ਖਸਮੋਂ, ਹਥਿਆਰ ਸਾਫ਼ ਕਰਨ ਨੂੰ ਕਿਹੜੇ ਭੈਣ ਚੋਦ ਨੇ ਕਿਹਾ ਸੀ?"
-"ਬਾਈ ਵਿਹਲੇ ਜਿਹੇ ਬੈਠੇ ਸੀ-ਅਸੀਂ ਸੋਚਿਆ ਸਾਫ਼ ਈ ਕਰ ਲਈਏ।"
-"ਜੋੜੋ ਇਹਨਾਂ ਨੂੰ ਮੇਰਿਓ ਸਾਲਿਓ....!"
-"ਬਾਈ ਕੀ ਗੱਲ ਹੋ ਗਈ?" ਇੰਦਰਜੀਤ ਨੇ ਦਿਲ ਕੱਢ ਕੇ ਪੁੱਛ ਹੀ ਲਿਆ। ਉਸ ਦੀਆਂ ਤਲੀਆਂ ਪਸੀਨੇ ਨਾਲ ਤਰ ਸਨ।
-"ਲੈ...! ਦੇਖ ਲੈ...!!" ਕਾਕੇ ਨੇ ਅੱਧੀ ਬਾਰੀ ਖੋਲ੍ਹ ਕੇ ਬਾਹਰ ਇਸ਼ਾਰਾ ਕੀਤਾ। ਇੰਦਰਜੀਤ ਹੁਰਾਂ ਨੂੰ ਤਾਂ ਪਤਾ ਹੀ ਸੀ। ਪਰ ਉਹਨਾਂ ਨੇ ਗੰਭੀਰਤਾ ਦਿਖਾਈ।
-"ਬਾਈ ਇਹ ਤਾਂ ਪੂਰੀਆਂ ਦੋ ਬਟਾਲੀਅਨਾਂ ਆ ਲੱਗੀਆਂ-ਤੂੰ ਕਿਵੇਂ ਨਾ ਕਿਵੇਂ ਖਿਸਕਣ ਦੀ ਕਰ-ਅਸੀਂ ਇਹਨਾਂ ਦਾ ਭੁਚਾਲ ਪਾਉਨੇਂ ਐਂ।"
-"ਭੁਚਾਲ ਤੁਸੀਂ ਮਾਂ ਦੇ ਕੰਢੇ ਨਾਲ ਪਾਵੋਂਗੇ? ਆਬਦੀਆਂ ਮਾਵਾਂ ਨੂੰ ਤਾਂ ਉਖੇੜੀ ਬੈਠੇ ਐਂ-ਜਲਦੀ ਜੋੜੋ ਇਹਨਾਂ ਨੂੰ ਤੇ ਇਕ ਮੈਨੂੰ ਫੜਾਓ-ਛੇਤੀ ਕਰੋ ਛੇਤੀ....!"
ਕਾਕੇ ਨੇ ਅਸਾਲਟ ਜੋੜਨੀ ਸੁਰੂ ਕਰ ਦਿੱਤੀ।
-"ਕਾਕਿਆ ਪੁੱਤ ਤੁਸੀਂ ਖਿਸਕ ਕਿਉਂ ਨਹੀਂ ਜਾਂਦੇ? ਸਾਡੇ ਨਾਲ ਜਿਵੇਂ ਹੋਊ, ਸਾਂਭਾਂਗੇ।" ਮਾਮੀਂ ਨੇ ਕਿਹਾ।
-"ਮਾਮੀਂ ਜੀ ਤੁਸੀਂ ਮੇਰੇ ਮਾਮੀਂ ਹੀ ਨਹੀਂ ਮਾਂ ਵੀ ਹੋ-ਜੇ ਅਸੀਂ ਐਥੋਂ ਨਿਕਲਣ ਦੀ ਕੋਸ਼ਿਸ਼ ਕੀਤੀ ਤਾਂ ਉਹਨਾਂ ਨੇ ਸਾਨੂੰ ਚੂਹੇ ਵਾਂਗੂੰ ਟੰਗ ਲੈਣੈਂ-ਜੇ ਹੱਥ ਆ ਗਏ ਮੌਤ ਨਾਲੋਂ ਭੈੜੀ ਹਾਲਤ ਕਰਨਗੇ-ਸਾਨੂੰ ਮਾਮੀਂ ਜੀ ਦੋ ਹੱਥ ਕਰ ਹੀ ਲੈਣ ਦਿਓ-।" ਫਟਾ-ਫਟ ਅਸਾਲਟ ਜੋੜਦਾ ਕਾਕਾ ਲਗਾਤਾਰ ਬੋਲੀ ਜਾ ਰਿਹਾ ਸੀ।
-"ਪੁੱਤ ਕੀ ਪਤੈ ਨਿਕਲ ਈ ਜਾਵੇਂ? ਤੂੰ ਦੀਪ ਬਾਰੇ ਤਾਂ ਸੋਚ ਕਿਹੜੇ ਹਾਲ 'ਚ ਐ-ਬੱਚਾ ਬੱਚੀ ਹੋਣ ਆਲੈ-ਉਹਦਾ ਕੀ ਬਣੂੰ? ਤੂੰ ਪੁੱਤ ਲੰਮੀ ਸੋਚ-ਨਿਕਲ ਜਾ ਏਥੋਂ।"
-"ਬਾਈ...! ਗੱਲ ਮਾਮੀਂ ਜੀ ਦੀ ਠੀਕ ਐ-ਤੂੰ ਬਾਹਰ ਨਿਕਲ -ਅਸੀਂ ਇਹਨਾਂ ਨੂੰ ਉਲਝਾਅ 'ਚ ਪਾਉਨੇਂ ਐਂ।"
-"ਨਹੀਂ ਮਿੱਤਰੋ! ਆਹ ਟਾਈਮ ਤਾਂ ਮੈਨੂੰ ਮਸਾਂ ਈ ਆਇਐ-ਹੁਣ ਕੱਫ਼ਣ ਸਿਰ 'ਤੇ ਬੰਨ੍ਹ ਲਵੋ ਤੇ ਖਿੱਚੋ ਤਿਆਰੀ ਗੁਰਪੁਰੀ ਸਿਧਾਰਨ ਦੀ-ਮਾਮੀਂ ਜੀ ਤੁਸੀਂ ਦੀਪ ਦਾ ਖਿਆਲ ਰੱਖਿਓ-ਹੁਣ ਉਹ ਥੋਡੇ ਤੇ ਕਲਗੀਧਰ ਆਸਰੇ ਐ-ਜੇ ਫ਼ੋਰਸ ਤੁਹਾਨੂੰ ਬਾਹਰ ਨਿਕਲਣ ਦਾ ਹੁਕਮ ਕਰੇ-ਤੁਸੀਂ ਤੁਰੰਤ ਬਾਹਰ ਨਿਕਲ ਜਾਣੈਂ-ਉਹ ਨਾ ਹੋਵੇ ਮੈਂ ਤੁਹਾਡੇ ਨਾਲ ਗੱਲੀਂ ਪਿਆ ਈ ਮਾਰਿਆ ਜਾਵਾਂ-ਮੁੜ ਕੇ ਸਾਨੂੰ ਗੱਲ ਕਰਨ ਦਾ ਟਾਈਮ ਨਹੀਂ ਮਿਲਣਾ-।"
ਮਾਮੀਂ ਰੋ ਪਈ।
ਗਗਨਦੀਪ ਅੱਗੇ ਆ ਗਈ।
-"ਇੱਕ ਅਸਾਲਟ ਮੈਨੂੰ ਫੜਾਓ!"
-"ਨਹੀਂ ਦੀਪ..! ਹੁਣ ਗੱਲਾਂ ਕਰਨ ਦਾ ਸਮਾਂ ਨਹੀਂ-ਤੂੰ ਮਾਮੀਂ ਜੀ ਨੂੰ ਲੈ ਕੇ ਜਲਦੀ ਹੇਠਾਂ ਉਤਰ ਜਾਹ-ਪਤਾ ਨਹੀਂ ਕਦੋਂ ਬਰੱਸਟ ਵੱਜਣ ਲੱਗ ਪੈਣ-।"
-"ਨਹੀਂ..! ਮੈਂ ਵਾਅਦਾ ਕੀਤਾ ਸੀ ਕਿ ਤੁਹਾਡੇ ਨਾਲ ਸ਼ਹੀਦ ਹੋਵਾਂਗੀ।"
-"ਤੇ ਬੱਚੇ ਦਾ ਕੀ ਕਰੇਂਗੀ..? ਬਲੀ ਦਾ ਬੱਕਰਾ ਬਣਾਵੇਂਗੀ ਦੀਪ..? ਤੂੰ ਤਾਂ ਅਜੇ ਇੱਕ ਹੋਰ ਕਾਕਾ ਜੰਮਣੈਂ..! ਜੇ ਤੂੰ ਹੀ ਮੇਰੇ ਨਾਲ ਸ਼ਹੀਦ ਹੋ ਗਈ-ਆਉਣ ਵਾਲੇ ਸੂਰਮੇਂ ਕਾਕੇ ਨੂੰ ਕੌਣ ਜੱਗ ਦਿਖਾਊਗਾ..? ਪੁਰਾਤਨ ਸਮੇਂ ਤੋਂ ਲੈ ਕੇ ਹੁਣ ਤੱਕ ਜੇ ਹਰ ਔਰਤ ਮਰਦ ਨਾਲ ਸ਼ਹੀਦ ਹੋਣ ਲੱਗਦੀ ਤਾਂ ਹੁਣ ਤੱਕ ਦੁਨੀਆਂ 'ਤੇ ਕੋਈ ਸੂਰਮਾਂ ਨਾ ਪੈਦਾ ਹੁੰਦਾ ਦੀਪ! ਬੱਸ..! ਅਕਾਲ ਪੁਰਖ ਨੇ ਆਪਣਾ ਐਨਾ ਕੁ ਹੀ ਸਾਥ ਲਿਖਿਆ ਸੀ-ਮੈਨੂੰ ਮੁਆਫ਼ ਕਰੀਂ..! ਆਉਣ ਆਲੇ ਕਾਕੇ 'ਚੋਂ ਤੈਨੂੰ ਮੇਰਾ ਹੀ ਅਕਸ ਦਿਸਿਆ ਕਰੇਗਾ ਸਾਥੀ..! ਉਸ ਨੂੰ ਸਧਰਾਂ ਨਾਲ ਪਾਲੀਂ-ਔਰ ਹਾਂ..! ਜਦ ਫ਼ੋਰਸ ਨੇ ਬਾਹਰ ਨਿਕਲਣ ਲਈ ਕਿਹਾ ਤਾਂ ਤੂੰ ਸਾਰਿਆਂ ਨਾਲ ਤੁਰੰਤ ਬਾਹਰ ਨਿਕਲ ਜਾਣੈਂ-ਇਹ ਮੇਰਾ ਹੁਕਮ ਐਂ! ਇਹ ਨਾ ਹੋਵੇ ਮੈਂ ਤੁਹਾਨੂੰ ਦਲੀਲਾਂ ਦੇਣ 'ਚ ਰੁੱਝ ਜਾਵਾਂ ਤੇ ਫ਼ੋਰਸ ਦਾ ਦਾਅ ਲੱਗ ਜਾਵੇ-ਇਸ ਲਈ ਜਦੋਂ ਫ਼ੋਰਸ ਨੇ ਬਾਹਰ ਨਿਕਲਣ ਲਈ ਕਿਹਾ ਤਾਂ ਤੂੰ ਮੇਰੇ ਹੋਣ ਵਾਲੇ ਕਾਕੇ ਦੀ ਖਾਤਰ ਬਾਹਰ ਨਿਕਲ ਜਾਣੈਂ-ਰਾਈਟ..?"
ਗਗਨਦੀਪ ਦੇ ਕਾਕੇ ਦੀਆਂ ਦਲੀਲਾਂ ਦਿਲ ਲੱਗ ਗਈਆਂ ਅਤੇ ਉਸ ਨੇ "ਹਾਂ" ਵਿਚ ਸਿਰ ਹਿਲਾਇਆ।
-"ਜਾਹ ਸ਼ੱਲੇ...!"
ਭੂਆ ਭਤੀਜੀ ਹੇਠਾਂ ਨੂੰ ਤੁਰ ਪਈਆਂ।
-"ਮਾਮੀਂ ਜੀ..!"
ਮਾਮੀ ਮੁੜੀ।
-"ਤੁਸੀਂ ਮੇਰਾ ਬੋਲਿਆ ਚੱਲਿਆ ਮੁਆਫ਼ ਕਰ ਦੇਣਾ।"
-"ਹਾਏ ਵੇ ਮੇਰਿਆ ਸ਼ੇਰ ਬੱਗਿਆ..!" ਮਾਮੀਂ ਦੇ ਰੁਕੇ ਹੰਝੂ ਹੜ੍ਹ ਵਾਂਗ ਵਹਿ ਤੁਰੇ।
-"ਤੂੰ ਪੁੱਤ ਦੀਪ ਦਾ ਭੋਰਾ ਫ਼ਿਕਰ ਨਾ ਕਰੀਂ।" ਉਹ ਕਾਕੇ ਨੂੰ ਬੱਚਿਆਂ ਵਾਂਗ ਗਲਵਕੜੀ ਪਾਈ ਖੜ੍ਹੀ ਸੀ।
-"ਮਾਮੀਂ ਜੀ..!"
-"ਹਾਂ ਪੁੱਤ?"
-"ਜਾਂਦੀ ਵਾਰੀ ਮੇਰਾ ਸਿਰ ਨਹੀਂ ਪਲੋਸੇਂਗੀ...?"

ਮਾਮੀਂ ਦਾ ਕਾਲਜਾ ਭਰਾੜ੍ਹ ਹੋ ਗਿਆ।
ਉਸ ਨੇ ਧਾਹਾਂ ਮਾਰ ਕੇ ਕਾਕੇ ਦਾ ਮੂੰਹ ਚੁੰਮਣਾ ਸੁਰੂ ਕਰ ਦਿੱਤਾ। ਕਾਕਾ ਵੀ ਉਸ ਨੂੰ ਮਾਂ ਵਾਂਗ ਘੁੱਟੀ ਖੜ੍ਹਾ ਸੀ।
-"ਮਾਮੀਂ ਜੀ ਬੇਜੀ ਹੋਰਾਂ ਦਾ ਖਿਆਲ ਰੱਖਿਓ...!"
-"ਬੇਫ਼ਿਕਰ ਰਹਿ ਪੁੱਤ...!"
ਕਾਕੇ ਨੇ ਮਾਮੀਂ ਨੂੰ ਇਕ ਤਰ੍ਹਾਂ ਨਾਲ ਧੱਕ ਕੇ ਹੇਠਾਂ ਨੂੰ ਤੋਰ ਦਿੱਤਾ। ਗਗਨਦੀਪ ਵੀ ਮਜ਼ਬੂਰਨ ਨਾਲ ਹੀ ਤੁਰ ਗਈ। ਉਹ ਹਾਣੀ ਨੂੰ ਗਲਵਕੜੀ ਪਾਉਣਾ ਚਾਹੁੰਦੀ ਸੀ, ਪਰ ਕੁੜੀ ਦੇ ਅਰਮਾਨ ਮੰਦਰ ਦੀ ਫ਼ਰਸ਼ 'ਤੇ ਡਿੱਗੇ ਫੁੱਲ ਵਾਂਗ ਮਸਲੇ ਗਏ। ਉਸ ਦੀ ਰੂਹ ਲਹੂ-ਲੁਹਾਣ ਹੋਈ ਪਈ ਸੀ ਅਤੇ ਕੰਨਾਂ ਵਿਚ ਗੈਬੀ ਵੈਣ ਪਈ ਜਾ ਰਹੇ ਸਨ। ਉਸ ਦੀ ਆਤਮਾ ਵਲੂੰਧਰੀ ਪਈ ਸੀ।
ਕਾਕੇ ਹੁਰਾਂ ਨੇ ਅਸਾਲਟਾਂ ਜੋੜ ਕੇ ਸਾਹਮਣੇ ਰੌਂਦਾਂ ਦੀ ਢੇਰੀ ਲਾ ਲਈ ਅਤੇ ਜੰਗੀ ਪੱਧਰ 'ਤੇ ਮੈਗਜ਼ੀਨ ਭਰਨੇ ਸੁਰੂ ਕਰ ਦਿੱਤੇ।
ਬਾਹਰੋਂ ਸਪੀਕਰ 'ਤੇ ਅਵਾਜ਼ ਆਉਣੀ ਸੁਰੂ ਹੋ ਗਈ।
ਸ਼ਾਮ ਦੇ ਪੂਰੇ ਛੇ ਵੱਜ ਚੁੱਕੇ ਸਨ।
ਸੂਰਜ ਧਰਤੀ 'ਤੇ ਬੂਥ ਰੱਖੀ ਖੜ੍ਹਾ ਸੀ।
ਫ਼ੋਰਸ ਪੰਜ-ਪੰਜ ਏਕੜ ਵਿਚ ਫ਼ੈਲ ਗਈ ਸੀ। ਘੇਰਾ ਬੜਾ ਹੀ ਸਖ਼ਤ ਪਿਆ ਹੋਇਆ ਸੀ। ਫ਼ੋਰਸ ਕਾਕੇ ਹੁਰਾਂ ਦੇ ਹਥਿਆਰਾਂ ਦੀ ਮਾਰ ਵਿਚ ਨਹੀਂ ਸੀ। ਕੌਡੀਆਂ ਆਲੇ ਦੀ ਕਮਾਂਡ ਸੀ। ਖੁਦ ਐੱਸ. ਪੀ. ਪਹੁੰਚਿਆ ਹੋਇਆ ਸੀ। ਡੀ. ਐੱਸ. ਪੀ. ਦਾ ਪਹੁੰਚਣਾ ਤਾਂ ਫਿਰ ਜ਼ਰੂਰੀ ਸੀ। ਫ਼ੋਰਸ ਨੇ ਘੇਰਾ ਕਸਣਾ ਸੁਰੂ ਕਰ ਦਿੱਤਾ।
ਐੱਸ. ਪੀ. ਅਤੇ ਕੌਡੀਆਂ ਵਾਲੇ ਦੀ ਸਕੀਮ ਅਨੁਸਾਰ ਮੁਕਾਬਲਾ ਹਨ੍ਹੇਰੇ ਹੋਏ ਸੁਰੂ ਹੋਣਾ ਸੀ। ਸਰਚ ਲਾਈਟਾਂ ਆਸਰੇ ਫ਼ੋਰਸਾਂ ਨੇ ਅੱਗੇ ਵਧਣਾ ਸੀ। ਇਧਰ ਸਾਹਮਣੇ ਤੋਂ ਪੈਂਦੀਆਂ ਸਰਚ ਲਾਈਟਾਂ ਨੇ ਕਾਕੇ ਹੋਰਾਂ ਨੂੰ ਦਿਸਣ ਵਿਚ ਵਿਘਨ ਪਾਉਣਾ ਸੀ। ਇਹ ਸਾਰੀ ਸਕੀਮ ਕੌਡੀਆਂ ਵਾਲੇ ਨੇ ਉਲੀਕੀ ਸੀ।
ਐੱਸ. ਪੀ. ਨੇ ਉਸ ਨੂੰ ਥਾਪੜਾ ਦਿੱਤਾ ਸੀ। ਇਹ ਸਕੀਮ ਉਲੀਕ ਕੇ ਠਾਣੇਦਾਰ ਨੇ ਇਕ ਤਰ੍ਹਾਂ ਨਾਲ ਆਪਣਾ ਪਿਛਲਾ ਦਾਗ਼ ਧੋ ਲਿਆ ਸੀ।
ਸੂਰਜ ਝਾੜੀਆਂ ਵਿਚ ਮੂੰਹ ਲਕੋ ਗਿਆ।
ਛੁਪਦੀ ਵਾਲੇ ਪਾਸੇ ਲਹੂ ਹੀ ਲਹੂ ਡੁੱਲ੍ਹ ਗਿਆ ਸੀ।
ਕਾਕੇ ਨੇ ਬਾਰੀ ਰਾਹੀਂ ਗੋਲੀ ਚਲਾਉਣੀ ਬੇਵਕੂਫ਼ੀ ਸਮਝੀ। ਉਸ ਨੇ ਸੱਬਲ ਨਾਲ ਚੁਬਾਰੇ ਦੀਆਂ ਅੱਡੋ-ਅੱਡੀ ਤਿੰਨ ਕੰਧਾਂ ਵਿੱਚੋਂ, ਤਿੰਨ ਇੱਟਾਂ ਕੱਢ ਲਈਆਂ। ਅਸਾਲਟਾਂ ਦੀਆਂ ਬਾਇਰਲਾਂ ਵਿਚ ਦੀ ਕੱਢ ਕੇ, ਘੁੰਮਾ ਕੇ ਦੇਖੀਆਂ। ਇੱਕ ਤਰ੍ਹਾ ਨਾਲ ਮਿਥੀ ਕਿ ਏ ਕੇ ਸੰਤਾਲੀ ਦੀ ਗੋਲੀ ਕਿੱਥੋਂ ਤੱਕ ਮਾਰ ਕਰ ਸਕਦੀ ਹੈ? ਤਿੰਨੇ ਵੱਖੋ-ਵੱਖ ਦਿਸ਼ਾਵਾਂ ਵੱਲ ਪੁਜ਼ੀਸ਼ਨਾਂ ਲਈ ਪਏ ਸਨ। ਬਾਹਰੋਂ 'ਮੈਗਾ-ਸੈੱਟ' ਸਪੀਕਰ ਤੋਂ ਅਫ਼ਸਰ ਬੋਲਿਆ।
-"ਹੈਲੋ......ਹੈਲੋ....! ਮਨਪ੍ਰੀਤ ਸਿੰਘ ਕਾਕਾ ਧਿਆਨ ਨਾਲ ਸੁਣੋਂ...! ਮੈਂ ਤੁਹਾਡੇ ਇਲਾਕੇ ਦਾ ਡੀ. ਐੱਸ. ਪੀ. ਬੋਲ ਰਿਹਾ ਹਾਂ.......ਸਾਡੀਆਂ ਫ਼ੋਰਸਾਂ ਨੇ ਤੁਹਾਨੂੰ ਚਾਰੇ ਪਾਸੇ ਤੋਂ ਘੇਰ ਲਿਆ ਹੈ.......ਤੁਹਾਡਾ ਬਚ ਕੇ ਨਿਕਲਣਾ ਕਿਸੇ ਹਾਲਤ ਵਿਚ ਵੀ ਮੁਮਕਿਨ ਨਹੀਂ.....ਥੋੜ੍ਹੇ ਜਿਹੇ ਅਸਲੇ ਨਾਲ ਤੁਸੀਂ ਸਾਡੀਆਂ ਫ਼ੋਰਸਾਂ ਦਾ ਮੁਕਾਬਲਾ ਨਹੀਂ ਕਰ ਸਕਦੇ.....ਇਸ ਲਈ ਬੇਹਤਰ ਇਹ ਹੈ ਕਿ ਤੁਸੀਂ ਆਪਣੇ ਆਪ ਨੂੰ ਫ਼ੋਰਸਾਂ ਦੇ ਹਵਾਲੇ ਕਰ ਦਿਓ......ਮੈਂ ਵਾਅਦਾ ਕਰਦਾ ਹਾਂ ਕਿ ਤੁਹਾਡੇ ਨਾਲ, ਹਰ ਹਾਲਤ ਵਿਚ ਹਮਦਰਦੀ ਨਾਲ ਪੇਸ਼ ਆਇਆ ਜਾਵੇਗਾ.....ਮੈਂ ਇੱਕ ਵਾਰ ਫਿਰ ਹਦਾਇਤ ਕਰਦਾ ਹਾਂ ਕਿ ਆਪਣੇ ਆਪ ਆਤਮ ਸਮਰਪਣ ਕਰ ਦਿਓ.......ਤੁਹਾਨੂੰ ਪੰਦਰਾਂ ਮਿੰਟ ਦਿੱਤੇ ਜਾਂਦੇ ਹਨ........ਹੱਥ ਖੜ੍ਹੇ ਕਰਕੇ ਬਾਹਰ ਆ ਜਾਓ............!!"
ਸਪੀਕਰ ਬੰਦ ਹੋ ਗਿਆ।
ਇੰਦਰਜੀਤ ਨੇ ਇਕ ਬਰੱਸਟ ਅਸਮਾਨ ਵੱਲ ਨੂੰ ਕੱਢ ਦਿੱਤਾ। ਜਿਸ ਦਾ ਸਪੱਸ਼ਟ ਇਸ਼ਾਰਾ ਸੀ ਕਿ ਕਾਕਾ ਕਦਾਚਿੱਤ ਬਾਹਰ ਨਹੀਂ ਆਵੇਗਾ। ਤੁਸੀਂ ਜਿਹੜੀ ਕਾਰਵਾਈ ਕਰਨੀ ਐਂ ਧਿਆਨ ਨਾਲ ਕਰੋ! ਤੁਹਾਡੀਆਂ ਗਿੱਦੜ ਭਬਕੀਆਂ ਇਹਨੂੰ ਡਰਾ ਨਹੀਂ ਸਕਣਗੀਆਂ!
-"ਤੂੰ ਮੇਰਿਆ ਸਾਲਿਆ ਕੀ ਕਰੀ ਜਾਨੈਂ..?"
-"ਬਾਈ, ਉਹ ਬਾਹਰ ਬੁੱਕੀ ਜਾਂਦੇ ਐ ਮੇਰੇ ਸਾਲੇ-ਤੇ ਆਪਾਂ ਚੁੱਪ ਕਰ ਜਾਈਏ..?"
-"ਤੇਰਾ ਪਿਉ ਸਮਾਨ ਆਪਣੇ ਕੋਲ ਅੱਗੇ ਈ ਘੱਟ ਐ-ਗੋਲੀ ਉਦੋਂ ਚਲਾਉਣੀ ਐਂ ਜਦੋਂ ਕੋਈ ਮਾਰ 'ਚ ਆਵੇ!"
-"ਠੀਕ ਐ ਬਾਈ-ਗਲਤੀ ਹੋ ਗਈ।"
ਫਿਰ ਚੁੱਪ ਵਰਤ ਗਈ।
ਇਧਰ ਕੌਡੀਆਂ ਵਾਲਾ, ਐੱਸ. ਪੀ. ਅਤੇ ਡੀ. ਐੱਸ. ਪੀ. ਵਿਚਕਾਰ ਆਕੜਿਆ ਬੈਠਾ ਸੀ। ਕਿੱਧਰੋਂ ਕਾਕੇ ਦਾ ਮਾਮਾ ਆ ਗਿਆ। ਲੱਗਦਾ ਸੀ ਉਸ ਨੇ ਕਾਫ਼ੀ ਦਾਰੂ ਪੀਤੀ ਹੋਈ ਸੀ। ਦਿਸਣ ਸਾਰ ਫ਼ੋਰਸ ਵਾਲਿਆਂ ਨੇ ਉਸ ਨੂੰ ਮਰੋੜ ਲਿਆ ਅਤੇ ਤਲਾਸ਼ੀ ਲੈ ਕੇ ਉਸ ਨੂੰ ਐੱਸ. ਪੀ. ਹੋਰਾਂ ਕੋਲ ਲੈ ਆਏ। ਉਸ ਦੀ ਡੱਬ 'ਚੋਂ ਸਿਰਫ਼ ਇੱਕ ਦਾਰੂ ਦਾ ਅਧੀਆ ਨਿਕਲਿਆ ਸੀ, ਜਿਹੜਾ ਸਿਪਾਹੀਆਂ ਨੇ ਅਫ਼ਸਰਾਂ ਅੱਗੇ ਲਿਆ ਰੱਖਿਆ।
ਡੀ. ਐੱਸ. ਪੀ. ਨੇ ਉਸ ਨੂੰ ਝੱਟ ਪਛਾਣ ਲਿਆ।
-"ਉਏ ਆ ਬਈ ਗੁਰਨਾਮ ਸਿਆਂ..! ਛੱਡ ਦਿਓ ਇਹਨੂੰ ਬਈ...!" ਡੀ. ਐੱਸ. ਪੀ. ਨੇ ਕਿਹਾ ਸੀ।
ਗੁਰਨਾਮ ਸਿੰਘ ਨੂੰ ਛੱਡ ਦਿੱਤਾ ਗਿਆ। ਉਸ ਨੇ ਮਧੋਲੇ ਕੁੱਕੜ ਵਾਂਗ ਖੰਭ ਜਿਹੇ ਝਿਣਕੇ ਅਤੇ ਅਫ਼ਸਰ ਨੂੰ ਪਛਾਣ ਲਿਆ।
-"ਸਾਸਰੀਕਾਲ ਜੀ ਸਰਦਾਰ ਜੀ...! ਸਾਸਰੀਕਾਲ...!!"

-"ਤੁਸੀਂ ਇਹਨੂੰ ਜਾਣਦੇ ਹੋ ਸਰ..?" ਕੌਡੀਆਂ ਆਲੇ ਨੇ ਅਫ਼ਸਰ ਨੂੰ ਪੁੱਛਿਆ।
-"ਬੜੀ ਚੰਗੀ ਤਰ੍ਹਾਂ..! ਇਹ ਤਾਂ ਮੇਰੀ ਮੱਝ ਲਈ ਹਰ ਰੋਜ ਮੇਰੇ ਘਰੇ ਪੱਠੇ ਸਿੱਟ ਕੇ ਆਉਂਦੈ।"
-"ਗੁਰਇਕਬਾਲ ਸਿਆਂ..! ਤੂੰ ਇਹਨੂੰ ਛੱਡ ਤੇ ਕਾਰਵਾਈ ਵੱਲ ਧਿਆਨ ਦੇਹ..!" ਐੱਸ. ਪੀ. ਨੇ ਡੀ. ਐੱਸ. ਪੀ. ਨੂੰ ਕਿਹਾ।
-"ਸਾਹਿਬ ਬਹਾਦਰ...! ਇਹ ਕਾਕੇ ਅੱਤਵਾਦੀ ਦਾ ਸਕਾ ਮਾਮਾ ਐਂ...!" ਡੀ. ਐੱਸ. ਪੀ. ਨੇ ਗੁੱਝਾ ਕਿਹਾ।
-"ਜੀਹਨੂੰ ਘੇਰਾ ਪਾਇਐ...?"
-"ਹਾਂ ਸਾਹਿਬ ਬਹਾਦਰ..!"
-"ਇਹਨੂੰ ਈ ਹਲ਼ਟ ਅੱਗੇ ਜੋੜ ਕੇ ਦੇਖ ਲੈ-ਕੀ ਐ ਹਾਲ਼ੀ ਨਿੱਕਲ ਈ ਆਵੇ..? ਦਾਰੂ ਪੀ ਕੇ ਬੰਦਾ ਦਲੇਰ ਹੁੰਦੈ! ਕੀ ਐ ਬੰਦਾ ਪੇਸ਼ ਈ ਕਰ ਦੇਵੇ? ਜੇ ਉਹ ਕਹੇ ਕੱਤਰੇ ਪੇਸ਼ ਹੁੰਦੈ ਆਪਾਂ ਫ਼ੋਰਸ ਜ਼ਰੂਰ ਮਰਵਾਉਣੀ ਐਂ? ਜੇ ਗੁਰਇਕਬਾਲ ਸਿਆਂ ਗੁੜ ਦਿੱਤਿਆਂ ਵੈਰੀ ਮਰਦਾ ਹੋਵੇ-ਮਹੁਰਾ ਦੇਣ ਦੀ ਕੀ ਜ਼ਰੂਰਤ ਐ? ਇਹਦੇ ਕੱਢ ਕੋਈ ਕੁਤਕੁਤੀ..! ਸ਼ਰਾਬੀ ਬੰਦੇ ਦਾ ਕੀ ਐ..? ਫੂਕ 'ਚ ਲਿਆ ਕੇ ਚਾਹੇ ਟੈਂਕ ਮੂਹਰੇ ਖੜ੍ਹਾ ਕਰ ਦਿਓ! ਜੇ ਸਿੱਧੀ ਉਂਗਲ ਨਾਲ ਘਿਉ ਨਿਕਲ ਆਵੇ, ਆਪਾਂ ਵਿੰਗੀ ਜ਼ਰੂਰ ਕਰਨੀ ਐਂ? ਇਹਨੂੰ ਘੁੱਟ ਹੋਰ ਲੁਆ ਤੇ ਲਾਲਚ ਲੂਲਚ ਦੇਹ-ਸਿਫ਼ਤਾਂ ਕਰ! ਜਦੋਂ ਜੱਟ ਗਿੱਬ ਜਾਵੇ ਫਿਰ ਹਾਥੀ ਨੂੰ ਕਤੀੜ੍ਹ ਦੱਸਣ ਲੱਗ ਪੈਂਦੈ!"
ਡੀ. ਐੱਸ. ਪੀ. ਜਿਪਸੀ ਵਿਚੋਂ ਅਧੀਆ ਚੁੱਕ ਕੇ ਗੁਰਨਾਮ ਸਿੰਘ ਨੂੰ ਪਿੱਛੇ ਲੈ ਗਿਆ।
-"ਆ ਬਈ ਗੁਰਨਾਮ ਸਿਆਂ-ਆਪਾਂ ਘੁੱਟ ਦਾਰੂ ਦੀ ਮਾਰਦੇ ਐਂ।"
-"ਦਾਰੂ ਦੀ ਘੁੱਟ ਤਾਂ ਮਾਰ ਲੈਨੇਂ ਆਂ ਜੀ-ਪਰ ਆਹ ਐਨਾ 'ਕੱਠ ਜਿਆ ਕਾਹਦਾ ਕੀਤੈ?" ਗੁਰਨਾਮ ਸਿੰਘ ਨੇ ਫ਼ੋਰਸਾਂ ਵੱਲ ਹੱਥ ਕਰਕੇ ਪੁੱਛਿਆ। ਦਾਰੂ ਦੇ ਨਸ਼ੇ ਨਾਲ ਝੋਲੇ ਖਾਂਦਾ ਉਹ ਤੁਤਲਾ ਰਿਹਾ ਸੀ। ਮੋਟੀ ਜ਼ੁਬਾਨ ਉਸ ਦੇ ਮੂੰਹ ਵਿਚ 'ਡੱਕ-ਡੱਕ' ਵੱਜਦੀ ਸੀ।
-"ਫਿਕਰ ਨਾ ਕਰ-ਤੂੰ ਪਹਿਲਾਂ ਘੁੱਟ ਅੰਦਰ ਮਾਰ।"
ਗੁਰਨਾਮ ਨੇ ਅਧੀਆ ਮੂੰਹ ਨੂੰ ਲਾ ਕੇ ਪੌਣਾ ਪਊਆ ਸੂਤ ਧਰਿਆ। ਦਾਰੂ ਨੇ ਉਸ ਦੀ ਜੀਭ ਪੱਛ ਦਿੱਤੀ ਸੀ। ਉਸ ਨੇ ਬਕਬਕਾ ਜਿਹਾ ਮੂੰਹ ਸਰ੍ਹੋਂ ਦੀ ਗੰਦਲ ਖਾ ਕੇ ਠੀਕ ਕੀਤਾ। ਸੁੱਕੀ ਦਾਰੂ ਉਸ ਅੰਦਰ ਇਕ ਅੱਗ ਦੀ ਲੀਕ ਪਾਉਂਦੀ ਹੇਠਾਂ ਉਤਰੀ ਸੀ ਅਤੇ ਉਸ ਦੇ ਮੱਥੇ 'ਤੇ ਪਸੀਨਾ ਆ ਗਿਆ। ਜਿਹੜਾ ਉਸ ਨੇ ਪਰਨੇ ਨਾਲ ਸਾਫ਼ ਕਰ ਲਿਆ। ਗੁਰਨਾਮ ਜਿਪਸੀ ਨਾਲ ਢੋਅ ਲਾ ਕੇ ਖੜ੍ਹ ਗਿਆ।
-"ਹੁਣ ਕਾਇਮ ਐਂ?"
-"ਸਰਦਾਰ ਜੀ ਜਮਾਂ ਲੋਹੇ ਵਰਗਾ!"
-"ਲੈ ਫੇਰ ਸੁਣ...! ਸਾਨੂੰ ਅੱਜ ਈ ਖ਼ਬਰ ਮਿਲੀ ਸੀ ਕਿ ਕਾਕਾ ਤੇਰੇ ਘਰੇ ਐ-ਇਸ ਕਰਕੇ ਅਸੀਂ ਘੇਰਾ ਪਾਇਆ ਹੋਇਐ-ਤੇਰੀ ਉਡੀਕ 'ਚ ਅਸੀਂ ਕੋਈ ਗੋਲੀ ਨਹੀਂ ਚਲਾਈ-ਹਾਲਾਂ ਕਿ ਅੱਤਵਾਦੀ ਸਾਡੇ 'ਤੇ ਗੋਲੀ ਚਲਾ ਚੁੱਕੇ ਹਨ-ਪਰ ਮੈਂ ਤੇਰੇ ਮੂੰਹ ਨੂੰ ਚੁੱਪ ਰਿਹੈਂ-ਫੇਰ ਵੀ ਆਪਣੀ ਯਾਰੀ ਐ-ਨਹੀਂ ਮੈਂ ਹੁਣ ਨੂੰ ਹੁਕਮ ਦੇ ਕੇ ਤੇਰਾ ਸਾਰਾ ਘਰ ਉੜਵਾ ਸਕਦਾ ਸੀ-ਪਰ ਯਾਰ ਮਾਰ ਕਰਨੀਂ ਮੇਰੇ ਵਰਕੇ 'ਤੇ ਨਹੀਂ ਲਿਖੀ-ਮੈਂ ਤਾਂ ਹੁਣ ਤੱਕ ਤੇਰੀ ਯਾਰੀ ਕਰਕੇ ਚੁੱਪ ਵੱਟੀ ਰੱਖੀ ਐ-ਤੂੰ ਕਿਵੇਂ ਨਾ ਕਿਵੇਂ ਪਲੋਸ ਕੇ ਉਹਤੋਂ ਆਤਮ ਸਮਰਪਣ ਕਰਵਾ ਦੇਹ-ਸਾਰਿਆਂ ਦਾ ਈ ਫ਼ਾਇਦਾ ਐ-ਨਹੀਂ ਤਾਂ ਤੇਰੇ ਪ੍ਰੀਵਾਰ ਸਮੇਤ ਕੋਈ ਕੱਟਾ ਵੱਛਾ ਵੀ ਨਹੀਂ ਬਚਣਾ-ਗੱਲ ਅਜੇ ਤੱਕ ਮੇਰੇ ਹੱਥ ਵਿਚ ਐ-ਫੇਰ ਵਿਤੋਂ ਬਾਹਰ ਹੋ ਗਈ, ਮੈਨੂੰ ਦੋਸ਼ ਨਾ ਦੇਈਂ! ਐੱਸ. ਪੀ. ਆਇਆ ਬੈਠੈ ਤੇ ਕਈ ਵਾਰ ਗੋਲੀ ਚਲਵਾਉਣ ਲਈ ਆਖ ਚੁੱਕੈ-ਪਰ ਮੈਂ ਪੱਟੀ ਨਹੀਂ ਬੱਝਣ ਦਿੱਤੀ-ਮੈਂ ਇਹ ਹੀ ਕਹਿੰਦਾ ਆਉਨੈਂ ਬਈ ਗੁਰਨਾਮ ਸਿਉਂ ਮੇਰਾ ਜਿਗਰੀ ਮਿੱਤਰ ਐ-ਮੈਨੂੰ ਇਕ ਵਾਰ ਉਹਦੇ ਨਾਲ ਗੱਲ ਕਰ ਲੈਣ ਦਿਓ-ਅਫ਼ਸਰ ਮਸਾਂ ਈ ਮਨਾਇਐ-ਨਹੀਂ ਉਹ ਹੁਣ ਨੂੰ ਤੇਰਾ ਘਰ ਮਲੀਆਮੇਟ ਕਰਵਾ ਦਿੰਦਾ-ਲੈ ਗੁਰਨਾਮ ਸਿਆਂ ਮੈਂ ਆਪਣੀ ਦੋਸਤੀ ਕਰ ਕੇ ਜਿੰਨਾ ਕਰ ਦਿੱਤਾ, ਤੇਰੇ ਸਾਹਮਣੇਂ ਹੀ ਐ-ਪੀਠੇ ਆਟੇ ਦਾ ਛੱਟਣਾ ਕੀ? ਤੂੰ ਕਾਕੇ ਨੂੰ ਸਹੀ ਸਲਾਮਤ ਲਿਆ ਦੇ-ਕਸਮ ਖਾ ਕੇ ਆਖਦੈਂ, ਝਰੀਟ ਤੱਕ ਨਹੀਂ ਲੱਗਣ ਦਿੰਦਾ-ਹੋਰ ਦੱਸ? ਤੇਰੇ ਸਾਹਮਣੇਂ ਫ਼ੋਰਸ ਦੇਖ ਕਿੰਨੀ ਐਂ-ਭੱਜਣ ਅਸੀਂ ਉਹਨੂੰ ਦੇਣਾ ਨਹੀਂ-ਗੋਲੀ ਚੱਲੂ ਖੂਨ ਖਰਾਬਾ ਹੋਊ-ਜੇ ਘਾਣੀਂ ਪਿਆਰ ਸਤਿਕਾਰ ਨਾਲ ਰਾਸ ਆ ਜਾਵੇ, ਐਦੂੰ ਵੱਡੀ ਰੀਸ ਕੋਈ ਨਹੀਂ-ਜੇ ਫ਼ੋਰਸ ਦਾ ਉਹਨਾਂ ਨੇ ਕੋਈ ਬੰਦਾ ਮਾਰਤਾ-ਤੂੰ ਵਾਹਿਆ ਬੀਜਿਆ ਕਿਤੇ ਨਹੀਂ ਖਿਆਵੇਂਗਾ-ਪਨਾਂਹ ਦੇਣ ਦੇ ਦੋਸ਼ ਹੇਠ ਇਹਨਾਂ ਨੇ ਤੈਨੂੰ ਵੀ ਨਰੜ ਲੈਣੈਂ-ਬੁੜ੍ਹੀਆਂ ਕੁੜੀਆਂ ਨੂੰ ਬੇਪੱਤ ਕਰਨਗੇ-ਫ਼ਸਲਾਂ ਉਜਾੜਨਗੇ-ਵੀਹ ਕੁਛ ਕਰਨਗੇ-ਤੇ ਮੇਰੇ ਬਾਈ ਤੇਰਾ ਸਾਰੀ ਉਮਰ ਖਹਿੜਾ ਨਹੀਂ ਛੁੱਟਣਾ-ਮੈਂ ਤੈਨੂੰ ਆਖਰੀ ਵਾਰ ਆਪਣੀ ਮਿੱਤਰਤਾਈ ਦਾ ਵਾਸਤਾ ਦੇ ਕੇ ਕਹਿੰਨੈਂ, ਬਈ ਜਿਵੇਂ ਵੀ ਮੰਨਦੈ ਉਹਨੂੰ ਪਰੇਰ ਕੇ ਆਤਮ-ਸਮਰਪਣ ਕਰਵਾ-ਬਾਕੀ ਤੇਰੀ ਮਰਜ਼ੀ ਐ।" ਡੀ. ਐੱਸ. ਪੀ. ਨੇ ਧਮਕੀਆਂ, ਲਾਲਚ ਅਤੇ ਡਰਾਵਿਆਂ ਦੇ ਕਈ ਭੁਲੱਥੇ ਮਾਰੇ। ਉਹ ਗੱਲੀਂ ਬਾਤੀਂ ਇੱਟ 'ਤੇ ਪੱਥਰ ਸੁੱਟੀ ਜਾ ਰਿਹਾ ਸੀ।
ਗੁਰਨਾਮ ਦਾ ਨਸ਼ਾ ਖੋਟਾ ਹੋ ਗਿਆ। ਉਸ ਨੇ ਦਾਰੂ ਦੀਆਂ ਚਾਰ ਘੁੱਟਾਂ ਹੋਰ ਅੰਦਰ ਸੁੱਟ ਲਈਆਂ। ਪਰ ਹੁਣ ਉਸ ਨੂੰ ਦਾਰੂ ਕੌੜੀ ਨਾ ਲੱਗੀ।
-"ਪਰ ਸਰਦਾਰ ਜੀ, ਮੈਂ ਤਾਂ ਹੁਣੇਂ ਤੁਹਾਡੇ ਸਾਹਮਣੇਂ ਬਾਹਰੋਂ ਆਇਐਂ-ਮੈਨੂੰ ਉਹਦੇ ਆਏ ਦਾ ਪਤਾ ਨਹੀਂ।" ਗੁਰਨਾਮ ਸਿੰਘ ਨੇ ਚਲਾਕੀ ਖੇਡੀ।
-"ਗੁਰਨਾਮ ਸਿਆਂ..! ਮਿੱਤਰਾ ਜਾਗਦਿਆਂ ਨੂੰ ਪੈਂਦੀਂ ਨਾ ਪਾਅ-ਪੁਲੀਸ ਕੋਲ ਸਾਰਾ ਰਿਕਾਰਡ ਐ-ਵਿਆਹ ਤੋਂ ਬਾਅਦ ਉਹ ਰਹਿ ਹੀ ਤੇਰੇ ਕੋਲ ਰਿਹੈ-ਇਹ ਤਾਂ ਮੈਂ ਤੈਨੂੰ ਪਹਿਲਾਂ ਈ ਆਖ ਦਿੱਤੈ ਬਈ ਇਹ ਤਾਂ ਤੇਰੇ ਮੂੰਹ ਨੂੰ ਈ ਮੈਂ ਕੋਈ ਕਾਰਵਾਈ ਨਹੀਂ ਕਰਨ ਦਿੱਤੀ-ਨਹੀਂ ਤਾਂ ਹੁਣ ਨੂੰ ਫ਼ੋਰਸਾਂ ਨੇ ਇੱਟ ਨਾਲ ਇੱਟ ਖੜਕਾ ਦੇਣੀਂ ਸੀ-ਮੈਂ ਸੋਚਿਆ ਬਈ ਪਹਿਲਾਂ ਤੇਰੇ ਨਾਲ ਗੱਲ ਮੁਕਾ ਲਵਾਂ-ਫੇਰ ਕੱਲ੍ਹ ਨੂੰ ਮਿਹਣਾ ਮਾਰੇਂਗਾ ਬਈ ਸਰਦਾਰ ਜੀ ਮੈਨੂੰ ਤਾਂ ਪੁੱਛ ਲੈਂਦੇ!" ਉਸ ਨੇ ਹੋਰ ਦਾਅ ਸੁੱਟ ਕੇ ਗੁਰਨਾਮ ਸਿੰਘ ਨੂੰ ਚਿੱਤ ਕਰ ਦਿੱਤਾ।
ਗੁਰਨਾਮ ਸਿੰਘ ਨੇ ਸੋਚਿਆ ਕਿ ਡੀ. ਐੱਸ. ਪੀ. ਕਿੰਨਾ ਰੌਂਅ 'ਚ ਬੋਲ ਰਿਹਾ ਸੀ। ਨਹੀਂ ਤਾਂ ਫ਼ੋਰਸ ਮੂਹਰੇ ਕੀ ਜੋਰ ਸੀ? ਹੁਣ ਨੂੰ ਸੁਹਾਗਾ ਮਾਰ ਕੇ ਰਾਹ ਪੈਂਦੇ! ਇਹਨਾਂ ਦਾ ਕਿਹੜਾ ਕਿਸੇ ਨੇ ਹੱਥ ਫੜ ਲੈਣਾ ਸੀ? ਪੁਲਸ ਹੱਥ ਤਾਕਤਾਂ ਨੇ! ਹਰ ਰੋਜ ਹੀ ਮਾਰ-ਮਰਾਈ, ਉਜਾੜੇ ਅਤੇ ਤਸ਼ੱਦਦ ਦੀਆਂ ਖ਼ਬਰਾਂ ਕੰਨੀਂ ਪੈਂਦੀਆਂ ਸਨ। ਇਹ ਤਾਂ ਭਲਾ ਹੋਵੇ ਵਿਚਾਰੇ ਡੀ. ਐੱਸ. ਪੀ. ਦਾ, ਜਿਹੜਾ ਮੇਰੇ ਬਾਰੇ

ਇਤਨਾ ਵਿਸ਼ਾਲ ਹਿਰਦਾ ਰੱਖਦਾ ਸੀ।
-"ਗੁਰਨਾਮ ਸਿਆਂ, ਕਿਹੜੀ ਸੋਚੀਂ ਪੈ ਗਿਆ?" ਸਰਦਾਰ ਨੇ ਉਸ ਨੂੰ ਹਲੂਣਿਆਂ।
-"ਸਰਦਾਰ ਜੀ..! ਤੁਸੀਂ ਮੇਰਾ ਐਨਾ ਸੋਚਿਐ-ਮੈਂ ਵੀ ਆਬਦਾ ਪੂਰਾ ਟ੍ਰੱਲ ਲਾਦੂੰ-ਇਹਨਾਂ ਛੋਹਰਾਂ ਨੇ ਬੜਾ ਦੁਖੀ ਕੀਤੈ-ਪਰ ਮੈਂ ਉਹਦੇ ਕੋਲ ਪਹੁੰਚੂੰ ਕਿਵੇਂ? ਕਿਤੇ ਨ੍ਹੇਰੇ ਵਿਚ ਉਹ ਮੈਨੂੰ ਥੋਡਾ ਬੰਦਾ ਸਮਝ ਕੇ ਪੁੜਪੜੀ 'ਚ ਨਾ ਮਾਰੇ? ਉਹਨਾਂ ਕੋਲੇ ਤਾਂ ਅਣਘੜਤ ਜਿਹੇ ਹਥਿਆਰ ਵੀ ਬੜੇ ਖ਼ਤਰਨਾਕ ਐ-ਉਹ ਨਾ ਹੋਵੇ ਬਈ ਥੋਡੀ ਫੋਰਸ ਮੈਨੂੰ ਸਾਂਭਦੀ ਫਿਰੇ....!"
-"ਇਹਦੇ ਵੱਲੋਂ ਤੂੰ ਬਿਲਕੁਲ ਚਿੰਤਾ ਨਾ ਕਰ-ਆਪਣੇ ਕੋਲ ਸਾਰੇ ਈ ਸੰਦ ਐ-ਆਪਣੇ ਕੋਲੇ ਸਰਚ ਲਾਈਟਾਂ ਨੇ-ਸਪੀਕਰ ਐ-ਆਪਾਂ ਹੁਣੇਂ ਈ ਸਪੀਕਰ 'ਤੇ ਅਨਾਊਂਸ ਕਰ ਦਿੰਨੇਂ ਆਂ-ਤੂੰ ਆਪ ਬੋਲ ਲਈਂ-ਤੇਰੇ 'ਤੇ ਅਸੀਂ ਲਾਈਟਾਂ ਪਾਵਾਂਗੇ ਜਿਹੜੀ ਉਹਨੂੰ ਪਹਿਚਾਣ ਵੀ ਆ ਜਾਵੇ-ਤੂੰ ਉਹਨੂੰ ਆਖ ਬਈ ਮੈਂ ਆ ਰਿਹੈਂ ਗੋਲੀ ਨਾ ਚਲਾਈਂ।"
ਡੀ. ਐੱਸ. ਪੀ. ਇਕ ਤਰ੍ਹਾ ਨਾਲ ਸਾਂਭ ਕੇ ਜਿਹੇ ਉਸ ਨੂੰ ਜਿਪਸੀ ਕੋਲ ਲੈ ਗਿਆ।
-"ਸਰਚ ਲਾਈਟਾਂ ਚਾਲੂ ਕਰੋ...!" ਉਸ ਨੇ ਸਪੀਕਰ ਹੱਥ ਵਿਚ ਫੜਦਿਆਂ ਹੁਕਮ ਦਿੱਤੇ। ਹੁਕਮ ਤਾਮੀਲ ਹੋ ਗਿਆ। ਸਰਚ ਲਾਈਟਾਂ ਇਕ ਦਮ ਜਗ ਉਠੀਆਂ ਅਤੇ ਖੇਤਾਂ ਵਿਚ ਦਿਨ ਚੜ੍ਹ ਗਿਆ।
-"ਹੈਲੋ......! ਹੈਲੋ......!! ਮਨਪ੍ਰੀਤ ਸਿੰਘ ਕਾਕੇ......! ਮੈਂ ਡੀ. ਐੱਸ. ਪੀ. ਗੁਰਇਕਬਾਲ ਸਿੰਘ ਬੋਲ ਰਿਹਾ ਹਾਂ....ਧਿਆਨ ਨਾਲ ਸੁਣੋਂ! ਅਸੀਂ ਤੁਹਾਡੇ ਮਾਮਾ ਜੀ ਸਰਦਾਰ ਗੁਰਨਾਮ ਸਿੰਘ ਨੂੰ ਤੁਹਾਡੇ ਪਾਸ ਭੇਜ ਰਹੇ ਹਾਂ...ਇਸ ਲਈ ਗੋਲੀ ਨਾ ਚਲਾਉਣੀ....!" ਡੀ. ਐੱਸ. ਪੀ. ਨੇ ਸਪੀਕਰ ਗੁਰਨਾਮ ਦੇ ਮੂੰਹ ਅੱਗੇ ਕਰ ਦਿੱਤਾ।
-"ਗੁਰਨਾਮ ਸਿਆਂ ਅਸੀਂ ਇਹਨਾਂ ਨੂੰ ਪਹਿਲਾਂ ਅਨਾਊਂਸਮੈਂਟ ਕਰਕੇ ਟਾਈਮ ਦੇ ਚੁੱਕੇ ਹਾਂ-ਪਰ ਕੋਈ ਬਾਹਰ ਨਹੀਂ ਆਇਆ-ਆਹ ਲੈ ਬੋਲ....!"
-"ਇਹ ਬੋਲਦੈ...?" ਉਸ ਨੇ ਵੱਡੀ ਸਾਰੀ ਉਂਗਲ ਮਾਈਕਰੋਫ਼ੋਨ 'ਤੇ ਮਾਰੀ। ਮਿੰਨ੍ਹੀ ਸਪੀਕਰ "ਢੱਪ-ਢੱਪ" ਬੋਲ ਪਿਆ।
-"ਆਹੋ ਬੋਲਦੈ।"
ਗੁਰਨਾਮ ਸਿੰਘ ਬੋਲਣ ਲੱਗ ਪਿਆ।
-"ਕਾਕਿਆ.....! ਮੈਂ ਤੇਰਾ ਮਾਮਾ ਜੀ ਬੋਲਦੈਂ-ਸੁਣਦੈਂ.....?" ਗੁਰਨਾਮ ਸਿੰਘ ਉੱਤਰ ਉਡੀਕਣ ਲੱਗ ਪਿਆ।
-"ਗੁਰਨਾਮ ਸਿਆਂ! ਕਾਕੇ ਹੁਰੀਂ ਦੂਰ ਚੁਬਾਰੇ 'ਚ ਐ-ਤੈਨੂੰ ਉਹਨਾਂ ਦੀ ਅਵਾਜ਼ ਨਹੀਂ ਸੁਣਨੀਂ-ਤੂੰ ਜਿਹੜਾ ਕੁਛ ਬੋਲਣੈਂ ਬੋਲ ਕੇ ਦੱਸ ਦੇਹ-ਉਹਨਾਂ ਨੂੰ ਸਾਰਾ ਕੁਛ ਈ ਸੁਣ ਰਿਹੈ।" ਡੀ. ਐੱਸ. ਪੀ. ਨੇ ਸਮਝਾਇਆ ਤਾਂ ਗੁਰਨਾਮ ਸਿੰਘ ਫਿਰ ਮਾਈਕ 'ਤੇ ਹੱਥ ਮਾਰ ਕੇ ਬੋਲਣ ਲੱਗ ਪਿਆ।
-"ਕਾਕਿਆ..! ਮੈਂ ਤੇਰੇ ਕੋਲੇ ਆ ਰਿਹੈਂ..! ਹੋਰ ਨਾ ਮੇਰੇ ਆਲਾ ਗੁੱਗਾ ਪੂਜਦੀਂ..! ਮੈਂ 'ਕੱਲਾ ਈ ਆ ਰਿਹੈਂ, 'ਕੱਲਾ..! ਦੇਖੀਂ ਮੇਰਾ ਬੀਰ ਮੇਰੇ ਆਲਾ ਪਲੰਜਰ ਬਣਾ ਧਰੇਂ..! ਫੈਰ ਨਾ ਕਰੀਂ..! ਮੈਂ ਆਇਆ..! ਤੂੰ ਚੁਬਾਰੇ 'ਚ ਈ ਰਹੀਂ..! ਇਹ ਤੈਨੂੰ ਕੱਖ ਨਹੀਂ ਆਖਦੇ..! ਡੀਸਪੀ ਸਾਹਬ ਮੇਰਾ ਯਾਰ ਐ..! ਤੂੰ ਫਿਕਰ ਨਾ ਕਰੀਂ..! ਮੈਂ ਆਉਣ ਲੱਗਿਐਂ..! ਡੀਸਪੀ ਸਾਹਬ ਨੇ ਮੈਨੂੰ ਆਪ ਤੇਰੇ ਕੋਲੇ ਭੇਜਿਐ, ਕਾਕਿਆ...! ਤੂੰ ਫੈਰ ਨਾ ਕਰੀਂ ਮੇਰਾ ਬੀਰ..! ਹੋਰ ਨਾ ਕੱਲ੍ਹ ਨੂੰ ਮੇਰਾ ਖੰਡ ਪਾਠ ਖੋਲ੍ਹਦੇ ਫਿਰਨ..! ਤੂੰ ਮਾਮੇਂ ਦੇ ਸਿਰ 'ਤੇ ਐਸ਼ ਕਰੀਂ..! ਚੰਗਾ ਖਾਈਂ ਮੰਦਾ ਬੋਲੀਂ..! ਮੌਜਾਂ ਲੁੱਟੀਂ, ਤੇਰੀ 'ਵਾਅ ਵੱਲੀਂ ਨਹੀਂ ਕੋਈ ਝਾਕੂਗਾ..! ਡੀਸਪੀ ਸਾਹਬ ਮੇਰਾ ਯਾਰ ਐ, ਜਿਗਰੀ ਯਾਰ..! ਮੈਂ ਆਇਆ..! ਤੇ ਤੂੰ ਫੈਰ ਬਿਲਕੁਲ ਨਾ ਕਰੀਂ..! ਮੇਰੇ ਆਲ਼ੀ ਸਰਵਿਸ ਨਾ ਕਰਦੀਂ..! ਹੋਰ ਨਾ ਬੋਲਦੀਂ ਸੋ ਨਿਹਾਲ...! ਮੇਰੇ ਬੁੜ੍ਹੇ ਹੱਡਾਂ 'ਚੋਂ ਤਾਂ ਕਾਰਤੂਸ ਵੀ ਨੀ ਨਿਕਲਣਾ..! ਹੱਡ ਵੀ ਸਾਲ਼ੇ ਸੁੱਕੇ ਟੰਬਿਆਂ ਅਰਗੇ ਐ..!" ਗੁਰਨਾਮ ਦੀ ਸ਼ਰਾਬੀ ਅਵਾਜ਼ ਥਿੜਕ ਰਹੀ ਸੀ।
ਕਾਕੇ ਨੇ ਸੋਚਿਆ, ਅੱਜ ਇਹ ਮਰੂ ਨਾਲੇ ਮਰਵਾਊ!
-"ਗੋਲੀ ਨਾ ਚਲਾਇਓ...!" ਕਾਕੇ ਨੇ ਇੰਦਰਜੀਤ ਹੁਰਾਂ ਨੂੰ ਖ਼ਬਰਦਾਰ ਕੀਤਾ।
-"ਡੀਸਪੀ ਸਾਹਬ ਲੈਟ ਮੇਰੇ 'ਤੇ ਈ ਜਗਾਈ ਰੱਖਿਓ..! ਹੋਰ ਨਾ ਉਹ ਮੇਰਾ ਕੌਡਾ ਚਿੱਤ ਕਰ ਦੇਣ..!" ਗੁਰਨਾਮ ਨੇ ਰਹਿੰਦੀ ਦਾਰੂ ਦੀਆਂ ਘੁੱਟਾਂ ਭਰ ਲਈਆਂ।
-"ਤੂੰ ਬੇਫਿਕਰ ਹੋ ਕੇ ਜਾਹ।"
ਗੁਰਨਾਮ ਤੁਰ ਪਿਆ।
ਤਿੰਨੇ ਪਾਸਿਓਂ ਸਰਚ ਲਾਈਟਾਂ ਉਸ ਦੇ ਉਪਰ ਪੈ ਰਹੀਆਂ ਸਨ। ਉਹ ਡਿੱਕ ਡੋਲੇ ਖਾਂਦਾ ਫ਼ਸਲੋ-ਫ਼ਸਲੀ ਆ ਰਿਹਾ ਸੀ। ਕਾਕਾ ਮੌਕਾ ਬੋਚ ਕੇ, ਕੋਡਾ ਕੋਡਾ ਪੌੜੀਏਂ ਉੱਤਰ ਗਿਆ। ਮਾਮੀਂ ਅਤੇ ਗਗਨਦੀਪ ਡਰ ਨਾਲ ਸਹਿਮੀਆਂ ਖੂੰਜੇ ਲੱਗੀਆਂ ਬੈਠੀਆਂ ਸਨ। ਕੋਲ ਹੀ ਸੀਰੀ ਗੇਲਾ ਬੈਠਾ ਸੀ।
-"ਮਾਮੀਂ ਜੀ..! ਮਾਮਾ ਜੀ ਸ਼ਰਾਬੀ ਨੇ ਤੇ ਪੁਲਸ ਨੇ ਉਹਨਾਂ ਨੂੰ ਵਰਗਲ਼ਾ ਲਿਐ-ਤੁਸੀਂ ਉਹਦਾ ਕੋਈ ਬੰਨ੍ਹ-ਸੁੱਬ ਕਰੋ-ਹੋਰ ਨਾ ਸ਼ਰਾਬੀ ਹਾਲਤ ਵਿਚ ਭੜ੍ਹਕਿਆ ਸਾਡੀਆਂ ਅਸਾਲਟਾਂ ਖੋਹਣ ਆ ਪਵੇ।"
-"ਤੂੰ ਫਿਕਰ ਨਾ ਕਰ ਪੁੱਤ ਕਾਕਿਆ-ਅਸੀਂ ਉਹਦਾ ਮੱਕੂ ਬੰਨ੍ਹਦੇ ਐਂ-ਤੂੰ ਉਪਰ ਜਾਹ..! ਗੇਲਿਆ.....!" ਮਾਮੀਂ ਨੇ ਸੀਰੀ ਨੂੰ ਅਵਾਜ਼ ਮਾਰੀ।
-"ਹਾਂ ਚਾਚੀ...?"
-"ਤੂੰ ਰੱਸਾ ਲਿਆ ਕਰੜਾ ਜਿਆ ਕੋਈ!"
ਸੀਰੀ ਰੱਸਾ ਲੈਣ ਤੁਰ ਗਿਆ ਅਤੇ ਕਾਕਾ ਫੇਰ ਪੌੜੀਆਂ ਵਿਚ ਢਿੱਡ ਘਿਸੜਦਾ ਉਪਰ ਜਾ ਚੜ੍ਹਿਆ। ਇਤਨੀ ਦੇਰ ਵਿਚ ਇੰਦਰਜੀਤ

ਅਤੇ ਦਿਲਜੀਤ ਨੇ ਗੱਲ ਮਿਥ ਲਈ ਕਿ ਜਦੋਂ ਦਾਅ ਲੱਗੇ, ਪੱਤੇ ਤੋੜ ਜਾਣੇਂ ਹਨ। ਉਹਨਾਂ ਦੀ ਜਾਨ ਨੂੰ ਬਣੀਂ ਪਈ ਸੀ।
ਮਾਮਾ ਬੱਕੜਵਾਹ ਕਰਦਾ ਚੁਬਾਰੇ ਦੇ ਬਿਲਕੁਲ ਨੇੜੇ ਆ ਗਿਆ ਸੀ। ਉਹ ਕਮਲਿਆਂ ਵਾਂਗ ਹੱਥ ਮਾਰਦਾ ਆਉਂਦਾ ਸੀ। ਅਜੇ ਉਹ ਅੰਦਰ ਹੀ ਵੜਿਆ ਸੀ ਕਿ ਮਾਮੀਂ ਅਤੇ ਗੇਲੇ ਸੀਰੀ ਨੇ ਉਸ ਨੂੰ ਡੱਡ ਵਾਂਗ ਚੁੱਕ ਲਿਆ। ਉਸ ਨੇ ਗਾਲ੍ਹਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਉਸ ਦੇ ਪੈਰ ਹੇਠਾਂ ਨਹੀਂ ਲੱਗ ਰਹੇ ਸਨ। ਉਹ ਦੋਹਾਂ ਨੇ ਤੱਕੜੀ ਵਾਂਗ ਤੋਲਿਆ ਹੋਇਆ ਸੀ।
-"ਉਏ ਕੁੱਤੀਏ ਝੜੂੰਮੇਂ ਕੀ ਕਰਦੈਂ..? ਛੱਡ ਮੈਨੂੰ..! ਤੂੰ ਮੇਰਿਆਂ ਸਾਲਿਆਂ ਦੀਏ ਕੁੱਤੀਏ ਰੰਨੇਂ, ਤੂੰ ਮੈਥੋਂ ਮਰੇਂਗੀ..! ਡੀਸਪੀ ਸਾਹਬ ਮੇਰਾ ਜਿਗਰੀ ਯਾਰ ਐ-।"
-"ਤੂੰ ਔਤਾਂ ਦਿਆ ਲਾ ਕੇ ਘੁੱਟ ਦਾਰੂ ਮੂੰਹ ਨੂੰ-ਜੁਆਕਾਂ ਨੂੰ ਮਰਵਾਉਣ ਤੁਰ ਪਿਐਂ-ਤੇਰੀ ਬੇੜੀ ਬਹਿਜੇ ਐਹੋ ਜਿਹੇ ਦੀ-ਜਿਹੜੇ ਤੇਰੇ ਬਾਰ 'ਚ ਤੋਪਾਂ ਬੀੜੀ ਖੜ੍ਹੇ ਐ-ਕਦੋਂ ਭਲੀ ਗੁਜਾਰਨਗੇ? ਲੱਗ ਪਿਆ ਕੁੱਤੇ ਮਾਂਗੂੰ ਭੌਂਕਣ-ਅਖੇ ਡੀ. ਐੱਸ. ਪੀ. ਮੇਰਾ ਜਿਗਰੀ ਜਾਰ ਐ-ਇਹ ਖਸਮਾਂ ਨੂੰ ਖਾਣੇਂ ਸਕੇ ਪਿਉ ਦੇ ਨਹੀਂ ਹੁੰਦੇ-ਤੇਰੇ ਕਿੱਥੋਂ ਬਣਨਗੇ?"
ਉਹਨਾਂ ਨੇ ਗੁਰਨਾਮ ਨੂੰ ਰੱਸਿਆਂ ਨਾਲ ਨਰੜ ਕੇ ਤਾਣੀਂ ਵਾਲੀ ਖੱਡੀ ਵਿਚ ਸੁੱਟ ਦਿੱਤਾ ਅਤੇ ਗਗਨਦੀਪ ਪਹਿਰੇ 'ਤੇ ਬਿਠਾ ਦਿੱਤੀ। ਜਦੋਂ ਉਹ ਗੰਦ ਬਕਣੋਂ ਨਾ ਹਟਿਆ ਤਾਂ ਉਸ ਦਾ ਮੂੰਹ ਵੀ ਬੰਨ੍ਹ ਦਿੱਤਾ ਗਿਆ। ਖੱਡੀ ਵਿੱਚੋਂ ਗੁਰਨਾਮ ਕੋਚਰ ਵਾਂਗ ਝਾਕ ਰਿਹਾ ਸੀ। ਫਿਰ ਉਸ ਦੇ ਘੁਰਾੜ੍ਹੇ ਸ਼ੁਰੂ ਹੋ ਗਏ।
ਰਾਤ ਦੇ ਦਸ ਵੱਜ ਗਏ ਸਨ। ਗੁਰਨਾਮ ਅਤੇ ਨਾ ਹੀ ਕੋਈ ਉਤਰ ਆਇਆ। ਅਫ਼ਸਰ ਨਿਰਾਸ਼ ਹੋ ਗਏ।
-"ਸਾਹਿਬ ਬਹਾਦਰ ਮੈਨੂੰ ਉਮੀਦ ਐ ਬਈ ਕਾਕੇ ਨੇ ਉਸ ਨੂੰ ਪਾਰ ਬੁਲਾ ਦਿੱਤਾ।" ਕੌਡੀਆਂ ਆਲਾ ਬੋਲਿਆ।
-"ਗੋਲੀ ਚੱਲਣ ਦੀ ਅਵਾਜ਼ ਤਾਂ ਆਈ ਨਹੀਂ।" ਸੀਨੀਅਰ ਅਫ਼ਸਰ ਨਾਮੰਨਤ ਸੀ।
-"ਹੋ ਸਕਦੈ ਧਮਕੀ ਦੇ ਕੇ ਚੁੱਪ ਕਰਵਾ ਦਿੱਤਾ ਹੋਵੇ-ਜਾਂ ਸੌਂ ਗਿਆ ਹੋਵੇ-ਸ਼ਰਾਬੀ ਦਾ ਕੀ ਐ?"
-"ਹੁਣ ਕੀ ਕਰੀਏ?"
-"ਆਪਣੇ ਦੋ ਆਦਮੀ ਅੰਦਰ ਐ-ਆਪਾਂ ਹਰ ਹਾਲਤ ਵਿਚ ਉਹਨਾਂ ਦੀ ਹਿਫ਼ਾਜ਼ਤ ਕਰਨੀ ਐਂ।"
-"ਸਾਹਿਬ ਬਹਾਦਰ ਇੱਕ ਗੱਲ ਆਖਾਂ?" ਠਾਣੇਦਾਰ ਨੇ ਐੱਸ. ਪੀ. ਨੂੰ ਪੁੱਛਿਆ।
-"ਬੋਲ?"
-"ਕਾਕੇ ਕੋਲ ਸਿਰਫ਼ ਪੰਜ ਸੌ ਰੌਂਦ ਐ-ਜਿਸ ਵਿਚੋਂ ਇਕ ਬਰੱਸਟ ਵੀ ਮਾਰਿਆ ਜਾ ਚੁੱਕੈ-ਮੇਰੀ ਸਕੀਮ ਤਾਂ ਇਹ ਹੈ ਕਿ ਕਿਵੇਂ ਨਾ ਕਿਵੇਂ ਉਹਨਾਂ ਤੋਂ ਫ਼ਾਇਰਿੰਗ ਕਰਵਾਈ ਜਾਵੇ-ਜਿਸ ਨਾਲ ਉਹਨਾਂ ਦੇ ਰੌਂਦ ਅਜਾਈਂ ਨਸ਼ਟ ਹੋ ਸਕਣ।"
-"ਤੇਰੇ ਦਿਮਾਗ 'ਚ ਹੈ ਕੋਈ ਸਕੀਮ-ਜਿਸ ਨਾਲ ਆਪਣੀ ਫ਼ੋਰਸ ਦਾ ਨੁਕਸਾਨ ਵੀ ਨਾ ਹੋਵੇ?"
ਠਾਣੇਦਾਰ ਨੇ ਸਕੀਮ ਸੋਚਣੀ ਸ਼ੁਰੂ ਕਰ ਦਿੱਤੀ। ਉਸ ਨੇ ਅਫ਼ੀਮ ਦਾ ਗੋਲਾ ਅੰਦਰ ਸੁੱਟਿਆ। ਸਕੀਮ ਫੁਰ ਪਈ ਅਤੇ ਪਾਸ ਵੀ ਹੋ ਗਈ। ਇੱਕ ਪੁਰਾਣੀ ਜੀਪ ਸਿੱਧੀ ਕਰਕੇ, ਸਟੇਅਰਿੰਗ ਰੱਸੀ ਨਾਲ ਬੰਨ੍ਹ ਦਿੱਤਾ। ਲਾਸਟਿਕ ਪਾ ਕੇ ਰੇਸ ਸੀਮਤ ਕਰ ਦਿੱਤੀ ਗਈ। ਜੀਪ ਸਟਾਰਟ ਕੀਤੀ ਅਤੇ ਪਹਿਲਾ ਗੇਅਰ ਪਾ ਕੇ ਕਲੱਚ ਛੱਡ, ਜੀਪ ਕਾਕੇ ਹੁਰਾਂ ਦੇ ਚੁਬਾਰੇ ਨੂੰ ਤੋਰ ਦਿੱਤੀ।
ਸਰਚ ਲਾਈਟਾਂ ਚੁਬਾਰੇ ਨੂੰ ਸਿੱਧੀਆਂ ਕਰ ਦਿੱਤੀਆਂ। ਜੀਪ ਹੌਲ਼ੀ ਹੌਲ਼ੀ ਆਪਣੀ ਤੋਰ ਤੁਰ ਰਹੀ ਸੀ। ਪਰ ਜਾਂਦੀ ਜੀਪ 'ਤੇ ਲਾਈਟ ਨਹੀਂ ਪੈ ਰਹੀ ਸੀ।
ਜੀਪ ਸਿੱਧੀ, ਨੱਕ ਦੀ ਸੇਧ ਨੂੰ ਚੁਬਾਰੇ ਵੱਲ ਆ ਰਹੀ ਸੀ। ਕਾਕੇ ਨੇ ਸੋਚਿਆ, ਜੀਪ ਵਿਚ ਬੁਲਿਟ-ਪਰੂਫ਼ ਜੈਕਟਾਂ ਵਾਲੇ ਬੰਦੇ ਹੋਣਗੇ। ਉਸ ਨੇ ਇੱਕ-ਇੱਕ ਕਰਕੇ ਗੋਲੀ ਦਾਗਣੀਂ ਸ਼ੁਰੂ ਕਰ ਦਿੱਤੀ।
-"ਸਾਡੇ ਬਾਰੇ ਕੀ ਖ਼ਿਆਲ ਐ? ਅਸੀਂ ਗੋਲ਼ੀ ਚਲਾਈਏ..?" ਇੰਦਰਜੀਤ ਨੇ ਪੁੱਛਿਆ। ਉਹ ਕਾਕੇ 'ਤੇ ਗੋਲੀ ਚਲਾਉਣ ਬਾਰੇ ਸੋਚ ਗਿਆ ਸੀ। ਫਿਰ ਉਸ ਨੇ ਸੋਚਿਆ ਕਿ ਕਾਕਾ ਮਰਦਾ-ਮਰਦਾ ਵੀ ਸਾਨੂੰ ਲੈ ਬੈਠੇਗਾ! ਸੁੱਕੇ ਕਿਵੇਂ ਵੀ ਨਹੀਂ ਨਿਕਲਣ ਦਿੰਦਾ!
-"ਕੱਲੀ-'ਕੱਲੀ ਕਰਕੇ ਕੱਢਿਓ-ਬਰੱਸਟ ਨਹੀਂ ਮਾਰਨਾ-ਮੁਨੀਸ਼ਨ ਆਪਣੇ ਕੋਲ ਬਹੁਤ ਘੱਟ ਐ-ਇਸੇ ਤਰ੍ਹਾਂ ਈ ਹੌਲੀ-ਹੌਲੀ ਦਿਨ ਚੜ੍ਹਾ ਲਓ-ਤੜਕਿਓਂ ਦੇਖੀ ਜਾਊ।" ਕਾਕੇ ਨੇ ਇੱਟ ਪੁੱਟੀ ਹੋਈ ਵਾਲੇ ਮੋਰਚੇ 'ਤੇ ਪੁਜ਼ੀਸ਼ਨ ਲਈ ਪਿਆਂ ਹੀ ਕਿਹਾ।
ਇੰਦਰਜੀਤ ਅਤੇ ਦਿਲਜੀਤ ਨੇ ਵੀ ਇੱਕ-ਇੱਕ ਕਰਕੇ ਫ਼ਾਇਰਿੰਗ ਸ਼ੁਰੂ ਕਰ ਦਿੱਤੀ। ਗੋਲੀਆਂ ਅਫ਼ਸਰਾਂ ਵੱਲੋਂ ਨਾਲ ਦੀ ਨਾਲ ਗਿਣੀਆਂ ਜਾ ਰਹੀਆਂ ਸਨ।
ਜੀਪ ਚੁਬਾਰੇ ਦੇ ਬਿਲਕੁਲ ਨੇੜੇ ਆ ਗਈ।
-"ਉਏ ਗੋਲੀ ਚਲਾਉਣੀ ਬੰਦ ਕਰੋ..! ਜੀਪ ਤਾਂ ਬਿਲਕੁਲ ਖਾਲੀ ਐ....!"
-"ਹੈਂ..! ਖਾਲੀ ਐ..?" ਇੰਦਰਜੀਤ ਹੁਰਾਂ ਨੇ ਗੋਲੀ ਚਲਾਉਣੀਂ ਬੰਦ ਕਰ ਦਿੱਤੀ।
-"ਇਹ ਪੁਲਸ ਦੀ ਇਕ ਚਾਲ ਸੀ।"
ਜੀਪ ਚੁਬਾਰੇ ਹੇਠਲੀ ਕੰਧ ਨਾਲ ਆ ਟਕਰਾਈ। ਕਾਕੇ ਨੇ ਕੰਧ ਨਾਲ ਕਈ ਵਾਰ ਮੱਥਾ ਠੋਹਕਰਿਆ। ਪੁਲੀਸ ਉਹਨਾਂ ਨੂੰ ਬੇਵਕੂਫ਼ ਬਣਾ ਗਈ ਸੀ। ਤਕਰੀਬਨ ਸੌ ਰੌਂਦ ਉਹ ਫੂਕ ਚੁੱਕੇ ਸਨ।
ਮਾਮੀਂ ਨੇ ਬਾਲਟੀ ਨਾਲ ਰੱਸਾ ਬੰਨ੍ਹ ਕੇ ਚਾਹ ਦੇ ਤਿੰਨ ਗਿਲਾਸ ਵਿਚ ਰੱਖੇ ਅਤੇ ਵਿਹੜੇ ਵਿਚੋਂ ਰੱਸਾ ਬਾਰੀ ਦੀਆਂ ਸੀਖਾਂ ਰਾਹੀਂ ਉਪਰ ਵਗਾਹ ਮਾਰਿਆ। ਦਿਲਜੀਤ ਨੇ ਰੱਸਾ ਫੜ ਕੇ ਬਾਲਟੀ ਉਪਰ ਖਿੱਚ ਲਈ ਅਤੇ ਚਾਹ ਦੇ ਗਿਲਾਸ ਕੱਢ ਕੇ ਫ਼ਰਸ਼ 'ਤੇ ਰੱਖ ਲਏ। ਬਾਲਟੀ ਮੁੜ ਹੇਠਾਂ ਵਗਾ ਦਿੱਤੀ।
ਚਾਹ ਪੀ ਕੇ ਉਹ ਕੁਝ ਕਾਇਮ ਹੋ ਗਏ ਸਨ।
ਇਧਰ ਫ਼ੋਰਸ ਨੇ ਵਾਇਰਲੈੱਸ 'ਤੇ ਫ਼ਿਰੋਜ਼ਪੁਰ ਤੋਂ ਬੁਲਿਟ-ਪਰੂਫ਼ ਟਰੈਕਟਰ ਮੰਗਵਾ ਲਏ ਸਨ। ਪੂਰੇ ਛੇ ਟਰੈਕਟਰ ਆ ਲੱਗੇ। ਅਫ਼ਸਰ ਕਾਕੇ ਨੂੰ ਹਰ ਹਾਲਤ ਵਿਚ ਜਿਉਂਦਾ ਫੜਨਾ ਚਾਹੁੰਦੇ ਸਨ। ਸਾਰੇ ਤਰੀਕੇ ਉਹਨਾਂ ਨੇ ਵਰਤ ਕੇ ਦੇਖ ਲਏ ਸਨ ਅਤੇ ਸਾਰੇ ਹੀ ਫ਼ੇਲ੍ਹ ਗਏ

ਸਨ। ਸਿਰੇ ਕੋਈ ਨਹੀਂ ਚੜ੍ਹਿਆ ਸੀ। ਇਸ ਲਈ ਬੁਲਿਟ-ਪਰੂਫ਼ ਟਰੈਕਟਰਾਂ ਤੋਂ ਬਗੈਰ ਉਹਨਾਂ ਅੱਗੇ ਕੋਈ ਹੋਰ ਚਾਰਾ ਨਹੀਂ ਰਹਿ ਗਿਆ ਸੀ। ਅਫ਼ਸਰਾਂ ਦੇ ਦਿਲ ਵਿਚ ਇਹ ਸੀ ਕਿ ਖ਼ਾੜਕੂਆਂ ਵਿਚੋਂ ਗੁਰਪਾਲ, ਰੇਸ਼ਮ, ਰੈਂਸੀ ਜਾਂ ਕਾਕੇ ਹੋਰਾਂ ਵਿਚੋਂ ਇਕ ਵੀ ਜਿਉਂਦਾ ਹੱਥ ਆ ਜਾਵੇ ਤਾਂ ਖੁਫ਼ੀਆ ਭੇਦ ਕੱਢ ਕੇ ਸਾਰੀ ਲਹਿਰ ਦੀ ਸੰਘੀ ਘੁੱਟੀ ਜਾ ਸਕਦੀ ਸੀ। ਇਸ ਲਈ ਉਹ ਬੜੇ ਧਹੱਮਲ, ਸੂਝ ਅਤੇ ਸਬਰ ਸੰਤੋਖ ਤੋਂ ਕੰਮ ਲੈ ਰਹੇ ਸਨ। ਉਹਨਾਂ ਨੇ ਖ਼ਾੜਕੂ ਸਫ਼ਾਂ ਵਿਚ ਘੁੱਸਪੈਠ ਵੀ ਕਰਵਾ ਦਿੱਤੀ ਸੀ। ਪਰ ਕੋਈ ਖ਼ਾਸ, ਚੰਗਾ ਨਤੀਜਾ ਨਹੀਂ ਨਿਕਲਿਆ ਸੀ। ਬੱਸ ਇਕ ਦੋ ਮਾੜੀਆਂ ਮੋਟੀਆਂ 'ਇੰਨਫ਼ਾਰਮੇਸ਼ਨਜ਼' ਹੀ ਮਿਲੀਆਂ ਸਨ। ਸਿੱਟੇ ਤੌਰ 'ਤੇ ਕਾਰਵਾਈ ਖ਼ੁਦ ਉਹਨਾਂ ਨੂੰ ਆਪ ਕਰਨੀ ਪੈ ਰਹੀ ਸੀ।

ਸਵੇਰ ਦੇ ਤਿੰਨ ਵਜੇ ਬੁਲਿਟ-ਪਰੂਫ਼ ਟਰੈਕਟਰ ਹਰਕਤ ਵਿਚ ਆਏ। ਚਾਲਕਾਂ ਅਤੇ ਸੈਨਿਕਾਂ ਨੂੰ ਸਖ਼ਤ ਹਦਾਇਤ ਜਾਰੀ ਕੀਤੀ ਗਈ ਸੀ ਕਿ ਕਾਕੇ ਦੇ ਨਾਲ ਅੰਦਰ ਆਪਣੇ ਦੋ 'ਕੈਟ' ਹਨ, ਉਹਨਾਂ ਨੂੰ ਆਂਚ ਨਹੀਂ ਆਉਣੀ ਚਾਹੀਦੀ ਅਤੇ ਜੇ ਉਹ ਸਾਰੇ ਪਕੜੇ ਵੀ ਗਏ ਤਾਂ ਕਾਕੇ ਨੂੰ ਕਦਾਚਿੱਤ ਸ਼ੱਕ ਨਾ ਹੋਵੇ ਕਿ ਉਹ ਪੁਲੀਸ ਦੇ ਆਦਮੀ ਸਨ। ਇਸ ਲਈ ਉਹਨਾਂ ਨਾਲ ਵੀ ਵਕਤੀ ਤੌਰ 'ਤੇ ਕਾਕੇ ਵਾਲਾ ਸਲੂਕ ਹੀ ਕੀਤਾ ਜਾਵੇ ਅਤੇ ਮੁੜ ਦੋਨੋਂ ਸਹਿਯੋਗੀ ਬੰਦੇ ਠਾਣੇਦਾਰ ਨੂੰ ਸੌਂਪ ਦਿੱਤੇ ਜਾਣ।

ਮਾਰੋ-ਮਾਰ ਕਰਦੇ ਟਰੈਕਟਰ ਚੁਬਾਰੇ ਵੱਲ ਨੂੰ ਚੱਲ ਪਏ। ਕਾਕੇ ਨੇ ਲਾਈਟਾਂ ਦੀ ਹਿੱਲ-ਜੁੱਲ ਪਰਖੀ।

-"ਬੁਲਿਟ ਪਰੂਫ਼ ਟਰੈਕਟਰ ਆ ਰਹੇ ਐ-ਗੋਲੀਆਂ ਟਰੈਕਟਰਾਂ ਦੇ ਉਪਰਲੇ ਹਿੱਸੇ 'ਚ ਨਹੀਂ, ਹੇਠਲੇ ਹਿੱਸੇ 'ਚ ਮਾਰਨੀਐਂ-ਖ਼ਾਸ ਤੌਰ 'ਤੇ ਟਾਇਰਾਂ ਵਿਚ।"

-"ਪਰ ਬਾਈ...! ਜੇ ਟਰੈਕਟਰ ਪੈਂਚਰ ਵੀ ਹੋ ਗਏ-ਕੋਈ ਫ਼ਰਕ ਨਹੀਂ ਪੈਣਾ-ਕਿਉਂਕਿ ਫ਼ਸਲਾਂ ਵਿਚ ਦੀ ਤਾਂ ਟਰੈਕਟਰਾਂ ਨੇ ਫਿਰ ਵੀ ਆਰਾਮ ਨਾਲ ਤੁਰੇ ਆਉਣੈਂ।"

-"ਤੁਸੀਂ....ਜਿਵੇਂ ਮੈਂ ਕਹਿੰਨੈਂ, ਕਰੋ!"

ਇੰਦਰਜੀਤ ਹੁਰਾਂ ਨੂੰ ਖੁੱਲ੍ਹੀ ਛੁੱਟੀ ਮਿਲ ਗਈ। ਹੁਣ ਉਹ ਦਿਲ ਖੋਲ੍ਹ ਕੇ ਫ਼ਾਇਰਿੰਗ ਕਰਨ ਲੱਗ ਪਏ।

ਟਰੈਕਟਰ ਨਜ਼ਦੀਕ ਆ ਰਹੇ ਸਨ। ਪਰ ਮੈਗਜ਼ੀਨ ਖਾਲੀ ਹੋ ਰਹੇ ਸਨ। ਚੁਬਾਰੇ ਵਿਚੋਂ ਚੱਲਦੀਆਂ ਗੋਲੀਆਂ ਟਰੈਕਟਰਾਂ ਦੀ ਪੱਚਰ ਵੀ ਨਹੀਂ ਉਖਾੜ ਸਕੀਆਂ ਸਨ। ਅਖੀਰ ਟਰੈਕਟਰ ਚੁਬਾਰੇ ਤੋਂ ਵਿੱਘਾ ਕੁ ਵਾਟ ਪਿੱਛੇ ਰੁਕ ਗਏ। ਮੱਠੀ-ਮੱਠੀ ਦੁਵੱਲੀ ਫ਼ਾਇਰਿੰਗ ਜਾਰੀ ਸੀ। ਟਰੈਕਟਰਾਂ ਵਾਲਿਆਂ ਦਾ ਕੰਮ ਸਿਰਫ਼ ਖ਼ਾੜਕੂਆਂ ਤੋਂ ਫ਼ਾਇਰਿੰਗ ਕਰਵਾਉਣਾ ਸੀ।

ਵਿਹੜੇ ਵਿਚ ਡਰੇ ਪਸ਼ੂ ਤ੍ਰਭਕ-ਤ੍ਰਭਕ ਉਠਦੇ ਸਨ।

ਸਵੇਰੇ ਪੰਜ ਵਜੇ ਕਾਕੇ ਦੀ ਅਸਾਲਟ ਖਾਲੀ ਹੋ ਗਈ!!

ਜਦੋਂ ਉਸ ਨੇ ਇੰਦਰਜੀਤ ਨੂੰ ਆਪਣੀ ਏ. ਕੇ. ਸੰਤਾਲੀ ਦੇਣ ਲਈ ਕਿਹਾ ਤਾਂ ਇੰਦਰਜੀਤ ਫੁਰਤੀ ਨਾਲ ਚੁਬਾਰੇ ਦਾ ਦਰਵਾਜਾ ਪਾਰ ਕਰ, ਬਾਹਰਲੇ ਪਾਸੇ ਹੇਠਾਂ ਛਾਲ ਮਾਰ ਗਿਆ।

-"ਉਏ ਗਦਾਰਾ...! ਕਿੱਥੇ ਭੱਜ ਚੱਲਿਐਂ...?" ਉਸ ਨੇ ਰਿਵਾਲਵਰ ਨਾਲ ਦੋ ਫ਼ਾਇਰ ਕਰ ਦਿੱਤੇ। ਪਰ ਇੰਦਰਜੀਤ ਹੇਠਾਂ ਛਾਲ ਮਾਰ ਚੁੱਕਾ ਸੀ। ਉਹ ਕੰਧ ਦੀ ਓਟ ਨਾਲ ਦੜਿਆ ਬੈਠਾ, ਟਰੈਕਟਰਾਂ ਵਾਲਿਆਂ ਨੂੰ ਹੱਥ ਨਾਲ ਉਪਰ ਵੱਲ ਇਸ਼ਾਰੇ ਕਰੀ ਜਾ ਰਿਹਾ ਸੀ। ਟਰੈਕਟਰਾਂ ਵਾਲੇ ਸਮਝ ਗਏ ਕਿ ਇਕ ਬੰਦਾ ਤਾਂ ਸਾਡਾ ਸਹੀ ਸਲਾਮਤ ਬਾਹਰ ਆ ਗਿਆ ਸੀ, ਪਰ ਇਕ ਅਜੇ ਅੰਦਰ ਹੀ ਸੀ।

ਕਾਕੇ ਨੇ ਦਿਲਜੀਤ ਨੂੰ ਅਸਾਲਟ ਫੜਾਉਣ ਲਈ ਕਿਹਾ ਤਾਂ ਉਸ ਨੇ ਵੀ ਨੱਠਣ ਦੀ ਕੋਸ਼ਿਸ਼ ਕੀਤੀ। ਅਜੇ ਉਹ ਦਰਵਾਜਿਓਂ ਛਾਲ ਮਾਰਨ ਹੀ ਲੱਗਿਆ ਸੀ ਕਿ ਕਾਕੇ ਨੇ ਰਿਵਾਲਵਰ ਦਾ ਸਾਰਾ ਮੈਗਜ਼ੀਨ ਉਸ ਵਿਚ ਦੀ ਪਾਰ ਕਰ ਦਿੱਤਾ। ਦਿਲਜੀਤ ਖਲ ਦੀ ਬੋਰੀ ਵਾਂਗ ਬਾਹਰ ਡਿੱਗਿਆ। ਉਹ ਖ਼ੂਨ ਨਾਲ ਲੱਥ-ਪੱਥ ਸੀ। ਗੋਲੀਆਂ ਉਸ ਦੇ ਸਾਰੀਆਂ ਹੀ ਲੱਗ ਗਈਆਂ ਸਨ।

ਇਕ ਟਰੈਕਟਰ ਨੇ ਉਹਨਾਂ ਨੂੰ ਓਟ ਆ ਦਿੱਤੀ ਅਤੇ ਵਾਇਰਲੈੱਸ 'ਤੇ ਸਰਚ-ਲਾਈਟਾਂ ਬੰਦ ਕਰਨ ਲਈ ਆਖ ਦਿੱਤਾ।

ਜਦ ਹੀ ਸਰਚ-ਲਾਈਟਾਂ ਬੰਦ ਹੋਈਆਂ, ਇੰਦਰਜੀਤ ਅਤੇ ਦਿਲਜੀਤ ਨੂੰ ਫ਼ੋਰਸ ਵਾਲਿਆਂ ਨੇ ਟਰੈਕਟਰ ਵਿਚ ਲੱਦਿਆ ਅਤੇ ਟਰੈਕਟਰ ਵਾਪਿਸ ਤੁਰ ਪਿਆ। ਹਦਾਇਤ 'ਤੇ ਸਰਚ-ਲਾਈਟਾਂ ਫਿਰ ਦਿਸਣਾ ਬੰਦ ਕਰਨ ਲੱਗ ਪਈਆਂ।

ਕਾਕੇ ਨੂੰ ਹੁਣ ਸ਼ੱਕ ਹੀ ਨਹੀਂ ਯਕੀਨ ਹੋ ਗਿਆ ਸੀ ਕਿ ਉਸ ਨਾਲ ਬੜਾ ਧੋਖਾ ਹੋ ਗਿਆ ਸੀ। ਇੰਦਰਜੀਤ ਹੁਰੀਂ ਪੁਲੀਸ ਦੇ 'ਕੈਟ' ਸਨ। ਜਿਹੜੀ ਗੱਲ ਮੀਟਿੰਗਾਂ ਵਿਚ ਵਾਰ-ਵਾਰ ਦੁਹਰਾਈ ਜਾਂਦੀ ਸੀ, ਅੱਜ ਉਹ ਉਸ ਨਾਲ ਖ਼ੁਦ ਹੀ ਬੀਤ ਗਈ ਸੀ। ਉਹ ਇਹਨਾਂ ਛੋਕਰਿਆਂ 'ਤੇ ਪਿਜਾਈ ਖਾ ਕੇ ਮਾਰਿਆ ਗਿਆ ਸੀ।

ਟਰੈਕਟਰ ਅਫ਼ਸਰਾਂ ਕੋਲ ਪੁੱਜ ਗਿਆ। ਦਿਲਜੀਤ ਮਰ ਚੁੱਕਾ ਸੀ। ਇੰਦਰਜੀਤ ਬਿਲਕੁਲ ਹਰੀ ਕਾਇਮ ਸੀ।

ਦਿਲਜੀਤ ਦੀ ਲਾਸ਼ ਪੋਸਟ-ਮਾਰਟਮ ਲਈ ਹਸਪਤਾਲ ਨੂੰ ਤੋਰ ਦਿੱਤੀ ਗਈ। ਇੰਦਰਜੀਤ ਨੇ ਦੋਨੋਂ ਅਸਾਲਟਾਂ ਐੱਸ. ਪੀ. ਅੱਗੇ ਰੱਖ ਦਿੱਤੀਆਂ। ਐੱਸ. ਪੀ. ਨੇ ਇੰਦਰਜੀਤ ਦਾ ਮੋਢਾ ਘੁੱਟ ਕੇ ਥਾਪੜਿਆ।

-"ਤੇਰੇ ਅਰਗਾ ਸੂਰਮਾਂ ਹਰ ਮਾਂ ਨੂੰ ਜੰਮਣਾ ਚਾਹੀਦੈ ਇੰਦਰਜੀਤ! ਮੈਨੂੰ ਤੇਰੇ 'ਤੇ ਬੜਾ ਫ਼ਖ਼ਰ ਹੈ!"

-"ਥੈਂਕਯੂ ਸਰ...!" ਉਹ ਮੌਤ ਦੇ ਮੂੰਹ 'ਚੋਂ ਬਚ ਕੇ ਆਇਆ, ਹੁਣ ਕੁਝ ਸੁਰਤ ਸੰਭਲ ਗਿਆ ਸੀ। ਐੱਸ. ਪੀ. ਨੇ ਉਸ ਅੱਗੇ ਥਰ੍ਰੀ-ਐਕਸ ਰੰਮ ਦੀ ਬੋਤਲ ਰੱਖ ਦਿੱਤੀ। ਇੰਦਰਜੀਤ ਨੇ ਰੰਮ ਦੀ ਬੋਤਲ 'ਚੋਂ ਕੰਗਣੀਂ ਵਾਲਾ ਗਿਲਾਸ ਭਰ ਕੇ ਅੰਦਰ ਸੁੱਟਿਆ ਅਤੇ ਫਿਰ ਘੁੱਟ ਕੁ ਪਾਣੀ ਪੀ ਕੇ ਬਾਕੀ ਡੋਲ੍ਹ ਦਿੱਤਾ। ਦਾਰੂ ਨੇ ਉਸ ਨੂੰ ਧੁੜਧੜੀ ਚਾੜ੍ਹ ਦਿੱਤੀ ਸੀ।

-"ਜਿਹੜਾ ਵਰ੍ਹਦੀਆਂ ਗੋਲੀਆਂ 'ਚੋਂ ਤੇ ਖਾਸ ਕਰਕੇ ਦੁਸ਼ਮਣ ਦੀ ਬੁੱਕਲ 'ਚੋਂ ਨਿਕਲ ਆਵੇ-ਉਹਦੇ ਵਰਗਾ ਸੂਰਮਾਂ ਜੱਗ 'ਤੇ ਨਹੀਂ ਹੁੰਦਾ।"

-"........।" ਸਾਰੇ ਚੁੱਪ ਖੜ੍ਹੇ ਸਨ।

-"ਹੁਣ ਇਹ ਦੱਸ ਇੰਦਰਜੀਤ ਸਿਆਂ ਬਈ ਕਾਕੇ ਕੋਲ ਹੁਣ ਅਸਲਾ ਕਿੰਨੈਂ?" ਉਸ ਨੇ ਇੰਦਰਜੀਤ ਦੀ ਪਿੱਠ ਪਲੋਸਦਿਆਂ ਜਾਂਚ ਲੈਣੀ

ਚਾਹੀ।
-"ਦੋ ਅਸਾਲਟਾਂ ਆਹ ਪਈਐਂ ਜੀ ਤੇ ਉਹਦੇ ਆਲੀ ਅਸਾਲਟ ਬਿਲਕੁਲ ਖਾਲੀ ਹੋ ਚੁੱਕੀ ਐ-ਇਕ ਮੈਗਜ਼ੀਨ ਉਸ ਨੇ ਦਿਲਜੀਤ 'ਤੇ ਖਾਲੀ ਕਰ ਦਿੱਤਾ ਤੇ ਹੁਣ ਉਹਦੇ ਕੋਲੇ ਇਕ ਰਿਵਾਲਵਰ ਤੇ ਇਕੋ-ਇਕ ਮੈਗਜ਼ੀਨ ਐਂ-ਜੀਹਦੇ ਵਿਚ ਵੱਧ ਤੋਂ ਵੱਧ ਛੇ ਗੋਲੀਆਂ ਹੋਣਗੀਆਂ।"
-"ਪੱਕੀ ਗੱਲ ਐ?"
-"ਇਕ ਸੌ ਇਕ ਪ੍ਰਸਿੰਟ ਪੱਕੀ ਸਰ!"
-"ਚੁਬਾਰੇ 'ਚ ਹੋਰ ਕੌਣ-ਕੌਣ ਐਂ?"
-"ਕਾਕਾ 'ਕੱਲਾ ਈ ਐ ਜੀ।"
-"ਬਾਕੀ ਸਾਰਾ ਪ੍ਰੀਵਾਰ ਕਿੱਥੇ ਐ?"
-"ਸਾਰੇ ਹੇਠਾਂ ਈ ਲੁਕੇ ਬੈਠੇ ਐ ਸਰ!"
ਐੱਸ. ਪੀ. ਨੇ ਵਾਇਰਲੈੱਸ 'ਤੇ ਬੁਲਿਟ-ਪਰੂਫ਼ ਟਰੈਕਟਰਾਂ ਨੂੰ ਘਰ ਅੰਦਰ ਵੜਨ ਦਾ ਅਬਦਾਲੀ ਫੁਰਮਾਨ ਜਾਰੀ ਕਰ ਦਿੱਤਾ ਅਤੇ ਕਾਕੇ ਨੂੰ ਜਿਉਂਦਾ ਫੜਨ ਲਈ ਹੁਕਮ ਦੇ ਦਿੱਤਾ। ਗੋਲੀ ਸਿੱਕੇ ਬਾਰੇ ਪੂਰੀ ਜਾਣਕਾਰੀ ਵੀ ਦੇ ਦਿੱਤੀ।
ਕਾਕੇ ਕੋਲ ਰਿਵਾਲਵਰ ਵਿਚ ਸਿਰਫ਼ ਤਿੰਨ ਗੋਲੀਆਂ ਹੀ ਰਹਿ ਗਈਆਂ ਸਨ।
ਉਸ ਨੇ ਦਿਲ ਵਿਚ ਕੋਈ ਫ਼ੈਸਲਾ ਲਿਆ।
ਟਰੈਕਟਰਾਂ ਨੇ ਬਾਹਰਲਾ ਲੱਕੜ ਦਾ ਦਰਵਾਜਾ ਤੋੜ ਦਿੱਤਾ ਅਤੇ ਅੰਦਰ ਵੜ ਗਏ। ਕਾਕੇ ਨੂੰ ਆਪਣਾ ਅੰਤ ਨਜ਼ਰ ਆਇਆ। ਸਿਰਫ਼ ਬਾਕੀ ਬਚਦੀਆਂ ਤਿੰਨ ਗੋਲੀਆਂ ਨਾਲ ਉਹ ਕਰ ਵੀ ਕੀ ਸਕਦਾ ਸੀ? ਉਸ ਨੇ ਨੀਲੇ ਘੋੜੇ ਵਾਲੇ ਮਾਲਕ ਨੂੰ ਯਾਦ ਕੀਤਾ:
-"ਹੇ ਕਲਗੀਧਰ ਪਿਤਾ! ਤੇਰੇ ਹੁਕਮ ਅਨੁਸਾਰ ਜਿਤਨੀ ਕੁ ਸੇਵਾ ਪੰਥ ਦੀ ਲਾਈ ਸੀ, ਉਹ ਤੇਰੇ ਪੁੱਤਰ ਨੇ ਨਿਭਾਅ ਦਿੱਤੀ-ਹੁਣ ਦੁਸ਼ਮਣ ਦਰਵਾਜੇ 'ਤੇ ਆ ਚੁੱਕਿਐ-ਮੇਰੇ ਕੋਲ ਹੋਰ ਕੋਈ ਚਾਰਾ ਨਹੀਂ ਚੋਜੀ ਪ੍ਰੀਤਮ! ਤੇਰਾ ਸੂਰਮਾਂ ਸਿੰਘ ਕਦੇ ਵੀ ਦੁਸ਼ਮਣ ਅੱਗੇ ਗੋਡੇ ਨਹੀਂ ਟੇਕੇਗਾ ਸੱਚੇ ਪਾਤਿਸ਼ਾਹ! ਚੜ੍ਹਦੀਆਂ ਕਲਾਂ ਵਿਚ ਰਹਿ ਕੇ ਸ਼ਹੀਦੀ ਪ੍ਰਾਪਤ ਕਰੇਗਾ ਮਿਹਰਾਂ ਦੇ ਸਾਈਂ! ਆਪਣੇ ਪਵਿੱਤਰ ਚਰਨਾਂ ਵਿਚ ਨਿਵਾਜ਼ ਲੈਣਾ ਸੱਚੇ ਪਾਤਿਸ਼ਾਹ ਜੀਓ! ਬਾਕੀ ਮੈਦਾਨਿ-ਜੰਗ ਵਿਚ ਜੂਝਦੇ ਸਿੰਘਾਂ ਨੂੰ ਚੜ੍ਹਦੀ ਕਲਾ ਬਖ਼ਸ਼ਣੀਂ ਤੇ ਸੁਮੱਤ ਦੇਣੀ ਜੀ! ਬੋਲੇ... ਸੋ... ਨਿਹਾਲ ....!! ਸਤਿ....ਸ੍ਰੀ.... ਅਕਾਲ....!!!" ਤੇ ਕਾਕੇ ਨੇ ਜੈਕਾਰਾ ਛੱਡ ਕੇ ਰਿਵਾਲਵਰ ਪੁੜਪੜੀ ਨਾਲ ਲਾ ਘੋੜਾ ਦੱਬ ਦਿੱਤਾ.....।
ਜਦ ਬਖ਼ਤਰਬੰਦ ਟਰੈਕਟਰ ਵਾਲਿਆਂ ਨੇ ਜੈਕਾਰਾ ਅਤੇ ਫਿਰ ਗੋਲੀ ਚੱਲਣ ਦੀ ਅਵਾਜ਼ ਸੁਣੀ ਤਾਂ ਉਹ ਹੱਕੇ ਬੱਕੇ ਰਹਿ ਗਏ। ਪਰ ਉਪਰ ਜਾਣ ਦਾ ਕੋਈ ਹੌਸਲਾ ਨਹੀਂ ਕਰ ਰਿਹਾ ਸੀ। ਮੌਤ ਨੂੰ ਮਾਸੀ ਕੌਣ ਆਖੇ? ਇਕ ਜਵਾਨ ਨੇ ਵਾਇਰਲੈੱਸ ਫੜ ਲਈ।
-"ਹੈਲੋ! ਐੱਸ. ਪੀ. ਜਨਾਬ ਬੋਲ ਰਹੇ ਹਨ?"
-"ਹਾਂ-ਬੋਲੋ?" ਉਧਰੋਂ ਅਵਾਜ਼ ਆਈ।
-"ਜਨਾਬ ਸਾਨੂੰ ਉਮੀਦ ਹੈ ਕਿ ਅੱਤਿਵਾਦੀ ਨੇ ਆਪਣੇ ਆਪ ਨੂੰ ਗੋਲੀ ਮਾਰ ਲਈ ਹੈ।"
-"ਤੁਹਾਨੂੰ ਕਿਵੇਂ ਪਤੈ?"
-"ਜਨਾਬ! ਪਹਿਲਾਂ ਉਸ ਨੇ ਬੋਲੇ ਸੋ ਨਿਹਾਲ -ਸਤਿ ਸ੍ਰੀ ਅਕਾਲ ਕਿਹਾ ਤੇ ਫਿਰ ਗੋਲੀ ਚੱਲੀ-ਇਸ ਦਾ ਮਤਲਬ....!"
-"ਨਹੀਂ...! ਇਹ ਦੁਸ਼ਮਣ ਦੀ ਕੋਈ ਚਾਲ ਵੀ ਹੋ ਸਕਦੀ ਹੈ-ਸਾਵਧਾਨ ਰਹਿਣੈਂ! ਦੋ ਜਵਾਨ ਘਰਦਿਆਂ ਨੂੰ ਲੈ ਕੇ ਬਚਾਅ ਕੇ ਉਪਰ ਜਾਓ ਤੇ ਬੜੇ ਧਿਆਨ ਨਾਲ ਪੁਸ਼ਟੀ ਕਰੋ ਔਰ ਮੈਨੂੰ ਤੁਰੰਤ ਸੂਚਿਤ ਕਰੋ!" ਐੱਸ. ਪੀ. ਮੁੱਠੀਆਂ ਮੀਟ ਕੇ ਰਹਿ ਗਿਆ। ਕਾਕੇ ਨੂੰ ਜਿਉਂਦਾ ਫੜਨ ਲਈ ਸਾਰੀ ਫ਼ੋਰਸ ਬਾਰਾਂ-ਤੇਰਾਂ ਘੰਟੇ ਤੋਂ ਜੱਦੋਜਹਿਦ ਕਰ ਰਹੀ ਸੀ। ਪਰ ਸਫ਼ਲਤਾ ਫਿਰ ਵੀ ਹੱਥ ਨਹੀਂ ਆਈ ਸੀ। ਅਫ਼ਸਰ ਨੇ ਕੌੜ ਬੋਤੇ ਵਾਂਗ ਦੰਦ ਪੀਹੇ ਸਨ। ਪੈਰਾਂ ਹੇਠੋਂ ਖੁਰਗੋ ਪੱਟੀ ਸੀ।
ਫ਼ੋਰਸ ਵਾਲਿਆਂ ਨੇ ਮਾਮੀਂ ਗੁਰਦੇਵ ਕੌਰ ਅਤੇ ਗਗਨਦੀਪ ਨੂੰ ਬੱਕਰੀਆਂ ਦੇ ਇੱਜੜ ਵਾਂਗ ਅੱਗੇ ਲਾ ਲਿਆ। ਬੁਲਿਟ-ਪਰੂਫ਼ ਜੈਕਟਾਂ ਪਾਈਆਂ ਹੋਣ ਦੇ ਬਾਵਜੂਦ ਵੀ ਉਹ ਬੜੀ ਚੁਸਤੀ ਨਾਲ ਡਰ-ਡਰ ਕੇ ਪੌੜੀਆਂ ਚੜ੍ਹ ਰਹੇ ਸਨ।
ਜਦ ਚੁਬਾਰੇ ਦੇ ਮੁੱਖ ਦਰਵਾਜੇ ਰਾਹੀਂ ਮਾਮੀਂ ਨੇ ਅੰਦਰ ਝਾਤੀ ਮਾਰੀ ਤਾਂ ਕਾਕਾ ਚੌਫ਼ਾਲ ਫ਼ਰਸ਼ 'ਤੇ ਪਿਆ ਸੀ। ਉਸ ਦੇ ਹੱਥ ਵਿਚ ਰਿਵਾਲਵਰ ਸੀ ਅਤੇ ਸਿਰ ਖੱਖੜੀਆਂ ਵਾਂਗ ਖਿੱਲਰਿਆ ਪਿਆ ਸੀ। ਖ਼ੂਨ ਦਾ ਫੁਆਰਾ ਵਗ ਕੇ ਰੁਕ ਗਿਆ ਸੀ। ਮਾਮੀਂ ਨੇ ਦੁਹੱਥੜ ਮਾਰੀ:
-"ਵੇ ਤੈਨੂੰ ਦੁੱਧ ਮੱਖਣਾਂ ਨਾਲ ਪਾਲਿਆ ਸੀ ਵੇ ਮੇਰਿਆ ਲਾਡਲਿਆ ਪੁੱਤਾ...!"
-"ਵੇ ਮੈਂ ਤੈਨੂੰ ਬਥੇਰ੍ਹਾ ਵਰਜ ਰਹੀ ਵੇ ਮੇਰਿਆ ਅਣਖੀ ਸ਼ੇਰਾ...!!"
-"ਵੇ ਮੈਂ ਤੇਰੇ ਮਾਂ ਪਿਉ ਨੂੰ ਕਿਹੜਾ ਜਵਾਬ ਦਿਊਂਗੀ ਵੇ ਮੇਰਿਆ ਮਨਪ੍ਰੀਤਿਆ....!!!" ਮਾਮੀਂ ਕਾਕੇ ਦਾ ਲਹੂ ਲਿੱਬੜਿਆ ਮੂੰਹ ਆਪਣੀ ਚੁੰਨੀ ਨਾਲ ਪੂੰਝ ਰਹੀ ਸੀ। ਇਕ ਚੀਕ ਚਿਹਾੜਾ ਮੱਚਿਆ ਹੋਇਆ ਸੀ। ਪਰ ਗਗਨਦੀਪ ਨੇ ਆਪਣੇ ਸ਼ਹੀਦ ਦੀ ਲਾਸ਼ ਦੇਖ ਕੇ ਅੱਖੋਂ ਇਕ ਵੀ ਹੰਝੂ ਨਾ ਵਹਾਇਆ।
ਫ਼ੋਰਸ ਨੇ ਲਾਸ਼ ਨਾਲੋਂ ਮਾਮੀਂ ਨੂੰ ਤੋੜ ਲਿਆ।
ਜਦ ਫ਼ੋਰਸ ਨੇ ਵਾਇਰਲੈੱਸ 'ਤੇ ਕਾਕੇ ਦੀ ਮੌਤ ਬਾਰੇ ਪੁਸ਼ਟੀ ਕਰ ਦਿੱਤੀ ਤਾਂ ਪਾਸੇ ਲੱਗੀ ਫ਼ੋਰਸ ਇਕ ਦਮ ਚੁਬਾਰੇ ਵੱਲ ਨੂੰ ਹਿੱਲ ਪਈ। ਜਿਵੇਂ ਉਹਨਾਂ ਨੇ ਕੋਈ ਬਹੁਤ ਵੱਡੀ ਜੰਗ ਜਿੱਤ ਲਈ ਸੀ। ਖ਼ੈਰ! ਅਫ਼ਸਰ ਕੁਝ ਕੁ ਸੰਤੁਸ਼ਟ ਸਨ ਕਿ ਸਿਰਫ਼ ਇਕ ਜਾਨੀ ਨੁਕਸਾਨ ਨਾਲ ਹੀ ਸਰ ਗਿਆ ਸੀ। ਇਸ ਲਈ ਫ਼ੋਰਸ ਬਹੁਤੀ ਗੁੱਸੇ ਵਿਚ ਨਹੀਂ ਸੀ।
-"ਗੁਰਨਾਮ ਕਿੱਥੇ ਐ?" ਅਚਾਨਕ ਡੀ. ਐੱਸ. ਪੀ. ਨੇ ਪੁੱਛਿਆ।

ਗੁਰਦੇਵ ਕੌਰ ਨੇ ਅੰਦਰ ਵੱਲ ਇਸ਼ਾਰਾ ਕੀਤਾ ਤਾਂ ਡੀ. ਐੱਸ. ਪੀ. ਨੇ ਉਸ ਨੂੰ ਖੱਡੀ ਵਿਚੋਂ ਬਾਹਰ ਕਢਵਾ ਲਿਆ।
ਅਫ਼ਸਰ ਨੇ ਸੋਚਿਆ ਕਿ ਅੱਤਿਵਾਦੀਆਂ ਨੇ ਉਸ ਨੂੰ ਬੰਨ੍ਹ ਕੇ ਇੱਥੇ ਸੁੱਟ ਦਿੱਤਾ ਸੀ। ਉਸ ਦਾ ਨਸ਼ਾ ਉੱਤਰ ਗਿਆ ਸੀ ਅਤੇ ਹੁਣ ਉਹ ਡੌਰ-ਭੌਰਿਆਂ ਵਾਂਗ ਝਾਕ ਰਿਹਾ ਸੀ।
-"ਕਾਕਾ ਕਿੱਥੇ ਐ?" ਉਸ ਘਬਰਾਏ ਹੋਏ ਨੇ ਡੀ. ਐੱਸ. ਪੀ. ਨੂੰ ਪੁੱਛਿਆ।
-"ਕਾਕਾ ਮਾਰਿਆ ਗਿਆ-ਜਦੋਂ 'ਕੱਲਾ ਬੰਦਾ ਪਹਾੜ ਨਾਲ ਮੱਥਾ ਲਾਵੇ-ਉਦੋਂ ਇਹੀ ਹਸ਼ਰ ਹੁੰਦੈ ਗੁਰਨਾਮ ਸਿਆਂ।"
-"ਦੁਨੀਆਂ 'ਤੇ ਆਉਣਾ ਜਾਣਾ ਤਾਂ ਬਣਿਆਂ ਹੀ ਹੈ ਡੀ. ਐੱਸ. ਪੀ. ਸਾਹਿਬ!" ਗਗਨਦੀਪ ਅਫ਼ਸਰ ਸਾਹਮਣੇਂ ਆ ਖੜ੍ਹੀ ਹੋਈ।
-"ਕਿਸੇ ਨੇ ਪਹਿਲਾਂ ਤੁਰ ਜਾਣੈਂ ਤੇ ਕਿਸੇ ਨੇ ਪਿੱਛੋਂ-ਬਾਬੇ ਦੀ ਬਾਣੀਂ ਆਖਦੀ ਐ: ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ।। ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ।।"
-"ਇਹ ਬੀਬੀ ਕੌਣ ਐ?"
-"ਮੈਂ ਉਸ ਸੂਰਮੇਂ ਕਾਕੇ ਦੀ ਪਤਨੀ ਐਂ ਸਰ!" ਕੁੜੀ ਨੇ ਬੜੇ ਮਾਣ ਨਾਲ ਆਖਿਆ।
-"ਬੀਬੀ..! ਇਹ ਜ਼ਿੰਦਗੀ ਕਿਤੇ ਨਿੱਤ ਨਿੱਤ ਮਿਲਦੀ ਐ..? ਬੰਦੇ ਨੇ ਕਿਤੇ ਨਿੱਤ ਨਿੱਤ ਜੰਮਣੈਂ..?"
-"ਜੰਮਣੈਂ ਸਰ..! ਜ਼ਰੂਰ ਜੰਮਣੈਂ..!! ਇਕ ਕਾਕਾ ਤਾਂ ਸ਼ਹੀਦ ਹੋ ਗਿਆ ਤੇ ਦੂਜਾ ਕਾਕਾ ਮੇਰੀ ਕੁੱਖ ਵਿਚ ਪਲ ਰਿਹੈ।"
ਡੀ. ਐੱਸ. ਪੀ. ਨੇ ਹੈਰਾਨਗੀ ਨਾਲ ਕੁੜੀ ਵੱਲ ਤੱਕਿਆ। ਉਸ ਦੇ ਮਨ 'ਤੇ ਕੋਈ ਡਰ, ਭੈਅ ਜਾਂ ਅਫ਼ਸੋਸ ਦਾ ਕਣ ਨਹੀਂ ਸੀ। ਉਸ ਨੇ ਕੁੜੀ ਨਾਲ ਬਹੁਤੀ ਬਹਿਸ ਕਰਨੀ ਫ਼ਜ਼ੂਲ ਸਮਝੀ। ਅਫ਼ਸਰ ਮੁਤਾਬਿਕ ਕੁੜੀ ਬੇਵਕੂਫ਼ ਸੀ। ਬੇਰਹਿਮ ਸੀ, ਜਿਸ ਨੂੰ ਆਪਣੇਂ ਪਤੀ ਮਰੇ ਦਾ ਕੋਈ ਅਫ਼ਸੋਸ ਨਹੀਂ ਸੀ।
ਕਾਕੇ ਦੀ ਲਾਸ਼ ਪੋਸਟ ਮਾਰਟਮ ਲਈ ਤੋਰ ਦਿੱਤੀ। ਡੀ. ਐੱਸ. ਪੀ. ਸ਼ਨਾਖਤ ਲਈ ਗੁਰਨਾਮ ਸਿੰਘ ਨੂੰ ਨਾਲ ਲੈ ਗਿਆ।
ਤਮਾਮ ਫ਼ੋਰਸ ਕੂਚ ਕਰ ਗਈ। ਇਕ ਛਾਉਣੀਂ ਹਿੱਲਣ ਦਾ ਭੁਲੇਖਾ ਪੈਂਦਾ ਸੀ। ਫ਼ੋਰਸ ਦੇ ਜਾਣ ਤੋਂ ਬਾਅਦ ਮਾਮੀਂ ਨੇ ਰੋਣਾ ਸ਼ੁਰੂ ਕਰ ਦਿੱਤਾ। ਪਰ ਗਗਨਦੀਪ ਨੇ ਰੋਕ ਦਿੱਤਾ।
-"ਭੂਆ ਜੀ..! ਉਹ ਮਰੇ ਨਹੀਂ ਅਮਰ ਹੋ ਗਏ ਐ-ਸ਼ਹੀਦ ਹੋਏ ਐ-ਸ਼ਹੀਦ ਹੋ ਕੇ ਬੰਦਾ ਅਮਰ ਹੋ ਜਾਂਦੈ-ਤੁਸੀਂ ਰੋ ਕੇ ਇਕ ਸ਼ਹੀਦ ਦੀ ਤੌਹੀਨ ਨਾ ਕਰੋ...!"
-"ਤੂੰ ਹੁਣ ਕੀਹਦੇ ਆਸਰੇ ਜੀਏਂਗੀ ਧੀਏ..? ਕਾਕਾ ਤਾਂ ਸਾਥੋਂ ਮੁੱਖ ਮੋੜ ਗਿਐ।"
-"ਨਹੀਂ..! ਕਾਕੇ ਨੇ ਸਾਥੋਂ ਮੁੱਖ ਨਹੀਂ ਮੋੜਿਆ ਭੂਆ ਜੀ-ਕਾਕਾ ਤਾਂ ਮੇਰੇ ਪੇਟ 'ਚ ਪਲ ਰਿਹੈ।"
-"ਧੀਆਂ ਪੁੱਤ ਆਬਦੀ ਥਾਂ ਤੇ ਮਾਲਕ ਆਬਦੀ ਥਾਂ ਹੁੰਦੈ ਦੀਪ! ਪਹਾੜ ਜਿੱਡੀ ਜ਼ਿੰਦਗੀ ਕਿਹੜੇ ਆਹਰ 'ਤੇ ਕੱਟੇਂਗੀ? ਤੇਰੀ ਤਾਂ ਅਜੇ ਉਮਰ ਈ ਨਿਆਣੀਂ ਐਂ!"
-"ਭੂਆ ਜੀ..! ਮੈਂ ਗੁਰਬਾਣੀ ਆਸਰੇ ਅਤੇ ਦਸਵੇਂ ਪਿਤਾ ਦੀ ਓਟ ਆਸਰੇ ਜੀਆਂਗੀ-ਹੁਣ ਆਪਾਂ ਸਸਕਾਰ ਕਰਨ ਦੀ ਤਿਆਰੀ ਕਰੀਏ-ਫੁੱਫੜ ਜੀ ਉਹਨਾਂ ਦੀ ਦੇਹ ਲੈ ਕੇ ਆਉਣ ਈ ਵਾਲੇ ਹੋਣਗੇ, ਗੇਲਿਆ...!"
-"ਹਾਂ ਭੈਣੇਂ?" ਗੇਲਾ ਹਾਜ਼ਰ ਸੀ।
-"ਤੂੰ ਵੀਰੇ ਦੌਧਰ ਜਾਹ ਤੇ ਡਾਲੀ ਨੂੰ ਲੈ ਕੇ ਆ-ਤੇ ਆਉਂਦਾ ਹੋਇਆ ਬੁੱਟਰ ਵੀ ਸੁਨੇਹਾਂ ਦਿੰਦਾ ਆਈਂ।"
-"ਡਾਲੀ ਦੇ ਪਿਉ ਦਾ ਨਾਂ ਕੀ ਐ ਭੈਣੇਂ?"
-"ਉਹਨਾਂ ਨੂੰ ਕਲਕੱਤੇ ਆਲੇ ਕਹਿੰਦੇ ਐ।"
ਸਾਈਕਲ ਲੈ ਕੇ ਸੀਰੀ ਤੁਰ ਗਿਆ।
-"ਦੀਪ..! ਕਾਕੇ ਦੇ ਪਿੰਡ ਅਮਰ ਸਿਉਂ ਹੋਰਾਂ ਕੋਲ ਕੀਹਨੂੰ ਭੇਜੀਏ? ਮੈਥੋਂ ਤਾਂ ਉਹਨਾਂ ਦੇ ਮੱਥੇ ਨਹੀਂ ਲੱਗਿਆ ਜਾਣਾ।" ਗੁਰਦੇਵ ਕੌਰ ਫਿਰ ਫਿੱਸ ਪਈ। ਉਸ ਨੂੰ ਦਿਲੋਂ ਹੌਲ ਪਈ ਜਾ ਰਹੇ ਸਨ ਕਿ ਵਿਚਾਰੇ ਬਿਰਧ ਮਾਪੇ ਜੁਆਨ ਪੁੱਤ ਦੀ ਮੌਤ ਸੁਣ ਕੇ ਕਿਵੇਂ ਸਹਾਰਨਗੇ? ਪਾਲ ਪੋਸ ਕੇ ਜੁਆਨ ਕੀਤਾ ਸ਼ੇਰ ਵਰਗਾ ਪੁੱਤ ਭਰ ਜੁਆਨੀ ਵਿਚ ਵਿਛੋੜਾ ਦੇ ਗਿਆ ਸੀ।
-"ਭੂਆ ਜੀ! ਇਹਦੇ ਵਿਚ ਕਿਹੜਾ ਕਿਸੇ ਦਾ ਕੋਈ ਕਸੂਰ ਐ? ਉਹ ਕੌਮ ਲਈ ਸ਼ਹੀਦ ਹੋਏ ਐ! ਉਹਨਾਂ ਨੇ ਆਪਣੇ ਲੋਕਾਂ ਲਈ ਆਪਾ ਵਾਰਿਐ-ਸਾਨੂੰ ਤਾਂ ਉਹਨਾਂ 'ਤੇ ਅਥਾਹ ਮਾਣ ਹੋਣਾ ਚਾਹੀਦੈ-ਜੇ ਉਹਨਾਂ ਦਾ ਵਿਛੋੜਾ ਅਸੀਂ ਨਹੀਂ ਜਰ ਸਕਾਂਗੇ-ਫੇਰ ਹੋਰ ਕੌਣ ਜਰੂ? ਫੇਰ ਤਾਂ ਉਹ ਹੀ ਗੱਲ ਹੋ ਗਈ ਅਖੇ ਭਗਤ ਸਿੰਘ ਸ਼ਹੀਦ ਵਰਗੇ ਘਰ ਘਰ ਜੰਮਣ-ਪਰ ਸਾਡੇ ਨਾ ਜੰਮੇਂ।"
-"ਪਰ ਧੀਏ! ਮਾਪਿਆਂ ਨੂੰ ਇਹੋ ਜਿਹੀਆਂ ਕਾਗਜੀ ਗੱਲਾਂ ਕਦੋਂ ਧਰਵਾਸ ਦਿੰਦੀਐਂ? ਜੁਆਨ ਪੁੱਤ ਦੀ ਲਾਅਸ਼ ਦੇਖ ਕੇ ਉਹਨਾਂ ਦਾ ਤਾਂ ਕਾਲਜਾ ਪਾਟ ਜਾਊ-ਕਦੋਂ ਸਬਰ ਆਉਂਦੈ-ਉਹਦੀ ਮਾਂ ਤਾਂ ਦੇਖ ਕੇ ਊਈਂ ਫੁੜਕ ਜੂ?" ਗੁਰਦੇਵ ਕੌਰ ਦਾ ਹੜ੍ਹ ਫਿਰ ਹਿੱਲ ਪਿਆ।
ਕੁੜੀ ਬੇਵੱਸ ਹੋ ਕੇ ਰਹਿ ਗਈ। ਗੁਰਦੇਵ ਕੌਰ ਦੀਆਂ ਗੱਲਾਂ ਕੋਈ ਕੋਰੀਆਂ ਝੂਠ ਵੀ ਨਹੀਂ ਸਨ। ਇਕ ਬਰਾਬਰ ਦੇ ਪੁੱਤ ਦਾ ਵਿਛੋੜਾ ਮਾਪਿਆਂ ਲਈ ਦਿਲ 'ਤੇ ਨਾਸੂਰ ਬਣ ਜਾਣਾ ਸੀ। ਚਾਹੇ ਪੁੱਤ ਲੋਕਾਂ ਦੀ ਖੁਸ਼ਹਾਲੀ ਲਈ ਸ਼ਹੀਦ ਹੋਇਆ ਸੀ, ਪਰ ਮਾਪਿਆਂ ਦੀ ਡੰਗੋਰੀ ਤਾਂ ਹੱਥੋਂ ਡਿੱਗ ਕੇ ਟੁੱਟ ਗਈ ਸੀ। ਸਹਾਰਾ ਸਿਰੋਂ ਉਠ ਗਿਆ ਸੀ। ਸਿਆਣੇਂ ਆਖਦੇ ਹਨ ਕਿ ਪੁੱਤ ਤਾਂ ਜੰਮਦੇ ਹੀ ਗੱਭਰੂ ਹੁੰਦੇ ਹਨ। ਤੇ ਕਾਕਾ ਤਾਂ ਗੱਭਰੂ ਤੁਰ ਗਿਆ ਸੀ। ਮਾਪਿਆਂ ਨੂੰ ਕਾਹਦਾ ਦੋਸ਼ ਸੀ? ਗਿਆਂ ਨੂੰ ਕੋਈ ਮੋੜ ਕੇ ਲਿਆਇਐ? ਪਤਾ ਨਹੀਂ ਰੱਬ ਨੇ ਕੀ ਲੀਲ੍ਹਾ ਰਚੀ ਹੈ, ਇਕ ਵਾਰ ਗਿਆ ਬੰਦਾ ਕਦੀ ਨਹੀਂ ਮੁੜਦਾ। ਹਾਏ...! ਕੀ ਹੁਣ ਮੇਰੇ ਕਾਕੇ ਨੇ ਕਦੇ ਵੀ ਨਹੀਂ ਮੁੜਨਾ? ਮੈਂ ਤਾਂ ਮਾੜੇ ਕਰਮਾਂ ਵਾਲੀ ਨੇ ਦਿਲ ਜਾਨੀ ਨਾਲ ਰੱਜ ਕੇ ਗੱਲਾਂ ਵੀ ਨਹੀਂ ਕੀਤੀਆਂ। ਗਲਵਕੜੀ ਪਾ ਕੇ ਪਿਆਸ ਨਹੀਂ ਬੁਝਾਈ!
ਕੁੜੀ ਦਾ ਦਿਲ ਡੁੱਬਕੀਆਂ ਖਾਣ ਲੱਗ ਪਿਆ। ਪਰ ਫਿਰ ਉਸ ਨੇ ਥਾਲੀ ਦੇ ਪਾਣੀ ਵਾਂਗ ਡੋਲਦੇ ਮਨ ਨੂੰ ਥੰਮ੍ਹਿਆਂ।
ਦੀਪ! ਤੈਨੂੰ ਤੇਰੇ ਕਾਕੇ ਨੇ ਅਜਿਹਾ ਅਨਮੋਲ ਤੋਹਫ਼ਾ ਬਖ਼ਸ਼ਿਐ, ਜਿਹੜਾ ਕਿਸੇ ਕਰਮਾਂ ਵਾਲੀ ਔਰਤ ਨੂੰ ਨਸੀਬ ਹੁੰਦੈ! ਤੂੰ ਤਾਂ ਵੱਡੇ ਭਾਗਾਂ ਵਾਲੀ ਹੈਂ ਦੀਪ! ਸਾਰੇ ਗ਼ਮ ਪਰਾਂਹ ਵਗਾਹ ਮਾਰ ਅਤੇ ਸ਼ਹੀਦ ਦੀ ਅਮਾਨਤ ਨੂੰ ਜਨਮ ਦੇ ਕੇ, ਉਸ ਦਾ ਤੋਹਫ਼ਾ ਮਿਥ ਕੇ

ਚਾਵਾਂ-ਮਲਾਰਾਂ ਨਾਲ ਪਾਲ!
ਗਗਨਦੀਪ ਕਿਸੇ ਹੌਸਲੇ ਨਾਲ ਉਠੀ।
-"ਭੂਆ ਜੀ...!"
ਗੁਰਦੇਵ ਕੌਰ ਨੇ ਖ਼ਾਮੋਸ਼, ਭਿੱਜੀਆਂ ਅੱਖਾਂ ਉਪਰ ਉਠਾਈਆਂ।
-"ਚਾਹ ਬਣਾ ਕੇ ਦੇਵਾਂ?"
-"ਮੇਰੇ ਤਾਂ ਧੀਏ ਲੰਘਣੀ ਨਹੀਂ।" ਗੁਰਦੇਵ ਕੌਰ ਦਾ ਲਹੂ-ਲੁਹਾਣ ਹੋਇਆ ਮਨ ਫਿਰ ਨੱਕੋ-ਨੱਕ ਭਰ ਆਇਆ।
-"ਡੁੱਬ ਜਾਣਾ ਵਿਹੜੇ 'ਚ ਜੁਆਕਾਂ ਮਾਂਗੂੰ ਖਰੂਦ ਕਰਦਾ ਫਿਰਦਾ ਹੁੰਦਾ ਸੀ-ਮਿਲਟ 'ਚ ਅੱਖੋਂ ਓਹਲੇ ਹੋ ਗਿਆ-ਮੇਰੇ ਤਾਂ ਦਿਲ ਤੋਂ ਨਹੀਂ ਉਤਰਦਾ-ਹਾਏ...!!" ਗੁਰਦੇਵ ਕੌਰ ਨੇ ਫਿਰ ਕੀਰਨੇਂ ਸ਼ੁਰੂ ਕਰ ਦਿੱਤੇ।
-"ਮੇਰੇ ਤਾਂ ਕੁੜੇ ਦੀਪ ਘਨੇੜਿਆਂ 'ਤੇ ਖੇਡਦਾ ਰਿਹੈ! ਕਦੇ ਦੰਦੀ ਵੱਢਿਆ ਕਰੇ-ਕਦੇ ਚੂੰਢੀ ਵੱਢਿਆ ਕਰੇ-ਕਦੇ ਘਰੂਟ ਮਾਰਨ ਲੱਗ ਜਿਆ ਕਰੇ-ਕਿਤੇ ਟੁੱਟ ਪੈਣੇਂ ਨੇ ਜਾਣ ਕੇ ਉਤੇ ਮੂਤ ਦਿਆ ਕਰਨਾ-ਮੇਰੇ ਤਾਂ ਉਹਦਾ ਭੋਲ਼ਾ ਜਿਆ ਮੂੰਹ ਕਾਲ਼ਜੇ ਧਸਿਆ ਪਿਐ।" ਮਾਮੀਂ ਨੇ ਮੂੰਹ ਮੂਹਰੇ ਹੱਥ ਰੱਖ ਕੇ ਨੀਰ ਰੋਕਣ ਦਾ ਯਤਨ ਕੀਤਾ।
-"ਕਿੰਨੀਆਂ ਗਾਲ੍ਹਾਂ ਦੇਈ ਜਾਵਾਂ-ਮਾਂ ਦੇ ਸ਼ੇਰ ਨੇ ਕਦੇ ਗੁੱਸਾ ਨਹੀਂ ਸੀ ਕੀਤਾ-ਕਿੰਨੀ ਲਾਹ ਪਾਅ ਕਰੀਦੀ ਸੀ-ਕਦੇ ਮੱਥੇ ਵੱਟ ਨਹੀਂ ਸੀ ਪਾਇਆ-ਪਤਾ ਨਹੀਂ ਕਿਹੜੀ ਮਿੱਟੀ ਦਾ ਬਣਿਆਂ ਵਿਆ ਸੀ ਸਤਜੁਗੀ।"
-"ਆਹ ਤਾਂ ਪਤਾ ਨਹੀਂ ਕਿੱਥੋਂ ਮਾੜੀ ਮੱਤ ਮਿਲ ਗਈ ਡੁੱਬੜੇ ਨੂੰ-ਕਦੇ ਕੀੜੀ 'ਤੇ ਪੈਰ ਨਹੀਂ ਸੀ ਧਰਿਆ ਜਿਉਣ ਜੋਕਰੇ ਨੇ।" ਲੱਗਦਾ ਸੀ ਗੁਰਦੇਵ ਕੌਰ ਨੇ ਗੱਲਾਂ ਕਰਕੇ ਮਨ ਹੌਲਾ ਕਰ ਲਿਆ ਸੀ। ਉਹ ਥਮ੍ਹਲੇ ਨਾਲ ਬੈਠੀ-ਬੈਠੀ ਹੀ ਸੌਂ ਗਈ।
ਸੋਗੀ ਮਾਹੌਲ ਵਿਚ ਦੁਪਿਹਰ ਹੋ ਗਈ। ਪਸ਼ੂ ਭੁੱਖੇ ਤਿਹਾਏ ਖੜ੍ਹੇ ਸਨ। ਗਗਨਦੀਪ ਨੂੰ ਬੇਜ਼ਬਾਨਾਂ 'ਤੇ ਤਰਸ ਆ ਗਿਆ। ਉਸ ਨੇ ਕੁਤਰੇ ਵਾਲੀ ਮਸ਼ੀਨ ਕੋਲੋਂ ਟੋਕਰਾ ਲੈ ਕੇ ਪਸ਼ੂਆਂ ਨੂੰ ਪੱਠੇ ਪਾਉਣੇਂ ਸ਼ੁਰੂ ਕਰ ਦਿੱਤੇ। ਭੁੱਖੇ ਪਸ਼ੂਆਂ ਨੂੰ ਭੁੱਖ ਨਵਿਰਤ ਕਰਦਿਆਂ ਦੇਖ ਦੀਪ ਮਾਨਸਿਕ ਤੌਰ 'ਤੇ ਕਿਸੇ ਹੱਦ ਤੱਕ ਸੰਤੁਸ਼ਟ ਹੋ ਗਈ। ਉਹ ਸੋਚ ਰਹੀ ਸੀ ਕਿ ਇਹਨਾਂ ਦਰਵੇਸ਼ਾਂ ਦਾ ਕੀ ਕਸੂਰ ਸੀ? ਗ਼ਮ ਦੇ ਬੋਝ ਵਿਚ ਇਹਨਾਂ ਨੂੰ ਕਿਉਂ ਸਜ਼ਾ ਦਿੱਤੀ ਜਾਵੇ?
ਜਦੋਂ ਪਸ਼ੂਆਂ ਨੇ ਪੱਠੇ ਖਾ ਲਏ ਤਾਂ ਉਸ ਨੇ ਖੁਰਨੀ ਕੋਲ ਕੜਾਹੀਆ ਰੱਖ ਕੇ ਅੱਡੋ-ਅੱਡੀ ਸਾਰੇ ਪਸ਼ੂਆਂ ਨੂੰ ਬਾਲਟੀ ਨਾਲ ਪਾਣੀ ਪਿਆ ਦਿੱਤਾ।
ਦੁਪਿਹਰੋਂ ਬਾਅਦ ਤਿੰਨ ਵੱਜ ਗਏ।
ਪੋਸਟ ਮਾਰਟਮ ਤੋਂ ਬਾਅਦ ਕਾਕੇ ਦੀ ਲਾਸ਼ ਆ ਗਈ। ਸ਼ਨਾਖਤ ਮਾਮੇਂ ਗੁਰਨਾਮ ਸਿੰਘ ਨੇ ਹੀ ਕੀਤੀ। ਲਾਸ਼ ਇਕ ਸ਼ਰਤ 'ਤੇ ਦਿੱਤੀ ਸੀ ਕਿ ਜਾਣ ਸਾਰ ਸਸਕਾਰ ਕਰ ਦਿੱਤਾ ਜਾਵੇਗਾ। ਕੌਡੀਆਂ ਆਲਾ ਗੁਰਨਾਮ ਨੂੰ ਪਨਾਂਹ ਦੇਣ ਦੇ ਦੋਸ਼ ਹੇਠ ਮੜ੍ਹਨਾ ਚਾਹੁੰਦਾ ਸੀ, ਪਰ ਡੀ. ਐੱਸ. ਪੀ. ਗੁਰਇਕਬਾਲ ਸਿੰਘ ਦੇ ਰਹਿਮ ਸਦਕਾ ਉਹ ਬਚ ਗਿਆ ਸੀ। ਪਰ ਠਾਣੇਦਾਰ ਨੇ ਢੇਰੀ ਨਹੀਂ ਢਾਹੀ ਸੀ। ਉਹ ਮਜ਼ਬੂਰੀ ਵੱਸ, ਵਕਤੀ ਤੌਰ 'ਤੇ ਚੁੱਪ ਕਰ ਗਿਆ ਸੀ। ਉਸ ਨੇ ਸੋਚਿਆ ਸੀ ਕਿ ਸਮੁੰਦਰ ਵਿਚੋਂ ਮੱਛੀ ਮਗਰਮੱਛ ਤੋਂ ਬਚ ਕੇ ਜਾਵੇਗੀ ਕਿੱਥੇ? ਆਖਰ ਨੂੰ ਤਾਂ ਪਾਣੀ ਨੇ ਪੁਲਾਂ ਹੇਠ ਦੀ ਹੀ ਵਗਣਾ ਸੀ! ਬੱਕਰੇ ਦੀ ਮਾਂ ਕਦੋਂ ਤੱਕ ਸੁੱਖਾਂ ਮਨਾਊ? ਆਖਰ ਤਾਂ ਉਸ ਨੇ ਕਿਸਾਈਆਂ ਹੱਥ ਆਉਣਾ ਹੀ ਸੀ! ਜਿੱਥੇ ਮਰਜ਼ੀ ਭੱਜ ਲਵੇ, ਅਖੀਰ ਨੂੰ ਵਹਿੜਕੇ ਨੇ ਪੰਜਾਲੀ ਹੇਠ ਆਉਣਾ ਹੀ ਸੀ। ਆਖਰ ਨੂੰ ਤਾਂ ਪੁੱਤ ਬਸੰਤੇ ਨੇ ਹੱਟੀ 'ਤੇ ਹੀ ਬੈਠਣਾ ਸੀ। ਠਾਣੇਦਾਰ ਨੇ ਆਪਣੇ ਆਪ ਨੂੰ ਦਲੀਲਾਂ ਦੇ ਕੇ ਟਿਕਾਅ ਲਿਆ ਸੀ।
ਤਕਰੀਬਨ ਚਾਰ ਕੁ ਵਜੇ ਸਾਰੇ ਰਿਸ਼ਤੇਦਾਰ ਆ ਗਏ। ਗੁਰਨਾਮ ਨੇ ਸ਼ਹਿਰੋਂ ਘਰਾਟਾਂ ਵਾਲਾ ਫ਼ੌਜੀ ਦੁਖਦਾਈ ਖ਼ਬਰ ਦੇ ਕੇ ਕਾਕੇ ਦੇ ਪਿੰਡ ਨੂੰ ਤੋਰ ਦਿੱਤਾ ਸੀ।
ਇਕ ਚੀਕ ਚਿਹਾੜਾ ਮੱਚਿਆ ਹੋਇਆ ਸੀ। ਕਾਕੇ ਦੀ ਮਾਂ ਨੂੰ ਵਾਰ ਵਾਰ ਗਸ਼ ਪੈਂਦੀ ਸੀ। ਡਾਲੀ ਤੇ ਦੀਪ ਉਸ ਨੂੰ ਸਾਂਭ ਰਹੀਆਂ ਸਨ। ਬਿੰਦੇ ਝੱਟੇ ਪਾਣੀ ਪਿਆ ਰਹੀਆਂ ਸਨ। ਡਾਲੀ ਵੀ ਸੂਰਮੇਂ ਵੀਰ ਨੂੰ ਰੋਈ ਨਹੀਂ ਸੀ। ਉਸ ਦੀ ਨਜ਼ਰ ਵਿਚ ਕਾਕਾ ਵੀਰ ਮਹਾਨ ਸੀ, ਅਮਰ ਸੀ। ਜਿਸ ਨੇ ਦੁਸ਼ਮਣ ਅੱਗੇ ਹਥਿਆਰ ਨਹੀਂ ਸੁੱਟੇ ਸਨ। ਮਰਦੇ ਦਮ ਤੱਕ ਅਣਖ਼ ਦੀ ਜਿਉਣੀਂ ਜਿਉਂਇਆ ਸੀ।
ਪਾੜੀ ਝੀੜੀ ਲਾਸ਼ ਦਾ ਇਸ਼ਨਾਨ ਕਰਵਾਇਆ ਗਿਆ। ਖੇਤਾਂ ਵਿਚ ਲੱਕੜਾਂ ਸੁੱਟ ਕੇ ਸਸਕਾਰ ਕਰ ਦਿੱਤਾ। ਜਿਉਂ ਹੀ ਲਾਂਬੂ ਲਾਇਆ, ਬੁੜ੍ਹੀਆਂ ਦੀ ਕੁਰਲਾਹਟ ਹੋਰ ਉਚੀ ਉਠੀ ਸੀ।
ਕਾਕੇ ਦੀ ਬਿਰਧ ਮਾਂ ਰੋਂਦੀ ਧਾਹ ਨਹੀਂ ਧਰਦੀ ਸੀ।
ਬਾਪੂ ਦੀ ਕੰਗਰੋੜ ਟੁੱਟ ਗਈ ਸੀ।
-"ਬਾਹਲਾ ਰੋ ਨਾ ਜਸਮੇਲ ਕੁਰੇ..! ਦਿਲ ਰੱਖ..! ਦੀਪ ਆਪਣੀ ਦਾ ਪੈਰ ਭਾਰਾ ਐ..! ਤੇਰੇ ਰੋਣ ਨਾਲ ਹੌਕਾ ਨਾ ਖਿੱਚਜੇ..।" ਗੁਰਦੇਵ ਕੌਰ ਨੇ ਕਿਹਾ।
ਮਾਂ ਦਾ ਰੋਣ ਠੱਲ੍ਹ ਗਿਆ।
ਉਸ ਨੇ ਕਿਸੇ ਹਸਰਤ ਨਾਲ ਦੀਪ ਵੱਲ ਤੱਕਿਆ। ਮਾਂ ਨੂੰ ਮਹਿਸੂਸ ਹੋਇਆ ਕਿ ਮੇਰਾ ਕਾਕਾ ਮਰਿਆ ਨਹੀਂ, ਸਹੀ ਸਲਾਮਤ ਸੀ। ਉਸ ਨੇ ਆਪਣੇ ਬੁੱਢੇ ਹੱਡਾਂ ਨਾਲ ਦੀਪ ਨੂੰ ਘੁੱਟਿਆ। ਦੀਪ ਨੂੰ ਸੱਸ ਦੇ ਚੁੱਭਦੇ ਹੱਡ ਵੀ ਪਿਆਰੇ ਪਿਆਰੇ ਲੱਗੇ। ਉਸ ਨੇ ਸੋਚਿਆ ਕਿ ਇਸ ਦੇਵੀ ਵਰਗੀ ਮਾਂ ਨੇ ਕਾਕੇ ਸੂਰਮੇਂ ਨੂੰ ਜਨਮ ਦਿੱਤਾ। ਦੀਪ ਸੱਸ ਦੇ ਪੈਰ ਘੁੱਟਣ ਲੱਗ ਪਈ।
-"ਨਾ ਧੀਏ ਐਨਾ ਭਾਰ ਨਾ ਚੜ੍ਹਾ।" ਸੱਸ ਨੇ ਪੈਰ ਖਿੱਚ ਲਏ। ਉਸ ਨੇ ਆਪਣੀ ਕੁਲ ਦੀ ਜੜ੍ਹ ਹਰੀ ਰੱਖਣ ਵਾਲੀ ਦੀਪ ਦਾ ਮੂੰਹ ਚੁੰਮਿਆਂ।
ਤੀਜੇ ਦਿਨ ਫੁੱਲ ਚੁਗੇ ਗਏ।
ਸ੍ਰੀ ਆਖੰਡ ਪਾਠ ਪ੍ਰਕਾਸ਼ ਕਰਵਾ ਦਿੱਤਾ ਗਿਆ। ਡਾਲੀ ਅਤੇ ਗਗਨਦੀਪ ਮਨੋਂ-ਤਨੋਂ ਸੇਵਾ ਵਿਚ ਜੁਟੀਆਂ ਹੋਈਆਂ ਸਨ। ਕਾਕੇ ਦੇ ਫੁੱਲ

ਪੋਟਲੀ ਵਿਚ ਪਾ ਕੇ ਦਰਵਾਜੇ ਦੇ ਬਾਹਰ ਪਿੱਪਲ 'ਤੇ ਟੰਗੇ ਹੋਏ ਸਨ।
ਰਾਤ ਨੂੰ ਦੀਪ ਨੇ ਫੁੱਫੜ ਗੁਰਨਾਮ ਸਿੰਘ ਨੂੰ ਆਪਣੇ ਕੋਲ ਬੁਲਾਇਆ। ਗੁਰਨਾਮ ਸਿੰਘ ਝੱਟ ਹਾਜ਼ਰ ਹੋ ਗਿਆ।
-"ਕੀ ਗੱਲ ਐ ਦੀਪਿਆ...?" ਉਹ ਹੈਰਾਨ ਸੀ।
-"ਫੁੱਫੜ ਜੀ...! ਇਹਨਾਂ ਨਾਲ ਜਿਹੜੇ ਦੋ ਮੁੰਡੇ ਇੰਦਰਜੀਤ ਅਤੇ ਦਿਲਜੀਤ ਸੀ-ਉਹ ਨਹੀਂ ਕਿਤੇ ਦਿਸੇ-ਤੇ ਨਾ ਹੀ ਉਹਨਾਂ ਦੀਆਂ ਲਾਸ਼ਾਂ ਕਿਤੇ ਦਿਸੀਐਂ-ਉਹ ਕਿੱਧਰ ਗਏ?" ਦੀਪ ਨੇ ਇਕ ਗੁੱਝਾ ਭੇਦ ਭਰਿਆ ਰਹੱਸ ਉਜਾਗਰ ਕੀਤਾ।
-".........!" ਗੁਰਨਾਮ ਸਿੰਘ ਵੀ ਉਲਝ ਕੇ ਰਹਿ ਗਿਆ। ਇਹ ਗੱਲ ਤਾਂ ਉਸ ਦੇ ਦਿਮਾਗ ਵਿਚ ਆਈ ਹੀ ਨਹੀਂ ਸੀ।
-"ਦਾਲ 'ਚ ਕੁਛ ਕਾਲਾ ਜਰੂਰ ਐ-ਉਹ ਐਨੇ ਚਿਰ ਤੋਂ ਐਥੇ ਰਹਿੰਦੇ ਸੀ-ਜੱਥੇਬੰਦੀ, ਰੈਂਸੀ ਤੇ ਇੰਦਰਜੀਤ ਹੋਰਾਂ ਤੋਂ ਬਗੈਰ ਕਿਸੇ ਨੂੰ ਵੀ ਪਤਾ ਨਹੀਂ ਸੀ-ਉਹਨਾਂ ਦਾ ਐਥੇ ਰਹਿਣ ਦਾ ਭੇਦ ਪੁਲਸ ਕੋਲੇ ਕਿਸ ਨੇ ਖੋਲ੍ਹਿਆ?"
-"ਕਿਤੇ ਉਹ ਸਾਲੇ ਪੁਲਸ ਦੇ ਬੰਦੇ ਤਾਂ ਨਹੀਂ ਸੀ?" ਗੁਰਨਾਮ ਸਿੰਘ ਨੇ ਪਰਨਾ ਲਾਹ ਕੇ ਸਿਰ ਦੀਆਂ ਜਟੂਰੀਆਂ ਖੁਰਕੀਆਂ।
-"ਮੈਨੂੰ ਪੂਰੀ ਸ਼ੱਕ ਐ ਬਈ ਜਦੋਂ ਫ਼ੋਰਸ ਨੇ ਘੇਰਾ ਪਾਇਆ-ਉਹ ਦਾਅ ਮਾਰ ਕੇ ਨਿਕਲ ਗਏ ਹੋਣਗੇ ਤੇ ਪੁਲਸ ਨੇ ਫੜ ਕੇ ਕਿਸੇ ਸੁਰੱਖਿਅਤ ਜਗਾਹ 'ਤੇ ਪਹੁੰਚਾ ਦਿੱਤੇ ਹੋਣਗੇ।"
-"ਬਿਲਕੁਲ ਹੋ ਸਕਦੈ।"
-"ਇਸ ਦਾ ਮਤਲਬ ਬਾਕੀ ਦੇ ਖ਼ਾੜਕੂ ਵੀਰਾਂ ਨੂੰ ਖ਼ਬਰਦਾਰ ਕਰਨਾ ਜ਼ਰੂਰੀ ਐ।"
-"ਤੈਨੂੰ ਕਿਸੇ ਟਿਕਾਣੇਂ ਦਾ ਪਤੈ?"
ਕੁੜੀ ਉਲਝ ਕੇ ਰਹਿ ਗਈ। ਕਿਸੇ ਵੀ ਟਿਕਾਣੇਂ ਦੀ ਉਸ ਨੂੰ ਖ਼ਬਰ ਨਹੀਂ ਸੀ। ਉਹ ਰਾਤ ਨੂੰ ਗੁਰਪਾਲ ਹੋਰਾਂ ਦੇ ਟਿਕਾਣੇਂ 'ਤੇ ਜ਼ਰੂਰ ਗਈ ਸੀ। ਪਰ ਕਿਹੜਾ ਪਿੰਡ ਸੀ? ਕਿਹੜੀ ਥਾਂ ਸੀ? ਇਸ ਬਾਰੇ ਉਸ ਨੂੰ ਉਕਾ ਹੀ ਖ਼ਬਰ ਨਹੀਂ ਸੀ। ਨਾ ਹੀ ਇਸ ਬਾਰੇ ਜਾਨਣ ਦੀ ਉਸ ਨੇ ਕੋਸ਼ਿਸ਼ ਹੀ ਕੀਤੀ ਸੀ। ਉਸ ਨੂੰ ਕਾਕੇ ਦੀ ਹੋਣੀ ਬਾਰੇ ਕੀ ਪਤਾ ਸੀ?
-"ਸ਼ਾਇਦ ਰੈਂਸੀ ਇਕ ਅੱਧੇ ਦਿਨ ਤੱਕ ਗੇੜਾ ਮਾਰੇ-ਉਹਨੂੰ ਸਾਰੀ ਖ਼ਬਰ ਦੇ ਕੇ ਤੋਰ ਦਿਆਂਗੇ।"
ਫ਼ੈਸਲਾ ਹੋ ਗਿਆ।
-"ਦੀਪ..! ਕਹਿੰਦੇ ਨੂੰ ਤਾਂ ਮੈਨੂੰ ਸੰਗ ਜਿਹੀ ਆਉਂਦੀ ਐ-ਪਰ ਇੱਕ ਗੱਲ ਆਖਾਂ..?" ਗੁਰਨਾਮ ਸਿੰਘ ਨੇ ਮੁੜ ਪਰਨਾ ਸਿਰ 'ਤੇ ਰੱਖ ਲਿਆ।
-"ਕਹੋ ਫੁੱਫੜ ਜੀ..?"
-"ਮੈਂ ਤਾਂ ਪਰਸੋਂ ਭੋਗ ਵਾਲੇ ਦਿਨ ਅੰਮ੍ਰਿਤ ਛਕ ਲੈਣੈਂ।"
-"ਇਹਦੇ ਵਿਚ ਸੰਗਣ ਆਲੀ ਕਿਹੜੀ ਗੱਲ ਐ?" ਕੁੜੀ ਹੈਰਾਨ ਸੀ।
-"ਗੁਰੂ ਦੇ ਲੜ ਲੱਗਣਾ-ਆਪਣਾ ਜੀਵਨ ਸਫ਼ਲ ਕਰਨਾ ਹੈ-ਸੰਗਣ ਦੀ ਇਹਦੇ 'ਚ ਕਾਹਦੀ ਜ਼ਰੂਰਤ ਐ?" ਡਾਲੀ ਬੋਲੀ।
-"ਲੋਕ ਕੀ ਆਖਣਗੇ..? ਬਈ ਕੱਲ੍ਹ ਦਾ ਸ਼ਰਾਬੀ ਕਵਾਬੀ ਅੱਜ ਖਾਲਸਾ ਬਣ ਤੁਰਿਆ? ਉਹ ਤਾਂ ਸਗੋਂ ਇਉਂ ਆਖਣਗੇ ਬਈ ਨੌਂ ਸੌ ਚੂਹਾ ਖਾ ਕੇ ਬਿੱਲੀ ਹੱਜ ਨੂੰ ਚੱਲੀ।"
-"ਸਵੇਰ ਦਾ ਭੁੱਲਿਆ ਅਗਰ ਸ਼ਾਮ ਨੂੰ ਘਰ ਆ ਜਾਵੇ ਤਾਂ ਉਹਨੂੰ ਭੁੱਲਿਆ ਨਹੀਂ ਆਖਦੇ! ਬਾਕੀ ਰਹੀ ਨੌਂ ਸੌ ਚੂਹਾ ਖਾ ਕੇ ਬਿੱਲੀ ਹੱਜ ਨੂੰ ਚੱਲੀ ਦੀ ਗੱਲ-ਜੇ ਰੱਬ ਨੇ ਬਿੱਲੀ ਨੂੰ ਸੁਮੱਤ ਬਖ਼ਸ਼ੀ ਤਾਂ ਹੀ ਹੱਜ ਨੂੰ ਚੱਲੀ-ਲੋਕਾਂ ਦਾ ਕੀ ਐ? ਉਹਨਾਂ ਨੇ ਤਾਂ ਕੁਛ ਨਾ ਕੁਛ ਆਖੀ ਜਾਣੈਂ! ਨਿੰਦਿਆ ਚੁਗਲੀ ਕਰਨੀ ਤਾਂ ਲੋਕਾਂ ਦਾ ਇੱਕ ਆਹਰ ਐ-ਇੱਕ ਵਿਸ਼ਾ ਐ-ਟਾਈਮ ਪਾਸ ਕਰਨ ਦਾ ਇੱਕ ਢੰਗ ਐ-ਤੁਹਾਡਾ ਉਹ ਕੁਛ ਨਹੀਂ ਵਿਗਾੜ ਸਕਦੇ-ਉਹਨਾਂ ਨੂੰ ਨਿੰਦਿਆ ਕਰੀ ਜਾਣ ਦਿਓ-ਤੁਸੀਂ ਆਪਣਾ ਅੱਗਾ ਸੁਆਰੋ! ਨਿੰਦਿਆ ਕਰਨ ਵਾਲੇ ਆਪਦਾ ਕੀਤਾ ਪਾਉਣਗੇ-ਗੁਰਬਾਣੀ ਵੀ ਕਹਿੰਦੀ ਐ: ਅਸੰਖ ਨਿੰਦਕ ਸਿਰਿ ਕਰਹਿ ਭਾਰੁ।।"
-"ਇਹ ਵੀ ਠੀਕ ਐ।" ਗੁਰਨਾਮ ਸਿੰਘ ਸੰਤੁਸ਼ਟ ਹੋ ਗਿਆ।
-"ਅੰਮ੍ਰਿਤ ਤਾਂ ਮੈਂ ਵੀ ਛਕ ਲੈਣੈਂ।" ਗੁਰਦੇਵ ਕੌਰ ਨੇ ਪਿੱਛਿਓਂ ਕਿਹਾ।
-"ਮੈਂ ਤਾਂ ਤੇਰੇ ਫੁੱਫੜ ਦੀ ਦਾਰੂ ਕਰਕੇ ਨਹੀਂ ਛਕਿਆ-ਨਹੀਂ ਦਿਲ ਤਾਂ ਕਦੋਂ ਦਾ ਕਰਦਾ ਸੀ ਗੁਰੂ ਵਾਲੇ ਬਣਨ ਨੂੰ।"
-"ਜੇ ਤੁਸੀਂ ਅੰਮ੍ਰਿਤਪਾਨ ਕਰੋਗੇ ਤਾਂ ਪਿੱਛੇ ਮੈਂ ਵੀ ਨਹੀਂ ਹਟਾਂਗੀ।" ਡਾਲੀ ਨੇ ਕਿਹਾ।
-"ਤੂੰ ਦੀਪ...?"
-"ਮੈਂ ਕਿਉਂ ਪਿੱਛੇ ਰਹੂੰ?"
-"ਬੋਲੇ ਸੋ ਨਿਹਾਲ....!" ਡਾਲੀ ਨੇ ਜੈਕਾਰਾ ਛੱਡਿਆ।
-"ਸਤਿ ਸ੍ਰੀ ਅਕਾਲ....!!" ਸਾਰਿਆਂ ਨੇ ਉਤਰ ਮੋੜਿਆ।
ਸਾਰੇ ਰਿਸ਼ਤੇਦਾਰ ਅਚੰਭੇ ਜਿਹੇ ਨਾਲ ਇਧਰ ਝਾਕੇ। ਬਈ ਇਹਨਾਂ ਨੂੰ ਕੀ ਹੋ ਗਿਆ? ਪਰ ਕਿਸੇ ਨੂੰ ਵੀ ਸਮਝ ਨਹੀਂ ਪਈ ਸੀ।
ਕੰਡਕਟਰਾਂ ਵਾਲਾ ਝੋਲਾ ਲਈ ਰਾਤ ਨੂੰ ਰੈਂਸੀ ਆ ਗਿਆ। ਅਖ਼ਬਾਰਾਂ ਤੋਂ ਉਸ ਨੂੰ ਸਾਰਾ ਕੁਛ ਹੀ ਪਤਾ ਲੱਗ ਗਿਆ ਸੀ। ਦੋ ਦਿਨ ਉਹ ਕਿਸੇ ਨਾ ਟਾਲੇ ਜਾ ਸਕਣ ਵਾਲੇ ਕੰਮ ਵਿਚ ਰੁੱਝਿਆ ਰਿਹਾ ਸੀ। ਜਿਸ ਕਰਕੇ ਆ ਨਾ ਸਕਿਆ।
ਆਉਣਸਾਰ ਰੈਂਸੀ ਦੀਪ ਦੇ ਗਲ ਲੱਗ ਰੋ ਪਿਆ।
-"ਰੈਂਸੀ..! ਤੂੰ ਰੋਨੈਂ...? ਐਡਾ ਵੱਡਾ ਗੁਰੀਲਾ ਹੋ ਕੇ..?"
-"ਮੈਂ ਸ਼ਹੀਦ ਕਾਕੇ ਨੂੰ ਨਹੀਂ-ਕਾਕੇ ਬਾਈ ਨੂੰ ਰੋਨੈਂ ਭਾਬੀ...!" ਉਸ ਦੇ ਨੇਤਰ ਭਰ ਆਏ।
-"ਹਰ ਸ਼ਹੀਦ ਕਿਸੇ ਨਾ ਕਿਸੇ ਦਾ ਕੁਛ ਲੱਗਦਾ ਹੁੰਦੈ ਰੈਂਸੀ! ਕਿਸੇ ਦਾ ਭਰਾ-ਕਿਸੇ ਦਾ ਪੁੱਤ-ਕਿਸੇ ਦਾ ਭਤੀਜਾ ਅਤੇ ਕਿਸੇ ਦਾ....!" ਕੁੜੀ ਆਪਣੇ 'ਤੇ ਆ ਕੇ ਗੱਲ ਬੋਚ ਗਈ।

-"ਭਾਬੀ..! ਹੁਣ ਮੈਂ ਕੌਡੀਆਂ ਵਾਲੇ ਬੁੱਚੜ ਨੂੰ ਕਿਸੇ ਹਾਲਤ ਵਿਚ ਵੀ ਨਹੀਂ ਬਖਸ਼ਣਾ!" ਉਸ ਦਾ ਹੁਣ ਤੱਕ ਹਮੇਸ਼ਾ ਦਾਅ ਖੁੰਝਦਾ ਰਿਹਾ ਸੀ।
-"ਫ਼ਾਇਦਾ ਕੀ ਹੋਊ..? ਇੱਕ ਕੌਡੀਆਂ ਆਲਾ ਮਰੂ-ਕੋਈ ਹੋਰ ਆ ਜਾਊ।" ਡਾਲੀ ਬੋਲੀ।
-"ਆਉਣ ਜਾਂ ਨਾ ਆਉਣ ਨਾਲ ਕੋਈ ਫ਼ਰਕ ਪਵੇ ਜਾਂ ਨਾ ਪਵੇ-ਕੌਡੀਆਂ ਆਲੇ ਦੇ ਹੱਥ ਸਿਰਲੱਥ ਯੋਧਿਆਂ ਦੇ ਖ਼ੂਨ ਨਾਲ ਰੰਗੇ ਹੋਏ ਐ-ਮੈਂ ਤਾਂ ਬੱਸ ਇਹ ਹੀ ਹਿਸਾਬ ਕਿਤਾਬ ਪੂਰਾ ਕਰਨੈਂ-ਹੋਰ ਮੇਰੀ ਜ਼ਿੰਦਗੀ ਦਾ ਨਿਸ਼ਾਨਾ ਰਹਿ ਹੀ ਨਹੀਂ ਗਿਆ।"
-"ਚੱਲ ਤੂੰ ਰੋਟੀ ਖਾ-ਚਾਹ ਪੀ ਤੇ ਗੁਰੂ ਗਰੰਥ ਸਾਹਿਬ ਅੱਗੇ ਮੱਥਾ ਟੇਕ।"
ਗਗਨਦੀਪ ਉਸ ਨੂੰ ਬਾਹੋਂ ਫੜ ਕੇ ਅੰਦਰ ਲੈ ਗਈ। ਉਹ ਸਾਊ ਬੱਚੇ ਵਾਂਗ ਨਾਲ ਤੁਰ ਪਿਆ ਸੀ।
ਰੈਂਸੀ ਨੇ ਰੋਟੀ ਖਾ ਲਈ ਸੀ।
ਚਾਹ ਪੀ ਲਈ ਸੀ।
ਜਦ ਉਹ ਮੱਥਾ ਟੇਕ ਕੇ ਮੁੜਿਆ ਤਾਂ ਦੀਪ ਨੇ ਉਸ ਨੂੰ ਇੰਦਰਜੀਤ ਹੋਰਾਂ 'ਤੇ ਸ਼ੱਕ ਵਾਲੀ ਗੱਲ ਦੱਸੀ।
ਰੈਂਸੀ ਪੈਰ ਤੋਂ ਹੀ ਬਾਹਰ ਨੂੰ ਛਾਲ਼ੀਂ ਹੋ ਗਿਆ।
ਡਾਲੀ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਦੀਪ ਨੇ ਉਸ ਦਾ ਮੋਢਾ ਫੜ ਕੇ ਰੋਕ ਲਿਆ।
-"ਉਹਨੂੰ ਜਾਣ ਦੇ ਡਾਲੀ-ਇਹਦਾ ਜਾਣਾ ਜ਼ਰੂਰੀ ਐ-ਬਾਕੀ ਖ਼ਾੜਕੂਆਂ ਨੂੰ ਖ਼ਬਰ ਕਰਨੀ ਲਾਜ਼ਮੀ ਹੈ-ਨਹੀਂ ਤਾਂ ਸਾਰੇ ਇਹਨਾਂ ਵਾਂਗ ਈ ਧੋਖੇ ਦਾ ਸ਼ਿਕਾਰ ਹੋ ਸਕਦੇ ਐ-ਜੇ ਮੈਂ ਇਹ ਗੱਲ ਉਹਨੂੰ ਰੋਟੀ ਖਾਣ ਤੋਂ ਪਹਿਲਾਂ ਦੱਸ ਦਿੰਦੀ ਤਾਂ ਉਹਨੇ ਰੋਟੀ ਵੀ ਨਹੀਂ ਖਾਣੀਂ ਸੀ-ਇਸ ਲਈ ਮੈਂ ਸਾਰੀ ਗੱਲ ਰੋਟੀ ਖਾਣ ਤੋਂ ਬਾਅਦ ਦੱਸੀ ਐ-ਅੱਜ ਉਸ ਨੇ ਰੱਜ ਕੇ ਰੋਟੀ ਖਾ ਲਈ-ਹੁਣ ਪੂਰੇ ਦੋ ਦਿਨ ਨਹੀਂ ਡੋਲਦਾ।"
-"ਕਲਗੀਧਰ ਪਿਤਾ ਨੇ ਵੀ ਸਿੰਘਾਂ ਨੂੰ ਕੀ ਪਿਉਂਦ ਚਾਹੜੀ ਹੈ-ਭੁੱਖੇ ਤਿਹਾਏ ਰਹਿ ਕੇ ਵੀ ਚੜ੍ਹਦੀਆਂ ਕਲਾਂਵਾਂ ਵਿਚ ਵਿਚਰਦੇ ਐ।" ਡਾਲੀ ਨੇ ਸਤਿਕਾਰ ਵਿਚ ਸਿਰ 'ਤੇ ਚੁੰਨੀ ਲੈ ਕੇ ਦਸਵੇਂ ਪਾਤਿਸ਼ਾਹ ਦੀ ਫ਼ੋਟੋ ਅੱਗੇ ਸਿਰ ਝੁਕਾਇਆ।
-"ਡਾਲੀ..! ਆਪਾਂ ਸਕੂਲਾਂ ਕਾਲਜਾਂ ਵਿਚ ਪੁਰਾਤਨ ਸਿੰਘਾਂ ਦਾ ਇਤਿਹਾਸ ਪੜ੍ਹਦੇ ਹੁੰਦੇ ਸੀ-ਅਜੋਕਾ ਸੰਘਰਸ਼ ਜੇ ਪੁਰਾਤਨ ਜੱਦੋਜਹਿਦਾਂ ਦਾ ਦੁਹਰਾਓ ਨਹੀਂ ਤਾਂ ਹੋਰ ਕੀ ਐ?"
-"ਮੇਰੀ ਨਜ਼ਰ ਵਿਚ ਸਿੱਧਾ ਹਥਿਆਰਬੰਦ ਸੰਘਰਸ਼ ਵੀ ਕਾਮਯਾਬੀ ਦੀ ਮੰਜ਼ਿਲ ਹਾਸਲ ਨਹੀਂ ਕਰ ਸਕਦਾ ਦੀਪ!"
-"ਇਹ ਤੇਰਾ ਵਹਿਮ ਹੈ ਡਾਲੀ! ਪੂਰੇ ਇਤਿਹਾਸ 'ਤੇ ਨਜ਼ਰ ਮਾਰ ਕੇ ਦੇਖ ਲੈ- ਠੀਕ ਹੈ ਤੂੰ ਮੇਰੇ ਨਾਲੋਂ ਵੱਧ ਪੜ੍ਹੀ ਲਿਖੀ ਐਂ-ਪੰਜਵੇਂ ਪਾਤਸ਼ਾਹ-ਸ਼ਹੀਦਾਂ ਦੇ ਸਿਰਤਾਜ-ਬਾਣੀ ਦੇ ਬੋਹਿਥ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਚੀਏਤਾ ਨੇ ਤੱਤੀ ਤਵੀ 'ਤੇ ਬੈਠਿਆਂ ਕਿਹਾ ਸੀ: ਤੇਰਾ ਕੀਆ ਮੀਠਾ ਲਾਗੈ।। ਹਰ ਨਾਮੁ ਪਦਾਰਥ ਨਾਨਕ ਮਾਂਗੈ।। ਗੁਰੂ ਅਰਜਨ ਦੇਵ ਜੀ ਨੇ ਲਾਸਾਨੀ ਸ਼ਹੀਦੀ ਦਿੱਤੀ ਤਾਂ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨ, ਹਥਿਆਰਬੰਦ ਹੋ ਕੇ ਬਦਲਾ ਲਿਆ-ਨੌਂਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਦੇ ਚਾਂਦਨੀ ਚੌਂਕ ਵਿਚ ਸ਼ਾਂਤਮਈ ਸ਼ਹੀਦੀ ਦਿੱਤੀ ਤਾਂ ਦਸਵੇਂ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹਥਿਆਰ ਚੁੱਕ ਕੇ ਮੁਗਲਾਂ ਨੂੰ ਪੁਦੀੜਾਂ ਪੁਆਈਆਂ-ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਨੇ ਸਰਹਿੰਦ ਦੀ ਦੀਵਾਰ ਵਿਚ ਖੜ੍ਹ ਕੇ ਸ਼ਾਂਤਮਈ ਸ਼ਹੀਦੀਆਂ ਪਾਈਆਂ ਤਾਂ ਇਸ ਦਾ ਬਦਲਾ ਖ਼ਾਲਸਾ ਪੰਥ ਦੇ ਪਹਿਲੇ ਸੂਰਮੇਂ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਲਿਆ-ਹਰ ਸ਼ਾਂਤਮਈ ਦਿੱਤੀ ਸ਼ਹੀਦੀ ਬਾਅਦ ਕਰਾਂਤੀਕਾਰੀ ਲਹਿਰ ਦਾ ਉਠਣਾ ਇੱਕ ਕੁਦਰਤੀ ਨਿਯਮ ਹੈ।"
ਡਾਲੀ, ਦੀਪ ਦੇ ਗਿਆਨ-ਸਾਗਰ ਤੋਂ ਦੰਗ ਰਹਿ ਗਈ ਸੀ। ਉਸ ਦੀ ਨਜ਼ਰ ਵਿਚ ਦੀਪ ਪੜ੍ਹੀ ਲਿਖੀ ਘੱਟ ਅਤੇ ਸਾਗ-ਘੋਟੂ ਵੱਧ ਸੀ। ਡਾਲੀ ਅਵਾਕ ਰਹਿ ਗਈ ਸੀ।
-"ਆ ਆਪਾਂ ਗੁਰਬਾਣੀ ਸਰਵਣ ਕਰੀਏ।"
ਉਹ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਜਾ ਬੈਠੀਆਂ। ਗੁਰਬਾਣੀ ਦਾ ਪ੍ਰਵਾਹ ਕੰਨਾਂ ਵਿਚ ਅੰਮ੍ਰਿਤ ਬਣ ਘੁਲ ਰਿਹਾ ਸੀ। ਰੱਬੀ ਨੂਰ ਚਿਹਰੇ ਵਾਲੇ ਬਾਬੇ ਗ੍ਰੰਥੀ ਦੇ ਮੂੰਹੋਂ ਧੁਰ ਕੀ ਬਾਣੀ ਝਰ ਰਹੀ ਸੀ:

-ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ।।
ਗੁਰੁ ਬਾਣੀ ਕਹੈ ਸੇਵਕੁ ਜਨ ਮਾਨੈ ਪਰਤਖਿ ਗੁਰੂ ਨਿਸਤਾਰੇ।।

ਉਹ ਗੁਰਬਾਣੀ ਦੀਆਂ ਕੀਲੀਆਂ ਮੰਤਰ-ਮੁਗਧ ਹੋਈਆਂ ਬੈਠੀਆਂ ਸਨ। ਗੁਰਦੇਵ ਕੌਰ ਨੇ ਉਹਨਾਂ ਨੂੰ ਆ ਹਲੂਣਿਆਂ।
-"ਰੌਲ਼ ਦਾ ਟੈਮ ਹੋਣ ਆਲੈ ਭਾਈ, ਚਾਹ ਧਰੋ!"
ਦੋਨੋਂ ਮੱਥਾ ਟੇਕ ਕੇ ਬਾਹਰ ਆ ਗਈਆਂ।
ਨਿਰ-ਵਿਘਨ ਸੇਵਾ ਚਲਦੀ ਰਹੀ।
ਤੀਜੇ ਦਿਨ ਸ੍ਰੀ ਆਖੰਡ ਪਾਠ ਸਾਹਿਬ ਦਾ ਭੋਗ ਪਾਇਆ ਗਿਆ। ਇਕੱਠ ਕੋਈ ਬਹੁਤਾ ਨਹੀਂ ਹੋਇਆ ਸੀ। ਇਕ ਮੁਕਾਬਲੇ ਵਿਚ ਮਾਰੇ ਗਏ ਖ਼ਾੜਕੂ ਦੇ ਭੋਗ 'ਤੇ ਤਾਂ ਕਿਸੇ ਦਿਲ-ਜ਼ਿਗਰੇ ਵਾਲੇ ਬੰਦੇ ਨੇ ਹੀ ਆਉਣਾ ਸੀ!
ਬਚਨ ਅਨੁਸਾਰ ਅੰਮ੍ਰਿਤਪਾਨ ਕਰਨ ਵਾਲੇ, ਅੰਮ੍ਰਿਤਪਾਨ ਕਰਨ ਲਈ ਕੇਸੀ ਇਸ਼ਨਾਨ ਕਰਕੇ ਤਿਆਰ-ਬਰ-ਤਿਆਰ ਸਨ। ਕਕਾਰ ਉਹਨਾਂ ਨੂੰ ਪਹਿਨਾ ਦਿੱਤੇ ਗਏ। ਪੰਜਾਂ ਪਿਆਰਿਆਂ ਨੇ ਪੰਜਾਂ ਬਾਣੀਆਂ ਦਾ ਪਾਠ ਕਰਕੇ ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਸਾਰਿਆਂ ਨੂੰ ਗੁਰੂ ਵਾਲੇ ਬਣਾ ਦਿੱਤਾ। ਹੁਣ ਉਹ ਚੜ੍ਹਦੀਆਂ ਕਲਾਂ ਵਾਲੇ ਸਿੰਘ ਅਤੇ ਸਿੰਘਣੀਆਂ ਸਨ। ਪੰਜਾਂ ਪਿਆਰਿਆਂ ਵਿਚੋਂ ਇਕ ਸਿੰਘ ਨੇ

ਉਹਨਾਂ ਨੂੰ ਮਰਿਆਦਾ ਤੋਂ ਜਾਣੂੰ ਕਰਵਾਇਆ।
-"ਭਾਈ ਬੜੀ ਖੁਸ਼ੀ ਦੀ ਗੱਲ ਹੈ ਕਿ ਤੁਸੀਂ ਅੱਜ ਗੁਰੂ ਵਾਲੇ ਬਣੇਂ ਹੋ-ਅੱਜ ਤੋਂ ਤੁਹਾਡੇ ਮਾਤਾ, ਮਾਤਾ ਸਾਹਿਬ ਕੌਰ ਜੀ ਅਤੇ ਪਿਤਾ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ-ਨੇਕ ਕਿਰਤ ਕਰਨੀ-ਵੰਡ ਕੇ ਛਕਣਾ ਅਤੇ ਦਸਵੰਧ ਕੱਢਣਾ ਗੁਰੂ ਜੀ ਦਾ ਹੁਕਮ ਐਂ-ਅੰਮ੍ਰਿਤ ਵੇਲੇ ਉਠ ਕੇ ਭਾਈ ਨਿੱਤਨੇਮ ਕਰਨੈਂ-ਨਿੱਤਨੇਮ ਕਰਦਿਆਂ ਦਸਾਂ ਗੁਰੂਆਂ ਨੂੰ ਹਾਜਰ ਨਾਜਰ ਸਮਝਣੈਂ-ਗੁਰੂ ਗਰੰਥ ਸਾਹਿਬ ਜੀ ਤੋਂ ਬਗੈਰ ਕਿਸੇ ਅੱਗੇ ਸਿਰ ਨਹੀਂ ਝੁਕਾਉਣਾ ਅਤੇ ਆਂਡਾ, ਮੀਟ, ਸ਼ਰਾਬ, ਪਰ-ਮਰਦ, ਪਰ-ਨਾਰੀ, ਅਤੇ ਤੰਬਾਕੂ ਨੂੰ ਹੱਥ ਨਹੀਂ ਲਾਉਣਾ-ਅੱਜ ਤੋਂ ਤੁਹਾਡਾ ਆਪਾ ਗੁਰੂ ਨੂੰ ਸਮਰਪਤ ਹੈ-ਮੜ੍ਹੀ ਮਸਾਣੀਂ ਨਹੀਂ ਪੂਜਣੀ-ਜੰਡ 'ਤੇ ਸੰਧੂਰ ਨਹੀਂ ਭੁੱਕਣਾ-ਮੂਰਤੀ ਪੂਜਾ ਨਹੀਂ ਕਰਨੀ-ਨੂੰਹ ਧੀ ਮਾਰਨ ਵਾਲਿਆਂ ਨਾਲ ਰੋਟੀ ਬੇਟੀ ਦੀ ਸਾਂਝ ਨਹੀਂ ਰੱਖਣੀ-ਵਰਤ ਨਹੀਂ ਰੱਖਣੇਂ-ਕੋਈ ਹੋਰ ਪਾਖੰਡ ਨਹੀਂ ਕਰਨਾ-ਭਗਤ ਕਬੀਰ ਜੀ ਪਵਿੱਤਰ ਬਾਣੀ ਵਿਚ ਫੁਰਮਾਉਂਦੇ ਹਨ: ਛੋਡਹਿ ਅੰਨੁ ਕਰਹਿ ਪਾਖੰਡ।। ਨਾ ਸੁਹਾਗਨਿ ਨਾ ਓਹਿ ਰੰਡ।। ਇਸ ਲਈ ਭਾਈ! ਗੁਰੂ ਗ੍ਰੰਥ ਜੀ ਮਾਨਿਓਂ ਪ੍ਰਗਟ ਗੁਰਾਂ ਕੀ ਦੇਹਿ।। ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮਹਿ ਲੇ।। ਪੰਜ ਕਕਾਰਾਂ ਦਾ ਪੂਰਨ ਸਤਿਕਾਰ ਕਰਨੈਂ-ਕੇਸਾਂ ਦੀ ਬੇਅਦਬੀ ਨਹੀਂ ਕਰਨੀ-ਕੇਸਾਂ ਦਾ ਪੰਜ ਕਕਾਰਾਂ ਵਿਚ ਪ੍ਰਥਮ ਸਥਾਨ ਹੈ ਭਾਈ! ਗੁਰਮਤਿ ਰਹਿਣੀ ਵਿਚ ਵਿਚਰਨੈਂ-ਗੁਰੂ ਜੀ ਨੇ ਫੁਰਮਾਨ ਕੀਤੈ: ਰਹਿਣੀ ਰਹੈ ਸੋਈ ਸਿੱਖ ਮੇਰਾ।। ਉਹ ਸਾਹਿਬ ਮੈਂ ਉਸ ਕਾ ਚੇਰਾ।। ਸੋ ਭਾਈ ਤੁਸੀਂ ਭਾਗਾਂ ਵਾਲੇ ਹੋ-ਇਸ ਲਈ ਮੈਂ ਇੱਕ ਵਾਰ ਫਿਰ ਤੁਹਾਨੂੰ ਵਧਾਈ ਦਿੰਦਾ ਹਾਂ-ਵਾਹਿਗੁਰੂ ਜੀ ਕਾ ਖ਼ਾਲਸਾ।। ਵਾਹਿਗੁਰੂ ਜੀ ਕੀ ਫ਼ਤਹਿ।।"
ਦੇਗ ਵਰਤ ਗਈ।
ਲੰਗਰ ਛਕਣ ਉਪਰੰਤ ਗੁਰਦੇਵ ਕੌਰ, ਗੁਰਨਾਮ ਸਿੰਘ, ਕਾਕੇ ਦੀ ਮਾਂ ਜਸਮੇਲ ਕੌਰ, ਬਾਪੂ ਅਮਰ ਸਿੰਘ, ਡਾਲੀ ਅਤੇ ਗਗਨਦੀਪ ਕਾਕੇ ਦੇ ਫੁੱਲ ਤਾਰਨ ਲਈ ਕੀਰਤਪੁਰ ਸਾਹਿਬ ਨੂੰ ਤੁਰ ਪਏ। ਘਰਾਟਾਂ ਵਾਲੇ ਪੁਲ ਤੋਂ ਉਹਨਾਂ ਨੇ ਲੁਧਿਆਣੇਂ ਵਾਲੀ ਬੱਸ ਫੜ ਲਈ। ਲੁਧਿਆਣੇਂ ਤੋਂ ਉਹਨਾਂ ਨੇ ਰੋਪੜ ਰਾਹੀਂ ਕੀਰਤਪੁਰ ਸਾਹਿਬ ਪੁੱਜਣਾ ਸੀ।
ਕੀਰਤਪੁਰ ਸਾਹਿਬ ਜਾ ਕੇ ਉਹਨਾਂ ਨੇ ਫੁੱਲ ਤਾਰ ਦਿੱਤੇ। ਗੁਰਦੁਆਰਾ ਪਤਾਲਪੁਰੀ ਸਾਹਿਬ ਵਿਖੇ ਪਹੁੰਚ, ਦੇਗ ਲੈ ਅਰਦਾਸ ਕਰਵਾ ਦਿੱਤੀ। ਅੱਜ ਦੀ ਰਾਤ ਉਹਨਾਂ ਨੇ ਕੀਰਤਪੁਰ ਸਾਹਿਬ ਹੀ ਰਹਿਣਾ ਸੀ। ਗੁਰੂ ਕੇ ਲੰਗਰ 'ਚੋਂ ਲੰਗਰ ਛਕ ਉਹਨਾਂ ਫਿਰ ਗੁਰੂ ਘਰ ਹਾਜ਼ਰੀ ਲੁਆਈ ਅਤੇ ਗੁਰੂ ਕੇ ਨਿਵਾਸ ਆ ਗਏ। ਵਰਾਂਡੇ ਵਿਚ ਬੇਸ਼ੁਮਾਰ ਦੁਨੀਆਂ ਕੰਬਲ ਲੈ ਕੇ ਪਈ ਹੋਈ ਸੀ। ਉਹਨਾਂ ਨੇ ਵੀ ਇੱਕ ਖੂੰਜੇ ਵਾਲੀ ਥਾਂ ਦੇਖ ਕੇ ਕੰਬਲ ਵਿਛਾਅ ਲਏ ਅਤੇ ਪੈ ਗਏ। ਬਾਹਰੋਂ ਗੁਰਬਾਣੀ ਸੁਣਾਈ ਦੇ ਰਹੀ ਸੀ।
ਕਾਕੇ ਦਾ ਬਾਪ ਅਮਰ ਸਿੰਘ ਚੁੱਪ ਚਾਪ ਲੇਟਿਆ ਹੋਇਆ ਸੀ। ਫੁੱਲ ਤਾਰਨ ਆਈ ਦੁਨੀਆਂ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰ ਰਹੀ ਸੀ। ਕੋਈ ਭਰਾ ਦੇ ਫੁੱਲ ਤਾਰਨ ਆਇਆ ਹੋਇਆ ਸੀ, ਕੋਈ ਬਾਪੂ ਦੇ ਫੁੱਲ। ਕੋਈ ਮਾਂ ਦੇ ਫੁੱਲ ਤਾਰਨ ਆਇਆ ਸੀ ਅਤੇ ਕੋਈ ਮਾਂ ਪੁੱਤ ਦੇ ਫੁੱਲ ਤਾਰਨ ਆਈ ਹੋਈ ਸੀ। ਅਜ਼ੀਬ ਹੀ ਚੁਰਾਸੀ ਦਾ ਗੇੜ ਸੀ। ਲੈਣ ਦੇਣ ਦੇ ਸਬੰਧ ਸਨ। ਗੁਰੂ ਦਾ ਭਾਣਾ ਸੀ। ਗੁਰੂ ਦੇ ਚੋਜ ਸਨ। ਕੁਦਰਤ ਦਾ ਪਹੀਆ ਸੀ, ਜਿਸ ਨੇ ਨਿਰੰਤਰ ਗਿੜਦੇ ਜਾਣਾ ਸੀ।
ਮਾਨੁੱਖ ਤਾਂ ਗੁਰੂ ਦੀ ਇੱਕ ਕੱਠਪੁਤਲੀ ਹੈ ਅਤੇ ਇਸ ਕੱਠਪੁਤਲੀ ਦੀ ਡੋਰ ਸਿਰਫ਼ ਗੁਰੂ ਦੇ ਹੱਥ ਹੈ। ਜੋ ਗੁਰੂ ਨੂੰ ਭਾਉਂਦਾ ਹੈ, ਉਹ ਹਰ ਹਾਲਤ ਵਿਚ ਹੋ ਕੇ ਰਹਿਣਾ ਹੈ। ਜੋ ਆਇਆ ਸੋ ਚਲਸੀ ਸਭੁ ਕੋ ਆਈ ਵਾਰੀਐ।। ਦੇ ਕਥਨ ਅਨੁਸਾਰ ਚੱਲਣਾ ਹੀ ਪੈਣਾ ਹੈ। ਇਸ ਨਾਸ਼ਵਾਨ ਸਰੀਰ 'ਤੇ ਕਾਹਦਾ ਮਾਣ? ਮਹਿਲ ਮਾੜੀਆਂ ਦੇ ਕਾਹਦੇ ਦਾਅਵੇ? ਗੁਰਬਾਣੀ ਦੇ ਕਥਨ ਅਨੁਸਾਰ: ਧਨ ਭੂਮਿ ਕਾ ਜੋ ਕਰੇ ਗੁਮਾਨੁ ਸੋ ਮੂਰਖੁ ਅੰਧਾ ਅਗਿਆਨੁ।। ਜਾਂਦੀ ਵਾਰੀ ਇਕ ਕੱਫ਼ਣ ਨਸੀਬ ਹੋਣਾ ਹੈ ਜਾਂ ਨਹੀਂ!
-"ਕੀਹਦੇ ਫੁੱਲ ਤਾਰਨ ਆਇਐਂ ਗੁਰਮੁਖਾ..?" ਇਕ ਬਿਰਧ ਬਾਬੇ ਨੇ ਅਮਰ ਸਿੰਘ ਨੂੰ ਦਿਲੋਂ ਦੁਖੀ, ਖ਼ਾਮੋਸ਼ ਪਏ ਨੂੰ ਪੁੱਛਿਆ। ਬਾਬੇ ਦੀਆਂ ਅੱਖਾਂ ਅੰਦਰ ਧਸ ਗਈਆਂ ਸਨ। ਪਰ ਫਿਰ ਵੀ ਬੋਡੇ ਸਰੀਰ ਵਿਚ ਫੁਰਤੀ ਜਾਪਦੀ ਸੀ।
-"ਆਪਣੇ ਪੁੱਤ ਦੇ..! 'ਕੱਲਾ 'ਕੱਲਾ ਈ ਸੀ...।" ਅਮਰ ਸਿੰਘ ਦੀ ਅਵਾਜ਼ ਵਿਚ ਸਾਗਰ ਥਰਕਿਆ। ਗਲ਼ ਬੋਝਲ ਹੋ ਗਿਆ ਅਤੇ ਬੋਲ ਘਗਿਆ ਗਿਆ।
-"ਬੜੀ ਮਾੜੀ ਹੋਈ!" ਬਿਰਧ ਨੇ ਆਖਿਆ।
-"ਕੀ ਕਰੀਏ, ਬਾਬਾ? ਬਥੇਰ੍ਹਾ ਚੰਦਰੀ ਦੁਨੀਆਂ ਤੋਂ ਲਕੋ ਲਕੋ ਕੇ ਪਾਲਿਆ-ਪਰ ਹੋਣੀਂ ਨੇ ਪੱਟੀ ਨਹੀਂ ਬੱਝਣ ਦਿੱਤੀ-ਸੌ ਜੰਗਲ ਪਾੜ ਕੇ ਆ ਵੱਜੀ....!"
-"ਹੌਂਸਲਾ ਰੱਖ ਭੈੜ੍ਹਿਆ! ਕਿਉਂ ਦਿਲ ਹੌਲਾ ਕੀਤੈ? ਮਰਦ ਨਹੀਂ ਰੋਂਦੇ ਹੁੰਦੇ! ਮੇਰੇ ਵੱਲੀਂ ਦੇਖ ਲੈ-ਮੈਂ ਪੰਜਵੇਂ ਤੇ ਆਖਰੀ ਪੁੱਤ ਦੇ ਫੁੱਲ ਤਾਰਨ ਆਇਐਂ-ਘਰ ਵਾਲੀ ਵੀ ਮਰਨ ਦਾ ਬਹਾਨਾ ਜਿਹਾ ਈ ਭਾਲਦੀ ਐ-ਪਤਾ ਨਹੀਂ ਜਾਂਦੇ ਨੂੰ ਫਿਰ ਮੁੜਨਾ ਪਊ-ਜਿੱਥੇ ਆਪਣਾ ਕੋਈ ਜੋਰ ਨਹੀਂ ਚੱਲਣਾ-ਉਥੇ ਰੋਣ ਚੀਕਣ ਦਾ ਕੀ ਫਾਇਦਾ? ਜਿਸ ਕੀ ਵਸਤੁ ਤਿਸੁ ਆਗੇ ਰਾਖੈ।। ਨਾਨਕੁ ਤਿਨੁ ਕੈ ਮਾਨੇ ਮਾਥੈ।। ਜੀਹਦੀ ਚੀਜ ਐ-ਉਹ ਲੈ ਜਾਂਦੈ-ਅਸੀਂ ਆਬਦਾ ਕਬਜਾ ਜਮਾ ਕੇ ਬੈਠ ਜਾਨੇ ਐਂ।"
ਅਮਰ ਸਿੰਘ ਨੇ ਬਾਬੇ ਨੂੰ ਗਹੁ ਨਾਲ ਤੱਕਿਆ।
ਬਾਬੇ ਦੇ ਚਿਹਰੇ 'ਤੇ ਪੰਜ ਪੁੱਤਰਾਂ ਦੇ ਵਿਛੋੜੇ ਦਾ ਕੋਈ ਦਾਗ਼ ਨਹੀਂ ਸੀ। ਉਹ ਰੱਬ ਦੀ ਰਜ਼ਾ ਵਿਚ ਰਾਜ਼ੀ ਸੀ।
-"ਗੁਰਮੁਖਾ...! ਦਸਵੇਂ ਪਿਤਾ ਨੇ ਆਪਣੇ ਚਾਰੇ ਲਾਲ ਵਾਰ ਕੇ ਆਪਣੇ ਆਪ ਨੂੰ ਅਕਾਲ ਪੁਰਖ ਦਾ ਕਰਜ ਉਤਾਰ ਕੇ ਸੁਰਖ਼ਰੂ ਹੋਇਆ ਕਿਹਾ ਸੀ-ਜਦ ਮਾਤਾ ਸੁੰਦਰੀ ਜੀ ਨੇ ਆਪਣੇ ਚਾਰੇ ਲਾਲ ਮੰਗੇ ਤਾਂ ਗੁਰੂ ਸਾਹਿਬ ਨੇ ਬੜੇ ਮਾਣ ਨਾਲ ਸਿੰਘਾਂ ਵੱਲ ਹੱਥ ਕਰਕੇ ਕਿਹਾ ਸੀ: ਇਨ ਪੁਤਰਨ ਕੇ ਸੀਸ ਪਰ, ਵਾਰ ਦੀਏ ਸੁਤ ਚਾਰ।। ਚਾਰ ਮੂਏ ਤੋ ਕਿਆ ਭਇਆ, ਜੀਵਤਿ ਕਈ ਹਜਾਰ।। ਤੂੰ ਗੁਰੂ ਦਾ ਹਿਰਦਾ ਦੇਖ ਲੈ ਕਿੱਡਾ ਸੀ? ਜਦੋਂ ਸਾਰਾ ਪ੍ਰੀਵਾਰ ਸਰਸਾ ਨਦੀ ਕਿਨਾਰੇ ਵਿਛੜ ਗਿਆ-ਨਾਲ ਦੇ ਸਿੰਘ ਸ਼ਹੀਦ ਹੋ ਗਏ-ਮਾਤਾ ਗੁਜਰੀ ਸਮੇਤ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਗਏ-ਇਕੱਲੇ, ਮਾਛੀਵਾੜੇ ਦੇ ਜੰਗਲਾਂ ਵਿਚ ਇੱਟ ਦਾ ਸਿਰਹਾਣਾ ਲਾ ਕੇ ਪਏ ਤਾਂ ਕੁਝ ਪਲ ਉਦਾਸੀ ਦੇ ਆਏ ਤਾਂ ਆਪਣੇ ਮਿੱਤਰ ਪਿਆਰੇ ਨੂੰ ਮੁਰੀਦਾਂ ਦਾ ਹਾਲ ਸੁਣਾਇਆ-ਪਰ ਗ਼ਿਲਾ ਨਹੀਂ ਕੀਤਾ-ਸ਼ਿਕਵਾ ਨਹੀਂ ਦਿਖਾਇਆ-ਜੋਤੀ ਜੋਤਿ ਸਮਾਉਣ ਦੇ ਸਮੇਂ ਤੱਕ ਚੜ੍ਹਦੀਆਂ ਕਲਾਂ ਵਿਚ ਹੀ ਵਿਚਰੇ।"

-"ਧੰਨ ਐਂ..! ਧੰਨ ਐਂ ਦਸਵੇਂ ਪਿਤਾ ਤੇਰੀ ਕਮਾਈ-ਧੰਨ ਐਂ ਤੂੰ ਮਾਲਕਾ..!" ਅਮਰ ਸਿੰਘ ਪਾਣੀ ਮਿਲੀ ਸੁੱਕੀ ਵੇਲ ਵਾਂਗ ਹੌਂਸਲੇ ਨਾਲ ਉਠ ਬੈਠਾ। ਉਸ ਅੰਦਰ ਕੋਈ ਤਾਕਤ ਪ੍ਰਵੇਸ਼ ਕਰ ਗਈ ਸੀ। ਬਾਬਾ ਉਸ ਨੂੰ ਕੋਈ ਬੁੱਢੂ ਜੱਟ ਨਹੀਂ, ਸਗੋਂ ਕੋਈ ਮਹਾਂਪੁਰਖ ਜਾਪਿਆ। ਉਸ ਨੂੰ ਕੰਡੇ 'ਚ ਹੋਇਆ ਦੇਖ ਕੇ ਬਾਬਾ ਫਿਰ ਬੋਲਿਆ:
-"ਜੇ ਇਕ ਰੋਟੀ ਦੀ ਥਾਂ ਅੱਧੀ ਰੋਟੀ ਵੀ ਮਿਲੇ ਗੁਰਮੁਖਾ! ਫਿਰ ਵੀ: ਤੂੰ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ, ਕਹਿ ਕੇ ਛਕ ਲਈਏ-ਉਸ ਅਕਾਲ ਪੁਰਖ ਦੇ ਹਮੇਸ਼ਾ ਬਣੇਂ ਰਹੀਏ-ਏਕੋ ਸਿਮਰੋ ਨਾਨਕਾ ਜੋ ਜਲ ਥਲ ਰਹਿਆ ਸਮਾਇ।। ਦੂਜਾ ਕਾਹੇ ਸਿਮਰੀਐ ਜੰਮਹਿ ਤੇ ਮਰ ਜਾਇ।। ਹਰ ਦੁੱਖ ਸੁੱਖ ਵਿਚ ਉਹਨੂੰ ਧਿਆ ਕੇ ਦੇਖ-ਫੇਰ ਦੇਖ ਤੇਰੀ ਕਾਇਆ ਕਿਵੇਂ ਪਲਟਦੀ ਐ-ਤੇਰਾ ਤਾਂ ਅੰਮ੍ਰਿਤ ਵੀ ਛਕਿਆ ਲੱਗਦੈ?"
-"ਅੰਮ੍ਰਿਤ ਤਾਂ ਮੈਂ ਬਾਬਾ ਛੋਟੀ ਉਮਰ ਵਿਚ ਹੀ ਛਕ ਲਿਆ ਸੀ।" ਅਮਰ ਸਿੰਘ ਫਿਰ ਲੇਟ ਗਿਆ।
-"ਫੇਰ ਕੀਹਦਾ ਆਸਰਾ ਭਾਲਦੈਂ? ਬਾਣੀ ਆਸਰੇ ਗੁਰੂ ਦੇ ਚਰਨੀਂ ਜੁੜਿਆ ਰਿਹਾ ਕਰ! ਜਿਥੈ ਹਰਿ ਅਰਾਧੀਐ ਤਿਥੈ ਹਰਿ ਮਿਤੁ ਸਹਾਈ।। ਮਨ ਨੂੰ ਇਕਾਗਰ ਕਰਨਾ ਜ਼ਰੂਰੀ ਐ-ਜੇ ਇਹ ਹੀ ਡੋਲਦਾ ਫਿਰਦਾ ਹੈ ਤਾਂ ਸਾਡੀ ਸਾਰੀ ਘਾਲ ਬੇਅਰਥ ਹੈ-ਮਨ ਪ੍ਰਦੇਸੀ ਜੇ ਥੀਐ ਸਭ ਦੇਸ ਪਰਾਇਆ।।" ਬਾਬਾ ਬੋਲੀ ਜਾ ਰਿਹਾ ਸੀ। ਪਰ ਅਮਰ ਸਿੰਘ ਦੇ ਘੁਰਾੜ੍ਹੇ ਵੱਜਣ ਲੱਗ ਪਏ।
ਬਾਬੇ ਦੀ ਬਾਣੀ ਅਤੇ ਗੁਣੀ ਗਿਆਨੀ ਬਚਨਾਂ ਨੇ ਉਸ ਦੇ ਮਨ ਦਾ ਬੋਝ ਖੁਰਚ ਸੁੱਟਿਆ ਸੀ।
ਬਾਬੇ ਨੇ ਕੀਰਤਨ ਸੋਹਿਲੇ ਦਾ ਪਾਠ ਕੀਤਾ ਅਤੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਕੇ ਪੈ ਗਿਆ।
ਜਦ ਸਵੇਰੇ ਸਾਰੇ ਉਠੇ ਤਾਂ ਅਮਰ ਸਿੰਘ ਪੂਰੀ ਤਰ੍ਹਾਂ ਤਰੋ-ਤਾਜ਼ਾ ਸੀ। ਪਰ ਮਾਤਾ ਜਸਮੇਲ ਕੌਰ ਕੁਝ ਉਦਾਸ ਸੀ।
-"ਤੂੰ ਸ਼ੁਕਰ ਕਰ ਜਸਮੇਲ ਕੁਰੇ! ਤੇਰਾ ਸ਼ੇਰ ਪੰਥ ਦੇ ਲੇਖੇ ਲੱਗਿਐ....!" ਅਮਰ ਸਿੰਘ ਨੇ ਕਿਹਾ।
ਉਹਨਾਂ ਚਾਹ ਪੀਤੀ।
ਹੁਕਮਨਾਮਾ ਸਰਵਣ ਕੀਤਾ, ਵਿਆਖਿਆ ਸੁਣੀ ਅਤੇ ਵਾਪਿਸੀ ਲਈ ਤੁਰ ਪਏ। ਬੇਬੇ ਮੁੜ ਮੁੜ ਪਿੱਛੇ ਦੇਖ ਰਹੀ ਸੀ। ਉਹ ਇਕੱਲੇ ਜਾ ਰਹੇ ਸਨ। ਬੇਬੇ ਦਾ ਕਾਕਾ ਤਾਂ ਇੱਥੇ ਹੀ ਰਹਿ ਗਿਆ ਸੀ। ਬੇਬੇ ਡਿੱਗਦਾ ਕਾਲਜਾ ਘੁੱਟੀ ਸਾਰਿਆਂ ਸਮੇਤ ਰੋਪੜ ਵਾਲੀ ਬੱਸ ਆ ਬੈਠੀ।

# ਕਾਂਡ 15

ਡੇਢ੍ਹ ਹਫ਼ਤੇ ਬਾਅਦ ਭਾਰੀ ਜੱਦੋ-ਜਹਿਦ ਬਾਅਦ ਕੌਡੀਆਂ ਆਲਾ ਕੁਲਬੀਰੇ ਨੂੰ ਬਗੈਰ ਕੋਈ ਨੁਕਸਾਨ ਕੀਤੇ ਗ੍ਰਿਫ਼ਤਾਰ ਕਰਨ ਵਿਚ ਕਾਮਯਾਬ ਹੋ ਗਿਆ। ਠਾਣੇਦਾਰ ਦੇ ਇੱਕ ਤਰ੍ਹਾਂ ਨਾਲ ਲਹਿਰ ਦਾ ਗਿੱਟਾ ਹੱਥ ਆ ਗਿਆ। ਜਿਸ ਨੂੰ ਖਿੱਚ ਕੇ ਉਸ ਨੇ ਹੇਠਾਂ ਸੁੱਟ ਲੈਣਾ ਸੀ। ਆਪਣੀ ਇਸ ਕਾਮਯਾਬੀ 'ਤੇ ਠਾਣੇਦਾਰ ਪੱਟਾਂ 'ਤੇ ਥਾਪੀਆਂ ਮਾਰਦਾ ਫਿਰਦਾ ਸੀ। ਕੁਲਬੀਰੇ ਦੀ ਗ੍ਰਿਫ਼ਤਾਰੀ ਦੀ ਖ਼ਬਰ ਮੁਕੰਮਲ ਤੌਰ 'ਤੇ ਗੁਪਤ ਰੱਖੀ ਗਈ ਸੀ। ਸਿਪਾਹੀਆਂ ਨੂੰ ਪਤਾ ਸੀ ਕਿ ਕੋਈ ਖ਼ਾੜਕੂ ਫੜਿਆ ਸੀ। ਪਰ ਉਹ ਕੌਣ ਸੀ? ਉਸ ਦੇ ਨਾਂ ਬਾਰੇ ਕੋਈ ਨਹੀਂ ਜਾਣਦਾ ਸੀ! ਜੇ ਪਤਾ ਸੀ ਤਾਂ ਸਿਰਫ਼ ਇੰਦਰਜੀਤ ਨੂੰ ਪਤਾ ਸੀ।

ਸਦਰ ਠਾਣੇਂ ਤੋਂ ਬਾਹਰ ਕਿਸੇ ਗੁਪਤ ਜਗਾਹ ਠਾਣੇਦਾਰ ਨੇ ਕੁਲਬੀਰੇ ਅਤੇ ਇੰਦਰਜੀਤ ਨੂੰ ਇਕੱਠਿਆਂ ਨਜ਼ਰਬੰਦ ਕਰਕੇ ਸਖ਼ਤ ਪਹਿਰਾ ਬਿਠਾ ਦਿੱਤਾ। ਕੋਈ ਸਿਪਾਹੀ ਉਹਨਾਂ ਨਾਲ ਗੱਲ ਨਹੀਂ ਕਰ ਸਕਦਾ ਸੀ। ਕੋਈ ਨੇੜੇ ਹੋ ਕੇ ਉਹਨਾਂ ਦੀਆਂ ਗੱਲਾਂ ਨਹੀਂ ਸੁਣ ਸਕਦਾ ਸੀ। ਕੋਈ ਪਾਣੀ ਨਹੀਂ ਫੜਾ ਸਕਦਾ ਸੀ। ਪਰ ਰੋਟੀ-ਪਾਣੀ ਉਹਨਾਂ ਨੂੰ ਬਕਾਇਦਾ ਤੌਰ 'ਤੇ ਪਹੁੰਚਾਇਆ ਜਾ ਰਿਹਾ ਸੀ। ਪਹਿਰਾ ਦੇ ਰਹੇ ਸਿਪਾਹੀ ਸਾਰੀ ਕਾਰਵਾਈ 'ਤੇ ਹੈਰਾਨ ਸਨ।

ਇੰਦਰਜੀਤ ਨੂੰ ਕਰੜੀ ਹਦਾਇਤ ਸੀ ਕਿ ਕਿਵੇਂ ਵੀ ਹੋਵੇ ਕੁਲਬੀਰੇ ਨੂੰ ਹੱਥ ਹੇਠ ਕਰਨਾ ਹੈ! ਕਾਕੇ ਵਾਲੇ ਮੁਕਾਬਲੇ ਲਈ ਇੰਦਰਜੀਤ ਨੂੰ ਦਸ ਲੱਖ ਰੁਪਏ ਵਿਚੋਂ ਅੱਧਾ ਹਿੱਸਾ ਅਰਥਾਤ ਪੰਜ ਲੱਖ ਰੁਪਏ ਮਿਲ ਗਿਆ ਸੀ। ਹੁਣ ਠਾਣੇਦਾਰ ਨੇ ਇੰਦਰਜੀਤ ਨਾਲ ਵਾਅਦਾ ਕੀਤਾ ਸੀ ਕਿ ਜਿਤਨੇ ਇਨਾਮੀ ਖ਼ਾੜਕੂ ਕੁਲਬੀਰਾ ਉਹਨਾਂ ਨੂੰ ਫੜਾਵੇਗਾ, ਉਹਨਾਂ ਇਨਾਮਾਂ ਵਿਚੋਂ ਅੱਧਾ ਹਿੱਸਾ ਸਿੱਧਾ ਇੰਦਰਜੀਤ ਦੇ ਹੱਥਾਂ ਵਿਚ ਆਵੇਗਾ। ਇਸ ਲਈ ਇੰਦਰਜੀਤ ਨੇ ਆਪਣੀ ਜ਼ਿੰਦਗੀ ਦਾਅ 'ਤੇ ਲਾ ਦਿੱਤੀ ਸੀ। ਪਰ ਇੱਥੇ ਇੰਦਰਜੀਤ ਨੂੰ ਕੋਈ ਖ਼ਤਰਾ ਵੀ ਨਹੀਂ ਸੀ। ਉਹ ਹਥਿਆਰਬੰਦ ਫ਼ੋਰਸਾਂ ਦੇ ਪਹਿਰੇ ਹੇਠ ਬਿਲਕੁਲ ਸੁਰੱਖਿਅਤ ਸੀ। ਸਰੀਰਕ ਤੌਰ 'ਤੇ ਉਹ ਕੁਲਬੀਰੇ ਨਾਲੋਂ ਨਿੱਗਰ ਸੀ। ਕਿਸੇ ਪਾਸਿਓਂ ਕੋਈ ਖ਼ਤਰਾ ਨਹੀਂ ਸੀ।

-''ਕੀ ਨਾਂ ਐਂ ਬਾਈ ਦਾ?'' ਇੰਦਰਜੀਤ ਨੇ ਗੱਲ ਸ਼ੁਰੂ ਕੀਤੀ। ਤਕਰੀਬਨ ਸਾਰੀ ਦਿਹਾੜੀ ਉਹਨਾਂ ਨੇ ਜ਼ਬਾਨ ਸਾਂਝੀ ਨਹੀਂ ਕੀਤੀ ਸੀ। ਦੋਨੋਂ ਘੁੱਟੇ-ਘੁੱਟੇ ਜਿਹੇ ਰਹੇ ਸਨ।

-''ਕੁਲਬੀਰ...!'' ਉਸ ਨੇ ਬਾਂਹ ਮੂੰਹ ਤੋਂ ਨਹੀਂ ਚੁੱਕੀ ਸੀ। ਉਹ ਕਿਸੇ ਦੁਬਿਧਾ ਵਿਚ ਸੀ।

-''ਕਿਹੜੇ ਕੇਸ 'ਚ ਫੜਿਆ ਗਿਆ?''

-''ਖਾੜਕੂਵਾਦ 'ਚ।''

-''ਤੂੰ ਖਾੜਕੂ ਐਂ?''

-''ਆਹੋ!''

ਇੰਦਰਜੀਤ ਚੁੱਪ ਹੋ ਗਿਆ।

ਉਸ ਨੂੰ ਸੁੱਝ ਨਹੀਂ ਰਿਹਾ ਸੀ ਕਿ ਗੱਲ ਕਿੱਥੋਂ ਅਤੇ ਕਿਵੇਂ ਸ਼ੁਰੂ ਕਰੇ। ਉਹ ਸਵੇਰ ਤੋਂ ਹੀ ਸੋਚਾਂ ਸੋਚੀ ਆ ਰਿਹਾ ਸੀ।

-''ਤੈਨੂੰ ਕਿਹੜੇ ਕੇਸ 'ਚ ਲਿਆਏ ਐ?'' ਕੁਲਬੀਰੇ ਨੇ ਉਸ ਵੱਲ ਪਾਸਾ ਪਰਤਦਿਆਂ ਸਵਾਲ ਕੀਤਾ।

-''ਮੈਂ ਤਾਂ ਕੀਤਾ ਈ ਕੁਛ ਨਹੀਂ ਬਾਈ ਜੀ!''

-''ਫੇਰ ਤੈਨੂੰ ਕਾਹਤੋਂ ਵਲੀ ਬੈਠੇ ਐ?''

-''ਮੇਰਾ ਵੱਡਾ ਭਰਾ ਖ਼ਾੜਕੂਆਂ ਨਾਲ ਸੀ-ਪਰ ਪਤਾ ਨਹੀਂ ਕਿਵੇਂ ਮਾਰਿਆ ਗਿਆ-ਹੁਣ ਇਹ ਪੁੱਛਦੇ ਐ ਬਈ ਉਹਦੇ ਨਾਲ ਕਿਹੜੇ ਕਿਹੜੇ ਖ਼ਾੜਕੂ ਆਉਂਦੇ ਐਂ?''

-''ਕੀ ਨਾਂ ਸੀ ਤੇਰੇ ਭਾਈ ਦਾ?''

-''ਕੁਲਦੀਪ-!''

-''ਕੁਲਦੀਪ....!'' ਕੁਲਬੀਰਾ ਪਿਆ ਪਿਆ ਛਾਲ ਮਾਰ ਕੇ ਉਠਿਆ।

-''ਕੁਲਦੀਪ ਝੰਡੇਆਣੀਆਂ?''

-''ਹਾਂ ਬਾਈ-ਤੂੰ ਉਹਨੂੰ ਜਾਣਦੈਂ?''

-''ਕੁਲਦੀਪ ਤਾਂ ਮੇਰੇ ਨਾਲ ਹੁੰਦਾ ਸੀ।''

-''ਹੈਂ...! ਅੱਛਾ...!!''

-''ਹੋਰ...!''

-''ਤੇ ਬਾਈ ਉਹ ਮਾਰਿਆ ਕੀਹਨੇ?''

-''ਕਾਕੇ ਨੇ।''

-''..........।'' ਇੰਦਰਜੀਤ ਸਾਹ ਖਿੱਚ ਕੇ ਬੈਠ ਗਿਆ।

-''ਮੈਂ ਤਾਂ ਕਿਸੇ ਖ਼ਾੜਕੂ ਨੂੰ ਦੇਖਿਆ ਨਹੀਂ-ਪਰ ਇਹ ਬਥੇਰ੍ਹੇ ਲਾਲਚ ਦਿੰਦੇ ਐ-ਬਈ ਕੋਈ ਖ਼ਾੜਕੂ ਫੜਾ ਦੇਹ-ਤੈਨੂੰ ਆਹ ਦੇ

ਦਿਆਂਗੇ-ਕੋਈ ਕੋਠੀ ਅਲਾਟ ਕਰਵਾ ਦਿਆਂਗੇ-ਹਥਿਆਰਬੰਦ ਬਾਡੀਗਾਰਡ ਦਿਆਂਗੇ-ਖ਼ਾੜਕੂਆਂ 'ਤੇ ਰੱਖੇ ਇਨਾਮ ਸਾਰੇ ਤੇਰੇ-ਸਾਰੀ ਕਾਰਵਾਈ ਗੁਪਤ ਰੱਖੀ ਜਾ ਜਾਊਗੀ-ਜੌਹ ਐ-ਵੌਹ ਐ...!"
-"ਜੇ ਹੈਗੈ ਨਿਗਾਹ 'ਚ ਕੋਈ ਫੜਾ ਦੇਹ-ਅੱਜ ਨਹੀਂ ਤਾਂ ਕੱਲ੍ਹ-ਫੜੇ ਤਾਂ ਉਹਨਾਂ ਨੇ ਜਾਣਾ ਈ ਐ।"
-"ਬਾਈ ਜੀ ਜਦੋਂ ਮੈਂ ਕਿਸੇ ਨੂੰ ਜਾਣਦਾ ਈ ਨਹੀਂ-ਫੜਾਵਾਂ ਕਿੱਥੋਂ? ਜੇ ਮੈਨੂੰ ਪਤਾ ਵੀ ਹੁੰਦਾ-ਮੈਂ ਫੇਰ ਵੀ ਨਹੀਂ ਫੜਾਉਂਦਾ ਸੀ।"
-"ਕਿਉਂ?"
-"ਮੈਂ ਮਰਨੈਂ ਬਾਈ? ਉਹ ਤਾਂ ਸੋਧਾ ਵੀ ਟੱਬਰ ਸਮੇਤ ਲਾਉਂਦੇ ਐ-ਇਹ ਤਾਂ ਚਾਹੇ ਛੱਡ ਈ ਦੇਣ-ਪਰ ਉਹਨਾਂ ਤੋਂ ਭੱਜ ਕੇ ਜਾਊਂ ਕਿੱਥੇ?"
-"ਕੀ ਨਾਂ ਐਂ ਤੇਰਾ?"
-"ਇੰਦਰਜੀਤ-।"
-"ਗੱਲ ਸੁਣ ਇੰਦਰਜੀਤ-ਹੁਣ ਖ਼ਾੜਕੂਆਂ ਦੀ ਉਹ ਚੜ੍ਹਤ ਨਹੀਂ ਰਹੀ।"
-"........।"
-"ਜੇ ਵਗਦੀ ਗੰਗਾ ਵਿਚ ਹੱਥ ਧੋਤੇ ਜਾਂਦੇ ਐ-ਧੋਅ ਲੈ! ਮੂਵਮੈਂਟ ਤਾਂ ਖੂਹ ਖਾਤੇ ਪਈ ਹੋਈ ਐ-ਤਕੜੇ ਤਕੜੇ ਖ਼ਾੜਕੂ ਪੁਲਸ ਨੇ ਚੁਣ ਧਰੇ-ਬਾਕੀ ਦੇ ਲਿਸਟਾਂ 'ਤੇ ਚੜ੍ਹੇ ਹੋਏ ਐ।"
ਇੰਦਰਜੀਤ ਨੇ ਸੋਚਿਆ, ਕੁਲਬੀਰਾ ਮੇਰੇ ਨਾਲ ਚਾਲ ਨਾ ਖੇਡਦਾ ਹੋਵੇ? ਪਰ ਇਹ ਮੇਰਾ ਕਰ ਵੀ ਕੀ ਲਵੇਗਾ? ਜੇ ਇਹ ਠਾਣੇਦਾਰ ਦੇ ਆਖੇ ਨਾ ਲੱਗਿਆ ਤਾਂ ਉਹਨੇ ਇਹਨੂੰ ਬੱਕਰੇ ਵਾਂਗੂੰ ਕੁਤਰ ਕੇ ਪਰ੍ਹੇ ਮਾਰਨੈਂ!
-"ਜੇ ਬਾਈ ਇਹੀ ਸ਼ਰਤ ਠਾਣੇਦਾਰ ਤੇਰੇ ਅੱਗੇ ਰੱਖ ਦੇਵੇ-ਤਾਂ ਤੂੰ ਕੀ ਕਰੇਂਗਾ?" ਇੰਦਰਜੀਤ ਨੇ ਉਹਨੂੰ ਤਹਿ ਤੱਕ ਫਰੋਲਣਾ ਚਾਹਿਆ।
-"ਜੇ ਤੇਰੇ ਵਾਲੀਆਂ ਸਹੂਲਤਾਂ ਦੇਣ ਲਈ ਠਾਣੇਦਾਰ ਮੇਰੇ ਨਾਲ ਵਾਅਦਾ ਕਰੇ-ਤਾਂ ਮੈਂ ਤਾਂ ਪਲ ਨਾ ਲਾਵਾਂ।" ਕੁਲਬੀਰਾ ਵਾਕਿਆ ਹੀ ਗੱਦਾਰੀ 'ਤੇ ਉਤਰ ਆਇਆ ਸੀ।
-"ਜੇ ਐਸ਼ ਦੀ ਜ਼ਿੰਦਗੀ ਹਾਕਾਂ ਮਾਰੇ-ਸੁੱਖ ਕੇ ਦਿੱਤੈ ਬਈ ਕੰਡੇ ਮਰਵਾਉਂਦੇ ਫਿਰੀਏ?"
-"ਤੈਨੂੰ ਬਾਈ ਉਹ ਮਾਰ ਦੇਣਗੇ।"
-"ਮਾਰਨ ਨੂੰ ਤਾਂ ਉਹ ਮੈਨੂੰ ਪਹਿਲਾਂ ਈ ਫਿਰਦੇ ਐ! ਜੇ ਉਦੋਂ ਮੈਂ ਕੁਲਦੀਪ ਦੇ ਕੋਲ ਹੁੰਦਾ-ਉਹ ਮੇਰਾ ਵੀ ਨਾਲ ਈ ਡੰਡਾ ਡੁੱਕ ਦਿੰਦੇ-ਇਸ ਤੋਂ ਪਹਿਲਾਂ ਕਿ ਵਿਰੋਧੀ ਤੁਹਾਨੂੰ ਮਾਰੇ-ਉਹਦਾ ਫਣ ਚਿੱਪ ਮਾਰੋ! ਜੱਥੇਬੰਦੀ ਤੋਂ ਤਾਂ ਉਹਨਾਂ ਨੇ ਮੈਨੂੰ ਕਦੋਂ ਦਾ ਫਾਰਗ ਕੀਤਾ ਵਿਐ।"
ਇੰਦਰਜੀਤ ਸਮਝ ਗਿਆ ਕਿ ਕੁਲਬੀਰਾ ਖ਼ਾੜਕੂ ਜ਼ਰੂਰ ਫੜਾ ਦੇਵੇਗਾ।
-"ਤੈਨੂੰ ਬਾਈ ਉਹ ਕਾਹਤੋਂ ਮਾਰਨ ਨੂੰ ਫਿਰਦੇ ਐ?"
-"ਬੱਸ ਯਾਰ ਸਾਥੋਂ ਈ ਕੁਛ ਗਲਤੀਆਂ ਹੋ ਗਈਆਂ-ਪਰ ਉਹਨਾਂ ਨੇ ਵੀ ਘੱਟ ਨਹੀਂ ਕੀਤੀ-ਸਾਡਾ ਬੰਦਾ ਮਿੰਟ 'ਚ ਮਾਰ ਕੇ ਤੁਰ ਗਏ।" ਉਹ ਫਿਰ ਪੈ ਗਿਆ।
ਰਾਤ ਦੇ ਅੱਠ ਕੁ ਵਜੇ ਠਾਣੇਦਾਰ ਕੌਡੀਆਂ ਵਾਲੇ ਦਾ ਇੱਕ ਵਿਸ਼ਵਾਸ਼-ਪਾਤਰ ਰੋਟੀ ਲੈ ਕੇ ਆ ਗਿਆ। ਰੋਟੀ ਫੜਦੇ ਇੰਦਰਜੀਤ ਨੇ ਉਸ ਦਾ ਹੱਥ ਘੁੱਟ ਦਿੱਤਾ। ਜਿਸ ਦਾ ਪ੍ਰਤੱਖ ਇਸ਼ਾਰਾ ਸੀ ਕਿ ਸਵੇਰੇ ਠਾਣੇਦਾਰ ਉਸ ਨੂੰ ਲਾਜ਼ਮੀ ਮਿਲੇ।
ਉਹਨਾਂ ਰੋਟੀ ਖਾ ਲਈ। ਬੰਦਾ ਭਾਂਡੇ ਬੰਨ੍ਹ ਕੇ ਤੁਰ ਗਿਆ।
-"ਸੌਂਈਏ ਯਾਰ ਬਹੁਤ ਹੰਭੇ ਪਏ ਐਂ-ਕੀ ਪਤੈ ਇਹਨਾਂ ਨੇ ਕਿਹੜੇ ਮੌਕੇ ਉਠਾ ਕੇ ਮੂਧਾ ਪਾ ਲੈਣੈਂ।" ਕੁਲਬੀਰੇ ਨੇ ਮੂੰਹ 'ਤੇ ਕੰਬਲ ਲੈਂਦਿਆਂ ਕਿਹਾ। ਉਹ ਕਈ ਰਾਤਾਂ ਦਾ ਅਨੀਂਦਰਾ ਵੀ ਸੀ।
-"ਜੇ ਬਾਈ ਮੂਧਾ ਪਾਉਣਾ ਹੁੰਦਾ ਪ੍ਰਛਾਦੇ ਨਹੀਂ ਛਕਾਉਂਦੇ ਸੀ-ਹੁਣ ਨੂੰ ਘੜ੍ਹੀਸ ਲੈਂਦੇ।"
-"ਬੱਕਰੇ ਨੂੰ ਬਲੀ ਦੇਣ ਤੋਂ ਪਹਿਲਾਂ ਮਹਿੰਦੀ ਲਾ ਕੇ ਸ਼ਿੰਗਾਰਿਆ ਜਾਂਦੈ-ਤਰ੍ਹਾਂ ਤਰ੍ਹਾਂ ਦੇ ਸ਼ਗਨ ਕੀਤੇ ਜਾਂਦੇ ਐ-ਬਲੀ ਦੇਣ ਤੋਂ ਬਾਅਦ ਫਿਰ ਉਸ ਨੂੰ ਚਸਕੇ ਲਾ ਲਾ ਕੇ ਖਾਧਾ ਜਾਂਦੈ-ਬਿਸਮਿੱਲਾ ਕਹਿ ਕੇ ਜਦੋਂ ਗਰਦਨ 'ਤੇ ਛੁਰੀ ਫਿਰਦੀ ਐ-ਉਦੋਂ ਬੱਕਰੇ ਨੂੰ ਪੜ੍ਹੀਆਂ ਜਾਣ ਵਾਲੀਆਂ ਕਲਮਾਂ ਨਹੀਂ ਸੁਣਦੀਆਂ, ਬਾਈ।"
-"ਚੱਲ ਬਾਈ ਸੌਂ ਜਾਹ-ਜੋ ਹੋਊ ਦੇਖੀ ਜਾਊ।" ਇੰਦਰਜੀਤ ਵੀ ਕੰਬਲ ਦੱਬ ਕੇ ਪੈ ਗਿਆ।
ਕੁਲਬੀਰ ਨੂੰ ਤਾਂ ਪੈਣ ਸਾਰ ਹੀ ਨੀਂਦ ਆ ਗਈ। ਪਰ ਇੰਦਰਜੀਤ ਸੋਚਾਂ ਦੀਆਂ ਘੁੰਮਣਘੇਰੀਆਂ ਵਿਚ ਫ਼ਸਿਆ ਹੋਇਆ ਸੀ। ਕੁਲਬੀਰਾ ਤਾਂ ਜਿੰਨਾ ਉਸ ਨੇ ਸੋਚਿਆ ਸੀ, ਉਸ ਨਾਲੋਂ ਵੀ ਸੌਖਾ ਹੀ ਹੱਥ ਵਿਚ ਆ ਗਿਆ ਸੀ। ਪਰ ਇੰਦਰਜੀਤ ਪੈਰ ਨਹੀਂ ਛੱਡਣੇਂ ਚਾਹੁੰਦਾ ਸੀ। ਉਹ ਗੱਲੀਂ ਬਾਤੀਂ ਠਾਣੇਦਾਰ ਨੂੰ ਇੱਕ ਅੱਧਾ ਦਿਨ ਹੋਰ ਟਰਕਾਉਣਾ ਚਾਹੁੰਦਾ ਸੀ। ਇਨਾਮਾਂ ਵਿਚੋਂ ਮਿਲਣ ਵਾਲੀ ਰਕਮ ਲਈ ਪੱਕਾ ਥੜ੍ਹਾ ਤਿਆਰ ਕਰਨਾ ਚਾਹੁੰਦਾ ਸੀ। ਉਸ ਅੰਦਰ ਕੋਇਲ-ਕਾਂ ਵਾਲਾ ਯੁੱਧ ਚੱਲ ਰਿਹਾ ਸੀ।
ਤੜਕਿਓਂ ਚਾਹ ਪੀਣ ਸਾਰ ਹੀ ਇੰਦਰਜੀਤ ਨੂੰ ਬਾਹਰ ਕੱਢ ਲਿਆ। ਹੱਥਕੜੀ ਉਸ ਦੇ ਲੱਗੀ ਹੋਈ ਸੀ। ਕਾਲੇ ਸ਼ੀਸ਼ਿਆਂ ਵਾਲੀ ਵੈਨ ਉਸ ਨੂੰ ਲੱਦ ਕੇ ਲੈ ਗਈ। ਵੈਨ ਵਿਚ ਬੈਠਣ ਸਾਰ ਹੀ ਉਸ ਦੀਆਂ ਹੱਥਕੜੀਆਂ ਖੋਲ੍ਹ ਦਿੱਤੀਆਂ ਗਈਆਂ। ਉਸ ਨੇ ਗੁੱਟ ਮਸਲਣੇਂ ਸ਼ੁਰੂ ਕਰ ਦਿੱਤੇ।
ਵੈਨ ਹੋਟਲ ਮੂਹਰੇ ਜਾ ਕੇ ਰੁਕ ਗਈ। ਇੰਦਰਜੀਤ ਅਪਾਰਟਮੈਂਟ ਵਿਚ ਪਹੁੰਚ ਗਿਆ। ਠਾਣੇਦਾਰ ਪਹਿਲਾਂ ਹੀ ਉਸ ਦੀ ਉਡੀਕ ਕਰ ਰਿਹਾ ਸੀ।
-"ਸਾਸਰੀਕਾਲ ਜੀ...!"

-"ਬੈਠ....!" ਅੱਜ ਠਾਣੇਦਾਰ ਦਾ ਰੁਕ ਕੁਝ ਬਦਲਿਆ ਹੋਇਆ ਸੀ।
-"ਪਈ ਕੋਈ ਮਿਹਨਤ ਪੱਲੇ?"
-"ਮੇਰਾ ਉਹਦੀ ਪੂਛ ਨੂੰ ਵੱਟ ਚਾਹੜਿਆ ਹੋਇਐ ਜੀ।"
-"ਕਈ ਵਾਰੀ ਪੂਛ ਮਰੋੜੀ ਤੋਂ ਪਸੂ ਮੋਕ ਦੀ ਧਰਾਲ੍ਹ ਮੂੰਹ 'ਤੇ ਮਾਰਦੈ-ਮੂੰਹ ਤਾਂ ਲਿੱਬੜਦਾ ਈ ਲਿੱਬੜਦੈ ਤੇ ਨਾਲ ਦੀ ਨਾਲ ਮੁਸ਼ਕ ਵੀ ਆਉਂਦੈ ਤੇ ਦਿਸਣਾ ਵੀ ਬੰਦ ਹੋ ਜਾਂਦੈ-ਜੱਗ ਹਸਾਈ ਵਾਧੂ ਦੀ ਹੋ ਜਾਂਦੀ ਐ-ਤੇ ਯਾਦ ਕਰ ਕਰ ਭੁੱਖ ਵੀ ਲੱਗਣੋਂ ਹਟ ਜਾਂਦੀ ਐ।" ਠਾਣੇਦਾਰ ਉਸ ਦੇ ਚਿਹਰੇ ਤੋਂ ਚਲਾਕੀ ਪੜ੍ਹ ਗਿਆ ਸੀ।
ਠਾਣੇਦਾਰ ਦੀਆਂ ਕੀਤੀਆਂ ਗੋਲ ਗੱਲਾਂ ਸੁਣ ਕੇ ਇੰਦਰਜੀਤ ਅੰਦਰੋਂ ਥਿੜਕ ਗਿਆ। ਉਹ ਸੋਚ ਰਿਹਾ ਸੀ ਕਿ ਕਿਤੇ ਕੌਡੀਆਂ ਵਾਲੇ ਨੇ ਸਾਡੀਆਂ ਗੱਲਾਂ ਸੁਣ ਤਾਂ ਨਹੀਂ ਲਈਆਂ ਸਨ?
-"ਸਾਹਿਬ ਬਹਾਦਰ! ਮੈਨੂੰ ਅੱਜ ਦਾ ਦਿਨ ਅਤੇ ਰਾਤ ਦਿੱਤੀ ਜਾਵੇ-ਕੱਲ੍ਹ ਨੂੰ ਮੈਂ ਤੁਹਾਡੇ ਜ਼ਰੂਰ ਕੁਛ ਨਾ ਕੁਛ ਪੱਲੇ ਪਾਵਾਂਗਾ।"
-"ਦਿੱਤੇ...! ਪਰ ਕੱਲ੍ਹ ਨੂੰ ਮੈਨੂੰ ਨਿਰਾਸ਼ ਨਾ ਕਰੀਂ!"
-"ਵਾਅਦਾ ਰਿਹਾ ਸਾਹਿਬ ਬਹਾਦਰ।"
ਉਹ ਉਠ ਖੜ੍ਹੇ।
ਜਦੋਂ ਉਹ ਹੋਟਲ ਦੀਆਂ ਪੌੜੀਆਂ ਉਤਰ ਰਹੇ ਸਨ ਤਾਂ ਦੂਰੋਂ ਰੈਂਸੀ ਦੀ ਨਜ਼ਰ ਉਹਨਾਂ 'ਤੇ ਪਈ। ਰੈਂਸੀ ਹੋਟਲ ਦੇ ਸਾਹਮਣੇ ਵਾਲੀ ਜੁੱਤੀਆਂ ਦੀ ਦੁਕਾਨ 'ਤੇ ਖੜ੍ਹਾ ਸੀ। ਠਾਣੇਦਾਰ ਉਂਗਲਾਂ ਮਾਰ ਮਾਰ ਕੇ ਇੰਦਰਜੀਤ ਨੂੰ ਕੁਝ ਸਮਝਾ ਰਿਹਾ ਸੀ ਜਾਂ ਕੋਈ ਹਦਾਇਤ ਕਰ ਰਿਹਾ ਸੀ। ਰੈਂਸੀ ਅੰਦਰ ਅੱਗ ਮੱਚੀ। ਅੱਖਾਂ ਵਿਚ ਖੂਨ ਉਤਰ ਆਇਆ। ਉਸ ਦੇ ਦਿਲ ਵਿਚ ਆਈ ਕਿ ਦੋਹਾਂ ਨੂੰ ਰਿਵਾਲਵਰ ਦੀ ਗੋਲੀ ਨਾਲ ਉੜਾ ਦੇਵੇ! ਪਰ ਮੌਕਾ ਸਾਥ ਨਹੀਂ ਦੇ ਰਿਹਾ ਸੀ। ਕੀ ਪਤੈ ਕਾਲੇ ਸ਼ੀਸ਼ਿਆਂ ਵਾਲੀ ਵੈਨ ਵਿਚ ਕਿੰਨੇ ਕੁ ਹਥਿਆਰਬੰਦ ਸਿਪਾਹੀ ਹੋਣਗੇ? ਮਰਨ ਦਾ ਰੈਂਸੀ ਨੂੰ ਕੋਈ ਡਰ ਨਹੀਂ ਸੀ। ਡਰ ਉਸ ਨੂੰ ਠਾਣੇਦਾਰ ਅਤੇ ਇੰਦਰਜੀਤ ਦੇ ਬਚ ਕੇ ਨਿਕਲ ਜਾਣ ਦਾ ਸੀ। ਉਸ ਨੇ ਪੂਰਾ ਤਿਆਰ-ਬਰ-ਤਿਆਰ ਹੋ ਕੇ ਇੱਥੇ ਹੀ ਸਰਗਰਮ ਰਹਿਣ ਲਈ ਸੋਚ ਲਿਆ। ਫਿਰ ਰੈਂਸੀ ਨੇ ਦੇਖਿਆ ਕਿ ਇੰਦਰਜੀਤ ਕਾਲੇ ਸ਼ੀਸ਼ਿਆਂ ਵਾਲੀ ਵੈਨ ਵਿਚ ਅਤੇ ਠਾਣੇਦਾਰ ਆਪਣੀ ਜਿਪਸੀ ਵਿਚ ਬੈਠ ਕੇ ਵੱਖੋ-ਵੱਖ ਦਿਸ਼ਾਵਾਂ ਨੂੰ ਤੁਰ ਪਏ।
ਰੈਂਸੀ ਜੁੱਤੀ ਲੈ ਆਪਣੇ ਰਾਹ ਪੈ ਗਿਆ। ਉਸ ਦੇ ਦਿਲ ਵਿਚ ਇਹ ਡਰ ਸੀ ਕਿ ਇੰਦਰਜੀਤ ਉਸ ਨੂੰ ਬਜ਼ਾਰ ਵਿਚ ਘੁੰਮਦੇ ਨੂੰ ਨਾ ਫੜਾ ਦੇਵੇ। ਉਸ ਨੇ ਤਾਂ ਫ਼ੋਰਸ ਨੂੰ ਇਸ਼ਾਰਾ ਹੀ ਕਰ ਦੇਣਾ ਸੀ। ਕੌਡੀਆਂ ਵਾਲੇ ਨੂੰ ਸੋਧਾ ਲਾਉਣਾ ਤਾਂ ਵਿਚੇ ਹੀ ਰਹਿ ਜਾਣਾ ਸੀ। ਦਿਲ ਦੀਆਂ ਸਧਰਾਂ ਦਿਲ ਵਿਚ ਹੀ ਰਹਿ ਜਾਣੀਆਂ ਸਨ। ਉਹ ਸੋਚ ਰਿਹਾ ਸੀ ਕਿ ਇਕ ਵਾਰ ਠਾਣੇਦਾਰ ਅਤੇ ਇੰਦਰਜੀਤ ਨੂੰ ਲੈ ਲਵਾਂ, ਫਿਰ ਚਾਹੇ ਨਾਲ ਹੀ ਮਰ ਜਾਵਾਂ। ਕੋਈ ਪ੍ਰਵਾਹ ਨਹੀਂ ਸੀ। ਉਹ ਮਰਨ ਮਾਰਨ 'ਤੇ ਤੁਲਿਆ ਹੋਇਆ ਸੀ। ਠਾਣੇਦਾਰ ਅਤੇ ਇੰਦਰਜੀਤ ਤੋਂ ਬਿਨਾ ਉਸ ਨੂੰ ਕੁਝ ਦਿਸ ਹੀ ਨਹੀਂ ਰਿਹਾ ਸੀ। ਉਸ ਨੇ ਘਾੜਤਾਂ ਘੜਨੀਆਂ ਸ਼ੁਰੂ ਕਰ ਦਿੱਤੀਆਂ। ਉਹ ਅਜਿਹਾ ਐਕਸ਼ਨ ਕਰਨਾ ਚਾਹੁੰਦਾ ਸੀ ਕਿ ਸਿਰਫ਼ ਇੰਦਰਜੀਤ ਅਤੇ ਠਾਣੇਦਾਰ ਹੀ ਮਰਨ, ਹੋਰ ਕਿਸੇ ਬੇਕਸੂਰ ਦੀ ਜਾਨ ਨਾ ਜਾਵੇ। ਕੋਈ ਗਰੀਬ ਨਾ ਮਾਰਿਆ ਜਾਵੇ।
ਕਾਲੇ ਸ਼ੀਸ਼ਿਆਂ ਵਾਲੀ ਵੈਨ ਨੇ ਫਿਰ ਉਸ ਨੂੰ ਉਸ ਟਿਕਾਣੇਂ 'ਤੇ ਹੀ ਪਹੁੰਚਾ ਦਿੱਤਾ। ਹੱਥਕੜੀਆਂ ਉਸ ਦੇ ਫਿਰ ਜੜ ਦਿੱਤੀਆਂ ਗਈਆਂ ਸਨ।
ਲੱਤ ਮਾਰ ਕੇ ਇਕ ਸਿਪਾਹੀ ਨੇ ਉਸ ਨੂੰ ਕਮਰੇ ਅੰਦਰ ਕਰ ਦਿੱਤਾ।
-"ਮੇਰੇ ਸਾਲੇ ਪਸੂਆਂ ਮਾਂਗੂੰ ਧੱਕੇ ਮਾਰਦੇ ਐ।" ਇੰਦਰਜੀਤ ਡਿੱਗਦਾ ਮਸਾਂ ਹੀ ਬਚਿਆ ਸੀ।
-"ਅੱਜ ਕਾਹਦੇ ਵਾਸਤੇ ਲੈ ਕੇ ਗਏ ਸੀ?"
-"ਬੱਸ ਅੰਨ੍ਹੇ ਮੂਹਰੇ ਬਾਤ ਪਾਈ-ਅੱਖਾਂ! ਇਕੋ ਈ ਗੱਲ ਐ, ਅਖੇ ਖ਼ਾੜਕੂ ਫੜਾ।"
-"........।" ਕੁਲਬੀਰਾ ਵੀ ਕਾਲਾ ਕਾਂ ਸੀ। ਘਾਟ ਘਾਟ ਦਾ ਪਾਣੀ ਪੀਤਾ ਹੋਇਆ ਸੀ। ਤਰ੍ਹਾਂ ਤਰ੍ਹਾਂ ਦੇ ਬੰਦਿਆਂ ਨਾਲ ਵਾਹ ਪਿਆ ਸੀ। ਉਹ ਇਕ ਤੁਰਦੀ ਫਿਰਦੀ ਲਾਇਬਰੇਰੀ ਸੀ। ਉਸ ਨੇ ਸੋਚਿਆ ਬਈ ਜਿਵੇਂ ਇਹਨੂੰ ਮਹਿਮਾਨਾਂ ਵਾਂਗੂੰ ਲੈ ਕੇ ਜਾਂਦੇ ਐ ਤੇ ਫੇਰ ਸਹੀ ਸਲਾਮਤ ਛੱਡ ਜਾਂਦੇ ਐ-ਖ਼ੈਰ ਹੱਥਾ ਇਹ ਵੀ ਨਹੀਂ! ਦਾਲ ਵਿਚ ਕਿਤੇ ਕਾਲਾ ਜ਼ਰੂਰ ਐ! ਕਿਸੇ ਨੇ ਕਿਸੇ ਨੂੰ ਕਿਹਾ ਕਿ ਤੇਰੀ ਮਾਂ ਅੱਜ ਗਹੀਰਿਆਂ ਵਿਚ ਕੀ ਕਰਦੀ ਫਿਰਦੀ ਸੀ? ਉਸ ਨੇ ਉਲਟਾ ਪੁੱਛਿਆ ਕਿ ਕੀਹਨੇ ਦੇਖਿਐ? ਕਹਿੰਦਾ ਅਖੇ ਮੇਰੀ ਮਾਂ ਨੇ! ਤੇ ਦੂਜਾ ਬੋਲਿਆ-ਖ਼ੈਰਾਂ ਹੱਥੀ ਤੇਰੀ ਮਾਂ ਵੀ ਨਹੀਂ!
ਇਕ ਚੁੱਪ ਛਾਈ ਹੋਈ ਸੀ। ਇੰਦਰਜੀਤ ਨੂੰ ਕੁਲਬੀਰੇ ਦੀ ਚੁੱਪ ਤੋਂ ਡਰ ਆਇਆ।
ਇਧਰ ਕੁਲਬੀਰਾ ਸੋਚ ਰਿਹਾ ਸੀ ਕਿ ਜੇ ਇਹ ਵਾਕਿਆ ਹੀ ਪੁਲੀਸ ਦਾ ਬੰਦਾ ਹੋਇਆ ਅਤੇ ਇਸ ਨਾਲ ਬਦਸਲੂਕੀ ਹੋ ਗਈ? ਤਾਂ ਫਿਰ ਧਰਮਰਾਜ ਮੂਹਰੇ ਜਾ ਕੇ ਹੀ ਅੱਖਾਂ ਖੁੱਲ੍ਹਣਗੀਆਂ।
-"ਬਾਈ ਆਪਣੇ ਨਾਲ ਇਹ ਕੀ ਕਰਨਗੇ? ਝੂਠੇ ਕੇਸ ਪਾਉਣਗੇ?" ਇੰਦਰਜੀਤ ਨੇ ਹੀ ਚੁੱਪ ਨੂੰ ਤੋੜਿਆ।
-"ਇਹਨਾਂ ਹੱਥ ਜਾਨ ਐਂ-ਜੋ ਮਰਜ਼ੀ ਐ ਕਰ ਸਕਦੇ ਐ।"
-"ਪਰ ਤੂੰ ਕਿਉਂ ਨਹੀਂ ਆਪਦੀ ਜਾਨ ਛੁਡਾਉਂਦਾ?"
-"ਮੈਂ ਕਿਸੇ ਖ਼ਾੜਕੂ ਨੂੰ ਜਾਣਦਾ ਈ ਨਹੀਂ।"
-"ਪੱਕੀ ਗੱਲ ਐ?"
-"ਹਾਂ।"
ਕੁਲਬੀਰੇ ਨੇ ਪਹਿਲਾਂ ਸੋਚਿਆ ਬਈ ਇਹਨੂੰ ਕਿਸੇ ਖ਼ਾੜਕੂ ਅੱਡੇ ਬਾਰੇ ਦੱਸ ਦਿਆਂ। ਪਰ ਫਿਰ ਉਸ ਨੇ ਮਨ ਬਦਲ ਲਿਆ। ਉਸ ਦੇ ਦਿਮਾਗ ਵਿਚ ਆਇਆ, ਜੇ ਮੈਂ ਭੇਦ ਦੇ ਦਿੱਤਾ ਤਾਂ ਫਿਰ ਮੈਨੂੰ ਲੈਣ ਦੇਣ ਨੂੰ ਕੀ ਐ? ਹੋ ਸਕਦੈ ਇਸ ਤੋਂ ਬਾਅਦ ਠਾਣੇਦਾਰ ਮੇਰੇ 'ਤੇ ਡੋਰੇ ਪਾਵੇ? ਹੋ ਸਕਦੈ ਉਹ ਇਹਦੇ ਵਾਲੀਆਂ ਸਹੂਲਤਾਂ ਮੈਨੂੰ ਵੀ ਆਫ਼ਰ ਕਰੇ? ਰਹਿੰਦੀ ਜ਼ਿੰਦਗੀ ਤਾਂ ਐਸ਼ ਦੀ ਨਿੱਕਲੂ! ਕੁਲਬੀਰਿਆ!

ਸਿਆਣੇ ਕਹਿੰਦੇ ਹੁੰਦੇ ਐ, ਜੁੱਲ ਕੰਧੋਲੇ ਮੌਜਾਂ ਮਾਨਣ ਆਕੜ ਪਾਲੇ ਮਰਦੀ ਐ! ਤੂੰ ਇਤਿਹਾਸ 'ਤੇ ਨਜ਼ਰ ਮਾਰ ਕੇ ਦੇਖ ਲੈ! ਦੇਸ਼ ਭਗਤਾਂ ਦੇ ਹਿੱਸੇ ਹਮੇਸ਼ਾ ਸਿਰਫ਼ ਫ਼ਾਂਸੀ ਹੀ ਆਈ ਐ! ਤੇ ਟੋਡੀਆਂ ਨੂੰ ਜਾਗੀਰਾਂ ਮਿਲੀਐਂ! ਹੁਣ ਸੋਚਣਾ ਤੇਰਾ ਕੰਮ ਐਂ! ਬਈ ਖਾਣੀ ਗੋਲੀ ਐ ਕਿ ਮੌਜ ਮਾਨਣੀ ਐਂ? ਪਰ ਫਿਰ ਤਾਂ ਨਰਕਾਂ ਦਾ ਭਾਗੀ ਹੋਵੇਂਗਾ! ਪਰ ਕੁਲਬੀਰਿਆ! ਨਰਕ ਸੁਰਗ ਕਿਸੇ ਨੇ ਦੇਖਿਐ? ਇਹ ਤਾਂ ਕਲਪਤਿ ਗੱਲਾਂ ਹਨ! ਤੂੰ ਐਥੋਂ ਦੀ ਸੋਚ-ਅੱਗੇ ਵੇਖੀ ਜਾਊ! ਇਹ ਜ਼ਿੰਦਗੀ ਨਿੱਤ ਨਿੱਤ ਹੱਥ ਨਹੀਂ ਆਉਣੀ! ਰਹਿੰਦੀ ਜ਼ਿੰਦਗੀ ਐਸ਼ ਦੀ ਕੱਟ! ਕੁਲਬੀਰੇ ਅੰਦਰ ਸੋਚਾਂ ਦਾ ਖੂਹ ਗਿੜ ਰਿਹਾ ਸੀ।

-"ਤੂੰ ਇਕ ਗੱਲ ਕਰ ਯਾਰ!" ਕੁਲਬੀਰਾ ਉਠ ਕੇ ਇੰਦਰਜੀਤ ਕੋਲ ਆ ਗਿਆ।

-"ਤੂੰ ਠਾਣੇਦਾਰ ਕੋਲ ਮੇਰੇ ਬਾਰੇ ਬਾਤ ਪਾ।"

-"ਕਾਹਦੀ...?"

-"ਤੂੰ ਠਾਣੇਦਾਰ ਨਾਲ ਮੇਰੀ ਗੱਲ ਕਰਵਾ ਤੇ ਮੈਂ ਆਪੇ ਤੇਰੀ ਖ਼ਲਾਸੀ ਕਰਵਾ ਦਿਊਂ।" ਕੁਲਬੀਰੇ ਨੇ ਆਪਣੀ ਅਸਲ ਗੱਲ ਬੋਚ, ਉਸ ਦੇ ਸਾਹਮਣੇ 'ਰਿਹਾਈ' ਦੇ ਦਾਣੇਂ ਖਿਲਾਰੇ।

-"ਬਾਤ ਤਾਂ ਮੈਂ, ਤਾਂ ਪਾਊਂ-ਜੇ ਉਹ ਹੁਣ ਮੈਨੂੰ ਬੁਲਾਊ-ਕੀ ਪਤੈ ਨਾ ਹੀ ਬੁਲਾਵੇ?" ਇੰਦਰਜੀਤ ਨੇ ਪੈਰ ਛੱਡਣੇ ਬੇਵਕੂਫ਼ੀ ਸਮਝੀ।

-"ਆਪਾਂ ਨੂੰ ਉਹ ਸਰਾਧ ਖੁਆਉਣ ਤਾਂ ਲੈ ਕੇ ਈ ਨਹੀਂ ਆਏ-ਗੌਰਮਿੰਟ ਦਾ ਇਹਨਾਂ ਨੂੰ ਐਲਾਨ ਐਂ ਬਈ ਖ਼ਾੜਕੂਵਾਦ 'ਤੇ ਕਾਬੂ ਪਾਓ-ਕਿਵੇਂ ਪਾਓ! ਇਸ ਲਈ ਆਪਣੇ ਨਾਲੋਂ ਉਹਨਾਂ ਨੂੰ ਜ਼ਿਆਦਾ ਕਾਹਲੀ ਐ-ਚੋਰ ਨਾਲੋਂ ਪੰਡ ਭਾਰੀ ਐ-ਤੂੰ ਰੋਟੀ ਦੇਣ ਆਏ ਬੰਦੇ ਕੋਲ ਸੁਨੇਹਾਂ ਭੇਜ ਬਈ ਤੂੰ ਠਾਣੇਦਾਰ ਨਾਲ ਗੱਲ ਕਰਨੀ ਐਂ।"

-"ਸੁਨੇਹਾਂ ਕੀ ਦੇਵਾਂ? ਸਿਪਾਹੀ ਤਾਂ ਗਾਲ੍ਹ ਤੋਂ ਬਿਨਾ ਗੱਲ ਨਹੀਂ ਕਰਦੇ?"

-"ਇਹ ਸਾਰੇ ਇਕੋ ਬੇੜੀ ਦੇ ਵੱਟੇ ਐ-ਅੰਦਰੋਂ ਇਹਨਾਂ ਦੀ ਗੱਲ ਇਕ ਹੀ ਹੁੰਦੀ ਐ-ਮਿਰਗਾਂ ਦੀ ਡਾਰ 'ਚ ਕੋਈ ਕਮਚਾਲਾ ਨਹੀਂ ਹੁੰਦਾ-ਸਾਰੇ ਇਕ ਦੂਜੇ ਤੋਂ ਵਧ ਕੇ ਛਾਲ ਮਾਰਦੇ ਐ।"

ਉਹਨਾਂ ਦੇ ਗੱਲਾਂ ਕਰਦਿਆਂ ਰੋਟੀ ਆ ਗਈ।

ਜਦ ਬੰਦਾ ਰੋਟੀ ਦੇ ਕੇ ਮੁੜਨ ਲੱਗਿਆ ਤਾਂ ਇੰਦਰਜੀਤ ਨੇ ਉਸ ਨੂੰ ਅੱਖ ਮਾਰ ਕੇ ਰੋਕ ਲਿਆ।

-"ਬਾਈ ਜੀ ਗੱਲ ਸੁਣਿਓਂ...!"

-"ਭੈਣ ਦਿਆ ਖਸਮਾਂ! ਤੈਨੂੰ ਬੋਲਣ ਦੀ ਅਕਲ ਵੀ ਨਹੀਂ ਉਏ..?" ਉਸ ਨੇ ਦੰਦ ਘੁੱਟ ਕੇ ਇੰਦਰਜੀਤ ਦੇ ਇਕ ਮੁੱਕੀ ਮਾਰੀ। ਉਸ ਦੀ ਪੱਗ ਡਿੱਗ ਪਈ।

ਪਰ ਉਹ ਸੰਭਲਿਆ।

-"ਸਰਦਾਰ ਬਹਾਦਰ ਮੇਰੀ ਗੱਲ ਤਾਂ ਸੁਣੋਂ!"

-"ਜੇ ਇਉਂ ਪਹਿਲਾਂ ਈ ਨਿੱਕੀ ਯਹਾ ਦਿੰਦਾ..? ਹਾਂ..! ਹੁਣ ਬਕ..?"

-"ਮੈਂ ਠਾਣੇਦਾਰ ਸਾਹਿਬ ਨਾਲ ਗੱਲ ਕਰਨੀ ਐਂ।"

-"ਠਾਣੇਦਾਰ ਸਿਰਫ਼ ਤੇਰੇ 'ਤੇ ਈ ਐ? ਉਹਨੂੰ ਹੋਰ ਬਥੇਰ੍ਹੇ ਕੰਮ ਐਂ!"

-"ਸਾਹਿਬ ਬਹਾਦਰ ਮੇਰਾ ਸੁਨੇਹਾਂ ਤਾਂ ਪਹੁੰਚਾ ਦਿਓਂਗੇ?"

-".........।" ਉਹ ਤੁਰ ਗਿਆ।

-"ਲੈ ਬਾਈ..! ਗੱਲ ਈ ਨਹੀਂ ਗੌਲਦੇ ਭੈਣ ਦੇ ਲੱਕੜ-ਅੱਖ ਈ ਨਹੀਂ ਮਿਲਾਉਂਦੇ!" ਇੰਦਰਜੀਤ ਪਿੱਟਿਆ।

ਸ਼ਾਮ ਨੂੰ ਹੀ ਇੰਦਰਜੀਤ ਨੂੰ ਵੈਨ ਲੈ ਗਈ।

-"ਸਾਹਿਬ ਬਹਾਦਰ-ਬੰਦਾ ਮੈਂ ਸਾਣ 'ਤੇ ਲਾ ਦਿੱਤੈ-ਜਿੱਥੇ ਮਰਜੀ ਐ ਵਾਹ ਲਿਓ...!"

-"ਤੂੰ ਅੱਜ ਦੀ ਰਾਤ ਉਥੇ ਈ ਕੱਟ-ਤੇ ਜਦੋਂ ਮੇਰੀ ਉਹਦੇ ਨਾਲ ਸਾਰੀ ਗੱਲ ਹੋ ਗਈ-ਤੂੰ ਹਫ਼ਤੇ ਖੰਡ ਲਈ ਡਲਹੌਜੀ ਸਰਬਜੀਤ ਕੋਲ ਚਲਿਆ ਜਾਹ-ਮੈਂ ਉਹਨੂੰ ਫ਼ੋਨ ਕਰ ਦਿੰਨੈ-ਉਹ ਤੈਨੂੰ ਮਿਹਰ ਹੋਟਲ ਵਿਚ ਮਿਲੂਗਾ-ਉਦੋਂ ਨੂੰ ਮੈਂ ਬਾਕੀ ਦੇ ਮੁੰਡੇ ਫੜ ਕੇ ਅੰਦਰ ਦਿੰਨੈ-ਉਦੋਂ ਤੱਕ ਤੇਰੀ ਜਾਨ ਨੂੰ ਖ਼ਤਰਾ ਈ ਖ਼ਤਰੈ-ਜਿੰਨਾ ਚਿਰ ਮੈਂ ਤੈਨੂੰ ਫ਼ੋਨ ਨਾ ਕਰਾਂ-ਤੂੰ ਡਲਹੌਜੀ ਤੋਂ ਨਹੀਂ ਆਉਣਾ-ਉਥੇ ਖਾਈਂ ਪੀਈਂ ਤੇ ਮੌਜ ਕਰੀਂ-ਤੇਰਾ ਸਾਰਾ ਖ਼ਰਚਾ ਸਰਬਜੀਤ ਝੱਲੂਗਾ-ਮੈਂ ਉਹਦੇ ਚੰਗੀ ਤਰ੍ਹਾਂ ਕੰਨ ਖਿੱਚ ਦਿੰਨੈਂ।"

-"ਠੀਕ ਐ ਸਰ! ਪਰ ਆਪਣੀਆਂ ਹੋਰ ਗੱਲਾਂ ਵਿਚ ਮੈਨੂੰ ਕਦੇ ਕਹਿਣਾ ਯਾਦ ਈ ਨਹੀਂ ਰਿਹਾ-।"

-"ਕੀ ਗੱਲ ਐ?" ਠਾਣੇਦਾਰ ਹੈਰਾਨ ਸੀ।

-"ਜਿਹੜਾ ਰੈਂਸੀ ਐ-ਉਹ ਬੜਾ ਹੱਥ ਧੋ ਕੇ ਤੁਹਾਡੇ ਮਗਰ ਪਿਆ ਵਿਐ-ਖ਼ਿਆਲ ਰੱਖਿਓ!" ਇੰਦਰਜੀਤ ਦੇ ਦਿਲ ਵਿਚ ਸੀ ਕਿ ਜੇ ਕੌਡੀਆਂ ਆਲਾ ਹੀ ਮਾਰਿਆ ਗਿਆ, ਫਿਰ ਮੇਰਾ ਵਾਲੀ-ਵਾਰਿਸ ਕੌਣ ਸੀ? ਠਾਣੇਦਾਰ ਤਾਂ ਉਸ ਲਈ ਇਕ ਰਿਜ਼ਰਵ-ਬੈਂਕ ਸੀ, ਜਿੱਥੋਂ ਉਸ ਨੂੰ ਚੈੱਕ ਪ੍ਰਾਪਤ ਹੋਣੇ ਸਨ! ਜੇ ਬੈਂਕ ਹੀ ਤਬਾਹ ਹੋ ਗਈ, ਤਾਂ ਫਿਰ ਨਾਅਵਾਂ ਕਿੱਥੋਂ ਆਉਣਾ ਸੀ? ਖੂਹ 'ਚੋਂ? ਇਸ ਲਈ ਉਹ ਠਾਣੇਦਾਰ ਦੀ ਸਲਾਮਤੀ ਹੀ ਮੰਗਦਾ ਸੀ।

ਠਾਣੇਦਾਰ ਉਚੀ ਉਚੀ ਹੱਸ ਪਿਆ।

-"ਉਹ ਮੈਨੂੰ ਭਾਲਦੇ ਫਿਰਦੇ ਐ-ਮੈਂ ਉਹਨਾਂ ਨੂੰ ਭਾਲਦਾ ਫਿਰਦੈਂ-ਇਕ ਦਿਨ ਤਾਂ ਟਾਕਰੇ ਹੋਣੇ ਹੀ ਹੋਣੇ ਐਂ-ਛੁਰੀ ਖ਼ਰਬੂਜੇ 'ਤੇ ਡਿੱਗੇ ਜਾਂ ਖ਼ਰਬੂਜਾ ਛੁਰੀ 'ਤੇ-ਹਸ਼ਰ ਇਕੋ ਹੀ ਹੋਣੈਂ!"

ਦੋਨੋਂ ਨਿੱਖੜ ਗਏ।

ਕੁਲਬੀਰਾ, ਐੱਸ ਪੀ ਦੀ ਹਾਜ਼ਰੀ ਵਿਚ ਠਾਣੇਦਾਰ ਨੇ ਮੁਕੰਮਲ ਤੌਰ 'ਤੇ ਹੱਥ ਹੇਠ ਕਰ ਲਿਆ ਸੀ। ਐੱਸ. ਪੀ. ਨੇ ਉਸ ਨੂੰ ਇਕ ਕੋਠੀ

ਫ਼ਿਲਹਾਲ ਆਰਜ਼ੀ ਤੌਰ 'ਤੇ ਅਲਾਟ ਕਰਵਾ ਦਿੱਤੀ। ਜਿਹੜੀ ਗੌਰਮਿੰਟ ਨੇ ਖਾੜਕੂਆਂ ਨੂੰ ਪਨਾਂਹ ਦੇਣ ਦੇ ਦੋਸ਼ ਹੇਠ ਜਬਤ ਕੀਤੀ ਹੋਈ ਸੀ। ਮੋਟੀ ਰਕਮ ਪੇਸ਼ਗੀ, ਇੱਕ ਜਿਪਸੀ, ਅਸਲਾ ਅਤੇ ਹਥਿਆਰਬੰਦ ਬਾਡੀਗਾਰਡ ਮੁਹੱਈਆ ਕਰਵਾ ਦਿੱਤੇ ਗਏ ਸਨ। ਟੈਲੀਫ਼ੋਨ, ਫ਼ੈਕਸ, ਨੌਕਰ, ਗੱਲ ਕੀ ਹਰ ਸਹੂਲਤ ਕੁਲਬੀਰੇ ਨੂੰ ਗੌਰਮਿੰਟ ਵੱਲੋਂ ਮਿਲ ਗਈ ਸੀ। ਜਿਪਸੀ ਦਾ ਪੈਟਰੋਲ ਅਤੇ ਖਾਣ ਪੀਣ ਦਾ ਸਾਰਾ ਖ਼ਰਚਾ ਗੌਰਮਿੰਟ ਦੇ ਸਿਰ ਸੀ। ਪੁਲੀਸ ਵਾਲਿਆਂ ਨੇ ਇਕ 'ਚਗਲ' ਜਿਹੀ, ਪਰ ਨਖ਼ਰੇ ਵਾਲੀ ਸੁਨੱਖੀ ਔਰਤ ਉਸ ਦੀ ਕੋਠੀ ਲਿਆ ਬਿਠਾਈ ਸੀ। ਪੁਲੀਸ ਵਾਲਿਆਂ ਵਿਚ ਹੁਣ ਕੁਲਬੀਰਾ "ਕਾਲੇ" ਦੇ ਨਾਂ ਨਾਲ ਜਾਣਿਆਂ ਜਾਨਣ ਲੱਗਿਆ। ਹੁਣ ਉਹ ਬੁਰਸ਼ਾਗਰਦੀ 'ਤੇ ਉਤਰ ਡੋਗਰਿਆਂ ਵਰਗੀ "ਸ਼ਾਹੀ-ਠਾਠ" ਮਾਣਦਾ ਹੋਇਆ, ਹਰ ਤਰ੍ਹਾਂ ਨਾਲ ਐਸ਼ ਕਰਨ ਲੱਗਿਆ। ਉਹ ਦਾਰੂ ਪੀ ਕੇ, ਚਾਦਰਾ ਛੱਡ, ਗਲ ਵਿਚ ਕੈਂਠਾ ਪਾ ਹਮੇਸ਼ਾ ਜਾਨੀ ਬਣਿਆ, ਲਾਚੜਿਆ ਰਹਿੰਦਾ। ਕੋਠੀ ਦੇ ਆਲੇ ਦੁਆਲੇ ਅੱਠੇ ਪਹਿਰ ਹਥਿਆਰਬੰਦ ਪਹਿਰਾ ਰਹਿੰਦਾ।

ਠਾਣੇਦਾਰ ਤੋਂ ਲੈ ਕੇ ਐੱਸ. ਪੀ. ਤੱਕ ਉਸ ਦੀ ਕੋਠੀ ਗੇੜੇ ਮਾਰਦੇ ਅਤੇ ਪਿਆਲਾ ਸਾਂਝਾ ਕਰਦੇ ਰਹਿੰਦੇ। ਕਦੇ ਕਦਾਈਂ ਪੁਲੀਸ ਵਾਲੇ ਵੀ ਕੋਈ ਲੰਡਰ ਜਿਹੀ ਤੀਵੀਂ ਲਿਆ ਕੇ ਮਸਤੀ ਮਾਰ ਛੱਡਦੇ! ਦਾਰੂ ਪੀ ਛੱਡਦੇ! ਮੁਰਗੇ ਖਾ ਛੱਡਦੇ! ਗੱਲ ਕੀ ਕੋਠੀ ਇਕ ਮੁਜਰਾ-ਘਰ ਬਣ ਕੇ ਰਹਿ ਗਈ ਸੀ! ਕੋਠੀ ਇਕ ਮੌਜ ਮਸਤੀ ਦਾ ਅੱਡਾ ਬਣ ਕੇ ਰਹਿ ਗਈ! ਕੋਠੀ ਦੇ ਮੱਥੇ 'ਤੇ ਹਰ ਵਕਤ ਲੋਹੇ ਦੀ ਮੋਰਨੀ ਘੁਕਦੀ ਰਹਿੰਦੀ। ਅੰਦਰ ਬੱਕਰੇ ਬੋਲਦੇ ਰਹਿੰਦੇ। ਪਿਆਲੇ ਭਰਦੇ ਰਹਿੰਦੇ ਅਤੇ ਖਾਲੀ ਹੁੰਦੇ ਰਹਿੰਦੇ।

ਕੁਲਬੀਰੇ ਨੇ ਖ਼ਾੜਕੂ-ਲਹਿਰ ਦੇ ਜੜ੍ਹੀਂ ਦਾਤੀ ਫੇਰਨੀ ਸ਼ੁਰੂ ਕਰ ਦਿੱਤੀ!

ਪਹਿਲੇ ਹਫ਼ਤੇ ਹੀ ਉਸ ਨੇ ਕੈਟਾਂ ਸਮੇਤ ਕਾਲੇ ਸ਼ੀਸ਼ਿਆਂ ਵਾਲੀ ਵੈਨ ਵਿਚ ਬੈਠ ਤੇਜਇੰਦਰ ਅਤੇ ਰਾਜਵਿੰਦਰ ਫੜਵਾ ਦਿੱਤੇ! ਦੂਜੇ ਹਫ਼ਤੇ ਗੁਰਬੰਤ ਕਾਬੂ ਕਰਵਾ ਦਿੱਤਾ। ਹੁਣ ਪੁਲੀਸ ਦੀ ਅੱਖ ਸਿਰਫ਼ ਰੈਂਸੀ, ਰੇਸ਼ਮ ਅਤੇ ਗੁਰਪਾਲ 'ਤੇ ਸੀ! ਪਰ ਗੁਰਪਾਲ ਹੁਰਾਂ ਨੇ ਰੈਂਸੀ ਦੇ ਆਖੇ ਤੁਰੰਤ ਟਿਕਾਣਾ ਬਦਲ ਲਿਆ ਸੀ। ਉਹ ਅਸਲਾ ਅਤੇ ਲਿਟਰੇਚਰ ਚੁੱਕ ਹਿਮਾਚਲ ਪ੍ਰਦੇਸ ਵੱਲ ਨੂੰ ਨਿਕਲ ਗਏ ਸਨ। ਰੈਂਸੀ ਨੇ ਉਹਨਾਂ ਨਾਲ ਵਾਅਦਾ ਕੀਤਾ ਸੀ ਕਿ ਜਦ ਹੀ ਉਸ ਨੇ ਠਾਣੇਦਾਰ ਨੂੰ ਮਾਰ ਲਿਆ, ਉਹ ਉਹਨਾਂ ਕੋਲ ਹਿਮਾਚਲ ਪ੍ਰਦੇਸ ਪੁੱਜ ਜਾਵੇਗਾ ਅਤੇ ਉਸ ਤੋਂ ਬਾਅਦ ਕੋਈ ਨਵੀਂ ਰੂਪ-ਰੇਖਾ ਉਲੀਕੀ ਜਾਵੇਗੀ। ਹੋਰ ਕੁਝ ਰੈਂਸੀ ਨੇ ਖ਼ਾੜਕੂ ਜਰਨੈਲਾਂ ਨੂੰ ਕਹਿਣਾ ਬਹੁਤਾ ਚੰਗਾ ਨਾ ਸਮਝਿਆ। ਰੈਂਸੀ ਨੇ ਸੋਚਿਆ, ਸ਼ੇਰਾਂ ਦੇ ਪੁੱਤਾਂ ਨੂੰ ਸ਼ਿਕਾਰ ਕਰਨਾ ਕੌਣ ਸਿਖਾਉਂਦੈ? ਉਹ ਤਾਂ ਜੰਮਦੇ ਹੀ "ਅਸਤਰ" ਹੁੰਦੇ ਹਨ।

ਤਿੰਨਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਠਾਣੇਦਾਰ ਨੇ ਫ਼ੋਨ ਕਰਕੇ ਇੰਦਰਜੀਤ ਨੂੰ ਬੁਲਾ ਲਿਆ ਅਤੇ ਹੋਟਲ ਪੁੱਜਣ ਦਾ ਹੁਕਮ ਦਿੱਤਾ। ਠਾਣੇਦਾਰ ਬਹੁਤ ਖੁਸ਼ ਸੀ। ਐੱਸ. ਪੀ. ਨੇ ਉਸ ਨੂੰ ਥਾਪੜਾ ਦਿੱਤਾ ਸੀ ਅਤੇ ਉਸ ਦੀ 'ਪ੍ਰਮੋਸ਼ਨ' ਦੇ ਪ੍ਰਵਾਨੇ ਆ ਗਏ ਸਨ। ਉਸ ਨੂੰ ਐੱਸ. ਐੱਚ. ਓ. ਤੋਂ ਸਿੱਧਾ ਇੰਸਪੈਕਟਰ ਬਣਾਇਆ ਜਾ ਰਿਹਾ ਸੀ। ਉਹ ਤਿੰਨ ਸਟਾਰਾਂ ਅਤੇ ਹੇਠ ਰੰਗ ਬਿਰੰਗੀ ਫ਼ੀਤੀ ਵਾਲੀ ਵਰਦੀ ਪਾਉਣ ਲਈ ਉਤਾਵਲਾ ਸੀ। ਸੁੱਤੇ ਪਏ ਠਾਣੇਦਾਰ ਨੂੰ ਵਾਰ-ਵਾਰ ਇੰਸਪੈਕਟਰੀ ਦੇ ਸੁਪਨੇ ਹੀ ਆਉਂਦੇ ਸਨ।

ਤੇਜਇੰਦਰ, ਰਾਜਵਿੰਦਰ ਅਤੇ ਗੁਰਬੰਤ ਨੂੰ ਅਜੇ ਹਵਾਲਾਤਾਂ ਵਿਚ ਹੀ ਸਖ਼ਤ ਪਹਿਰੇ ਹੇਠ ਡੱਕਿਆ ਹੋਇਆ ਸੀ। ਉਹਨਾਂ ਦੀ ਕਾਰਵਾਈ ਗੁਰਪਾਲ, ਰੇਸ਼ਮ ਅਤੇ ਰੈਂਸੀ ਹੋਰਾਂ ਦੀਆਂ ਗ੍ਰਿਫ਼ਤਾਰੀਆਂ ਤੱਕ ਰਾਖਵੀਂ ਰੱਖੀ ਹੋਈ ਸੀ। ਕਿਸੇ 'ਤੇ ਅਜੇ ਤੱਕ ਕੋਈ ਤਸ਼ੱਦਦ ਨਹੀਂ ਕੀਤਾ ਗਿਆ ਸੀ। ਠਾਣੇਦਾਰ ਬਾਕੀਆਂ ਨੂੰ ਫੜ ਕੇ ਇਹਨਾਂ ਸਮੇਤ ਪੂਰਾ ਗਰੋਹ ਗ੍ਰਿਫ਼ਤਾਰ ਸ਼ੋਅ ਕਰਕੇ, ਅਗਲੀ ਡੀ ਐੱਸ ਪੀ ਦੀ ਕੁਰਸੀ ਲਈ ਰਾਹ ਖੁੱਲ੍ਹਾ ਕਰਨਾ ਚਾਹੁੰਦਾ ਸੀ। ਤੇਜਇੰਦਰ ਹੋਰਾਂ 'ਤੇ ਤਸ਼ੱਦਦ ਕਰਕੇ ਉਹ ਸਮਾਂ ਨਹੀਂ ਗੁਆਉਣਾ ਚਾਹੁੰਦਾ ਸੀ। ਉਸ ਕੋਲ ਉਸ ਦਾ ਟਾਊਟ ਕੁਲਬੀਰਾ ਜਿਉਂ ਸੀ!! ਕੁਲਬੀਰਾ ਠਾਣੇਦਾਰ ਦਾ ਸੱਜਾ ਹੱਥ ਸੀ! ਕੁਲਬੀਰੇ ਦੀ ਬਦੌਲਤ ਠਾਣੇਦਾਰ ਇੰਸਪੈਕਟਰ ਦੀ ਪੋਸਟ 'ਤੇ ਪਹੁੰਚਿਆ ਸੀ! ਕੁਲਬੀਰਾ ਉਸ ਲਈ ਤਰੱਕੀ ਦਾ ਪਾਰਸ ਸੀ! ਕੁਲਬੀਰਾ ਉਸ ਲਈ ਰੱਬ ਸੀ! ਕੁਲਬੀਰਾ ਉਸ ਲਈ ਅਸਮਾਨੋਂ ਫ਼ਰਿਸ਼ਤਾ ਬਣ ਉਤਰਿਆ ਸੀ!

ਅਗਲੇ ਦਿਨ ਕੁਲਬੀਰਾ ਅਤੇ ਠਾਣੇਦਾਰ ਹੋਟਲ ਵਿਚ ਸਵੇਰ ਤੋਂ ਹੀ ਦਾਰੂ ਪੀ ਰਹੇ ਸਨ। ਕੁੱਕੜਾਂ ਦੀਆਂ ਟੰਗਾਂ ਚੱਬੀਆਂ ਜਾ ਰਹੀਆਂ ਸਨ। ਚੂੰਡੇ ਹੱਡ ਅਪਾਰਟਮੈਂਟ ਦੀ ਫ਼ਰਸ਼ 'ਤੇ ਹੀ ਸੁੱਟੇ ਜਾ ਰਹੇ ਸਨ। ਹੱਡੀਆਂ ਦੀ ਢੇਰੀ ਲੱਗਦੀ ਜਾ ਰਹੀ ਸੀ।

ਇੰਦਰਜੀਤ ਪਹੁੰਚ ਗਿਆ।

-"ਉਏ ਆ ਉਏ ਮੇਰਿਆ ਇੰਦਰਜੀਤ ਪੁੱਤਰਾ! ਮੇਰੀ ਹਿੱਕ ਨਾਲ ਲੱਗ! ਮੇਰੀ ਹਿੱਕ ਨਾਲ ਲੱਗ ਤੇਰੀ ਮਾਂ ਦੀ ਤੇਰੀ ਦੀ .... ਦਿੱਤਾ ਪਾ ਕੇ!" ਠਾਣੇਦਾਰ ਸ਼ਰਾਬੀ ਸੀ। ਖ਼ੁਸ਼ ਸੀ।

ਇੰਦਰਜੀਤ ਨੇ ਠਾਣੇਦਾਰ ਦੇ ਗੋਡੀਂ ਹੱਥ ਲਾਇਆ ਤਾਂ ਠਾਣੇਦਾਰ ਨੇ ਉਸ ਨੂੰ ਛਾਤੀ ਨਾਲ ਘੁੱਟ ਲਿਆ।

-"ਉਏ ਤੂੰ ਕੋਹੜੀਆ..! ਮੈਨੂੰ ਬੇਵਕੂਫ਼ ਈ ਬਣਾਉਂਦਾ ਰਿਹਾ? ਹੈਅ ਤੇਰੀ..! ਐਡੇ ਐਡੇ ਧੋਖੇ..?" ਕੁਲਬੀਰੇ ਨੇ ਇੰਦਰਜੀਤ ਨੂੰ ਪਿਆਰ ਦੀ ਚੁਪੇੜ ਜਿਹੀ ਮਾਰੀ। ਅਸਲ ਵਿਚ ਠਾਣੇਦਾਰ ਨੇ ਸਾਰੀ ਕਹਾਣੀ ਕੁਲਬੀਰੇ ਨੂੰ ਦੱਸ ਦਿੱਤੀ ਸੀ। ਹੁਣ ਲਕੋ ਵੀ ਕਾਹਦਾ ਸੀ? ਬੁੱਕਲ ਖੁੱਲ੍ਹੀ ਸੀ। ਬੁਰਕੀ ਸਾਂਝੀ ਸੀ! ਦੁਕਾਨਦਾਰੀ ਵਧੀਆ ਰੇਵੀਏ ਪਈ ਹੋਈ ਸੀ! ਨੰਗਾ ਨਾਚ ਸੀ! ਫਿਰ ਸ਼ਰਮ ਕਾਹਦੀ ਸੀ? ਲੋਈ ਲਾਹੀ ਹੋਈ ਸੀ!

-"ਲੈ ਫੜ ਪੀ...!" ਠਾਣੇਦਾਰ ਨੇ ਬੋਤਲ ਜੁਆਕ ਵਾਂਗ ਉਸ ਦੀ ਬੁੱਕਲ ਵਿਚ ਰੱਖ ਦਿੱਤੀ।

ਇੰਦਰਜੀਤ ਨੇ ਪੈੱਗ ਲਾ ਲਿਆ।

-"ਉਏ ਸਰਬਜੀਤ ਨੇ ਤੇਰੀ ਸੇਵਾ ਸੂਵਾ ਕੀਤੀ ਪੂਰੀ?"

-"ਪੂਰੀ ਜੀ-ਕੋਈ ਕਸਰ ਨਹੀਂ ਛੱਡੀ ਬਾਕੀ।"

-"ਤੀਮੀ ਤੂਮੀ ਦਾ ਸੁਆਦ ਵੀ ਦਿਖਾਇਆ?"

ਇੰਦਰਜੀਤ ਸ਼ਰਮ ਖਾ ਗਿਆ।

-"ਉਏ ਸੰਗਦੈਂ..? ਹੈਅ ਤੇਰੀ ਮਾਂ ਦੇ ਤੇਰੀ ਦੇ ਕੰਨ ਮਾਰੇ! ਖੁੱਲ੍ਹ ਕੇ ਦੱਸ-ਨਹੀਂ ਮੈਂ ਫ਼ੋਨ ਕਰਕੇ ਸਰਬਜੀਤੇ ਦੀ ਮਾਂ ਦੀ .... ਦਿੰਨੈਂ!"

-"ਨਹੀਂ ਜੀ ਸਾਰਾ ਕੁਛ ਕੀਤੈ-ਸ਼ਰਮ ਕਾਹਦੀ।"
-"ਲੈ ਇੰਦਰਜੀਤ ਮੈਂ ਬਣ ਗਿਆ ਇੰਸਪੈਕਟਰ ਤੇ ਤੂੰ ਕੱਲ੍ਹ ਤੋਂ ਈ ਏ. ਐੱਸ. ਆਈ. ਭਰਤੀ-ਪੈਸੇ ਤੇਰੇ ਬੈਂਕ ਅਕਾਊਂਟ ਵਿਚ ਇਸ ਹਫ਼ਤੇ ਈ ਆ ਜਾਣਗੇ-ਕੁਲਬੀਰਾ ਆਪਣਾ ਸਹਿਯੋਗੀ ਸ਼ੇਰ-ਹੁਣ ਤਾਂ ਗੁਰਪਾਲ ਹੁਰੀਂ ਹੱਥ ਆ ਜਾਣ-ਬੱਸ! ਡੀ. ਐੱਸ. ਪੀ. ਦੀ ਪੋਸਟ ਬਨੇਰੇ 'ਤੇ ਪਈ ਐ।"
-"ਵਧਾਈਆਂ ਸਰ!"
-"ਇਹ ਵਧਾਈਆਂ ਥੋਨੂੰ ਦੇਣੀਆਂ ਬਣਦੀਐਂ ਮੇਰੇ ਬੱਬਰ ਸ਼ੇਰੋ! ਆਪ ਕਾ ਹੀ ਨੂਰ ਹੈ ਜੋ ਪੜ ਰਹਾ ਹੈ ਹਮਾਰੇ ਚਿਹਰੇ ਪੇ-ਵਰਨਾ ਕੌਨ ਦੇਖਤਾ ਹਮੇਂ ਇਨ ਅੰਧੇਰੋਂ ਮੇਂ?" ਠਾਣੇਦਾਰ ਨੇ ਸ਼ੇਅਰ ਬੋਲਿਆ। ਉਸ ਨੇ ਦੋਹਾਂ ਨੂੰ ਘੁੱਟਿਆ ਹੋਇਆ ਸੀ।
-"ਗੁਰਪਾਲ ਹੋਰਾਂ ਦਾ ਕੁਛ ਪਤਾ ਲੱਗਿਆ ਸਰ?" ਇੰਦਰਜੀਤ ਨੇ ਠਾਣੇਦਾਰ ਨੂੰ ਪੁੱਛਿਆ।
-"ਉਹਨਾਂ ਨੇ ਟਿਕਾਣਾ ਬਦਲ ਲਿਆ-ਸ਼ਾਇਦ ਉਹਨਾਂ ਨੂੰ ਆਪਣੀ ਕਾਰਵਾਈ ਦੀ ਭਿਣਕ ਪੈ ਗਈ ਐ।" ਠਾਣੇਦਾਰ ਦੀ ਥਾਂ ਕੁਲਬੀਰੇ ਨੇ ਉਤਰ ਦਿੱਤਾ।
-"ਉਹਨਾਂ ਨੂੰ ਖ਼ਬਰ ਦੇਣ ਵਾਲਾ ਸਿਰਫ਼ ਇੱਕੋ ਈ ਬੰਦੈ।"
-"ਉਹ ਕਿਹੜਾ?"
-"ਰੈਂਸੀ! ਤੇ ਰੈਂਸੀ ਨੂੰ ਉਹਨਾਂ ਦੇ ਨਵੇਂ ਟਿਕਾਣੇਂ ਦਾ ਲਾਜ਼ਮੀ ਪਤਾ ਹੋਊ-ਮੈਂ ਸ਼ਰਤ ਕਰਦੈਂ!" ਇੰਦਰਜੀਤ ਨੇ ਪੈੱਗ ਪੀਣ ਤੋਂ ਬਾਅਦ ਕਿਹਾ।
-"ਲੈ ਅੱਜ ਕਰੋ ਰੱਜ ਕੇ ਇੰਜੁਆਏ-ਖਾਓ ਪੀਓ ਨੰਗੇ ਨੱਚੋ! ਪਰ ਮੇਰਿਓ ਸ਼ੇਰ ਪੁੱਤਰੋ! ਕੱਲ੍ਹ ਤੋਂ ਥੋਡੇ ਜ਼ਿੰਮੇਂ ਇੱਕ ਹੀ ਕੰਮ ਐਂ-ਰੈਂਸੀ ਨੂੰ ਫੜਵਾਉਣਾ!"
-"ਫਿਕਰ ਨਾ ਕਰੋ ਸਾਹਿਬ ਬਹਾਦਰ! ਥੋਡੀ ਖਾਤਰ ਜਾਨ ਹੂਲ ਦਿਆਂਗੇ।"
ਤਿੰਨ ਬੋਤਲਾਂ ਖਾਲੀ ਹੋ ਚੁੱਕੀਆਂ ਸਨ।
-"ਰੋਟੀ ਮੰਗਵਾਈਏ ਫਿਰ?" ਠਾਣੇਦਾਰ ਨੇ ਪੁੱਛਿਆ।
-"ਰੋਟੀ ਆਪਾਂ ਸਰਦਾਰ ਕੋਠੀ ਚੱਲ ਕੇ ਹੀ ਖਾਵਾਂਗੇ-ਪ੍ਰੀਤ ਉਡੀਕਦੀ ਹੋਊ।" ਕੁਲਬੀਰੇ ਨੇ ਆਖਿਆ।
-"ਹਾਏ ਮਰਜਾਂ ਬੋਹੜ ਦਾ ਦੁੱਧ ਪੀ ਕੇ! ਕਾਹਨੂੰ ਤੇਰਾ ਹੁਣ ਤੇਰੀ ਪ੍ਰੀਤ ਬਿਨਾ ਦਿਲ ਲੱਗਦੈ?" ਠਾਣੇਦਾਰ ਨੇ ਬੱਕਰਾ ਬੁਲਾਇਆ।
-"ਤੇਰੇ ਵੀ ਕੀ ਵੱਸ ਐ? ਰੰਨ ਹੈ ਵੀ ਘੋਟਣੇਂ ਵਰਗੀ!"
ਉਹ ਅਪਾਰਟਮੈਂਟ ਵਿਚੋਂ ਉਠ ਕੇ ਬਾਹਰ ਦਰਵਾਜੇ 'ਤੇ ਖੜ੍ਹੀ ਠਾਣੇਦਾਰ ਦੀ ਜਿਪਸੀ ਵਿਚ ਆ ਬੈਠੇ। ਸ਼ਰਾਬੀ ਠਾਣੇਦਾਰ ਤੋਂ ਚਾਬੀ ਨਹੀਂ ਪੈ ਰਹੀ ਸੀ।
-"ਕਿੱਥੇ ਐ ਭੈਣ ਦੇਣੇਂ ਦੀ-ਦੀ ਖੱਡ ਜੀ?" ਉਹ ਚਾਬੀ ਪਾਉਂਦਾ, ਖੌਝਦਾ, ਗਾਲ੍ਹਾਂ ਕੱਢੀ ਜਾ ਰਿਹਾ ਸੀ।
ਪਿਛਲੇ ਪਾਸੇ ਸਰੂ ਦੇ ਬੂਟੇ ਨਾਲ ਖੜ੍ਹੇ ਰੈਂਸੀ ਨੇ ਜਦ ਇੰਦਰਜੀਤ ਅਤੇ ਠਾਣੇਦਾਰ ਨਾਲ ਕੁਲਬੀਰਾ ਬੈਠਾ ਦੇਖਿਆ ਤਾਂ ਉਸ ਨੂੰ ਸੱਚ ਹੀ ਨਾ ਆਇਆ! ਉਸ ਦੇ ਪੈਰ ਘੁੰਮ ਰਹੇ ਸਨ। ਧਰਤੀ ਡੋਲਦੀ ਦਿਸ ਰਹੀ ਸੀ। ਉਹ ਕੁਲਬੀਰੇ ਦੇ ਗਲਤ ਕਾਰਨਾਮਿਆਂ ਤੋਂ ਖਫ਼ਾ ਜ਼ਰੂਰ ਸੀ, ਪਰ ਪੁਲੀਸ ਨਾਲ ਮਿਲਿਆ ਹੋਣ ਬਾਰੇ ਕਦੇ ਸੋਚ ਵੀ ਨਹੀਂ ਸਕਦਾ ਸੀ।
ਉਸ ਦੇ ਅੰਦਰ ਇਕ ਹੋਰ ਭਾਂਬੜ ਬਲ ਉਠਿਆ।
ਉਹ ਚੱਕਵੇਂ ਪੈਰੀਂ ਜਿਪਸੀ ਦੇ ਮਗਰ ਆ ਖੜ੍ਹਾ ਹੋਇਆ। ਕੰਡਕਟਰ-ਝੋਲਾ ਉਸ ਦੇ ਹੱਥ ਵਿਚ ਸੀ।
-"ਸੁਣਾ ਕੁਲਬੀਰਿਆ..! ਕਦੇ ਦਿਸਿਆ ਈ ਨਹੀਂ..?" ਰੈਂਸੀ ਨੇ ਵਿਅੰਗ ਨਾਲ ਕਿਹਾ।
ਸ਼ਰਾਬੀ ਕੁਲਬੀਰੇ ਨੇ ਇਕ ਦਮ ਪਿੱਛੇ ਤੱਕਿਆ।
ਪਿੱਛੇ ਖੜ੍ਹੇ ਰੈਂਸੀ ਨੇ ਹੱਥ ਝੋਲੇ ਵਿਚ ਪਾਇਆ ਹੋਇਆ ਸੀ ਅਤੇ ਲਾਲ ਅੱਖਾਂ ਦਾਤੀ ਦੇ ਦੰਦੇ ਕੱਢਣ ਵਾਲੀ ਮਸ਼ੀਨ ਵਾਂਗ ਚੰਗਿਆੜੇ ਛੱਡ ਰਹੀਆਂ ਸਨ।
ਕੁਲਬੀਰਾ ਘਬਰਾਇਆ ਬੱਗਾ ਹੋ ਗਿਆ!
ਉਸ ਨੇ ਅਜੇ, "ਸਰਦਾਰ ਜੀ ਰੈਂਸੀ....!!!" ਹੀ ਕਿਹਾ ਸੀ ਕਿ ਜਿਪਸੀ ਵਿਚ ਦੋ ਗਰਨੇਡ ਆ ਡਿੱਗੇ! ਅੱਗੜ ਪਿੱਛੜ ਦੋ ਧਮਾਕੇ ਹੋਏ!! ਠਾਣੇਦਾਰ, ਕੁਲਬੀਰ ਅਤੇ ਇੰਦਰਜੀਤ ਜਿਪਸੀ ਸਮੇਤ ਫ਼ੀਤਾ-ਫ਼ੀਤਾ ਹੋ ਉਡ ਗਏ! ਰੈਂਸੀ ਥਮਲ੍ਹੇ ਦੀ ਓਟ ਲੈ ਧਰਤੀ 'ਤੇ ਡਿੱਗ ਪਿਆ ਸੀ।
ਹੋਟਲ ਅੱਗੇ ਗਰਦੋਗੋਰ ਮੱਚ ਗਈ!
ਚਾਰੇ ਪਾਸੇ ਭਾਜੜਾਂ ਪੈ ਗਈਆਂ!
ਰੈਂਸੀ ਪਿਛਲੇ ਪਾਸੇ ਦੀ ਬਾਈਪਾਸ ਨੂੰ ਤੁਰ ਪਿਆ। ਬਾਈਪਾਸ ਪਾਰ ਕਰਕੇ ਉਹ ਛੋਟੀ ਸੜਕ ਚੜ੍ਹ ਗਿਆ ਅਤੇ ਫਿਰ ਉਸ ਨੇ ਕੋਲੋਂ ਲੰਘਦੀ ਟਰਾਲੀ ਨੂੰ ਹੱਥ ਪਾ ਲਿਆ। ਟਰਾਲੀ ਝੋਨੇ ਦੀਆਂ ਬੋਰੀਆਂ ਨਾਲ ਲੱਦੀ ਹੋਈ ਸੀ। ਉਹ ਪੱਲੇਦਾਰਾਂ ਵਾਂਗ ਮੂੰਹ ਲਪੇਟ ਕੇ ਟੀਸੀ 'ਤੇ ਡਟਿਆ ਬੈਠਾ ਸੀ। ਸੜਕਾਂ 'ਤੇ ਜਿਪਸੀਆਂ ਅਤੇ ਫ਼ੋਰਸਾਂ ਦੇ ਟਰੱਕ ਹੇਲੀਆਂ ਦਿੰਦੇ ਫਿਰਦੇ ਸਨ। ਸਾਇਰਨ ਅਤੇ ਹੂਟਰ ਕੰਨ ਪਾੜ ਰਹੇ ਸਨ। ਥਾਂ ਥਾਂ 'ਤੇ ਨਾਕੇ ਲੱਗ ਗਏ ਸਨ ਅਤੇ ਸ਼ਹਿਰ ਵਿਚ ਕਰਫ਼ਿਊ ਵਰਗੀ ਹਾਲਤ ਹੋ ਗਈ ਸੀ। ਦੁਕਾਨਾਂ ਬੰਦ ਹੋ ਗਈਆਂ ਸਨ। ਰੇੜ੍ਹੀਆਂ ਵਾਲੇ ਖਿਸਕ ਗਏ। ਪੁਲੀਸ ਨੇ ਖ਼ਾੜਕੂਆਂ ਦਾ ਗੁੱਸਾ ਗਰੀਬ ਰੇੜ੍ਹੀਆਂ ਵਾਲਿਆਂ 'ਤੇ ਹੀ ਕੱਢਣਾ ਸੀ। ਘੂਰੀ ਸੱਸ ਦਾ ਗੁੱਸਾ ਜੁਆਕ 'ਤੇ ਹੀ ਨਿਕਲਣਾ ਸੀ। ਕਈ ਸ਼ਨਾਖਤਾਂ ਲਈ ਘੜ੍ਹੀਸ ਲਏ ਜਾਣੇ ਸਨ। ਜਿਸ ਕਰਕੇ ਉਹਨਾਂ ਨੇ ਖਿਸਕਣਾ ਹੀ ਅਕਲਮੰਦੀ ਸਮਝੀ।

ਰਾਤੋ-ਰਾਤ ਬੱਸਾਂ, ਟਰੇਨਾਂ ਬਦਲਦਾ ਰੈਂਸੀ ਅਗਲੇ ਦਿਨ ਸ਼ਾਮ ਨੂੰ ਉਨੇ ਪਹੁੰਚ ਗਿਆ। ਗੁਰਪਾਲ ਅਤੇ ਰੇਸ਼ਮ ਅਖ਼ਬਾਰਾਂ ਵਿਚ ਪੜ੍ਹ ਹੀ ਚੁੱਕੇ ਸਨ। ਉਹਨਾਂ ਨੇ ਰੈਂਸੀ ਬਾਰੇ ਕਾਫ਼ੀ ਚਿੰਤਾ ਕੀਤੀ ਸੀ।
ਪਰ ਹੁਣ ਰੈਂਸੀ ਨੂੰ ਦੇਖ ਕੇ ਉਹ ਖਿੜ ਗਏ ਸਨ।
ਰਾਤ ਨੂੰ ਰੋਟੀ ਖਾਣ ਤੋਂ ਬਾਅਦ ਉਹਨਾਂ ਨੇ ਮੀਟਿੰਗ ਕਰਨੀ ਸ਼ੁਰੂ ਕਰ ਦਿੱਤੀ। ਤਰ੍ਹਾਂ ਤਰ੍ਹਾਂ ਦੇ ਵਿਚਾਰ ਕੀਤੇ ਗਏ। ਆਖਰ ਵਿਚ ਰੈਂਸੀ ਬੋਲਿਆ:
-"ਬਾਈ ਜੀ ਮੈਨੂੰ ਪਛਾਨਣ ਵਾਲੇ ਸਾਰੇ ਮਾਰੇ ਗਏ-ਆਪਣਾ ਵੀ ਹੱਦੋਂ ਵੱਧ ਨੁਕਸਾਨ ਹੋਇਐ-ਲਹਿਰਾਂ ਵਿਚ ਉਤਰਾਅ ਚੜ੍ਹਾਅ ਆਉਣੇਂ ਇਕ ਕੁਦਰਤੀ ਗੱਲ ਐ-ਅਗਰ ਆਪਾਂ ਇਉਂ ਹੀ ਤੁਰੇ ਫਿਰਦੇ ਰਹੇ-ਕਦੇ ਨਾ ਕਦੇ ਪੁਲੀਸ ਹੱਥ ਜ਼ਰੂਰ ਆ ਜਾਵਾਂਗੇ-ਸਿਰਫ਼ ਪੰਜਾਬ ਵਿਚ ਹੀ ਨਹੀਂ-ਬਾਹਰਲੇ ਸੂਬਿਆਂ ਵਿਚ ਵੀ ਆਪਣੀ ਬੜੀ ਸਰਗਰਮੀ ਨਾਲ ਭਾਲ ਕੀਤੀ ਜਾ ਰਹੀ ਹੈ-ਮੂਵਮੈਂਟਾਂ ਬਰਕਰਾਰ ਰੱਖਣ ਲਈ-ਸੰਘਰਸ਼ ਜਾਰੀ ਰੱਖਣ ਲਈ ਸਾਨੂੰ ਹਰ ਪਹਿਲੂ ਵਰਤਣਾ ਪਵੇਗਾ-ਹਰ ਪੈਂਤਰਾ ਅਪਨਾਉਣਾ ਹੋਵੇਗਾ-।"
-"ਗੱਲ ਸਪੱਸ਼ਟ ਕਰ-ਵਿਸਥਾਰ 'ਚ ਨਾ ਜਾਹ!"
-"ਦੇਸ਼ ਦੀ ਅਜ਼ਾਦੀ ਲਈ ਵਿੱਢੀ ਜੰਗ ਤੋਂ ਹੀ ਲੈ ਲਵੋ-ਗਦਰੀ ਬਾਬਿਆਂ ਦਾ ਇਤਿਹਾਸ ਫਰੋਲ ਲਵੋ-ਲੜਾਈ ਨੂੰ ਰੰਗਤਾ ਦੇਣ ਲਈ ਸਾਨੂੰ ਹਮੇਸ਼ਾ ਹੀ ਬਾਹਰੋਂ ਤਾਕਤ ਲੈਣੀ ਪਈ ਐ-ਇਕੱਲਾ ਗੁਰੀਲਾ ਚਾਹੇ ਕਿੱਡਾ ਵੱਡਾ ਨਿਧੜਕ, ਸਿਰਲੱਥ ਸੂਰਮਾਂ ਹੋਵੇ-ਮਾਰ ਖਾ ਕੇ ਰਹਿ ਜਾਂਦੈ-ਆਪ ਤਾਂ ਮਰਦਾ ਹੀ ਹੈ ਮੂਵਮੈਂਟ ਦੀ ਜੜ੍ਹ ਵੀ ਟੋਈਂ ਟਿੱਬੀਂ ਲੈ ਡਿੱਗਦੈ-ਇਸ ਲਈ ਸਾਨੂੰ ਵਕਤੀ ਤੌਰ 'ਤੇ ਵਿਦੇਸ਼ਾਂ ਵੱਲ ਨੂੰ ਮੂੰਹ ਕਰਨੇ ਚਾਹੀਦੇ ਹਨ ਅਤੇ ਵਿਦੇਸ਼ਾਂ ਵਿਚ ਵਿਚਰ ਕੇ ਲਹਿਰ ਨੂੰ ਲਾਮਬੰਦ ਕਰਨਾ ਚਾਹੀਦਾ ਹੈ।"
-"ਤੇਰਾ ਮਤਲਬ ਹੁਣ ਆਪਾਂ ਐਨਾ ਨੁਕਸਾਨ ਕਰਵਾ ਕੇ ਵਿਦੇਸ਼ਾਂ ਨੂੰ ਦੌੜ ਤੁਰੀਏ? ਸ਼ਹੀਦ ਹੋਏ ਖ਼ਾੜਕੂਆਂ ਦੇ ਮਾਪੇ ਸਾਨੂੰ ਕੀ ਸਮਝਣਗੇ? ਲੋਕ ਸਾਡੇ ਮੂੰਹ ਉਂਗਲਾਂ ਨਹੀਂ ਦੇਣਗੇ? ਲੋਕਾਂ ਤੋਂ ਭੱਜ ਕੇ ਅਸੀਂ ਜਾਣਾ ਵੀ ਕਿੱਥੇ ਐ? ਸ਼ਹੀਦ ਹੋਏ ਖ਼ਾੜਕੂਆਂ ਦੀਆਂ ਵਿਧਵਾਵਾਂ ਸਾਨੂੰ ਸਮਾਂ-ਪ੍ਰਸਤ ਨਹੀਂ ਗਰਦਾਨਣਗੀਆਂ? ਸਾਡੀ ਖਾਤਰ ਉਜੜੇ ਪ੍ਰੀਵਾਰ ਸਾਨੂੰ ਮਤਲਬ-ਪ੍ਰਸਤੀ ਅਤੇ ਗੱਦਾਰ ਨਹੀਂ ਆਖਣਗੇ?"
-"ਵਕਤ ਹੌਲੀ ਹੌਲੀ ਸਾਰੇ ਜ਼ਖਮ ਭਰ ਦਿੰਦੈ-ਵਕਤੀ ਤੌਰ 'ਤੇ ਲੋਕਾਂ ਦਾ ਗਿਲਾ-ਸ਼ਿਕਵਾ ਜਾਇਜ਼ ਹੋਵੇਗਾ-ਆਪਾਂ ਨੂੰ ਪਤਾ ਹੈ ਕਿ ਆਪਾਂ ਕਿੰਨੇ ਕੁ ਗੱਦਾਰ ਜਾਂ ਵਫ਼ਦਾਰ ਹਾਂ-ਲੋਕਾਂ ਨੂੰ ਸ਼ਾਇਦ ਨਾ ਪਤਾ ਹੋਵੇ ਕਿ ਲਹਿਰ ਨੇ ਕਿੰਨ੍ਹਾਂ ਗੱਦਾਰਾਂ ਕਰਕੇ ਮਾਰ ਖਾਧੀ ਹੈ-ਪੰਜਾਬ ਵਿਚ ਖ਼ਬਰਾਂ ਸੈਂਸਰ ਦੀ ਕੈਂਚੀ ਦੀ ਭੇਂਟ ਚੜ੍ਹ ਜਾਂਦੀਐਂ-ਅਗਰ ਕੋਈ ਅਖ਼ਬਾਰ ਦਾ ਮਾਲਕ ਸੱਚਾਈ ਛਾਪਣ ਲਈ ਜਿਗਰਾ ਕੱਢਦੈ ਤਾਂ ਸਬੰਧਿਤ ਅਖ਼ਬਾਰਾਂ ਦੀਆਂ ਕਾਪੀਆ ਜਬਤ ਹੋ ਜਾਂਦੀਐਂ-ਸਮੁੱਚੇ ਮੀਡੀਏ ਦੇ ਗਲ 'ਤੇ ਸਰਕਾਰ ਨੇ ਪੈਰ ਦੀ ਅੱਡੀ ਰੱਖੀ ਹੋਈ ਹੈ-ਟੈਲੀਵੀਯਨ ਸਟੰਟ ਤਾਂ ਹੈ ਹੀ ਸਰਾਸਰ ਗੌਰਮਿੰਟ ਦਾ।" ਉਸ ਨੇ ਦਮ ਮਾਰ ਕੇ ਫਿਰ ਬੋਲਣਾ ਸ਼ੁਰੂ ਕੀਤਾ।
-"ਬਾਹਰਲੇ ਦੇਸ਼ਾਂ ਵਿਚ ਛਪਦੇ ਪੰਜਾਬੀ ਅਖ਼ਬਾਰਾਂ ਰਸਾਲਿਆਂ 'ਤੇ ਕੋਈ ਪਾਬੰਦੀ ਨਹੀਂ-ਇਸ ਲਈ ਸਾਡੀ ਅਵਾਜ਼ ਸੌਖੀ ਹੀ ਲੋਕਾਂ ਵਿਚ ਪਹੁੰਚਾਈ ਜਾ ਸਕਦੀ ਹੈ-ਮੈਂ ਮੰਨਦਾ ਹਾਂ ਕਿ ਕਈ ਵਾਰ ਬਾਹਰੋਂ ਛਪਦੇ ਅਖ਼ਬਾਰ ਜਾਂ ਰਸਾਲੇ ਵੀ ਦਿੱਲੀਓਂ ਅੱਗੇ ਨਹੀਂ ਜਾਣ ਦਿੱਤੇ ਜਾਂਦੇ-ਡਸਟਬਿੰਨ ਦੇ ਹਿੱਸੇ ਹੀ ਆਉਂਦੇ ਹਨ-ਪਰ ਬਾਹਰ ਵਸਦੇ ਪੰਜਾਬੀ ਦੀ ਅਵਾਜ਼ ਪੰਜਾਬ ਬੈਠੇ ਰਿਸ਼ਤੇਦਾਰਾਂ ਦੇ ਕੰਨੀਂ ਜ਼ਰੂਰ ਪੈਂਦੀ ਹੈ-ਚਾਹੇ ਸੌ ਵਿਚੋਂ ਪੰਜਾਹ ਪ੍ਰਤੀਸ਼ਤ ਹੀ ਪਵੇ-ਅਗਰ ਅਸੀਂ ਬਾਹਰ ਬੈਠੇ ਪੰਜਾਬੀਆਂ ਦਾ ਸਹਿਯੋਗ ਜਿੱਤਣ ਵਿਚ ਸਫ਼ਲ ਹੋ ਜਾਂਦੇ ਹਾਂ ਤਾਂ ਪੰਜਾਬ ਬੈਠੇ ਲੋਕ ਵੀ ਸਾਨੂੰ ਬਾਹਾਂ ਅੱਡ ਅੱਡ ਹਾਕਾਂ ਮਾਰਨਗੇ-ਪੰਜਾਬ ਵਿਚ ਜਾਂ ਹਿੰਦੋਸਤਾਨ ਵਿਚ ਅੱਜ ਕੱਲ੍ਹ ਵਿਚਰਨਾ ਮੇਰੀ ਨਜ਼ਰ ਵਿਚ ਇਕ ਖ਼ੁਦਕਸ਼ੀ ਤੋਂ ਵੱਧ ਕੁਝ ਨਹੀਂ ਹੋਵੇਗਾ! ਆਪਣੇ ਦੇਸ਼ ਦੀ ਨਹੀਂ ਬਾਹਰਲੇ ਦੇਸ਼ਾਂ ਦੀਆਂ ਉਦਾਹਰਣਾ ਲੈ ਲਵੋ! ਕੰਬੋਡੀਆ ਦੀ ਉਦਾਹਰਣ ਲੈ ਲਵੋ-ਫ਼ਸਤੀਨ ਦੇ ਅਰਾਫ਼ਾਤ ਦੀ ਉਦਾਹਰਣ ਲੈ ਲਵੋ-ਤੁਰਕੀ ਸਰਕਾਰ ਦੇ ਖਿਲਾਫ਼ ਜੂਝ ਰਹੇ ਕੁਰਦਾਂ ਨੂੰ ਦੇਖ ਲਓ-ਨੈਲਸਨ ਮੰਡੇਲਾ ਦੇ ਸੰਘਰਸ਼ ਨੂੰ ਅੱਗੇ ਰੱਖ ਲਓ-ਗਦਰੀ ਬਾਬੇ ਪੜ੍ਹ ਲਓ-ਅਜਿਹੀਆਂ ਦਰਜਣਾਂ ਹੋਰ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ-ਬਾਹਰਲੇ ਸਹਿਯੋਗ ਬਿਨਾ ਕੋਈ ਮੂਵਮੈਂਟ ਸਿਰੇ ਨਹੀਂ ਲੱਗੀ।"
-".........।"
-"ਸਭ ਤੋਂ ਅਹਿਮ ਗੱਲ ਸਾਡੇ ਅੱਗੇ ਹੋਰ ਵੀ ਹੈ...।"
-"......?" ਰੇਸ਼ਮ ਅਤੇ ਗੁਰਪਾਲ ਨੇ ਸਿਰ ਚੁੱਕੇ।
-"ਸਾਨੂੰ ਇਹ ਜ਼ਰੂਰ ਪੜਚੋਲ ਕਰਨੀ ਪਵੇਗੀ ਕਿ ਸਾਡੀ ਚੜ੍ਹਦੀ ਕਲਾ ਵਿਚ ਜਾ ਰਹੀ ਮੂਵਮੈਂਟ ਕਿਹੜੀਆਂ ਕਿਹੜੀਆਂ ਗਲਤੀਆਂ ਕਰਕੇ ਬੜੀ ਤੇਜ਼ੀ ਨਾਲ ਮੂਧੇ ਮੂੰਹ ਆ ਡਿੱਗੀ-ਚਾਹੇ ਉਹ ਗਲਤੀਆਂ ਬਿਲਕੁਲ ਮਾਮੂਲੀ ਸਨ ਜਾਂ ਵੱਡੀਆਂ-ਸਾਨੂੰ ਇਹਨਾਂ ਗਲਤੀਆਂ 'ਤੇ ਪਛਤਾਵਾ ਕਰਕੇ ਅਤੇ ਅੱਗੇ ਤੋਂ ਇਹਨਾਂ ਦਾ ਤਿਆਗ ਕਰਕੇ ਅਰਥਾਤ ਤੌਬਾ ਕਰਕੇ ਲਹਿਰ ਨੂੰ ਨਵੇਂ ਸਿਰੇ ਤੋਂ ਸ਼ੁਰੂ ਕਰਨਾ ਹੋਵੇਗਾ-ਚਾਹੇ ਇਸ ਨਵੀਂ ਲਹਿਰ ਦੀ ਉਮਰ ਲੋਹੜ੍ਹੀ ਤੋਂ ਇਕ ਦਿਨ ਪਹਿਲਾਂ ਜੰਮੇਂ ਬਾਲ ਦੀ ਉਮਰ ਜਿੱਡੀ ਹੀ ਹੋਵੇਗੀ-ਪਰ ਬਾਹਰਲੇ ਸਹਿਯੋਗ ਨਾਲ ਇਹ ਅਮਰ-ਵੇਲ ਵਾਂਗ ਵਧੇਗੀ, ਫੁੱਲੇਗੀ-ਇਹ ਪੁਨਰ ਗਠਨ ਸਾਡੇ ਲਈ ਇਤਨਾ ਫ਼ਾਇਦੇਮੰਦ ਹੋਵੇਗਾ ਕਿ ਲੋਕ ਹੈਰਾਨ ਰਹਿ ਜਾਣਗੇ-ਇਕੱਲੀ ਆਰਥਿਕ ਮੱਦਦ ਸਾਡਾ ਕੁਝ ਵੀ ਨਹੀਂ ਸੁਆਰ ਸਕਦੀ-ਸਾਡਾ ਮਾਨਸਿਕ ਅਤੇ ਰਾਜਨੀਤਕ ਪੱਖੋਂ ਸ਼ਕਤੀਸ਼ਾਲੀ ਹੋਣਾ ਵੀ ਬਹੁਤ ਜ਼ਰੂਰੀ ਹੈ-।"
ਰੇਸ਼ਮ ਅਤੇ ਗੁਰਪਾਲ ਰੈਂਸੀ ਦੀਆਂ ਗੱਲਾਂ ਸੁਣ ਸੁਣ ਦੰਗ ਰਹਿ ਗਏ। ਹੁਣ ਤੱਕ ਹੋਈਆਂ ਮੀਟਿੰਗਾਂ ਵਿਚ ਕਦੇ ਰੈਂਸੀ ਨੇ ਇਤਨਾ ਲੰਬਾ-ਚੌੜਾ ਅਤੇ ਡੂੰਘਾ ਭਾਸ਼ਨ ਨਹੀਂ ਝਾੜ੍ਹਿਆ ਸੀ। ਉਹ ਘੋਰ ਹੈਰਾਨ ਸਨ ਅਤੇ ਰੈਂਸੀ ਦੀ ਸਪੀਚ ਦੇ ਕਾਇਲ ਹੋਏ ਬੈਠੇ ਸਨ।
-"ਰੈਂਸੀ ਇੱਥੋਂ ਨਿਕਲਣਾ ਵੀ ਕੋਈ ਸੌਖਾ ਕੰਮ ਨਹੀਂ-ਹਰ ਏਅਰਪੋਰਟ ਦੇ ਕੰਪਿਊਟਰ ਵਿਚ ਆਪਣੇ ਨਾਂ ਦਰਜ਼ ਹਨ-ਇਹ ਤਾਂ ਮੂਸਾ ਭੱਜਿਆ ਮੌਤ ਤੋਂ ਅੱਗੇ ਮੌਤ ਖੜ੍ਹੀ ਵਾਲੀ ਗੱਲ ਹੋਊਗੀ।"
-"ਇਸ ਕਰੱਪਟ ਦੇਸ਼ ਵਿਚ ਕੀ ਨਹੀਂ ਹੋ ਸਕਦਾ? ਇੱਥੇ ਤਾਂ ਨੋਟ ਰੇਸ਼ਮ ਨੂੰ ਰਮੇਸ਼ ਅਤੇ ਗੁਰਪਾਲ ਨੂੰ ਗੁਪਾਲ ਬਣਾ ਧਰਨਗੇ! ਸਿਰਫ਼ ਅੱਖਰਾਂ ਦਾ ਹੀ ਹੇਰ ਫੇਰ ਹੈ-!"

ਸਾਰੇ ਹੱਸ ਪਏ।
ਰੈਂਸੀ ਫਿਰ ਸੰਜੀਦਾ ਹੋ ਗਿਆ।
-"ਸ਼ਹੀਦ ਊਧਮ ਸਿੰਘ, ਭਗਤ ਸਿੰਘ, ਰਾਜਗੁਰੂ, ਸੁਖਦੇਵ, ਕਰਤਾਰ ਸਿੰਘ ਸਰਾਭਾ, ਅਬਦੁਲ ਅਤੇ ਹੋਰ ਆਜ਼ਾਦੀ ਦੇ ਪਤੰਗੇ ਅੰਡਰਗਰਾਊਂਡ ਲਾਈਫ਼ ਮੌਕੇ ਫ਼ਰਜ਼ੀ ਨਾਵਾਂ ਹੇਠ ਹੀ ਸਰਗਰਮ ਰਹੇ ਹਨ।"
-"........।"
-"ਬੱਸ ਪਾਅਧਾ ਨਾ ਪੁੱਛੋ! ਕੂਚ ਕਰ ਦਿਓ!!"
-"ਤੇ ਤੂੰ?"
-"ਮੈਂ ਇਧਰ ਰਹਿ ਕੇ ਹੀ ਲਹਿਰ ਲਈ ਕੰਮ ਕਰਾਂਗਾ-ਸਾਰੀ ਲਾਮਬੰਦੀ ਤੁਹਾਡੀਆਂ ਹਦਾਇਤਾਂ 'ਤੇ ਹੀ ਹੋਵੇਗੀ-ਇਮਾਨਦਾਰੀ ਅਤੇ ਨਿਰਪੱਖਤਾ ਨਾਲ ਨਵੀਂ ਭਰਤੀ ਕੀਤੀ ਜਾਵੇਗੀ-ਨਵੇਂ ਸਿਰੇ ਤੋਂ ਨਕਸ਼ੇ ਉਲੀਕ ਕੇ ਹਰ ਕਦਮ ਬੜਾ ਸੋਚ ਸਮਝ ਕੇ ਉਠਾਇਆ ਜਾਵੇਗਾ-ਇਕ ਗੱਲ ਹੋਰ ਧਿਆਨ ਨਾਲ ਸੁਣਿਓ! ਅਗਰ ਇਕ ਹੱਡ ਭੰਨਵੀਂ ਮਿਹਨਤ ਕਮਾਈ ਕਰਨ ਵਾਲਾ ਪੁੱਤ ਵਿਦੇਸ਼ ਚਲਿਆ ਜਾਵੇ ਅਤੇ ਅਣਥੱਕ ਹੋ ਕੇ ਕਮਾਈ ਕਰੇ-ਪਰ ਉਸ ਦੇ ਪਿੱਛੇ ਉਸ ਦੀ ਪੂੰਜੀ ਸੰਭਾਲਣ ਵਾਲਾ ਨਾ ਹੋਵੇ ਤਾਂ ਸਾਰੀ ਪੂੰਜੀ ਹੀ ਖੂਹ 'ਚ ਜਾਂਦੀ ਹੈ।"
-"ਪਰ....!"
-"ਪਰ ਪੁਰ ਕੋਈ ਨਹੀਂ! ਮੈਂ ਤੁਹਾਡੇ ਨਾਲ ਹੀ ਪਾਸਪੋਰਟ ਬਣਵਾ ਲੈਂਦਾ ਹਾਂ-ਅਗਰ ਕੋਈ ਖ਼ਤਰਾ ਦਿਸਿਆ ਤਾਂ ਮੈਂ ਵੀ ਤੁਹਾਡੇ ਪਿੱਛੇ ਹੀ ਉਡਾਰੀ ਮਾਰ ਆਵਾਂਗਾ-ਤੁਸੀਂ ਜਾ ਕੇ ਖੜ੍ਹਨ ਲਈ ਥਾਂ ਕਰੋ-ਬੈਠਣ ਲਈ ਆਪੇ ਬਣ ਜਾਵੇਗੀ।"
ਰੇਸ਼ਮ ਅਤੇ ਗੁਰਪਾਲ ਰੈਂਸੀ ਦੀਆਂ ਦਲੀਲਾਂ ਅੱਗੇ ਹਥਿਆਰ ਸੁੱਟ ਗਏ।
ਅਗਲੇ ਦਿਨ ਹੀ ਉਹ ਤਿੰਨੇ ਊਨਾ ਦੇ ਇਕ ਏਜੰਟ ਕੋਲ ਚਲੇ ਗਏ। ਤਿੰਨਾਂ ਦੀ ਛੇ ਲੱਖ ਵਿਚ ਗੱਲ ਨਿੱਬੜੀ। ਇਕ ਹਫ਼ਤੇ ਬਾਅਦ ਏਜੰਟ ਨੇ ਪੈਸੇ ਲੈ ਕੇ ਆਉਣ ਲਈ ਕਿਹਾ। ਛੇ-ਛੇ ਫ਼ੋਟੋਆਂ ਉਹਨਾਂ ਤੋਂ ਲੈ ਲਈਆਂ। ਫ਼ਰਜ਼ੀ ਨਾਂ ਅਤੇ ਜਨਮ ਤਾਰੀਕਾਂ ਨੋਟ ਕਰ ਲਈਆਂ। ਪਤਾ ਉਹਨਾਂ ਨੇ ਹਿਮਾਚਲ ਪ੍ਰਦੇਸ਼ ਦਾ ਹੀ ਲਿਖਾਇਆ ਸੀ। ਏਜੰਟ ਨੇ ਉਹਨਾਂ ਨੂੰ ਆਪਣਾ ਕੱਪੜਾ-ਲੱਤਾ ਨਾਲ ਹੀ ਲਿਆਉਣ ਲਈ ਆਖਿਆ ਸੀ।
ਦਿੱਤੇ ਸਮੇਂ ਮੁਤਾਬਿਕ ਉਹ ਇਕ ਹਫ਼ਤੇ ਬਾਅਦ ਪੈਸੇ ਅਤੇ ਕੱਪੜੇ ਲੱਤੇ ਲੈ ਕੇ ਏਜੰਟ ਕੋਲ ਪਹੁੰਚ ਗਏ। ਏਜੰਟ ਨੇ ਆਪਣੇ ਦਫ਼ਤਰ ਦਾ ਸ਼ਟਰ ਸੁੱਟ ਲਿਆ। ਛੇ ਲੱਖ ਰੁਪਏ ਗਿਣ ਕੇ ਫ਼ਰਜ਼ੀ ਨਾਵਾਂ ਹੇਠ ਬਣੇ ਪਾਸਪੋਰਟ, ਵੀਜ਼ੇ ਸਮੇਤ ਉਹਨਾਂ ਦੇ ਹੱਥ ਫੜਾ ਦਿੱਤੇ।
-"ਤੇ ਸ਼ੁਕਲਾ ਜੀ ਟਿਕਟਾਂ?"
ਸ਼ੁਕਲਾ ਹੱਸ ਪਿਆ।
-"ਦੋ ਦੋ ਲੱਖ ਰੁਪਏ ਸਿਰਫ਼ ਪਾਸਪੋਰਟ ਤੇ ਵੀਜ਼ੇ ਦੇ ਹੀ ਹਨ ਮਹਾਰਾਜ! ਜੇ ਟਿਕਟਾਂ ਲੈਣੀਐਂ ਤਾਂ ਤੀਹ ਤੀਹ ਹਜ਼ਾਰ ਰੁਪਏ ਹੋਰ ਲੱਗਣਗੇ।"
-"ਤੁਸੀਂ ਫ਼ਿਲਹਾਲ ਸਿਰਫ਼ ਦੋ ਟਿਕਟਾਂ ਦਾ ਹੀ ਪ੍ਰਬੰਧ ਕਰ ਦਿਓ ਸ਼ੁਕਲਾ ਜੀ-ਅਸੀਂ ਬਾਕੀ ਦੇ ਪੈਸੇ ਲੈ ਕੇ ਆਏ।" ਰੈਂਸੀ ਨੇ ਕਿਹਾ।
-"ਕੀਹਦੀਆਂ ਕੀਹਦੀਆਂ?"
-"ਇਹਨਾਂ ਦੋਨਾਂ ਦੀਆਂ ਹੀ!"
-"ਠੀਕ ਹੈ-ਜਾਓ! ਪ੍ਰਬੰਧ ਹੋ ਗਿਆ ਸਮਝੋ!"
ਉਹ ਵਾਪਿਸ ਮੁੜ ਪਏ।
-"ਲਹਿਰ ਦੀ ਚੜ੍ਹਾਈ ਵੇਲੇ ਐਹੋ ਜਿਹੇ ਕਰਾੜ ਮੂਹਰੇ ਮੂਤਦੇ ਫਿਰਦੇ ਸੀ।" ਰੈਂਸੀ ਨੇ ਸ਼ੁਕਲੇ ਵੱਲ ਇਸ਼ਾਰਾ ਕੀਤਾ।
-"ਸਦਾ ਨਾ ਬਾਗੀਂ ਬੁਲਬੁਲ ਬੋਲੇ ਤੇ ਸਦਾ ਨਾ ਮੌਜ ਬਹਾਰਾਂ!" ਗੁਰਪਾਲ ਹੱਸਿਆ।
ਦੁਪਿਹਰ ਢਲ ਗਈ ਸੀ।
ਸ਼ਾਮ ਦੇ ਪੰਜ ਵਜੇ ਉਹ ਸੱਠ ਹਜ਼ਾਰ ਰੁਪਏ ਲੈ ਕੇ ਸ਼ੁਕਲੇ ਕੋਲ ਪਹੁੰਚ ਗਏ। ਪੈਸੇ ਲੈ ਕੇ ਸ਼ੁਕਲੇ ਨੇ ਉਹਨਾਂ ਹੱਥ ਦੋ ਟਿਕਟਾਂ ਬ੍ਰਿਟਿਸ਼ ਏਅਰਵੇਜ਼ ਦੀਆਂ ਫੜਾ ਦਿੱਤੀਆਂ।
-"ਤੁਹਾਡੀਆਂ ਟਿਕਟਾਂ ਕੱਲ੍ਹ ਰਾਤ ਇਕ ਵੱਜ ਕੇ ਚਾਲੀ ਮਿੰਟ ਦੀਆਂ ਕਨਫ਼ਰਮ ਹਨ-ਤੁਸੀਂ ਰਾਤ ਨੂੰ ਨੌਂ ਕੁ ਵਜੇ ਏਅਰਪੋਰਟ 'ਤੇ ਪਹੁੰਚ ਜਾਣਾ-ਕਈ ਵਾਰ ਲੇਟ ਹੋ ਜਾਈਏ ਤਾਂ ਏਅਰਪੋਰਟ ਵਾਲੇ ਵੇਟਿੰਗ ਲਿਸਟ ਵਾਲਿਆਂ ਨੂੰ ਪੈਸੇ ਪੂਸੇ ਲੈ ਕੇ ਫ਼ਲਾਈਟ ਕਰਵਾ ਦਿੰਦੇ ਐ-ਟਿਕਟਾਂ ਉਪਰ ਤੁਹਾਡਾ ਕੰਪਿਊਟਰ ਨੰਬਰ ਲਿਖਿਆ ਹੋਇਐ-ਕਈ ਵਾਰੀ ਪਹਿਲੀ ਵਾਰ ਸਫ਼ਰ ਕਰਨ ਵਾਲੇ ਪੈਸਿੰਜਰ ਨੂੰ ਪੈਸੇ ਬਟੋਰਨ ਲਈ ਵਾਧੂ ਤੰਗ ਕਰਦੇ ਐ-ਤੁਸੀਂ ਆਪਣਾ ਕੰਪਿਊਟਰ ਨੰਬਰ ਦਿਖਾ ਦੇਣਾ।"
ਉਹ ਧੰਨਵਾਦ ਕਰਕੇ, ਟਿਕਟਾਂ ਲੈ ਬਾਹਰ ਆ ਗਏ।
-"ਹੁਣ?"
-"ਹੁਣ ਕੀ? ਟੈਕਸੀ ਲਓ ਤੇ ਦਿੱਲੀ ਵੱਜੋ! ਹੋਰ ਤੁਸੀਂ ਹੁਣ ਮੰਦ ਪੜ੍ਹਨੇ ਐਂ?"
ਉਹ ਟੈਕਸੀ ਸਟੈਂਡ ਪੁੱਜ ਗਏ।
ਸਮਾਨ ਵਿਚ ਰੱਖ ਲਿਆ।
ਸਾਰੇ ਜੱਫ਼ੀ ਪਾ ਕੇ ਮਿਲੇ।
-"ਮਝੈਲਾਂ ਦੇ ਸ਼ੈੱਲਰ 'ਤੇ ਫ਼ੋਨ ਕਰ ਦਿਓ ਪਹੁੰਚ ਕੇ-ਮੈਂ ਆਪੇ ਪਤਾ ਕਰ ਲਊਂ ਉਹਨਾਂ ਤੋਂ-ਜਾਂ ਫ਼ੋਨ ਕਰਕੇ ਹੀ ਪੁੱਛ ਲਊਂ।" ਰੈਂਸੀ ਨੇ ਕਿਹਾ। ਸਾਰਿਆਂ ਦੇ ਮਨ ਭਰੇ ਹੋਏ ਸਨ। ਉਹਨਾਂ ਨੇ "ਹਾਂ" ਵਿਚ ਸਿਰ ਹਿਲਾਏ। ਗਲਵਕੜੀਆਂ ਫਿਰ ਕੱਸੀਆਂ ਗਈਆਂ।

-"ਇਕ ਗੱਲ ਸੁਣ ਰੈਂਸੀ! ਜਦੋਂ ਭੈਣ ਗਗਨਦੀਪ ਦੇ ਕੋਈ ਬੱਚਾ ਹੋਇਆ ਸਾਨੂੰ ਜ਼ਰੂਰ ਖ਼ਬਰ ਕਰੀਂ-ਕਾਕੇ ਦੇ ਬੱਚੇ ਬਾਰੇ ਸਾਨੂੰ ਬੜੀ ਉਤਸੁਕਤਾ ਰਹੇਗੀ।" ਉਹ ਟੈਕਸੀ ਵਿਚ ਬੈਠ ਗਏ।
-"ਜ਼ਰੂਰ ਕਰਾਂਗਾ-ਆਪਦਾ ਫ਼ੋਨ ਨੰਬਰ ਭੇਜ ਦਿਓ ਤੇ ਐਡਰੈੱਸ ਵੀ!"
-"ਗਗਨਦੀਪ ਦਾ ਪਤਾ ਵੀ ਲੈਂਦਾ ਰਹੀਂ।"
-"ਬੇਫਿਕਰ ਰਹੋ!"
ਟੈਕਸੀ ਤੁਰ ਗਈ।
ਰੇਸ਼ਮ ਅਤੇ ਗੁਰਪਾਲ ਦੇ ਹੱਥ ਹਿਲਦੇ ਜਾ ਰਹੇ ਸਨ।
ਰੈਂਸੀ ਬੱਸ ਸਟੈਂਡ ਨੂੰ ਤੁਰ ਪਿਆ।
ਡਿੱਗੀ ਲਹਿਰ ਨੂੰ ਸੁਰਜੀਤ ਕਰਨ ਲਈ ਰੇਸ਼ਮ ਅਤੇ ਗੁਰਪਾਲ ਚੜ੍ਹਦੀ ਵੱਲ ਨੂੰ ਅਤੇ ਰੈਂਸੀ ਛਿਪਦੀ ਵੱਲ ਨੂੰ ਤੁਰਿਆ ਜਾ ਰਿਹਾ ਸੀ। ਘੋਰ ਉਦਾਸ ਸੂਰਜ ਦੁਮੇਲ ਵਿਚ ਅੜਿਆ ਜਿਹਾ ਖੜ੍ਹਾ ਸੀ। ਡੰਡਾ ਥੋਰ੍ਹ ਉਸ ਦੀਆਂ ਸੁਨਿਹਰੀ ਕਿਰਨਾਂ ਨੂੰ ਲਹੂ-ਲੁਹਾਣ ਕਰੀ ਜਾ ਰਹੀ ਸੀ!

-ਸਮਾਪਤ-

**jaggikussa65@gmail.com**